


ਬਾਜ਼ੀਗਰ ਕਬੀਲੇ ਦਾ ਸਭਿਆਚਾਰ

ਡਾ. ਮੋਹਨ ਤਿਆਗੀ

ਬਾਜ਼ੀਗਰ ਕਬੀਲੇ ਦਾ ਸਭਿਆਚਾਰ

ISBN 978-81-237-6745-1

2013 (ਸ਼ੱਕ ਸੰਮਤ 1934)

BAZIGAR KABILE DA SABHIACHAR *(Original Punjabi)*

ਮੁੱਲ : 120.00

ਨਿਰਦੇਸ਼ਕ, ਨੈਸ਼ਨਲ ਬੁਕ ਟਰੱਸਟ, ਇੰਡੀਆ, ਨਹਿਰੂ ਭਵਨ, 5 ਇੰਸਟੀਚਿਊਸ਼ਨਲ ਏਰੀਆ, ਫੇਜ਼-II, ਵਸੰਤ ਕੁੰਜ, ਨਵੀਂ ਦਿੱਲੀ--110070 ਵੱਲੋਂ ਪ੍ਰਕਾਸ਼ਿਤ ।

ਸ਼੍ਰੀ ਰਾਜੀਵ ਗਾਂਧੀ-ਸੰਤ ਹਰਚੰਦ ਸਿੰਘ ਲੌਂਗੋਵਾਲ ਸਮਝੌਤੇ ਦੇ ਅੰਤਰਗਤ ਸਥਾਪਿਤ
ਵਿਸ਼ੇਸ਼ ਪੰਜਾਬੀ ਸੈੱਲ 'ਚ ਪ੍ਰਕਾਸ਼ਿਤ ਮੂਲ ਪੰਜਾਬੀ ਪੁਸਤਕ ਨੰਬਰ-43

ਬਾਜ਼ੀਗਰ ਕਬੀਲੇ ਦਾ ਸਭਿਆਚਾਰ

ਡਾ. ਮੋਹਨ ਤਿਆਗੀ

ਨੈਸ਼ਨਲ ਬੁਕ ਟਰੱਸਟ, ਇੰਡੀਆ

ਸਮਰਪਣ

ਡਾ. ਜਸਪਾਲ ਸਿੰਘ ਜੀ ਲਈ

ਤਤਕਰਾ

ਦੋ ਸ਼ਬਦ

ਵਿਸ਼ਵ ਭਰ ਵਿੱਚ ਪਿਛਲੇ ਕੁਝ ਸਮੇਂ ਤੋਂ 'ਟਰਾਈਬਲ ਸਟੱਡੀਜ਼' ਦਾ ਰੁਝਾਨ ਜ਼ੋਰ ਫੜਦਾ ਜਾ ਰਿਹਾ ਹੈ। ਵਿਦਵਾਨ ਚਿੰਤਕਾਂ ਅਤੇ ਖੋਜੀਆਂ ਨੇ ਆਪਣੀ ਆਪਣੀ ਸਮਝ ਅਨੁਸਾਰ ਆਦਿਵਾਸੀ ਕਬੀਲਿਆਂ ਅਤੇ ਰਮਤੇ ਕਬੀਲਿਆਂ ਦਾ ਅਧਿਐਨ ਸਮਾਜ ਵਿਗਿਆਨ, ਮਾਨਵ ਵਿਗਿਆਨ ਅਤੇ ਮਨੋਵਿਗਿਆਨ ਅਤੇ ਭਾਸ਼ਾ ਵਿਗਿਆਨਕ ਪ੍ਰਣਾਲੀਆਂ ਰਾਹੀਂ ਕਰਨ ਦਾ ਸਾਰਥਕ ਯਤਨ ਕੀਤਾ ਹੈ। ਕਬੀਲਿਆਂ ਦੇ ਜੀਵਨ ਦਰਸ਼ਨ ਅਤੇ ਕਾਰ ਵਿਹਾਰ ਨੂੰ ਸਮਝਣ ਲਈ ਇਹ ਪ੍ਰਣਾਲੀਆਂ ਕਾਫ਼ੀ ਹੱਦ ਤੱਕ ਸਹਾਈ ਅਤੇ ਮੱਦਦਗਾਰ ਸਿੱਧ ਹੋਈਆਂ ਹਨ। ਮਨੁੱਖੀ ਵਿਕਾਸ ਦੀ ਪ੍ਰਕ੍ਰਿਆ ਨੂੰ ਸਮਝਣ ਲਈ ਇਹ ਅਧਿਐਨ ਹੋਰ ਵੀ ਬਹੁਤ ਜ਼ਰੂਰੀ ਹੈ। ਸਮਾਜ ਸ਼ਾਸਤਰ ਦੀ ਇਹ ਸਰਬ-ਪ੍ਰਵਾਨਤ ਧਾਰਨਾ ਹੈ ਕਿ ਸਭਿਅਤਾ ਦਾ ਵਿਕਾਸ ਕਬੀਲਿਆਂ ਵਿਚੋਂ ਹੀ ਹੋਇਆ ਹੈ। ਇਸ ਤਰ੍ਹਾਂ ਕਬੀਲਾ ਅਤੇ ਜਾਤੀ ਸਾਡੀ ਸਮਾਜਿਕ ਸੰਰਚਨਾ ਦਾ ਅਹਿਮ ਅੰਗ ਹੁੰਦੇ ਹੋਏ ਵੀ ਇਕ ਦੂਜੇ ਤੋਂ ਸਭਿਆਚਾਰਕ ਸਮਾਜਿਕ ਭਿੰਨਤਾ ਰੱਖਦੇ ਹਨ। ਵਿਸ਼ਵ ਭਰ ਦੇ ਕਬੀਲਿਆਂ ਦਾ ਅਧਿਐਨ ਕਰਦਿਆਂ ਇਨ੍ਹਾਂ ਲੋਕਾਂ ਦੀਆਂ ਜੜ੍ਹਾਂ ਇਕ ਦੂਜੇ ਵਿੱਚ ਤਲਾਸ਼ੀਆਂ ਜਾ ਸਕਦੀਆਂ ਹਨ ਜਿਸ ਤੋਂ ਅਸੀ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਦੁਨੀਆ ਭਰ ਦੇ ਕਬੀਲਿਆਂ ਦੀ 'ਮਾਤਰ ਭੂਮੀ' ਭਾਰਤ ਅਤੇ ਇਸਦੇ ਆਸ ਪਾਸ ਦੇ ਇਲਾਕੇ ਹੀ ਹਨ।

ਯੂਰਪ ਦੇ 'ਰੈੱਡ ਇੰਡੀਅਨਜ਼' ਅਤੇ 'ਅਰੋਮਾ ਜਿਪਸੀਜ਼' ਇਸ ਦੀ ਇੱਕ ਸਕਤੀਸ਼ਾਲੀ ਉਦਾਹਰਣ ਹਨ। ਇਕ ਲੰਬੇ ਇਤਿਹਾਸਕ ਦੌਰ ਵਿੱਚੋਂ ਗੁਜ਼ਰਦਿਆਂ ਇਹ ਕਬੀਲੇ ਇੱਕ ਵਿਲੱਖਣ ਜੀਵਨ ਸ਼ੈਲੀ (Unique Life Style) ਦੇ ਮਾਲਕ ਬਣ ਗਏ। ਯੂਰਪ, ਰੂਸ ਅਤੇ ਅਮਰੀਕਾ ਦੇ ਖਾਨਾਬਦੋਸ਼ ਕਬੀਲੇ ਭਾਰਤੀ ਮੂਲ ਦੇ ਹਨ। ਇਹ ਲੋਕ ਅੱਜ ਵੀ ਆਪਣੀ ਮਾਤਰ ਭੂਮੀ ਲਈ 'ਬੜੋ ਥਾਂ' (Baro Than) ਸ਼ਬਦ ਦਾ ਇਸਤੇਮਾਲ ਕਰਦੇ ਹਨ। ਇਨ੍ਹਾਂ ਦੀ ਭਾਸ਼ਾ ਅਤੇ ਸਭਿਆਚਾਰ ਕਾਫ਼ੀ ਹੱਦ ਤੱਕ ਭਾਰਤੀ ਮੂਲ ਦਾ ਹੈ। ਇਸੇ ਸੰਦਰਭ ਵਿੱਚ ਭਾਰਤ ਵਿੱਚ ਆਦਿ ਕਾਲ ਤੋਂ ਵਿਚਰ ਰਹੇ ਰਮਤੇ ਕਬੀਲਿਆਂ ਨੂੰ ਵਿਚਾਰਿਆ ਜਾ ਸਕਦਾ ਹੈ। ਇਨ੍ਹਾਂ ਲੋਕਾਂ ਲਈ ਖਾਨਾਬਦੋਸ਼ ਦੇ ਨਾਲ ਨਾਲ ਟੱਪਰੀਵਾਸ ਅਤੇ ਪੱਖੀਵਾਸ ਸ਼ਬਦ ਵੀ ਪ੍ਰਚਲਿਤ ਹੈ। ਇਥੇ ਇਹ ਗੱਲ ਸਪੱਸ਼ਟ ਕਰਨੀ ਬਹੁਤ ਜ਼ਰੂਰੀ ਹੈ ਕਿ ਇਨ੍ਹਾਂ ਘੁਮੱਕੜ ਲੋਕਾਂ 'ਤੇ ਖਾਨਾਬਦੋਸ਼ੀ ਕਿਤੇ ਬਾਹਰੋਂ ਨਹੀਂ ਥੋਪੀ ਗਈ ਸਗੋਂ 'ਖਾਨਾਬਦੋਸ਼ੀ' ਤਾਂ ਇਨ੍ਹਾਂ ਲੋਕਾਂ ਦਾ ਜੀਵਨ ਦਰਸ਼ਨ ਹੈ ਜਿਹੜੇ ਆਦਿ ਕਾਲ ਤੋਂ ਹੀ ਘੁਮੰਤੂ ਪ੍ਰਵਿਰਤੀ ਦੇ ਮਾਲਕ ਰਹੇ ਹਨ। ਦੁਨੀਆ ਦੇ ਅਤਿ ਵਿਕਸਤ ਮੁਲਕਾਂ ਅਮਰੀਕਾ, ਅਸਟਰੇਲੀਆ, ਨਿਊਯਾਰਕ

ਅਤੇ ਬਰਾਜ਼ੀਲ ਵਿੱਚ ਵਿਚਰ ਰਹੇ ਖਾਨਾਬਦੋਸ਼ (Nomads) ਅਤੇ ਰਮਤੇ (Gypsies) ਇਸਦੀ ਇਕ ਜਿਉਂਦੀ ਜਾਗਦੀ ਮਿਸਾਲ ਹਨ। ਇਹ ਰਮਤੇ ਕਬੀਲੇ ਸਦੀਆਂ ਤੋਂ ਆਪਣਾ ਮਾਲ ਇੱਜੜ ਲੈ ਕੇ ਇਕ ਥਾਂ ਤੋਂ ਦੂਜੀ ਥਾਂ ਹਰੀਆ ਚਰਾਗਾਹਾਂ ਦੀ ਭਾਲ ਵਿੱਚ ਚੱਕਰਵਰਤੀ ਜੀਵਨ ਬਿਤਾਉਂਦੇ ਰਹੇ ਹਨ। ਇਸਦਾ ਇਕ ਹੋਰ ਕਾਰਨ ਇਨ੍ਹਾਂ ਦੇ ਲਹੂ ਵਿਚਲਾ ਜਨਮਜਾਤ ਆਜੜੀਪਨ ਵੀ ਸੀ। ਏਸੇ ਸੰਦਰਭ ਵਿੱਚ ਭਾਰਤ ਦੇ ਖਾਸ ਕਰਕੇ ਪੰਜਾਬ ਦੇ ਬਾਜ਼ੀਗਰ ਕਬੀਲੇ ਨੂੰ ਵਿਚਾਰਿਆ ਜਾ ਸਕਦਾ ਹੈ ਜਿਸ ਲਈ ਭਾਰਤ ਦੇ ਕਈ ਹੋਰ ਹਿੱਸਿਆਂ ਵਿੱਚ ਕ੍ਰਮਵਾਰ ਗੌਰ, ਗੌਰ ਬੰਜਾਰਾਂ ਅਤੇ ਗੌਰਮਾਟੀ ਸ਼ਬਦ ਵੀ ਪ੍ਰਚਲਿਤ ਹੈ। ਇਸ ਤਰ੍ਹਾਂ ਬਾਜ਼ੀਗਰ ਕਬੀਲੇ ਦੇ ਇਤਿਹਾਸ ਅਤੇ ਸਭਿਆਚਾਰ ਸਬੰਧੀ ਲਿਖੀ ਗਈ ਇਸ ਪੁਸਤਕ ਦਾ ਖੋਜ ਕਾਰਜ ਤੀਹ ਵੱਖ-ਵੱਖ ਸਿਰਲੇਖਾਂ ਦੇ ਆਰ ਪਾਰ ਫੈਲਿਆ ਹੋਇਆ ਹੈ। ਪੁਸਤਕ ਦੇ ਪਹਿਲੇ ਅਧਿਆਇ ਵਿੱਚ ਬਾਜ਼ੀਗਰ ਕਬੀਲੇ ਦੇ ਇਤਿਹਾਸ ਸਬੰਧੀ ਵਿਸਤਰਤ ਜਾਣਕਾਰੀ ਪ੍ਰਦਾਨ ਕੀਤੀ ਗਈ ਜਿਸ ਵਿੱਚ ਕਬੀਲੇ ਦੀਆਂ ਦੰਤ ਕਥਾਵਾਂ, ਧਾਰਮਿਕ ਅਨੁਸ਼ਠਾਨਾਂ, ਰਸਮਾਂ ਰੀਤਾਂ, ਭਾਸ਼ਾ ਅਤੇ ਕਬੀਲੇ ਨਾਲ ਸਬੰਧਤ ਵੱਖ ਵੱਖ ਇਤਿਹਾਸਕ ਸਰੋਤਾਂ ਨੂੰ ਆਧਾਰ ਬਣਾਇਆ ਗਿਆ ਹੈ।

ਪੁਸਤਕ ਦੇ ਦੂਜੇ, ਤੀਜੇ ਅਤੇ ਚੌਥੇ ਅਧਿਆਇ ਵਿੱਚ ਕ੍ਰਮਵਾਰ ਕਬੀਲੇ ਦੀਆਂ ਜਨਮ, ਵਿਆਹ ਅਤੇ ਮੌਤ ਨਾਲ ਸਬੰਧਤ ਰਸਮਾਂ ਦਾ ਗਹਿਰ ਗੰਭੀਰ ਅਧਿਐਨ ਕਰਕੇ ਵਿਸਤਰਤ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਕਬੀਲੇ ਦੀਆਂ ਇਨ੍ਹਾਂ ਵਿਲੱਖਣ ਰਸਮਾਂ ਤੋਂ ਕਬੀਲੇ ਦੀ ਇੱਕ ਵਿਲੱਖਣ ਸਭਿਆਚਾਰਕ ਤਸਵੀਰ ਉਭਰਨ ਦੇ ਨਾਲ ਨਾਲ ਕਬੀਲੇ ਦੀ ਵੱਖਰੀ ਜੀਵਨ ਸ਼ੈਲੀ ਵੀ ਪ੍ਰਗਟ ਹੁੰਦੀ ਹੈ।

ਪੁਸਤਕ ਦੇ ਪੰਜਵੇਂ ਅਤੇ ਛੇਵੇਂ ਅਧਿਆਇ ਵਿੱਚ ਕਬੀਲੇ ਦੇ ਸਮਾਜਿਕ ਸੰਗਠਨ ਅਤੇ ਰਿਸ਼ਤਾਨਾਤਾ ਪ੍ਰਬੰਧ ਬਾਰੇ ਵਿਸਥਾਰ ਸਹਿਤ ਵਰਣਨ ਕੀਤਾ ਗਿਆ ਹੈ ਜਿਨ੍ਹਾਂ ਵਿੱਚ ਕਬੀਲੇ ਦੀ ਪ੍ਰਕਿਰਤੀ, ਆਪਸੀ ਸਾਂਝ ਦੀਆਂ ਰੂੜ੍ਹੀਆਂ, ਮਨਾਹੀਆਂ ਮਨੌਤਾਂ ਅਤੇ ਰਿਸ਼ਤਾਨਾਤਾ ਪ੍ਰਬੰਧ ਪਿੱਛੇ ਕੰਮ ਕਰਦੀਆਂ ਕਬੀਲਾ ਮਾਨਤਾਵਾਂ ਅਕਾਂਖਿਆਵਾਂ ਨੂੰ ਬਹੁਤ ਬਾਰੀਕਬੀਨੀ ਨਾਲ ਪ੍ਰਸਤੁਤ ਕੀਤਾ ਗਿਆ ਹੈ।

ਪੁਸਤਕ ਦੇ ਸੱਤਵੇਂ ਅਧਿਆਇ ਵਿੱਚ ਕਬੀਲੇ ਦੀ ਨਿਆਂ ਵਿਵਸਥਾ ਦੀ ਵਿਸਥਾਰ ਸਹਿਤ ਚਰਚਾ ਕਰਨ ਦੇ ਨਾਲ ਨਾਲ ਇਸ ਦੀ ਸਮਾਜਿਕ ਤੇ ਸੰਰਚਨਾਤਮਕ ਵਿਲੱਖਣਤਾ ਨੂੰ ਵੀ ਉਭਾਰਿਆ ਗਿਆ ਹੈ। ਜਿਹੜੀ ਕਿ ਕਬੀਲੇ ਦੇ ਸੰਗਠਨਾਤਮਕ ਢਾਂਚੇ ਦੀ ਮੁੱਖ ਰੀੜ੍ਹ ਬਣ ਜਾਂਦੀ ਹੈ। ਇਸਦੇ ਨਾਲ ਹੀ ਅਗਲੇ ਅਧਿਆਇ ਵਿੱਚ ਕਬੀਲੇ ਦੇ ਧਰਮ ਅਤੇ ਧਾਰਮਿਕ ਮਾਨਤਾਵਾਂ ਸਬੰਧੀ ਖੋਜ ਸਮੱਗਰੀ ਨੂੰ ਵਿਧੀਵਤ ਢੰਗ ਨਾਲ ਪ੍ਰਸਤੁਤ ਕੀਤਾ ਗਿਆ ਹੈ।

ਪੁਸਤਕ ਦੇ ਨੌਵੇਂ ਅਤੇ ਦਸਵੇਂ ਅਧਿਆਇ ਵਿੱਚ ਕਬੀਲੇ ਦੀ ਭਾਸ਼ਾ, ਗੁਪਤ ਭਾਸ਼ਾ ਅਤੇ ਬਾਜ਼ੀ ਦੀਆਂ ਕਿਸਮਾਂ ਸਬੰਧੀ ਵਿਸਥਾਰ ਵਿੱਚ ਚਾਨਣਾ ਪਾਇਆ ਗਿਆ ਹੈ। ਇਸ ਅਧਿਆਇ ਵਿੱਚ ਕਬੀਲੇ ਦੀ ਭਾਸ਼ਾ ਦੀ ਇਤਿਹਾਸਕ ਪਿੱਠ ਭੂਮੀ

ਦੇਣ ਦੇ ਨਾਲ ਨਾਲ ਬਾਜ਼ੀ ਕਲਾ ਦੀਆਂ ਵੱਖ ਵੱਖ ਵੰਨਗੀਆਂ ਨੂੰ ਵਿਹਾਰਕ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਪੁਸਤਕ ਦੀ ਅਗਲੀ ਖੋਜ ਸਮੱਗਰੀ ਕਬੀਲੇ ਦੇ ਲੋਕ ਨਾਚਾਂ, ਲੋਕ ਖੇਡਾਂ, ਲੋਕ ਗੀਤਾਂ, ਲੋਕ ਕਲਾਵਾਂ, ਲੋਕ ਚਕਿਤਸਾ, ਲੋਕ ਵਿਸ਼ਵਾਸਾਂ ਅਤੇ ਲੋਕ ਕਹਾਣੀਆਂ ਨਾਲ ਸਬੰਧ ਰੱਖਦੀ ਹੈ ਜਿਸ ਵਿੱਚ ਕਬੀਲੇ ਦੇ ਲੋਕ ਜੀਵਨ ਦੇ ਸੱਭਿਆਚਾਰਕ ਮੁਹਾਂਦਰੇ ਨੂੰ ਵਾਸਤਵਿਕ ਪੱਧਰ ਤੇ ਉਘਾੜਿਆ ਗਿਆ ਹੈ। ਉਪਰੋਕਤ ਪਾਠਾਂ ਵਿੱਚ ਪੇਸ਼ ਕੀਤੀ ਸਮੱਗਰੀ ਦੇ ਆਧਾਰ ਤੇ ਖਾਨਾਬਦੋਸ਼ ਕਬੀਲਿਆਂ ਦੇ ਸੱਭਿਆਚਾਰ ਦਾ ਵਿਧੀਵਤ ਢੰਗ ਨਾਲ ਲੇਖਾ ਜੋਖਾ ਅਤੇ ਮੁਲਾਂਕਣ ਕੀਤਾ ਜਾ ਸਕਦਾ ਹੈ। ਉਪਰੋਕਤ ਪਾਠਾਂ ਦੀ ਵਿਸ਼ਾ ਸਮੱਗਰੀ ਖਾਨਾਬਦੋਸ਼ ਰਮਤੇ ਕਬੀਲਿਆਂ ਅਤੇ ਆਦਿ ਵਾਸੀ ਕਬੀਲਿਆਂ ਦੀ ਜੀਵਨ ਧਾਰਾ ਨੂੰ ਸਮਾਜਿਕ ਅਤੇ ਸੱਭਿਅਚਾਰਕ ਪੱਖੋਂ ਇਕ ਦੂਜੇ ਤੋਂ ਨਿਖੇੜ ਕੇ ਵੀ ਪੇਸ਼ ਕਰਦੀ ਹੈ।

ਇਸ ਪੁਸਤਕ ਦਾ ਸਤਾਰਵਾਂ ਅਤੇ ਅਠਾਰਵਾਂ ਅਧਿਆਇ ਜਿਸ ਵਿੱਚ ਕਬੀਲੇ ਦੀਆਂ ਲੋਕ ਕਹਾਣੀਆਂ ਅਤੇ ਤਿੱਥ ਤਿਉਹਾਰਾਂ ਦਾ ਵਰਣਨ ਕੀਤਾ ਗਿਆ ਹੈ, ਕਬੀਲੇ ਦੀਆਂ ਆਦਿ ਕਾਲੀ ਪ੍ਰਵਿਰਤੀਆਂ ਅਤੇ ਕਬੀਲੇ ਦੇ ਸਮੂਹਿਕ ਅਵਚੇਤਨ ਨੂੰ ਦ੍ਰਿਸ਼ਟੀਗੋਚਰ ਕਰਦੇ ਹਨ। ਕਬੀਲੇ ਦੇ ਅਵਚੇਤਨ ਨੂੰ ਸਿਰਜਣ ਵਿੱਚ ਕਬੀਲੇ ਦਾ ਇਤਿਹਾਸ ਅਤੇ ਟੋਟਮ ਟੈਬੂ (Totam & Taboos) ਆਪਣੀ ਅਹਿਮ ਭੂਮਿਕਾ ਨਿਭਾਉਂਦੇ ਹਨ। ਪੁਸਤਕ ਦੇ 'ਪੁਰਖ਼ ਪੂਜਾ' ਅਤੇ 'ਸੂਟ ਵਿਖਾਈ ਅਤੇ ਹੱਥ ਧੁਆਈ' ਦੀ ਰਸਮ ਵਾਲੇ ਪਾਠਾਂ ਵਿੱਚ ਕਬੀਲੇ ਦੀਆਂ ਵਿਲੱਖਣ ਰਸਮਾਂ ਰੀਤਾਂ ਅਤੇ ਇਨ੍ਹਾਂ ਰੀਤਾਂ ਪਿੱਛੇ ਕਾਰਜਸ਼ੀਲ ਕਬੀਲਾ ਕਦਰ ਪ੍ਰਬੰਧ ਦੀਆਂ ਪਰੰਪਰਾਵਾਂ ਅਤੇ ਰੂੜ੍ਹੀਆਂ ਨੂੰ ਸਮਾਜ ਸ਼ਾਸ਼ਤਰੀ ਨਜ਼ਰੀਏ ਤੋਂ ਪ੍ਰਸਤੁਤ ਕੀਤਾ ਗਿਆ ਹੈ। ਪੁਸਤਕ ਦੇ ਅਗਲੇ ਪਾਠਾਂ ਵਿੱਚ ਕਬੀਲਾ ਇਸਤਰੀਆਂ ਦੇ ਜੱਦੀ ਵਿਵਸਾਇ, ਪਹਿਰਾਵਾ ਅਤੇ ਡੇਰੇ ਦੀ ਸਥਾਪਨਾ ਅਤੇ ਕੂਚ ਕਰਨ ਦੀਆਂ ਮਾਨਤਾਵਾਂ ਦਾ ਵਿਸਤਰਤ ਵਰਣਨ ਕੀਤਾ ਗਿਆ ਹੈ। ਕਬੀਲੇ ਦੇ 'ਬਾਹਰੀ ਸਮਾਜਿਕ ਸਬੰਧ' ਅਤੇ 'ਵਰਤਮਾਨ ਸਥਿਤੀ' ਵਾਲੇ ਅਧਿਆਇ ਵਿੱਚ ਕਬੀਲੇ ਦੇ ਸਮਾਜਿਕ ਆਦਾਨ ਪ੍ਰਦਾਨ ਅਤੇ ਕਬੀਲੇ ਦੀ ਮੌਜੂਦਾ ਸਥਿਤੀ ਬਾਰੇ ਵਰਤਮਾਨ ਸੰਦਰਭ ਵਿੱਚ ਪਰਖ਼ ਪੜਚੋਲ ਕੀਤੀ ਗਈ ਹੈ। ਪੁਸਤਕ ਦੇ ਆਖਰੀ ਅਧਿਆਇ 'ਬਾਜ਼ੀਗਰ ਕਬੀਲੇ ਵਿੱਚ ਰਾਜਨੀਤਕ ਚੇਤਨਾ' ਵਿੱਚ ਕਬੀਲੇ ਦੇ ਸਮਾਜਿਕ ਅਤੇ ਰਾਜਨੀਤਕ ਸਰੋਕਾਰਾਂ ਪ੍ਰਤੀ ਚੇਤਨਾ ਨੂੰ ਢੁਕਵੇਂ ਰੂਪ ਵਿੱਚ ਪੇਸ਼ ਕੀਤਾ ਗਿਆ ਹੈ।

ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਇਹ ਪੁਸਤਕ ਕਬੀਲਿਆਂ ਦੇ ਗੁਣਾਤਮਕ ਅਧਿਐਨ ਅਤੇ ਖੋਜ਼ ਸਬੰਧੀ ਨਵੇਂ ਦੁਆਰ ਖੋਲ੍ਹੇਗੀ। ਇਸ ਖੋਜ ਕਾਰਜ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਕਬੀਲਾ ਖੇਤਰ ਵਿੱਚ ਲਗਾਤਾਰ ਕਿਰਿਆਸ਼ੀਲ ਵਿਦਵਾਨਾਂ ਸ੍ਰੀ ਕਿਰਪਾਲ ਕਜ਼ਾਕ (ਸਿਕਲੀਗਰ ਅਤੇ ਗਾਡੀ ਲੁਹਾਰ ਕਬੀਲੇ ਦਾ ਸਭਿਆਚਾਰ), ਡਾ. ਦਰਿਆ (ਸਾਂਸੀ ਕਬੀਲੇ ਦਾ ਸਭਿਆਚਾਰ), ਸ੍ਰੀਮਤੀ ਭੁਪਿੰਦਰ ਕੌਰ (ਬੀਤ ਦੇ ਗੁੱਜਰਾਂ ਦਾ ਸਭਿਆਚਾਰ) ਡਾ. ਸ਼ੇਰ ਚੰਦ (ਢੋਲੇ ਵੱਲੂ ਰਾਮ ਬਾਜ਼ੀਗਰ ਦੇ), ਇੰਦਰ ਸਿੰਘ

ਵਲਜੋਤ, (ਗੋਆਰ ਰਾਜਪੂਤਾਂ, ਬਾਜੀਗਰਾਂ ਦਾ ਇਤਿਹਾਸ), ਜਸਵਿੰਦਰ ਸ਼ਰਮਾ (ਬਾਜ਼ੀਗਰ ਕਬੀਲਾ ਤੇ ਪੰਜਾਬੀ ਲੋਕਧਾਰਾ), ਸੁਖਦੇਵ ਸਿੰਘ ਸੇਖੋਂ (ਗੁਜਰ ਕਬੀਲੇ ਦਾ ਲੋਕ ਸਾਹਿਤ), ਸ੍ਰੀ ਰੂਪਲਾ ਨਾਟਿਕ (ਕਲਰਫ਼ੁਲ ਬੰਜਾਰਾ ਟਰਾਈਬ ਥਰੂ ਦਾ ਏਜਜ਼), ਪ੍ਰੋ. ਮੋਤੀ ਰਾਜ ਰਾਠੌਰ (ਗੌਰ ਬੰਜਾਰਾ ਜਨਜਾਤੀ ਕਾ ਇਤਿਹਾਸ ਅਤੇ ਬੰਜਾਰਾ ਸੰਦਰਭ ਕੋਸ਼) ਦੇ ਮੁੱਲਵਾਨ ਖੋਜ ਕਾਰਜਾਂ ਦੀ ਤਹਿਦਿਲੋਂ ਨਜ਼ਰਸਾਨੀ ਕੀਤੀ ਗਈ ਹੈ। ਇਸ ਕਬੀਲੇ ਤੇ ਖੋਜ ਕਾਰਜ ਦਾ ਘੇਰਾ ਬਹੁਤ ਵਿਸ਼ਾਲ ਅਤੇ ਵਿਸਤਰਤ ਹੈ ਪਰ ਇੱਥੇ ਇਸਨੂੰ ਕੇਵਲ ਸੱਭਿਆਚਾਰਕ ਪੱਖਾਂ ਤੱਕ ਹੀ ਮਹਿਦੂਦ ਰੱਖਿਆ ਗਿਆ ਜਿਸ ਵਿਚੋਂ ਕਬੀਲੇ ਦੇ ਪੂਰੇ ਜਨਜੀਵਨ ਅਤੇ ਸੱਭਿਆਚਾਰ ਦੀ ਤਸਵੀਰ ਉਭਰਦੀ ਹੈ। ਇਸ ਪੁਸਤਕ ਵਿੱਚ ਬਾਜ਼ੀਗਰ ਕਬੀਲੇ ਦੇ ਲੋਕਾਂ ਦੇ ਜੀਵਨ, ਕਾਰ ਵਿਹਾਰ ਅਤੇ ਰਹਿਣ ਸਹਿਣ ਦੀ ਢੁਕਵੀਂ ਪੇਸ਼ਕਾਰੀ ਕਰਨ ਦਾ ਯਤਨ ਕੀਤਾ ਗਿਆ ਹੈ।

ਕਬੀਲਿਆਂ ਬਾਰੇ ਖੋਜ ਕਾਰਜ ਕਰਨਾ ਮਿਹਨਤ ਤੇ ਸਿਦਕਦਿਲੀ ਦੀ ਮੰਗ ਕਰਦਾ ਹੈ। ਇਸ ਕਾਰਜ ਲਈ ਕਬੀਲਿਆਂ ਦੀ ਅੰਦਰਲੀ ਸੰਰਚਨਾ ਅਤੇ ਸੁਭਾਅ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਇਹ ਬਹੁਤ ਧਿਆਨ ਅਤੇ ਨਿਸ਼ਠਾ ਦੀ ਮੰਗ ਕਰਦਾ ਹੈ। ਇਸ ਕਠਿਨ ਕਾਰਜ ਲਈ ਕਬੀਲੇ ਦੇ ਲੋਕਾਂ ਦੀ ਨੇੜਤਾ ਅਤੇ ਵਿਸ਼ਵਾਸ਼ਪਾਤਰ ਹੋਣਾ ਬਹੁਤ ਜ਼ਰੂਰੀ ਹੈ ਤਾਂ ਕਿ ਕੀਤਾ ਜਾਣ ਵਾਲਾ ਖੋਜ ਕਾਰਜ ਸਫ਼ਲਤਾ ਨਾਲ ਸਿਰੇ ਚੜ ਸਕੇ। ਏਸ ਸਬੰਧ ਵਿੱਚ ਹਥਲੇ ਖੋਜ ਕਾਰਜ 'ਬਾਜ਼ੀਗਰ ਕਬੀਲੇ ਦਾ ਸਭਿਆਚਾਰ' ਬਾਰੇ ਖੇਤਰੀ ਕਾਰਜ ਕਰਦਿਆਂ ਵਾਸਤਵਿਕ ਜਾਣਕਾਰੀ ਪ੍ਰਦਾਨ ਕਰਨ ਦੀ ਭਰਪੂਰ ਕੋਸ਼ਿਸ਼ ਕੀਤੀ ਗਈ ਹੈ।

ਇਸ ਤਰ੍ਹਾਂ ਉਪਰੋਕਤ ਧਾਰਨਾਵਾਂ ਦੇ ਪ੍ਰਸੰਗ ਵਿੱਚ ਡਾ. ਮੋਹਨ ਤਿਆਗੀ ਦੁਆਰਾ ਲਿਖੀ ਗਈ ਪੁਸਤਕ 'ਬਾਜ਼ੀਗਰ ਕਬੀਲੇ ਦਾ ਸਭਿਆਚਾਰ' ਕਬੀਲਿਆਂ ਦੇ ਅਧਿਐਨ ਅਤੇ ਜੀਵਨ ਦਰਸ਼ਨ ਸਬੰਧੀ ਨਵੇਂ ਪਾਸਾਰਾਂ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ।

1 ਜਨਵਰੀ, 2013

– ਡਾ. ਬਲਦੇਵ ਸਿੰਘ 'ਬੱਦਨ'

ਮੁੱਖ ਸੰਪਾਦਕ/ਸੰਯੁਕਤ ਨਿਰਦੇਸ਼ਕ,
ਨੈਸ਼ਨਲ ਬੁਕ ਟਰੱਸਟ, ਇੰਡੀਆ,
ਨਹਿਰੂ ਭਵਨ, 5 ਇੰਸਟੀਚਿਊਸ਼ਨਲ ਏਰੀਆ,
ਵਸੰਤ ਕੁੰਜ, ਫੇਜ਼-II, ਨਵੀਂ ਦਿੱਲੀ–110070

ਪ੍ਰਸਤਾਵਨਾ

ਬਾਜ਼ੀਗਰ ਕਬੀਲਾ ਭਾਰਤ ਦੇ ਲਗਭਗ ਇੱਕੀ ਰਾਜਾਂ ਵਿੱਚ ਵਾਸ ਕਰਦਾ ਹੈ ਜਿੱਥੇ ਇਸ ਨੇ ਆਪਣੀ ਵੱਖਰੀ ਸਭਿਆਚਾਰਕ ਪਛਾਣ ਬਣਾਈ ਹੋਈ ਹੈ। ਬਾਜ਼ੀਗਰ ਕਬੀਲੇ ਦੇ ਲੋਕ ਭਾਰਤ ਵਿੱਚ ਵੱਖ ਵੱਖ ਰਾਜਾਂ ਵਿਚ ਵੱਖ ਵੱਖ ਨਾਵਾਂ ਹੇਠ ਦਰਜ ਹਨ, ਫਿਰ ਵੀ ਪੂਰੇ ਭਾਰਤ ਵਿੱਚ ਕਬੀਲੇ ਲਈ ਪ੍ਰਚਲਿਤ ਨਾਂ 'ਗੌਰ' ਇਨ੍ਹਾਂ ਵਿੱਚ ਇਕ ਸਾਂਝੀ ਕੜੀ ਦਾ ਕੰਮ ਕਰਦਾ ਹੈ। ਬਾਜ਼ੀਗਰ ਕਬੀਲੇ ਦੇ ਲੋਕ ਅੱਜ ਵੀ ਇਕ ਦੂਜੇ ਨਾਲ ਮਿਲਣੀ ਸਮੇਂ ਸਭ ਤੋਂ ਪਹਿਲਾਂ ਉਸਨੂੰ 'ਗੌਰ' ਹੋਣ ਬਾਰੇ ਪੁੱਛਦੇ ਹਨ ਅਤੇ ਦੂਜਾ ਪ੍ਰਸ਼ਨ ਉਸਦੇ 'ਗੋਤਰ' ਨਾਲ ਸਬੰਧਤ ਹੁੰਦਾ ਹੈ। ਇਨ੍ਹਾਂ ਸਵਾਲਾਂ ਦਾ ਉੱਤਰ ਤਸੱਲੀਬਖਸ਼ ਮਿਲਣ ਤੇ ਕਬੀਲੇ ਦੇ ਲੋਕ ਫਿਰ ਇਕ ਦੂਜੇ ਨੂੰ ਗਲ ਨਾਲ ਲੱਗ ਕੇ ਮਿਲਦੇ ਹਨ।

ਬਾਜ਼ੀਗਰ ਕਬੀਲੇ ਦੇ ਲੋਕ ਕਬੀਲੇ ਤੋਂ ਬਾਹਰਲੇ ਵਿਅਕਤੀ ਨੂੰ 'ਕੌਰ' ਆਖ ਕੇ ਬੁਲਾਉਂਦੇ ਹਨ। 'ਕੌਰ' ਤੋਂ ਭਾਵ ਇੱਕ ਅਜਨਬੀ ਵਿਅਕਤੀ ਤੋਂ ਹੈ। ਕਬੀਲੇ ਦੇ ਲੋਕ ਕਬੀਲੇ ਤੋਂ ਬਾਹਰਲੇ ਵਿਅਕਤੀਆਂ ਨਾਲ ਇਕ ਨਿਸ਼ਚਤ ਦੂਰੀ ਬਣਾ ਕੇ ਰੱਖਦੇ ਹਨ ਅਤੇ ਇਹ ਦੂਰੀ ਅੱਜ ਵੀ ਉੱਸੇ ਤਰ੍ਹਾਂ ਬਰਕਰਾਰ ਰੱਖੀ ਜਾਂਦੀ ਹੈ। ਇਸ ਵਰਤਾਰੇ ਪਿੱਛੇ ਕਬੀਲੇ ਦਾ ਸੰਘਰਸ਼ ਭਰਿਆ ਲੰਬਾ ਇਤਿਹਾਸ, ਟੋਟਮ ਅਤੇ ਟੈਬੂ ਕਾਰਜਸ਼ੀਲ ਰਹਿੰਦੇ ਹਨ। ਅੱਜ ਬਦਲਦੀਆਂ ਵਿਸ਼ਵ ਪ੍ਰਸਥਿਤੀਆਂ ਵਿੱਚ ਜਦਕਿ ਗਲੋਬ ਇਕ ਪਿੰਡ ਵਿੱਚ ਤਬਦੀਲ ਹੋ ਗਿਆ ਹੈ ਬਾਜ਼ੀਗਰ ਕਬੀਲੇ ਦੇ ਲੋਕਾਂ ਨੇ ਆਪਣੀ ਭਾਸ਼ਾ ਸਭਿਆਚਾਰ ਅਤੇ ਪੁਰਖਾ ਮਾਨਤਾਵਾਂ ਨੂੰ ਮੂਲ ਰੂਪ ਵਿਚ ਜੀਵਤ ਰੱਖਿਆ ਹੋਇਆ ਹੈ। ਇਹੀ ਇਸ ਕਬੀਲੇ ਦੇ ਅਧਿਐਨ ਦੀ ਵਿਸ਼ੇਸ਼ਤਾ ਹੈ। ਸਮਕਾਲੀ ਪ੍ਰਸਥਿਤੀਆ ਵਿਚ ਜਦੋਂ ਕਿ ਬਜ਼ਾਰ ਨਿੱਕੇ ਨਿੱਕੇ ਸਭਿਆਚਾਰਾਂ ਨੂੰ ਆਪਣਾ ਆਹਾਰ ਬਣਾ ਰਿਹਾ ਹੈ, ਬਾਜ਼ੀਗਰ ਕਬੀਲੇ ਦੇ ਲੋਕ ਵੀ ਇਸ ਪਰਿਵਰਤਨ ਤੋਂ ਅਭਿੱਜ ਨਹੀਂ ਰਹਿ ਸਕੇ ਪਰ ਇਹ ਪਰਿਵਰਤਨ ਕੇਵਲ ਬਾਹਰੀ ਰੂਪ ਤੱਕ ਹੀ ਸੀਮਤ ਹੈ। ਆਂਤਰਿਕ ਰੂਪ ਵਿੱਚ ਕਬੀਲੇ ਦਾ ਸੰਗਠਨਾਤਮਕ ਢਾਂਚਾ ਕਾਫੀ ਕਠੋਰ ਅਤੇ ਮਜ਼ਬੂਤ ਹੈ। ਬਾਜ਼ੀਗਰ ਕਬੀਲਾ ਆਪਣੇ ਆਪ ਨੂੰ ਇਕ ਦੂਜੇ ਤੋਂ ਗੋਤਰ ਦੇ ਨਾਂ ਤੋਂ ਨਿਖੇੜ ਕੇ ਵੇਖਦਾ ਹੈ, ਭਾਵ ਕਬੀਲੇ ਵਿੱਚ ਗੋਤਰ ਪ੍ਰਭੂਸੱਤਾ ਪਾਈ ਜਾਂਦੀ ਹੈ ਜਿਸਤੇ ਸਾਰੇ ਕਬੀਲੇ ਦਾ ਕਾਰ ਵਿਹਾਰ, ਵਿਆਹ ਪ੍ਰਬੰਧ ਤੇ ਹੋਰ ਹੋਰ ਸੰਸਕਾਰ ਟਿਕੇ ਹੁੰਦੇ ਹਨ। ਬਾਜ਼ੀਗਰ ਕਬੀਲੇ ਵਿੱਚ 'ਧਰਮਸੋਤ' ਗੋਤਰ ਨੂੰ ਸਰਵਉੱਚ ਗੋਤਰ ਗਿਣਿਆ ਜਾਂਦਾ ਹੈ। 'ਧਰਮਸੋਤ ਗੋਤਰ' ਦੀ ਇਹ ਪ੍ਰਭੂਸੱਤਾ ਆਦਿ ਕਾਲ ਤੋਂ ਹੀ ਚਲੀ ਆਉਂਦੀ ਹੈ। ਕਬੀਲੇ ਵਿੱਚ ਕੋਈ ਵੀ ਝਗੜਾ ਹੋਣ ਦੀ ਸੂਰਤ ਵਿੱਚ ਧਰਮਸੋਤ ਗੋਤਰ ਦੇ ਲੋਕ ਹੀ ਸੁਣਵਾਈ

ਕਰਦੇ ਹਨ ਅਤੇ 'ਲਾਲਕਾ ਗੋਤਰ' ਦੇ ਲੋਕ ਸਹਿਯੋਗੀ ਦੇ ਰੂਪ ਵਿਚ ਮੋਹਰੀ ਭੂਮਿਕਾ ਨਿਭਾਉਂਦੇ ਹਨ। ਬਾਜ਼ੀਗਰ ਕਬੀਲੇ ਵਿੱਚ ਹਰ ਤਿੱਥ ਤਿਉਹਾਰ, ਜਨਮ, ਵਿਆਹ ਅਤੇ ਮੌਤ ਸਮੇਂ ਕਬੀਲੇ ਦੇ ਹੀ ਗੋਤਰ ਬਾਹਰੋਂ ਵਿਅਕਤੀ ਜਿਸਨੇ ਕਬੀਲੇ ਦੇ ਲੋਕ 'ਔਰਸਖੀਆ' ਆਖਦੇ ਹਨ, ਦੀ ਵਿਸ਼ੇਸ਼ ਭੂਮਿਕਾ ਤੇ ਸਤਿਕਾਰ ਹੁੰਦਾ ਹੈ। 'ਔਰਸਖੀਆ' ਤੋਂ ਭਾਵ ਕਬੀਲੇ ਦਾ 'ਦੂਜੀ ਗੋਤਰ' ਦਾ ਵਿਅਕਤੀ ਹੁੰਦਾ ਹੈ। 'ਔਰਸਖੀਆ' ਕਬੀਲੇ ਦੀ ਆਪਸੀ ਗਹਿਰੀ ਸਾਂਝ ਦਾ ਸੂਚਕ ਹੁੰਦਾ ਹੈ। ਕਬੀਲੇ ਦੇ ਹਰ ਡੇਰੇ ਵਿੱਚ ਗੋਤਰ ਬਾਹਰੀ ਵਿਅਕਤੀ 'ਔਰਸਖੀਆ' ਨੂੰ ਵਿਸ਼ੇਸ਼ ਤੌਰ ਤੇ ਵਸਾਇਆ ਜਾਂਦਾ ਸੀ ਕਿਉਂਕਿ ਕਬੀਲੇ ਦੀਆਂ ਕੁਝ ਪਿਤਰੀ ਰਸਮਾਂ ਅਤੇ ਅਨੁਸ਼ਠਾਨ 'ਔਰਸਖੀਆਂ' ਤੋਂ ਬਿਨ੍ਹਾਂ ਅਧੂਰੇ ਹੁੰਦੇ ਹਨ। ਅੱਜ ਵੀ ਗੋਤਰ ਬਾਹਰੀ ਵਿਅਕਤੀ ਦੀ ਕਬੀਲੇ ਦੀਆਂ ਰਸਮਾਂ ਵਿਚ ਮੋਹਰੀ ਭੂਮਿਕਾ ਹੁੰਦੀ ਹੈ। ਬਾਜ਼ੀਗਰ ਕਬੀਲੇ ਦੇ ਲੋਕਾਂ ਦੀ ਆਪਸੀ ਬੋਲਚਾਲ ਦੀ ਭਾਸ਼ਾ ਨੂੰ 'ਗੌਰ ਬੋਲੀ' ਕਿਹਾ ਜਾਂਦਾ ਹੈ। ਕਬੀਲੇ ਦਾ ਹਰ ਵਿਅਕਤੀ ਆਪਣੀ ਪਛਾਣ 'ਮੈਂ ਗਵਾਰ ਛੂੰ' ਆਖਕੇ ਦਿੰਦਾ ਹੈ।

ਅੱਜ ਵੀ ਹਰ ਬਾਜ਼ੀਗਰ ਡੇਰੇ ਵਿੱਚ ਗੌਰ ਬੋਲੀ ਆਪਣੇ ਮੂਲ ਰੂਪ ਵਿੱਚ ਉਸੇ ਤਰ੍ਹਾਂ ਬੋਲੀ ਜਾਂਦੀ ਹੈ। ਬਾਜ਼ੀਗਰ ਕਬੀਲੇ ਦੀ ਗੁਪਤ ਭਾਸ਼ਾ ਨੂੰ 'ਪਾਰਸੀ' ਕਿਹਾ ਜਾਂਦਾ ਹੈ। ਕਿਸੇ ਖਾਸ ਸਥਿਤੀ ਵਿਚ 'ਪਾਰਸੀ' ਭਾਸ਼ਾ ਦਾ ਇਸਤੇਮਾਲ ਕੀਤਾ ਜਾਂਦਾ ਹੈ। ਕਬੀਲੇ ਦੇ ਹਰ ਡੇਰੇ ਅਤੇ ਹਰ ਘਰ ਵਿਚ ਇਹ ਭਾਸ਼ਾ ਸਰਬਪ੍ਰਵਾਨਤ ਹੈ। ਕਬੀਲੇ ਦੇ ਬਜ਼ੁਰਗ ਅਤੇ ਵਿਦਵਾਨ ਲੋਕਾਂ ਦਾ ਮੱਤ ਹੈ ਕਿ ਇਹ ਭਾਸ਼ਾ ਮੁਗਲ ਕਾਲ ਵਿਚ ਕਬੀਲੇ ਨਾਲ ਸਬੰਧਤ ਰਿਆਸਤਾਂ ਅਤੇ ਕਬੀਲੇ ਦੇ ਲੋਕਾਂ ਤੇ ਹੋਏ ਹਮਲਿਆਂ ਦੌਰਾਨ ਸੰਕਟਕਾਲੀਨ ਪ੍ਰਸਥਿਤੀਆਂ ਵਿੱਚ ਹੋਂਦ ਵਿਚ ਆਈ। ਬਾਜ਼ੀਗਰ ਕਬੀਲੇ ਦੇ ਲੋਕ ਆਪਣਾ ਮੂਲ ਰਾਜਸਥਾਨ ਦੀਆਂ ਰਿਆਸਤਾਂ ਨਾਲ ਜੋੜ ਕੇ ਵੇਖਦੇ ਹਨ।

ਮੁਗਲਕਾਲ ਵਿੱਚ ਕਬੀਲਿਆਂ ਦੀ ਦੁਰਗਤੀ ਨੇ ਕਬੀਲਿਆਂ ਦੇ ਗੌਰਵ ਅਤੇ ਸਵੈਮਾਣ ਨੂੰ ਗਹਿਰੀ ਸੱਟ ਮਾਰੀ। ਪਰ ਇਸ ਸਭ ਦੇ ਬਾਵਜੂਦ ਵੀ ਕਬੀਲੇ ਦੇ ਲੋਕਾਂ ਵਿੱਚ ਇਹ ਧਾਰਨਾ ਬਣੀ ਰਹੀ ਕਿ ਇਕ ਨਾ ਇਕ ਦਿਨ ਉਨ੍ਹਾਂ ਦੇ ਖੋਏ ਹੋਏ ਰਾਜ ਦੀਆਂ ਚਾਬੀਆਂ ਉਨ੍ਹਾਂ ਨੂੰ ਜ਼ਰੂਰ ਮਿਲਣਗੀਆਂ। ਲਗਭਗ ਹਰ ਇਕ ਬਾਜ਼ੀਗਰ ਸਭਾ ਅਤੇ ਮਹਾਂਸਭਾ 'ਢੋਅ' ਵਿੱਚ ਇਹ ਗੱਲ ਵਾਰ ਵਾਰ ਦੁਹਰਾਈ ਜਾਂਦੀ ਹੈ। ਬਾਜ਼ੀਗਰ ਮਹਾਂਸਭਾ 'ਢੋਅ' ਦੀ ਸੰਰਚਨਾ ਬੜੀ ਪੀਡੀ ਤੇ ਵਿਧੀਵਤ ਢੰਗ ਨਾਲ ਬਣੀ ਹੋਈ ਹੈ। ਕਈ ਸੋ ਸਾਲ ਗੁਜ਼ਰ ਜਾਣ ਤੋਂ ਬਾਅਦ ਵੀ ਇਹ ਸੰਰਚਨਾ ਉਸੇ ਤਰ੍ਹਾਂ ਮੂਲ ਰੂਪ ਵਿਚ ਕੰਮ ਕਰਦੀ ਆ ਰਹੀ ਹੈ। ਇਸ ਵਿੱਚ ਕਬੀਲੇ ਦੀ ਹਰ ਇਕ ਗੋਤਰ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਯੋਗ ਪ੍ਰਤੀਨਿਧਤਾ ਦਿੱਤੀ ਗਈ ਹੈ। ਮਹਾਂਸਭਾ 'ਢੋਅ' ਦੁਆਰਾ ਦੰਡ ਅਤੇ ਸਜ਼ਾ ਕੇਵਲ ਸੰਕੇਤਕ ਰੂਪ ਵਿਚ ਦਿੱਤੇ ਜਾਂਦੇ ਹਨ। ਸੰਕੇਤਕ ਸਜ਼ਾ ਦਾ ਅਸਰ ਵੀ ਪੀੜ੍ਹੀਆਂ ਤੱਕ ਕਾਇਮ ਰਹਿੰਦਾ ਹੈ। ਕਿਸੇ ਵੀ ਗੰਭੀਰ ਦੋਸ਼ ਦੀ ਸੂਰਤ ਵਿੱਚ ਜਦੋਂ ਕਿ ਕਬੀਲੇ ਦੀ ਮਾਣ ਪ੍ਰਤਿਸ਼ਠਾ ਨੂੰ ਕੋਈ ਠੇਸ ਪਹੁੰਚਦੀ ਹੋਵੇ, ਦੋਸ਼ੀ ਨੂੰ ਕਬੀਲੇ ਵਿੱਚੋਂ ਛੇਕ ਦਿੱਤਾ ਜਾਂਦਾ ਹੈ। ਇੱਥੇ ਇਹ ਗੱਲ ਵਰਣਨ ਯੋਗ ਹੈ ਕਿ ਬਾਜ਼ੀਗਰ ਕਬੀਲੇ

ਦਾ ਮੁੱਖ ਧੰਦਾ ਪਸ਼ੂ ਪਾਲਣਾ ਅਤੇ ਵਪਾਰ ਕਰਨਾ ਰਿਹਾ ਹੈ। ਕਬੀਲੇ ਦੇ ਸਥਾਨਕ ਲੋਕ ਜ਼ਿਆਦਾਤਰ ਬਾਜ਼ੀ ਕਲਾ ਨਾਲ ਜੁੜੇ ਰਹੇ ਹਨ।

ਬਾਜ਼ੀਗਰ ਕਬੀਲੇ ਦੇ ਲੋਕ ਚੰਗੀ ਨਸਲ ਦੇ ਪਸ਼ੂ ਰੱਖਣ ਲਈ ਪ੍ਰਸਿੱਧ ਹਨ। ਬਾਜ਼ੀਗਰ ਕਬੀਲੇ ਦੇ ਲੋਕ ਕਿਸੇ ਪਸ਼ੂ ਆਦਿ ਦੇ ਗਵਾਚ ਜਾਣ ਦੀ ਸੂਰਤ ਵਿੱਚ ਪੈੜ ਕੱਢਣ ਦਾ ਕੰਮ ਵੀ ਕਰਿਆ ਕਰਦੇ ਸਨ। ਸੋ ਪਸ਼ੂ ਆਦਿ ਦੇ ਗਵਾਚ ਜਾਣ ਤੇ ਦੂਰੋਂ ਦੂਰੋਂ ਲੋਕ ਗਵਾਚੇ ਪਸ਼ੂ ਦੀ ਪੈੜ ਕਢਵਾਉਣ ਲਈ ਬਾਜ਼ੀਗਰ ਕਬੀਲੇ ਦੇ ਲੋਕਾਂ ਕੋਲ ਮੱਦਦ ਲਈ ਆਉਂਦੇ ਸਨ। ਬਾਜ਼ੀਗਰ ਕਬੀਲੇ ਵਿੱਚ 'ਮਾਲ' ਭਾਵ ਪਸ਼ੂ ਦੀ ਸਹੁੰ ਅਤੇ 'ਛੋਰਾ' ਭਾਵ ਪੁੱਤਰ ਦੀ ਸਹੁੰ ਨੂੰ ਭਾਰੀ ਸਹੁੰ ਗਿਣਿਆ ਜਾਂਦਾ ਹੈ। ਬਾਜ਼ੀਗਰ ਲੋਕ ਜੜ੍ਹੀਆਂ ਬੂਟੀਆਂ ਬਾਰੇ ਵੀ ਚੰਗਾ ਗਿਆਨ ਰੱਖਦੇ ਹਨ। ਅੱਜ ਵੀ ਇਹ ਲੋਕ ਛੋਟੀਆਂ ਮੋਟੀਆਂ ਬਿਮਾਰੀਆਂ ਦਾ ਇਲਾਜ ਖੁਦ ਕਰਦੇ ਹਨ। ਇਸ ਇਲਾਜ ਨਾਲ ਸਬੰਧਿਤ ਕਈ ਵਿਧੀਆਂ ਹਨ ਜਿਨ੍ਹਾਂ ਦਾ ਵਰਣਨ ਇਸ ਪੁਸਤਕ ਵਿਚ ਵਿਸਥਾਰ ਸਹਿਤ ਕੀਤਾ ਗਿਆ ਹੈ। ਲੋਕ ਆਪਣਾ ਤੇ ਆਪਣੇ ਪਸ਼ੂਆਂ ਦਾ ਇਲਾਜ ਵੀ ਦੇਸੀ ਨੁਸਖਿਆਂ ਨਾਲ ਖੁਦ ਕਰਦੇ ਹਨ, ਜਿਹੜੇ ਕਿ ਇਨ੍ਹਾਂ ਦੇ ਪੁਰਖਿਆਂ ਨੇ ਪੀੜੀ ਦਰ ਪੀੜੀ ਆਪਣੇ ਜਾਨਸ਼ੀਨਾਂ ਨੂੰ ਵਿਰਾਸਤ ਵਿੱਚ ਦਿੱਤੇ ਹਨ।

ਬਾਜ਼ੀਗਰ ਕਬੀਲੇ ਵਿੱਚ ਪੁੱਤਰ ਦੇ ਜਨਮ ਦੀ ਖੁਸ਼ੀ ਵੰਸ਼ ਵਰਧਕ ਵਜੋਂ ਢੋਲ ਦੀ ਥਾਪ ਤੇ ਮਨਾਈ ਜਾਂਦੀ ਹੈ। ਲੜਕੀ ਨੂੰ ਲੱਛਮੀ ਦਾ ਰੂਪ ਸਮਝਕੇ ਉਸਦੀ ਪੂਜਾ ਅਰਚਨਾ ਕੀਤੀ ਜਾਂਦੀ ਹੈ। ਕਬੀਲੇ ਵਿੱਚ ਭਰੂਣ ਹੱਤਿਆ ਸਖਤ ਵਰਜਿਤ ਹੈ। ਕੁੜੀਮਾਰ ਨੂੰ ਕਬੀਲੇ ਵਿਚੋਂ ਛੇਕ ਦਿੱਤਾ ਜਾਂਦਾ ਹੈ। ਇਹ ਪ੍ਰਥਾ ਅੱਜ ਵੀ ਉਸੇ ਤਰ੍ਹਾਂ ਜਾਰੀ ਹੈ। ਕਬੀਲੇ ਵਿੱਚ ਲੜਕੀ ਦੀ ਮੌਤ ਹੋਣ ਤੇ ਪੂਰੇ ਕਬੀਲੇ ਵਿਚ ਸੋਗ ਦੀ ਲਹਿਰ ਦੌੜ ਜਾਂਦੀ ਹੈ। ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਬਾਜ਼ੀਗਰ ਕਬੀਲੇ ਦਾ ਸਿਰਫ਼ ਇੱਕ ਵਰਗ ਹੀ ਬਾਜ਼ੀ ਦੀ ਕਲਾ ਨਾਲ ਜੁੜਿਆ ਹੋਇਆ ਸੀ ਜਿਸ ਕਾਰਨ ਕਬੀਲੇ ਤੋਂ ਬਾਹਰਲੇ ਲੋਕਾਂ ਨੇ ਇਨ੍ਹਾਂ ਲੋਕਾਂ ਨੂੰ 'ਬਾਜ਼ੀਗਰ' ਆਖਕੇ ਸੰਬੋਧਨ ਕਰਨਾ ਸ਼ੁਰੂ ਕਰ ਦਿੱਤਾ। ਅਸਲ ਵਿਚ ਇਹ ਲੋਕ ਸਦੀਆਂ ਤੋਂ ਭਾਰਤਵਰਸ਼ ਵਿੱਚ 'ਗੌਰ ਬੰਜਾਰਾ' ਕਬੀਲੇ ਦੇ ਨਾਂ ਹੇਠ ਵਿਚਰ ਰਹੇ ਹਨ। ਉਸ ਸਮੇਂ ਇਨ੍ਹਾਂ ਲੋਕਾਂ ਦਾ ਪ੍ਰਚਲਿਤ ਧੰਦਾ ਪਸ਼ੂ ਪਾਲਣਾ ਅਤੇ ਢੋਆ ਢੁਆਈ ਦਾ ਕੰਮ ਕਰਨਾਂ ਸੀ। ਢੋਆ ਢੁਆਈ ਦੇ ਨਵੇਂ ਸਾਧਨ ਵਿਕਸਤ ਹੋਣ ਤੇ ਇਨ੍ਹਾਂ ਦਾ ਢੋਆ ਢੁਆਈ ਦਾ ਧੰਦਾ ਵੀ ਲਗਭਗ ਖਤਮ ਹੋ ਗਿਆ ਤੇ ਇਹ ਲੋਕ ਪੱਕੇ ਤੌਰ ਤੇ ਪਸ਼ੂ ਪਾਲਕ ਬਣ ਗਏ। ਅੱਜ ਵੀ ਇਹ ਲੋਕ ਪੰਜਾਬ ਅਤੇ ਹਰਿਆਣਾ ਵਿੱਚ 'ਗੌਰ' ਕਬੀਲੇ ਦੇ ਨਾਂ ਹੇਠ ਅਤੇ ਭਾਰਤ ਦੇ ਹੋਰ ਸੂਬਿਆਂ ਵਿੱਚ ਗੌਰ ਬੰਜ਼ਾਰਾ ਨਾਂ ਹੇਠ ਵਾਸ ਕਰ ਰਹੇ ਹਨ।

ਪੰਜਾਬ ਅਤੇ ਹਰਿਆਣਾ ਰਾਜ ਵਿੱਚ ਭਾਵੇਂ ਕਿ ਕਬੀਲੇ ਦਾ ਪਹਿਰਾਵਾ ਕਾਫ਼ੀ ਹੱਦ ਤੱਕ ਪ੍ਰਾਂਤਕ ਪ੍ਰਭਾਵ ਵਿਚ ਢਲ਼ ਚੁਕਿਆ ਹੈ ਪਰ ਭਾਰਤ ਦੇ ਦੂਜੇ ਹਿੱਸਿਆਂ ਵਿੱਚ ਕਬੀਲੇ ਦਾ ਪਰੰਪਰਿਕ ਪਹਿਰਾਵਾ 'ਘਘਰਾ ਚੋਲੀ' ਤੇ 'ਕੁੜਤਾ ਲੂੰਗੀ' ਹੀ ਪ੍ਰਚਲਿਤ ਹੈ। ਬਾਜ਼ੀਗਰ ਕਬੀਲੇ ਦੇ ਲੋਕ ਕਬੀਲੇ ਦੇ ਲੋਕਾਂ ਨੂੰ ਸੰਬੋਧਨ ਕਰਨ ਲੱਗਿਆਂ 'ਜੈ

ਗਵਾਰ ਜੈ ਗੋਪਾਲ' ਕਰਕੇ ਨਤਮਸਤਕ ਹੁੰਦੇ ਹਨ। 'ਜੈ ਗਵਾਰ ਜੈ ਗੋਪਾਲ' ਦਾ ਨਾਅਰਾ ਸਾਰੇ ਕਬੀਲੇ ਨੂੰ ਇਕ ਥਾਂ ਤੇ ਬੰਨਕੇ ਰੱਖਣ ਵਿੱਚ ਆਧਾਰਸ਼ਿਲਾ ਦਾ ਕੰਮ ਕਰਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਬਾਜ਼ੀਗਰ ਕਬੀਲੇ ਦੇ ਲੋਕਾਂ ਦਾ ਸਬੰਧ ਦੁਨੀਆਂ ਭਰ ਵਿੱਚ ਫੈਲੇ ਹੋਏ ਜਿਪਸੀ ਲੋਕਾਂ ਨਾਲ ਹੈ। 'ਅਰੋਮਾ' ਜਿਪਸੀਆਂ ਦੀ ਭਾਸ਼ਾ ਦੇ ਕਾਫ਼ੀ ਸ਼ਬਦ 'ਗੌਰ ਭਾਸ਼ਾ' ਨਾਲ ਮਿਲਦੇ ਜੁਲਦੇ ਹਨ। ਇਸ ਤਰ੍ਹਾਂ ਉਪਰੋਕਤ ਹਵਾਲਾ ਬਾਜੀਗਰ ਕਬੀਲੇ ਦੇ ਲੋਕਾਂ ਦੇ ਦੁਨੀਆਂ ਦੀਆਂ ਹੋਰ ਖਾਨਾਬਦੋਸ਼ ਕੌਮਾਂ ਨਾਲ ਸਬੰਧਾਂ ਦਾ ਸ਼ਕਤੀਸ਼ਾਲੀ ਪ੍ਰਮਾਣ ਹੈ। ਬਾਜ਼ੀਗਰ ਕਬੀਲੇ ਦੇ ਲੋਕ ਆਪਣੇ ਘਰਾਂ ਦੇ ਦਰ ਪੂਰਬ ਦਿਸ਼ਾ ਵਿੱਚ ਰੱਖਦੇ ਹਨ। ਇਹ ਲੋਕ ਕਿਸੇ ਸਮਾਰੋਹ ਜਾਂ ਪੰਚਾਇਤ ਵਿੱਚ ਬੈਠਣ ਲੱਗਿਆਂ ਇਕ ਗੋਲਾਕਾਰ ਦੀ ਸ਼ਕਲ ਵਿੱਚ ਬੈਠਦੇ ਹਨ। ਬਾਜ਼ੀਗਰ ਕਬੀਲੇ ਦੇ ਮੂਲ ਸਬੰਧੀ ਵੱਖ-ਵੱਖ ਵਿਦਵਾਨਾਂ ਦੇ ਵੱਖਰੇ ਵੱਖਰੇ ਵਿਚਾਰ ਹਨ ਪਰ ਇਨ੍ਹਾਂ ਲੋਕਾਂ ਦੇ ਲੋਕ ਸਾਹਿਤ ਦਾ ਅਧਿਐਨ ਕਰਦਿਆਂ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਬਾਜ਼ੀਗਰ ਜੰਗਲ ਬੇਲਿਆਂ ਵਿੱਚ ਮਾਲ ਇੱਜੜ ਚਾਰਨ ਵਾਲੇ ਜਾਂਗਲੀ ਲੋਕ ਹਨ ਜਿਹੜੇ ਸ਼ੁਰੂ ਤੋਂ ਹੀ ਘੁਮੰਤੂ ਪ੍ਰਵਿਰਤੀ ਦੇ ਸਨ ਅਤੇ ਇਹ ਆਪਣਾ ਮਾਲ ਇੱਜੜ ਲੈ ਕੇ ਹਰੀਆਂ ਚਰਾਗਾਹਾਂ ਦੀ ਭਾਲ ਵਿੱਚ ਇਕ ਥਾਂ ਤੋਂ ਦੂਜੀ ਥਾਂ ਘੁੰਮਦੇ ਰਹਿੰਦੇ ਸਨ। ਇਹ ਹਮੇਸ਼ਾਂ ਆਪਣਾ ਡੇਰਾ ਕਿਸੇ ਨਦੀ, ਨਹਿਰ ਜਾਂ ਦਰਿਆਂ ਕੰਢੇ ਹੀ ਲਾਉਂਦੇ ਸਨ ਤਾਂ ਕਿ ਪਾਣੀ ਦੀ ਔਕੜ ਆਦਿ ਨਾ ਆਵੇ। ਬਾਜ਼ੀਗਰ ਬੜੇ ਖੁਲ੍ਹੇ ਡੁਲੇ ਅਤੇ ਨਰਮ ਸੁਭਾਅ ਦੇ ਲੋਕ ਹਨ। ਇਹ ਬਾਰ ਦੇ ਜੰਗਲਾਂ ਵਿੱਚ ਖੁਲ੍ਹਾ ਜੀਵਨ ਬਤੀਤ ਕਰਦਿਆਂ ਢੋਲੇ, ਮਾਹੀਏ, ਟੱਪੇ ਅਤੇ ਲੰਬੀਆਂ ਹੇਕਾਂ ਲਾਉਂਦੇ ਰਹੇ ਹਨ ਜਿਸਦਾ ਪ੍ਰਗਟਾਵਾ ਅੱਜ ਵੀ ਇਨ੍ਹਾਂ ਦੇ ਲੋਕ ਗੀਤਾਂ ਵਿੱਚ ਉਸੇ ਰੂਪ ਵਿੱਚ ਮਿਲ ਜਾਂਦਾ ਹੈ।

ਬਾਜੀਗਰ ਲੋਕ ਆਦਿ ਕਾਲ ਤੋਂ ਹੀ ਸੂਖ਼ਮ ਕਲਾਵਾਂ ਨਾਲ ਜੁੜੇ ਹੋਏ ਹਨ। ਇਨ੍ਹਾਂ ਦੀਆਂ ਛਪਰੀਆਂ ਅਤੇ ਕੱਚੇ ਘਰਾਂ ਵਿੱਚ ਬਣਾਏ ਹੋਏ ਰੰਗ ਬਰੰਗੇ ਕੰਧ ਚਿੱਤਰ ਤੇ ਵਸਤਾਂ ਜਿੱਥੇ ਇਨ੍ਹਾਂ ਦੀ ਲੋਕ ਕਲਾ ਦੀ ਗਵਾਹੀ ਭਰਦੇ ਹਨ, ਉੱਥੇ ਨਾਲ ਹੀ ਇਨ੍ਹਾਂ ਦੇ ਜੰਗਲੀ ਜੀਵਨ ਨਾਲ ਗੁੜ੍ਹਾ ਸਬੰਧ ਹੋਣ ਦੀ ਗਵਾਹੀ ਵੀ ਭਰਦੇ ਹਨ। ਬਾਜ਼ੀਗਰ ਕਬੀਲੇ ਦੇ ਲੋਕਾਂ ਦੀ ਪੰਜਾਬ ਦੇ ਲੋਕ ਨਾਚਾਂ ਨੂੰ ਬਹੁਤ ਵੱਡੀ ਦੇਣ ਹੈ। ਬਾਰ ਦੇ ਪ੍ਰਸਿੱਧ ਲੋਕ ਨਾਚਾਂ ਝੂੰਮਰ, ਲੁੱਡੀ, ਸੰਮੀ ਅਤੇ ਧਮਾਲ ਨੂੰ ਪ੍ਰਫੁਲਤ ਕਰਨ ਵਿਚ ਬਾਜ਼ੀਗਰ ਲੋਕਾਂ ਦਾ ਬਹੁਤ ਵੱਡਾ ਯੋਗਦਾਨ ਹੈ। ਢੋਲ ਬਾਜ਼ੀਗਰ ਕਬੀਲੇ ਦਾ ਮੁੱਖ ਸਾਜ਼ ਹੈ। ਪੰਜਾਬ ਦੀ ਭੰਗੜੇ ਦੀ ਪਹਿਲੀ ਮੰਡਲੀ ਵਿੱਚ ਭਾਨਾ ਰਾਮ ਢੋਲੀ ਅਲਗੋਜ਼ੇ ਤੇ ਮੰਗਲਦਾਸ ਸੁਨਾਮੀ ਅਤੇ ਉਸਦੇ ਸਾਥੀ ਬਾਜ਼ੀਗਰ ਸਨ। ਕਲਾ ਬਾਜ਼ੀਗਰ ਕਬੀਲੇ ਦੇ ਲੋਕਾਂ ਦੇ ਲਹੂ ਵਿੱਚ ਹੈ। ਇਨ੍ਹਾਂ ਕਲਾਵਾਂ ਦੀ ਵੰਨਗੀ ਇਸ ਪੁਸਤਕ ਵਿੱਚ ਵਿਸਥਾਰ ਸਹਿਤ ਪ੍ਰਸਤੁਤ ਕੀਤੀ ਗਈ ਹੈ। ਬਾਜ਼ੀਗਰ ਕਬੀਲੇ ਦੇ ਲੋਕ ਪੀਰਾਂ ਫ਼ਕੀਰਾਂ ਦੀਆਂ ਮਜ਼ਾਰਾਂ ਤੇ ਰੂਹਾਨੀ ਲੋਕ ਨਾਚ 'ਜੱਲੀ' ਪਾਉਣ ਕਰਕੇ ਵੀ ਜਾਣੇ ਜਾਂਦੇ ਹਨ। ਰੂਹਾਨੀ ਲੋਕ ਨਾਲ 'ਜੱਲੀ' ਦੀ ਇਹ ਰਵਾਇਤ ਕਬੀਲੇ ਵਿੱਚ ਸਦੀਆਂ ਤੋਂ ਚਲੀ ਆ

ਰਹੀ ਹੈ। ਪ੍ਰਸਿੱਧ ਸੂਫ਼ੀ ਗਾਇਕ 'ਵਡਾਲੀ ਭਰਾ' ਵੀ ਇਸੇ ਕਬੀਲੇ ਨਾਲ ਸਬੰਧ ਰੱਖਦੇ ਹਨ। ਕਬੀਲੇ ਵਿੱਚ ਬਾਜ਼ੀ ਦੀ ਕਲਾ ਹੁਣ ਲੁਪਤ ਹੋਣ ਦੀ ਕਗਾਰ ਤੇ ਹੈ। ਬਾਜ਼ੀ ਦੀ ਕਲਾ ਹੁਣ ਕੁਝ ਕੁ ਖੇਡ ਮੇਲਿਆਂ ਤੀਕ ਸੀਮਤ ਹੋ ਕੇ ਰਹਿ ਗਈ ਹੈ। ਇਹ ਵੀ ਕੇਵਲ ਇਕ ਪ੍ਰਦਰਸ਼ਨ ਮਾਤਰ ਹੀ ਹੈ।

ਵਿਸ਼ਵੀਕਰਨ ਦੀ ਤੇਜ਼ ਹਨੇਰੀ ਤੇ ਮੰਡੀ ਦੀ ਚਕਾਚੌਂਧ ਨੇ ਸਮਾਜ ਦੇ ਹਰ ਵਰਗ ਨੂੰ ਆਪਣੀ ਗ੍ਰਿਫਤ ਵਿੱਚ ਲੈ ਲਿਆ ਹੈ। ਮੁਨਾਫਾ ਕੇਂਦਰ ਵਿਚ ਆ ਜਾਣ ਕਰਕੇ ਕਲਾ ਦੇ ਖੇਤਰ ਵੀਰਾਨ ਹੋ ਰਹੇ ਹਨ। ਸੋ ਇਨ੍ਹਾਂ ਬਦਲਦੀਆਂ ਵਿਸ਼ਵ ਪ੍ਰਸਥਿਤੀਆਂ ਵਿੱਚ ਬਾਜ਼ੀ ਦੀ ਕਲਾ ਹੁਣ ਰੋਜ਼ੀ ਰੋਟੀ ਦੇ ਹਾਣ ਦੀ ਨਹੀਂ ਰਹੀ ਜਿਸ ਕਰਕੇ ਸਾਡਾ ਇਹ ਪੁਰਾਤਨ ਕਲਾ ਰੂਪ ਹਟਕੋਰੇ ਲੈ ਰਿਹਾ ਹੈ। ਬਾਜ਼ੀਗਰ ਕਬੀਲੇ ਦੇ ਲੋਕ ਅੱਠਵੀ ਸਦੀ ਤੋਂ ਲੈ ਕੇ ਮੁਗਲਕਾਲ ਤੇ ਫਿਰ ਅੰਗਰੇਜ਼ੀ ਰਾਜ ਤੱਕ ਗੁੰਮਨਾਮੀ ਅਤੇ ਹਿਜ਼ਰਤ ਭਰਿਆ ਜੀਵਨ ਬਤੀਤ ਕਰਦੇ ਰਹੇ ਹਨ। ਬਰਤਾਨਵੀਂ ਰਾਜ ਸਮੇਂ ਅੰਗਰੇਜ਼ਾਂ ਨੇ ਇਨ੍ਹਾਂ ਲੋਕਾਂ ਨੂੰ ਖਾਨਾਬਦੋਸ਼ ਹੋਣ ਕਰਕੇ ਆਪਣੇ ਰਾਜ ਲਈ ਖਤਰਾ ਸਮਝ ਕੇ ਹੋਰ ਕਬੀਲਿਆਂ ਦੇ ਨਾਲ ਨਾਲ ਇਸ ਕਬੀਲੇ ਤੇ ਵੀ ਜਰਾਇਮ ਪੇਸ਼ਾ ਐਕਟ ਲਾਗੂ ਕੀਤਾ। ਇਹ ਐਕਟ 1871 ਵਿੱਚ ਲਾਗੂ ਹੋਇਆ। ਇਸ ਐਕਟ ਨੇ ਜਿੱਥੇ ਕਬੀਲਿਆਂ ਦੇ ਕੁਦਰਤੀ ਜਨ ਜੀਵਨ ਦਾ ਭਾਰੀ ਨੁਕਸਾਨ ਕੀਤਾ ਉੱਥੇ ਇਨ੍ਹਾਂ ਨੂੰ ਜੰਗਲਾਂ ਅਤੇ ਛੁਪਣਗਾਹਾਂ ਵਿੱਚ ਰਹਿਣ ਲਈ ਮਜ਼ਬੂਰ ਕਰ ਦਿੱਤਾ। ਜਿਸ ਕਾਰਨ ਇਹ ਕਬੀਲੇ ਆਪਣੀ ਹੋਂਦ ਅਤੇ ਹਸਤੀ ਲਈ ਲਗਾਤਾਰ ਸੰਘਰਸ਼ ਕਰਦੇ ਰਹੇ। ਇਥੋਂ ਤੱਕ ਕਿ ਆਜ਼ਾਦ ਭਾਰਤ ਵਿਚ ਇਹ ਐਕਟ 31 ਅਗਸਤ 1952 ਨੂੰ ਖਤਮ ਕੀਤਾ ਗਿਆ। ਕਬੀਲਿਆਂ ਦਾ ਇਹ ਅਸਲ ਆਜ਼ਾਦੀ ਦਿਵਸ ਹੈ। ਇਸ ਲੰਬੇ ਅੰਤਰਾਲ ਵਿੱਚੋਂ ਲੰਘਦਿਆਂ ਕਬੀਲਿਆਂ ਦਾ ਬੜਾ ਕੁਝ ਗਵਾਚ ਚੁਕਿਆ ਸੀ ਜਿਸਨੂੰ ਇਸ ਪੁਸਤਕ ਵਿੱਚ ਭਾਲਣ ਦਾ ਸਾਰਥਿਕ ਯਤਨ ਕੀਤਾ ਗਿਆ ਹੈ। ਢੋਲ ਬਾਜ਼ੀਗਰ ਕਬੀਲੇ ਦਾ ਮੁੱਖ ਸਾਜ਼ ਹੈ। ਕਬੀਲੇ ਦੇ ਖੁਸ਼ੀ ਨਾਲ ਸਬੰਧਤ ਸਾਰੇ ਸਮਾਗਮ ਢੋਲ ਦੇ ਡੱਗੇ ਨਾਲ ਨੇਪਰੇ ਚੜ੍ਹਦੇ ਹਨ।

ਬਾਜੀਗਰ ਕਬੀਲੇ ਦੇ ਲੋਕ ਗੀਤਾਂ ਵਿੱਚ ਧਾਰਮਿਕ ਗੀਤ, ਸੰਸਕਾਰ ਗੀਤ, ਮੰਨੋਰਜਨ ਗੀਤ, ਗਿਆਨ ਵਰਧਕ ਗੀਤ, ਨਾਚ ਗੀਤ ਅਤੇ ਆਨੰਦ ਦੇਣ ਵਾਲੇ ਗੀਤ ਸ਼ਾਮਿਲ ਹਨ। ਕਬੀਲੇ ਦੀਆਂ ਲੋਰੀਆਂ ਬਹੁਤ ਵਿਸਮਾਦੀ ਅਤੇ ਦਿਲਚਸਪ ਹਨ। ਕਬੀਲੇ ਦੀਆਂ ਲੋਕ ਕਥਾਵਾਂ ਨੂੰ ਜਿਨ੍ਹਾਂ ਨੂੰ ਕਿ 'ਸਾਕੀ' ਕਿਹਾ ਜਾਂਦਾ ਹੈ, ਕੁਦਰਤੀ ਸ਼ਕਤੀਆਂ, ਪਸ਼ੂ ਕਥਾਵਾਂ, ਪਿਆਰ ਕਥਾਵਾਂ ਅਤੇ ਪਹੇਲੀਆਂ ਨਾਲ ਸਬੰਧਤ ਹਨ। ਇਨ੍ਹਾਂ ਨੂੰ ਮੋਟੇ ਤੌਰ ਤੇ ਲੌਕਿਕ ਅਤੇ ਅਲੌਕਿਕ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ। ਕਬੀਲੇ ਵਿੱਚ ਪ੍ਰਚਲਤ ਅਖਾਉਂਤਾ ਅਤੇ ਧਾਰਨਾਵਾਂ ਕਬੀਲੇ ਦੇ ਲੰਬੇ ਜੀਵਨ ਅਨੁਭਵ ਦੀ ਉਪਜ ਹਨ। ਬਾਜ਼ੀਗਰ ਲੋਕ ਭੂਤ ਪ੍ਰੇਤਾਂ, ਟੂਣਿਆਂ ਅਤੇ ਅੰਧਵਿਸ਼ਵਾਸਾਂ ਵਿਚ ਯਕੀਨ ਕਰਦੇ ਹਨ। ਬਾਜ਼ੀਗਰ ਕਬੀਲੇ ਦੇ ਲੋਕ ਸਾਹਿਤ ਨਾਲ ਜੁੜੀ ਹੋਈ ਇਕ ਲੰਬੀ ਤੇ ਅਮੀਰ ਮੌਖਿਕ ਪਰੰਪਰਾਂ ਹੈ ਜਿਸ ਵਿੱਚ ਕਬੀਲੇ ਦੇ ਲੋਕ ਸਾਹਿਤ ਤੇ

ਸੱਭਿਆਚਾਰ ਦਾ ਦਰਿਆ ਠਾਠਾਂ ਮਾਰ ਰਿਹਾ ਹੈ। ਇਸ ਪੁਸਤਕ ਵਿੱਚ ਕਬੀਲੇ ਦੇ ਸਮੂਹਿਕ ਜੀਵਨ ਦੀ ਤਸਵੀਰ ਉਲੀਕਣ ਦੀ ਕੋਸ਼ਿਸ ਕੀਤੀ ਗਈ ਹੈ। ਕਬੀਲੇ ਸਬੰਧੀ ਖੋਜ ਕਾਰਜ ਨੂੰ ਗੁਣਾਤਮਕ ਬਣਾਉਣ ਲਈ ਖੇਤਰੀ ਤੱਥਾਂ ਅਤੇ ਕਬੀਲੇ ਦੇ ਸਿਆਣੇ ਲੋਕਾਂ ਦੇ ਵਿਚਾਰਾਂ ਦਾ ਗਹੁ ਨਾਲ ਵਿਸ਼ਲੇਸ਼ਣ ਕੀਤਾ ਗਿਆ ਹੈ। ਇਸਦੇ ਬਾਵਜੂਦ ਬਹੁਤ ਸਾਰੇ ਮਹੱਤਵਪੂਰਨ ਤੱਥ ਅਤੇ ਗੱਲਾਂ ਬਾਹਰ ਰਹਿ ਗਈਆਂ ਹੋਣਗੀਆਂ ਜਿਨ੍ਹਾਂ ਲਈ ਮੈਂ ਖ਼ਿਮਾ ਦਾ ਜਾਚਕ ਹਾਂ।

— ਡਾ. ਮੋਹਨ ਤਿਆਗੀ
ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ,
ਪਟਿਆਲਾ।

ਬਾਜ਼ੀਗਰ ਕਬੀਲੇ ਦਾ ਇਤਿਹਾਸ

ਸਭਿਆਚਾਰ ਅਤੇ ਕਬੀਲਾ ਸਭਿਆਚਾਰ ਵਿੱਚ ਮੁੱਖ ਅੰਤਰ ਇਹ ਹੈ ਕਿ ਸਭਿਆਚਾਰ ਦਾ ਪਾਸਾਰ ਅੰਦਰ ਤੋਂ ਬਾਹਰ ਵੱਲ ਹੁੰਦਾ ਹੈ ਅਤੇ ਕਬੀਲਾ ਸਭਿਆਚਾਰ ਦਾ ਪਾਸਾਰ ਬਾਹਰ ਤੋਂ ਅੰਦਰ ਵੱਲ ਨੂੰ ਹੁੰਦਾ ਹੈ। ਕੋਈ ਵੀ ਸਭਿਅਤਾ ਕਬੀਲਿਆਂ ਵਿੱਚੋਂ ਹੀ ਪੈਦਾ ਹੁੰਦੀ ਹੈ। ਜਦੋਂ ਸਭਿਅਤਾ ਆਪਣੇ ਵਿਕਾਸ ਵੱਲ ਵਧਦੀ ਹੈ ਤਾਂ ਉੱਦੋਂ ਫਿਰ ਕਬੀਲਿਆਂ ਦਾ ਪਤਨ ਸ਼ੁਰੂ ਹੋ ਜਾਂਦਾ ਹੈ। ਜਦੋਂ ਪਸ਼ੂ ਆਰਥਿਕਤਾ ਖੇਤੀ ਆਰਥਿਕਤਾ ਜਾਂ ਫਿਰ ਕਿਸੇ ਹੋਰ ਸਥਾਈ ਧੰਦੇ ਵਿੱਚ ਤਬਦੀਲ ਹੋ ਜਾਂਦੀ ਹੈ ਤਾਂ ਉਦੋਂ ਸਬੰਧਤ ਲੋਕਾਂ ਦਾ ਇਕ ਥਾਂ ਵਸੇਬਾ ਕਰਨਾ ਜ਼ਰੂਰੀ ਹੋ ਜਾਂਦਾ ਹੈ। ਇਸ ਉਪਰੰਤ ਆਪਣੀ ਸਵੈ-ਨਿਰਭਰਤਾ ਗਵਾ ਚੁੱਕੇ ਲੋਕ ਮੁੱਖ ਸਭਿਆਚਾਰ ਦਾ ਹਿੱਸਾ ਬਣਨ ਲੱਗਦੇ ਹਨ ਤੇ ਉਨ੍ਹਾਂ ਦੇ ਜੀਵਨ ਵਿੱਚ ਸਥਾਨਕ ਸਭਿਆਚਾਰ ਦਾ ਦਖ਼ਲ ਵੱਧ ਜਾਂਦਾ ਹੈ। ਇਸ ਅਵਸਥਾ ਵਿੱਚ ਕੁਝ ਕਬੀਲੇ ਆਪਣਾ ਖਾਨਾਬਦੋਸ਼ ਜੀਵਨ ਤਿਆਗ ਕੇ ਮੁੱਖ ਧਾਰਾ ਵਿੱਚ ਵਿਲੀਨ ਹੋ ਗਏ ਤੇ ਕੁਝ ਕਬੀਲੇ ਮੁੱਖ ਸਭਿਆਚਾਰ ਵਿਚ ਵਿਚਰਦੇ ਹੋਏ ਵਿਲੱਖਣ (Unique) ਜੀਵਨ ਸ਼ੈਲੀ ਦੇ ਮਾਲਕ ਬਣ ਗਏ। ਇਹ ਕਬੀਲੇ ਜਿਹੜੇ ਵੀ ਇਲਾਕਿਆਂ ਵਿੱਚੋਂ ਗੁਜ਼ਰਦੇ ਰਹੇ, ਉਨ੍ਹਾਂ ਇਲਾਕਿਆਂ ਦੀਆਂ ਰਸਮਾਂ ਰੀਤਾਂ, ਪਹਿਰਾਵਾ, ਬੋਲੀ ਅਤੇ ਭੂਗੋਲਿਕ ਸਥਿਤੀ ਨੇ ਇਨ੍ਹਾਂ ਲੋਕਾਂ ਦੇ ਜੀਵਨ ਤੇ ਗਹਿਰਾ ਅਸਰ ਪਾਇਆ।

ਡਬਲਿਊ.ਆਰ.ਰਿਸ਼ੀ ਦੀ ਖੋਜ ਅਨੁਸਾਰ "ਯੂਰਪ, ਰਸ਼ੀਆ ਅਤੇ ਅਮਰੀਕਾ ਦੇ ਖਾਨਾਬਦੋਸ਼ ਰਮਤੇ ਕਬੀਲੇ ਭਾਰਤੀ ਮੂਲ ਦੇ ਹਨ। ਇਹ ਲੋਕ ਅਲਬਰੂਨੀ ਦੇ ਪੁਰਾਣੇ ਪੰਜਾਬ ਜਿਸ ਵਿੱਚ ਕਿ ਅੱਜ ਦੇ ਪੰਜਾਬ, ਹਰਿਆਣਾ, ਰਾਜਸਥਾਨ, ਹਿਮਾਚਲ, ਚੰਡੀਗੜ੍ਹ ਅਤੇ ਦਿੱਲੀ ਆਉਂਦੇ ਹਨ ਦੇ ਬਾਸ਼ਿੰਦੇ ਹਨ। ਇਹ ਲੋਕ ਗਿਆਰਵੀਂ ਤੋਂ ਤੇਰਵੀਂ ਸਦੀ ਵਿੱਚ ਮੁਸਲਮਾਨ ਹਮਲਾਵਰਾਂ ਵਲੋਂ ਕੀਤੇ ਲਗਾਤਾਰ ਹਮਲਿਆਂ ਦੌਰਾਨ ਦੂਰ ਦੁਰਾਡੇ ਇਲਾਕਿਆਂ ਵਿੱਚ ਹਿਜ਼ਰਤ ਕਰਨ ਲਈ ਮਜ਼ਬੂਰ ਹੋ ਗਏ।"[1] ਇਹ ਲੋਕ ਅੱਜ ਵੀ ਆਪਣੀ ਮਾਤਰਭੂਮੀ ਲਈ 'ਬੜੋ ਥਾਂ' (Baro Than) ਸ਼ਬਦ ਦਾ ਇਸਤੇਮਾਲ ਕਰਦੇ ਹਨ ਜਿਸਦਾ ਭਾਵ 'ਵੱਡੀ ਥਾਂ' ਹੈ। ਇਹ ਲੋਕ ਲੰਬੇ ਜੀਵਨ ਸੰਘਰਸ਼ ਮਗਰੋਂ 1417 ਵਿਚ ਜਰਮਨੀ, 1418 ਵਿੱਚ ਸਵਿਟਜ਼ਰਲੈਂਡ, 1422 ਵਿੱਚ ਇਟਲੀ ਅਤੇ 1427 ਵਿਚ ਫਰਾਂਸ ਵਿੱਚ ਪ੍ਰਗਟ ਹੋਏ। ਇਨ੍ਹਾਂ ਦੀ ਇੰਗਲੈਂਡ ਵਿਚ ਆਮਦ 1490 ਵਿਚ ਹੋਈ ਜਿਸ ਵਿਚੋਂ ਇਕ ਟੋਲੀ ਆਇਰਲੈਂਡ ਵਿਚ ਦਾਖਲ ਹੋਈ। ਸਵੀਡਨ ਵਿੱਚ ਕਬੀਲੇ 1512 ਵਿੱਚ ਦਾਖਲ ਹੋਏ ਜਿੱਥੇ ਕਿ 1914 ਵਿੱਚ ਇਨ੍ਹਾਂ ਦੇ ਦਾਖਲੇ ਤੇ ਪਾਬੰਦੀ ਲੱਗ ਗਈ। ਹੌਲੀ ਹੌਲੀ ਇਹ ਲੋਕ ਦੁਨੀਆ ਭਰ ਦੇ

ਹੋਰ ਮੁਲਕਾਂ ਵਿੱਚ ਫ਼ੈਲ ਗਏ।[2] 16 ਅਗਸਤ 1759 ਨੂੰ ਮਹਾਰਾਣੀ ਇਲਿਜ਼ਾਬੈਥ ਦੇ ਰਾਜ ਵਿੱਚ ਸੈਂਟ ਪੀਟਸਬਰਗ ਅਤੇ ਇਸਦੇ ਆਸ ਪਾਸ ਦੇ ਇਲਾਕਿਆਂ ਵਿੱਚ ਖਾਨਾਬਦੋਸ਼ ਲੋਕਾਂ ਦੇ ਦਾਖਲੇ ਤੇ ਰੋਕ ਲਗਾ ਦਿੱਤੀ ਗਈ। ਇਸਦੇ ਨਾਲ ਹੀ 1766 ਵਿੱਚ ਸੇਨੇਟ ਵਿੱਚ ਇਕ ਕਾਨੂੰਨ ਪਾਸ ਕਰਕੇ ਖਾਨਾਬਦੋਸ਼ ਲੋਕਾਂ ਤੇ ਦੱਸ 'ਕੋਪਕ ਸਿੱਕਿਆਂ' (Ten Kopeck Coin) ਦਾ ਟੈਕਸ ਲਗਾ ਦਿੱਤਾ ਗਿਆ।[3] ਬਾਅਦ ਵਿੱਚ ਬਸਤੀਵਾਦੀ ਦੌਰ ਵਿੱਚ ਭਾਰਤ ਵਿੱਚ ਲਾਏ 'ਜ਼ਰਾਇਮ ਪੇਸ਼ਾ ਐਕਟ' ਨੂੰ ਏਸੇ ਸੰਦਰਭ ਵਿੱਚ ਵਿਚਾਰਿਆ ਜਾ ਸਕਦਾ ਹੈ।

ਉਨੀਂਵੀ ਸਦੀ ਦੇ ਪਹਿਲੇ ਦਹਾਕੇ ਤੱਕ ਇਹ ਰਮਤੇ ਕਬੀਲੇ ਉੱਤਰੀ ਅਮਰੀਕਾ, ਦੱਖਣੀ ਅਮਰੀਕਾ, ਆਸਟਰੇਲੀਆਂ ਅਤੇ ਨਿਊਜ਼ੀਲੈਂਡ ਵਿੱਚ ਦਾਖਲ ਹੋ ਚੁੱਕੇ ਸਨ।[4] ਤੁਰਕੀ ਇਰਾਨ ਤੇ ਇਰਾਕ ਦੀ ਸਰਹੱਦ ਤੇ ਵਸੇ ਕੁਰਦ ਕਬੀਲੇ ਵੀ ਇਸੇ ਘੇਰੇ ਵਿਚ ਆਉਂਦੇ ਹਨ।

ਬਾਜ਼ੀਗਰ ਕਬੀਲਾ ਭਾਰਤ ਦੇ ਵੱਖ ਵੱਖ ਹਿੱਸਿਆਂ ਵਿੱਚ ਵੱਡੀ ਗਿਣਤੀ ਵਿੱਚ ਵੱਸਿਆ ਹੋਇਆ ਹੈ। 'ਬਾਜ਼ੀਗਰ' ਬਾਜ਼ੀ ਦੀ ਕਲਾ ਨਾਲ ਜੁੜਿਆ ਹੋਇਆ ਇੱਕ ਕਿੱਤਾਗਤ ਸ਼ਬਦ ਹੈ। ਕਬੀਲੇ ਦੇ ਲੋਕਾਂ ਨੂੰ 'ਬਾਜ਼ੀਗਰ' ਦਾ ਇਹ ਵਿਸ਼ੇਸ਼ਣ ਕਬੀਲੇ ਤੋਂ ਬਾਹਰਲੇ ਲੋਕਾਂ ਅਤੇ ਕਿੱਤੇ ਦੇ ਆਧਾਰ ਤੇ ਸ਼ਨਾਖਤ ਕਰਨ ਵਾਲੀਆਂ ਸਰਕਾਰਾਂ ਨੇ ਦਿੱਤਾ ਹੈ।

ਬਾਜ਼ੀਗਰ ਕਬੀਲੇ ਦੀ ਪਰਿਭਾਸ਼ਾ :- ਭਾਈ ਕਾਨ੍ਹ ਸਿੰਘ ਜੀ ਨਾਭਾ ਮਹਾਨ ਕੋਸ਼ ਵਿੱਚ 'ਬਾਜ਼ੀਗਰ' ਸ਼ਬਦ ਦੀ ਪਰਿਭਾਸ਼ਾ 'ਸੰਗਯਾ-ਖੇਲ ਕਰਨ ਵਾਲਾ ਵਿਅਕਤੀ' ਕਹਿ ਕੇ ਦਿੰਦੇ ਹਨ।[5] ਇਸ ਤਰ੍ਹਾਂ ਭਾਈ ਕਾਨ੍ਹ ਸਿੰਘ ਜੀ ਨਾਭਾ ਦਾ ਇਹ ਉਪਰੋਕਤ ਕਥਨ 'ਬਾਜ਼ੀਗਰ' ਦੀ ਜਾਤੀਗਤ ਧਾਰਨਾ ਨੂੰ ਖਾਰਜ ਕਰ ਦਿੰਦਾ ਹੈ। ਸਰ ਡੈਂਜਿਲ ਇਬਟਸਨ ਆਪਣੀ 1883 ਵਿੱਚ ਪੰਜਾਬ ਦੀ ਜਨਗਣਨਾ ਬਾਰੇ ਦਿੱਤੀ ਰਿਪੋਟ ਵਿੱਚ 'ਬਾਜ਼ੀਗਰ' ਸ਼ਬਦ ਨੂੰ ਬਾਜ਼ੀ ਦੇ ਕਿੱਤੇ ਨਾਲ ਜੋੜ ਕੇ ਵੇਖਦਾ ਹੈ। ਡੈਂਜਿਲ ਅਨੁਸਾਰ,"ਬਾਜ਼ੀਗਰ ਇੱਕ ਪੇਸ਼ਾਵਰ ਸ਼ਬਦ ਹੈ। ਦਿੱਲੀ ਅਤੇ ਹਿਸਾਰ ਵਿੱਚ ਬਾਜ਼ੀਗਰ ਲੋਕਾਂ ਲਈ ਪ੍ਰਚਲਿਤ ਸ਼ਬਦ 'ਬਾਦੀ' ਹੈ ਜਿਹੜਾ ਕਿ ਅੰਬਾਲੇ ਤੋਂ ਇਲਾਵਾ ਪੰਜਾਬ ਦੇ ਹੋਰ ਕਿਸੇ ਵੀ ਹਿੱਸੇ ਵਿੱਚ ਨਹੀਂ ਮਿਲਦਾ"[6]।

"ਡੈਨਜ਼ਿਲ ਇਬਟਸਨ ਅਤੇ ਜੇ.ਐਸ.ਨੈਸਫੀਲਡ ਇਸ ਵਿਚਾਰ ਦੀ ਪੁਸ਼ਟੀ ਕਰਦੇ ਹਨ ਕਿ ਜਾਤੀ ਮੁੱਖ ਤੌਰ ਤੇ ਆਰੰਭ ਵਿਚ ਵਿਵਸਾਇਕ ਹੀ ਸੀ, ਗਿਲਡਾਂ ਵਿੱਚ ਸੰਗਠਿਤ ਹੋਏ ਕਿੱਤੇ ਇਕ ਦੂਜੇ ਤੋਂ ਅਲੱਗ ਹੋ ਗਏ ਸਨ ਅਤੇ ਜਾਤੀਆਂ ਦੇ ਰੂਪ ਵਿਚ ਵੰਡੇ ਗਏ ਸਨ।"[7] ਬਾਜ਼ੀਗਰ ਕਬੀਲਾ ਇੱਕ ਜਾਂਗਲੀ ਕਬੀਲਾ ਹੈ ਅਤੇ ਇਹ ਕਬੀਲਾ ਸਦੀਆਂ ਤੋਂ ਹਿੰਦੂ ਵਰਣ ਵਿਵਸਥਾ ਦੀ ਸੰਰਚਨਾ ਤੋਂ ਬਾਹਰ ਵਿਚਰਦਾ ਰਿਹਾ ਹੈ। ਕਬੀਲੇ ਦੀਆਂ ਰਸਮਾਂ, ਸੰਸਕਾਰ ਅਤੇ ਅਨੁਸ਼ਠਾਨ ਇਸ ਤੱਥ ਦੀ ਗਵਾਹੀ ਭਰਦੇ ਹਨ। ਬਾਜ਼ੀਗਰ ਕਬੀਲੇ ਦੀਆਂ ਜੜ੍ਹਾਂ ਪ੍ਰਕਿਰਤਕ ਵਾਤਾਵਰਣ ਨਾਲ ਡੂੰਘੀਆਂ ਜੁੜੀਆਂ ਹੋਈਆਂ ਹਨ ਜਿਸਦੀ ਝਲਕ ਇਨ੍ਹਾਂ ਦੇ ਜੀਵਨ ਵਿੱਚੋਂ ਪ੍ਰਤੱਖ ਰੂਪ

ਵਿੱਚ ਮਿਲ ਜਾਂਦੀ ਹੈ। ਛਪਰੀਆਂ, ਕੱਚੇ ਘਰਾਂ ਵਿੱਚ ਪਾਂਡੂ ਮਿੱਟੀ ਨਾਲ ਜੰਗਲੀ ਜੀਵਾਂ ਅਤੇ ਪੰਛੀਆਂ ਦੇ ਬਣਾਏ ਹੋਏ ਕੰਧ ਚਿੱਤਰ, ਮੱਥੇ, ਹੱਥਾਂ, ਅੱਖਾਂ, ਠੋਡੀ ਅਤੇ ਪੱਟਾਂ ਤੇ ਖੁਦਵਾਏ ਪ੍ਰਕਿਰਤਕ ਚਿੱਤਰ ਅਤੇ ਪਸ਼ੂਆਂ ਨਾਲ ਮੋਹ ਕਬੀਲੇ ਦੀਆਂ ਕੁਦਰਤੀ ਪ੍ਰਵਿਰਤੀਆਂ ਨੂੰ ਉਭਾਰਦੇ ਹਨ। ਬਾਜ਼ਗੀਰ ਕਬੀਲਾ ਆਪਣੇ ਭਾਈਚਾਰੇ ਨੂੰ 'ਗੌਰ' ਜਾਂ 'ਗਵਾਰ' ਸ਼ਬਦ ਤੋਂ ਪਛਾਣਦਾ ਹੈ। ਭਾਰਤ ਦੇ ਕਈ ਹਿੱਸਿਆਂ ਵਿੱਚ ਕਬੀਲੇ ਲਈ 'ਗੌਰਮਾਟੀ' ਅਤੇ 'ਗੌਰ ਬੰਜਾਰਾ' ਸ਼ਬਦ ਵੀ ਪ੍ਰਚਲਿਤ ਹੈ। ਬਾਜ਼ੀਗਰ ਕਬੀਲੇ ਦੇ ਲੋਕ ਇਕ ਦੂਜੇ ਨੂੰ ਨਤਮਸਤਕ ਹੋਣ ਲਈ 'ਜੈ ਗਵਾਰ ਜੈ ਗੋਪਾਲ' ਸ਼ਬਦ ਦਾ ਉਚਾਰਣ ਕਰਦੇ ਹਨ। ਗੋਪਾਲ ਤੋਂ ਭਾਵ 'ਗਊ ਪਾਲਕ' ਹੈ। 'ਗੌਰ' ਸ਼ਬਦ ਜਿੱਥੇ ਬਾਜ਼ੀਗਰ ਸਮੁਦਾਇ ਲਈ ਵਰਤਿਆ ਜਾਂਦਾ ਹੈ ਉੱਥੇ ਨਾਲ ਹੀ ਕਬੀਲੇ ਤੋਂ ਬਾਹਰਲੇ ਵਿਅਕਤੀ ਲਈ 'ਕੌਰ' ਸ਼ਬਦ ਵਰਤਿਆ ਜਾਂਦਾ ਹੈ ਜਿਸਤੋਂ ਭਾਵ ਕੋਈ ਅਜਨਬੀ ਜਾਂ ਅਗਿਆਤ ਵਿਅਕਤੀ ਹੁੰਦਾ ਹੈ। ਬਾਜ਼ੀਗਰ ਲੋਕ ਕਿਸੇ ਵੀ 'ਕੌਰ' ਨੂੰ ਸ਼ੱਕ ਦੀ ਦ੍ਰਿਸ਼ਟੀ ਨਾਲ ਵੇਖਦੇ ਹਨ। ਇਸ ਤਰ੍ਹਾਂ ਬਾਜ਼ੀਗਰ ਕਬੀਲਾ ਮਨੁੱਖੀ ਸਮਾਜ ਨੂੰ 'ਗੌਰ ਅਤੇ ਕੌਰ' ਦੋ ਵਰਗਾਂ ਵਿੱਚ ਵੰਡਕੇ ਵੇਖਦਾ ਹੈ। ਕਿਸੇ ਵੀ ਬਾਜ਼ੀਗਰ ਡੇਰੇ ਵਿੱਚ 'ਕੌਰ' ਦੇ ਆਉਣ ਤੇ ਕਬੀਲੇ ਦੇ ਲੋਕ ਆਪਣੀ ਗੁਪਤ ਭਾਸ਼ਾ 'ਪਾਰਸੀ' ਵਿੱਚ ਗੱਲਬਾਤ ਕਰਦੇ ਹਨ। ਕਬੀਲੇ ਨੂੰ ਕਿਸੇ ਅਗਿਆਤ ਖਤਰੇ ਤੋਂ ਸੁਚੇਤ ਕਰਨ ਲਈ ਗੁਪਤ ਭਾਸ਼ਾ ਵਿੱਚ ਖ਼ਬਰਦਾਰ ਕੀਤਾ ਜਾਂਦਾ ਹੈ। ਯੂਰਪ ਅਤੇ ਦੁਨੀਆ ਭਰ ਦੇ ਹੋਰ ਖਾਨਾਬਦੋਸ਼ ਕਬੀਲਿਆਂ ਵਾਂਗ ਬਾਜ਼ੀਗਰ ਕਬੀਲੇ ਤੇ ਕਬੀਲੇ ਦੇ ਸਰਦਾਰਾਂ ਦਾ ਰਾਜ ਰਿਹਾ ਹੈ। ਕਬੀਲੇ ਦੀ ਸੰਰਚਨਾ 'ਗੋਤਰ ਸਤਰੀਕਰਨ' ਤੇ ਉਸਰੀ ਹੋਈ ਹੈ। ਕਬੀਲੇ ਵਿੱਚ ਆਦਿ ਕਾਲ ਤੋਂ ਹੀ ਹਰ ਇੱਕ ਗੋਤਰ ਨੂੰ ਪੁਰਖਿਆਂ ਨੇ ਵੱਖਰੇ ਵੱਖਰੇ ਅਧਿਕਾਰ ਅਤੇ ਸ਼ਕਤੀਆਂ ਪਿਤਰੀ ਰੂਪ ਵਿੱਚ ਵੰਡੀਆਂ ਹੋਈਆਂ ਹਨ। ਕਿਸੇ ਵੀ ਗੋਤਰ ਦੀ ਸੱਤਾ ਅਤੇ ਸ਼ਕਤੀ ਵਿੱਚ ਫੇਰਬਦਲ ਸੰਭਵ ਨਹੀਂ ਹੈ। ਬਾਜ਼ੀਗਰ ਕਬੀਲੇ ਵਿੱਚ ਝਗੜਿਆਂ ਦੀ ਸੁਣਵਾਈ ਅਤੇ ਫੈਸਲਾ ਕਰਨ ਦਾ ਅਧਿਕਾਰ ਕ੍ਰਮਵਾਰ 'ਧਰਮਸੋਤ ਗੋਤਰ' ਦੇ ਲੋਕਾਂ, ਮੁਜਰਮ ਨੂੰ ਪੇਸ਼ ਕਰਨ ਦਾ ਅਧਿਕਾਰ 'ਲਾਲਕਾ ਗੋਤਰ' ਦੇ ਲੋਕਾਂ ਅਤੇ ਸਰਬ ਸਾਂਝੀ ਵਕਾਲਤ ਕਰਨ ਦਾ ਅਧਿਕਾਰ ਕੇਵਲ 'ਵਲਜੋਤ ਗੋਤਰ' ਦੇ ਲੋਕਾਂ ਨੂੰ ਹੀ ਹੈ। ਬਾਕੀ ਦੇ ਸਾਰੇ ਗੋਤਰ ਨਿਆਂ ਦੀ ਇਸ ਕਾਰਵਾਈ ਵਿੱਚ ਲੋੜੀਂਦਾ ਸਹਿਯੋਗ ਦਿੰਦੇ ਹਨ। ਪੰਚਾਇਤ ਜਾਂ ਮਹਾਂਸਭਾ 'ਢੋਅ' ਵਿਚ ਹਰ ਗੋਤਰ ਦਾ ਹਾਜ਼ਰ ਹੋਣਾ ਜ਼ਰੂਰੀ ਹੁੰਦਾ ਹੈ। ਇਸ ਤਰ੍ਹਾਂ ਇਹ ਪਿਤਰੀ ਸੱਤਾ ਪੀੜ੍ਹੀ ਦਰ ਪੀੜ੍ਹੀ ਮੂਲ ਰੂਪ ਵਿੱਚ ਚੱਲਦੀ ਆ ਰਹੀ ਹੈ। ਆਜ਼ਾਦੀ ਤੋਂ ਬਾਅਦ ਦੇਸ਼ ਵਿੱਚ ਸੰਵਿਧਾਨਕ ਪ੍ਰਣਾਲੀ ਲਾਗੂ ਹੋਣ ਤੇ ਭਾਵੇਂ ਕਿ ਕਬੀਲੇ ਦੀ ਆਪਣੀ ਨਿਆਂ ਪ੍ਰਣਾਲੀ ਬਹੁਤ ਕਮਜ਼ੋਰ ਹੋ ਗਈ ਹੈ ਪਰ ਫਿਰ ਵੀ ਇਹ ਕਬੀਲੇ ਦੇ ਛੋਟੇ ਮੋਟੇ ਝਗੜਿਆਂ ਵਿੱਚ ਮੂਲ ਰੂਪ ਵਿੱਚ ਅਜੇ ਵੀ ਕਾਰਜਸ਼ੀਲ ਹੈ। ਬਦਲਦੀਆਂ ਵਿਸ਼ਵ ਪ੍ਰਸਥਿਤੀਆਂ ਵਿੱਚ ਕਬੀਲੇ ਦੀ ਬਾਹਰਲੀ ਨੁਹਾਰ ਵਿੱਚ ਕਾਫ਼ੀ ਬਦਲਾਅ ਅਤੇ ਪਰਿਵਰਤਨ ਆਇਆ ਹੈ। ਪਰੰਤੂ ਇਸ ਦੀ ਆਂਤਰਿਕ ਬਣਤਰ ਜਟਿਲ ਅਤੇ ਗੁੰਝਲਦਾਰ ਹੈ। ਬਾਜ਼ੀਗਰ ਕਬੀਲਾ ਅੰਤਰ ਵਿਆਹੀ ਹੈ।

ਇਸਦੇ ਨਾਲ ਹੀ ਕਬੀਲੇ ਵਿੱਚ ਗੋਤਰ ਬਾਹਰੀ ਵਿਆਹਾਂ ਦਾ ਪ੍ਰਚਲਨ ਹੈ। ਕਬੀਲੇ ਦੇ ਕੀਮਤ ਪ੍ਰਬੰਧ ਦੀ ਮਰਿਆਦਾ ਭੰਗ ਕਰਨ ਵਾਲੇ ਵਿਅਕਤੀ ਨੂੰ ਕਬੀਲੇ ਵਿੱਚੋਂ ਛੇਕ ਦਿੱਤਾ ਜਾਦਾ ਹੈ ਜਿਸ ਨਾਲ 'ਬੇਟੀ ਤੇ ਬਾਟੀ' ਭਾਵ ਰੋਟੀ ਤੇ ਬੇਟੀ ਦੀ ਸਾਂਝ ਖਤਮ ਹੋ ਜਾਂਦੀ ਹੈ।

ਬਾਜ਼ੀਗਰ ਕਬੀਲੇ ਨੂੰ ਜੇ ਦੋ ਵਰਗਾਂ ਵਿੱਚ ਵਿਭਾਜਤ ਕੀਤਾ ਜਾਵੇ ਤਾਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਕਬੀਲੇ ਦਾ ਇਕ ਵਰਗ 'ਬਾਜ਼ੀਕਲਾ' ਨਾਲ ਜੁੜਿਆ ਰਿਹਾ ਹੈ ਤੇ ਦੂਜਾ ਵਰਗ 'ਪਸ਼ੂ ਪਾਲਣ' ਦਾ ਧੰਦਾ ਕਰਦਾ ਰਿਹਾ ਹੈ। ਬਾਜੀ ਦੀ ਕਲਾ ਲਗਭਗ ਲੁਪਤ ਹੋਣ ਦੇ ਕਿਨਾਰੇ ਹੈ ਪਰ ਪਸ਼ੂ ਪਾਲਣ ਦਾ ਧੰਦਾ ਅੱਜ ਵੀ ਉਸੇ ਤਰ੍ਹਾਂ ਜਾਰੀ ਹੈ। ਇਥੇ ਇਹ ਗੱਲ ਵਰਣਨਯੋਗ ਹੈ ਕਿ ਬਾਜ਼ੀਗਰ ਕਬੀਲਾ ਆਦਿ ਕਾਲ ਤੋਂ ਹੀ ਜੰਗਲੀ ਤੇ ਖਾਨਾਬਦੋਸ਼ੀ ਦਾ ਜੀਵਨ ਹੰਢਾਉਂਦਾ ਆਇਆ ਹੈ। ਇਹ ਖਾਨਾਬਦੋਸ਼ੀ ਧੁਰ ਤੋਂ ਹੀ ਇਨ੍ਹਾਂ ਦੇ ਲਹੂ ਵਿੱਚ ਹੈ। ਦੁਨੀਆ ਭਰ ਦੇ ਹੋਰ ਕਬੀਲਿਆਂ ਵਾਂਗ ਇਨ੍ਹਾਂ ਲਈ ਖਾਨਾਬਦੋਸ਼ੀ ਇਕ ਮਜ਼ਬੂਰੀ ਨਾ ਹੋ ਕੇ ਇਕ ਕਿਸਮ ਦਾ ਜੀਵਨ ਦਰਸ਼ਨ ਹੈ। ਇਹ ਲੋਕ ਆਪਣੇ ਮਾਲ ਇੱਜੜ ਚਾਰਨ ਲਈ ਹਰੀਆਂ ਚਰਾਗਾਹਾਂ ਦੀ ਭਾਲ ਵਿੱਚ ਇਕ ਥਾਂ ਤੋਂ ਦੂਜੀ ਥਾਂ ਜਾ ਕੇ ਡੇਰਾ (Movabie Shelter) ਲਾਉਂਦੇ ਰਹਿੰਦੇ ਸਨ। ਅੱਜ ਵੀ ਬਾਜ਼ੀਗਰ ਕਬੀਲੇ ਦੀਆਂ ਸਥਾਈ ਬਸਤੀਆਂ ਲਈ 'ਡੇਰਾ' ਸ਼ਬਦ ਵਰਤਿਆ ਜਾਂਦਾ ਹੈ। ਬਾਜ਼ੀਗਰ ਲੋਕ ਸ਼ਹਿਰਾਂ ਅਤੇ ਨਗਰਾਂ ਤੋਂ ਦੂਰ ਆਜ਼ਾਦ ਅਤੇ ਸਵੈ-ਨਿਰਭਰਤਾ ਵਾਲਾ ਜੀਵਨ ਬਤੀਤ ਕਰਦੇ ਰਹੇ ਹਨ। ਆਜ਼ਾਦੀ ਤੋਂ ਬਾਅਦ ਇਨ੍ਹਾਂ ਨੂੰ ਮੁੜ ਵਸੇਬੇ ਲਈ ਜ਼ਮੀਨਾਂ ਵੀ ਅਲਾਟ ਹੋਈਆਂ ਪਰ ਇਹ ਆਪਣੀ ਘੁਮੰਤੂ ਪ੍ਰਵਿਰਤੀ ਕਾਰਨ ਇਕ ਥਾਂ ਟਿਕ ਕੇ ਨਾ ਬੈਠ ਸਕੇ। ਇਨ੍ਹਾਂ ਦੇ ਡੇਰੇ ਘੁਮੰਤੂ ਜਾਂ ਅਰਧ ਘੁਮੰਤੂ ਅਵਸਥਾ ਵਿੱਚ ਵੱਖ-ਵੱਖ ਰਾਜਾਂ ਵਿੱਚ ਘੁੰਮਦੇ ਰਹੇ ਤੇ ਫਿਰ ਹੌਲ਼ੀ ਹੌਲ਼ੀ ਸਥਾਈ ਅਵਸਥਾ ਗ੍ਰਹਿਣ ਕਰਨ ਲੱਗ ਪਏ। ਇਸ ਤਰ੍ਹਾਂ ਮੁੱਖ ਸਭਿਆਚਾਰ ਨਾਲ ਅੰਤਰ ਸੰਵਾਦ ਦੀ ਸਥਿਤੀ ਵਿੱਚ ਬਾਜ਼ੀਗਰ ਕਬੀਲੇ ਨੇ ਬੜਾ ਕੁਝ ਨਵਾਂ ਗ੍ਰਹਿਣ ਕੀਤਾ ਅਤੇ ਬਾਹਰੀ ਰੂਪ ਵਿੱਚ ਇਸਦਾ ਕਾਫ਼ੀ ਪ੍ਰਭਾਵ ਕਬੂਲਿਆ। ਕਬੀਲੇ ਦਾ ਨਿਆਂਪ੍ਰਬੰਧ, ਕੀਮਤ ਪ੍ਰਬੰਧ ਅਤੇ ਟੋਟਮ ਟੈਬੂ ਦੀ ਸ਼ਕਤੀਸ਼ਾਲੀ ਪਰੰਪਰਾ ਹੋਣ ਕਾਰਨ ਕਬੀਲੇ ਦੀ ਆਂਤਰਿਕ ਸੰਰਚਨਾ ਕਠੋਰ ਅਤੇ ਪੀਡੀ ਬਣੀ ਹੋਈ ਹੈ ਜਿਸ ਕਾਰਨ ਰੂਪਾਂਤਰਣ ਦੀ ਅਵਸਥਾ ਵਿੱਚੋਂ ਲੰਘਦਿਆਂ ਹੋਇਆਂ ਵੀ ਕਬੀਲੇ ਨੇ ਆਪਣੇ ਅੰਦਰਲੇ ਜਗਤ ਨੂੰ ਸੁਰੱਖਿਅਤ ਬਣਾਈ ਰੱਖਿਆ ਹੈ। ਟੋਟਮ ਸ਼ਬਦ ਦਾ ਆਰੰਭ ਅਠਾਰਵੀਂ ਸਦੀ ਦੇ ਅੱਧ ਵਿਚ ਉਜੀਬਵਾ ਦੇ ਨਿਨਡੂਡਮ (Nine doodem) ਤੋਂ ਹੋਇਆ ਜਿਸਦਾ ਅਰਥ ਹੈ ਮੇਰਾ ਟੋਟਮ।[8] ਟੋਟਮ ਸ਼ਬਦ ਦਾ ਮੁਢਲਾ ਅਰਥ 'ਕੁਟੰਬ ਚਿੰਨ' ਮੰਨਿਆ ਜਾਂਦਾ ਹੈ ਪਰ ਕੁਝ ਵਿਸਤ੍ਰਿਤ ਅਰਥਾਂ ਵਿੱਚ ਟੋਟਮ ਤੋਂ ਭਾਵ ਕਿਸੇ ਅਜਿਹੀ ਵਸਤੂ, ਪੌਦੇ ਜਾਂ ਜਾਨਵਰ ਤੋਂ ਲਿਆ ਜਾਂਦਾ ਹੈ ਜਿਸ ਨਾਲ ਕਬੀਲਾ ਆਪਣੇ ਆਪ ਨੂੰ ਪਵਿੱਤਰ ਸਬੰਧਾਂ ਵਿਚ ਬੱਝਿਆ ਮਹਿਸੂਸ ਕਰਦਾ ਹੈ। ਕਬੀਲੇ ਦਾ ਇਹ ਵਿਸ਼ਵਾਸ ਹੁੰਦਾ ਹੈ ਕਿ ਟੋਟਮ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਸੁਰੱਖਿਆ ਪ੍ਰਦਾਨ ਕਰਨ ਵਾਲਾ ਸੁਖਦਾਤਾ ਹੈ।

ਟੋਟਮ ਸਬੰਧ ਪਰਿਵਾਰਕ ਤੇ ਖੂਨ ਦੇ ਸਬੰਧਾਂ ਤੋਂ ਵੀ ਵਧੇਰੇ ਪੱਕੇ ਹੁੰਦੇ ਹਨ।[9] ਕਬੀਲੇ ਦੇ ਮੈਂਬਰ ਜੋ ਕਿਸੇ ਚੀਜ਼ ਨੂੰ ਧਾਰਨ ਕਰਕੇ ਮੰਨਦੇ ਹਨ ਤਾਂ ਇਹ ਵਿਸ਼ਵਾਸ ਤਾਂ ਹੀ ਸਿਰੇ ਚੜ੍ਹਦਾ ਹੈ ਜੇਕਰ ਉਹ ਕੁਝ ਮਨਾਹੀਆਂ ਦੀ ਵੀ ਪਾਲਣਾ ਕਰਨ। ਮੰਨਣ ਤੇ ਮਨਾਹੀਆਂ ਦੇ ਇਸ ਸਿਲਸਿਲੇ ਵਿਚੋਂ ਹੀ ਜੀਵਨ ਜਾਚ ਨਾਲ ਸਬੰਧਿਤ ਸਭਿਆਚਾਰਕ ਮੁੱਲ ਅਤੇ ਰਿਸ਼ਤੇ ਨਾਤੇ ਹੋਂਦ ਵਿਚ ਆਉਂਦੇ ਤੇ ਸੰਚਾਲਿਤ ਹੁੰਦੇ ਹਨ। ਟੋਟਮ ਅੱਜ ਵੀ ਭਾਰਤ, ਆਸਟਰੇਲੀਆ, ਸੈਂਟਰਲ ਅਫ਼ਰੀਕਾ, ਉੱਤਰੀ ਅਮਰੀਕਾ ਆਦਿ ਦੇਸ਼ਾਂ ਦੇ ਆਦਿਵਾਸੀ ਲੋਕਾਂ ਦਾ ਧਰਮ ਹੈ।

ਫਰੇਜਰ ਨੇ ਟੋਟਮ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਹੈ :-

1. ਕਬੀਲਾ ਟੋਟਮ
2. ਕਾਮ ਨਾਲ ਸਬੰਧਿਤ ਟੋਟਮ
3. ਵਿਅਕਤੀਗਤ ਟੋਟਮ

ਲੈਵੀ ਸਤਰਾਸ ਨੇ ਆਪਣੀ ਪੁਸਤਕ 'ਟੋਟਮਿਜ਼ਮ' (Totemism) ਵਿਚ ਟੋਟਮ ਦੀ ਸਮੱਸਿਆ ਨੂੰ ਵਧੇਰੇ ਵਿਗਿਆਨਕ ਢੰਗ ਨਾਲ ਨਜਿੱਠਣ ਦੀ ਕੋਸ਼ਿਸ਼ ਕੀਤੀ ਹੈ। ਲੈਵੀ ਸਤਰਾਸ ਦਾ ਕੀ ਦੀ ਬਜਾਏ ਕਿਵੇਂ ਉਪਰ ਬਲ ਦੇਣਾ ਟੋਟਮ ਅਧਿਐਨ ਵਿਧੀ ਵਿਚ ਇਕ ਕ੍ਰਾਂਤੀਕਾਰੀ ਪਰਿਵਰਤਨ ਮੰਨਿਆ ਜਾ ਸਕਦਾ ਹੈ। ਉਹ ਇਸ ਵਰਤਾਰੇ ਸਬੰਧੀ ਅਪਣਾਈ ਗਈ ਅਧਿਐਨ ਵਿਧੀ ਬਾਰੇ ਲਿਖਦਾ ਹੈ :-

1. ਅਧਿਅਨ ਅਧੀਨ ਵਰਤਾਰੇ ਨੂੰ ਦੋ ਜਾਂ ਦੋ ਤੋਂ ਵੱਧ ਤੱਤਾਂ ਦੇ ਆਪਸੀ ਸਬੰਧਾਂ ਵਿਚ ਪਰਿਭਾਸ਼ਤ ਕਰੋ
2. ਇਨ੍ਹਾਂ ਤੱਤਾਂ ਵਿਚ ਸੰਭਾਵੀ ਜੁਟ ਤਾਲਿਕਾ ਬਣਾਓ
3. ਇਸ ਤਾਲਿਕਾ ਨੂੰ ਵਿਸ਼ਲੇਸ਼ਣ ਦਾ ਧੁਰਾ ਬਣਾ ਕੇ ਲੋੜੀਂਦੇ ਕੁਨੈਕਸਨਜ਼ ਲੱਭਣ ਦੀ ਕੋਸ਼ਿਸ ਕਰੋ

ਇਨ੍ਹਾਂ ਸਮਾਨਯ ਧਾਰਨਾਵਾਂ ਦੇ ਆਧਾਰ ਤੇ ਕਿਸੇ ਵੀ ਸਭਿਆਚਾਰ ਵਿਚ ਪ੍ਰਚਲਿਤ ਧਾਰਮਿਕ ਵਿਸ਼ਵਾਸ਼ਾਂ, ਰੀਤਾ, ਰਸਮਾਂ ਤੇ ਮਾਨਤਾਵਾਂ ਦਾ ਅਧਿਐਨ ਕੀਤਾ ਜਾ ਸਕਦਾ ਹੈ।[10]

ਕਬੀਲੇ ਦੀ ਪਰਿਭਾਸ਼ਾ ਦੀ ਸਮੱਸਿਆ

ਭਾਰਤ ਵਿੱਚ ਵੱਖ ਵੱਖ ਕਬੀਲਿਆਂ ਦੀਆਂ ਵੱਖ ਵੱਖ ਵਿਸ਼ੇਸ਼ਤਾਵਾਂ ਹਨ। ਬਹੁਤ ਸਾਰੇ ਕਬੀਲੇ ਸਰਕਾਰ ਵੱਲੋਂ ਇਕ ਕਬੀਲਾ ਹੋਣ ਦੇ ਨਿਸ਼ਚਿਤ ਮਾਪਦੰਡ ਪੂਰੇ ਵੀ ਕਰਦੇ ਹਨ ਅਤੇ ਨਹੀਂ ਵੀ। ਭਾਰਤ ਦੇ ਆਦਿ ਵਾਸੀ ਕਬੀਲਿਆਂ ਅਤੇ ਖਾਨਾਬਦੋਸ਼ ਕਬੀਲਿਆਂ ਦੇ ਜੀਵਨ ਅਤੇ ਰਹਿਣ ਸਹਿਣ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਆਦਿਵਾਸੀ ਕਬੀਲੇ ਜਿੱਥੇ ਜੰਗਲਾਂ ਅਤੇ ਟਾਪੂਆਂ ਵਿੱਚ ਗੁੰਮਨਾਮੀ ਦਾ ਜੀਵਨ ਬਤੀਤ ਕਰਦੇ ਹੋਏ ਬਾਹਰੀ ਸੰਪਰਕ ਤੋਂ ਟੁੱਟੇ ਰਹੇ ਹਨ ਉੱਥੇ ਖਾਨਾਬਦੋਸ਼ ਕਬੀਲੇ ਵੱਖ ਵੱਖ ਸੱਭਿਆਚਾਰਾਂ ਵਿੱਚੋਂ ਖਹਿ ਕੇ ਲੰਘਦੇ ਰਹੇ ਹਨ ਜਿਸਦੇ ਸਿੱਟੇ ਵਜੋਂ ਕਬੀਲਿਆਈ

ਸਭਿਆਚਾਰ ਜ਼ਿਆਦਾ ਖੁਲ੍ਹੇ ਡੁੱਲੇ ਅਤੇ ਬਹੁਰੰਗੀ ਹਨ। ਇਸ ਕਰਕੇ ਇਨ੍ਹਾਂ ਦੀ ਪਰਿਭਾਸ਼ਾ ਵੀ ਵੱਖੋ ਵੱਖਰੀ ਹੈ।

ਕਬੀਲੇ ਦੀ ਭਾਸ਼ਾ ਅਤੇ ਪ੍ਰਵਿਰਤੀਆਂ

'ਕਬੀਲਾ' ਅੰਗਰੇਜ਼ੀ ਸ਼ਬਦ ਟਰਾਈਬ (Tribe) ਦਾ ਪੰਜਾਬੀ ਅਨੁਵਾਦ ਹੈ। ਇਨਸਾਈਕਲੋਪੀਡੀਆ ਬਿਰਟੇਨਿਕਾ ਅਨੁਸਾਰ ਕਬੀਲਾ ਇੱਕ ਅਜਿਹਾ ਸਮਾਜਿਕ ਸਮੂਹ ਹੁੰਦਾ ਹੈ ਜਿਸਦੇ ਮੈਂਬਰ ਇੱਕ ਸਾਂਝੀ ਉਪਭਾਸ਼ਾ ਬੋਲਦੇ ਹਨ ਅਤੇ ਜਿਨ੍ਹਾਂ ਦਾ ਆਪਣਾ ਵਿਧਾਨ ਅਤੇ ਆਪਣੇ ਕਾਨੂੰਨ ਹੁੰਦੇ ਹਨ। ਇਨਸਾਈਕਲੋਪੀਡੀਆ ਅਮੈਰਕਾਨਾ ਅਨੁਸਾਰ ਕਬੀਲਾ ਉਹਨਾਂ ਲੋਕਾਂ ਨੂੰ,ਕਿਹਾ ਜਾਂਦਾ ਹੈ ਜੋ ਕਿਸੇ ਸਾਂਝੇ ਇਲਾਕੇ ਵਿਚ ਵੱਸਦੇ ਹੋਣ ਅਤੇ ਜਿਨ੍ਹਾਂ ਦੀਆਂ ਆਪਣੀਆਂ ਵੱਖਰੀਆਂ ਰਸਮਾਂ ਰੀਤਾਂ ਹੋਣ। ਕਬੀਲਾ ਆਸਟਰੇਲੀਆ ਦੇ ਜਾਂਗਲੀ ਆਦਿਵਾਸੀ ਸਮੂਹਾਂ ਵਾਸਤੇ ਵੀ ਵਰਤਿਆ ਜਾਂਦਾ ਹੈ ਜੋ ਇਕੱਠੇ ਪਰਿਵਾਰਾਂ ਵਿੱਚ ਰਹਿੰਦੇ, ਇੱਕ ਥਾਂ ਤੋਂ ਦੂਜੀ ਥਾਂ ਤੇ ਘੁੰਮਦੇ ਰਹਿੰਦੇ ਹਨ ਅਤੇ ਜਿਨ੍ਹਾਂ ਦੀ ਸਾਂਝੀ ਉੱਪਭਾਸ਼ਾ ਅਤੇ ਰਸਮਾਂ ਹੁੰਦੀਆਂ ਹਨ ਅਤੇ ਜਿਹੜੇ ਪ੍ਰਮੁੱਖ ਧਾਰਮਿਕ ਮੌਕਿਆਂ ਤੇ ਇਕੱਠੇ ਹੁੰਦੇ ਹਨ। ਡੀ. ਐਨ. ਮਜੂਮਦਾਰ ਅਨੁਸਾਰ ਕਬੀਲਾ ਪਰਿਵਾਰਾਂ ਦਾ ਜਾਂ ਪਰਿਵਾਰ ਦੇ ਸਮੂਹਾਂ ਦਾ ਇੱਕ ਇਕੱਠ ਹੈ ਜਿਸਦਾ ਇੱਕ ਸਾਂਝਾ ਨਾਂ ਹੁੰਦਾ ਹੈ ਜਿਸਦੇ ਮੈਂਬਰ ਇੱਕ ਸਾਂਝੇ ਇਲਾਕੇ ਵਿੱਚ ਵੱਸਦੇ ਹਨ ਤੇ ਇੱਕ ਸਾਂਝੀ ਬੋਲੀ ਬੋਲਦੇ ਹਨ ਅਤੇ ਵਿਆਹ ਤੇ ਵਿਵਸਾਇ ਸਬੰਧੀ ਕੁਝ ਕੁ ਮਨਾਹੀਆਂ ਦਾ ਪਾਲਣ ਵੀ ਕਰਦੇ ਹਨ। ਇਹਨਾਂ ਨੇ ਆਪਸਦਾਰੀ ਅਤੇ ਜ਼ਿੰਮੇਵਾਰੀਆਂ ਦੀ ਇੱਕ ਨਿਰਧਾਰਤ ਪ੍ਰਣਾਲੀ ਵਿਕਸਤ ਕੀਤੀ ਹੁੰਦੀ ਹੈ। ਕਬੀਲੇ ਦੇ ਮੈਂਬਰ ਕਬੀਲੇ ਦੇ ਅੰਦਰ ਹੀ ਵਿਆਹ ਕਰਦੇ ਹਨ। ਇੱਕ ਕਬੀਲੇ ਦੇ ਕਈ ਗੋਤ ਹੁੰਦੇ ਹਨ ਜਿਨ੍ਹਾਂ ਵਿੱਚ ਆਪਸੀ ਸਬੰਧ ਹੁੰਦੇ ਹਨ। ਕਬੀਲੇ ਉੱਪਰ ਜੱਦੀ ਸਰਦਾਰ ਰਾਜ ਕਰਦੇ ਹਨ। ਕਬੀਲੇ ਦੇ ਹਰ ਇੱਕ ਵਰਗ ਜਾਂ ਸੰਪਰਦਾ ਵਿੱਚ ਸਿਆਣੇ ਬੰਦਿਆਂ ਦੀ ਇੱਕ ਪੰਚਾਇਤ ਹੁੰਦੀ ਹੈ। ਇਹ ਪੰਚਾਇਤ ਕਬੀਲੇ ਦੇ ਮਾਮਲਿਆਂ ਵਿੱਚ ਸਰਦਾਰ ਦੀ ਸਹਾਇਤਾ ਕਰਦੀ ਹੈ।

ਭਾਰਤ ਵਿਚ ਸਮਾਜਿਕ ਸੰਗਠਨ ਨੂੰ ਦੋ ਹਿੱਸਿਆਂ ਵਿੱਚ ਵੰਡਿਆਂ ਜਾ ਸਕਦਾ ਹੈ। ਇੱਕ ਜਾਤੀ ਅਤੇ ਦੂਜਾ ਕਬੀਲਾ। ਇਨ੍ਹਾਂ ਦੋਵਾਂ ਸ਼ਬਦਾਂ ਦੀ ਵਰਤੋਂ ਸਮੇਂ ਕਈ ਪ੍ਰਕਾਰ ਦੇ ਭੁਲੇਖੇ ਵੀ ਪੈਦਾ ਹੋ ਜਾਂਦੇ ਹਨ। ਇਸ ਲਈ ਕਬੀਲੇ ਅਤੇ ਜਾਤੀ ਦਾ ਵਖਰੇਵਾਂ ਕਰਨਾ ਵੀ ਬਹੁਤ ਜ਼ਰੂਰੀ ਹੈ। ਡਬਲਿਊ. ਜੇ. ਪੈਰੀ ਕਬੀਲੇ ਦੀ ਛੋਟੀ ਤੋਂ ਛੋਟੀ ਵਿਆਖਿਆ ਕਰਦਾ ਹੋਇਆ ਲਿਖਦਾ ਹੈ :-

'ਕਬੀਲਾ ਉਹ ਸਮੂਹ ਹੈ ਜੋ ਸਾਂਝੀ ਉੱਪਭਾਸ਼ਾ ਬੋਲਦਾ ਹੋਵੇ ਅਤੇ ਇੱਕ ਸਾਂਝੇ ਇਲਾਕੇ ਵਿਚ ਵਸਦਾ ਹੋਵੇ।'

ਇੰਪੀਰੀਅਲ ਗਜ਼ਟੀਅਰ ਵਿੱਚ ਦਿੱਤੀ ਪਰਿਭਾਸ਼ਾ ਅਨੁਸਾਰ:-

'ਕਬੀਲਾ ਪਰਿਵਾਰਾਂ ਦਾ ਉਹ ਇਕੱਠ ਹੈ ਜਿਸਦਾ ਸਾਂਝਾ ਨਾਂ ਹੋਵੇ, ਸਾਂਝੀ

ਉੱਪਭਾਸ਼ਾ ਹੋਵੇ ਅਤੇ ਇਸ ਤੋਂ ਇਲਾਵਾ ਕਿਸੇ ਸਾਂਝੇ ਇਲਾਕੇ ਦੇ ਵਸਨੀਕ ਹੋਣ ਦਾ ਦਾਅਵਾ ਕਰਦਾ ਹੋਵੇ।'

ਪਰ ਇਹ ਭਿੰਨਤਾਵਾਂ ਕਬੀਲੇ ਨੂੰ ਜਾਤੀ ਨਾਲੋਂ ਨਿਖੇੜਨ ਵਿੱਚ ਸਫ਼ਲ ਨਹੀਂ ਹੁੰਦੀਆਂ ਕਿਉਂਕਿ ਕੋਈ ਵੀ ਜਾਤੀ ਪਰਿਵਾਰਾਂ ਦਾ ਇਕੱਠ ਹੋ ਸਕਦੀ ਹੈ, ਸਾਂਝੇ ਇਲਾਕੇ ਵਿੱਚ ਵੀ ਰਹਿ ਸਕਦੀ ਹੈ, ਉਸਦਾ ਕੋਈ ਨਾਂ ਵੀ ਹੁੰਦਾ ਹੈ ਪਰ ਇੱਕ ਸਧਾਰਨ ਜਾਤੀ ਲਈ ਕਬੀਲੇ ਦੀਆਂ ਸਖ਼ਤ ਰਵਾਇਤਾਂ ਟੋਟਮ ਅਤੇ ਟੈਬੂ ਆਦਿ ਮਾਪਦੰਡਾਂ ਅਤੇ ਪਰੰਪਰਾਗਤ ਰਸਮਾਂ ਉੱਤੇ ਸਖ਼ਤ ਪਹਿਰਾ ਦੇਣਾ ਸੰਭਵ ਨਹੀਂ ਰਹਿੰਦਾ। ਕਬੀਲੇ ਵਿੱਚ ਸਧਾਰਨ ਹਕੂਮਤ ਦਾ ਹੋਣਾ ਵੀ ਕੋਈ ਵਿਸ਼ੇਸ਼ ਲੱਛਣ ਨਹੀਂ ਹੈ ਕਿਉਂਕਿ ਭਾਰਤ ਵਿੱਚ ਕਈ ਅਜਿਹੀਆਂ ਜਾਤੀਆਂ ਵੀ ਮਿਲ ਜਾਂਦੀਆਂ ਹਨ ਜਿਨ੍ਹਾਂ ਦੀਆਂ ਪੰਚਾਇਤਾਂ ਹਨ। ਕਈ ਕਬੀਲਿਆਂ ਦੇ ਸਰਦਾਰ ਵੀ ਨਹੀਂ ਹੁੰਦੇ। ਕਬੀਲੇ ਅਤੇ ਜਾਤੀ ਵਿੱਚ ਨਖੇੜ ਕਰਦਿਆਂ ਕਿਰਪਾਲ ਕਜ਼ਾਕ ਲਿਖਦੇ ਹਨ:-

"ਇਸ ਉੱਤਰ ਲਈ ਸਾਨੂੰ ਕਬੀਲੇ ਦੀ ਸ਼ਾਸ਼ਨ ਪ੍ਰਣਾਲੀ ਦੀ 'ਆਰਥਿਕ ਸੁਤੰਤਰਤਾ' ਉਪਰ ਕੇਂਦਰਿਤ ਹੋਣਾ ਪਵੇਗਾ ਅਤੇ ਕਬੀਲੇ ਦੀ ਟੈਬੂ ਕੱਟੜਤਾ ਉੱਤੇ ਵਿਚਾਰ ਕਰਨਾ ਪਵੇਗਾ ਅਤੇ ਮੰਨਣਾ ਪਵੇਗਾ, ਸਖ਼ਤੀ ਨਾਲ ਲਾਗੂ ਕੀਤੀਆਂ ਮਨਾਹੀਆਂ ਹੀ ਕਬੀਲਾਵਾਦ ਦੀ ਮੁੱਢਲੀ ਰੀੜ ਹਨ ਜੋ ਕਿਸੇ ਸਮਾਜਿਕ ਸਮੂਹ ਨੂੰ ਅਟੁੱਟ ਇਕਾਈ ਵਿੱਚ ਪਰੋਈ ਰੱਖਣ ਦੇ ਸਮਰੱਥ ਹੁੰਦੀਆਂ ਹਨ ਅਤੇ ਕਬੀਲੇ ਨੂੰ ਜਾਤੀ ਨਾਲੋਂ ਸੂਖ਼ਮ ਰੂਪ ਵਿੱਚ ਨਿਖੇੜਦੀਆਂ ਹਨ। ਕਬੀਲੇ ਬਾਰੇ ਵੱਖਰੇ ਵੱਖਰੇ ਵਿਦਵਾਨਾਂ ਨੇ ਆਪਣੇ ਵੱਖਰੇ-ਵੱਖਰੇ ਵਿਚਾਰ ਪ੍ਰਗਟ ਕੀਤੇ ਹਨ, ਜਿਸ ਵਿੱਚ ਉਹ ਕਬੀਲੇ ਦੀਆਂ ਸੀਮਾਵਾਂ ਨਿਰਧਾਰਤ ਕਰਨ ਲਈ ਕਬੀਲੇ ਦੇ ਲੱਛਣ ਨਿਰਧਾਰਤ ਕਰਦੇ ਹਨ। ਸਾਰੇ ਹੀ ਵਿਦਵਾਨ ਥੋੜ੍ਹੇ ਬਹੁਤੇ ਫ਼ਰਕ ਨਾਲ ਲਗਭਗ ਇੱਕੋ ਜਿਹੇ ਲੱਛਣ ਹੀ ਦਰਸਾਉਂਦੇ ਹਨ। ਕਬੀਲੇ ਦੇ ਲੱਛਣ ਹੇਠ ਲਿਖੇ ਅਨੁਸਾਰ ਤੈਅ ਕੀਤੇ ਜਾ ਸਕਦੇ ਹਨ:-

1. ਕਬੀਲੇ ਦਾ ਇੱਕ ਸਾਂਝਾ ਇਲਾਕਾ ਹੁੰਦਾ ਹੈ
2. ਕਬੀਲੇ ਦੀ ਇੱਕ ਸਾਂਝੀ ਉਪਭਾਸ਼ਾ ਹੁੰਦੀ ਹੈ
3. ਕਬੀਲੇ ਦਾ ਆਪਣਾ ਸਾਸ਼ਨ ਅਤੇ ਨਿਆਂ-ਪ੍ਰਬੰਧ ਹੁੰਦਾ ਹੈ। ਇਸ ਸ਼ਾਸਨ ਨੂੰ ਚਲਾਉਣ ਵਾਸਤੇ ਕਬੀਲੇ ਦਾ ਸਰਦਾਰ ਅਤੇ ਇੱਕ ਪੰਚਾਇਤ ਵੀ ਹੁੰਦੀ ਹੈ ਜੋ ਸਮੂਹ ਕਬੀਲੇ ਦੇ ਮਸਲਿਆਂ ਨੂੰ ਨਜਿੱਠਦੀ ਹੈ
4. ਅੰਤਰ ਵਿਆਹ ਕਬੀਲੇ ਦਾ ਇੱਕ ਵਿਸ਼ੇਸ਼ ਲੱਛਣ ਹੈ
5. ਹਰ ਕਬੀਲੇ ਦੇ ਆਪਣੇ ਆਪਣੇ ਰਸਮੋ ਰਿਵਾਜ਼ ਹੁੰਦੇ ਹਨ
6. ਕਬੀਲੇ ਦੀ ਵਿਲੱਖਣਤਾ ਸਾਂਝੇ ਕਾਰਜਾਂ ਕਰਕੇ ਹੁੰਦੀ ਹੈ
7. ਕਬੀਲੇ ਦਾ ਇੱਕ ਸਾਂਝਾ ਵਿਰਸਾ ਹੁੰਦਾ ਹੈ
8. ਕਬੀਲੇ ਵਿੱਚ ਮਨਾਹੀਆਂ ਬਹੁਤ ਸਖ਼ਤੀ ਨਾਲ ਲਾਗੂ ਕੀਤੀਆਂ ਜਾਂਦੀਆਂ ਹਨ।"[11]

ਭਾਰਤ ਸਰਕਾਰ ਨੇ ਕਬੀਲਿਆਂ ਦੀ ਸ਼ਨਾਖਤ ਕਰਨ ਲਈ ਕਿ ਕਿਹੜਾ ਸਮੁਦਾਇ ਕਬੀਲਾ ਹੋਣ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ, ਸਬੰਧੀ ਨਵੇਂ ਆਦੇਸ਼ ਜਾਰੀ ਕੀਤੇ ਹਨ ਜਿਨ੍ਹਾਂ ਵਿੱਚ ਸੰਕੇਤਕ ਪੱਧਰ ਤੇ ਆਦਿਕਾਲੀ ਲੱਛਣ, ਵੱਖਰਾ ਸਭਿਆਚਾਰ, ਭੂਗੋਲਿਕ ਇਕੱਲਤਾ, ਦੂਸਰੇ ਸਮੁਦਾਇ ਤੋਂ ਦੂਰੀ ਬਣਾਕੇ ਰੱਖਣਾ ਅਤੇ ਪਛੜਿਆਪਨ ਸ਼ਾਮਲ ਹੈ। ਕਬੀਲਿਆਂ ਸਬੰਧੀ ਇਹ ਪਰਿਭਾਸ਼ਾ ਸ਼ਡਿਊਲ ਕਾਸਟਸ ਅਤੇ ਸ਼ਡਿਊਲ ਟਰਾਇਬ ਕਮਿਸ਼ਨ ਨੇ ਆਪਣੀ 1952 ਦੀ ਰਿਪੋਟ ਵਿੱਚ ਦਿੱਤੀ।

ਕੇਂਦਰ ਸਰਕਾਰ ਦੇ ਆਦੇਸ਼ਾਂ ਤੇ ਪੰਜਾਬ ਸਰਕਾਰ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਮਾਜ ਸਾਸ਼ਤਰ ਤੇ ਸਮਾਜਿਕ ਮਾਨਵ ਵਿਗਿਆਨ ਵਿਭਾਗ ਨੂੰ ਕੁਝ ਸਮੂਹਾਂ ਦੇ ਕਬੀਲਿਆਈ ਵਿਹਾਰ ਨੂੰ ਪਰਖਣ ਲਈ ਜੁਲਾਈ 2006 ਵਿੱਚ ਇੱਕ ਪ੍ਰਾਜੈਕਟ ਸੌਂਪਿਆ ਗਿਆ ਸੀ ਜਿਹੜਾ ਕਿ ਮਈ 2008 ਵਿੱਚ ਮੁਕੰਮਲ ਹੋਇਆ। ਇਸ ਪ੍ਰਾਜੈਕਟ ਵਿਚ ਦਿੱਤੀਆਂ ਹਦਾਇਤਾਂ ਅਨੁਸਾਰ ਕਿਸੇ ਵੀ ਕਬੀਲੇ ਵਿੱਚ ਕਬੀਲਾ ਅਖਵਾਉਣ ਲਈ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਹੋਣੀਆਂ ਜ਼ਰੂਰੀ ਹਨ :-

1. ਉਹ ਲੋਕ ਸੱਭਿਅਕ ਦੁਨੀਆ ਤੋਂ ਦੂਰ ਜੰਗਲ ਬੇਲਿਆਂ ਅਤੇ ਪਹਾੜਾਂ ਵਿੱਚ ਵਸਦੇ ਹੋਣ
2. ਉਹ ਤਿੰਨ ਮੁੱਖ ਨਸਲਾਂ ਨੀਗਰੋ, ਆਸਟਰੇਲੀਅਨ ਅਤੇ ਮੂਗੋਲੀਅਨ ਦੇ ਵੰਸਜ਼ ਹੋਣ
3. ਉਹ ਕਬੀਲਿਆਈ ਉਪਭਾਸ਼ਾ ਬੋਲਦੇ ਹੋਣ
4. ਉਹ ਆਦਿ ਕਾਲੀ ਧਰਮਾਂ ਜਿਵੇਂ ਕਿ ਬਿਰਖਾਂ, ਜਾਨਵਰਾਂ ਨੂੰ ਮੰਨਦੇ ਹੋਣ ਅਤੇ ਭੂਤ ਪ੍ਰੇਤਾਂ ਅਤੇ ਆਤਮਾਵਾਂ ਦੀ ਪੂਜਾ ਕਰਦੇ ਹੋਣ
5. ਉਹ ਲੋਕ ਪਰੰਪਰਿਕ ਕਿੱਤੇ ਜਿਵੇਂ ਕਿ ਜੰਗਲੀ ਪਦਾਰਥ ਇਕੱਠੇ ਕਰਨਾ, ਖੇਤਾਂ ਵਿੱਚ ਦਾਣਿਆਂ ਦੀ ਰਹਿੰਦ ਖੂੰਹਦ ਇਕੱਠੀ ਕਰਨਾ ਅਤੇ ਸ਼ਿਕਾਰ ਆਦਿ ਤੇ ਆਪਣਾ ਨਿਰਬਾਹ ਕਰਦੇ ਹੋਣ
6. ਉਹ ਜ਼ਿਆਦਾਤਰ ਮਾਸਾਹਾਰੀ ਸੁਭਾਅ ਦੇ ਹੋਣ
7. ਉਹ ਜ਼ਿਆਦਾਤਰ ਨਗਨ ਅਤੇ ਅਰਧ ਨਗਨ ਹਾਲਤ ਵਿਚ ਵਿਚਰਦੇ ਹੋਣ
8. ਉਨ੍ਹਾਂ ਵਿੱਚ ਨਾਚ ਗਾਣੇ, ਸ਼ਰਾਬਨੋਸ਼ੀ ਅਤੇ ਮੌਜਮਸਤੀ ਦੇ ਖਾਨਾਬਦੋਸ਼ ਗੁਣ ਸ਼ਾਮਲ ਹੋਣ[12]

ਅੱਜ ਜਦਕਿ ਅਸੀਂ ਇਕਵੀਂ ਸਦੀ ਵਿੱਚ ਪ੍ਰਵੇਸ਼ ਕਰ ਚੁੱਕੇ ਹਾਂ। ਅਜੋਕੇ ਦੌਰ ਵਿੱਚ ਐਸ.ਸੀ.ਐਸ.ਟੀ ਕਮਿਸ਼ਨ ਦੁਆਰਾ ਭਾਰਤ ਸਰਕਾਰ ਨੂੰ 1952 ਵਿੱਚ ਕਬੀਲਿਆਂ ਦੀ ਸ਼ਨਾਖਤ ਲਈ ਜਮ੍ਹਾਂ ਕਰਵਾਈ ਰਿਪੋਟ ਆਪਣੀ ਸਾਰਥਿਕਤਾ ਗੁਆ ਲੈਂਦੀ ਹੈ। ਭਾਰਤ ਸਰਕਾਰ ਦੁਆਰਾ ਰਾਜ ਵਿੱਚ ਕਬੀਲਿਆਂ ਦੀ ਪਛਾਣ ਬਾਰੇ ਇਸ ਰਿਪੋਟ ਦਾ ਸਹਾਰਾ ਲੈਣਾ ਕਬੀਲਿਆਂ ਦੀ ਪਛਾਣ ਦੇ ਮਸਲੇ ਨੂੰ ਹੋਰ ਵੀ ਗੁੰਝਦਾਰ ਬਣਾ ਦਿੰਦਾ ਹੈ ਕਿਉਂਕਿ ਵਰਤਮਾਨ ਪ੍ਰਸਥਿਤੀਆਂ ਵਿੱਚ ਕਬੀਲਿਆਂ ਦੀ ਸਮਾਜਿਕ

ਸਥਿਤੀ ਤੈਅ ਕਰਨਾ ਇਕ ਗੰਭੀਰ ਅਤੇ ਕਠਿਨ ਕਾਰਜ ਹੈ ਜਿਸ ਸਬੰਧੀ ਉਪਰੋਕਤ ਰਿਪੋਟ ਮੰਤਵਹੀਣ ਅਤੇ ਨਿਰਾਰਥਕ ਜਾਪਦੀ ਹੈ।

ਕਬੀਲਾ ਜੀਵਨ ਨੂੰ ਪਰਿਭਾਸ਼ਿਤ ਕਰਨ ਲਈ ਕਿਸੇ ਵੀ ਕਬੀਲੇ ਵਿੱਚ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਦਾ ਹੋਣਾ ਬਹੁਤ ਜ਼ਰੂਰੀ ਹੈ :-

1. ਸਮਾਜਿਕ ਸੰਗਠਨ
2. ਰਾਜਨੀਤਕ ਚੇਤਨਾ
3. ਸਮਾਜਿਕ ਸਤਰੀਕਰਨ ਤੋਂ ਬਿਨਾਂ ਵਰਗ ਵੰਡ
4. ਆਪਸੀ ਸਾਕਾਦਾਰੀ ਪ੍ਰਬੰਧ
5. ਸਧਾਰਣ ਕੁਦਰਤੀ ਜੀਵਨ
6. ਗਰੀਬੀ
7. ਅਨਪੜ੍ਹਤਾ
8. ਆਦਿ ਧਰਮ ਅਤੇ ਦੇਵਤਿਆਂ ਵਿੱਚ ਵਿਸ਼ਵਾਸ
9. ਮੂਲ ਬਾਰੇ ਇਕੋ ਜਿਹੀਆਂ ਵਿਸ਼ੇਸ਼ ਮਿਥਿਹਾਸਕ ਕਥਾਵਾਂ
10. ਇਕ ਵੱਖਰੀ ਉਪਭਾਸ਼ਾ
11. ਵਿਲੱਖਣ ਸਭਿਆਚਾਰਕ ਤੇ ਵਿਸ਼ਵਾਸ਼ ਪ੍ਰਬੰਧ
12. ਰੋਜ਼ੀ ਰੋਟੀ ਲਈ ਕੁਦਰਤ ਤੇ ਨਿਰਭਰਤਾ

ਇਸ ਤਰ੍ਹਾਂ ਇਨ੍ਹਾਂ ਉਪਰੋਕਤ ਵਿਸ਼ੇਸ਼ਤਾਵਾਂ ਦੀ ਰੋਸ਼ਨੀ ਵਿੱਚ ਪੰਜਾਬ ਵਿੱਚ ਬਾਜ਼ੀਗਰ ਕਬੀਲੇ ਦੀ ਪਛਾਣ ਕੀਤੀ ਜਾ ਸਕਦੀ ਹੈ। ਪੰਜਾਬ ਵਿੱਚ ਮੁੱਖ ਤੌਰ ਤੇ ਬੌਰੀਆ, ਬਾਜ਼ੀਗਰ, ਬੰਗਾਲਾ, ਗੰਧੀਲਾ, ਨਟ, ਸਾਂਸੀ ਅਤੇ ਬਰੜ ਨਾਂ ਦੇ ਕਬੀਲੇ ਵਾਸ ਕਰ ਰਹੇ ਹਨ। ਇਥੇ ਸਾਡੇ ਅਧਿਐਨ ਦਾ ਕੇਂਦਰ ਕੇਵਲ ਬਾਜ਼ੀਗਰ ਕਬੀਲਾ ਹੀ ਹੈ। ਭਾਰਤ ਸਰਕਾਰ ਦੀ (2001) ਦੀ ਜਨਗਣਨਾ ਅਨੁਸਾਰ ਪੰਜਾਬ ਵਿੱਚ ਸਭ ਤੋਂ ਵੱਧ ਵਸੋਂ ਬਾਜ਼ੀਗਰ ਕਬੀਲੇ ਦੀ ਹੈ। ਇਸ ਜਨਗਣਨਾ ਅਨੁਸਾਰ ਇਨ੍ਹਾਂ ਦੀ ਗਿਣਤੀ (2,08,442) ਹੈ।[13] ਭਾਰਤ ਦੇ ਵੱਖ ਵੱਖ ਰਾਜਾਂ ਵਿੱਚ ਵਸਣ ਵਾਲੇ ਬਾਜ਼ੀਗਰ ਕਬੀਲੇ ਦੇ ਲੋਕਾਂ ਦਾ ਆਪਣਾ ਹੀ ਇੱਕ ਸਮਾਜਿਕ, ਆਰਥਿਕ ਅਤੇ ਰਾਜਨੀਤਕ ਪ੍ਰਬੰਧ ਰਿਹਾ ਹੈ। ਜਿਹੜਾ ਕਿ ਸਮਕਾਲੀ ਪ੍ਰਸਥਿਤੀਆਂ ਦੇ ਪ੍ਰਭਾਵ ਹੇਠ ਹੋਲੀ ਹੋਲੀ ਕਮਜ਼ੋਰ ਪੈਂਦਾ ਗਿਆ। ਮੌਜੂਦਾ ਦੌਰ ਵਿਚ ਕਬੀਲੇ ਦੀ ਸਵੈ ਨਿਰਭਰਤਾ ਦੀ ਧਾਰਨਾ ਭਾਵੇਂ ਬਿਲਕੁੱਲ ਖਤਮ ਹੋ ਗਈ ਹੈ। ਫਿਰ ਵੀ ਇਸ ਸਮੁਦਾਇ ਦੇ ਢਾਂਚੇ ਪਿੱਛੇ ਕਾਰਜਸ਼ੀਲ ਸਮਾਜਿਕ ਅਤੇ ਰਾਜਨੀਤਕ ਪ੍ਰਬੰਧ ਨੂੰ ਪਾਰਦਰਸ਼ੀ ਰੂਪ ਵਿੱਚ ਵੇਖਿਆ ਜਾ ਸਕਦਾ ਹੈ। ਏਸੇ ਸੰਦਰਭ ਵਿੱਚ ਪੰਜਾਬ ਦੇ ਬਾਜ਼ੀਗਰਾਂ ਨੂੰ ਸਮਝਣ ਲਈ ਮੁੱਖ ਤੌਰ ਤੇ ਛੇ ਵਰਗਾਂ ਵਿੱਚ ਵੰਡਕੇ ਵੇਖਿਆ ਜਾ ਸਕਦਾ ਹੈ :-

1. ਪੰਜਾਬ ਦੇ ਬਾਜ਼ੀਗਰ
2. ਰਾਵੀ ਦੇ ਬਾਜ਼ੀਗਰ
3. ਖੜ੍ਹੀ ਦੇ ਬਾਜ਼ੀਗਰ

4. ਮਾਝੇ ਦੇ ਬਾਜ਼ੀਗਰ
5. ਤਪੇ ਦੇ ਬਾਜ਼ੀਗਰ
6. ਸਥਾਨਕ ਬਾਜ਼ੀਗਰ

1. **ਪੰਜਾਬ ਦੇ ਬਾਜ਼ੀਗਰ :-** ਪੰਜਾਬ ਦੇ ਬਾਜ਼ੀਗਰ ਮੁੱਖ ਤੌਰ ਤੇ ਪਸ਼ੂ ਪਾਲਦੇ ਹਨ। ਇਹ ਉੱਚੇ ਲੰਮੇ ਅਤੇ ਮਜ਼ਬੂਤ ਸਰੀਰ ਵਾਲੇ ਹਨ। ਇਹ 1947 ਦੀ ਭਾਰਤ-ਪਾਕਿ ਵੰਡ ਵੇਲੇ ਪੱਛਮੀ ਪੰਜਾਬ ਵਿੱਚੋਂ ਵੱਡੀ ਗਿਣਤੀ ਵਿੱਚ ਹਿਜ਼ਰਤ ਕਰਕੇ ਭਾਰਤ ਦੇ ਪੰਜਾਬ ਸੂਬੇ ਵਿੱਚ ਆਣ ਵੱਸੇ ਸਨ। ਇਹ ਪਹਿਲਾਂ ਪੱਛਮੀ ਪੰਜਾਬ ਵਿੱਚ ਰਹਿੰਦੇ ਸਨ ਅਤੇ ਹੁਣ ਪੂਰਬੀ ਪੰਜਾਬ ਵਿੱਚ ਰਹਿੰਦੇ ਹਨ। ਇਸ ਕਰਕੇ ਇਹਨਾਂ ਦੇ ਨਾਂ ਨਾਲ 'ਪੰਜਾਬ ਦੇ ਬਾਜ਼ੀਗਰ' ਵਿਸ਼ੇਸ਼ਣ ਖਾਸ ਰੂਪ ਨਾਲ ਜੁੜਿਆ ਹੋਇਆ ਹੈ। ਇਹ ਲੋਕ ਨੈਣਾਂ ਦੇਵੀ ਤੇ ਕਬੀਲੇ ਦੇ ਸੰਤਾਂ ਮਹਾਤਮਾ ਦੀ ਪੂਜਾ ਕਰਦੇ ਹਨ। ਇਨ੍ਹਾਂ ਦਾ ਰਹਿਣ ਸਹਿਣ ਅਤੇ ਜੀਵਨ ਜਾਚ ਬਹੁਤ ਉੱਚੀ ਸੁੱਚੀ ਮੰਨੀ ਜਾਂਦੀ ਹੈ। ਇਹ ਜ਼ਿਆਦਾਤਰ ਸਫ਼ੈਦ ਵਸਤਰ ਪਹਿਨਦੇ ਹਨ ਅਤੇ ਦਾੜ੍ਹੀ ਮੁੱਛਾਂ ਕਟਾ ਕੇ ਖ਼ੱਤ ਕਢਾ ਕੇ ਰੱਖਦੇ ਹਨ। ਇਹ ਜਾਤੀ ਅੰਤਰ ਵਿਆਹੀ ਹੈ। ਪੰਜਾਬ ਦੇ ਬਾਜ਼ੀਗਰ ਆਪਣੀਆਂ ਦੂਜੀਆਂ ਸ਼੍ਰੇਣੀਆਂ ਨਾਲ ਰਿਸ਼ਤੇ ਬਹੁਤ ਘੱਟ ਕਰਦੇ ਹਨ ਅਤੇ ਆਪਣੇ ਆਪ ਨੂੰ ਦੂਜੇ ਬਾਜ਼ੀਗਰਾਂ ਤੇ ਉੱਚਾ ਗਿਣਦੇ ਹਨ।

2. **ਰਾਵੀ ਦੇ ਬਾਜ਼ੀਗਰ :-**ਇਹ ਲੋਕ ਪਾਕਿਸਤਾਨ ਵਿੱਚ 'ਰਾਵੀ ਦਰਿਆ' ਦੇ ਆਸ ਪਾਸ ਵੱਡੀ ਗਿਣਤੀ ਵਿੱਚ ਵੱਸੇ ਹੋਏ ਸਨ। ਭਾਰਤ-ਪਾਕਿ ਵੰਡ ਵੇਲੇ ਇਹ ਲੋਕ ਪੰਜਾਬ ਅਤੇ ਹਰਿਆਣਾ ਦੇ ਵੱਖ ਵੱਖ ਭਾਗਾਂ ਵਿਚ ਆ ਕੇ ਵੱਸ ਗਏ ਸਨ। ਇਹ ਲੋਕ ਦੇਵੀ ਦੇਵਤਿਆਂ, ਪੀਰਾਂ ਫ਼ਕੀਰਾ ਤੇ ਦੇਸਾਂ ਮਾਈ ਦੇ ਉਪਾਸ਼ਕ ਹਨ। ਇਨ੍ਹਾਂ ਵਿੱਚੋਂ ਬਹੁਤੇ ਲੋਕਾਂ ਕੋਲ ਆਪਣੀਆਂ ਵਾਹੀ ਯੋਗ ਸ਼ਾਮਲਾਤ ਜ਼ਮੀਨਾਂ ਹਨ। ਪਸ਼ੂ ਪਾਲਣਾ ਇਨ੍ਹਾਂ ਦਾ ਮੁੱਖ ਧੰਦਾ ਹੈ। ਇਨ੍ਹਾਂ ਲੋਕਾਂ ਦਾ ਰਹਿਣ ਸਹਿਣ ਪੰਜਾਬ ਦੇ ਬਾਜ਼ੀਗਰਾਂ ਨਾਲ ਕਾਫ਼ੀ ਮਿਲਦਾ ਜੁਲਦਾ ਹੈ। ਇਨ੍ਹਾਂ ਦੇ ਸਰੀਰ ਗਠੀਲੇ ਅਤੇ ਫ਼ੁਰਤੀਲੇ ਹਨ। ਇਹ ਜ਼ਿਆਦਾਤਰ ਸੁੱਚੇ ਕੱਪੜੇ ਪਹਿਨਦੇ ਹਨ। ਇਹ ਬਹੁਤ ਮਿਹਨਤੀ ਸੁਭਾਅ ਦੇ ਮਾਲਕ ਹਨ। ਇਹਨਾਂ ਦੀ ਭਾਸ਼ਾ ਅਤੇ ਪੰਜਾਬ ਦੇ ਬਾਜ਼ੀਗਰਾਂ ਦੀ ਭਾਸ਼ਾ ਵਿੱਚ ਕੇਵਲ ਥੋੜ੍ਹਾ ਬਹੁਤ ਸਹਾਇਕ ਕ੍ਰਿਆਵਾਂ ਦਾ ਹੀ ਫ਼ਰਕ ਹੈ। ਪੰਜਾਬ ਦੇ ਬਾਜ਼ੀਗਰ ਇਨ੍ਹਾਂ ਨਾਲ ਖੁਸ਼ ਹੋ ਕੇ ਰਿਸ਼ਤੇ ਨਾਤੇ ਕਰਦੇ ਹਨ।

3. **ਖੜ੍ਹੀ ਦੇ ਬਾਜ਼ੀਗਰ :-** ਪਾਕਿਸਤਾਨ ਵਿੱਚ ਖੜ੍ਹੀ ਦੇ ਇਲਾਕੇ ਵਿੱਚ ਰਹਿਣ ਕਰਕੇ ਅਤੇ ਖੜ੍ਹੀ ਭਾਸ਼ਾ ਬੋਲਣ ਕਰਕੇ ਇਨ੍ਹਾਂ ਲੋਕਾਂ ਦਾ ਨਾਂ 'ਖੜੀ ਦੇ ਬਾਜ਼ੀਗਰ' ਪੈ ਗਿਆ। ਭਾਰਤ-ਪਾਕਿ ਵੰਡ ਦੌਰਾਨ ਇਹ ਭਾਰਤ ਵਿੱਚ ਪੰਜਾਬ ਅਤੇ ਹਰਿਆਣਾ ਦੇ ਵੱਖ ਵੱਖ ਹਿੱਸਿਆਂ ਵਿਚ ਆਣ ਵੱਸੇ ਸਨ। ਇਹ ਲੋਕ ਚੰਡੀਗੜ੍ਹ ਦੇ ਇਲਾਕਿਆਂ ਦੇ ਆਸ ਪਾਸ ਕਾਫੀ ਗਿਣਤੀ ਵਿੱਚ ਵੱਸੇ ਹੋਏ ਹਨ। ਇਹ ਲੋਕ ਪੁਰਖਿਆਂ ਦੇ ਕਿਸੇ ਝਗੜੇ ਕਾਰਨ ਪੰਜਾਬ ਅਤੇ ਰਾਵੀ ਦੇ ਬਾਜ਼ੀਗਰਾਂ ਤੋਂ ਕਈ ਸਦੀਆਂ ਦੂਰ ਰਹੇ ਹਨ। ਇਨ੍ਹਾਂ ਲੋਕਾਂ ਵਿਚ ਇਹ ਪਾੜ੍ਹਾ ਅੱਜ ਵੀ ਮੌਜੂਦ ਹੈ। ਪੰਜਾਬ

ਤੇ ਰਾਵੀ ਦੇ ਬਾਜ਼ੀਗਰ ਇਨ੍ਹਾਂ ਤੋਂ ਲੜਕੀ ਦਾ ਰਿਸ਼ਤਾ ਤਾਂ ਲੈ ਲੈਂਦੇ ਹਨ ਪਰ ਲੜਕੀ ਦਾ ਰਿਸ਼ਤਾ ਦੇਣ ਤੋਂ ਗੁਰੇਜ਼ ਕੀਤਾ ਜਾਂਦਾ ਹੈ। ਇਹ ਪ੍ਰਥਾ ਅੱਜ ਵੀ ਜਾਰੀ ਹੈ। ਇਨ੍ਹਾਂ ਲੋਕਾਂ ਵਿੱਚ ਪੜ੍ਹਿਆਂ ਲਿਖਿਆਂ ਦੀ ਗਿਣਤੀ ਕਾਫ਼ੀ ਹੈ। ਇਹਨਾਂ ਦਾ ਜੀਵਨ ਪੱਧਰ ਅਤੇ ਰਹਿਣ ਸਹਿਣ ਬਹੁਤ ਸੁਚਾਰੂ ਅਤੇ ਉੱਚੀ ਪੱਧਰ ਦਾ ਹੈ। ਇਹ ਲੋਕ ਦੇਵੀ ਦੇ ਵਤਿਆਂ ਤੇ ਕਬੀਲੇ ਦੇ ਫਕੀਰਾਂ ਨੂੰ ਮੰਨਦੇ ਹਨ।

4. ਮਾਝੇ ਦੇ ਬਾਜ਼ੀਗਰ : ਮਾਝੇ ਦੇ ਬਾਜ਼ੀਗਰ ਜ਼ਿਆਦਾਤਰ ਅੰਮ੍ਰਿਤਸਰ, ਗੁਰਦਾਸਪੁਰ, ਦੇ ਇਲਾਕਿਆਂ ਵਿੱਚ ਵਸੇ ਹੋਏ ਹਨ। ਮਾਝੇ ਦੇ ਬਾਜ਼ੀਗਰ ਉੱਚੀ ਲੰਮੀ ਡੀਲ ਡੋਲ ਵਾਲੇ ਹਨ। ਇਹ ਲੋਕ ਪਸ਼ੂ ਪਾਲਣ ਅਤੇ ਖੇਤੀ ਨਾਲ ਸਬੰਧਤ ਧੰਦੇ ਕਰਦੇ ਹਨ। ਮਾਝੇ ਦੇ ਬਾਜ਼ੀਗਰ ਆਰਥਿਕ ਪੱਖੋਂ ਖੁਸ਼ਹਾਲ ਹਨ। ਇਨ੍ਹਾਂ ਦੀ ਮਾਂ ਬੋਲੀ ਬਾਜ਼ੀਗਰੀ ਤੇ ਲਹਿੰਦੀ ਭਾਸ਼ਾ ਦਾ ਪ੍ਰਭਾਵ ਪਰਤੱਖ ਵੇਖਿਆ ਜਾ ਸਕਦਾ ਹੈ। ਮਾਝੇ ਦੇ ਬਾਜ਼ੀਗਰ ਸੁਘੜ ਅਤੇ ਆਕਰਸ਼ਿਕ ਦਿੱਖ ਵਾਲੇ ਹਨ। ਇਨ੍ਹਾਂ ਵਿੱਚ ਬਾਜ਼ੀਗਰ ਕਬੀਲੇ ਦੀਆਂ ਮੂਲ ਰਵਾਇਤਾਂ ਉਸੇ ਤਰ੍ਹਾਂ ਪ੍ਰਚਲਿਤ ਹਨ। ਇਹ ਲੋਕ ਸਖੀ ਸਰਵਰ ਅਤੇ ਪੀਰਾਂ ਫ਼ਕੀਰਾਂ ਦੇ ਬਹੁਤ ਸ਼ਰਧਾਲੂ ਹਨ। ਇਹ ਲੋਕ ਤੇਜ਼ੀ ਨਾਲ ਸਾਖਰਤਾ ਨਾਲ ਜੁੜ ਰਹੇ ਹਨ।

5. ਤਪੇ ਦੇ ਬਾਜ਼ੀਗਰ : ਆਸ ਪਾਸ ਦੇ ਇਲਾਕਿਆਂ ਵਿੱਚ ਵੱਸੇ ਹੋਏ ਬਾਜ਼ੀਗਰਾਂ ਨੂੰ ਤਪੇ ਦੇ ਬਾਜ਼ੀਗਰ ਕਿਹਾ ਜਾਂਦਾ ਹੈ। ਆਜ਼ਾਦੀ ਤੋਂ ਬਾਅਦ ਤਪਾ ਇਹਨਾਂ ਦੀਆਂ ਸਰਗਰਮੀਆਂ ਦਾ ਮੁੱਖ ਕੇਂਦਰ ਸੀ। ਤਪੇ ਦੇ ਬਾਜ਼ੀਗਰਾਂ ਨੇ ਬਾਜ਼ੀ ਦੀ ਕਲਾ ਨੂੰ ਬੜੀ ਦੇਰ ਤੱਕ ਸੰਭਾਲੀ ਰੱਖਿਆ ਹੈ। ਇਹ ਲੋਕ ਹਨੂੰਮਾਨ, ਕਾਲੀ ਦੇਵੀ, ਨੈਣਾਂ ਦੇਵੀ ਤੇ ਕਬੀਲੇ ਦੇ ਸੰਤਾਂ ਨੂੰ ਪੂਜਦੇ ਹਨ। ਇਨ੍ਹਾਂ ਵਿਚੋਂ ਕੁਝ ਲੋਕ ਮਾਨਸਾ, ਬਠਿੰਡਾ, ਮੋਗਾ ਅਤੇ ਫਿਰੋਜ਼ਪੁਰ ਦੇ ਇਲਾਕਿਆਂ ਵਿੱਚ ਵੀ ਜਾ ਵਸੇ ਹਨ। ਸ਼ੁਰੂ-ਸ਼ੁਰੂ ਵਿੱਚ ਤਪਾ ਇਨ੍ਹਾਂ ਦੀਆਂ ਸਰਗਰਮੀਆਂ ਦਾ ਮੁੱਖ ਕੇਂਦਰ ਸੀ ਜਿਸ ਕਾਰਨ ਇਨ੍ਹਾਂ ਦਾ ਨਾਂ ਤੱਪੇ ਦੇ ਬਾਜ਼ੀਗਰ ਪੈ ਗਿਆ। ਆਰਥਿਕ ਪੱਖੋਂ ਇਹ ਲੋਕ ਕਾਫ਼ੀ ਕਮਜ਼ੋਰ ਹਨ ਅਤੇ ਇਨ੍ਹਾਂ ਵਿਚ ਸਿੱਖਿਆ ਦੀ ਦਰ ਵੀ ਬਹੁਤ ਘੱਟ ਹੈ। ਇਹ ਲੋਕ ਖੇਤ ਮਜ਼ਦੂਰੀ, ਪਸ਼ੂ ਪਾਲਣ ਅਤੇ ਫੇਰੀ ਆਦਿ ਦਾ ਕੰਮ ਕਰਕੇ ਆਪਣਾ ਗੁਜ਼ਾਰਾ ਕਰਦੇ ਹਨ।

6. ਸਥਾਨਕ ਬਾਜ਼ੀਗਰ:- ਸਥਾਨਕ ਬਾਜ਼ੀਗਰਾਂ ਨੂੰ ਬਾਕੀ ਸਾਰੇ ਬਾਜ਼ੀਗਰ ਆਪਣੀ ਬੋਲੀ ਵਿੱਚ 'ਦੇਸੀ ਬਾਜ਼ੀਗਰ' ਕਹਿੰਦੇ ਹਨ। ਇਹ ਉਹ ਲੋਕ ਹਨ ਜਿਹੜੇ ਆਦਿ ਕਾਲ ਤੋਂ ਪੰਜਾਬ ਦੇ ਪਿੰਡਾਂ ਵਿੱਚ ਵਸੇ ਹੋਏ ਹਨ। ਇਸੇ ਕਰਕੇ ਇਨ੍ਹਾਂ ਦੀ ਬੋਲੀ, ਪਹਿਰਾਵਾ ਅਤੇ ਰਸਮਾਂ ਰੀਤਾਂ ਪੰਜਾਬੀ ਸਭਿਆਚਾਰ ਵਿਚ ਢਲ ਚੁੱਕੀਆਂ ਹਨ। ਪੰਜਾਬ, ਰਾਵੀ ਤੇ ਤਪੇ ਦੇ ਬਾਜ਼ੀਗਰ ਕਬੀਲੇ ਇਨ੍ਹਾਂ ਲੋਕਾਂ ਨਾਲ ਰਿਸ਼ਤੇ ਨਾਤੇ ਨਹੀਂ ਕਰਦੇ ਤੇ ਇਨ੍ਹਾਂ ਲੋਕਾਂ ਦਾ ਆਪਸੀ ਤਾਲਮੇਲ ਵੀ ਬਹੁਤ ਘੱਟ ਹੈ। ਇਹਨਾਂ ਦੀ ਗਿਣਤੀ ਭਾਰਤ ਪਾਕਿ ਵੰਡ ਵੇਲੇ ਪੂਰਬੀ ਪੰਜਾਬ ਵਿੱਚ ਹਿਜ਼ਰਤ ਕਰਕੇ ਆਏ ਬਾਜ਼ੀਗਰਾਂ ਦੇ ਮੁਕਾਬਲੇ ਬਹੁਤ ਘੱਟ ਹੈ। ਇਹਨਾਂ ਵਿੱਚ ਸਿੱਖਿਆ ਦੀ ਦਰ ਕਾਫ਼ੀ

ਜ਼ਿਆਦਾ ਹੈ। ਇਨ੍ਹਾਂ ਦੀ ਮੂਲ ਭਾਸ਼ਾ ਅਤੇ ਰਸਮਾਂ ਰੀਤਾਂ ਲਗਭਗ ਖਤਮ ਹੋਣ ਦੇ ਕਿਨਾਰੇ ਹਨ। ਇਨ੍ਹਾਂ ਦਾ ਰਹਿਣ ਸਹਿਣ ਅਤੇ ਜੀਵਨ ਪੱਧਰ ਵੀ ਪੰਜਾਬੀ ਰੰਗਣ ਵਾਲਾ ਹੈ। ਇਹ ਦੇਵੀ ਦੇਵਤਿਆਂ ਤੇ ਸਿੱਖ ਧਰਮ ਨੂੰ ਮੰਨਦੇ ਹਨ।

ਬਾਜ਼ੀਗਰ ਕਬੀਲੇ ਦੀ ਆਪਣੀ ਇੱਕ ਪੂਰੀ ਤਰ੍ਹਾਂ ਵਿਕਸਤ ਮੌਖਿਕ ਭਾਸ਼ਾ ਹੈ ਜਿਸਨੂੰ ਗੌਰ ਭਾਸ਼ਾ ਕਿਹਾ ਜਾਂਦਾ ਹੈ। ਸਾਰਾ ਬਾਜ਼ੀਗਰ ਕਬੀਲਾ ਆਪਣੀ ਇਸ ਮਾਤ ਭਾਸ਼ਾ ਨੂੰ ਆਪਸੀ ਗੱਲਬਾਤ ਅਤੇ ਸੰਚਾਰ ਲਈ ਵਰਤਦਾ ਹੈ। ਇਸ ਤੋਂ ਇਲਾਵਾ ਬਾਜ਼ੀਗਰ ਕਬੀਲੇ ਦੀ ਆਪਣੀ ਇੱਕ ਲੁਕਵੀਂ ਭਾਸ਼ਾ ਵੀ ਹੈ ਜਿਸਦਾ ਹੁਣ ਵੀ ਕਈ ਖ਼ਾਸ ਹਾਲਤਾਂ ਵਿਚ ਇਸਤੇਮਾਲ ਕੀਤਾ ਜਾਂਦਾ ਹੈ। ਇਸ ਭਾਸ਼ਾ ਨੂੰ ਕਬੀਲੇ ਦੇ ਲੋਕ 'ਪਾਰਸੀ' ਦਾ ਨਾਂ ਦਿੰਦੇ ਹਨ। ਇਸ ਭਾਸ਼ਾ ਦਾ ਕੋਈ ਲਿਖਤੀ ਪ੍ਰਮਾਣ ਜਾ ਲਿੱਪੀ ਆਦਿ ਨਹੀਂ ਮਿਲਦੀ। ਬਾਜ਼ੀਗਰ ਲੋਕਾਂ ਦੀਆਂ ਕਹਾਣੀਆਂ ਅਤੇ ਗੀਤ ਵੀ ਇਸੇ ਭਾਸ਼ਾ ਵਿੱਚ ਬੋਲੇ ਜਾਂਦੇ ਹਨ। ਇਹ ਬੋਲੀ ਬੜੀ ਸਹਿਜ ਅਤੇ ਮਿੱਠੀ ਹੈ। ਬਾਜ਼ੀਗਰ ਬੋਲੀ ਦੀਆਂ ਕੁਝ ਉਦਾਹਰਨਾਂ ਇਸ ਪ੍ਰਕਾਰ ਹਨ :-

ਪੰਜਾਬੀ	**ਬਾਜ਼ੀਗਰੀ**	**ਬਾਜ਼ੀਗਰੀ ਪਾਰਸੀ**
ਉਹ ਆ ਗਿਆ ਹੈ	ਊ ਆ ਗਿਓ ਛਾ	ਨਾਟੀ ਏਵ ਗਿਓ ਛਾ
ਉਹ ਆ ਗਈ ਹੈ	ਊ ਆ ਗਈ ਛਾ	ਪੋਰਨੀ ਏਵ ਗਈ ਛਾ
ਦੁੱਧ ਪੀ ਲੈ	ਦੂਧ ਪੀਲਾ	ਹਾਲਗਾ ਟੇਗ ਲਾ
ਕੀ ਹਾਲ ਹੈ	ਕਾਈਂ ਹਾਲ ਛਾ	ਕਾਈਂ ਡੋਲੇਂ ਛੀਂ
ਤੂੰ ਚਲਾ ਜਾ	ਤੂੰ ਚਲੇ ਜੋ	ਤੂੰ ਜਾਗਲ ਪਰੇਂ
ਰੋਟੀ ਖਾ ਲਏ	ਬਾਟੀ ਖਾਲ਼ਾ	ਢੁਆਰੀ ਟੇਗ ਲਾ
ਚੁੱਪ ਕਰ	ਚੁੱਪ ਕਰਜੋ	ਨੁੱਪ ਕਤਾੜ
ਬੱਚਾ ਰੋ ਰਿਹਾ ਹੈ	ਛੋਰ੍ਹਾ ਰੋਏ ਰਿਓ ਛਾ	ਨਿਕੋ ਚਰੂੰਟ ਪੜਿਓ

ਭਾਵੇਂ ਬਾਜ਼ੀਗਰ ਕਬੀਲਾ ਬਾਹਰਲੇ ਲੋਕਾਂ ਨਾਲ ਗੱਲਬਾਤ ਕਰਨ ਲੱਗਿਆਂ ਉਨ੍ਹਾਂ ਦੀ ਜ਼ੁਬਾਨ ਵਿੱਚ ਹੀ ਗੱਲਬਾਤ ਕਰਦਾ ਹੈ ਪਰ ਘਰ ਆਉਂਦਿਆਂ ਹੀ ਗੱਲਬਾਤ ਆਪਣੀ ਭਾਸ਼ਾ ਵਿੱਚ ਸ਼ੁਰੂ ਹੋ ਜਾਂਦੀ ਹੈ। ਘਰ ਵਿੱਚ ਹੋਰ ਭਾਸ਼ਾ ਬੋਲਣਾ ਉਨ੍ਹਾਂ ਹੀ ਓਪਰਾ ਅਤੇ ਮਾੜਾ ਗਿਣਿਆ ਜਾਂਦਾ ਹੈ ਜਿਨਾਂ ਪੰਜਾਬੀ ਬੋਲਣ ਵਾਲੇ ਕਿਸੇ ਹੋਰ ਭਾਸ਼ਾ ਨੂੰ ਮਾੜਾ ਸਮਝਦੇ ਹਨ। ਭਾਵੇਂ ਕਬੀਲੇ ਦੇ ਲੋਕ ਪੜ੍ਹ ਲਿਖ ਕੇ ਬਹੁਤ ਉੱਚੇ ਅਹੁਦਿਆਂ ਤੇ ਤੈਨਾਤ ਹਨ ਇਸਦੇ ਬਾਵਜੂਦ ਵੀ ਸਾਰੇ ਕਬੀਲੇ ਵਿੱਚ ਆਪਣੀ ਭਾਸ਼ਾ ਨੂੰ ਹੀ ਮਾਣ ਅਤੇ ਵਡਿਆਈ ਦਿੱਤੀ ਜਾਂਦੀ ਹੈ। ਦੂਸਰੀਆਂ ਭਾਸ਼ਾਵਾਂ ਅਤੇ ਅੰਗਰੇਜ਼ੀ ਬੋਲਣ ਵਾਲੇ ਨੂੰ **'ਕੌਰ ਈ ਬਣ ਗਿਓ'** ਦਾ ਤਾਅਨਾ ਮਾਰਿਆ ਜਾਂਦਾ ਹੈ ਜਿਸਦਾ ਮਤਲਬ ਹੈ ਇਹ ਬੰਦਾ ਹੁਣ ਆਪਣੇ ਕਬੀਲੇ ਦੇ ਯੋਗ ਨਹੀਂ ਰਿਹਾ।

ਬਾਜ਼ੀਗਰ ਕਬੀਲੇ ਦਾ ਆਪਣਾ ਹੀ ਇੱਕ ਨਿਆਂ ਪ੍ਰਬੰਧ ਹੈ। ਅੱਜ ਵੀ ਫ਼ੌਜਦਾਰੀ ਅਤੇ ਦੀਵਾਨੀ ਝਗੜੇ ਇਨ੍ਹਾਂ ਦੀ ਆਪਣੀ ਮਹਾਂਸਭਾ ਜਿਸਨੂੰ 'ਢੋਅ' ਆਖਦੇ ਹਨ ਵਿੱਚ ਬੈਠਕੇ ਨਬੇੜੇ ਜਾਂਦੇ ਹਨ। ਭਾਵੇਂ ਕਿ ਕਈ ਪੀੜਤ ਧਿਰਾਂ ਆਪਣੀ ਸ਼ਿਕਾਇਤ

ਥਾਣਿਆਂ ਕਚਹਿਰੀਆਂ ਵਿੱਚ ਵੀ ਲੈ ਜਾਂਦੀਆਂ ਹਨ ਪਰ ਅੱਜ ਵੀ ਇਨ੍ਹਾਂ ਝਗੜਿਆਂ ਦਾ ਅੰਤ ਕਬੀਲੇ ਦੀ ਪੰਚਾਇਤ ਵਿੱਚ ਆ ਕੇ ਹੀ ਹੁੰਦਾ ਹੈ। ਕਬੀਲੇ ਦੀ ਪੰਚਾਇਤ ਵਿੱਚ ਜ਼ਿਆਦਾ ਝਗੜੇ ਵਿਆਹ ਪ੍ਰਬੰਧ ਨਾਲ ਸਬੰਧਤ ਹੁੰਦੇ ਹਨ ਜਿਹੜੇ ਕਿ ਕਬੀਲੇ ਦੀ ਮਹਾਂਸਭਾ 'ਢੋਅ' ਦੁਆਰਾ ਕਈ ਵੱਖ ਵੱਖ ਬੈਠਕਾਂ ਕਰਕੇ ਬਹੁਤ ਹੀ ਸਹਿਜ ਢੰਗ ਨਾਲ ਨਿਪਟਾਏ ਜਾਂਦੇ ਹਨ। ਅੱਜ ਦੇ ਇਸ ਗਲੋਬਲ ਯੁੱਗ ਵਿਚ ਭਾਵੇਂ ਕਿ ਬਾਜ਼ੀਗਰ ਕਬੀਲੇ ਨੇ ਹਰ ਪੱਖੋਂ ਵਿਕਾਸ ਕੀਤਾ ਹੈ। ਪਰ ਫਿਰ ਵੀ ਬਾਜ਼ੀਗਰ ਕਬੀਲੇ ਨੇ ਆਪਣੀ ਭਾਸ਼ਾ ਅਤੇ ਸਭਿਆਚਾਰ ਦੀਆਂ ਸੂਖ਼ਮ ਪਰਤਾਂ ਅਤੇ ਵਰਤਾਰੇ ਨੂੰ ਮੂਲ ਰੂਪ ਵਿੱਚ ਬਣਾਕੇ ਰੱਖਿਆ ਹੋਇਆ ਹੈ। ਇਹੀ ਇਸ ਕਬੀਲੇ ਦੇ ਅਧਿਐਨ ਦੀ ਖਾਸ ਵਿਸ਼ੇਸ਼ਤਾ ਹੈ।

ਬਾਜ਼ੀਗਰ ਕਬੀਲੇ ਦੀ ਇਤਿਹਾਸਕ ਪਿੱਠ ਭੂਮੀ

ਬਾਜ਼ੀਗਰ ਕਬੀਲੇ ਦਾ ਇਤਿਹਾਸਕ ਪਿਛੋਕੜ ਜਾਨਣ ਲਈ ਇਸ ਕਬੀਲੇ ਨਾਲ ਜੁੜੇ ਇਤਿਹਾਸਕ ਤੱਥਾਂ ਅਤੇ ਦੰਤ ਕਥਾਵਾਂ ਦਾ ਵਿਸਲੇਸ਼ਣ ਕਰਕੇ ਕੁਝ ਕੜੀਆਂ ਜੋੜਨੀਆਂ ਪੈਂਦੀਆਂ ਹਨ। ਬਾਜ਼ੀਗਰ ਕਬੀਲੇ ਦੇ ਇਤਿਹਾਸ ਸਬੰਧੀ ਸਪੱਸ਼ਟ ਅਤੇ ਪ੍ਰਮਾਣਿਕ ਵੇਰਵੇ ਬਹੁਤ ਘੱਟ ਮਿਲਦੇ ਹਨ। ਪਰ ਫਿਰ ਵੀ ਕੁਝ ਇਤਿਹਾਸਕ ਮਿਥਿਹਾਸਕ ਵੇਰਵਿਆਂ ਅਤੇ ਦੰਦ ਕਥਾਵਾਂ ਤੇ ਆਧਾਰ ਤੇ ਕੁਝ ਸਿੱਟੇ ਜ਼ਰੂਰ ਕੱਢੇ ਜਾ ਸਕਦੇ ਹਨ।

ਬਾਜ਼ੀਗਰ ਕਬੀਲੇ ਵਿੱਚ ਇਸਦੇ ਇਤਿਹਾਸ ਸਬੰਧੀ ਪੀੜ੍ਹੀ ਦਰ ਪੀੜ੍ਹੀ ਚਲਦੀਆਂ ਆ ਰਹੀਆਂ ਗੌਰਵਸ਼ਾਲੀ ਮੌਖਿਕ ਕਥਾਵਾਂ ਅਤੇ ਧਾਰਨਾਵਾਂ ਇਸ ਕਬੀਲੇ ਦੇ ਗੌਰਵਮਈ ਇਤਿਹਾਸ ਵੱਲ ਇਸ਼ਾਰਾ ਕਰਦੀਆਂ ਹਨ। ਬਾਜ਼ੀਗਰ ਕਬੀਲੇ ਦੀ ਮਹਾਂ ਪੰਚਾਇਤ ਅਤੇ ਛੋਟੇ ਮੋਟੇ ਇਕੱਠਾਂ ਵਿੱਚ ਇਹ ਗੱਲ ਅਕਸਰ ਦੁਹਰਾਈ ਜਾਂਦੀ ਹੈ ਕਿ ਸਾਡੇ ਖੋਏ ਹੋਏ ਰਾਜ ਭਾਗ ਦੀਆਂ ਚਾਬੀਆਂ ਸਾਨੂੰ ਇੱਕ ਨਾ ਇੱਕ ਦਿਨ ਜ਼ਰੂਰ ਮਿਲਣਗੀਆਂ। ਕਿਹੜਾ ਰਾਜ? ਕਿਹੜਾ ਇਲਾਕਾ? ਇਸ ਸਬੰਧੀ ਕੋਈ ਠੋਸ ਵੇਰਵੇ ਪ੍ਰਾਪਤ ਨਹੀਂ ਹਨ। ਬਾਜ਼ੀਗਰ ਕਬੀਲੇ ਦੇ ਲੋਕ ਆਪਣਾ ਇਤਿਹਾਸਕ ਪਿਛੋਕੜ ਰਾਜਪੂਤ ਰਾਜਿਆਂ ਨਾਲ ਜੋੜਦੇ ਹਨ। ਭਾਰਤ ਵਿੱਚ ਰਾਜਪੂਤ ਰਿਆਸਤਾਂ ਦੇ ਖ਼ੇਰੂੰ ਖ਼ੇਰੂੰ ਹੋ ਜਾਣ ਅਤੇ ਮੁਗ਼ਲ ਸਲਤਨਤ ਦੇ ਸਥਾਪਤ ਹੋ ਜਾਣ ਤੇ ਇਹ ਲੋਕ ਭਾਰਤ ਦੇ ਵੱਖ ਵੱਖ ਹਿੱਸਿਆਂ ਵਿੱਚ ਹਿਜ਼ਰਤ ਕਰ ਗਏ ਜਿਸਦਾ ਮੁੱਖ ਕਾਰਨ ਮਾਣ ਮਰਿਆਦਾ ਅਤੇ ਆਤਮ ਸੁਰੱਖਿਆ ਹੀ ਸੀ। ਇਨ੍ਹਾਂ ਵਿੱਚੋਂ ਜ਼ਿਆਦਾਤਰ ਲੋਕ ਗੁਜਰਾਤ ਅਤੇ ਪਾਕਿਸਤਾਨ ਦੇ ਬਾਰ ਦੇ ਇਲਾਕੇ ਵਿਚ ਪਨਾਹਗੀਰ ਬਣ ਗਏ। ਇਨ੍ਹਾਂ ਲੋਕਾਂ ਤੇ ਮੁਗਲ ਕਾਲ ਦੇ ਸ਼ੁਰੂ ਤੋਂ ਲੈ ਕੇ ਅੰਤ ਤੱਕ ਹਮਲਾਵਰਾਂ ਵਲੋਂ ਏਨੇ ਜ਼ੁਲਮ ਹੋਏ ਕਿ ਇਹ ਲੋਕ ਕਿਸੇ ਬਾਹਰਲੇ ਵਿਅਕਤੀ ਨੂੰ ਆਪਣੀ ਜਾਤ ਅਤੇ ਨਾਂ ਦੱਸਣ ਤੋਂ ਵੀ ਡਰਦੇ ਸਨ। ਜੇ ਕੋਈ ਇਨ੍ਹਾਂ ਨੂੰ ਇਨ੍ਹਾਂ ਦਾ ਨਾਂ ਥਾਂ ਪੁੱਛਦਾ ਤਾਂ ਅੱਗੋਂ ਇਹ ਇਸਦਾ ਉੱਤਰ 'ਮੈਂ ਗੁਆਰ ਛੂੰ' ਆਖ ਕੇ ਦਿੰਦੇ ਜਿਸਦਾ ਭਾਵ ਇਕ ਤੁਛ ਵਿਅਕਤੀ ਹੈ। ਇਹ ਲੋਕ

ਆਪਣੇ ਗੁਜ਼ਾਰੇ ਲਈ ਡਾਚੀਆਂ, ਊਠ, ਮੱਝਾਂ ਅਤੇ ਬੱਕਰੀਆਂ ਪਾਲਦੇ ਹਨ। ਬਾਜ਼ੀਗਰ ਕਬੀਲੇ ਦੇ ਵਰਤੀਆ ਗੋਤ ਦੇ ਲੋਕਾਂ ਦੇ 52 ਪਾੜੇ ਹਨ। ਇਨ੍ਹਾਂ ਦਾ ਮੱਤ ਹੈ ਕਿ ਬਾਜ਼ੀਗਰ ਚਿਤੌੜਗੜ੍ਹ ਦੇ ਮੂਲ ਨਿਵਾਸੀ ਹਨ।[13]

ਬਾਜ਼ੀਗਰ ਕਬੀਲੇ ਦੇ ਲੋਕ ਆਪਣਾ ਪਿੱਛਾ ਮਹਾਰਾਣਾ ਪ੍ਰਤਾਪ, ਜੈਮਲ ਫੱਤਾ ਅਤੇ ਪ੍ਰਿਥਵੀ ਰਾਜ ਚੌਹਾਨ ਨਾਲ ਵੀ ਜੋੜਦੇ ਹਨ। ਬਾਜ਼ੀਗਰ ਕਬੀਲੇ ਵਿਚ 'ਸ਼ਹੀਦ ਬੀਬੀਆਂ' ਦੀਆਂ ਕੰਦੂਰੀਆਂ ਦੇਣ ਸਬੰਧੀ ਇਹ ਕਥਾ ਪ੍ਰਚਲਿਤ ਹੈ : "ਅਕਬਰ ਨੇ ਕਬੀਲੇ ਦੀਆਂ ਚਾਰ ਸੁੰਦਰ ਲੜਕੀਆਂ ਨੂੰ ਬੰਦੀ ਬਣਾ ਲਿਆ ਸੀ ਜਿੰਨ੍ਹਾਂ ਵਿਚ ਜੈਮਲ ਦੀ ਲੜਕੀ 'ਸੰਦਲਾਂ' ਵੀ ਸੀ। ਅਕਬਰ ਇਨ੍ਹਾਂ ਲੜਕੀਆਂ ਨੂੰ ਆਪਣੇ ਰਾਜ ਦਰਬਾਰ ਦੀ ਸ਼ਾਨ ਬਣਾਉਣਾ ਚਾਹੁੰਦਾ ਸੀ। ਇਨ੍ਹਾਂ ਲੜਕੀਆਂ ਨੇ ਅਕਬਰ ਦੀ ਈਨ ਨਾ ਮੰਨਦੇ ਹੋਏ ਅੱਗ ਵਿਚ ਛਾਲ ਮਾਰ ਕੇ ਸ਼ਹਾਦਤ ਦੇ ਦਿੱਤੀ ਸੀ।" ਕਬੀਲੇ ਵਿਚ ਇਨ੍ਹਾਂ ਸ਼ਹੀਦ ਬੀਬੀਆਂ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਕੰਦੂਰੀਆਂ (ਕੰਨਿਆਂ ਭੋਜਨ) ਦਿੱਤੀਆ ਜਾਂਦੀਆਂ ਹਨ। ਕਬੀਲੇ ਵਿਚ ਬੀਬੀਆਂ ਦੀਆਂ ਕੰਦੂਰੀਆ ਦੇਣ ਦੀ ਰਵਾਇਤ ਇਹ ਸਿੱਧ ਕਰਦੀ ਹੈ ਕਿ ਬਾਜ਼ੀਗਰ ਕਬੀਲਾ 'ਮੁਗਲ ਵਿਰੋਧੀ' ਅਤੇ 'ਰਾਜਪੂਤ ਹਿਤੈਸ਼ੀ' ਰਿਹਾ ਹੈ। ਕਬੀਲੇ ਵਿਚ ਪੀੜੀ ਦਰ ਪੀੜੀ ਚਲਦੀਆਂ ਆ ਰਹੀਆਂ ਮੌਖਿਕ ਕਥਾਵਾਂ ਵਿਚ ਇਹ ਸੰਕੇਤਕ ਵੇਰਵੇ ਮਿਲਦੇ ਹਨ ਕਿ 'ਬਾਜ਼ੀਗਰ ਲੋਕ' ਰਾਜਪੂਤ ਸੈਨਾਵਾਂ ਵਿਚ ਉੱਚ ਅਹੁਦਿਆਂ ਤੇ ਤੈਨਾਤ ਲੜਾਕੂ ਸਨ।

ਬਾਜ਼ੀਗਰ ਕਬੀਲਾ ਮੁਗ਼ਲ ਕਾਲ ਤੋਂ ਪਹਿਲਾਂ ਭਾਰਤ ਦੇ ਰਾਜਸਥਾਨ ਰਾਜ ਵਿੱਚ ਬਹੁਤ ਹੀ ਖੁਸ਼ਹਾਲੀ ਭਰਿਆ ਜੀਵਨ ਬਤੀਤ ਕਰ ਰਿਹਾ ਸੀ। ਇਹ ਦੂਰ ਦੁਰਾਡੀਆਂ ਥਾਵਾਂ ਤੇ ਆਪਣਾ ਮਾਲ ਇੱਜੜ ਲੈ ਕੇ ਨਿਕਲ ਜਾਂਦੇ ਸਨ ਤੇ ਲੋੜ ਪੈਣ ਤੇ ਮੌਸਮ ਅਨੁਸਾਰ ਵਾਪਸ ਪਰਤ ਆਉਂਦੇ ਸਨ। ਮੁਗਲਾਂ ਦੇ ਲਗਾਤਾਰ ਹਮਲਿਆਂ ਨੇ ਜਿੱਥੇ ਭਾਰਤੀ ਰਿਆਸਤਾਂ ਨੂੰ ਤਹਿਸ-ਨਹਿਸ ਕਰ ਦਿੱਤਾ ਉੱਥੇ ਰਾਜਪੂਤ ਰਾਜਿਆਂ ਦੀ ਆਪਸੀ ਖਹਿਬਾਜ਼ੀ ਅਤੇ ਲੜਾਈਆਂ ਨੇ ਇਸ ਕਬੀਲੇ ਨੂੰ ਮੂਲੋਂ ਹੀ ਜੜ੍ਹਹੀਣ ਕਰ ਦਿੱਤਾ ਸੀ। ਇਸ ਪ੍ਰਕਾਰ ਹਮਲਿਆਂ ਦੀ ਲਗਾਤਾਰ ਤਬਾਹੀ ਅਤੇ ਅਸੁਰੱਖਿਆ ਦੀ ਭਾਵਨਾ ਨੇ ਇਸ ਕਬੀਲੇ ਨੂੰ ਭਾਰਤ ਦੇ ਹੋਰ ਹਿੱਸਿਆਂ ਵਿੱਚ ਹਿਜ਼ਰਤ ਕਰਨ ਲਈ ਮਜ਼ਬੂਰ ਕਰ ਦਿੱਤਾ। ਇਸ ਪ੍ਰਕਾਰ ਇਹਨਾਂ ਵਿੱਚੋਂ ਬਹੁਤ ਸਾਰੇ ਬਾਜ਼ੀਗਰ ਬਾਰ ਦੇ ਜੰਗਲੀ ਇਲਾਕਿਆਂ ਅਤੇ ਗੁਜਰਾਤ ਦੇ ਉਪਜਾਊ ਇਲਾਕਿਆਂ ਵਿੱਚ ਜਾ ਕੇ ਵੱਸ ਗਏ। ਉੱਥੇ ਇਹ ਲੋਕ ਡਾਚੀਆਂ, ਊਠ ਅਤੇ ਬੱਕਰੀਆਂ ਪਾਲ ਕੇ ਆਪਣਾ ਗੁਜ਼ਾਰਾ ਕਰਨ ਲੱਗ ਪਏ। ਇਹਨਾਂ ਦਾ ਜੀਵਨ ਆਤਮ ਨਿਰਭਰਤਾ ਵਾਲਾ ਸੀ। ਇਹ ਦਿਨ ਵੇਲੇ ਆਪਣਾ ਮਾਲ ਇੱਜੜ ਜੰਗਲ ਬੇਲਿਆਂ ਵਿਚ ਚਾਰਦੇ ਅਤੇ ਰਾਤ ਨੂੰ ਢੋਲੇ ਮਾਹੀਏ ਗਾ ਕੇ ਬਹੁਤ ਹੀ ਖੁੱਲ੍ਹਾ ਡੁੱਲ੍ਹਾ ਅਤੇ ਬੇਪ੍ਰਵਾਹ ਜੀਵਨ ਬਤੀਤ ਕਰਨ ਲੱਗ ਪਏ।

ਲਗਭਗ ਅੱਠਵੀਂ ਸਦੀ ਤੋਂ ਲੈ ਕੇ ਰਾਜਸਥਾਨ ਤੇ ਲਗਾਤਾਰ ਹਮਲਿਆਂ ਨੇ ਜਿੱਥੇ ਇੰਨ੍ਹਾਂ ਲੋਕਾਂ ਨੂੰ ਆਪਣਾ ਮਾਲ ਪਸ਼ੂ ਲੈ ਕੇ ਦੇਸ਼ ਦੇ ਹੋਰ ਹਿੱਸਿਆਂ ਵਿੱਚ

ਨਿਕਲ ਜਾਣ ਲਈ ਮਜ਼ਬੂਰ ਕੀਤਾ ਉੱਥੇ ਨਾਲ ਹੀ 1871 ਵਿੱਚ ਕਬੀਲਿਆਂ ਤੇ ਲਾਗੂ ਹੋਏ ਜਰਾਇਮ ਪੇਸ਼ਾ ਐਕਟ ਨੇ ਕਬੀਲਿਆਂ ਦੀ ਰੀੜ੍ਹ ਤੇ ਗਹਿਰੀ ਸੱਟ ਮਾਰੀ। ਡੇਵਿਡ ਅਰਨੌਲਡ ਅਨੁਸਾਰ ਜਰਾਇਮ ਪੇਸ਼ਾ ਐਕਟ ਉਨ੍ਹਾਂ ਖਾਨਾਬਦੋਸ਼ ਸਮੂਹਾਂ, ਘੁਮੰਤੂ ਵਪਾਰੀਆਂ, ਚਰਵਾਹਿਆਂ, ਪੱਖੀਵਾਸਾਂ, ਪਹਾੜੀਆਂ ਤੇ ਰਹਿਣ ਵਾਲੇ, ਜਾਂਗਲੀ ਲੋਕਾਂ ਅਤੇ ਸੰਖੇਪ ਵਿੱਚ ਉਨ੍ਹਾਂ ਹਾਸ਼ਿਆਗਤ ਲੋਕਾਂ ਲਈ ਸੀ ਜਿਹੜੇ ਬਸਤੀਵਾਦੀ ਢਾਂਚੇ ਦੀਆਂ ਸਥਾਈ ਖੇਤੀ ਅਤੇ ਮਜ਼ਦੂਰੀ ਦੀਆਂ ਲੋੜਾਂ ਤੇ ਖ਼ਰੇ ਨਹੀਂ ਉਤਰਦੇ ਸਨ। ਇਸ ਤਰ੍ਹਾਂ ਬਾਜ਼ੀਗਰ ਕਬੀਲੇ ਦੇ ਲੋਕ ਵੀ ਲੰਮਾ ਸਮਾਂ ਬਰਤਾਨਵੀ ਹਕੂਮਤ ਦੇ ਪੱਖਪਾਤ ਅਤੇ ਜ਼ਿੱਲਤ ਦਾ ਸ਼ਿਕਾਰ ਬਣੇ ਰਹੇ। ਆਜ਼ਾਦੀ ਤੋਂ ਬਾਅਦ ਹੀ ਇਨ੍ਹਾਂ ਲੋਕਾਂ ਨੂੰ ਕੁਝ ਆਰਾਮ ਮਿਲਿਆ ਪਰ ਇਸ ਸਮੇਂ ਤੱਕ ਇਹ ਲੋਕ ਗੁਰਬਤ ਅਤੇ ਮਾੜੀ ਆਰਥਿਕਤਾ ਦਾ ਸ਼ਿਕਾਰ ਹੋ ਚੁੱਕੇ ਸਨ। ਇਹ ਲੋਕ ਹੁਣ ਆਤਮ ਨਿਰਭਰ ਨਾ ਹੋ ਕੇ ਕਿਸਾਨੀ ਤੇ ਨਿਰਭਰ ਹੋ ਗਏ ਸਨ। ਇਸ ਤ੍ਰਹਾਂ ਬਾਜ਼ੀਗਰ ਲੋਕ ਅਨਿਸ਼ਚਿਤਤਾ ਦੇ ਇਕ ਲੰਮੇ ਦੌਰ ਵਿੱਚੋਂ ਗੁਜ਼ਰਦਿਆਂ ਆਪਣਾ ਬੜਾ ਕੁਝ ਗਵਾ ਚੁੱਕੇ ਸਨ।

ਕਬੀਲੇ ਦੇ ਇਤਿਹਾਸ ਸਬੰਧੀ ਵਿਦਵਾਨਾਂ ਅਤੇ ਸਮਾਜ ਸ਼ਾਸਤਰੀਆਂ ਦੀ ਰਾਇ ਵੱਖੋ ਵੱਖਰੀ ਹੈ। ਸਾਰਾ ਬਾਜ਼ੀਗਰ ਕਬੀਲਾ ਖ਼ਾਸ ਤੌਰ ਤੇ ਇਸ ਤਰ੍ਹਾਂ ਦੀਆਂ ਧਾਰਨਾਵਾਂ ਨਾਲ ਜੁੜਿਆ ਹੋਇਆ ਹੈ। ਬਾਜ਼ੀਗਰ ਕਬੀਲੇ ਦੇ ਇਤਿਹਾਸ ਬਾਰੇ ਇਕੱਤਰ ਜਾਣਕਾਰੀ ਤੋਂ ਹੇਠ ਲਿਖੀਆਂ ਮੁੱਖ ਧਾਰਨਾਵਾਂ ਉੱਭਰ ਕੇ ਸਾਹਮਣੇ ਆਉਂਦੀਆਂ ਹਨ :-

ਪਹਿਲੀ ਧਾਰਨਾ : ਬਾਜ਼ੀਗਰ ਕਬੀਲੇ ਦੇ ਬਜ਼ੁਰਗਾਂ ਅਤੇ ਸਿਆਣੇ ਲੋਕ ਇਹ ਕਥਾ ਅਕਸਰ ਦੁਹਰਾਉਂਦੇ ਰਹੇ ਹਨ ਕਿ ਪੂਰੀ ਦਿੱਲੀ ਤੇ ਸਾਡਾ ਰਾਜ ਸੀ। ਮੁਗਲਾਂ ਅਤੇ ਤੁਰਕਾਂ ਨਾਲ ਲੰਬੇ ਸਮੇਂ ਤੱਕ ਸੰਘਰਸ਼ ਕਰਦੇ ਕਰਦੇ ਸਾਡੇ ਰਾਜੇ ਅਤੇ ਸਰਦਾਰ ਬੁਰੀ ਤਰ੍ਹਾਂ ਟੁੱਟ ਗਏ ਸਨ। ਅੰਤ ਉਨ੍ਹਾਂ ਦੀ ਹਾਰ ਹੋਈ ਅਤੇ ਸਾਡੇ ਲੋਕਾਂ ਨੇ ਜੰਗਲ ਵਿਚ ਜਾ ਪਨਾਹ ਲਈ ਅਤੇ ਖ਼ਾਨਾਬਦੋਸ਼ ਜ਼ਿੰਦਗੀ ਜਿਊਣ ਲੱਗ ਪਏ।

ਦੂਜੀ ਧਾਰਨਾ:- ਇਸ ਧਾਰਨਾ ਅਨੁਸਾਰ ਬਾਜ਼ੀਗਰ ਕਬੀਲੇ ਦੇ ਪੂਰਵਜ਼ ਦ੍ਰਾਵਿੜ ਹਨ। ਇਸ ਪ੍ਰਕਾਰ ਬਾਜ਼ੀਗਰ ਭਾਰਤ ਦੀਆਂ ਮੂਲ ਆਦਮ ਜਾਤੀਆਂ ਦੇ ਵੰਸ਼ਜ ਹਨ। ਕਬੀਲੇ ਦੇ ਕਾਫ਼ੀ ਸਮੂਹ ਜਿਨ੍ਹਾਂ ਨੂੰ ਵਿਦੇਸ਼ੀ ਮੁਲਕਾਂ ਵਿੱਚ ਜਿਪਸੀ (Gypsy) ਕਿਹਾ ਜਾਂਦਾ ਹੈ, ਉਹ ਸਾਰੇ ਲੋਕ ਭਾਰਤ ਵਿੱਚੋਂ ਹੀ ਵਿਦੇਸ਼ਾਂ ਵੱਲ ਗਏ ਹਨ। ਬਾਜ਼ੀਗਰ ਵਣਜਾਰਿਆਂ ਦਾ ਟਾਂਡਾ (caravan) ਜਦੋਂ ਕੁਝ ਦਿਨਾਂ ਲਈ ਕਿਸੇ ਥਾਂ ਤੇ ਰੁਕਦਾ ਸੀ ਤਾਂ ਪੱਖੀਆਂ ਦਾ ਦਰਵਾਜ਼ਾ ਜਾਂ ਮੂੰਹ ਪੂਰਬ ਦਿਸ਼ਾ ਵੱਲ ਰੱਖਿਆ ਜਾਂਦਾ ਸੀ। ਕਿਸੇ ਸਮਾਜਿਕ ਸਮਾਰੋਹ ਜਾਂ ਪੰਚਾਇਤ ਵਿੱਚ ਬੈਠਣ ਸਮੇਂ ਬਾਜ਼ੀਗਰ ਗੋਲਾਕਾਰ ਦੀ ਸ਼ਕਲ ਵਿੱਚ ਬੈਠਦੇ ਹਨ। ਰਾਜਪੂਤਾਂ ਵਿੱਚ ਵੀ ਅਜਿਹਾ ਹੀ ਪ੍ਰਚਲਨ ਹੈ ਜਿਹੜਾ ਕਿ ਇਨ੍ਹਾਂ ਦੇ ਰਾਜਪੂਤਾਂ ਨਾਲ ਗਹਿਰੇ ਸਬੰਧਾਂ ਨੂੰ ਸਿੱਧ ਕਰਦਾ ਹੈ।

ਤੀਜੀ ਧਾਰਨਾ :- ਇਸ ਧਾਰਨਾ ਦੇ ਅਨੁਸਾਰ ਕਿਸੇ ਵੇਲੇ ਬੀਕਾਨੇਰ ਅਤੇ ਜੋਧਪੁਰ ਦੇ ਮੱਧ ਵਿੱਚੋਂ 'ਆਕੜਾ' ਨਦੀ ਗੁਜ਼ਰਦੀ ਸੀ। ਨਦੀ ਦਾ ਪਰਵਾਹ ਬਦਲ ਕੇ ਮੁਲਤਾਨ ਵੱਲ ਹੋ ਗਿਆ। ਇਸ ਤਰ੍ਹਾ ਬੀਕਾਨੇਰ ਅਤੇ ਜੋਧਪੁਰ ਬੁਰੀ ਤਰ੍ਹਾਂ ਸੋਕਾਗ੍ਰਸਤ ਹੋ ਗਿਆ ਅਤੇ ਕਾਲ ਵਰਗੀ ਸਥਿਤੀ ਪੈਦਾ ਹੋ ਗਈ ਜਿਸ ਕਰਕੇ ਇਸ ਕਬੀਲੇ ਦੇ ਲੋਕਾਂ ਨੂੰ ਆਪਣੇ ਆਪ ਨੂੰ ਅਤੇ ਆਪਣੇ ਪਸ਼ੂ ਧਨ ਨੂੰ ਬਚਾਉਣ ਲਈ ਹੋਰ ਪ੍ਰਦੇਸ਼ਾਂ ਵੱਲ ਕੂਚ ਕਰਨਾ ਪਿਆ। ਬਾਰ ਦੀ 1881 ਦੀ ਜਨਗਣਨਾ ਵਿੱਚ ਲਿਖਿਆ ਹੋਇਆ ਹੈ ਕਿ ਮੂਲ ਗੌਰ ਵਣਜਾਰਿਆਂ ਅਤੇ ਅੱਜ ਦੇ ਵਣਜਾਰਿਆਂ ਵਿੱਚ ਕੋਈ ਫ਼ਰਕ ਨਹੀਂ ਹੈ ਜਿਨ੍ਹਾਂ ਨੂੰ ਕਿ ਮਦਰਾਸ ਦੀ ਪ੍ਰੈਜ਼ੀਡੈਂਸੀ ਵਿੱਚ ਦੇਵਨੇਰ ਨੇ ਵੇਖਿਆ ਸੀ। ਜਿਸਦਾ ਜ਼ਿਕਰ ਉਸਨੇ ਆਪਣੀਆਂ ਯਾਤਰਾਵਾਂ ਵਿੱਚ ਮਾਰੀ ਜਾਤੀ ਦੇ ਰੂਪ ਵਿੱਚ ਕੀਤਾ ਹੈ ਅਤੇ ਇੱਕਰਈਅਨ ਨੇ ਇਨ੍ਹਾਂ ਦਾ ਜ਼ਿਕਰ ਘੁਮੰਤੂ ਜਾਤੀ ਦੇ ਰੂਪ ਵਿਚ ਕੀਤਾ ਸੀ।[15]

ਚੌਥੀ ਧਾਰਨਾ :- ਬਾਜ਼ੀਗਰ ਕਬੀਲੇ ਦੇ ਲੋਕਾਂ ਸਬੰਧੀ ਗਧਵੱਈਆ ਦੀ ਇਹ ਧਾਰਨਾ ਹੈ ਕਿ ਬਾਜ਼ੀਗਰ ਲੋਕ ਮੁੱਖ ਤੌਰ ਤੇ ਉੱਤਰ ਪੱਛਮੀ ਭਾਰਤ ਦੇ ਚਾਚਾਵਾਰ ਲੋਕ ਹਨ ਜਿਨ੍ਹਾਂ ਦੀ ਬਹੁਤ ਵੱਡੀ ਸੰਖਿਆਂ ਮੱਧ ਪ੍ਰਦੇਸ਼ ਵਿੱਚ ਵਸੀ ਹੋਈ ਹੈ। ਗੌਰ ਵਣਜਾਰੇ ਕਈ ਪ੍ਰਕਾਰ ਦੇ ਨਾਵਾਂ ਨਾਲ ਜਾਣੇ ਜਾਂਦੇ ਹਨ ਜਿਨ੍ਹਾਂ ਵਿੱਚ ਬਲਦੀਆ, ਮਾਰੂ, ਬ੍ਰਹਣੀਆਂ ਆਦਿ। ਇਹ ਵੀ ਗੱਲ ਪ੍ਰਸਿੱਧ ਹੈ ਕਿ ਮਹਾਰਾਣਾ ਲਾਖਾ ਦੇ ਸਮੇਂ 'ਪਿਛੋਲਾ ਝੀਲ' ਵੀ ਵਣਜਾਰਿਆਂ ਨੇ ਹੀ ਬਣਾਈ ਸੀ। ਇਨ੍ਹਾਂ ਲੋਕਾਂ ਦੇ ਰਾਜਸਥਾਨ ਵਿੱਚੋਂ ਹਿਜ਼ਰਤ ਕਰ ਜਾਣ ਦੇ ਮੁੱਖ ਕਾਰਨ ਹੇਠ ਲਿਖੇ ਹਨ:-

1. ਸੋਕਾ ਪੈਣ ਕਾਰਨ ਹੋਰਨਾਂ ਪ੍ਰਦੇਸ਼ਾਂ ਵਿੱਚ ਪਾਣੀ ਦੀ ਭਾਲ ਵਿੱਚ ਨਿਕਲਣਾ
2. ਹਰੀਆਂ ਚਾਰਗਾਹਾਂ ਦੀ ਭਾਲ ਵਿੱਚ ਨਿਕਲਣਾ
3. ਰਾਜਪੂਤ ਰਾਜਿਆਂ ਦੀ ਆਪਸੀ ਖਹਿਬਾਜ਼ੀ ਕਾਰਨ ਉਨ੍ਹਾਂ ਦਾ ਪਰਜਾ ਵੱਲ ਕੋਈ ਧਿਆਨ ਨਾ ਦੇਣਾ
4. ਮੁਗਲਾਂ ਅਤੇ ਹੋਰ ਵਿਦੇਸ਼ੀ ਹਮਲਾਵਰਾਂ ਦੇ ਲਗਾਤਾਰ ਹੋ ਰਹੇ ਹਮਲਿਆਂ ਕਾਰਨ ਇਹ ਲੋਕ ਆਪਣੀ ਧਰਤੀ ਤੇ ਅਸੁਰੱਖਿਅਤ ਮਹਿਸੂਸ ਕਰਨ ਲੱਗ ਪਏ ਸਨ। ਇਸ ਤਰ੍ਹਾਂ ਇਸ ਕਬੀਲੇ ਦੇ ਲੋਕ ਆਪਣੇ ਪਰਿਵਾਰ ਅਤੇ ਪਸ਼ੂ ਆਦਿ ਲੈ ਕੇ ਭਾਰਤ ਦੀਆਂ ਵੱਖ ਵੱਖ ਦਿਸ਼ਾਵਾਂ ਵੱਲ ਕੂਚ ਕਰ ਗਏ। ਇਨ੍ਹਾਂ ਵਿੱਚੋਂ ਬਹੁਤੇ ਲੋਕ ਗੁਜਰਾਤ, ਪਾਕਿਸਤਾਨ ਅਤੇ ਬ੍ਰਜ ਵੱਲ ਵੀ ਗਏ। ਇਸ ਕਬੀਲੇ ਦੇ ਲੋਕਾਂ ਦਾ ਰਹਿਣ ਸਹਿਣ ਅਤੇ ਰੀਤੀ ਰਿਵਾਜ਼ ਬ੍ਰਜ ਦੇ ਰਾਜਪੂਤਾਂ ਨਾਲ ਕਾਫ਼ੀ ਮਿਲਦਾ ਜੁਲਦਾ ਹੈ। ਬ੍ਰਜ ਦੇ ਰਾਜਪੂਤ ਲੋਕਾਂ ਦੇ ਗੋਤਰ ਅਤੇ ਉਪਜਾਤੀਆਂ ਗੌਰ ਵਣਜਾਰਾ ਕਬੀਲੇ ਦੇ ਲੋਕਾਂ ਨਾਲ ਬਿਲਕੁਲ ਮਿਲਦੀਆਂ ਜੁਲਦੀਆਂ ਹਨ।[16]

ਪੰਜਵੀਂ ਧਾਰਨਾ : ਮੋਤੀ ਰਾਜ ਰਾਠੌਰ ਅਨੁਸਾਰ ਸਿੰਧੂ ਘਾਟੀ ਦੀ ਸਭਿਅਤਾ ਹੀ ਬਾਜ਼ੀਗਰ ਬੰਜਾਰਾ ਸਭਿਅਤਾ ਹੈ। ਲੋਕ ਮਨਾਂ ਵਿੱਚ ਵਸੇ ਹੋਏ ਲੋਕ ਗੀਤ ਅਤੇ

ਪ੍ਰੰਪਰਾਵਾਂ ਅਤੇ ਕਾਰ ਵਿਹਾਰ ਗੌਰ ਵਣਜਾਰਿਆਂ ਦਾ ਇਤਿਹਾਸ ਲਿਖਣ ਵਿਚ ਸਹਾਇਕ ਦੀ ਭੂਮਿਕਾ ਨਿਭਾ ਰਹੇ ਹਨ ਜਿਸ ਦੀ ਸਹਾਇਤਾ ਨਾਲ ਬਾਜ਼ੀਗਰ ਬੰਜਾਰਾ ਦੇ ਇਤਿਹਾਸ ਦਾ ਲੇਖਾ ਜੋਖਾ ਪ੍ਰਸਤੁਤ ਕੀਤਾ ਜਾ ਸਕਦਾ ਹੈ। ਸਿੰਧੂ ਘਾਟੀ ਦੀ ਸਭਿਅਤਾ ਦੇ ਅਵਸ਼ੇਸ਼ ਵੀ ਬਾਜ਼ੀਗਰ ਵਣਜਾਰਾ ਸੰਸਕ੍ਰਿਤੀ ਦੇ ਗੀਤ ਗਾਉਂਦੇ ਅਨੁਭਵ ਹੁੰਦੇ ਹਨ। ਸਰ ਜੌਨ ਮਾਰਸ਼ਲ ਨੇ ਸਿੰਧੂ ਘਾਟੀ ਦੀ ਸਭਿਅਤਾ ਨਾਲ ਸਬੰਧਤ ਬਹੁਤ ਸਾਰਾ ਸਾਹਿਤ ਲਿਖਿਆ ਹੈ ਜਿਹੜਾ ਕਿ ਕਈ ਖੰਡਾਂ ਵਿੱਚ ਮਿਲਦਾ ਹੈ। ਇਸ ਸਾਹਿਤ ਦਾ ਵਿਸ਼ਲੇਸ਼ਣ ਕਰਨ ਲੱਗਿਆਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਸਿੰਧੂ ਘਾਟੀ ਦੀ ਸਭਿਅਤਾ ਹੀ ਬਾਜ਼ੀਗਰ ਵਣਜਾਰਾ ਸਭਿਅਤਾ ਹੈ। ਸਿੰਧੂ ਘਾਟੀ ਦੀ ਸਭਿਅਤਾ ਦੀ ਬਾਜ਼ੀਗਰ ਲੋਕਾਂ ਦੇ ਸਭਿਆਚਾਰ ਨਾਲ ਤੁਲਨਾ ਕਰਦਿਆਂ ਇਹ ਗੱਲ ਵੀ ਸਪਸ਼ੱਟ ਹੁੰਦੀ ਹੈ ਕਿ ਅੱਜ ਵੀ ਇਹ ਸਭਿਅਤਾ, ਬਾਜ਼ੀਗਰ ਕਬੀਲੇ ਦੇ ਘਰਾਂ ਅਤੇ ਸਿਰਕੀਆਂ ਵਿੱਚ ਜੀਵਤ ਹੈ।[17]

ਬਾਜ਼ੀਗਰ ਗੌਰ ਵਣਜਾਰੇ ਭਾਰਤ ਦੇ ਹਰ ਇੱਕ ਰਾਜ ਵਿੱਚ ਵਸੇ ਹੋਏ ਹਨ। ਹੁਣ ਅਸੀਂ ਖਾਸ ਤੌਰ ਤੇ ਪੰਜਾਬ ਦੇ ਬਾਜ਼ੀਗਰ ਕਬੀਲੇ ਬਾਰੇ ਗੱਲ ਕਰਦੇ ਹਾਂ। ਆਰੀਆ ਦੀ ਆਮਦ ਤੋਂ ਪਹਿਲਾਂ ਸਿੰਧ ਅਤੇ ਪੰਜਾਬ ਵਿਚ ਅਨੇਕਾਂ ਘੁਮੱਕੜ ਜਨ-ਜਾਤੀਆਂ ਘੁੰਮ ਰਹੀਆਂ ਸਨ ਜਿਨ੍ਹਾਂ ਵਿੱਚੋਂ ਇੱਕ ਬਾਜ਼ੀਗਰ ਗੌਰ ਕਬੀਲਾ ਵੀ ਸੀ। ਬਾਜ਼ੀਗਰ ਵਣਜਾਰੇ ਲੋਕ ਅਫ਼ਗਾਨਿਸਤਾਨ ਦੀ ਅੰਤਿਮ ਸੀਮਾਂ ਤੱਕ ਫੈਲੇ ਹੋਏ ਸਨ। ਇਸ ਕਬੀਲੇ ਦੇ ਕੁਝ ਲੋਕ ਖ਼ੈਬਰ ਦੀ ਖਾੜੀ ਰਾਹੀਂ ਏਸ਼ੀਆ ਦੇ ਹੋਰ ਮੁਲਕਾਂ ਵਿੱਚ ਪਰਵਾਸ ਕਰ ਗਏ। ਇਹ ਲੋਕ ਘੁਮੰਤੂ ਜੀਵਨ (Nomadic life) ਬਤੀਤ ਕਰਨ ਲੱਗ ਪਏ। ਇਨ੍ਹਾਂ ਵਿੱਚੋਂ ਕੁਝ ਲੋਕ ਘੁਮੰਤੂ ਜੀਵਨ ਤਿਆਗ ਕੇ ਉੱਤਰ ਪ੍ਰਦੇਸ਼ ਵਿੱਚ ਵਸ ਗਏ ਜ਼ਿਨ੍ਹਾਂ ਵਿੱਚੋਂ ਕੁਝ ਲੋਕ ਵਪਾਰੀ ਸਨ, ਕਈਆਂ ਦਾ ਜੰਗਲਾਂ ਤੇ ਅਧਿਕਾਰ ਸੀ ਅਤੇ ਕੁਝ ਲੋਕ ਪਰਗਣਿਆਂ ਵਿੱਚ ਸ਼ਾਸ਼ਕ ਦੇ ਰੂਪ ਵਿੱਚ ਰਾਜ ਕਰਦੇ ਸਨ। ਉਨੀਵੀਂ ਸਦੀ ਦੇ ਮੱਧ ਵਿੱਚ ਬਾਜ਼ੀਗਰ ਵਣਜਾਰਾ ਕਬੀਲੇ ਦੇ ਲੋਕਾਂ ਤੋਂ ਜੰਗਲ ਖੇਤੀ ਅਤੇ ਜ਼ਮੀਨਾਂ ਆਦਿ ਖੋਹ ਲਈਆਂ ਗਈਆਂ ਅਤੇ ਇਹ ਲੋਕ ਫਿਰ ਤੋਂ ਬੇਘਰ ਹੋ ਕੇ ਫਿਰਤੂ ਜੀਵਨ ਬਤੀਤ ਕਰਨ ਲੱਗ ਪਏ

ਬਾਜ਼ੀਗਰ ਕਬੀਲੇ ਬਾਰੇ ਪ੍ਰਚਲਤ ਵੱਖ-ਵੱਖ ਦੰਤ ਕਥਾਵਾਂ : ਉਪਰੋਕਤ ਧਾਰਨਾਵਾਂ ਤੋਂ ਇਲਾਵਾ ਵੱਖ ਵੱਖ ਵਿਦਵਾਨਾਂ ਅਤੇ ਕਬੀਲੇ ਦੇ ਲੋਕਾਂ ਰਾਹੀਂ ਪੀੜ੍ਹੀ ਦਰ ਪੀੜ੍ਹੀ ਚਲੀਆਂ ਆ ਰਹੀਆਂ ਦੰਤ ਕਥਾਵਾਂ ਨੂੰ ਵੀ ਬਾਜ਼ੀਗਰ ਕਬੀਲੇ ਦੇ ਇਤਿਹਾਸ ਨਾਲ ਜੋੜ ਕੇ ਵੇਖਿਆ ਜਾਂਦਾ ਹੈ:-

ਪਹਿਲੀ ਕਥਾ : ਇਸ ਕਹਾਣੀ ਅਨੁਸਾਰ ਬਾਜ਼ੀਗਰ ਕਬੀਲੇ ਦੇ ਲੋਕ ਰਮਾਇਣ ਦੇ ਪਾਤਰ ਸੁਗਰੀਵ ਦੇ ਵੰਸ਼ਜ ਹਨ। ਬਾਲੀ ਦੀ ਮੌਤ ਉਪਰੰਤ ਉਸਦੀ ਪਤਨੀ ਤਾਰਾ ਆਪਣੇ ਦਿਉਰ ਸੁਗਰੀਵ ਨਾਲ ਰਹਿਣ ਲੱਗ ਪਈ। ਸੁਗਰੀਵ ਦੇ ਪਰਿਵਾਰ ਵਿੱਚ ਇੱਕ ਖਿੜਾ ਨਾਮਕ ਪੁਰਸ਼ ਪੈਦਾ ਹੋਇਆ, ਅੱਗੇ ਖਿੜਾ ਤੋਂ ਮੌਲਾ ਨਾਮਕ ਪੁਰਸ਼ ਪੈਦਾ ਹੋਇਆ ਜਿਹੜਾ ਕਿ ਕ੍ਰਿਸ਼ਨ ਜੀ ਦੀ ਸੇਵਾ ਕਰਦਾ ਹੁੰਦਾ ਸੀ। ਆਪਣੇ

ਆਖ਼ਰੀ ਸਮੇਂ ਦੌਰਾਨ ਕ੍ਰਿਸ਼ਨ ਜੀ ਨੇ ਆਪਣੀਆਂ ਸਾਰੀਆਂ ਗੋਪੀਆਂ ਨੂੰ ਆਪਣੇ ਭਗਤਾਂ ਦੇ ਲੜ ਲਾ ਦਿੱਤਾ। ਉਸ ਸਮੇਂ ਕ੍ਰਿਸ਼ਨ ਭਗਤ ਮੌਲਾ ਕਿਤੇ ਬਾਹਰ ਗਿਆ ਹੋਇਆ ਸੀ। ਜਦੋਂ ਉਹ ਵਾਪਸ ਆਇਆ ਤਾਂ ਉਹ ਇਹ ਸਭ ਕੁਝ ਦੇਖ ਕੇ ਬਹੁਤ ਦੁਖੀ ਅਤੇ ਕ੍ਰੋਧਿਤ ਹੋਇਆ। ਮੌਲਾ ਕ੍ਰਿਸ਼ਨ ਜੀ ਦਾ ਪਰਮ ਭਗਤ ਸੀ। ਉਸਦੀ ਸੇਵਾ ਦੇ ਇਵਜ਼ ਵੱਜੋਂ ਕ੍ਰਿਸ਼ਨ ਜੀ ਨੇ ਉਸ ਨਾਲ ਰਾਧਾ ਜੀ ਨੂੰ ਭੇਜ ਦਿੱਤਾ। ਮੌਲਾ ਰਾਧਾ ਨੂੰ ਦੇਵੀ ਦਾ ਅਵਤਾਰ ਮੰਨਦਾ ਸੀ। ਉਸਨੇ ਰਾਧਾ ਨੂੰ ਸਵੀਕਾਰ ਤਾਂ ਕਰ ਲਿਆ ਪਰ ਹੁਣ ਉਹ ਉਸਦਾ ਸੇਵਾਦਾਰ ਬਣਕੇ ਰਹਿਣ ਲੱਗ ਪਿਆ। ਸੇਵਾ ਭਾਵਨਾ ਨਾਲ ਮੌਲਾ ਨੇ ਰਾਧਾ ਦਾ ਦਿਲ ਜਿੱਤ ਲਿਆ। ਇਸ ਤਰ੍ਹਾਂ ਉਹ ਨੱਚ ਗਾ ਕੇ ਲੋਕਾਂ ਦਾ ਮੰਨੋਰੰਜਨ ਕਰਕੇ ਆਪਣਾ ਜੀਵਨ ਬਤੀਤ ਕਰਨ ਲੱਗ ਪਏ।

ਇੱਕ ਦਿਨ ਰਾਧਾ ਅਤੇ ਮੌਲਾ ਨੱਚਣ ਗਾਉਣ ਲਈ ਧੰਜੀਘਾਧ, ਭਾਨੋਘਾਧ ਅਤੇ ਜਗਤਘਾਧ ਰਾਜਿਆਂ ਦੇ ਦਰਬਾਰ ਵਿੱਚ ਗਏ। ਇਹ ਰਾਜੇ ਉਨ੍ਹਾਂ ਦੇ ਨੱਚਣ ਗਾਉਣ ਤੋਂ ਬਹੁਤ ਪ੍ਰਸੰਨ ਹੋਏ ਅਤੇ ਕੋਈ ਉਪਹਾਰ ਮੰਗਣ ਲਈ ਕਿਹਾ। ਰਾਧਾ ਨੇ ਇਨ੍ਹਾਂ ਰਾਜਿਆਂ ਤੋਂ ਉਪਹਾਰ ਵਿੱਚ ਉਨ੍ਹਾਂ ਦਾ ਇੱਕ ਇੱਕ ਪੁੱਤਰ ਮੰਗ ਲਿਆ ਜਿਨ੍ਹਾਂ ਦੇ ਨਾਂ ਰਾਠੌਰ, ਪਵਾਰ ਅਤੇ ਚੌਹਾਨ ਸਨ। ਇਨ੍ਹਾਂ ਤਿੰਨਾਂ ਰਾਜਕੁਮਾਰਾਂ ਦਾ ਪਾਲਣ ਪੋਸ਼ਣ ਰਾਧਾ ਅਤੇ ਮੌਲਾ ਨੇ ਕੀਤਾ। ਰਾਧਾ ਅਤੇ ਮੌਲਾ ਇਨ੍ਹਾਂ ਰਾਜਕੁਮਾਰਾਂ ਦੇ ਜਵਾਨ ਹੋਣ ਸਮੇਂ ਇਨ੍ਹਾਂ ਵਿੱਚ ਆਪਣੀ ਸੰਪਤੀ ਵੰਡਕੇ ਵਣਪ੍ਰਸਥ ਆਸ਼ਰਮ ਵਿੱਚ ਚਲੇ ਗਏ। ਸਾਰੀਆਂ ਰਾਜਪੂਤ ਕੌਮਾਂ ਇਨ੍ਹਾਂ ਤਿੰਨਾ ਪੁਰਸ਼ਾਂ ਵਿਚੋਂ ਹਨ। ਇਸ ਕਥਾ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਸੁਗਰੀਵ ਵੀ ਵਣਾਂ ਵਿੱਚ ਰਹਿੰਦਾ ਸੀ ਤੇ ਉਸੇ ਮਾਰਗ ਤੇ ਚਲਦਿਆਂ ਬਾਜ਼ੀਗਰ ਕਬੀਲੇ ਦੇ ਲੋਕ ਵੀ ਲੰਮਾ ਸਮਾਂ ਵਣਾਂ ਦੇ ਵਾਸੀ ਰਹੇ ਹਨ। ਦੂਜਾ ਬਾਜ਼ੀਗਰ ਕਬੀਲੇ ਦੇ ਲੋਕ ਨੱਚਣ ਅਤੇ ਗਾਉਣ ਦੀ ਕਲਾ ਦੇ ਮਾਹਿਰ ਹਨ ਜੋ ਕਿ ਇਨ੍ਹਾਂ ਦਾ ਪਿਤਾ ਪੁਰਖ਼ੀ ਧੰਦਾ ਸੀ। ਇਸ ਪ੍ਰਕਾਰ ਉਪਰੋਕਤ ਕਥਾ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਬਾਜ਼ੀਗਰ ਕਬੀਲੇ ਦੇ ਲੋਕਾਂ ਦਾ ਜਨਮ ਰਾਜਪੂਤ ਕੌਮ ਵਿੱਚੋਂ ਹੀ ਹੋਇਆ ਹੈ।

ਦੂਜੀ ਕਥਾ:- ਇਸ ਕਥਾ ਅਨੁਸਾਰ ਪ੍ਰਮਾਤਮਾ ਨੇ ਖ਼ਲਾਅ ਵਿੱਚ ਇੱਕ ਬੀਜ ਸੁੱਟਿਆ। ਇਸ ਬੀਜ ਤੋਂ ਇੱਕ ਸੁੰਦਰ ਕੰਨਿਆਂ ਪੈਦਾ ਹੋਈ। ਕੰਨਿਆਂ ਨੇ ਆਪਣੇ ਪਸੀਨੇ ਵਿੱਚੋਂ ਇੱਕ ਲੜਕੇ ਨੂੰ ਜਨਮ ਦਿੱਤਾ। ਉਸ ਕੰਨਿਆਂ ਨੇ ਉਸ ਲੜਕੇ ਨਾਲ ਸੰਭੋਗ ਕਰਨ ਦੀ ਇੱਛਾ ਪ੍ਰਗਟ ਕੀਤੀ ਤਾਂ ਉਸ ਲੜਕੇ ਨੇ ਇਹ ਗੱਲ ਸਵੀਕਾਰ ਨਾ ਕੀਤੀ। ਇਸੇ ਉਪਰੰਤ ਕੰਨਿਆਂ ਨੇ ਆਪਣੇ ਪਸੀਨੇ ਤੋਂ ਇੱਕ ਹੋਰ ਲੜਕੇ ਦੀ ਸਿਰਜਣਾ ਕੀਤੀ। ਉਸ ਲੜਕੇ ਨੇ ਵੀ ਉਸਦਾ ਪ੍ਰਸਤਾਵ ਠੁਕਰਾ ਦਿੱਤਾ। ਅਖ਼ੀਰ ਉਸ ਕੰਨਿਆ ਨੇ ਆਪਣੇ ਪਸੀਨੇ ਰਾਹੀਂ ਤੀਜੇ ਲੜਕੇ ਦੀ ਸਿਰਜਣਾ ਕੀਤੀ ਅਤੇ ਉਸ ਅੱਗੇ ਵੀ ਆਪਣੀ ਇੱਛਾ ਪ੍ਰਗਟ ਕੀਤੀ। ਇਸ ਲੜਕੇ ਨੇ ਉਸ ਕੰਨਿਆਂ ਦੀ ਇੱਛਾ ਸਵੀਕਾਰ ਕਰ ਲਈ। ਇਨ੍ਹਾਂ ਦੋਵਾਂ ਨੂੰ ਸ੍ਰਿਸ਼ਟੀ ਦੇ ਪ੍ਰਥਮ ਮਰਦ ਅਤੇ ਔਰਤ ਮੰਨਿਆਂ ਜਾਂਦਾ ਹੈ। ਇਨ੍ਹਾਂ ਦੇ ਪੁੱਤਰ ਦਾ ਨਾਂ ਕੋਸ਼ਧਵਜ ਸੀ। ਅੱਗੋਂ ਕੋਸ਼ਧਵਜ ਦਾ

ਪੁੱਤਰ ਕਰਨ ਅਤੇ ਕਰਨ ਦਾ ਪੁੱਤਰ ਕੱਸ਼ਅਪ ਸੀ। ਕੱਸ਼ਅਪ ਦੇ ਦੋ ਪੁੱਤਰ ਥਿੱਡਾ ਅਤੇ ਚਾਡਾ ਹੋਏ। ਚਾਡਾ ਦੀ ਔਲਾਦ ਪਿੰਡਾਂ ਅਤੇ ਨਗਰਾਂ ਵਿੱਚ ਵਸ ਗਈ। ਇਨ੍ਹਾਂ ਵਿਚੋਂ ਕੁਝ ਲੋਕ ਘੁਮੰਤੂ ਜੀਵਨ ਬਤੀਤ ਕਰਨ ਲੱਗ ਪਏ। ਥਿੱਡੇ ਦੇ ਅੱਗੇ ਪੰਜ ਪੁੱਤਰ ਨਥਾਡ, ਜੁਗਾਡ, ਖ਼ਿਆਦ, ਮੋਤਾ ਅਤੇ ਮੌਲਾ ਪੈਦਾ ਹੋਏ। ਇਸ ਤੋਂ ਅੱਗੇ ਨਥਾਡ ਵਿੱਚੋਂ ਨਾਥ ਪੈਦਾ ਹੋਏ, ਜੁਗਾਡ ਵਿੱਚੋਂ ਜੋਗੀ ਪੈਦਾ ਹੋਏ, ਖ਼ਿਮਾਦ ਵਿੱਚੋਂ ਸ਼ਿਕਲੀਗਰ ਪੈਦਾ ਹੋਏ। ਮੋਤਾ ਵਿੱਚੋਂ ਲਬਾਣੇ ਪੈਦਾ ਹੋਏ ਅਤੇ ਮੌਲਾ ਵਿੱਚੋਂ ਬਾਜ਼ੀਗਰ ਵਣਜਾਰੇ ਪੈਦਾ ਹੋਏ।

ਤੀਜੀ ਕਥਾ : ਇੱਕ ਹੋਰ ਕਥਾ ਅਨੁਸਾਰ ਬਾਜ਼ੀਗਰ ਕਬੀਲੇ ਦੇ ਲੋਕਾਂ ਨੂੰ ਗੌਰ ਜਾਂ ਗੌਰ ਵਣਜਾਰਾ ਵੀ ਕਿਹਾ ਜਾਂਦਾ ਹੈ। ਇਸ ਕਥਾ ਅਨੁਸਾਰ ਬਾਜ਼ੀਗਰ ਕਬੀਲੇ ਦੇ ਲੋਕ ਸ਼ਿਵ ਅਤੇ ਪਾਰਵਤੀ ਦੇ ਵੰਸ਼ਜ ਹਨ ਕਿਉਂਕਿ ਪਾਰਵਤੀ ਨੂੰ ਗੌਰਾਂ ਵੀ ਆਖਿਆ ਜਾਂਦਾ ਹੈ।. ਬਾਜ਼ੀਗਰ ਕਬੀਲੇ ਦੇ ਲੋਕਾਂ ਦਾ ਵਿਸ਼ਵਾਸ਼ ਹੈ ਕਿ ਉਹ ਧਰਤੀ ਦੇ ਸਭ ਤੋਂ ਪੁਰਾਣੇ ਬਾਸ਼ਿੰਦੇ ਹਨ। ਗੌਰਾਂ ਨੇ ਪੰਜ ਬਹੁਤ ਹੀ ਖ਼ੂਬਸੂਰਤ ਪੁੱਤਰਾਂ ਨੂੰ ਜਨਮ ਦਿੱਤਾ। ਸ਼ਿਵ ਜੀ ਨੇ ਉਨ੍ਹਾਂ ਨੂੰ ਭੋਜਨ ਆਦਿਕ ਬਣਾਉਣ ਦੀ ਜ਼ਿੰਮੇਵਾਰੀ ਸੌਂਪੀ ਹੋਈ ਸੀ। ਇਸ ਤਰ੍ਹਾਂ ਉਹ ਰੋਜ਼ ਬਾਹਰ ਜਾਂਦੇ ਅਤੇ ਭੋਜਨ ਪਦਾਰਥਾਂ ਦਾ ਇੰਤਜ਼ਾਮ ਕਰਿਆ ਕਰਦੇ ਸਨ।[18]

ਇਸ ਤਰ੍ਹਾਂ ਇੱਕ ਦਿਨ ਉਹ ਮਾਨਸਰੋਵਰ ਝੀਲ ਦੇ ਕੰਢੇ ਆਰਾਮ ਕਰ ਰਹੇ ਸਨ ਕਿ ਅਚਾਨਕ ਉਨ੍ਹਾਂ ਨੇ ਪੰਜ ਖ਼ੂਬਸੂਰਤ ਪਰੀਆਂ ਨੂੰ ਮਾਨਸਰੋਵਰ ਝੀਲ ਵਿੱਚ ਨਗਨ ਇਸ਼ਨਾਨ ਕਰਦਿਆਂ ਵੇਖਿਆ। ਉਨ੍ਹਾਂ ਨੇ ਪਰੀਆਂ ਨੂੰ ਅਜਿਹਾ ਕਰਨ ਤੋਂ ਵਰਜਿਆ ਪਰ ਪਰੀਆਂ ਨੇ ਉਨ੍ਹਾਂ ਵੱਲ ਕੋਈ ਧਿਆਨ ਨਾ ਦਿੱਤਾ। ਆਖਰ ਉਹ ਉਨ੍ਹਾਂ ਪਰੀਆਂ ਨੂੰ ਕਾਬੂ ਕਰਕੇ ਸ਼ਿਵ ਭੋਲ਼ੇ ਦੇ ਦਰਬਾਰ ਵਿੱਚ ਲੈ ਗਏ। ਸ਼ਿਵ ਭੋਲੇ ਨੂੰ ਪਰੀਆਂ ਦੇ ਭੋਲੇਪਣ ਤੇ ਦਇਆ ਆ ਗਈ ਅਤੇ ਉਨ੍ਹਾਂ ਨੇ ਭੋਲ਼ੀਆਂ ਭਾਲੀਆਂ ਪਰੀਆਂ ਨੂੰ ਮੁਆਫ਼ ਕਰ ਦਿੱਤਾ। ਇਸ ਘਟਨਾ ਤੋਂ ਬਾਅਦ ਪਰੀਆਂ ਨੇ ਫਿਰ ਏਸੇ ਤਰ੍ਹਾਂ ਕੀਤਾ। ਸ਼ਿਵ ਜੀ ਦੇ ਪੁੱਤਰਾਂ ਨੇ ਪਰੀਆਂ ਨੂੰ ਫਿਰ ਤੋਂ ਤਾੜਨਾ ਦਿੱਤੀ ਪਰ ਉਨ੍ਹਾਂ ਤੇ ਕੋਈ ਅਸਰ ਨਾ ਹੋਇਆ। ਇਸ ਘਟਨਾ ਤੋਂ ਬਾਅਦ ਪਰੀਆਂ ਨੂੰ ਫਿਰ ਤੋਂ ਸ਼ਿਵਜੀ ਪਾਸ ਲਿਜਾਇਆ ਗਿਆ। ਇਸ ਤੇ ਸ਼ਿਵ ਭੋਲੇ ਕ੍ਰੋਧਿਤ ਹੋ ਗਏ ਅਤੇ ਉਨ੍ਹਾਂ ਨੇ ਪਰੀਆਂ ਦਾ ਵਿਆਹ ਆਪਣੇ ਪੁੱਤਰਾਂ ਨਾਲ ਕਰ ਦਿੱਤਾ। ਸ਼ਿਵ ਜੀ ਨੇ ਆਪਣੇ ਹਰੇਕ ਪੁੱਤਰ ਨੂੰ ਨਵਾਂ ਜੀਵਨ ਸ਼ੁਰੂ ਕਰਨ ਲਈ ਇੱਕ ਇੱਕ ਬੈਲ ਤੋਹਫ਼ੇ ਵੱਜੋਂ ਦਿੱਤਾ। ਉਨ੍ਹਾਂ ਨੇ ਕਾਨਿਆਂ (ਸਿਰਕੀ) ਦੇ ਪੰਜ ਘਰ ਬਣਾ ਲਏ। ਇਸ ਤਰ੍ਹਾਂ ਹਰੇਕ ਸਿਰਕੀ ਇੱਕ ਟਾਂਡੇ ਦੇ ਰੂਪ ਵਿੱਚ ਵਿਕਸਤ ਹੋ ਗਈ। ਇਸ ਤਰ੍ਹਾਂ ਉਹ ਇੱਕ ਥਾਂ ਤੋਂ ਦੂਜੀ ਥਾਂ ਘੁਮੱਕੜ ਜੀਵਨ ਬਤੀਤ ਕਰਨ ਲੱਗੇ। ਇਨ੍ਹਾਂ ਦਾ ਮੁੱਖ ਧੰਦਾ ਵਪਾਰ ਕਰਨਾ ਸੀ। ਇਸ ਤਰ੍ਹਾਂ ਘੁੰਮ ਫਿਰ ਕੇ ਵਣਜ ਕਰਨ ਵਾਲੇ ਲੋਕਾਂ ਦਾ ਨਾਂ ਵਣਜਾਰਾ ਪੈ ਗਿਆ। ਇਸ ਤਰ੍ਹਾਂ ਘੁੰਮਦੇ ਫਿਰਦੇ ਇਹ ਲੋਕ ਰਾਜਸਥਾਨ ਵਿੱਚ ਪੂਰੀ ਤਰ੍ਹਾਂ ਆਬਾਦ ਹੋ ਗਏ। ਇਸ ਕਬੀਲੇ ਦੇ ਲੋਕ ਇੱਥੋਂ ਦੀਆਂ ਵੱਖ ਵੱਖ ਰਿਆਸਤਾਂ ਦੇ ਸ਼ਾਸ਼ਕ ਵੀ ਰਹੇ

ਅਤੇ ਲੰਮਾ ਸਮਾਂ ਰਾਜਸਥਾਨ ਤੇ ਰਾਜ ਕੀਤਾ। ਮੁਗਲਾਂ ਦੇ ਉਦੈ ਨਾਲ ਇਨ੍ਹਾਂ ਦੀ ਜੜ੍ਹ ਕਮਜ਼ੋਰ ਪੈਣੀ ਸ਼ੁਰੂ ਹੋ ਗਈ।[19]

ਬਾਜ਼ੀਗਰ ਕਬੀਲੇ ਦੇ ਲੋਕ ਆਪਣੇ ਕਬੀਲੇ ਦੇ ਲੋਕਾਂ ਨੂੰ ਸਤਿਕਾਰ ਨਾਲ 'ਗੌਰ' ਅਤੇ ਕਬੀਲੇ ਦੇ ਬਾਹਰਲੇ ਲੋਕਾਂ ਨੂੰ 'ਕੌਰ' ਕਹਿ ਕੇ ਬੁਲਾਉਂਦੇ ਹਨ। ਇਸ ਤਰ੍ਹਾਂ ਜੇ 'ਗੌਰ' ਸ਼ਬਦ ਦਾ ਗਹੁ ਨਾਲ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਗੌਰ ਸ਼ਬਦ ਬੰਗਾਲ ਦੇ ਉਨ੍ਹਾਂ 36 ਰਾਜ ਘਰਾਣਿਆਂ ਨਾਲ ਜਾ ਜੁੜਦਾ ਹੈ ਜਿਨ੍ਹਾਂ ਦਾ ਬੰਗਾਲ ਅਤੇ ਇਸਦੇ ਆਸ ਪਾਸ ਦੇ ਇਲਾਕਿਆਂ ਤੇ ਕਿਸੇ ਸਮੇਂ ਰਾਜ ਰਿਹਾ ਹੈ। ਅੰਗਰੇਜ਼ ਵਿਦਵਾਨਾਂ ਸ਼ੇਰੰਗ ਅਤੇ ਇਲੀਅਟ ਹੋਰਾਂ ਅਨੁਸਾਰ ਕੁਝ ਰਾਜਪੂਤ ਰਾਜਿਆਂ ਅਤੇ ਉਨ੍ਹਾਂ ਦੀ ਪਰਜਾ ਨੇ ਆਪਣੇ ਆਪ ਨੂੰ ਗੌਰ ਰਾਜਪੂਤ ਦੱਸਿਆ ਹੈ। ਸ਼ਾਇਦ ਜਿਹੜੇ ਰਾਜਪੂਤ ਕਰੇਵਾ ਕਰਕੇ ਰਾਜਪੂਤੀ ਗੌਰਵ ਖੋ ਚੁੱਕੇ ਸਨ, ਉਨ੍ਹਾਂ ਰਾਜਪੂਤਾਂ ਨੂੰ ਗੌਰਾਂ ਨਾਲ ਜੋੜ ਦਿੱਤਾ ਜਾਂਦਾ ਹੈ। ਪਰ ਦਿੱਲੀ ਵਿੱਚ ਉਹ ਇਕ ਹੋਰ ਜਾਤੀ ਦਾ ਵੀ ਹਿੱਸਾ ਹਨ। ਗੋਰਵਾਂ ਅਤੇ ਚੋਹਾਨਾਂ, ਦੋਵਾਂ ਰਾਜਪੂਤ ਗੋਤਰਾਂ ਨੂੰ ਵਿਧਵਾ ਵਿਆਹ ਕਰਵਾਉਣ ਕਰਕੇ ਨਫ਼ਤਰ ਵਜੋਂ ਵੱਖਰੇ ਕਬੀਲਿਆਂ ਦੇ ਤੌਰ ਤੇ ਵੀ ਜਾਣਿਆ ਜਾਂਦਾ ਹੈ। ਅੰਗਰੇਜ਼ ਵਿਦਵਾਨ ਮਾਕੋਨਾ ਚਾਈ ਇਨ੍ਹਾਂ ਦੇ ਸੁਭਾਅ ਅਤੇ ਡੀਲ ਡੌਲ ਬਾਰੇ ਵਰਣਨ ਕਰਦੇ ਹੋਏ ਲਿਖਦੇ ਹਨ ਕਿ ਇਹ ਸਰੀਰਕ ਤੌਰ ਤੇ ਰਿਸ਼ਟ-ਪੁਸ਼ਟ ਅਤੇ ਸੁਭਾਅ ਦੇ ਝਗੜਾਲੂ ਹਨ ਤੇ ਕਬੀਲੇ ਵਿੱਚ ਇਨ੍ਹਾਂ ਦਾ ਸੁਭਾਅ ਬੜਾ ਮਿਜ਼ਾਜ ਭਰਿਆ ਹੈ। ਦਿੱਲੀ ਵਿੱਚ ਇਹ ਵਧੀਆ ਕਿਸਾਨ ਹਨ। ਇਸ ਤੋਂ ਇਲਾਵਾ ਇਹ ਸਤਿਕਾਰਯੋਗ ਅਤੇ ਅਗਿਆਕਾਰੀ ਵੀ ਹਨ। ਇਸ ਤਰ੍ਹਾਂ ਬਾਜ਼ੀਗਰ ਕਬੀਲੇ ਸਬੰਧੀ ਪ੍ਰਚਲਿਤ ਛੇਵੀਂ ਧਾਰਨਾ ਵੀ ਬਾਜ਼ੀਗਰ ਕਬੀਲੇ ਦੇ ਲੋਕਾਂ ਦਾ ਇਤਿਹਾਸ ਰਾਜਪੂਤ ਘਰਾਣਿਆਂ ਦੀਆਂ ਜੜ੍ਹਾਂ ਨਾਲ ਜੋੜਦੀ ਹੈ।[20]

ਬਾਜ਼ੀਗਰ ਕਬੀਲੇ ਦੇ ਲੋਕਾਂ ਦਾ ਸਬੰਧ ਰਾਜਪੂਤਾਂ ਦੇ ਬਹਾਦਰ ਤੇ ਸ਼ਕਤੀਸ਼ਾਲੀ ਰਾਜੇ ਪ੍ਰਿਥਵੀ ਰਾਜ ਚੌਹਾਨ ਦੀ ਫ਼ੌਜ ਦੇ ਲੜਾਕੂਆਂ ਨਾਲ ਹੈ। "ਸੰਨ 1191 ਵਿੱਚ ਤਰੈਂ ਦੇ ਸਥਾਨ ਤੇ ਮੁਹੰਮਦ ਗੌਰੀ ਨਾਲ ਹੋਈ ਖੂਨੀ ਲੜਾਈ ਵਿੱਚ ਪ੍ਰਿਥਵੀ ਰਾਜ ਚੌਹਾਨ ਦੀ ਸ਼ਾਨਦਾਰ ਜਿੱਤ ਹੋਈ। ਪਰ 1192 ਮੁਹੰਮਦ ਗੌਰੀ ਦੇ ਦੂਜੇ ਹਮਲੇ ਵਿਚ ਪ੍ਰਿਥਵੀ ਰਾਜ ਚੌਹਾਨ ਨੂੰ ਹਾਰ ਦਾ ਮੂੰਹ ਵੇਖਣਾ ਪਿਆ ਤੇ ਉਸ ਦੀ ਸੈਨਾ ਦੇ ਲੜਾਕੂ ਤਿੰਨ ਵੱਖ-ਵੱਖ ਹਿੱਸਿਆਂ ਵਿੱਚ ਖਿੰਡ ਗਏ। ਜਿਨ੍ਹਾਂ ਵਿਚੋਂ ਕੁਝ ਪਹਾੜਾਂ ਵੱਲ ਨਿਕਲ ਗਏ ਅਤੇ ਅੰਗਰੇਜ਼ਾਂ ਦੇ ਆਉਣ ਤੱਕ ਸੱਤਾ ਹਾਸਲ ਕਰਨ ਲਈ ਸੰਘਰਸ਼ ਕਰਦੇ ਰਹੇ, ਇਹੀ ਲੋਕ ਬਾਅਦ ਵਿੱਚ ਬਾਜ਼ੀਗਰ ਬੰਜਾਰੇ ਕਰਾਉਣ ਲੱਗ ਪਏ।"[21] ਇਸ ਹਨੇਰੇ ਸਮੇਂ ਵਿਚ ਇਹ ਆਪਣੀ ਪਛਾਣ ਨੂੰ ਛੁਪਾਉਣ ਲਈ ਇਹ ਲੋਕ ਅਜਨਬੀ ਲੋਕਾਂ ਨੂੰ ਆਪਣੇ ਨਾਂ ਦੀ ਪੇਛਾਣ 'ਗੌਰ' ਨਾਂ ਨਾਲ ਕਰਾਉਣ ਲੱਗ ਪਏ ਦੇਸ਼ ਦੇ ਕਈ ਰਾਜਾਂ ਵਿੱਚ ਇਨ੍ਹਾਂ ਦਾ ਨਾਂ ਗੌਰ, ਗੌਰਮਾਟੀ ਅਤੇ ਗੌਰਬੰਜ਼ਾਰਾਂ ਪ੍ਰਚਲਤ ਹੋ ਗਿਆ।

ਉਪਰੋਕਤ ਸਾਰੀਆਂ ਧਾਰਨਾਵਾਂ ਅਤੇ ਦੰਤ ਕਥਾਵਾਂ ਦਾ ਵਿਸ਼ਲੇਸ਼ਣ ਕਰਨ ਤੋਂ

ਬਾਅਦ ਇਹ ਤੱਥ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਬਾਜ਼ੀਗਰ ਕਬੀਲੇ ਦੇ ਲੋਕਾਂ ਦਾ ਕਿਸੇ ਨਾ ਕਿਸੇ ਸਮੇਂ ਰਾਜਸਥਾਨ ਅਤੇ ਰਾਜਸਥਾਨੀ ਰਿਆਸਤਾਂ ਨਾਲ ਗਹਿਰਾ ਸਬੰਧ ਰਿਹਾ ਹੈ। ਇਸ ਗੱਲ ਦੇ ਸੰਕੇਤ ਕਈ ਹੋਰ ਖੋਜੀਆਂ ਤੇ ਇਤਿਹਾਸਕਾਰਾਂ ਨੇ ਵੀ ਦਿੱਤੇ ਹਨ। ਰਾਜਸਥਾਨ ਦੇ ਕਈ ਇਲਾਕਿਆਂ ਚਿਤੌੜਗੜ੍ਹ, ਅਜ਼ਮੇਰ, ਜੈਪੁਰ, ਜੈਧਪੁਰ, ਕੋਟਾ, ਬੂੰਦੀ ਤੇ ਮੈਵਾੜ ਵਿਚ ਬੋਲੀ ਜਾਣ ਵਾਲੀ ਗੁਆਰ ਬੋਲੀ ਅਤੇ ਪਹਿਰਾਵਾ ਇਸ ਤੱਥ ਦੀ ਗਵਾਹੀ ਭਰਦੇ ਹਨ। ਬਾਜ਼ੀਗਰ ਕਬੀਲੇ ਦੀ ਭਾਸ਼ਾ ਤੇ ਸਭਿਆਚਾਰ ਵਿਚੋਂ ਰਾਜਸਥਾਨ ਸਭਿਆਚਾਰ ਦੀਆਂ ਪ੍ਰਤੀ ਧੁਨੀਆਂ ਬਹੁਤ ਉੱਚੇ ਤੇ ਸਪਸ਼ਟ ਰੂਪ ਵਿਚ ਸੁਣਾਈ ਦਿੰਦੀਆਂ ਹਨ ਜਿਸਤੋਂ ਇਹ ਸਿੱਧ ਹੁੰਦਾ ਹੈ ਕਿ ਬਾਜ਼ੀਗਰ ਕਬੀਲੇ ਦਾ ਮੂਲ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਰਾਜਸਥਾਨ ਦੀ ਮਿੱਟੀ ਨਾਲ ਜੁੜਿਆ ਹੋਇਆ ਹੈ।

ਹਵਾਲੇ

1. ਡਬਲਿਓ. ਆਰ ਰਿਸ਼ੀ, ਰੋਮਾਨੀ ਪੰਜਾਬੀ ਇੰਗਲਿਸ਼ ਡਿਕਸ਼ਨਰੀ, ਭਾਸ਼ਾ ਵਿਭਾਗ ਪੰਜਾਬ, 1981, ਪੰਨਾ 2.
2. ਉਹੀ, ਪੰਨਾ 7.
3. ਉਹੀ, ਪੰਨਾ 9.
4. ਉਹੀ, ਪੰਨਾ 9.
5. ਭਾਈ ਕਾਨ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪੰਨਾ 851.
6. ਸਰ ਡੈਂਜਿਲ ਚਾਰਲਸ ਇਬਟਸਨ, ਭਾਸ਼ਾ ਵਿਭਾਗ, ਪੰਜਾਬ 1970, ਪੰਨਾ 285.
7. ਜੀ.ਐਸ.ਗੁਰੀਏ, ਭਾਰਤ ਵਿਚ ਜਾਤੀ ਅਤੇ ਨਸਲ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003.
8. ਡਾ. ਗੁਰਮੀਤ ਸਿੰਘ, ਲੋਕਧਾਰਾ ਪਰੰਪਰਾ ਤੇ ਆਧੁਨਿਕਤਾ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ 2006, ਪੰਨਾ 50.
9. ਉਹੀ, ਪੰਨਾ 52.
10. ਉਹੀ, ਪੰਨਾ 53.
11. ਡਾ. ਦਰਿਆ, ਪੰਜਾਬ ਦੇ ਸਾਂਸੀ ਕਬੀਲੇ ਦਾ ਸਭਿਆਚਾਰ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 1997, ਪੰਨੇ 11, 12, 13, 14.
12. ਬਰਿੰਦਰਪਾਲ ਸਿੰਘ (ਸੰਪਾ.), ਕਰਿਮੀਨਲ ਟਰਾਈਬਜ਼ ਆਫ ਪੰਜਾਬ, ਰੋਟਲਜ਼ ਪ੍ਰਕਾਸ਼ਨ, ਲੰਡਨ, ਨਿਊਯੋਰਕ, ਨਵੀਂ ਦਿੱਲੀ 2010, ਪੰਨਾ 23.
13. ਉਹੀ, ਪੰਨਾ 40.
14. ਇੰਦਰ ਰਾਜ ਵਰਤੀਆ, ਗੁਰੂਆਂ ਦੀਆਂ ਸਾਖੀਆਂ ਅਤੇ ਗੌਰ ਵਣਜਾਰੇ, ਓਬਰਾਏ ਪੈਕਰਜ਼ ਅਤੇ ਪ੍ਰਿੰਟਰਜ਼, ਅੰਬਾਲਾ 2000, ਪੰਨਾ 3.
15. ਉਹੀ, ਪੰਨਾ 4.

16. ਉਹੀ, ਪੰਨਾ 4.
17. ਉਹੀ, ਪੰਨਾ 5.
18. ਉਹੀ, ਪੰਨਾ 6.
19. ਉਹੀ, ਪੰਨਾ 7.
20. ਸੁਰਿੰਦਰ ਸਿੰਘ ਰਾਜਪੂਤ, ਪੰਜਾਬ ਦੇ ਜੱਟ ਤੇ ਰਾਜਪੂਤ ਕਬੀਲੇ, ਲਿਟਰੇਚਰ ਹਾਊਸ, ਅੰਮ੍ਰਿਤਸਰ 2006, ਪੰਨਾ 123.
21. ਡਬਲਿਓ. ਆਰ ਰਿਸ਼ੀ, ਰੋਮਾਨੀ ਪੰਜਾਬੀ ਇੰਗਲਿਸ਼ ਡਿਕਸ਼ਨਰੀ, ਭਾਸ਼ਾ ਵਿਭਾਗ ਪੰਜਾਬ, 1981, ਪੰਨਾ 13.

ਬਾਜ਼ੀਗਰ ਕਬੀਲੇ ਦੀਆਂ ਜਨਮ ਰਸਮਾਂ

ਬਾਜ਼ੀਗਰ ਕਬੀਲੇ ਵਿੱਚ ਨਵੀਂ ਵਿਆਹੀ ਇਸਤਰੀ ਦੇ ਗਰਭਵਤੀ ਹੋ ਜਾਣ ਦੀ ਸੂਰਤ ਵਿੱਚ ਘਰ ਵਿੱਚ ਖੁਸ਼ੀ ਵਾਲਾ ਮਾਹੌਲ ਹੁੰਦਾ ਹੈ। ਉਸਦੀ ਮਿਹਨਤ ਅਤੇ ਕੰਮ ਘਟਾ ਦਿੱਤਾ ਜਾਂਦਾ ਹੈ। ਉਸਨੂੰ ਗਰਭ ਦੇ ਸ਼ੁਰੂਆਤੀ ਦਿਨਾਂ ਵਿੱਚ ਕੰਮ ਘੱਟ ਕਰਨ ਅਤੇ ਕੋਈ ਗਰਮ ਤਾਸੀਰ ਦੀ ਚੀਜ਼ ਖਾਣ ਤੋਂ ਵਰਜਿਆ ਜਾਂਦਾ ਹੈ ਤਾਂ ਕਿ ਉਸਦੇ ਬੱਚੇ ਤੇ ਕੋਈ ਮਾੜਾ ਅਸਰ ਨਾ ਪਵੇ। ਜੇਕਰ ਕਬੀਲੇ ਦੀ ਕੋਈ ਇਸਤਰੀ ਵਿਆਹ ਤੋਂ ਬਾਅਦ ਜਲਦੀ ਜਲਦੀ ਗਰਭਵਤੀ ਨਾ ਹੋਵੇ ਤਾਂ ਉਸਨੂੰ ਘਰ ਅਤੇ ਕਬੀਲੇ ਦੀਆਂ ਸਿਆਣੀਆਂ ਇਸਤਰੀਆਂ 'ਕਾਂਈਂ ਛਾ' ਕਹਿ ਕੇ ਗਰਭ ਬਾਰੇ ਵਾਰ-ਵਾਰ ਪੁੱਛਦੀਆਂ ਹਨ। ਜਿਸਦਾ ਭਾਵ 'ਬੱਚੇ ਦੀ ਆਸ' ਤੋਂ ਹੈ। ਇਹ ਗੱਲ ਕਈ ਵਾਰ ਨਵੀਂ ਵਿਆਹੀ ਇਸਤਰੀ ਨੂੰ ਪ੍ਰੇਸ਼ਾਨ ਵੀ ਕਰਦੀ ਹੈ। ਜੇਕਰ ਉਹ ਜਲਦੀ ਗਰਭਵਤੀ ਨਾ ਹੋਵੇ ਤਾਂ ਫਿਰ ਕਈ ਤਰ੍ਹਾਂ ਦੇ ਦੇਸੀ ਆਹੁੜ ਪਾਹੁੜ ਕੀਤੇ ਜਾਂਦੇ ਹਨ। ਇਸ ਤਰ੍ਹਾਂ ਦੇ ਆਹੁੜ ਪਹੁੜ ਖ਼ਾਸ ਤੌਰ ਤੇ ਕਬੀਲੇ ਦੀਆਂ ਦਾਈਆਂ ਅਤੇ ਕਬੀਲੇ ਦੇ ਸਾਧਾਂ ਸੰਤਾਂ ਦੁਆਰਾ ਕੀਤੇ ਜਾਂਦੇ ਹਨ।

ਬਾਜ਼ੀਗਰ ਕਬੀਲੇ ਵਿੱਚ ਗਰਭਵਤੀ ਇਸਤਰੀ ਨੂੰ ਗਰਭ ਦੇ ਤਿੰਨ ਮਹੀਨੇ ਬਾਅਦ ਵਾਲੀ ਖ਼ੁਰਾਕ ਵਿੱਚ ਦੇਸੀ ਘਿਉ ਵਿਸ਼ੇਸ਼ ਤੌਰ ਤੇ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਸੁੰਡ, ਨਾਰੀਅਲ ਅਤੇ ਕਾਲੀ ਹਰੜ ਦਾ ਚੂਰਾ ਵੀ ਦਿੱਤਾ ਜਾਂਦਾ ਹੈ ਤਾਂ ਕਿ ਗਰਭਵਤੀ ਇਸਤਰੀ ਦੀ ਸਿਹਤ ਤੰਦਰੁਸਤ ਬਣੀ ਰਹੇ ਅਤੇ ਜਣੇਪਾ ਸੌਖ ਨਾਲ ਹੋ ਜਾਵੇ। ਕਬੀਲੇ ਦੀ ਗਰਭਵਤੀ ਇਸਤਰੀ ਨੂੰ ਤਣਾਅ ਭਰੇ ਮਾਹੌਲ ਅਤੇ ਮਰਗਤ ਵਾਲੀ ਥਾਂ ਤੇ ਜਾਣਾ ਵਰਜਿਤ ਹੁੰਦਾ ਹੈ। ਗਰਭਵਤੀ ਇਸਤਰੀ ਨੂੰ ਕੁੱਖੋਂ ਸੱਖਣੀ ਇਸਤਰੀ ਦੇ ਮੱਥੇ ਲੱਗਣ ਦਾ ਟੈਬੂ ਪ੍ਰਚਲਿਤ ਹੈ। ਗਰਭਵਤੀ ਇਸਤਰੀ ਨੂੰ ਟੂਣੇ ਟਾਮਣ ਵਾਲੀ ਥਾਂ ਤੋਂ ਲੰਘਣਾ ਅਤੇ ਟੂਣੇਹਾਰੀ ਇਸਤਰੀ ਦੇ ਮੱਥੇ ਲੱਗਣ ਤੋਂ ਵਰਜ ਦਿੱਤਾ ਜਾਂਦਾ ਹੈ। ਗਰਭਕਾਲ ਦੌਰਾਨ ਬਾਜ਼ੀਗਰ ਇਸਤਰੀ ਘਰ ਦੇ ਭੋਜਨ ਵਿੱਚ 'ਦੁੱਧ ਦੀ ਕੜੀ' ਦਾ ਖਾਸ ਤੌਰ ਤੇ ਇਸਤੇਮਾਲ ਕਰਦੀ ਹੈ ਜਿਹੜੀ ਕਿ ਗਰਭ ਵਿੱਚ ਪਲ ਰਹੇ ਬੱਚੇ ਦੀ ਸਿਹਤ ਲਈ ਬਹੁਤ ਲਾਹੇਵੰਦ ਹੁੰਦੀ ਹੈ। ਇਸ ਵਿੱਚ ਪਿਆਜ਼, ਹਰੀ ਮਿਰਚ, ਕਾਲੀ ਮਿਰਚ, ਲੂਣ, ਹਿੰਗ ਅਤੇ ਵੱਡੀ ਇਲਾਚੀ ਆਦਿ ਨੂੰ ਦੇਸੀ ਘਿਓ ਵਿੱਚ ਤੜਕਾ ਲਾ ਕੇ ਲੋੜ ਅਨੁਸਾਰ ਦੁੱਧ ਪਾ ਦਿੱਤਾ ਜਾਂਦਾ ਹੈ। 'ਦੁੱਧ ਦੀ ਕੜੀ' ਸਾਰੇ ਪਰਿਵਾਰ ਲਈ ਵੀ ਹੁੰਦੀ ਹੈ। ਜੇਕਰ ਘਰ ਵਿੱਚ ਰੋਟੀ ਖਾਣ ਲਈ ਫੌਰੀ ਦਾਲ ਸਬਜ਼ੀ ਤਿਆਰ ਕਰਨੀ ਤਾਂ ਉਸਦੀ ਥਾਂਵੇ 'ਦੁੱਧ ਦੀ ਕੜੀ' ਤਿਆਰ ਕੀਤੀ ਜਾਂਦੀ ਹੈ। ਜੰਗਲੀ ਜੀਵਨ ਦੌਰਾਨ ਇਸ ਵਿੱਚ ਪਾਂਡੂ ਮਿੱਟੀ ਦੇ ਰੋੜ ਪਾਏ ਜਾਂਦੇ ਸਨ।

ਗਰਭਵਤੀ ਇਸਤਰੀ ਆਪਣੀ ਇੱਛਾ ਅਨੁਸਾਰ ਕੋਈ ਖੱਟੀ ਜਾਂ ਮਿੱਠੀ ਚੀਜ਼ ਖਾ ਸਕਦੀ ਹੈ। ਵਿੱਚ ਇਮਲੀ, ਮਿੱਠੇ ਚੌਲ ਅਤੇ ਕੜਾਹ ਆਦਿ ਸ਼ਾਮਲ ਹਨ।

ਬੱਚੇ ਦਾ ਜਨਮ : ਬਾਜ਼ੀਗਰ ਕਬੀਲੇ ਵਿੱਚ ਬੱਚੇ ਦੇ ਜਨਮ ਸਮੇਂ ਕਬੀਲੇ ਦੀ ਦਾਈ ਅਤੇ ਦੋ ਚਾਰ ਸਿਆਣੀਆਂ ਇਸਤਰੀਆਂ ਜਣੇਪੇ ਵਿੱਚ ਸਹਾਈ ਹੁੰਦੀਆਂ ਹਨ। ਗਰਭਵਤੀ ਇਸਤਰੀ ਨੂੰ ਜਣਨ ਪੀੜਾ ਸ਼ੁਰੂ ਹੋਣ ਤੇ ਉਸਦੀ ਸੱਸ ਦੁਆਰਾ ਆਪਣੇ ਪਰਿਵਾਰ, ਡੇਰੇ ਦੀਆਂ ਸਿਆਣੀਆਂ ਔਰਤਾਂ ਅਤੇ ਵਿਸ਼ੇਸ਼ ਕਰਕੇ ਡੇਰੇ ਦੀ ਦਾਈ ਨੂੰ ਸਤਿਕਾਰ ਨਾਲ ਬੁਲਾਇਆ ਜਾਂਦਾ ਹੈ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਡੇਰੇ ਦੀਆਂ ਔਰਤਾਂ ਨਾਰਾਜ਼ ਹੋ ਜਾਂਦੀਆਂ ਹਨ ਅਤੇ ਜੰਮਣ ਵਾਲੀ ਔਰਤ ਨੂੰ ਤਾਅਨੇ ਮਿਹਣੇ ਮਾਰਦੀਆਂ ਹਨ। ਬਾਜ਼ੀਗਰ ਕਬੀਲੇ ਵਿਚ ਭਰੂਣ ਹੱਤਿਆ ਨੂੰ ਪਾਪ ਸਮਝਿਆ ਜਾਂਦਾ ਹੈ। ਬੱਚਾ ਪੈਦਾ ਹੋਣ ਤੇ ਸਾਰੇ ਡੇਰੇ ਵਿੱਚ ਅਤਿਅੰਤ ਖੁਸ਼ੀ ਮਨਾਈ ਜਾਂਦੀ ਹੈ। ਜੇਕਰ ਲੜਕੀ ਜੰਮ ਪਵੇ ਤਾਂ ਉਸਨੂੰ ਲੱਛਮੀ ਦੇਵੀ ਦਾ ਰੂਪ ਸਮਝਕੇ ਸਵੀਕਾਰ ਕੀਤਾ ਜਾਂਦਾ ਹੈ। ਜੇ ਲੜਕਾ ਜੰਮ ਪਵੇ ਤਾਂ ਉਸਨੂੰ ਪਰਿਵਾਰ ਦਾ ਨਾਂ ਅੱਗੇ ਤੋਰਨ ਵਾਲਾ 'ਵੰਸ਼ ਵਰਧਕ' ਸਮਝਕੇ ਢੋਲ ਵਜਾਕੇ ਖੁਸ਼ੀ ਮਨਾਈ ਜਾਂਦੀ ਹੈ। ਬਾਜ਼ੀਗਰ ਕਬੀਲੇ ਵਿੱਚ ਬੱਚੇ ਦੇ ਜਨਮ ਹੋਣ ਦੀ ਸੂਰਤ ਵਿੱਚ ਸਾਰੇ ਡੇਰੇ ਵਿੱਚ ਗੁੜ ਸ਼ੱਕਰ ਵੰਡੀ ਜਾਂਦੀ ਹੈ। ਬੱਚੇ ਵਾਲੀ ਇਸਤਰੀ ਨੂੰ ਬੱਚੇ ਦੇ ਜਨਮ ਤੋਂ ਬਾਅਦ ਬੱਚੇ ਸਮੇਤ ਘਰ ਅੰਦਰ ਹੀ ਕਿਸੇ ਪਰਦੇ ਵਾਲੀ ਨਿੱਘੀ ਥਾਂ ਤੇ ਰੱਖਿਆ ਜਾਂਦਾ ਹੈ। ਬੱਚੇ ਨੂੰ ਜਨਮ ਦੇਣ ਵਾਲੀ ਇਸਤਰੀ ਕੋਲ ਘਰ ਦੇ ਮੈਂਬਰਾਂ ਤੋਂ ਇਲਾਵਾ ਕਿਸੇ ਗ਼ੈਰ ਦਾ ਜਾਣਾ ਵਰਜਿਤ ਹੁੰਦਾ ਹੈ। ਬਾਜ਼ੀਗਰ ਕਬੀਲੇ ਵਿੱਚ ਬੱਚੇ ਨੂੰ ਜਨਮ ਦੇਣ ਵਾਲੀ ਇਸਤਰੀ ਦੇ ਸਿਰਹਾਣੇ ਚਾਕੂ ਜਾਂ ਲੋਹੇ ਦਾ ਕੋਈ ਹਥਿਆਰ ਰੱਖਿਆ ਜਾਂਦਾ ਹੈ। ਉਸਦੇ ਮੰਜੇ ਦੇ ਸਿਰਹਾਣੇ ਜੰਦਰਾ ਮਾਰ ਦਿੱਤਾ ਜਾਂਦਾ ਹੈ। ਜੰਦਰਾ ਮਾਰਨ ਦਾ ਚਿੰਨ੍ਹਾਤਮਕ ਭਾਵ ਇਹ ਹੈ ਕਿ ਇਹ ਘਰ ਬਦਰੂਹਾਂ ਅਤੇ ਭੂਤਾਂ ਪ੍ਰੇਤਾਂ ਲਈ ਵਰਜਿਤ ਹੈ। ਬੱਚਾ ਜੱਚਾ ਦੇ ਸਿਰਹਾਣੇ ਚਾਕੂ ਜਾਂ ਤਲਵਾਰ ਵੀ ਭੂਤਾਂ ਪ੍ਰੇਤਾਂ ਤੋਂ ਰੱਖਿਆ ਲਈ ਰੱਖੇ ਜਾਂਦੇ ਹਨ। ਬੱਚੇ ਦੇ ਜਨਮ ਤੋਂ ਤੁਰੰਤ ਬਾਅਦ ਘਰ ਦੇ ਅੱਗੇ ਤਿੰਨ ਦਿਨਾਂ ਲਈ ਧੂਣਾਂ ਲਾ ਦਿੱਤਾ ਜਾਂਦਾ ਹੈ। ਇਹ ਧੂਣਾਂ ਗੋਹੇ ਅਤੇ ਪਾਥੀਆਂ ਦਾ ਲਾਇਆ ਜਾਂਦਾ ਹੈ ਅਤੇ ਦਿਨ ਰਾਤ ਧੁਖ਼ਦਾ ਰਹਿੰਦਾ ਹੈ। ਧੂਣਾਂ ਧੀਮਾ ਹੋਣ ਦੀ ਸੂਰਤ ਵਿਚ ਇਸ ਵਿੱਚ ਗਿੱਲੀ ਪਾਥੀ ਸੁੱਟ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਬਾਜ਼ੀਗਰ ਕਬੀਲੇ ਵਿੱਚ ਘਰ ਅੱਗੇ ਅੱਗ ਬਾਲਣ ਦਾ ਸੰਕੇਤ ਬੱਚਾ ਜੱਚਾ ਦੀ ਬੁਰੀਆਂ ਆਤਮਾਵਾਂ ਤੋਂ ਰੱਖਿਆ ਕਰਨਾ ਹੁੰਦਾ ਹੈ। ਬੱਚੇ ਦੇ ਜਨਮ ਤੋਂ ਤੁਰੰਤ ਬਾਅਦ ਘਰ ਅਤੇ ਡੇਰੇ ਦੀਆਂ ਕੁੜੀਆਂ ਵਲੋਂ ਜਣੇਪੇ ਵਾਲੇ ਘਰ ਦੇ ਬਾਹਰ ਨਿੰਮ ਦੇ ਪੱਤੇ ਬੰਨ੍ਹੇ ਜਾਂਦੇ ਹਨ। ਬਾਜ਼ੀਗਰ ਕਬੀਲੇ ਵਿੱਚ ਇਹ ਸ਼ਗਨ ਆਦਿ ਕਾਲ ਤੋਂ ਹੀ ਪ੍ਰਚਲਤ ਹੈ। ਬਾਜ਼ੀਗਰ ਕਬੀਲੇ ਵਿੱਚ ਨਿੰਮ ਜਿੱਥੇ ਇੱਕ ਔਸ਼ੱਧੀ ਦੇ ਤੌਰ ਤੇ ਪ੍ਰਚਲਤ ਹੈ ਉੱਥੇ ਨਾਲ ਹੀ ਖੁਸ਼ਹਾਲੀ ਅਤੇ ਖੇੜੇ ਦਾ ਪ੍ਰਤੀਕ ਵੀ ਮੰਨੀ ਜਾਂਦੀ ਹੈ। ਬਾਜ਼ੀਗਰ ਕਬੀਲੇ ਵਿਚ ਪ੍ਰਸੂਤ ਵਾਲੀ ਔਰਤ ਨੂੰ ਤਿੰਨ ਦਿਨ ਲਈ ਖਾਣ ਲਈ ਕੁਝ ਨਹੀਂ ਦਿੱਤਾ ਜਾਂਦਾ। ਉਸਨੂੰ ਤਿੰਨ ਦਿਨ ਲਈ ਕੇਵਲ

ਹਲਦੀ ਵਾਲਾ ਦੁੱਧ ਅਤੇ ਪਰਿਵਾਰ ਵਲੋਂ ਤਿਆਰ ਕੀਤਾ ਕਾੜ੍ਹਾ ਹੀ ਲੈਣਾ ਪੈਂਦਾ ਹੈ। ਇਸ ਕਾੜ੍ਹੇ ਵਿੱਚ ਸੁੰਡ, ਅਜਵੈਣ, ਇਲਾਚੀ, ਖੋਪਾ ਅਤੇ ਬਨਫ਼ਸ਼ਾ ਆਦਿ ਜੜੀਆਂ ਬੂਟੀਆਂ ਪਾਈਆਂ ਹੁੰਦੀਆਂ ਹਨ। ਇਹ ਕਾੜਾ ਪ੍ਰਸੂਤ ਵਾਲੀ ਔਰਤ ਦੀ ਸਰੀਰਕ ਸ਼ੁੱਧੀ ਲਈ ਦਿੱਤਾ ਜਾਂਦਾ ਹੈ। ਬੱਚੇ ਦੇ ਜਨਮ ਤੋਂ ਬਾਅਦ ਬਾਜ਼ੀਗਰ ਕਬੀਲੇ ਵਲੋਂ ਹੇਠ ਲਿਖੀਆਂ ਰਸਮਾਂ ਅਦਾ ਕੀਤੀਆਂ ਜਾਂਦੀਆਂ ਹਨ:-

1. **ਗੁੜ੍ਹਤੀ ਦੀ ਰਸਮ :** ਬਾਜ਼ੀਗਰ ਕਬੀਲੇ ਵਿੱਚ ਬੱਚੇ ਨੂੰ ਜਨਮ ਸਮੇਂ ਪਰਿਵਾਰ ਦੇ ਕਿਸੇ ਸਿਆਣੇ ਵਿਅਕਤੀ ਵਲੋਂ ਗੁੜ੍ਹਤੀ ਦਿੱਤੀ ਜਾਂਦੀ ਹੈ। ਗੁੜ੍ਹਤੀ ਦੇਣ ਦਾ ਮਾਣ ਪਰਿਵਾਰ ਦੇ ਕਿਸੇ ਸਿਆਣੇ ਵਿਅਕਤੀ ਨੂੰ ਦਿੱਤਾ ਜਾਂਦਾ ਹੈ। ਇਹ ਰਸਮ ਵੀ ਕਬੀਲੇ ਦੀਆਂ ਔਰਤਾਂ ਇੱਕਠੀਆਂ ਹੋ ਕੇ ਪੂਰੀ ਕਰਦੀਆਂ ਹਨ। ਜਣੇਪੇ ਵਾਲੀ ਔਰਤ ਦੇ ਬਾਹਰ ਜਾਣ ਤੇ ਸਵਾ ਮਹੀਨੇ ਲਈ ਪਾਬੰਦੀ ਹੁੰਦੀ ਹੈ। ਗੁੜਤੀ ਗੁੜ ਜਾਂ ਸ਼ੱਕਰ ਘੋਲਕੇ ਤਿਆਰ ਕੀਤੀ ਜਾਂਦੀ ਹੈ। ਕਬੀਲੇ ਵਿਚ ਇਹ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਗੁੜਤੀ ਦੇਣ ਵਾਲੇ ਵਿਅਕਤੀ ਦੇ ਗੁਣ ਬੱਚੇ ਵਿਚ ਪ੍ਰਵੇਸ਼ ਕਰ ਜਾਂਦੇ ਹਨ। ਇਸ ਲਈ ਬੱਚੇ ਨੂੰ ਗੁੜਤੀ ਦੇਣ ਲਈ ਕਿਸੇ ਸਿਆਣੇ ਜਾਂ ਬੁੱਧੀਮਾਨ ਵਿਅਕਤੀ ਨੂੰ ਸੱਦਿਆ ਜਾਂਦਾ ਹੈ।

2. **ਬਾਜ਼ੀਗਰ ਕਬੀਲੇ ਵਿੱਚ ਬੱਚਾ ਜੱਚਾ ਨੂੰ ਵਧਾਉਣ ਦੀ ਰਸਮ :-** ਕਬੀਲੇ ਵਿੱਚ ਬੱਚੇ ਦੇ ਜਨਮ ਤੋਂ ਤਿੰਨ ਦਿਨ ਬਾਅਦ ਬੱਚੇ ਦੀ ਮਾਂ ਨੂੰ ਘਰ ਅਤੇ ਕਬੀਲੇ ਦੀਆਂ ਇਸਤਰੀਆਂ ਦੁਆਰਾ ਚੌਂਕੇ ਚੜ੍ਹਾਇਆ ਜਾਂਦਾ ਹੈ। ਇਸ ਸਮੇਂ ਕਬੀਲੇ ਦੇ ਬਹੁਤ ਸਰੇ ਬੱਚੇ ਵੀ ਖੁਸ਼ੀ ਮਨਾਉਣ ਲਈ ਇਕੱਠੇ ਹੋ ਜਾਂਦੇ ਹਨ। ਇਸ ਰਸਮ ਵੇਲੇ ਸਾਰੇ ਡੇਰੇ ਦੀਆਂ ਔਰਤਾਂ ਨੂੰ ਸਤਿਕਾਰ ਨਾਲ ਸੱਦਾ ਦਿੱਤਾ ਜਾਂਦਾ ਹੈ ਅਤੇ ਡੇਰੇ ਦੇ ਹਰ ਘਰ ਵਿੱਚੋਂ ਕੋਈ ਨਾ ਕੋਈ ਔਰਤ ਇਸ ਰਸਮ ਵਿੱਚ ਸ਼ਾਮਲ ਹੁੰਦੀ ਹੈ। ਚੌਂਕੇ ਚਾੜ੍ਹਨ ਦੀ ਰਸਮ ਸਮੇਂ ਸਭ ਤੋਂ ਪਹਿਲਾਂ ਚੌਂਕੇ ਨੂੰ ਗਾਂ ਦੇ ਗੋਹੇ ਨਾਂਲ ਲਿੱਪ ਪੋਚ ਕੇ ਧੂਫ਼ ਜਾਂ ਧੂਣੀ ਦਿੱਤੀ ਜਾਂਦੀ ਹੈ। ਇਸ ਉਪਰੰਤ ਬੱਚਾ ਜੱਚਾ ਨੂੰ ਨੁਹਾ ਕੇ ਚੌਂਕੇ ਤੇ ਬਿਠਾਇਆ ਜਾਂਦਾ ਹੈ। ਇਸ ਸਮੇਂ ਮਾਂ ਬੱਚੇ ਨੂੰ ਗੋਦ ਵਿੱਚ ਲੈ ਕੇ ਸ਼ਰਧਾਪੂਰਵਕ ਲਿਪੀ ਹੋਈ ਜ਼ਮੀਨ ਤੇ ਬੈਠ ਜਾਂਦੀ ਹੈ। ਇਸ ਤੋਂ ਬਾਅਦ ਕਬੀਲੇ ਦੀ ਸਿਆਣੀ ਔਰਤ ਵੱਲੋਂ ਬੱਚੇ ਅਤੇ ਉਸਦੀ ਮਾਂ ਨੂੰ ਸੂਰਜ ਦੀ ਹਾਜ਼ਰੀ ਵਿੱਚ ਦੀਵਾ ਦਿਖਾਇਆ ਜਾਂਦਾ ਹੈ। ਇਹ ਦੀਵਾ ਆਟੇ ਦਾ ਬਣਿਆ ਹੁੰਦਾ ਹੈ ਅਤੇ ਇਸ ਵਿੱਚ ਦੇਸੀ ਘਿਓ ਪਾਇਆ ਜਾਂਦਾ ਹੈ। ਬੱਚੇ ਨੂੰ ਦੀਵਾ ਦਿਖਾਉਣ ਤੋਂ ਭਾਵ ਉਸਨੂੰ ਪਹਿਲੀ ਵਾਰ ਰੋਸ਼ਨੀ ਦੇ ਰੁਬਰੂ ਕਰਨਾ ਹੁੰਦਾ ਹੈ ਅਤੇ ਬਾਜ਼ੀਗਰ ਕਬੀਲੇ ਵਿੱਚ ਇਸ ਨੂੰ ਜੀਵਨ ਦੀ ਸ਼ੁਰੂਆਤ ਮੰਨਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਦੀਵਾ ਦਿਖਾਉਣਾ ਬੱਚੇ ਦੀ ਨਜ਼ਰ ਟਿਕਾਉਣ ਨਾਲ ਜੋੜਿਆ ਜਾਂਦਾ ਹੈ। ਇਸ ਸਮੇਂ ਬੱਚੇ ਦੀ ਮਾਂ ਦੇ ਸਿਰ ਤੇ ਪਾਣੀ ਦੀ ਗੜਵੀ ਭਰ ਕੇ ਰੱਖੀ ਜਾਂਦੀ ਹੈ ਜਿਸ ਨੂੰ 'ਘੜੌਲੀ' ਕਿਹਾ ਜਾਂਦਾ ਹੈ। ਇਸ ਰਸਮ ਵੇਲੇ ਉਸਦੀ ਜੀਭ ਨਾਲ ਗਊ ਮੂਤਰ ਵੀ ਛੁਹਾਇਆ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਗਊ ਮੂਤਰ ਨੂੰ ਸ਼ਰੀਰਕ ਸ਼ੁੱਧੀ ਨਾਲ ਜੋੜ ਕੇ ਵੇਖਿਆ ਜਾਂਦਾ ਹੈ। ਇਸ

ਤਰ੍ਹਾਂ ਵਧਾਉਣ ਦੀ ਰਸਮ ਪੂਰੀ ਹੋਣ ਉਪਰੰਤ ਪਰਿਵਾਰ ਦੀ ਸਿਆਣੀ ਔਰਤ ਅਤੇ ਦਾਈ ਵੱਲੋਂ ਤਿਆਰ ਕੀਤਾ 'ਗੂਲੜ ਪ੍ਰਸ਼ਾਦ' ਕਬੀਲੇ ਦੇ ਬੱਚਿਆਂ ਵਿੱਚ ਵੰਡਿਆ ਜਾਂਦਾ ਹੈ। ਗੂਲੜ ਪ੍ਰਸ਼ਾਦ 'ਵਿੱਦ ਮਾਤਾ' ਅੱਗੇ ਪ੍ਰਾਰਥਨਾ ਕਰਕੇ ਵਰਤਾਇਆ ਜਾਂਦਾ ਹੈ। ਗੂਲੜ ਗੁੜ, ਆਟੇ ਅਤੇ ਘਿਓ ਤੋਂ ਤਿਆਰ ਕੀਤਾ ਜਾਂਦਾ ਹੈ। ਕਬੀਲੇ ਦੇ ਬੱਚੇ ਗੂਲੜ ਪ੍ਰਸ਼ਾਦ ਬੜੇ ਚਾਅ ਨਾਲ ਖਾਂਦੇ ਹਨ। ਇਸ ਸਮੇਂ ਘਰ ਅਤੇ ਕਬੀਲੇ ਦੀਆਂ ਔਰਤਾਂ ਹੇਠ ਲਿਖਿਆ 'ਘੜੋਲੀ' ਗੀਤ ਬੋਲਦੀਆਂ ਹਨ:-

ਵਧਾਈਆਂ ਜੱਗੇ ਤੈਨੂੰ
ਵਧਾਈਆਂ ਵੇ
ਵਧਾਈਆਂ ਮਿੰਦਰ ਤੈਨੂੰ
ਵਧਾਈਆਂ ਵੇ
ਵਧਾਈਆਂ ਘੋਦੀ ਤੈਨੂੰ
ਵਧਾਈਆਂ ਵੇ
ਵਧਾਈਆਂ ਤੇਰੀ ਜਾਤ ਨੂੰ
ਤੇਰੀ ਬਾਪ ਬੇਟੀ ਰਾਤ ਨੂੰ
ਵਧਾਈਆਂ ਵੇ।

....

ਵਾਹ ਵਾਹ ਕਿ ਟੋਪਾ
ਲੀਰਾਂ ਦਾ
ਵਾਹ ਵਾਹ ਕਿ ਪੁੱਤਰ
ਫਕੀਰਾਂ ਦਾ
ਵਾਹ ਵਾਹ ਕਿ ਟੋਪਾ
ਮਾਹਵਾਂ ਦਾ
ਵਾਹ ਵਾਹ ਕਿ ਪੁੱਤਰ
ਸ਼ਾਹਵਾਂ ਦਾ

ਇਸ ਰਸਮ ਵੇਲੇ ਡੇਰੇ ਦੀਆਂ ਔਰਤਾਂ ਬੱਚੇ ਵਾਲੇ ਪਰਿਵਾਰ ਨੂੰ ਗੀਤਾਂ ਰਾਂਹੀ ਮਖ਼ੌਲ ਵੀ ਕਰਦੀਆਂ ਹਨ।

3. ਮੂੰਹ ਨੂੰ ਅੰਨ ਛੁਹਾਉਣ ਦੀ ਰਸਮ : ਵਧਾਉਣ ਦੀ ਰਸਮ ਤੋਂ ਬਾਅਦ ਬੱਚੇ ਨੂੰ ਜਨਮ ਦੇਣ ਵਾਲੀ ਔਰਤ ਦੇ ਮੂੰਹ ਨੂੰ ਅੰਨ ਛੁਹਾਇਆ ਜਾਂਦਾ ਹੈ। ਇਸ ਵਕਤ ਉਸਨੂੰ ਰੋਟੀ ਨਾਲ ਦੁੱਧ ਦੀ ਪੌਸ਼ਟਿਕ ਕੜੀ ਦਿੱਤੀ ਜਾਂਦੀ ਹੈ। ਇਸ ਰਸਮ ਤੋਂ ਬਾਅਦ ਉਹ ਹਲਕਾ ਭੋਜਨ ਲੈਣ ਅਤੇ ਘਰ ਦੇ ਛੋਟੇ ਛੋਟੇ ਕੰਮ ਕਰਨ ਲੱਗ ਪੈਂਦੀ ਹੈ।

4. ਧਮਾਨ ਦੀ ਰਸਮ : ਬੱਚੇ ਦੇ ਜਨਮ ਤੋਂ ਦੋ ਕੁ ਮਹੀਨੇ ਬਾਅਦ ਬਾਜ਼ੀਗਰ ਕਬੀਲਾ ਧਮਾਨ ਦੇਣ ਦੀ ਰਸਮ ਪੂਰੀ ਕਰਦਾ ਹੈ। ਇਹ ਰਸਮ ਦੀਵਾਲੀ, ਲੋਹੜੀ

ਜਾਂ ਕਬੀਲੇ ਦੇ ਕਿਸੇ ਤਿੱਥ ਤਿਉਹਾਰ ਵਾਲੇ ਦਿਨ ਪੂਰੀ ਕੀਤੀ ਜਾਂਦੀ ਹੈ। ਧਮਾਨ ਦੇਣ ਸਮੇਂ ਸਾਰੇ ਡੇਰੇ ਦੇ ਲੋਕ ਧਮਾਨ ਦਾ ਸੱਦਾ ਮਿਲਣ ਤੇ ਬੱਚੇ ਦੇ ਜਨਮ ਵਾਲੇ ਘਰ ਇਕੱਠੇ ਹੋ ਜਾਂਦੇ ਹਨ। ਬੱਚੇ ਦਾ ਪਿਤਾ ਭਰੀ ਸਭਾ ਵਿੱਚ ਖੜ੍ਹਾ ਹੋ ਕੇ ਹੱਥ ਜੋੜ ਕੇ ਡੇਰੇ ਦੇ ਮੁਖੀ ਤੋਂ ਪੰਜ ਰੁਪਏ ਮੰਗਦਾ ਹੈ। ਪੰਜ ਰੁਪਏ ਮਿਲਣ ਤੇ ਤਿੰਨ ਰੁਪਏ ਬੱਚੇ ਦੇ ਪਿਤਾ ਵਲੋਂ ਕਬੀਲੇ ਦੀ ਸਾਂਝ ਦੇ ਤੌਰ ਤੇ ਰੱਖ ਲਏ ਜਾਂਦੇ ਹਨ ਅਤੇ ਬਾਕੀ ਦੇ ਦੋ ਰੁਪਏ ਕਬੀਲੇ ਦੇ ਮੁਖੀ ਨੂੰ ਮੋੜ ਦਿੱਤੇ ਜਾਂਦੇ ਹਨ। ਇਨ੍ਹਾਂ ਪੈਸਿਆਂ ਵਿੱਚ ਕੁਝ ਹੋਰ ਪੈਸੇ ਪਾ ਕੇ ਬੱਚੇ ਦੇ ਪਰਿਵਾਰ ਵਲੋਂ ਖ਼ਸਖ਼ਸ ਅਤੇ ਗੁੜ ਮੰਗਾਇਆ ਜਾਂਦਾ ਹੈ ਜਿਸ ਦੀ ਸ਼ਰਦਾਈ ਬਣਾ ਕੇ ਸਾਰੇ ਡੇਰੇ ਦੇ ਸਿਆਣੇ ਲੋਕਾਂ ਅਤੇ ਬਜ਼ੁਰਗ ਨੂੰ ਪਿਆਈ ਜਾਂਦੀ ਹੈ। ਉਸੇ ਸ਼ਾਮ ਨੂੰ ਵਿੱਤ ਅਨੁਸਾਰ ਬੱਚੇ ਦੇ ਪਰਿਵਾਰ ਵਲੋਂ ਡੇਰੇ ਦੇ ਸਿਆਣੇ ਲੋਕਾਂ ਨੂੰ ਭੋਜਨ ਲਈ ਸੱਦਾ ਦਿੱਤਾ ਜਾਂਦਾ ਹੈ। ਭੋਜਨ ਕਰਨ ਤੋਂ ਬਾਅਦ ਡੇਰੇ ਦੇ ਲੋਕ ਬੱਚੇ ਨੂੰ ਲੰਬੀ ਉਮਰ ਦਾ ਅਸ਼ੀਰਵਾਦ ਦਿੰਦੇ ਹਨ ਅਤੇ ਸ਼ਗਨ ਵਜੋਂ ਵਿੱਤ ਅਨੁਸਾਰ ਪੈਸੇ ਵੀ ਦਿੱਤੇ ਜਾਂਦੇ ਹਨ। ਧਮਾਨ ਵਾਲਾ ਭੋਜਨ ਜ਼ਿਆਦਾਤਰ ਸ਼ਾਕਾਹਾਰੀ ਹੁੰਦਾ ਹੈ। ਧਮਾਨ ਦੇਣ ਦੀ ਰਸਮ ਤੋਂ ਭਾਵ ਬੱਚੇ ਦੀ ਕਬੀਲੇ ਨਾਲ ਸਾਂਝ ਪੱਕੀ ਕਰਨਾ ਹੁੰਦਾ ਹੈ। ਬਾਜ਼ੀਗਰ ਕਬੀਲੇ ਵਿੱਚ ਧਮਾਨ ਬੱਚੇ ਦੇ ਜਨਮ ਤੋਂ ਬਾਅਦ ਕੀਤੀ ਜਾਣ ਵਾਲੀ ਮਹੱਤਵਪੂਰਨ ਰਸਮ ਹੈ। ਧਮਾਨ ਨਾ ਦੇਣ ਦੀ ਸੂਰਤ ਵਿੱਚ ਡੇਰੇ ਦੇ ਲੋਕ ਬੁਰਾ ਮਨਾਉਂਦੇ ਹਨ ਅਤੇ ਬੱਚੇ ਦੇ ਪਰਿਵਾਰ ਵਾਲੇ ਵੀ ਇਸ ਨੂੰ ਕਬੀਲੇ ਦਾ ਬੋਝ ਸਮਝਦੇ ਹਨ।

5. ਝੰਡ ਲਾਹੁਣ ਦੀ ਰਸਮ : ਧਮਾਨ ਦੀ ਰਸਮ ਤੋਂ ਬਾਅਦ ਬਾਜ਼ੀਗਰ ਕਬੀਲੇ ਵਿੱਚ ਝੰਡ ਲਾਹੁਣ ਦੀ ਰਸਮ ਅਦਾ ਕੀਤੀ ਜਾਂਦੀ ਹੈ। ਬਾਜ਼ੀਗਰ ਕਬੀਲੇ ਵਿੱਚ ਝੰਡ ਲਾਹੁਣ ਸਮੇਂ ਕੋਈ ਬਹੁਤਾ ਕਰਮਕਾਂਡ ਨਹੀਂ ਕੀਤਾ ਜਾਂਦਾ। ਬਾਜ਼ੀਗਰ ਕਬੀਲੇ ਵਿੱਚ ਝੰਡ ਲਾਹੁਣ ਸਮੇਂ ਕਿਸੇ ਕੁਆਰੀ ਲੜਕੀ ਨੂੰ ਸਵਾ ਰੁਪਏ ਦੇ ਕੇ ਉਸ ਤੋਂ ਬੱਚੇ ਦੇ ਮੁੱਠੀ ਭਰ ਵਾਲ ਕਟਵਾਏ ਜਾਂਦੇ ਹਨ ਅਤੇ ਬੱਚੇ ਦੇ ਪਿਤਾ ਵਲੋਂ ਇਹ ਵਾਲ ਹਰੀ ਖੇਤੀ ਵਿੱਚ ਸੁੱਟ ਦਿੱਤੇ ਜਾਂਦੇ ਹਨ। ਬੱਚੇ ਦੇ ਵਾਲ ਹਰਿਆਵਲ ਵਿੱਚ ਸੁਟਣ ਤੋਂ ਭਾਵ ਉਸ ਦੇ ਖੁਸ਼ਹਾਲ ਭਵਿੱਖ ਦੀ ਕਾਮਨਾ ਕਰਨਾ ਹੈ।

6. ਘੁੰਗਣੀਆਂ ਵੰਡਣ ਦੀ ਰਸਮ : ਬਾਜ਼ੀਗਰ ਕਬੀਲੇ ਵਿੱਚ ਜਦ ਬੱਚਾ ਤੁਰਨ ਲਈ ਪਹਿਲੀ ਪੁਲਾਂਘ ਪੱਟਦਾ ਹੈ ਤਾਂ ਬੱਚੇ ਦਾ ਪਰਿਵਾਰ ਉਸਦੇ ਤੁਰਨ ਤੇ 'ਪਹਿਲੇ ਕਦਮਾਂ' ਦੀ ਖੁਸ਼ੀ ਵਿੱਚ ਡੇਰੇ ਦੇ ਸਾਰੇ ਘਰਾਂ ਵਿੱਚ ਮਿੱਠੀਆਂ ਘੁੰਗਣੀਆਂ ਬਣਾ ਕੇ ਵੰਡਦਾ ਹੈ। ਘੁੰਗਣੀਆਂ ਦੇਸੀ ਘਿਓ, ਸ਼ੱਕਰ ਅਤੇ ਖਸਖ਼ਸ ਮਿਲਾ ਕੇ ਕਣਕ ਨੂੰ ਉਬਾਲ ਕੇ ਤਿਆਰ ਕੀਤੀਆਂ ਜਾਂਦੀਆਂ ਹਨ। ਘੁੰਗਣੀਆਂ ਕਬੀਲੇ ਵਿਚ ਘਰ ਘਰ ਜਾ ਕੇ ਵੰਡੀਆਂ ਜਾਂਦੀਆਂ ਹਨ।

7. ਛਟੀ ਦੀ ਰਸਮ : ਬਾਜ਼ੀਗਰ ਕਬੀਲੇ ਵਿੱਚ ਲੜਕਾ ਹੋਣ ਦੀ ਸੂਰਤ ਵਿਚ ਖੁਸ਼ੀ ਵਿਚ 'ਛਟੀ ਦੇਣ' ਦੀ ਰਸਮ ਪ੍ਰਚੱਲਤ ਹੈ। ਇਸ ਰਸਮ ਵਿਚ ਸਾਰਾ ਡੇਰਾ ਅਤੇ ਰਿਸ਼ਤੇਦਾਰ ਸ਼ਾਮਲ ਹੁੰਦੇ ਹਨ। ਛਟੀ ਦੀ ਰਸਮ ਵਿਚ ਬੱਚੇ ਦੇ ਪਰਿਵਾਰ ਵੱਲੋਂ ਖੁਸ਼ੀ

ਵਿਚ ਕਬੀਲੇ ਦੀ ਰੋਟੀ ਕੀਤੀ ਜਾਂਦੀ ਹੈ। ਕਬੀਲੇ ਵਿਚ ਛੱਟੀ ਦੀ ਰਸਮ ਵਿਚ ਜ਼ਿਆਦਾਤਰ ਸਰਦੇ ਪੁੱਜਦੇ ਘਰਾਂ ਵੱਲੋਂ ਹੀ ਕੀਤੀ ਜਾਂਦੀ ਹੈ। ਛੱਟੀ ਦੀ ਰਸਮ ਵਿਚ ਕਬੀਲੇ ਦੇ ਲੋਕਾਂ ਵੱਲੋਂ ਵਿੱਤ ਅਨੁਸਾਰ ਬੱਚੇ ਨੂੰ ਸ਼ਗਨ ਪਾਇਆ ਜਾਂਦਾ ਹੈ। ਇਸ ਰਸਮ ਵੇਲੇ ਬੱਚੇ ਦੇ ਪਰਿਵਾਰ ਵੱਲੋਂ ਡੇਰੇ ਦੀ 'ਦਾਈ ਮਾਈ', ਲੜਕੀਆਂ ਅਤੇ ਸਿਆਣੇ ਬਜ਼ੁਰਗਾਂ ਦਾ ਕਪੜੇ ਅਤੇ ਪੈਸੇ ਦੇ ਕੇ ਉੱਚਿਤ ਸਤਿਕਾਰ ਵੀ ਕੀਤਾ ਜਾਂਦਾ ਹੈ। ਕਬੀਲੇ ਦੇ ਹਰ ਘਰ ਲਈ ਇਹ ਰਸਮ ਜ਼ਰੂਰੀ ਨਹੀਂ ਹੁੰਦੀ।

ਬਾਜ਼ੀਗਰ ਕਬੀਲੇ ਵਿੱਚ ਬੱਚੇ ਦਾ ਜਨਮ ਹੋਣ ਦੀ ਸੂਰਤ ਵਿੱਚ ਖੁਸ਼ੀ ਵਾਲਾ ਮਾਹੌਲ ਹੁੰਦਾ ਹੈ। ਕਬੀਲੇ ਵਿੱਚ ਲੜਕੀ ਨੂੰ 'ਦੇਵੀ' ਦਾ ਰੂਪ ਸਮਝਿਆ ਜਾਂਦਾ ਹੈ। ਇਸ ਲਈ ਲੜਕੀ ਪੈਦਾ ਹੋਣ ਤੇ ਕੋਈ ਸੋਗ ਜਾਂ ਦੁੱਖ ਨਹੀਂ ਮਨਾਇਆ ਜਾਂਦਾ ਸਗੋਂ ਉਸਨੂੰ ਦੇਵੀ ਦਾ ਰੂਪ ਸਮਝਕੇ ਤਹਿ ਦਿਲੋਂ ਸਤਿਕਾਰ ਕੀਤਾ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਲਿੰਗ ਨਿਰਧਾਰਿਤ ਟੈਸਟ ਨਹੀਂ ਕਰਵਾਇਆ ਜਾਂਦਾ ਅਤੇ ਨਾ ਹੀ ਭਰੂਣ ਹੱਤਿਆ ਦੀ ਪ੍ਰਥਾ ਹੈ। ਕੰਨਿਆ ਭਰੂਣ ਹੱਤਿਆ ਦੇਵੀ ਮਾਰਨ ਦੇ ਬਰਾਬਰ ਪਾਪ ਸਮਝਿਆ ਜਾਂਦਾ ਹੈ।

ਬਾਜ਼ੀਗਰ ਕਬੀਲੇ ਵਿੱਚ ਲੜਕਾ ਪੈਦਾ ਹੋਣ ਦੀ ਸੂਰਤ ਵਿੱਚ ਉਸਨੂੰ ਪਰਿਵਾਰ ਦਾ ਵਾਰਿਸ ਅਤੇ ਸਹਾਰਾ ਸਮਝਿਆ ਜਾਂਦਾ ਹੈ। ਇਸ ਲਈ ਪਰਿਵਾਰ ਵਿੱਚ ਲੜਕੇ ਦੀ ਆਮਦ ਨੂੰ ਪਰਿਵਾਰ ਦੀ ਜੜ੍ਹ ਲੱਗਣ ਦੀ ਸੰਗਿਆ ਦਿੱਤੀ ਜਾਂਦੀ ਹੈ। ਬਾਜ਼ੀਗਰ ਪਰਿਵਾਰ ਵਿੱਚ ਪੁੱਤਰ ਦਾ ਜਨਮ ਹੋਣ ਤੇ ਕਬੀਲੇ ਦੇ ਲੋਕਾਂ ਵੱਲੋਂ ਢੋਲ ਦੇ ਡੱਗੇ ਤੇ ਨੱਚਕੇ ਉਚੇਚੀ ਖੁਸ਼ੀ ਮਨਾਈ ਜਾਂਦੀ ਹੈ। ਕਬੀਲੇ ਵਿੱਚ ਬੱਚੇ ਦਾ ਜਨਮ ਜ਼ਿਆਦਾਤਰ ਘਰ ਵਿੱਚ ਹੀ ਹੁੰਦਾ ਹੈ। ਕਬੀਲੇ ਵਿੱਚ ਬੱਚੇ ਦਾ ਜਨਮ ਹੋਣ ਤੋਂ ਬਾਅਦ ਘਰ ਦੇ ਦਰਵਾਜ਼ੇ ਅੱਗੇ ਸ਼ਰੀਂਹ ਅਤੇ ਨਿੰਮ ਦੇ ਪੱਤੇ ਬੰਨ੍ਹੇ ਜਾਂਦੇ ਹਨ। ਇਹ ਪੱਤੇ ਖੁਸ਼ੀ ਦੇ ਤੌਰ ਤੇ ਪਰਿਵਾਰ ਨਾਲ ਸਬੰਧਤ ਹੋਰ ਘਰਾਂ ਵਿੱਚ ਵੀ ਬੰਨ੍ਹੇ ਜਾਂਦੇ ਹਨ। ਕਬੀਲੇ ਵਿੱਚ ਬੱਚੇ ਦੇ ਜਨਮ ਤੋਂ ਬਾਅਦ ਘਰ ਦੇ ਦਰਵਾਜ਼ੇ ਅੱਗੇ ਮਾਂ ਅਤੇ ਬੱਚੇ ਨੂੰ ਭੂਤ ਪ੍ਰੇਤਾਂ ਅਤੇ ਬਦਰੂਹਾਂ ਤੋਂ ਬਚਾਉਣ ਲਈ ਚਿੱਟੀ ਸਰੋਂ ਬੰਨ੍ਹੀ ਜਾਂਦੀ ਹੈ। ਕਬੀਲੇ ਵਿੱਚ ਆਦਿ ਕਾਲ ਤੋਂ ਇਹ ਵਿਸ਼ਵਾਸ਼ ਪ੍ਰਚਲਿਤ ਹੈ ਕਿ ਭੂਤ ਪ੍ਰੇਤ ਚਿੱਟੀ ਸਰੋਂ ਨੂੰ ਵੇਖਦਿਆਂ ਹੀ ਅੰਨ੍ਹਾਂ ਹੋ ਜਾਂਦਾ ਹੈ। ਬੱਚੇ ਦੀ ਬੁਰੀਆਂ ਆਤਮਾਵਾਂ ਤੋਂ ਰੱਖਿਆ ਲਈ ਕਾਲੀ ਰੱਤ ਚੰਨਣ ਦੀ ਲੱਕੜ ਵਿਸ਼ੇਸ਼ ਤੌਰ ਤੇ ਉਸਦੇ ਹੱਥ ਜਾਂ ਗਲ਼ੇ ਵਿੱਚ ਕਿਸੇ ਧਾਗੇ ਤਵੀਤ ਵਿੱਚ ਪਾਕੇ ਬੰਨ੍ਹ ਦਿੱਤੀ ਜਾਂਦੀ ਹੈ। ਅਜਿਹਾ ਮਾਂ ਅਤੇ ਬੱਚੇ ਦੀ ਰੱਖਿਆ ਲਈ ਕੀਤਾ ਜਾਂਦਾ ਹੈ। ਘਰ ਵਿੱਚ ਕਬੀਲੇ ਤੋਂ ਬਾਹਰਲੇ ਬੱਚੇ ਦੇ ਆਉਣ ਦੀ ਸੂਰਤ ਵਿੱਚ ਜਾਂ ਕਬੀਲੇ ਤੋਂ ਬਾਹਰ ਕਿਸੇ ਉਪਰੀ ਥਾਂ ਜਾਣ ਦੀ ਸੂਰਤ ਵਿੱਚ ਬੱਚੇ ਦੇ ਗਲ਼ ਜਾਂ ਹੱਥ ਨਾਲ ਬੰਨ੍ਹੀ ਰੱਤ ਚੰਨਣ ਦੀ ਲੱਕੜ ਖੋਲ੍ਹ ਦਿੱਤੀ ਜਾਂਦੀ ਹੈ। ਇਸ ਲੱਕੜ ਬਾਰੇ ਇਹ ਵਿਸ਼ਵਾਸ਼ ਪ੍ਰਚਲਿਤ ਹੈ ਕਿ ਇਹ ਲੱਕੜ ਪਰਾਏ ਬੱਚੇ ਦੇ ਲੜ ਜਾਂਦੀ ਹੈ ਅਤੇ ਉਸਦਾ ਜਾਨੀ ਨੁਕਸਾਨ ਹੋ ਸਕਦਾ ਹੈ।

ਕਬੀਲੇ ਵਿੱਚ ਬੱਚੇ ਦੇ ਜਨਮ ਤੋਂ ਬਾਅਦ ਉਸਨੂੰ ਤਿੰਨ ਦਿਨ ਸਿਰਫ਼ ਖੰਡ ਜਾਂ

ਗੁੜ ਦੀ ਗੁੜ੍ਹਤੀ ਪਿਆਈ ਜਾਂਦੀ ਹੈ। ਇਸ ਨਾਲ ਬੱਚੇ ਦਾ ਪੇਟ ਵੀ ਸਾਫ਼ ਹੋ ਜਾਂਦਾ ਹੈ ਅਤੇ ਉਸਨੂੰ ਲੋੜੀਂਦੀ ਊਰਜਾ ਵੀ ਮਿਲਦੀ ਹੈ। ਇਸ ਸਮੇਂ ਦੌਰਾਨ ਜਣੇਪੇ ਵਾਲੀ ਔਰਤ ਨੂੰ ਦੇਸੀ ਘਿਓ ਦਾ ਕੜਾਹ ਪ੍ਰਸ਼ਾਦ ਵੀ ਖਵਾਇਆ ਜਾਂਦਾ ਹੈ ਤਾਂ ਕਿ ਉਸਦਾ ਪੇਟ ਅਤੇ ਅੰਤੜੀਆਂ ਸ਼ੁੱਧ ਹੋ ਜਾਣ। ਬੱਚੇ ਦੇ ਜਨਮ ਤੋਂ ਬਾਅਦ ਬਾਜ਼ੀਗਰ ਕਬੀਲੇ ਵਿੱਚ ਬੱਚੇ ਦਾ ਨਾਮਕਰਨ ਬੱਚੇ ਦੇ ਮਾਤਾ ਪਿਤਾ ਜਾਂ ਘਰ ਦੇ ਮੁੱਖੀ ਵੱਲੋਂ ਹੀ ਕੀਤਾ ਜਾਂਦਾ ਹੈ। ਬੱਚੇ ਦਾ ਨਾਂ ਕਢਾਉਣ ਲਈ ਕਿਸੇ ਪੰਡਿਤ ਜਾਂ ਗਿਆਨੀ ਕੋਲ ਜਾਣ ਦਾ ਰਿਵਾਜ ਨਹੀਂ ਹੈ। ਇਨ੍ਹਾਂ ਰਸਮਾਂ ਦੇ ਅੰਤ ਤੇ ਕਬੀਲੇ ਦੀ ਦਾਈ ਦਾ ਮਾਣ ਸਤਿਕਾਰ ਕੀਤਾ ਜਾਂਦਾ ਹੈ ਉਸਨੂੰ ਸਤਿਕਾਰ ਅਤੇ ਸ਼ੁਕਰਾਨੇ ਵੱਜੋਂ ਸਾਬਣ, ਘਿਓ, ਗੁੜ, ਅਨਾਜ ਅਤੇ ਸਵਾ ਰੁਪੱਇਆ ਮਾਣ ਸਤਿਕਾਰ ਵਜੋਂ ਦਿੱਤਾ ਜਾਂਦਾ ਹੈ। ਹੁਣ ਇਹ ਰੀਤ ਵਿਤ ਅਨੁਸਾਰ ਨਿਭਾਈ ਜਾਂਦੀ ਹੈ।

ਬਾਜ਼ੀਗਰ ਕਬੀਲੇ ਦੀਆਂ ਵਿਆਹ ਰਸਮਾਂ

ਰਸਮਾਂ ਰੀਤਾਂ ਕਿਸੇ ਵੀ ਜਨਸਮੂਹ ਦਾ ਅਟੁਟ ਅੰਗ ਹਨ ਅਤੇ ਮਨੁੱਖ ਜਿਵੇਂ ਕਿ ਸਮਾਜਿਕ ਪ੍ਰਾਣੀ ਹੈ ਉਵੇਂ ਹੀ ਉਹ ਰੀਤੀ ਮੂਲਕ ਪ੍ਰਾਣੀ ਵੀ ਹੈ। ਅਸਲ ਵਿਚ ਉਸਦਾ ਇਹ ਰੀਤੀ ਮੂਲ ਵਿਹਾਰ ਉਸਨੂੰ ਸਮਾਜ ਵਿਚ ਬੰਨ੍ਹਣ ਦਾ ਹੀ ਇਕ ਤਰੀਕਾ ਹੈ। ਰਸਮਾਂ ਰੀਤਾਂ ਨੂੰ ਪ੍ਰਕਾਰਜਾਤਮਕ ਦ੍ਰਿਸ਼ਟੀ ਤੋਂ ਪਰਿਭਾਸ਼ਤ ਕਰਨ ਵਾਲੇ ਵਿਦਵਾਨਾਂ ਦਾ ਇਹ ਦਾਅਵਾ ਹੈ ਕਿ ਰੀਤਾਂ ਰਸਮਾਂ ਰਾਹੀਂ ਕੀਤੇ ਗਏ ਕਾਰਜ ਚਿੰਨ੍ਹਾਤਮਕ ਪੱਧਰ ਤੇ ਸਮਾਜ ਦਾ ਹੀ ਪ੍ਰਗਟਾਵਾ ਹੁੰਦੇ ਹਨ। ਦੁਰਖ਼ੀਮ ਅਨੁਸਾਰ ਰੀਤਾਂ ਨੂੰ ਸਮਾਜਿਕ ਪ੍ਰਕਾਰਜ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਵਿਅਕਤੀ ਆਪਣੇ ਅਤੇ ਸਮਾਜ ਦੇ ਸੰਤੁਲਨ ਲਈ ਇਹ ਰੀਤੀ ਮੂਲਕ ਕਾਰਜ ਕਰਦਾ ਹੈ। ਅਮਰੀਕਾ ਵਿੱਚ ਮਰਸੀਆ ਇਲੀਆਦ, ਜਰਮਨੀ ਵਿੱਚ ਰੁਡੋਲਫ਼ ਓਟੋ ਅਤੇ ਇੰਗਲੈਂਡ ਵਿਚ ਈ.ਓ ਜੇਮਜ਼ ਰੀਤਾਂ ਰਸਮਾਂ ਨੂੰ ਪਵਿੱਤਰਤਾ ਅਤੇ ਅੰਤਿਮ ਸਚਾਈ ਦੀ ਪ੍ਰਾਪਤੀ ਲਈ ਕੀਤੇ ਜਾਂਦੇ ਪ੍ਰਗਟਾਵੇ ਵਜੋਂ ਮੰਨਦੇ ਹਨ।"[1]

ਵਿਆਹ ਇੱਕ ਸਮਾਜਿਕ ਸੰਸਥਾ ਹੈ। ਦੁਨੀਆਂ ਦੀ ਹਰ ਜਾਤੀ, ਜਨਜਾਤੀ ਅਤੇ ਕਬੀਲੇ ਦੀਆਂ ਵਿਆਹ ਨਾਲ ਸਬੰਧਤ ਆਪਣੀਆਂ ਕੁਝ ਰਸਮਾਂ ਅਤੇ ਪਰੰਪਰਾਵਾਂ ਹੁੰਦੀਆਂ ਹਨ। ਬਾਜ਼ੀਗਰ ਕਬੀਲੇ ਵਿੱਚ ਵਿਆਹ ਦੀ ਰਸਮ ਨੂੰ ਵਿਸ਼ੇਸ਼ ਸਮਾਜਿਕ ਮਹੱਤਵ ਪ੍ਰਾਪਤ ਹੈ। ਬਾਜ਼ੀਗਰ ਕਬੀਲੇ ਵਿੱਚ ਵਿਆਹ ਤੋਂ ਪਹਿਲਾਂ ਮੰਗਣੀ ਦੀ ਰਸਮ ਅਦਾ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਵਿਆਹ ਨਾਲ ਸਬੰਧਤ ਕੁਝ ਹੋਰ ਪਰੰਪਰਿਕ ਰਸਮਾਂ ਵੀ ਅਦਾ ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਦਾ ਵਰਨਣ ਇਸ ਪ੍ਰਕਾਰ ਹੈ।

1. ਗੱਠੇ ਦੀ ਰਸਮ : ਬਾਜ਼ੀਗਰ ਕਬੀਲੇ ਵਿੱਚ ਵਿਆਹ ਤੋਂ ਪਹਿਲਾਂ ਗੱਠੇ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਜਿਸ ਨੂੰ ਬਾਜ਼ੀਗਰ ਕਬੀਲੇ ਦੇ ਲੋਕ 'ਗੱਠੋ' ਆਖਦੇ ਹਨ। ਕਬੀਲੇ ਦੇ ਪੈਂਚਾਂ ਅਤੇ ਸਿਆਣੇ ਲੋਕਾਂ ਅਨੁਸਾਰ ਅੱਧਾ ਵਿਆਹ ਤਾਂ ਗੱਠੇ ਦੀ ਰਸਮ ਸਮੇਂ ਹੀ ਸੰਪੰਨ ਹੋ ਜਾਂਦਾ ਹੈ। ਕਬੀਲੇ ਵਿਚ ਰਿਸ਼ਤੇ ਦੀ ਦੱਸ ਪੈਣ ਅਨੁਸਾਰ ਦੋਹਾਂ ਧਿਰਾਂ ਦੀ ਸਹਿਮਤੀ ਤੋਂ ਬਾਅਦ ਗੱਠੇ ਦੀ ਰਸਮ ਅਦਾ ਕੀਤੀ ਜਾਂਦੀ ਹੈ। ਬਾਜ਼ੀਗਰ ਕਬੀਲੇ ਵਿੱਚ ਗੱਠੇ ਦੀ ਰਸਮ ਦੋ ਕੁ ਮਹੀਨੇ ਦੀ ਉਮਰ ਵਿੱਚ ਹੀ ਪੂਰੀ ਕਰ ਲਈ ਜਾਂਦੀ ਸੀ। ਵਰਤਮਾਨ ਸਮੇਂ ਇਹ ਸਥਿਤੀ ਕਾਫ਼ੀ ਬਦਲ ਗਈ ਹੈ। ਹੁਣ ਗੱਠੇ ਦੀ ਰਸਮ ਵਿਆਹ ਤੋਂ ਇੱਕ ਦਿਨ ਪਹਿਲਾਂ ਵੀ ਪੂਰੀ ਕਰ ਲਈ ਜਾਂਦੀ ਹੈ। ਮੰਗਣੇ ਵਾਲੇ ਮੁੰਡੇ ਦੇ ਦਾਦਕੇ, ਨਾਨਕੇ ਅਤੇ ਭੈਣ ਭਰਾ ਮੇਲ ਦੇ ਰੂਪ ਵਿੱਚ ਕੁੜੀ ਵਾਲਿਆਂ ਦੇ ਘਰ ਪਹੁੰਚ ਜਾਂਦੇ ਹਨ। ਉੱਥੇ ਮੁੰਡੇ ਵਾਲਿਆਂ ਦੀ ਚੰਗੀ ਆਓ ਭਗਤ ਕੀਤੀ ਜਾਂਦੀ ਹੈ। ਮੰਜੀਆਂ ਤੇ ਸ਼ੀਸ਼ੇ ਵਾਲੀਆਂ ਨਵੀਆਂ ਕੱਥੜੀਆਂ (ਇੱਕ ਕਿਸਮ ਦਾ ਕਲਾਤਮਕ ਵਿਛਾਉਣਾ) ਵਿਛਾ ਕੇ ਸਤਿਕਾਰ

ਨਾਲ ਬਿਠਾਇਆ ਜਾਂਦਾ ਹੈ। ਕਬੀਲੇ ਵਿੱਚ ਕੱਥੜੀ ਸਤਿਕਾਰ ਦਾ ਚਿੰਨ੍ਹ ਹੈ। ਇਸ ਤਰ੍ਹਾਂ ਮੁੰਡੇ ਵਾਲਿਆਂ ਦੀ ਆਉ ਭਗਤ ਤੋਂ ਬਾਅਦ ਮਿਲਣੀ ਦੀ ਰਸਮ ਅਦਾ ਕੀਤੀ ਜਾਂਦੀ ਹੈ। ਇਸੇ ਉਪਰੰਤ ਕੁੜੀ ਵਾਲਿਆਂ ਦੇ ਘਰ ਇੱਕ ਸਾਫ਼ ਸੁਥਰੀ ਥਾਂ ਤੇ ਗੰਧਾਲੇ ਨਾਲ ਖੰਬੜੀ ਬੰਨ ਕੇ ਇਸ ਨਾਲ ਇੱਕ ਚਾਂਦੀ ਦਾ ਸਿੱਕਾ ਰੱਖ ਦਿੱਤਾ ਜਾਂਦਾ ਹੈ। ਫਿਰ ਮੰਗਣੀ ਵਾਲਾ ਛੋਟਾ ਬੱਚਾ ਗੰਧਾਲੇ ਨੂੰ ਫੜਕੇ ਇਸ ਰੁਪੱਈਏ ਤੇ ਟੱਕ ਲਾਉਂਦਾ ਹੈ। ਇਸ ਕੰਮ ਵਿੱਚ ਕਿਸੇ ਸਿਆਣੇ ਦੀ ਮੱਦਦ ਲਈ ਜਾਂਦੀ ਹੈ। ਇਸ ਸ਼ੁੱਭ ਸ਼ਗਨ ਤੋਂ ਬਾਅਦ ਘਿਓ ਅਤੇ ਸ਼ੱਕਰ ਮਿਲਾਕੇ ਸਾਰੇ ਰਿਸ਼ਤੇਦਾਰਾਂ, ਸ਼ਰੀਕਾਂ ਅਤੇ ਪਤਵੰਤਿਆਂ ਵਿੱਚ ਵੰਡਿਆਂ ਜਾਂਦਾ ਹੈ। ਕਬੀਲੇ ਵਿੱਚ ਰੁਪੱਈਏ ਤੇ ਟੱਕ ਲਾਉਣ ਦਾ ਭਾਵ ਰਿਸ਼ਤੇ ਦੇ ਅਹਿਦ ਨਾਲ ਹੈ। ਰਿਸ਼ਤਾ ਖਤਮ ਹੋਣ ਦੀ ਸੂਰਤ ਵਿਚ ਇਸ ਟੱਕ ਦਾ ਕਬੀਲਾ ਮਹਾਂ ਪੰਚਾਇਤ 'ਢੋਅ' ਵਿਚ ਭਾਰੀ ਦੰਡ ਵਸੂਲ ਕੀਤਾ ਜਾਂਦਾ ਹੈ। ਗੱਠੇ ਦੀ ਰਸਮ ਵੇਲੇ ਕੁੜੀ ਵਾਲਿਆਂ ਦੇ ਘਰ ਹੋਣ ਵਾਲਾ ਰੋਟੀ ਪਾਣੀ ਦਾ ਖ਼ਰਚ ਮੁੰਡੇ ਵਾਲਿਆਂ ਨੂੰ ਤਾਰਨਾ ਪੈਂਦਾ ਹੈ। ਇਹ ਕਬੀਲੇ ਦੀ ਇੱਕ ਮੁਢਲੀ ਰੀਤ ਰਹੀ ਹੈ।

2. ਰੰਗ ਲਾਉਣ ਦੀ ਰਸਮ : ਬਾਜ਼ੀਗਰ ਕਬੀਲੇ ਵਿਚ ਗੱਠੇ ਦੀ ਰਸਮ ਪੂਰੀ ਹੋਣ ਤੋਂ ਬਾਅਦ ਕੁੜਮਣੀ ਵੱਲੋਂ ਸਤਿਕਾਰ ਵਜੋਂ ਆਪਣੇ ਕੁੜਮ ਅਤੇ ਉਸਦੇ ਭਾਈਆਂ ਦੇ ਹੋਲੀ ਦੇ ਤਿਉਹਾਰ ਵਾਂਗ ਰੰਗ ਡੋਲਿਆ ਜਾਂਦਾ ਹੈ। ਇਹ ਰਸਮ ਗੱਠੇ ਦੀ ਰਸਮ ਦੇ ਸਿਰੇ ਚੜ੍ਹਨ ਉਪਰੰਤ ਕੀਤੀ ਜਾਂਦੀ ਹੈ। ਇਸ ਰਸਮ ਸਮੇਂ ਬਹੁਤ ਸਾਰਾ ਹਾਸਾ ਠੱਠਾ ਵੀ ਹੁੰਦਾ ਹੈ ਅਤੇ ਕਈ ਵਾਰ ਕੁੜਮ ਅਤੇ ਉਸਦੇ ਭਰਾਵਾਂ ਦੇ ਮੂੰਹ ਰੰਗ ਨਾਲ ਲਾਲ ਕਰ ਦਿੱਤੇ ਜਾਂਦੇ ਹਨ। ਇਸ ਰਸਮ ਨੂੰ ਕਬੀਲੇ ਦੇ ਲੋਕ 'ਛਾਰਨਾ' ਕਹਿੰਦੇ ਹਨ। ਫਿਰ ਗੱਠੇ ਵਿਚ ਸ਼ਾਮਲ ਰਿਸ਼ਤੇਦਾਰਾਂ ਨੂੰ ਰਾਤ ਦੀ ਰੋਟੀ ਤੋਂ ਬਾਅਦ ਆਰਾਮ ਲਈ ਬਿਸਤਰੇ ਆਦਿ ਦਿੱਤੇ ਜਾਂਦੇ ਹਨ। ਮੰਗਣੇ ਵਾਲੀ ਬਰਾਤ ਰਾਤ ਆਪਣੇ ਕੁੜਮਾਂ ਦੇ ਘਰ ਹੀ ਕੱਟਦੀ ਹੈ ਤੇ ਫਿਰ ਦੂਜੇ ਦਿਨ ਰਿਸ਼ਤੇਦਾਰਾਂ ਦੀ ਮਜਲਸ ਜੁੜਦੀ ਹੈ ਜਿਸ ਵਿੱਚ ਦਿਲ ਦੀਆਂ ਗੱਲਾਂ ਸਾਂਝੀਆਂ ਕੀਤੀਆਂ ਜਾਂਦੀਆਂ ਹਨ। ਇਸ ਸਮੇਂ ਦੌਰਾਨ ਬਾਜ਼ੀਗਰ ਕਬੀਲੇ ਦੀ ਵਿਸ਼ੇਸ਼ ਖੇਡ 'ਵੀਣੀ ਫੜਨੀ' ਉਚੇਚੇ ਪੱਧਰ ਦੇ ਕਰਵਾਈ ਜਾਂਦੀ ਹੈ। ਇਸ ਖੇਡ ਵਿੱਚ ਕਬੀਲੇ ਦੇ ਨੌਜਵਾਨ ਇੱਕ ਦੂਜੇ ਦੀ ਵੀਣੀ ਫੜਦੇ ਹਨ ਅਤੇ ਫਿਰ ਇਸਨੂੰ ਛੁਡਾਉਣ ਲਈ ਕਿਹਾ ਜਾਂਦਾ ਹੈ। ਇਹ ਬਹੁਤ ਜ਼ੋਰ ਵਾਲੀ ਅਤੇ ਕਲਾਤਮਕ ਖੇਡ ਹੁੰਦੀ ਹੈ ਜਿਸ ਵਿੱਚ ਇੱਕ ਨੌਜਵਾਨ ਦੂਜੇ ਨੌਜਵਾਨ ਦਾ ਗੁੱਟ ਦੋਹਾਂ ਹੱਥਾਂ ਨਾਲ ਘੁੱਟ ਕੇ ਫੜ ਲੈਂਦਾ ਹੈ ਅਤੇ ਫਿਰ ਦੂਜਾ ਨੌਜਵਾਨ ਇੱਕ ਬਿਜਲੀ ਵਰਗੇ ਝਟਕੇ ਨਾਲ ਆਪਣਾ ਗੁੱਟ ਛੁਡਾਉਂਦਾ ਹੈ। ਬਾਜ਼ੀਗਰ ਕਬੀਲੇ ਦੇ ਲੋਕ ਪੁਰਾਣੇ ਸਮੇਂ ਵਿੱਚ ਜਦੋਂ ਆਵਾਜਾਈ ਦੇ ਸਾਧਨ ਬਹੁਤ ਸੀਮਤ ਹੁੰਦੇ ਸਨ ਤਾਂ ਵਿਆਹ ਮੰਗਣਾਂ ਕਰਨ ਲਈ ਆਪਣਾ ਪਸ਼ੂ ਪਠੋਰਾ ਲੈ ਕੇ ਇੱਕ ਦੂਜੇ ਦੀ ਸੁਵਿਧਾ ਲਈ ਨੇੜੇ ਆ ਜਾਂਦੇ ਸਨ ਅਤੇ ਕਈ ਵਾਰ ਲੰਮਾ ਸਫ਼ਰ ਤੈਅ ਕਰਕੇ ਪੈਦਲ ਵੀ ਪਹੁੰਚ ਜਾਂਦੇ ਸਨ। ਮੰਗਣੀ ਦੀ ਰਸਮ ਤੋੜਨ ਵਾਲੇ ਨੂੰ ਟੱਕ (ਜੁਰਮਾਨਾ) ਭਰਨਾ ਪੈਂਦਾ ਹੈ ਅਤੇ ਉਸਦੀ ਕਬੀਲੇ ਵਿੱਚ ਬਦਨਾਮੀ ਵੀ ਹੁੰਦੀ ਹੈ। ਕਈ ਵਾਰ ਰਿਸ਼ਤੇ ਤੋਂ ਮੁਕਰਨ ਵਾਲੀ ਧਿਰ ਨੂੰ ਕਬੀਲੇ ਵਿੱਚੋਂ ਛੇਕ ਦਿੱਤਾ ਜਾਂਦਾ ਹੈ। ਅਜਿਹਾ ਤਾਂ ਹੀ ਹੁੰਦਾ ਹੈ ਜੇਕਰ ਰਿਸ਼ਤਾ

ਕਬੀਲੇ ਦੀ ਪੰਚਾਇਤ ਜਾਂ ਢੋਅ ਤੱਕ ਪਹੁੰਚ ਜਾਵੇ। ਬਾਜ਼ੀਗਰ ਕਬੀਲੇ ਵਿੱਚ ਗੱਠੇ ਦੀ ਰਸਮ ਵੇਲੇ ਰੁਪੱਈਏ ਨੂੰ ਟੱਕ ਲਾਉਣ ਦਾ ਭਾਵ ਰਿਸ਼ਤੇ ਦੀ ਮਾਣ ਮਰਿਆਦਾ ਰੱਖਣ ਦਾ ਅਹਿਦ ਲੈਣਾ ਹੁੰਦਾ ਹੈ।

3. **ਬਾਜ਼ੀਗਰ ਕਬੀਲੇ ਵਿਚ ਵਿਆਹ ਦੀ ਰਸਮ :** ਬਾਜੀਗਰ ਕਬੀਲੇ ਵਿੱਚ ਵਿਆਹ ਦੀ ਰਸਮ ਨੂੰ ਵਿਸ਼ੇਸ਼ ਦਰਜਾ ਦਿੱਤਾ ਜਾਂਦਾ ਹੈ। ਪੁਰਾਣੇ ਸਮਿਆਂ ਵਿੱਚ ਜਦੋਂ ਆਵਾਜਾਈ ਦੇ ਸਾਧਨਾਂ ਦੀ ਬਹੁਤ ਘਾਟ ਸੀ ਤਾਂ ਵਿਆਹ ਵਾਲੀਆਂ ਧਿਰਾਂ ਭਾਵ ਕੁੜੀ ਅਤੇ ਮੁੰਡੇ ਵਾਲੇ ਇਕ ਦੂਜੇ ਦੀ ਸੁਵਿਧਾ ਲਈ ਦੋ ਤਿੰਨ ਮਹੀਨੇ ਲਈ ਆਪਣੀਆਂ ਆਪਣੀਆਂ ਟੱਪਰੀਆਂ ਲੈ ਕੇ ਇੱਕ ਦੂਜੇ ਦੇ ਨੇੜੇ ਡੇਰੇ ਲਾ ਲੈਂਦੇ ਸਨ। ਅਜਿਹਾ ਇੱਕ ਦੂਜੇ ਨਾਲ ਰਾਬਤਾ ਬਣਾਈ ਰੱਖਣ ਲਈ ਕੀਤਾ ਜਾਂਦਾ ਸੀ। ਵਿਆਹ ਤੋਂ ਇੱਕ ਮਹੀਨਾ ਪਹਿਲਾਂ ਹੀ ਵਿਆਹ ਦੀਆਂ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਹਨ। ਬਾਜ਼ੀਗਰ ਕਬੀਲੇ ਵਿੱਚ ਵਿਆਹ ਤੋਂ ਲਗਭਗ ਦੋ-ਤਿੰਨ ਮਹੀਨੇ ਪਹਿਲਾਂ ਹੀ ਵਿਆਹ ਵਾਲੀ ਲੜਕੀ ਜਾਂ ਨੂੰਹ ਲਈ ਵਿੱਤ ਅਨੁਸਾਰ ਸੋਨੇ ਤੇ ਚਾਂਦੀ ਦੇ ਗਹਿਣੇ ਅਤੇ ਵਰੀ ਦੇ ਸੂਟ ਤਿਆਰ ਕਰਵਾ ਲਏ ਜਾਂਦੇ ਹਨ। ਪਰਿਵਾਰ ਦਾ ਮੁੱਖੀ ਸਾਰੇ ਰਿਸ਼ਤੇਦਾਰਾਂ ਨੂੰ ਆਪ ਘਰ ਘਰ ਜਾ ਕੇ ਵਿਆਹ ਦਾ ਸੱਦਾ ਦਿੰਦਾ ਹੈ। ਭਾਵੇਂ ਅੱਜ ਦੇ ਜ਼ਮਾਨੇ ਵਿੱਚ ਵਿਆਹ ਦੇ ਕਾਰਡ ਦੇਣ ਦਾ ਰਿਵਾਜ਼ ਹੈ ਪਰ ਫਿਰ ਵੀ ਖੁਦ ਸੱਦਾ ਦੇਣ ਨੂੰ ਜ਼ਰੂਰੀ ਸਮਝਿਆ ਜਾਂਦਾ ਹੈ।

4. **ਘੋੜੀਆਂ ਗਾਉਣ ਦੀ ਰਸਮ:** ਬਾਜ਼ੀਗਰ ਕਬੀਲੇ ਦੀਆਂ ਔਰਤਾਂ ਵਿਆਹ ਤੋਂ ਦੱਸ ਬਾਰਾਂ ਦਿਨ ਪਹਿਲਾਂ ਵਿਆਹ ਵਾਲੇ ਮੁੰਡੇ ਦੇ ਘਰ ਇਕੱਠੀਆਂ ਹੋ ਕੇ ਘੋੜੀਆਂ ਗਾਉਣੀਆਂ ਸ਼ੁਰੂ ਕਰ ਦਿੰਦੀਆਂ ਹਨ। ਘੋੜੀਆਂ ਗਾਉਣ ਦੇ ਨਾਲ ਨਾਲ ਬਾਜ਼ੀਗਰਨੀਆਂ ਵੱਲੋਂ ਕਬੀਲਾ ਨਾਚ ਵੀ ਪੇਸ਼ ਕੀਤੇ ਜਾਂਦੇ ਹਨ। ਘੋੜੀਆਂ ਗਾਉਣ ਲਈ ਵਿਆਹ ਵਾਲੇ ਘਰ ਦੀਆਂ ਔਰਤਾਂ ਨੂੰ ਡੇਰੇ ਦੇ ਹਰ ਘਰ ਵਿੱਚ ਜਾ ਕੇ ਸੱਦਾ ਦੇਣਾ ਪੈਂਦਾ ਹੈ। ਕਬੀਲੇ ਦੀਆਂ ਔਰਤਾਂ ਰਾਤ ਨੂੰ ਕੰਮ ਕਾਰ ਤੋਂ ਵਿਹਲੀਆਂ ਹੋ ਕੇ ਵਿਆਹ ਵਾਲੇ ਘਰ ਇਕੱਠੀਆਂ ਹੋ ਕੇ ਸ਼ਗਨਾਂ ਦੀਆਂ ਘੋੜੀਆਂ ਗਾਉਂਦੀਆਂ ਹਨ। ਇਸ ਰਸਮ ਵੇਲੇ ਔਰਤਾਂ ਵਲੋਂ ਕਈ ਸਵਾਂਗ ਵੀ ਰਚੇ ਜਾਂਦੇ ਹਨ। ਬਾਜ਼ੀਗਰ ਕਬੀਲੇ ਦੇ ਹਰ ਵਿਆਹ ਵਿੱਚ ਹੇਠ ਲਿਖੀ ਪਰੰਪਰਿਕ ਘੋੜੀ ਇੱਕ ਖਾਸ ਅੰਦਾਜ਼ ਵਿੱਚ ਗਾਈ ਜਾਂਦੀ ਹੈ:-

ਕੀਨੇ ਘੋੜੀ ਮੰਗੀ ਐ
ਕੀਨੇ ਮੁੱਲ ਕਰਾਈ ਐ
ਯਾਰ੍ਹੇ ਘੋੜੀ ਮੰਗੀ ਐ
ਜੱਗੇ ਮੁੱਲ ਕਰਾਈ ਐ
ਘੋੜੀ ਕਰਦੀ ਥੱਈਆ ਥੱਈਆ
ਘੋੜੀ ਮੰਗਦੀ ਲੱਖ ਰੁੱਪਈਆ
ਕਿਨੇ ਘੋੜੀ ਮੰਗੀ ਐ
ਕਿਨੇ ਵਾਗ ਫੜਾਈ ਐ

5. ਬੋਦੀ ਗੁੰਦਣ ਦੀ ਰਸਮ : ਬਾਜ਼ੀਗਰ ਕਬੀਲੇ ਵਿੱਚ ਵਿਆਹ ਤੋਂ ਇੱਕ ਦਿਨ ਪਹਿਲਾਂ ਮੁੰਡੇ ਕੁੜੀ ਦੇ ਘਰ ਵਿੱਚ ਬੋਦੀ ਗੁੰਦਣ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਵਿਆਹ ਵਾਲੇ ਮੁੰਡੇ ਦੀ ਦਾਦੀ, ਭੂਆ, ਭੈਣਾਂ ਅਤੇ ਭਾਬੀਆਂ ਇਕੱਠੀਆਂ ਹੋ ਕੇ ਬੋਦੀ ਗੁੰਦਣ ਦੀ ਰਸਮ ਅਦਾ ਕਰਦੀਆਂ ਹਨ। ਇਸ ਰਸਮ ਵਿੱਚ ਵਿਆਹ ਵਾਲੇ ਮੁੰਡੇ ਅਤੇ ਕੁੜੀ ਦੇ ਵਾਲ਼ ਬੰਨ੍ਹ ਦਿੱਤੇ ਜਾਂਦੇ ਹਨ। ਇਸ ਬਾਰੇ ਕਬੀਲੇ ਦਾ ਇਹ ਲੋਕ ਵਿਸ਼ਵਾਸ਼ ਜੁੜਿਆ ਹੋਇਆ ਹੈ ਕਿ ਇਸ ਤਰ੍ਹਾਂ ਕਰਨ ਨਾਲ ਵਿਆਹ ਵਾਲੇ ਮੁੰਡੇ ਜਾਂ ਕੁੜੀ ਨੂੰ ਕਿਸੇ ਬਾਹਰਲੀ ਸ਼ੈਅ ਭੂਤਪ੍ਰੇਤ ਆਦਿ ਦਾ ਡਰ ਨਹੀਂ ਰਹਿੰਦਾ। ਇਸ ਉਪਰੰਤ ਕਬੀਲੇ ਦੀਆਂ ਔਰਤਾਂ ਇਕੱਠੀਆਂ ਹੋ ਕੇ ਸ਼ਗਨਾਂ ਦੇ ਗੀਤ ਗਾਉਂਦੀਆਂ ਹਨ :-

ਕੇਸਰ ਕੇਲੇ ਦਾ ਵੇਲਾ
ਬੋਦੀ ਗੁੰਦਣ ਦਾ ਵੇਲਾ
ਭਾਬੀਆਂ ਸੱਦਣ ਦਾ ਵੇਲਾ
ਭੈਣਾਂ ਸੱਦਣ ਦਾ ਵੇਲਾ

6. ਬੋਦੀ ਖੋਲ੍ਹਣ ਦੀ ਰਸਮ : ਬਾਜ਼ੀਗਰ ਕਬੀਲੇ ਵਿੱਚ ਵਿਆਹ ਦੇ ਦੂਜੇ ਦਿਨ ਸੂਰਜ ਚੜ੍ਹਦਿਆਂ ਹੀ ਮੁੰਡੇ ਜਾਂ ਕੁੜੀ ਦੀ ਬੋਦੀ ਖੋਲ੍ਹ ਦਿੱਤੀ ਜਾਂਦੀ ਹੈ। ਇਸ ਵੇਲੇ ਕਬੀਲੇ ਦੀਆਂ ਔਰਤਾਂ ਢੋਲਕੀ ਦੀ ਥਾਪ ਤੇ ਕਬੀਲੇ ਦੇ ਪਰੰਪਰਿਕ ਗੀਤ ਗਾਉਂਦੀਆਂ ਹਨ। ਢੋਲਕੀ ਵਜਾਉਣ ਵਾਲੀ ਔਰਤ ਨੂੰ ਡੂੰਮਣੀ ਕਿਹਾ ਜਾਂਦਾ ਹੈ। ਉਸਦੀ ਇਸ ਰਸਮ ਵਿੱਚ ਵਿਸ਼ੇਸ਼ ਭੂਮਿਕਾ ਹੁੰਦੀ ਹੈ। ਕਬੀਲੇ ਦੇ ਸਾਰਿਆਂ ਲੋਕਾਂ ਵੱਲੋਂ ਡੂੰਮਣੀ ਨੂੰ ਮੱਥਾ ਟੇਕਿਆ ਜਾਂਦਾ ਹੈ। ਵਿਆਹ ਵਾਲੇ ਪਰਿਵਾਰ ਵੱਲੋਂ ਉਸਨੂੰ ਸ਼ਰਧਾ ਵੱਜੋਂ ਕੁਝ ਰੁਪਏ ਜਾਂ ਪੈਸੇ ਦੇ ਕੇ ਮੱਥਾ ਵੀ ਟੇਕਿਆ ਜਾਂਦਾ ਹੈ। ਕਬੀਲੇ ਵਿਚ ਲੜਕੀ ਦੀ ਬੋਦੀ ਖੋਲ੍ਹਣ ਵੇਲੇ ਲੜਕੀ ਦੀ ਭਾਬੀ ਨੂੰ ਸੰਬੋਧਿਤ ਹੇਠ ਲਿਖਿਆ ਕਬੀਲਾ ਗੀਤ ਗਾਇਆ ਜਾਂਦਾ ਹੈ :-

ਖੋਲੋ ਗਾਠਾਂ, ਗਾਠਾਂ ਖੋਲੋ ਵੇ
ਇਹ ਕਿਸ ਕੰਜਰੀ ਨੇ ਬੰਨ੍ਹੀਆਂ ਵੇ
ਸੱਤ ਖਸਮੀਂ ਨੇ ਬੰਨ੍ਹੀਆਂ ਖੋਲੋ ਵੇ

ਇਸ ਦੇ ਨਾਲ ਹੀ ਕਬੀਲੇ ਦੀਆਂ ਔਰਤਾਂ ਅਤੇ ਵਿਆਹ ਵਾਲੀ ਲੜਕੀ ਦੀਆਂ ਸਹੇਲੀਆਂ ਮਿਲ ਕੇ ਸੁਹਾਗ ਗੀਤ ਗਾਉਂਦੀਆਂ ਹਨ :-

ਹਿੰਦੀ ਲਾਵਣ ਦੇਈਂ ਵੇ
ਲਾੜੀ ਦੇ ਸ਼ਗਨ ਮਨਾਵਣ ਦੇਈਂ ਵੇ
ਪੰਜ ਭਰਾਵਾਂ ਤਾਰੀਏ
ਨੀ ਲਾੜੀਏ
ਸਾਨੂੰ ਸ਼ਗਨ ਮਨਾਵਣ ਦੇ

ਇਸ ਪ੍ਰਕਾਰ ਕਬੀਲੇ ਵਿੱਚ ਦੂਜੇ ਦਿਨ ਬੋਦੀ ਖੋਲ੍ਹਣ ਦੀ ਰਸਮ ਅਦਾ ਕੀਤੀ ਜਾਂਦੀ ਹੈ।

7. ਮਹਿੰਦੀ ਲਾਉਣ ਦੀ ਰਸਮ : ਬੋਦੀ ਖੋਲ੍ਹਣ ਦੀ ਰਸਮ ਤੋਂ ਬਾਅਦ ਵਿਆਹ ਵਾਲੇ ਮੁੰਡੇ ਦੀਆਂ ਭੈਣਾਂ, ਜੀਜੇ, ਸਾਥੀ ਅਤੇ ਭਰਜਾਈਆਂ ਇਕੱਠੀਆਂ ਹੋ ਕੇ ਉਸਦੇ ਮਹਿੰਦੀ ਲਾਉਣ ਦੀ ਰਸਮ ਪੂਰੀ ਕਰਦੀਆਂ ਹਨ। ਇਸ ਰਸਮ ਦੇ ਸ਼ੁਰੂ ਤੋਂ ਲੈ ਕੇ ਅੰਤ ਤੱਕ ਸਾਰੇ ਪਰਿਵਾਰ ਦੀਆਂ ਔਰਤਾਂ ਵੱਲੋਂ ਸ਼ਗਨਾਂ ਨਾਲ ਸਬੰਧਤ ਇਸ ਤਰ੍ਹਾਂ ਦੇ ਕਬੀਲਾ ਗੀਤ ਗਾਏ ਜਾਂਦੇ ਹਨ :-

ਕਰਦੇ ਦਾਣਾ ਦਾਣਾ ਨੀ
ਮਹਿੰਦੀ ਦਾ ਕੀ ਲਾਣਾ ਨੀ
ਚੱਕ ਦੇ ਪਰਾਤ ਦਾ ਥੱਲਾ
ਨੀ ਮਹਿੰਦੀ ਦਾ ਕੀ ਲਾਣਾ

ਇਨ੍ਹਾਂ ਗੀਤਾਂ ਦੀ ਸੁਰ ਮੱਧਮ ਹੁੰਦੀ ਹੈ। ਇਹ ਗੀਤ ਗਾਉਣ ਸਮੇਂ ਕਿਸੇ ਵੀ ਸਾਜ਼ ਦੀ ਵਰਤੋਂ ਨਹੀਂ ਕੀਤੀ ਜਾਂਦੀ ਫਿਰ ਵੀ ਇਨ੍ਹਾਂ ਦੀ ਸੰਗੀਤਮਕਤਾ ਅਤੇ ਰਵਾਨਗੀ ਬਹੁਤ ਕਮਾਲ ਦੀ ਹੁੰਦੀ ਹੈ।

8. ਗਾਨਾ ਬੰਨਣ ਦੀ ਰਸਮ : ਬਾਜ਼ੀਗਰ ਕਬੀਲੇ ਵਿਚ ਮਹਿੰਦੀ ਦੀ ਰਸਮ ਤੋਂ ਬਾਅਦ ਮੁੰਡੇ ਦੇ ਜੀਜੇ ਵੱਲੋਂ ਮੁੰਡੇ ਦੇ ਹੱਥ ਖੰਬੜੀ ਬੰਨ੍ਹੀ ਜਾਂਦੀ ਹੈ। ਇਸਨੂੰ ਸੱਤ ਗੰਢਾਂ ਦਿੱਤੀਆਂ ਜਾਂਦੀਆਂ ਹਨ। ਬਾਜ਼ੀਗਰ ਕਬੀਲੇ ਵਿੱਚ ਇਸਨੂੰ 'ਗਾਨਾ' ਕਿਹਾ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਗਾਨਾ ਬੰਨ੍ਹਣ ਦੀ ਰਸਮ ਨੂੰ ਬਹੁਤ ਹੀ ਸਤਿਕਾਰ ਵਾਲੀ ਰਸਮ ਸਮਝਿਆ ਜਾਂਦਾ ਹੈ ਅਤੇ ਇਸੇ ਕਾਰਨ ਗਾਨਾ ਬੰਨ੍ਹਣ ਦਾ ਹੱਕ ਕਬੀਲੇ ਵਿੱਚ ਜਵਾਈ ਨੂੰ ਦਿੱਤਾ ਗਿਆ ਹੈ।

9. ਵੱਟਣਾ ਮਲਣ ਦੀ ਰਸਮ : ਬਾਜ਼ੀਗਰ ਕਬੀਲੇ ਵਿਚ ਗਾਨਾ ਬੰਨ੍ਹਣ ਦੀ ਰਸਮ ਤੋਂ ਬਾਅਦ ਵੱਟਣਾ ਲਾਉਣ ਦੀ ਰਸਮ ਅਦਾ ਕੀਤੀ ਜਾਂਦੀ ਹੈ। ਵਿਆਹ ਵਾਲੇ ਮੁੰਡੇ ਦੇ ਵਟਣਾ ਪਰਿਵਾਰ ਦੇ ਜਵਾਈਆਂ ਅਤੇ ਭਰਜਾਈਆਂ ਵੱਲੋਂ ਲਾਇਆ ਜਾਂਦਾ ਹੈ। ਇਸ ਰਸਮ ਵੇਲੇ ਮੁੰਡੇ ਦੀਆਂ ਭੈਣਾਂ ਇੱਕ ਫੁਲਕਾਰੀ ਵਰਗੇ ਕੱਪੜੇ ਦੇ ਚਾਰ ਕੋਨੇ ਫੜਕੇ ਮੁੰਡੇ ਦੇ ਉਪਰ ਤਾਣ ਦਿੰਦੀਆਂ ਹਨ। ਇਸ ਰਸਮ ਵੇਲੇ ਕਬੀਲੇ ਦੇ ਵਿਆਹ ਨਾਲ ਸਬੰਧਤ ਗੀਤ ਗਾਏ ਜਾਂਦੇ ਹਨ ।

10. ਖ਼ਾਰੇ ਦੀ ਰਸਮ : ਬਾਜ਼ੀਗਰ ਕਬੀਲੇ ਵਿੱਚ ਵਟਣਾਂ ਮਲਣ ਦੀ ਰਸਮ ਤੋਂ ਬਾਅਦ ਖ਼ਾਰੇ ਦੀ ਰਸਮ ਅਦਾ ਕੀਤੀ ਜਾਂਦੀ ਹੈ। ਮੁੰਡੇ ਦੇ ਜੀਜੇ ਅਤੇ ਭਰਜਾਈਆਂ ਵਿਆਹ ਵਾਲੇ ਮੁੰਡੇ ਨੂੰ ਖ਼ਾਰੇ ਤੇ ਚਾੜ੍ਹਦੇ ਹਨ। ਇਸ ਰਸਮ ਵਿੱਚ ਵਿਆਹ ਵਾਲਾ ਮੁੰਡਾ ਆਪਣੇ ਹੱਥਾਂ ਵਿੱਚ ਇੱਕ ਖਾਲੀ ਥਾਲੀ ਫੜ ਲੈਂਦਾ ਹੈ ਜਿਸ ਵਿੱਚ ਇੱਕ ਦੀਵਾ ਜਗਾਇਆ ਜਾਂਦਾ ਹੈ। ਵਿਆਹ ਵਾਲਾ ਮੁੰਡਾ ਇਹ ਥਾਲ ਫੜਕੇ ਪੈਰਾਂ ਵਿੱਚ ਮੂਧੀ ਰੱਖੀ ਪਰਾਤ ਉੱਤੇ ਚੜ੍ਹਕੇ ਖੜ੍ਹ ਜਾਂਦਾ ਹੈ। ਵਿਆਹ ਵਾਲੇ ਮੁੰਡੇ ਦਾ ਪਰਿਵਾਰ, ਰਿਸ਼ਤੇਦਾਰ ਅਤੇ ਕਬੀਲੇ ਦੇ ਵਿਆਹ ਵਿੱਚ ਸ਼ਾਮਲ ਲੋਕ ਵਿਆਹ ਵਾਲੇ ਮੁੰਡੇ ਤੋਂ ਸ਼ਰਧਾ ਮੁਤਾਬਕ ਪੈਸੇ ਵਾਰ ਕੇ ਇਸ ਦੀਵੇ ਵਾਲੀ ਥਾਲ ਵਿੱਚ ਰੱਖ ਦਿੰਦੇ ਹਨ। ਇਸ ਰਸਮ ਤੋਂ ਬਾਅਦ ਮੁੰਡੇ ਦਾ ਮੂੰਹ ਵੀ

ਮਿੱਠਾ ਕਰਵਾਇਆ ਜਾਂਦਾ ਹੈ। ਖ਼ਾਰੇ ਦੀ ਰਸਮ ਵੇਲੇ ਔਰਤਾਂ ਕਬੀਲੇ ਵਿਚ ਪ੍ਰਚਲਿਤ ਗੀਤ ਗਾਉਂਦੀਆਂ ਹਨ:-

ਨ੍ਹਾ ਲਾ ਰੇ ਛੋਰਾ ਨ੍ਹਾ ਈ ਲਾ
ਊਪਰ ਸੋਨੇ ਰੋ ਛੱਤਰ ਤਨਾਅ ਈ ਲਾ

11. ਖ਼ਾਰੇ ਤੋਂ ਉਤਾਰਨ ਦੀ ਰਸਮ : ਬਾਜ਼ੀਗਰ ਕਬੀਲੇ ਵਿੱਚ ਖ਼ਾਰੇ ਤੇ ਬਿਠਾਉਣ ਤੋਂ ਬਾਅਦ ਖ਼ਾਰੇ ਤੋਂ ਉਤਾਰਨ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਕਬੀਲੇ ਵਿਚ ਇਹ ਰਸਮ ਮੁੰਡੇ ਦਾ ਮਾਮਾ ਪੂਰੀ ਕਰਦਾ ਹੈ। ਮਾਮਾ ਵਿਆਹ ਵਾਲੇ ਮੁੰਡੇ ਨੂੰ ਗੋਦ ਵਿਚ ਚੁੱਕ ਕੇ ਖ਼ਾਰੇ ਤੋਂ ਉਤਾਰਦਾ ਹੈ। ਖ਼ਾਰੇ ਤੋਂ ਉਤਾਰਨ ਦੀ ਰਸਮ ਵੇਲੇ ਮਾਮੇ ਨੂੰ ਵਿੱਤ ਅਨੁਸਾਰ ਵਿਆਹ ਵਾਲੇ ਮੁੰਡੇ ਨੂੰ ਸ਼ਗਨ ਦੇਣਾ ਪੈਂਦਾ ਹੈ। ਇਸ ਰਸਮ ਤੋਂ ਬਾਅਦ ਵਿਆਹ ਵਾਲੇ ਮੁੰਡੇ ਨੂੰ ਖ਼ਾਰੇ ਤੋਂ ਉਤਰਨ ਸਮੇਂ ਸੱਤ ਘੜਿਆਂ ਦੀਆਂ ਚੱਪਣੀਆਂ ਤੋੜਨੀਆਂ ਪੈਂਦੀਆਂ ਹਨ। ਮੁੰਡੇ ਦੁਆਰਾ ਤਿੰਨ ਚੱਪਣੀਆਂ ਦਾ ਤੋੜਨਾ ਵਿਆਹ ਦੀ ਪੱਕਿਆਈ ਅਤੇ ਸਫ਼ਲਤਾ ਦਾ ਪ੍ਰਤੀਕ ਹੈ। ਇਸ ਰਸਮ ਵਿੱਚ ਸ਼ਗਨ ਵਿੱਚ ਮਿਲਣ ਵਾਲੇ ਪੈਸਿਆਂ ਤੇ ਵਿਆਹ ਵਾਲੇ ਮੁੰਡੇ ਦਾ ਅਧਿਕਾਰ ਹੁੰਦਾ ਹੈ। ਇਸ ਰਸਮ ਵੇਲੇ ਕਬੀਲੇ ਦੀਆਂ ਔਰਤਾਂ ਗੀਤ ਗਾਉਂਦੀਆਂ ਹਨ:

12. ਸਿਹਰਾ ਬੰਨ੍ਹਣ ਦੀ ਰਸਮ : ਬਾਜ਼ੀਗਰ ਕਬੀਲੇ ਵਿੱਚ ਵਿਆਹ ਵਾਲੇ ਲੜਕੇ ਨੂੰ ਖ਼ਾਰੇ ਤੋਂ ਉਤਾਰਨ ਤੋਂ ਬਾਅਦ ਨਵੇਂ ਕਪੜੇ ਪੁਆ ਕੇ ਉਸਨੂੰ ਕਬੀਲੇ ਦੇ ਰਸਮ ਰਿਵਾਜਾਂ ਅਨੁਸਾਰ ਤਿਆਰ ਕਰਕੇ ਸਿਹਰਾਬੰਦੀ ਕੀਤੀ ਜਾਂਦੀ ਹੈ। ਵਿਆਹ ਵਾਲੇ ਮੁੰਡੇ ਦਾ ਸਿਹਰਾ ਜੀਜੇ ਵੱਲੋਂ ਬੰਨ੍ਹਿਆਂ ਜਾਂਦਾ ਹੈ। ਇਸ ਰਸਮ ਸਮੇਂ ਮੁੰਡੇ ਦੀਆਂ ਭੈਣਾਂ ਉਚੇਚੇ ਤੌਰ ਤੇ ਸ਼ਾਮਲ ਹੁੰਦੀਆਂ ਹਨ। ਇਸ ਸ਼ਗਨ ਤੋਂ ਬਾਅਦ ਮੁੰਡੇ ਦੀ ਝੋਲੀ ਵਿੱਚ ਸ਼ਗਨ ਵੀ ਪਾਇਆ ਜਾਂਦਾ ਹੈ। ਇਸ ਤੋਂ ਬਾਅਦ ਮੁੰਡੇ ਦੀਆਂ ਭਰਜਾਈਆਂ ਵੱਲੋਂ ਮੁੰਡੇ ਦੇ ਸੁਰਮਾ ਪਾਉਣ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਵਿਆਹ ਵਾਲੇ ਮੁੰਡੇ ਦੇ ਸੁਰਮਾ ਛੋਟੀ ਭਰਜਾਈ ਵੱਲੋਂ ਪਾਇਆ ਜਾਂਦਾ ਹੈ। ਸੁਰਮਾ ਪਵਾਈ ਦੀ ਰਸਮ ਬਦਲੇ ਭਰਜਾਈ ਨੂੰ ਮੁੰਡੇ ਵੱਲੋਂ ਕੁਝ ਰੁਪਏ ਸ਼ਗਨ ਵਜੋਂ ਦਿੱਤੇ ਜਾਂਦੇ ਹਨ।

13. ਵਾਂਗ ਫੜਨ ਦੀ ਰਸਮ : ਬਾਜ਼ੀਗਰ ਕਬੀਲੇ ਵਿੱਚ ਬਰਾਤ ਤੁਰਨ ਤੋਂ ਪਹਿਲਾਂ ਮੁੰਡੇ ਦੀ ਭੈਣ ਵੀਰ ਦੇ ਵਿਆਹ ਦੀ ਖੁਸ਼ੀ ਵਿੱਚ ਵਿਆਹ ਵਾਲੇ ਮੁੰਡੇ ਦਾ ਪੱਲਾ ਫੜਦੀ ਹੈ। ਇਸ ਰਸਮ ਨੂੰ ਬਾਜ਼ੀਗਰ ਕਬੀਲੇ ਵਿੱਚ 'ਵਾਂਗ ਫੜਾਈ' ਕਿਹਾ ਜਾਂਦਾ ਹੈ। ਇਸ ਰਸਮ ਦਾ ਭੈਣ ਨੂੰ ਉਚੇਚੇ ਤੌਰ ਤੇ ਸ਼ਗਨ ਦਿੱਤਾ ਜਾਂਦਾ ਹੈ। ਮੁੰਡੇ ਦੇ ਗਲ ਵਿੱਚ ਇੱਕ ਚਿੱਟੇ ਰੰਗ ਦਾ ਸਾਫ਼ਾ ਪਾਇਆ ਜਾਂਦਾ ਹੈ। ਇਸ ਕਪੜੇ ਨੂੰ 'ਛੇਤੂਆ' ਆਖਿਆ ਜਾਂਦਾ ਹੈ। ਇਸ ਦੀ ਇੱਕ ਕੰਨੀ ਨਾਲ ਸਵਾ ਰੁਪਇਆ ਬੰਨ੍ਹ ਦਿੱਤਾ ਜਾਂਦਾ ਹੈ। ਵਿਆਹ ਵਾਲੇ ਮੁੰਡੇ ਦੇ ਘਰੋਂ ਬਰਾਤ ਤੁਰਨ ਵੇਲੇ ਵਿਆਹ ਵਾਲੀ ਕੁੜੀ ਲਈ ਸ਼ਗਨਾਂ ਵੱਜੋਂ ਵਰੀ ਦੇ ਇੱਕ ਜਾਂ ਦੋ ਸੂਟ ਲਏ ਜਾਂਦੇ ਹਨ। ਇਹਨਾਂ ਸੂਟਾਂ ਨਾਲ ਵਿਸ਼ੇਸ਼ ਤੌਰ ਤੇ ਗੁੜ ਅਤੇ ਚੌਲ ਰੱਖੇ ਜਾਂਦੇ ਹਨ। ਗੁੜ ਅਤੇ ਚੌਲ ਵਿਆਹ ਵਾਲੀਆਂ ਦੋਹਾਂ ਧਿਰਾਂ ਦੀ ਆਪਸੀ ਸਾਂਝ ਦਾ ਪ੍ਰਤੀਕ ਹਨ।

14. ਪੁਰਖ਼ਿਆਂ ਦੀ ਥਾਂ ਤੇ ਮੱਥਾ ਟੇਕਣ ਦੀ ਰਸਮ : ਇਸ ਰਸਮ ਵਿੱਚ ਵਿਆਹ ਵਾਲਾ ਮੁੰਡਾ ਆਪਣੇ ਪੁਰਖਿਆਂ ਦੀ ਬਣੀ ਹੋਈ ਥਾਂ ਤੇ ਪਰਿਵਾਰ ਸਮੇਤ ਮੱਥਾ ਟੇਕਦਾ ਹੈ। ਇਸ ਸਮੇਂ ਪਰਿਵਾਰ ਦੀ ਖੁਸ਼ਹਾਲੀ ਅਤੇ ਵਿਆਹ ਦੀ ਸਫ਼ਲਤਾ ਲਈ ਪੁਰਖ਼ਿਆਂ ਅੱਗੇ ਅਰਦਾਸ ਕੀਤੀ ਜਾਂਦੀ ਹੈ। ਇਸ ਵੇਲੇ ਪੁਰਖ਼ਿਆਂ ਨੂੰ ਖੁਸ਼ ਕਰਨ ਲਈ ਪੁਰਖ਼ਿਆਂ ਦੀ ਥਾਂ ਤੇ ਢੋਲ ਵਜਾ ਕੇ ਖੁਸ਼ੀ ਜ਼ਾਹਿਰ ਕੀਤੀ ਜਾਂਦੀ ਹੈ। ਇਸ ਤਰ੍ਹਾਂ ਪੁਰਖ਼ਿਆਂ ਦਾ ਅਸ਼ੀਰਵਾਦ ਲੈਣ ਤੋਂ ਬਾਅਦ ਬਰਾਤ ਕੁੜੀ ਵਾਲ਼ਿਆਂ ਦੇ ਘਰ ਚਾਲੇ ਪਾ ਦਿੰਦੀ ਹੈ।

15. ਮਿਲਣੀ ਦੀ ਰਸਮ : ਬਾਜ਼ੀਗਰ ਕਬੀਲੇ ਵਿੱਚ ਬਰਾਤ ਕੁੜੀ ਵਾਲਿਆਂ ਦੇ ਘਰ ਪਹੁੰਚਣ ਤੇ ਸਭ ਤੋਂ ਪਹਿਲਾਂ ਮਿਲਣੀ ਦੀ ਰਸਮ ਹੁੰਦੀ ਹੈ। ਮਿਲਣੀ ਦੀ ਰਸਮ ਵੇਲੇ ਕਬੀਲੇ ਦੀਆਂ ਔਰਤਾਂ ਸਿਠਣੀਆਂ ਦੇ ਰੂਪ ਵਿੱਚ ਇਹ ਗੀਤ ਬੋਲਦੀਆਂ ਹਨ :-

ਕਣਕਾਂ ਦਾ ਕਣ ਮੈਂ ਲਵਾਂ
ਨਾਲੇ ਬੰਨ੍ਹਾਂ ਕੁੱਪ
ਅੱਗੇ ਧਰਮਸ਼ੋਤਨੀਆਂ ਭੁੜਕਦੀਆਂ
ਤੁਸਾਂ ਕਿਉਂ ਕੀਤੀ ਚੁੱਪ

ਮਾਇਆ ਕਰੀਏ ਠੀਕਰੀ
ਦਿਲ ਕਰੀਏ ਦਰਿਆ
ਮਾਇਆ ਆਵਣੀ ਜਾਵਣੀ
ਤੂੰ ਸ਼ਾਬਾਸ਼ ਪੱਲੇ ਪਾ
ਮੇਰਿਆ ਸੋਹਣਿਆਂ

ਇਸ ਸਮੇਂ ਕੁੜੀ ਨੂੰ ਵਰੀ ਵਿੱਚ ਦਿੱਤੇ ਜਾਣ ਵਾਲੇ ਸੂਟ ਅਤੇ ਗਹਿਣੇ ਕਬੀਲੇ ਦੇ ਪਤਵੰਤਿਆਂ ਅਤੇ ਰਿਸ਼ਤੇਦਾਰਾਂ ਦੀ ਹਾਜ਼ਰੀ ਵਿੱਚ ਇਕ ਥਾਲ ਵਿੱਚ ਰੱਖਕੇ ਵਿਖਾਏ ਜਾਂਦੇ ਹਨ। ਮਿਲਣੀ ਦੀ ਰਸਮ ਤੋਂ ਬਾਅਦ ਬਰਾਦਰੀ ਦਾ ਖਾਣ ਪੀਣ ਕੀਤਾ ਜਾਂਦਾ ਹੈ। ਇਸ ਸਮੇਂ ਘਿਓ ਸ਼ੱਕਰ ਅਤੇ ਹੁੱਕਾ ਵਿਸ਼ੇਸ਼ ਤੌਰ ਤੇ ਪਰੋਸਿਆ ਜਾਂਦਾ ਹੈ। ਇਸਦੀ ਜ਼ਿੰਮੇ ਵਾਰੀ ਅਤੇ ਖ਼ਰਚ ਮੁੰਡੇ ਵਾਲਿਆਂ ਦਾ ਹੀ ਹੁੰਦਾ ਹੈ। ਇਸ ਮੌਕੇ ਮੁੰਡੇ ਵਾਲਿਆਂ ਵੱਲੋਂ ਕੁੜੀ ਵਾਲਿਆਂ ਦੇ ਘਰ ਲੋਹੇ ਦਾ ਇੱਕ ਥੰਮ ਗੱਡ ਦਿੱਤਾ ਜਾਂਦਾ ਹੈ। ਇਸਨੂੰ ਇਸ਼ਟ ਦੇਵ ਮੰਨ ਕੇ ਮੁੰਡਾ ਅਤੇ ਉਸਦੇ ਪਰਿਵਾਰ ਵਾਲੇ ਮੱਥਾ ਟੇਕਦੇ ਹਨ ਅਤੇ ਇਸ ਥੰਮ੍ਹ ਨੂੰ ਗੁੜ ਅਤੇ ਚਾਵਲ ਭੇਂਟ ਕੀਤੇ ਜਾਂਦੇ ਹਨ। ਅਜਿਹਾ ਇਸ਼ਟ ਦੇਵ ਨੂੰ ਖੁਸ਼ ਰੱਖਣ ਲਈ ਕੀਤਾ ਜਾਂਦਾ ਹੈ ਤਾਂ ਕਿ ਵਿਆਹ ਦੇ ਸਮਾਗਮ ਵਿੱਚ ਕੋਈ ਵਿਘਨ ਨਾ ਪਵੇ। ਕਬੀਲੇ ਵਿੱਚ ਹੁਣ ਇਹ ਰੀਤ ਖਤਮ ਹੋਣ ਦੇ ਕਿਨਾਰੇ ਹੈ।

16. ਫੇਰਿਆਂ ਦੀ ਰਸਮ : ਬਾਜ਼ੀਗਰ ਕਬੀਲੇ ਵਿੱਚ ਮਿਲਣੀ ਦੀ ਰਸਮ ਤੋਂ ਬਾਅਦ ਫੇਰਿਆਂ ਦੀ ਰਸਮ ਹੁੰਦੀ ਹੈ। ਪੁਰਾਣੇ ਸਮੇਂ ਵਿੱਚ ਫੇਰਿਆਂ ਲਈ ਮਿੱਟੀ ਦੇ

ਘੜਿਆਂ ਉੱਤੇ 'ਅੱਕ' ਦੇ ਪੱਤੇ ਰੱਖਕੇ ਬਲੀ ਬੇਦੀ ਬਣਾਈ ਜਾਂਦੀ ਸੀ। ਪਰੰਤੂ ਅਜੋਕੇ ਸਮੇਂ ਵਿੱਚ ਇਹ ਰਸਮ ਲਗਭਗ ਖਤਮ ਹੋਣ ਕਿਨਾਰੇ ਹੈ। ਹੁਣ ਬਾਜ਼ੀਗਰ ਕਬੀਲੇ ਵਿੱਚ ਜ਼ਿਆਦਤਰ ਵਿਆਹ ਸਿੱਖ ਧਰਮ ਦੀਆਂ ਰੀਤਾਂ ਅਨੁਸਾਰ ਹੋਣ ਲੱਗ ਪਏ ਹਨ। ਪਰੰਪਰਕ ਰਸਮਾਂ ਰੀਤਾਂ ਵਿੱਚ ਕਾਫ਼ੀ ਬਦਲਾਅ ਆਇਆ ਹੈ। ਕੁਝ ਰਿਵਾਜ਼ ਮੁੱਢ ਕਦੀਮ ਤੋਂ ਮੂਲ ਰੂਪ ਵਿੱਚ ਚਲਦੇ ਆ ਰਹੇ ਹਨ ਅਤੇ ਕੁਝ ਸਮੇਂ ਦੇ ਵੇਗ ਦੇ ਨਾਲ ਨਾਲ ਅਲੋਪ ਹੋ ਗਏ ਹਨ ਜਾਂ ਫਿਰ ਉਨ੍ਹਾਂ ਵਿੱਚ ਵੱਡੀ ਤਬਦੀਲੀ ਵੇਖੀ ਜਾ ਸਕਦੀ ਹੈ।

17. ਕਬੀਲਾ ਬੇਨਤੀ : ਬਾਜ਼ੀਗਰ ਕਬੀਲੇ ਵਿੱਚ ਵਿਆਹ ਵਾਲੀ ਲੜਕੀ ਦੀ ਚੁੰਨੀ ਵਿਆਹ ਵਾਲੇ ਲੜਕੇ ਦੇ ਪੱਲੇ ਨਾਲ ਬੰਨ੍ਹ ਕੇ ਵਿਆਹ ਦੀ ਰਸਮ ਸੰਪੰਨ ਕੀਤੀ ਜਾਂਦੀ ਹੈ। ਇਸ ਤਰ੍ਹਾਂ ਲੜਕੀ ਨੂੰ ਲੜਕੇ ਦੇ ਲੜ ਲਾ ਦਿੱਤਾ ਜਾਂਦਾ ਹੈ। ਇਹ ਰਸਮ ਪੂਰੀ ਹੋਣ ਤੇ ਵਿਆਹ ਵਾਲੀ ਲੜਕੀ ਦੇ ਪਰਿਵਾਰ ਦਾ ਮੁਖੀ ਆਪਣੇ ਗਲ਼ ਵਿੱਚ ਆਪਣੇ ਸਾਫ਼ੇ ਦਾ ਪੱਲਾ ਪਾ ਕੇ ਲੜਕੇ ਵਾਲਿਆਂ ਨੂੰ ਨਿਮਰਤਾ ਸਹਿਤ ਕਬੀਲਾ ਬੇਨਤੀ ਕਰਦਾ ਹੈ:-

ਮਾਰ੍ਹਾਜ !
ਮਾਰੇ ਪਾਲੇ ਈ ਜੁਣੋ
ਤਿਲ ਫੁੱਲ ਸਰਿਓ
ਮੈਂ ਤੁਨੇ ਦੇ ਰਿਓ ਛੂੰ
ਬਾਕੀ ਤਾਰੇ ਆਂਗੇ ਮਾਰ
ਈ ਹਾਥ ਜੋੜਕੇ
ਮਿੰਨਤ ਛਾ
ਮੈਂ ਤੁਨੇ ਕਾਈਂ ਨਹੀਂ ਦਿਨੋ
ਮਾਰ ਲਾਜ ਰਾਖੀਂ

ਉਪਰੋਕਤ ਸਤਰਾਂ ਦਾ ਭਾਵ ਹੈ:-

ਮਹਾਰਾਜ !
ਮੇਰੇ ਕੋਲੋਂ ਜੋ ਵੀ ਇਹ ਤਿਲ ਫੁੱਲ
ਸਰਿਆ
ਮੈਂ ਤੈਨੂੰ ਦੇ ਰਿਹਾ ਹਾਂ
ਬਾਕੀ ਤੇਰੇ ਅੱਗੇ ਮੇਰੀ ਇਹ
ਹੱਥ ਜੋੜ ਕੇ ਬੇਨਤੀ ਹੈ ਕਿ
ਮੈਂ ਤੈਨੂੰ ਦਾਜ ਵੱਜੋਂ ਕੁਝ ਨਹੀਂ ਦੇ ਸਕਿਆ
ਹੁਣ ਮੇਰੀ ਲਾਜ ਰੱਖੀਂ।

18. ਕਬੀਲਾ ਬੇਨਤੀ ਪ੍ਰਵਾਨ ਕਰਨਾ : ਕਬੀਲਾ ਬੇਨਤੀ ਸੁਣਨ ਉਪਰੰਤ ਲੜਕੇ ਵਾਲਿਆਂ ਵੱਲੋਂ ਕੋਈ ਸਿਆਣੀ ਉਮਰ ਦਾ ਬੰਦਾਂ ਜਾਂ ਪਰਿਵਾਰ ਦਾ ਮੁੱਖੀ ਉਠਕੇ ਉਪਰੋਕਤ ਕਬੀਲਾ ਬੇਨਤੀ ਨੂੰ ਸਵੀਕਾਰ ਕਰਦਾ ਆਖਦਾ ਹੈ :-

ਭਾਈ ਜੇਂ ਆਪਣ ਬੇਟੀ ਦੇ ਦਿਨੀ
ਓਂ ਸਾਰੋ ਕਾਈਂ ਦੇ ਦਿਨੋ
ਧਾਰੋ ਸਾਰੋ ਕਾਈਂ ਆ ਗਿਓ ਛਾ

ਇਸ ਰਸਮ ਤੋਂ ਬਾਅਦ 'ਔਰਸਖੀਆ' ਭਾਵ ਗੌਤਰ ਬਾਹਰੀ ਵਿਅਕਤੀ ਉਠ ਕੇ ਦੋਹਾਂ ਧਿਰਾਂ ਦੀ ਬੇਨਤੀ ਸਵੀਕਾਰ ਕਰਦਾ ਹੋਇਆ ਵਿਆਹ ਦੀ ਸਫਲਤਾ ਲਈ 'ਸਾਤ ਸ਼ਾਵਾ' ਦਿੰਦਾ ਹੈ। 'ਸਾਤ ਸ਼ਾਵਾ' ਤੋਂ ਭਾਵ 'ਸੱਤ ਸਾਬਾਸ਼ਾਂ' ਹੈ। ਇਸ ਸਮੇ ਂ ਵਿਆਹ ਵਾਲੇ ਮੁੰਡੇ ਦੀਆਂ ਸਾਲੀਆਂ ਮੁੰਡੇ ਨੂੰ ਮਖ਼ੌਲ ਵੀ ਕਰਦੀਆਂ ਹਨ ਅਤੇ ਕਈ ਵਾਰ ਹਲਕੀਆਂ ਫੁਲਕੀਆਂ ਗਾਲ੍ਹਾਂ ਵੀ ਦਿੱਤੀਆਂ ਜਾਂਦੀਆਂ ਹਨ। ਕਬੀਲੇ ਦੀਆਂ ਔਰਤਾਂ ਵੱਲੋਂ ਵਿਆਹ ਵਾਲੇ ਮੁੰਡੇ ਦੇ ਪਰਿਵਾਰ ਅਤੇ ਬਰਾਤੀਆਂ ਦੇ ਨਾਂ ਤੇ ਸਿੱਠਣੀਆਂ ਵੀ ਦਿੱਤੀਆਂ ਜਾਂਦੀਆਂ ਹਨ।

19. ਮਿੱਠੇ ਚੌਲਾਂ ਦਾ ਆਦਾਨ ਪ੍ਰਦਾਨ : ਬਾਜ਼ੀਗਰ ਕਬੀਲੇ ਵਿੱਚ ਵਿਆਹ ਦੀ ਰਸਮ ਪੂਰੀ ਹੋਣ ਤੋਂ ਬਾਅਦ ਦੋਹਾਂ ਧਿਰਾਂ ਵੱਲੋਂ ਮਿੱਠੇ ਚੌਲਾਂ ਦਾ ਆਦਾਨ ਪ੍ਰਦਾਨ ਕੀਤਾ ਜਾਂਦਾ ਹੈ। ਮੁੰਡੇ ਵਾਲੇ ਮਿੱਠੇ ਚੌਲ਼ ਘਰੋਂ ਬਣਾ ਕੇ ਲੈ ਕੇ ਜਾਂਦੇ ਹਨ। ਇਹ ਮਿੱਠੇ ਚੌਲ਼ ਸਾਰੇ ਬਰਾਤੀਆਂ ਅਤੇ ਰਿਸ਼ਤੇਦਾਰਾਂ ਵਿੱਚ ਵਰਤਾਏ ਜਾਂਦੇ ਹਨ।

20. ਡੋਲੀ ਚਾੜ੍ਹਨ ਦੀ ਰਸਮ : ਬਾਜ਼ੀਗਰ ਕਬੀਲੇ ਵਿਚ ਵਿਆਹ ਵਾਲੀ ਲੜਕੀ ਦੇ ਮਹਿੰਦੀ ਲਾਉਣ ਤੋਂ ਬਾਅਦ ਤੇਲ ਪਾਉਣ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਇਸ ਰਸਮ ਵਿੱਚ ਕੁੜੀ ਦੇ ਸਹੁਰਿਆਂ ਵੱਲੋਂ ਲਾਗ ਦੇ ਤੌਰ ਤੇ ਸੁੱਕੀ ਮਹਿੰਦੀ, ਵੱਟਣਾ, ਲਾਲੀ, ਸੁਰਮਾਂ, ਚੂੜੀਆਂ, ਰੰਗ-ਬਰੰਗੇ ਰਿਬਨ ਤੇ ਸੱਤ ਗੁੜ ਦੀਆਂ ਰੋੜੀਆਂ ਦਿੱਤੀਆਂ ਜਾਂਦੀਆਂ ਹਨ। ਇਹ ਸ਼ਗਨਾਂ ਦਾ ਗੁੜ ਉਸ ਦੀਆਂ ਸਹੇਲੀਆਂ ਵਿਚ ਵੰਡ ਦਿੱਤਾ ਜਾਂਦਾ ਹੈ। ਲੜਕੀ ਦੇ ਸਿਰ ਵਿਚ ਤੇਲ ਪਾਉਣ ਦੀ ਰਸਮ ਵੇਲੇ ਕੁੜੀ ਦੀਆਂ ਸਹੇਲੀਆਂ ਇਹ ਗੀਤ ਗਾਉਂਦੀਆਂ ਹਨ : -

ਸੱਜੀ ਮੇਢੀ ਨਾ ਖੋਲਿਓ ਸਹੇਲੀਓ
ਸਾਡਾ ਤਾਇਆ ਸੁਵੇਸੀ, ਸੁਣ ਗਾਲੀਆਂ ਕਢੇਸੀ
ਤਾਏ ਨੂੰ ਪੁਛ ਕੇ ਖੋਲਿਓ ਸਹੇਲੀਓ

ਸੱਜੀ ਮੇਢੀ ਨਾ ਖੋਲਿਓ ਸਹੇਲੀਓ
ਸਾਡਾ ਬਾਪੂ ਸੁਵੇਸੀ ਸੁਣ ਸੁਣ ਗਾਲੀਆਂ ਕਢੇਸੀ
ਸਾਡੇ ਬਾਪੂ ਨੂੰ ਪੁਛ ਕੇ ਖੋਲਿਓ ਸਹੇਲੀਓ

ਸੱਜੀ ਮੇਰੀ ਮੇਢੀ ਨਾ ਖੋਲਿਓ ਸਹੇਲੀਓ
ਸਾਡਾ ਵੀਰਾ ਸੁਵੇਸੀ, ਸੁਣ ਸੁਣ ਗਾਲੀਆਂ ਕੱਢੇਸੀ
ਸੱਜੀ ਮੇਢੀ ਨਾ ਖੋਲਿਓ ਸਹੇਲੀਓ

ਇਸ ਤੋਂ ਉਪਰੰਤ ਕੁੜੀ ਦੇ ਵੱਟਣਾ ਮੱਲਣ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਵੱਟਣਾਂ ਮਲਣ ਦੀ ਰਸਮ ਤੋਂ ਬਾਅਦ ਅੱਕ ਦੇ ਪੱਤਿਆਂ ਦੀ ਬੇਦੀ ਦੇ ਆਲੇ

ਦੁਆਲੇ ਚੱਕਰ ਕੱਟ ਕੇ ਵਿਆਹ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਇਸ ਰਸਮ ਵੇਲੇ ਕੁੜੀ ਦੀ ਭਰਜਾਈ ਮੁੰਡੇ ਦੇ ਪਰਨੇ ਨਾਲ ਕੁੜੀ ਦੀ ਸ਼ਗਨਾ ਵਾਲੀ ਲਾਲ ਚੁੰਨੀ ਬੰਨ੍ਹ ਦਿੰਦੀ ਹੈ। ਬਾਜ਼ੀਗਰ ਕਬੀਲੇ ਵਿੱਚ ਵਿਆਹ ਦੀਆਂ ਮੁਢਲੀਆਂ ਰਸਮਾਂ ਮੁਕੰਮਲ ਹੋਣ ਤੋਂ ਬਾਅਦ ਕੁੜੀ ਨੂੰ ਮਾਪਿਆਂ ਦੇ ਘਰੋਂ ਵਿਦਾ ਕਰਨ ਦਾ ਵਕਤ ਆਉਂਦਾ ਹੈ। ਕੁੜੀ ਨੂੰ ਘਰੋਂ ਵਿਦਾ ਕਰਨ ਵੇਲੇ ਕੁੜੀ ਦੇ ਭਰਾ ਵਿਆਹ ਵਾਲੇ ਜੋੜੇ ਤੇ ਲਾਲ ਕੱਪੜਾ ਤਾਣਦੇ ਹਨ। ਇਹ ਸ਼ਗਨਾਂ ਅਤੇ ਪਿਆਰ ਦਾ ਪ੍ਰਤੀਕ ਹੁੰਦਾ ਹੈ। ਵਿਦਾ ਹੋਣ ਵੇਲੇ ਵਿਆਹ ਵਾਲੀ ਕੁੜੀ ਕਣਕ ਜਾ ਚੌਲਾਂ ਦੀ ਇੱਕ ਮੁੱਠੀ ਆਪਣੇ ਬਾਪ ਦੇ ਘਰ ਵੱਲ ਸੁੱਟਦੀ ਹੈ ਜਿਸਦਾ ਭਾਵ ਹੈ ਕਿ ਉਸਦੇ ਜਾਣ ਪਿੱਛੋਂ ਉਸਦੇ ਬਾਪ ਦਾ ਘਰ ਹਰ ਪੱਖੋਂ ਹਰਿਆ ਭਰਿਆ ਬਣਿਆ ਰਹੇ। ਇਹ ਸਮਾਂ ਬਹੁਤ ਹੀ ਭਾਵਨਾਤਮਕ ਕਿਸਮ ਦਾ ਹੁੰਦਾ ਹੈ। ਇਸ ਸਮੇਂ ਜਿੱਥੇ ਕਬੀਲੇ ਦੀਆਂ ਔਰਤਾਂ ਵੱਲੋਂ ਕੁੜੀ ਦੀ ਵਿਦਾਈ ਦੇ ਗੀਤ ਗਾਏ ਜਾਂਦੇ ਹਨ ਉੱਥੇ ਕੁੜੀ ਦੀਆਂ ਸਹੇਲੀਆਂ ਅਤੇ ਉਸਦੇ ਸਕੇ ਸਬੰਧੀ ਉਸਦੇ ਵਿਛੋੜੇ ਵਿੱਚ ਵਿਰਲਾਪ ਵੀ ਕਰਦੇ ਹਨ। ਵਿਆਹ ਵਾਲੀ ਲੜਕੀ ਡੋਲੀ ਚੜ੍ਹਨ ਤੋਂ ਮਨ੍ਹਾਂ ਕਰਦੀ ਹੈ। ਇਸ ਵੇਲੇ ਉਸਦੇ ਭਰਾ ਅਤੇ ਚਾਚੇ ਉਸਨੂੰ ਜ਼ਬਰਦਸਤੀ ਚੁੱਕ ਕੇ ਡੋਲੀ ਵਿੱਚ ਬਿਠਾ ਕੇ ਵਿਦਾ ਕਰਦੇ ਹਨ। ਬਾਜ਼ੀਗਰ ਕਬੀਲੇ ਵਿੱਚ ਲੜਕੀ ਨੂੰ ਘਰੋਂ ਵਿਦਾ ਕਰਨ ਵੇਲੇ ਉਸਨੂੰ ਦਾਜ ਵਿੱਚ ਹੇਠ ਲਿਖੇ ਉਪਹਾਰ ਦਿੱਤੇ ਜਾਂਦੇ ਹਨ:-

1. ਕਾਂਸੀ ਦਾ ਇੱਕ ਛੰਨਾ, ਥਾਲੀ ਅਤੇ ਗਿਲਾਸ
2. ਸੁਰਮੇਦਾਨੀ
3. ਕੋਥਲੀ
4. ਕੋਥਲਾ
5. 22 ਰੁਪਏ ਦੀ ਨਗਦੀ ਜਿਸਨੂੰ ਟੋਡਾ ਵੀ ਆਖਿਆ ਜਾਂਦਾ ਹੈ
6. ਕੁੜੀ ਨੂੰ ਗਹਿਣਿਆਂ ਦੇ ਰੂਪ ਵਿੱਚ ਸੋਨੇ ਦੀਆਂ ਬੁਗਤੀਆਂ, ਹਾਰ, ਹਮੇਲ, ਪਰੀਬੰਦ, ਟਾਡਾਂ, ਘੁੰਘਟ, ਚਮਕਲੀ, ਗੋਖ਼ਰੂ, ਸੁੱਚੇ ਮਣਕਿਆਂ ਦੀ ਗਾਨੀ, ਪੇਡਾ, ਚਾਂਦੀ ਦਾ ਚੂੜਾ, ਛੜ ਕੰਗਣ, ਸੋਨੇ ਦੇ ਵੱਡੇ ਲੌਂਗ, ਕਲਿੱਪ, ਕੋਕਾ, ਵਰੀ ਦੇ ਦੋ ਸੂਟ ਅਤੇ ਹਾਰ ਸ਼ਿੰਗਾਰ ਦਾ ਸਮਾਨ ਉਪਹਾਰ ਵੱਜੋਂ ਦਿੱਤੇ ਜਾਂਦੇ ਹਨ। ਕਬੀਲੇ ਵਿੱਚ ਵਿਆਹ ਵਿੱਚ ਪਸ਼ੂ ਦਾਨ ਵਜੋਂ ਦੇਣ ਦਾ ਰਿਵਾਜ਼ ਲੱਗਭਗ ਖਤਮ ਹੋ ਗਿਆ ਹੈ।

ਹੁਣ ਬਾਜ਼ੀਗਰ ਕਬੀਲੇ ਵਿੱਚ ਦਾਜ ਵੱਜੋਂ ਵਿੱਤ ਅਨੁਸਾਰ ਮਹਿੰਗੇ ਉਪਹਾਰ ਜਿਵੇਂ ਟੈਲੀਵੀਜ਼ਨ, ਫਰਿੱਜ਼, ਡਬਲ ਬੈੱਡ, ਡਰੈਸਿੰਗ ਟੇਬਲ, ਸੋਫ਼ਾ, ਡਾਇਨਿੰਗ ਟੇਬਲ ਅਤੇ ਮੋਟਰਸਾਈਕਲ ਆਦਿ ਵੀ ਦਿੱਤੇ ਜਾਣ ਲੱਗ ਪਏ ਹਨ।

21. ਪਾਣੀ ਵਾਰਨ ਦੀ ਰਸਮ : ਬਾਜ਼ੀਗਰ ਕਬੀਲੇ ਵਿੱਚ ਵਿਆਹ ਵਾਲਾ ਮੁੰਡਾ ਜਦੋਂ ਨਵੀਂ ਵਿਆਹੁਤਾ ਨੂੰ ਘਰ ਲੈ ਕੇ ਆਉਂਦਾ ਹੈ ਤਾਂ ਨਵੇਂ ਵਿਆਹੇ ਜੋੜੇ ਦੇ ਘਰ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਮੁੰਡੇ ਦੀ ਮਾਂ ਨਵੇਂ ਵਿਆਹੇ ਜੋੜੇ ਦੇ ਸਿਰ ਤੋਂ ਸੱਤ ਵਾਰ ਪਾਣੀ

ਵਾਰ ਕੇ ਪੀਂਦੀ ਹੈ। ਇਸ ਰਸਮ ਵੇਲੇ ਮੁੰਡੇ ਦੀ ਮਾਂ ਵੱਲੋਂ ਆਪਣੀ ਨਵੀਂ ਵਿਆਹੀ ਨੂੰਹ ਨੂੰ ਸੂਟ ਜਾਂ ਕੋਈ ਗਹਿਣਾ ਆਦਿ ਲੈ ਕੇ ਦੇਣ ਦਾ ਵਾਅਦਾ ਕੀਤਾ ਜਾਂਦਾ ਹੈ। ਬਾਜ਼ੀਗਰ ਕਬੀਲੇ ਦੀ ਨਵੀਂ ਵਿਆਹੀ ਔਰਤ ਪਹਿਲੇ ਦਿਨ ਆਪਣੇ ਸਹੁਰਿਆਂ ਦੇ ਘਰ ਜਾ ਕੇ ਰੋਟੀ ਨਹੀਂ ਖਾਂਦੀ। ਉਸ ਲਈ ਪਹਿਲੇ ਦਿਨ ਦਾ ਖਾਣਾ ਉਸਦੇ ਕਿਸੇ ਰਿਸ਼ਤੇਦਾਰ ਜਾਂ ਨਜ਼ਦੀਕੀ ਦੇ ਘਰੋਂ ਲਿਆਇਆ ਜਾਂਦਾ ਹੈ। ਇਸ ਤੋਂ ਅਗਲੇ ਦਿਨ ਵਿਆਹ ਵਾਲਾ ਮੁੰਡਾ ਨਵੀਂ ਵਿਆਹੀ ਲਾੜੀ ਦਾ ਮੂੰਹ ਮਿੱਠਾ ਕਰਵਾਕੇ ਉਸ ਦਾ ਮੂੰਹ ਵੇਖਦਾ ਹੈ। ਉਸਤੋਂ ਬਾਅਦ ਘਰ ਦੀਆਂ ਔਰਤਾਂ ਅਤੇ ਕਬੀਲੇ ਦੀਆਂ ਔਰਤਾਂ ਨਵੀਂ ਵਿਆਹੀ ਲੜਕੀ ਨੂੰ ਸ਼ਗਨ ਦੇ ਰੂਪ ਵਿੱਚ ਆਪਣੀ ਸਮਰੱਥਾ ਅਨੁਸਾਰ ਪੈਸੇ ਦੇ ਕੇ ਓਸਦਾ ਮੂੰਹ ਵੇਖਦੀਆਂ ਹਨ।

22. ਗਾਨਾ ਖੋਲ੍ਹਣ ਦੀ ਰਸਮ : ਬਾਜ਼ੀਗਰ ਕਬੀਲੇ ਵਿੱਚ ਵਿਆਹ ਤੋਂ ਦੂਜੇ ਦਿਨ ਗਾਨਾ ਖੋਲ੍ਹਣ ਦੀ ਰਸਮ ਅਦਾ ਕੀਤੀ ਜਾਂਦੀ ਹੈ। ਇਸ ਰਸਮ ਵਿੱਚ ਨਵਾਂ ਵਿਆਹਿਆ ਜੋੜਾ ਇੱਕ ਦੂਜੇ ਦੀ ਕਲਾਈ ਤੋਂ ਗਾਨਾ ਖੋਲ੍ਹਣ ਦੀ ਰਸਮ ਪੂਰੀ ਕਰਦਾ ਹੈ। ਬਾਜ਼ੀਗਰ ਕਬੀਲੇ ਵਿੱਚ ਇਹ ਰਸਮ ਪਰਦੇ ਵਿੱਚ ਭਰਜਾਈ ਅਤੇ ਕੁੜੀਆਂ ਦੀ ਹਾਜ਼ਰੀ ਵਿੱਚ ਪੂਰੀ ਕੀਤੀ ਜਾਂਦੀ ਹੈ।

23. ਮਾਂਡਾ ਖੇਡਣ ਦੀ ਰਸਮ : ਬਾਜ਼ੀਗਰ ਕਬੀਲੇ ਵਿੱਚ ਗਾਨਾ ਖੋਲ੍ਹਣ ਉਪਰੰਤ ਮਾਂਡਾ ਖੇਡਣ ਦੀ ਰਸਮ ਨਿਭਾਈ ਜਾਂਦੀ ਹੈ। ਮਾਂਡਾ ਖੇਡਣ ਦੀ ਰਸਮ ਵਿੱਚ ਪਿੱਤਲ ਦੀ ਪਰਾਤ ਨੂੰ ਚੌਲਾਂ ਦੀ ਮਾਂਡ ਨਾਲ ਭਰ ਲਿਆ ਜਾਂਦਾ ਹੈ। ਇਸੇ ਉਪਰੰਤ ਮਾਂਡ ਵਿੱਚ ਚਾਂਦੀ ਦੀ ਅੰਗੂਠੀ ਅਤੇ ਸਵਾ ਰੁਪਿਆ ਸੁੱਟ ਦਿੱਤਾ ਜਾਂਦਾ ਹੈ। ਇਸ਼ ਰਸਮ ਵਿੱਚ ਨਵਾਂ ਵਿਆਹਿਆ ਜੋੜਾ ਹੁਸ਼ਿਆਰੀ ਨਾਲ ਮਾਂਡ ਵਿੱਚੋਂ ਅੰਗੂਠੀ ਲੱਭਦਾ ਹੈ। ਇਸ ਰਸਮ ਵਿੱਚ ਨਵੇਂ ਵਿਆਹੇ ਜੋੜੇ ਵਿੱਚੋਂ ਜਿਸ ਨੂੰ ਅੰਗੂਠੀ ਪਹਿਲਾਂ ਲੱਭ ਜਾਂਦੀ ਹੈ, ਇਹ ਅੰਗੂਠੀ ਉਸੇ ਦੀ ਹੋ ਜਾਂਦੀ ਹੈ।

24. ਤੀਲੇ ਖੇਡਣ ਦੀ ਰਸਮ : ਬਾਜ਼ੀਗਰ ਕਬੀਲੇ ਵਿੱਚ ਤੀਲੇ ਖੇਡਣ ਦੀ ਰਸਮ ਵੇ ਲੇ ਸੱਤ ਸਰਕੜੇ ਦੇ ਛੋਟੇ-ਛੋਟੇ ਤੀਲੇ ਨਵੇਂ ਵਿਆਹੇ ਜੋੜੇ ਦੇ ਹੱਥ ਵਿੱਚ ਫੜਾ ਦਿੱਤੇ ਜਾਂਦੇ ਹਨ। ਇਸ ਰਸਮ ਵਿੱਚ ਨਵੇਂ ਵਿਆਹੇ ਲੜਕੇ ਲੜਕੀ ਵਲੋਂ ਇਕ ਦੂਜੇ ਦੇ ਹੱਥਾਂ ਵਿੱਚ ਘੁੱਟ ਕੇ ਫੜੇ ਹੋਏ ਤੀਲੇ ਜ਼ੋਰ ਅਜ਼ਮਾਈ ਕਰਕੇ ਕੱਢੇ ਜਾਂਦੇ ਹਨ। ਬਾਜ਼ੀਗਰ ਕਬੀਲੇ ਵਿੱਚ ਇਹ ਰਸਮ ਪਰਦੇ ਵਿੱਚ ਭਰਜਾਈਆਂ ਅਤੇ ਬੱਚਿਆਂ ਦੀ ਹਾਜ਼ਰੀ ਵਿੱਚ ਪੂਰੀ ਕੀਤੀ ਜਾਂਦੀ ਹੈ। ਇਸ ਰਸਮ ਦਾ ਮੁੱਖ ਮੰਤਵ ਨਵੇਂ ਵਿਆਹੇ ਜੋੜੇ ਦੀ ਸੰਗ ਤੋੜਕੇ ਉਨ੍ਹਾਂ ਨੂੰ ਇੱਕ ਦੂਜੇ ਦੇ ਨੇੜੇ ਲਿਆਉਣਾ ਹੁੰਦਾ ਹੈ।

ਚੌਂਕੇ ਚਾੜ੍ਹਨ ਦੀ ਰਸਮ : ਬਾਜ਼ੀਗਰ ਕਬੀਲੇ ਵਿੱਚ ਨਵੀਂ ਵਿਆਹੀ ਵਹੁਟੀ ਨੂੰ ਵਿਆਹ ਤੋਂ ਦੂਜੇ ਦਿਨ ਚੌਂਕੇ ਚੜ੍ਹਾਇਆ ਜਾਂਦਾ ਹੈ। ਇਸ ਨੂੰ 'ਤੌਣ ਵਿੱਚ ਸ਼ਾਮਲ ਕਰਨਾ' ਵੀ ਕਿਹਾ ਜਾਂਦਾ ਹੈ। ਇਸ ਰਸਮ ਵਿਚ ਨਵੀਂ ਵਿਆਹੀ ਲੜਕੀ ਆਪਣੇ ਹੱਥੀ ਭੋਜਨ ਤਿਆਰ ਕਰਕੇ ਆਪਣੇ ਸੱਸ ਸਹੁਰੇ ਅਤੇ ਪਰਿਵਾਰ ਨੂੰ ਪਰੋਸਦੀ ਹੈ। ਇਸ ਰਸਮ ਦਾ ਮੰਤਵ ਨਵੀਂ ਵਿਆਹੀ ਲੜਕੀ ਨੂੰ ਘਰ ਦੀ ਜ਼ਿੰਮੇਵਾਰੀ ਸੌਂਪਣਾ ਹੁੰਦਾ

ਹੈ। ਇਸ ਰਸਮ ਵੇਲੇ ਬਾਜ਼ੀਗਰ ਕਬੀਲੇ ਵਿੱਚ ਮਿੱਠੇ ਚੌਲ੍ਹ ਅਤੇ ਸ਼ਰਦਾਈ ਖੁਲੇ ਤੌਰ ਤੇ ਵਰਤਾਈ ਜਾਂਦੀ ਹੈ।

ਮਿੱਠੀਆਂ ਰੋਟੀਆਂ ਦੀ ਰਸਮ : ਬਾਜ਼ੀਗਰ ਕਬੀਲੇ ਵਿਚ ਵਿਆਹ ਤੋਂ ਕੁਝ ਦਿਨ ਬਾਅਦ ਹੀ ਮੁਕਲਾਵੇ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਇਸ ਰਸਮ ਵਿਚ ਨਵੀਂ ਵਿਆਹੀ ਲੜਕੀ ਆਪਣੇ ਪੇਕਿਆਂ ਦੇ ਘਰ ਕੁਝ ਦਿਨ ਬਿਤਾਉਣ ਤੋਂ ਬਾਅਦ ਮਿੱਠੀਆਂ ਰੋਟੀਆਂ ਬਣਾ ਕੇ ਸਹੁਰੇ ਘਰ ਲਿਆਉਂਦੀ ਹੈ। ਇਹ ਮਿੱਠੀਆਂ ਰੋਟੀਆਂ ਡੇਰੇ ਦੇ ਸਾਰੇ ਘਰਾਂ ਵਿਚ ਵਰਤਾਈਆਂ ਜਾਂਦੀਆਂ ਹਨ। ਇਸ ਰਸਮ ਤੋਂ ਭਾਵ ਲੜਕੀ ਦਾ ਆਪਣੇ ਸਹੁਰੇ ਘਰ ਨਾਲ ਜੁੜਨ ਦੇ ਨਾਲ ਨਾਲ ਡੇਰੇ ਦੇ ਸਾਰੇ ਘਰਾਂ ਨਾਲ ਸਾਂਝ ਨੂੰ ਪ੍ਰਗਟ ਕਰਨਾ ਹੁੰਦਾ ਹੈ। ਇਹ ਰਸਮ ਦੋ ਗੋਤਰਾਂ ਦੀ ਭਾਈ ਚਾਰਕ ਸਾਂਝ ਨੂੰ ਪੱਕਾ ਕਰਦੀ ਹੈ। ਇਨ੍ਹਾਂ ਰਸਮਾਂ ਦੇ ਚਲਦਿਆਂ ਨਵੀਂ ਵਿਆਹੀ ਲੜਕੀ ਆਪਣੇ ਪਤੀ ਅਤੇ ਸਹੁਰੇ ਪਰਿਵਾਰ ਨਾਲ ਪੂਰੀ ਤਰ੍ਹਾਂ ਘੁਲ ਮਿਲ ਜਾਂਦੀ ਹੈ। ਉਸਨੂੰ ਆਪਣਾ ਪੇ ਕਾ ਘਰ ਹੌਲ਼ੀ ਹੌਲ਼ੀ ਭੁੱਲਣ ਲੱਗਦਾ ਹੈ। ਬਾਜ਼ੀਗਰ ਕਬੀਲੇ ਦੀਆਂ ਇਹ ਰਸਮਾਂ ਮਨੋਵਿਗਿਆਨਕ ਪੱਖ ਤੋਂ ਬਹੁਤ ਹੀ ਮਹੱਤਵਪੂਰਣ ਹਨ। ਇਹ ਰਸਮਾਂ ਇੱਕ ਅਜਨਬੀ ਲੜਕੀ ਨੂੰ ਪਰਾਏ ਘਰ ਵਿੱਚ ਬਹੁਤ ਹੀ ਸਹਿਜਤਾ ਨਾਲ ਸਥਾਪਿਤ ਕਰਨ ਵਿੱਚ ਬਹੁਤ ਹੀ ਸਹਾਈ ਹੁੰਦੀਆਂ ਹਨ। ਬਾਜ਼ੀਗਰ ਕਬੀਲੇ ਵਿੱਚ ਨਵੀਂ ਵਿਆਹੀ ਲੜਕੀ ਫਿਰ ਇੱਕ ਜਾਂ ਦੋ ਦਿਨ ਬਾਅਦ ਆਪਣੇ ਪੇਕੇ ਘਰ ਫੇਰਾ ਪਾਉਂਦੀ ਹੈ ਅਤੇ ਉੱਥੇ ਦਸ ਪੰਦਰਾਂ ਦਿਨਾਂ ਦੇ ਸਮੇਂ ਲਈ ਰੁਕਦੀ ਹੈ। ਫਿਰ ਉਸਨੂੰ ਕਿਸੇ ਤਿੱਥ ਤਿਉਹਾਰ ਵਾਲੇ ਦਿਨ ਉਸਦਾ ਪਤੀ ਫਿਰ ਤੋਂ ਲੈਣ ਆਉਂਦਾ ਹੈ। ਇਸ ਦੂਜੇ ਫੇਰੇ ਦੌਰਾਨ ਹੀ ਉਨ੍ਹਾਂ ਦੇ ਗ੍ਰਹਿਸਥੀ ਜੀਵਨ ਦੀ ਸ਼ੁਰੂਆਤ ਹੁੰਦੀ ਹੈ। ਇਸ ਪ੍ਰਕਾਰ ਬਾਜ਼ੀਗਰ ਕਬੀਲੇ ਵਿੱਚ ਲੰਮੀਆਂ ਰਸਮਾਂ ਤੋਂ ਬਾਅਦ ਵਿਆਹ ਸਬੰਧ ਸੰਪੰਨ ਹੁੰਦਾ ਹੈ।

ਹਵਾਲੇ

1. ਡਾ. ਗੁਰਮੀਤ ਸਿੰਘ, ਲੋਕਧਾਰਾ ਪਰੰਪਰਾ ਤੇ ਆਧੁਨਿਕਤਾ, ਨਾਨਕ ਸਿੰਘ ਪੁਸਤਕਮਾਲਾ ਅੰਮ੍ਰਿਤਸਰ, 2006, ਪੰਨਾ 72.

ਬਾਜ਼ੀਗਰ ਕਬੀਲੇ ਦੀਆਂ ਮੌਤ ਰਸਮਾਂ

ਬਾਜ਼ੀਗਰ ਕਬੀਲੇ ਵਿੱਚ ਕਿਸੇ ਵਿਅਕਤੀ ਔਰਤ ਜਾਂ ਬੱਚੇ ਦੀ ਮੌਤ ਹੋ ਜਾਣ ਦੀ ਸੂਰਤ ਵਿੱਚ ਸਾਰੇ ਹੀ ਬਾਜ਼ੀਗਰ ਕਬੀਲੇ ਵੱਲੋਂ ਗਹਿਰਾ ਸੋਗ ਪ੍ਰਗਟ ਕੀਤਾ ਜਾਂਦਾ ਹੈ। ਮੌਤ ਤੋਂ ਤੁਰੰਤ ਬਾਅਦ ਮ੍ਰਿਤਕ ਦੇ ਰਿਸ਼ਤੇਦਾਰ ਅਤੇ ਨਜ਼ਦੀਕੀ ਮ੍ਰਿਤਕ ਦੇ ਘਰ ਦੁੱਖ ਪ੍ਰਗਟ ਕਰਨ ਲਈ ਇਕੱਠੇ ਹੋ ਜਾਂਦੇ ਹਨ। ਇਸ ਤੋਂ ਬਾਅਦ ਸਾਰੇ ਰਿਸ਼ਤੇਦਾਰ ਅਤੇ ਪਰਿਵਾਰਕ ਮੈਂਬਰ ਮਰਨ ਵਾਲੇ ਵਿਅਕਤੀ ਦੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੁੰਦੇ ਹਨ। ਇਸ ਰਸਮ ਮੌਕੇ ਡੇਰੇ ਦੇ ਸਿਆਣੇ ਆਦਮੀ ਅਤੇ ਹਮਦਰਦ ਉਚੇਚੇ ਤੌਰ ਤੇ ਸ਼ਾਮਲ ਹੁੰਦੇ ਹਨ। ਬਾਜ਼ੀਗਰ ਕਬੀਲੇ ਵਿੱਚ ਮੋਏ ਵਿਅਕਤੀ ਦੇ ਭੋਗ ਸਮੇਂ ਸਾਰੇ ਹੀ ਕਬੀਲੇ ਵਿੱਚੋਂ ਸਿਆਣੇ ਲੋਕ, ਪੈਂਚ ਅਤੇ ਕਬੀਲੇ ਦੇ ਪ੍ਰਤੀਨਿੱਧ ਉਚੇਚੇ ਤੌਰ ਤੇ ਸ਼ਾਮਲ ਹੁੰਦੇ ਹਨ ਭਾਵੇਂ ਕਿ ਉਨ੍ਹਾਂ ਦਾ ਮ੍ਰਿਤਕ ਨਾਲ ਕੋਈ ਰਿਸ਼ਤਾ ਹੋਵੇ ਜਾਂ ਨਾ ਹੋਵੇ। ਕਬੀਲੇ ਦੇ ਸਿਆਣੇ ਵਿਅਕਤੀ ਮਰਨ ਵਾਲੇ ਦੇ ਪਰਿਵਾਰ ਵਿੱਚ ਬੈਠ ਕੇ ਜਿੱਥੇ ਮਰਨ ਵਾਲੇ ਵਿਅਕਤੀ ਦੇ ਚੰਗੇ ਕਰਮਾਂ ਦਾ ਗੁਣਗਾਣ ਕਰਦੇ ਹਨ ਉੱਥੇ ਮੌਤ ਦੇ ਸਦੀਵੀ ਸੱਚ ਤੇ ਜ਼ੋਰ ਦੇ ਕੇ ਪਰਿਵਾਰ ਨੂੰ ਮੌਤ ਦੇ ਦੁੱਖ ਵਿੱਚੋਂ ਬਾਹਰ ਕੱਢਕੇ ਨਿੱਤ ਦੇ ਕਾਰ ਵਿਹਾਰ ਕਰਨ ਸਬੰਧੀ ਉਪਦੇਸ਼ ਵੀ ਦਿੰਦੇ ਹਨ। ਕਬੀਲੇ ਦੇ ਵੱਖ ਵੱਖ ਰਾਜਾਂ ਵਿੱਚ ਵੱਸਦੇ ਵਿਅਕਤੀਆਂ ਨੂੰ ਮ੍ਰਿਤਕ ਦੇ ਪਰਿਵਾਰ ਵੱਲੋਂ ਕੋਈ ਸੱਦਾ ਨਹੀਂ ਭੇਜਿਆ ਜਾਂਦਾ ਸਗੋਂ ਕਬੀਲੇ ਦੇ ਲੋਕ ਕਬੀਲੇ ਵਿੱਚ ਹੋਣ ਵਾਲੀ ਕਿਸੇ ਵੀ ਮੌਤ ਬਾਰੇ ਸੁਣ ਕੇ ਮਰਗਤ ਵਾਲੀ ਥਾਂ ਖੁਦ ਪਹੁੰਚ ਜਾਂਦੇ ਹਨ। ਬਾਜ਼ੀਗਰ ਕਬੀਲੇ ਦਾ ਜਨ ਸੰਪਰਕ ਬਹੁਤ ਸ਼ਕਤੀਸ਼ਾਲੀ ਹੈ। ਕਬੀਲੇ ਵਿੱਚ ਵਾਪਰੀ ਕਿਸੇ ਵੀ ਘਟਨਾ ਜਾਂ ਮੌਤ ਦੀ ਖ਼ਬਰ ਇੱਕ ਦੂਜੇ ਤੋਂ ਸਾਰੇ ਹੀ ਕਬੀਲੇ ਵਿੱਚ ਜੰਗਲ ਦੀ ਅੱਗ ਵਾਂਗ ਫ਼ੈਲ ਜਾਂਦੀ ਹੈ। ਇਸ ਸਬੰਧੀ ਕੋਈ ਖ਼ਾਸ ਸੁਨੇਹਾ ਜਾਂ ਸੰਦੇਸ਼ ਭੇਜਣ ਦੀ ਜ਼ਰੂਰਤ ਨਹੀਂ ਹੁੰਦੀ। ਡਾ. ਭੁਪਿੰਦਰ ਸਿੰਘ ਖਹਿਰਾ ਅਨੁਸਾਰ "ਮਰਨ ਸਮੇਂ ਦੀਆਂ ਕਿਰਿਆਵਾਂ ਨੂੰ ਰਸਮਾਂ ਕਹਿਣਾ ਉਚਿਤ ਨਹੀਂ ਕਿਉਂਕਿ ਰਸਮਾਂ ਦਾ ਸਬੰਧ ਵਾਸਤਵਿਕ ਸਮਾਜਕ ਅਮਲ ਦੀ ਪਰੰਪਰਾ ਨਾਲ ਹੁੰਦਾ ਹੈ ਜਿਥੇ ਕਿਰਿਆਵਾਂ ਜ਼ਿਆਦਾਤਰ ਲੋਕ ਵਿਸ਼ਵਾਸਾਂ ਦਾ ਹੀ ਵਿਅਕਤ ਰੂਪ ਹੁੰਦੀਆਂ ਹਨ। ਜਿਸ ਤਰ੍ਹਾਂ ਮਰਨ ਉਪਰੰਤ ਪਿੰਡ ਦੇ ਪਿੰਨੇ ਬਣਾਉਣ ਦੀ ਕਿਰਿਆ, ਘੜਾ ਭੰਨਣ ਦੀ ਕਿਰਿਆ ਨਿਰੋਲ ਵਿਸ਼ਵਾਸ ਨਾਲ ਤਅੱਲਕ ਰੱਖਦੀਆਂ ਹਨ। ਇਸ ਲਈ ਚੰਗਾ ਹੋਵੇਗਾ ਜੇ ਮਰਨ ਦੀਆਂ ਰਸਮਾਂ ਨੂੰ ਕਿਰਿਆਵਾਂ ਕਿਹਾ ਜਾਵੇ। ਵੈਸੇ ਵੀ ਇਹ ਕਿਰਿਆ-ਕਰਮ ਦੇ ਨਾਂ ਨਾਲ ਹੀ ਜਾਣੀਆਂ ਜਾਂਦੀਆਂ ਹਨ।"[1] ਬਾਜ਼ੀਗਰ ਕਬੀਲੇ ਵਿੱਚ ਮੌਤ ਨਾਲ ਸਬੰਧਤ ਰਸਮਾਂ ਹੇਠ ਲਿਖੀਆਂ ਹਨ:-

1. **ਚੁਲੀ ਦੇਣ ਦੀ ਰਸਮ :** ਬਾਜ਼ੀਗਰ ਕਬੀਲੇ ਵਿੱਚ ਕਿਸੇ ਬਜ਼ੁਰਗ ਜਾਂ ਸਿਆਣੇ ਆਦਮੀ ਦੇ ਮਰਨ ਵੇਲੇ ਵੇਲੇ ਚੁਲੀ ਦੇਣ ਦੀ ਰਸਮ ਅਦਾ ਕੀਤੀ ਜਾਂਦੀ ਹੈ। ਇਸ ਰਸਮ ਦੌਰਾਨ ਮਰ ਰਹੇ ਵਿਅਕਤੀ ਦੇ ਪਰਿਵਾਰਕ ਮੈਂਬਰ ਅਤੇ ਡੇਰੇ ਦੇ ਹੋਰ ਸਬੰਧਤ ਲੋਕ ਮਰਨ ਵਾਲੇ ਵਿਅਕਤੀ ਦੇ ਮੂੰਹ ਵਿੱਚ ਹੱਥ ਦੀ ਚੁਲੀ ਨਾਲ ਪਾਣੀ ਦਿੰਦੇ ਹਨ। ਇਸ ਰਸਮ ਵਿੱਚ ਮਰ ਰਹੇ ਵਿਅਕਤੀ ਦੇ ਮੂੰਹ ਵਿੱਚ ਥੋੜ੍ਹਾ-ਥੋੜ੍ਹਾ ਪਾਣੀ ਪਾਇਆ ਜਾਂਦਾ ਹੈ। ਇਸ ਰਸਮ ਸਬੰਧੀ ਕਬੀਲੇ ਵਿੱਚ ਇਹ ਵਿਸ਼ਵਾਸ ਹੈ ਕਿ ਇੱਕ ਤਾਂ ਸਾਰਾ ਪਰਿਵਾਰ ਅਤੇ ਕਬੀਲਾ ਮਰ ਰਹੇ ਵਿਅਕਤੀ ਨੂੰ ਇਕੱਠਾ ਹੋ ਕੇ ਆਖ਼ਰੀ ਵਾਰ ਮਿਲ ਲੈਂਦਾ ਹੈ ਅਤੇ ਦੂਜਾ ਪਰਿਵਾਰ ਅਤੇ ਕਬੀਲੇ ਦੀ ਚੁਲ਼ੀ ਲੈਣ ਤੋਂ ਬਾਅਦ ਮ੍ਰਿਤਕ ਦੀ ਆਤਮਾ ਆਸਾਨੀ ਨਾਲ ਪ੍ਰਮਾਤਮਾ ਦੇ ਪੈਰਾਂ ਵਿੱਚ ਜਾ ਨਿਵਾਸ ਕਰਦੀ ਹੈ। ਉਸਦੀ ਜਨਮ ਮਰਨ ਦੀ ਭਟਕਣਾ ਖਤਮ ਹੋ ਜਾਂਦੀ ਹੈ। ਕਬੀਲੇ ਵਿੱਚ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜੇ ਕੋਈ ਵਿਅਕਤੀ ਚੁੱਲੀ ਤੋਂ ਬਿਨਾਂ ਮਰ ਜਾਂਦਾ ਹੈ ਤਾਂ ਉਸਦੀ ਆਤਮਾ ਭਟਕਦੀ ਰਹਿੰਦੀ ਹੈ।

2. **ਮੰਜੀ ਤੋਂ ਹੇਠਾਂ ਉਤਾਰਨ ਦੀ ਰਸਮ :** ਬਾਜ਼ੀਗਰ ਕਬੀਲੇ ਵਿੱਚ ਮਰਨ ਵਾਲੇ ਵਿਅਕਤੀ ਨੂੰ ਮੌਤ ਤੋਂ ਤੁਰੰਤ ਬਾਅਦ ਮੰਜੀ ਤੋਂ ਹੇਠਾਂ ਉਤਾਰ ਦਿੱਤਾ ਜਾਂਦਾ ਹੈ। ਉਸਤੇ ਕੋਈ ਸਫ਼ੈਦ ਕੱਪੜਾ ਤਾਣ ਦਿੱਤਾ ਜਾਂਦਾ ਹੈ ਅਤੇ ਸੋਗਵਾਨ ਲੋਕ ਘਰ ਦੇ ਬਾਹਰ ਇਕੱਠੇ ਹੋ ਕਿ ਵਿਹੜੇ ਵਿੱਚ ਬੈਠ ਜਾਂਦੇ ਹਨ।

3. **ਸੋਗ ਦੀ ਰਸਮ :** ਬਾਜ਼ੀਗਰ ਕਬੀਲੇ ਵਿੱਚ ਮਰਨ ਵਾਲੇ ਵਿਅਕਤੀ ਦਾ ਪਰਿਵਾਰ ਅਤੇ ਕਬੀਲੇ ਦੇ ਲੋਕ ਇਕੱਠੇ ਹੋ ਜਾਂਦੇ ਹਨ। ਮ੍ਰਿਤਕ ਵਿਅਕਤੀ ਦਾ ਪਰਿਵਾਰ ਰੁਦਨ ਕਰਦਾ ਹੋਇਆ ਉਸਦੇ ਜਸ ਗਾਇਨ ਕਰਦਾ ਹੈ। ਇਸ ਰੁਦਨ ਵਿਚ ਮ੍ਰਿਤਕ ਦੀਆਂ ਰਿਸ਼ਤੇਦਾਰ ਔਰਤਾਂ ਵੀ ਸ਼ਾਮਲ ਹੁੰਦੀਆਂ ਹਨ। ਇਸ ਸਮੇਂ ਮਰਨ ਵਾਲੇ ਵਿਅਕਤੀ ਦੇ ਚੰਗੇ ਕਰਮ ਅਤੇ ਯਾਦਾਂ ਤਾਜ਼ੀਆਂ ਕਰਕੇ ਸੋਗ ਪ੍ਰਗਟ ਕੀਤਾ ਜਾਂਦਾ ਹੈ। ਕਬੀਲੇ ਦੇ ਸਿਆਣੇ ਲੋਕ ਮੌਤ ਦੇ ਸਦੀਵੀ ਸੱਚ ਦੇ ਉਪਦੇਸ਼ ਦੇਣ ਦੇ ਨਾਲ ਨਾਲ ਮ੍ਰਿਤਕ ਦੇ ਪਰਿਵਾਰ ਨੂੰ ਢਾਰਸ ਵੀ ਦਿੰਦੇ ਹਨ।

4. **ਸੰਸਕਾਰ ਦੀਆਂ ਰਸਮਾਂ :** ਬਾਜ਼ੀਗਰ ਕਬੀਲੇ ਵਿੱਚ ਸੂਰਜ ਦੀ ਹਾਜ਼ਰੀ ਵਿੱਚ ਸੰਸਕਾਰ ਕਰਨ ਦੀ ਰਸਮ ਪ੍ਰਚਲਿਤ ਹੈ। ਜੇਕਰ ਵਿਅਕਤੀ ਦੀ ਮੌਤ ਰਾਤ ਵੇ ਲੇ ਜਾਂ ਸਵੇਰ ਵੇਲੇ ਹੋਵੇ ਤਾਂ ਉਸਦਾ ਸੰਸਕਾਰ ਸੂਰਜ ਚੜ੍ਹਨ ਤੇ ਕਰ ਦਿੱਤਾ ਜਾਂਦਾ ਹੈ। ਜੇਕਰ ਵਿਅਕਤੀ ਦੀ ਮੌਤ ਸੂਰਜ ਛਿਪਣ ਤੋਂ ਬਾਅਦ ਹੋਵੇ ਤਾਂ ਉਸਦਾ ਅੰਤਿਮ ਸੰਸਕਾਰ ਦੂਜੇ ਦਿਨ ਸੂਰਜ ਚੜ੍ਹਨ ਤੇ ਹੀ ਕੀਤਾ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਘਰ ਦੇ ਜੀਅ, ਡੇਰੇ ਦੇ ਲੋਕ ਅਤੇ ਰਿਸ਼ਤੇਦਾਰ ਮ੍ਰਿਤਕ ਲਈ ਬਜ਼ਾਰ ਵਿੱਚੋਂ ਇਕੱਠੇ ਹੋ ਕੇ ਕਫ਼ਨ ਖਰੀਦਣ ਲਈ ਜਾਂਦੇ ਹਨ। ਕਫ਼ਨ ਖਰੀਦਣ ਸਮੇਂ ਇੱਕ ਜਾਂ ਦੋ ਵਿਅਕਤੀ ਬਾਹਰੀ ਗੋਤਰ ਦੇ ਲਏ ਜਾਂਦੇ ਹਨ ਜਿਨ੍ਹਾਂ ਨੂੰ 'ਔਰਸਖੀਆ' ਕਿਹਾ ਜਾਂਦਾ ਹੈ। ਮ੍ਰਿਤਕ ਨੂੰ ਸ਼ਮਸ਼ਾਨ ਤੀਕ ਲੈ ਕੇ ਜਾਣ ਲਈ ਬਾਂਸ ਦੀ ਇੱਕ ਮੰਜੀ ਤਿਆਰ ਕੀਤੀ ਜਾਂਦੀ ਹੈ ਅਤੇ ਇੱਕ ਪਾਣੀ ਦਾ ਕੋਰਾ ਘੜਾ ਭਰਕੇ ਨਾਲ ਲਿਜਾਇਆ ਜਾਂਦਾ

ਹੈ। ਬਾਜ਼ੀਗਰ ਕਬੀਲੇ ਵਿੱਚ ਮ੍ਰਿਤਕ ਆਦਮੀ ਤੇ ਚਿੱਟਾ ਕੱਪੜਾ ਪਾਇਆ ਜਾਂਦਾ ਹੈ ਅਤੇ ਮ੍ਰਿਤਕ ਔਰਤ ਤੇ ਲਾਲ ਦੁਸ਼ਾਲਾ ਤਾਣਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਦੀਆਂ ਔਰਤਾਂ ਮ੍ਰਿਤਕ ਦੀ ਅਰਥੀ ਵਿੱਚ ਸ਼ਾਮਲ ਨਹੀਂ ਹੁੰਦੀਆਂ। ਕਬੀਲੇ ਵਿੱਚ ਇਹ ਰੀਤ ਮੁੱਢ ਕਦੀਮ ਤੋਂ ਹੀ ਚਲਦੀ ਆ ਰਹੀ ਹੈ।

5. ਘੜਾ ਭੰਨ੍ਹਣ ਦੀ ਰਸਮ : ਬਾਜ਼ੀਗਰ ਕਬੀਲੇ ਵਿੱਚ ਜਦੋਂ ਮ੍ਰਿਤਕ ਵਿਅਕਤੀ ਨੂੰ ਘਰੋਂ ਸ਼ਮਸ਼ਾਨ ਲਈ ਕੱਢਿਆ ਜਾਂਦਾ ਹੈ ਤਾਂ ਸਿਵਿਆਂ ਦੇ ਰਾਹ ਵਿੱਚ ਉਸ ਤੋਂ ਪਾਣੀ ਦਾ ਘੜਾ ਵਾਰ ਕੇ ਭੰਨ ਦਿੱਤਾ ਜਾਂਦਾ ਹੈ। ਇਸ ਤੋਂ ਭਾਵ ਹੈ ਕਿ ਉਸਦਾ ਅੱਜ ਤੋਂ ਇਸ ਸੰਸਾਰ ਤੋਂ ਅਨਜਲ ਮੁੱਕ ਗਿਆ ਹੈ ਅਤੇ ਉਸਦਾ ਉਸਦੇ ਘਰ ਪਰਿਵਾਰ ਤੋਂ ਸਦਾ ਲਈ ਨਾਤਾ ਟੁੱਟ ਗਿਆ ਹੈ। ਇਸ ਰਸਮ ਉਪਰੰਤ ਮ੍ਰਿਤਕ ਨੂੰ ਸ਼ਮਸ਼ਾਨਘਾਟ ਲਿਜਾਇਆ ਜਾਂਦਾ ਹੈ।

6. ਅਗਨੀ ਦਾਹ ਕਰਨ ਦੀ ਰਸਮ : ਪਰਿਵਾਰ ਅਤੇ ਕਬੀਲੇ ਦੇ ਲੋਕਾਂ ਵੱਲੋਂ ਮਿਲਕੇ ਆਦਰ ਸਹਿਤ ਮ੍ਰਿਤਕ ਦੀ ਚਿਖ਼ਾ ਤਿਆਰ ਕੀਤੀ ਜਾਂਦੀ ਹੈ। ਮ੍ਰਿਤਕ ਨੂੰ ਅਗਨਦਾਹ ਕਰਨ ਤੋਂ ਪਹਿਲਾਂ ਉਸਦੇ ਮੂੰਹ ਵਿੱਚ ਦੇਸੀ ਘਿਓ ਅਤੇ ਹਵਨ ਸਮੱਗਰੀ ਭੇਟ ਕੀਤੀ ਜਾਂਦੀ ਹੈ। ਕਬੀਲੇ ਵਿਚ ਮ੍ਰਿਤਕ ਦੀ ਛਾਤੀ ਤੇ ਉਸ ਦੇ ਛੋਟੇ ਪੁੱਤਰ ਦੇ ਥੋੜੇ ਜਿਹੇ ਵਾਲ ਕੱਟ ਕੇ ਰੱਖੇ ਜਾਂਦੇ ਹਨ। ਇਸ ਰਸਮ ਦਾ ਸਬੰਧ ਉਸ ਦੀ ਆਤਮਿਕ ਸ਼ਾਤੀ ਨਾਲ ਹੈ। ਇਸ ਰਸਮ ਵੇਲੇ ਅਗਨ ਦੇਵਤਾ ਅੱਗੇ ਕਬੀਲਾ ਬੇਨਤੀ ਕਰਨ ਤੋਂ ਬਾਅਦ ਮ੍ਰਿਤਕ ਦੀ ਚਿਖਾ ਨੂੰ ਅੱਗ ਦਿੱਤੀ ਜਾਂਦੀ ਹੈ।

7. ਕਪਾਲ ਕਿਰਿਆ : ਬਾਜ਼ੀਗਰ ਕਬੀਲੇ ਵਿੱਚ ਮ੍ਰਿਤਕ ਦੀ ਚਿਖ਼ਾ ਦੇ ਥੋੜਾ ਕੁ ਜਲ ਜਾਣ ਦੇ ਬਾਅਦ ਮ੍ਰਿਤਕ ਦੀ ਕਪਾਲ ਕਿਰਿਆ ਕੀਤੀ ਜਾਂਦੀ ਹੈ। ਇਸ ਰਸਮ ਵਿੱਚ ਮ੍ਰਿਤਕ ਦੀ ਖੋਪਰੀ ਨੂੰ ਸੱਤ ਵਾਰ ਇੱਕ ਲੰਮੇ ਬਾਂਸ ਨਾਲ ਠੋਕਿਆ ਜਾਂਦਾ ਹੈ ਤੇ ਫਿਰ ਬਾਂਸ ਨੂੰ ਚਿਖ਼ਾ ਦੇ ਦੂਜੇ ਪਾਸੇ ਵਗਾਹ ਕੇ ਸੁਟਿਆ ਜਾਂਦਾ ਹੈ। ਇਸ ਕ੍ਰਿਆ ਨੂੰ ਕਪਾਲ ਕ੍ਰਿਆ ਆਖਿਆ ਜਾਂਦਾ ਹੈ। ਇਸ ਕ੍ਰਿਆ ਤੋਂ ਬਾਅਦ ਉਸ ਦੀ ਚਿਖ਼ਾ ਦੇ ਆਲੇ ਦੁਆਲੇ ਗੰਧਾਲੇ ਨਾਲ ਲਕੀਰ ਵਾਹੀ ਜਾਂਦੀ ਹੈ ਤਾਂ ਕਿ ਉਸਦੀ ਰੂਹ ਚਿਖ਼ਾ ਵਿਚੋਂ ਬਾਹਰ ਨਾ ਆਵੇ। ਮ੍ਰਿਤਕ ਦੇ ਸੰਸਕਾਰ ਤੋਂ ਬਾਅਦ ਉਸਦੇ ਪਰਿਵਾਰ ਵਾਲੇ ਅਤੇ ਕਬੀਲੇ ਦੇ ਲੋਕ ਕਿਸੇ ਨਹਿਰ ਜਾਂ ਨਲਕੇ ਤੋਂ ਸੁੱਚੇ ਪਾਣੀ ਨਾਲ ਹੱਥ ਮੂੰਹ ਧੋਕੇ ਵਾਪਸ ਆਪਣੇ ਡੇਰੇ ਪਰਤ ਆਉਂਦੇ ਹਨ। ਕਬੀਲੇ ਵਿੱਚ ਮ੍ਰਿਤਕ ਨੂੰ ਮੋਢਾ ਦੇਣ ਵਾਲੇ ਵਿਅਕਤੀਆਂ ਨੂੰ 'ਕਾਂਧੀ' ਕਿਹਾ ਜਾਂਦਾ ਹੈ। ਕਬੀਲੇ ਵਿੱਚ ਕਾਂਧੀਆਂ ਪ੍ਰਤੀ ਹੇਠ ਲਿਖੀਆਂ ਮਾਨਤਾਵਾਂ ਅਤੇ ਮਨਾਹੀਆਂ ਪ੍ਰਚਲਿਤ ਹਨ :-

(ੳ) ਕਾਂਧੀ ਮ੍ਰਿਤਕ ਦੇ ਭੋਗ ਤੱਕ ਕਿਤੇ ਬਾਹਰ ਰਾਤ ਨਹੀਂ ਠਹਿਰ ਸਕਦੇ। ਕਬੀਲੇ ਵਿੱਚ ਇਹ ਵਿਸ਼ਵਾਸ਼ ਪਾਇਆ ਜਾਂਦਾ ਹੈ ਕਿ ਮ੍ਰਿਤਕ ਦੀ ਆਤਮਾ ਆਪਣੇ 'ਭੋਗ' ਤੱਕ ਕਾਂਧੀਆਂ ਦੇ ਨਾਲ ਹੀ ਹੁੰਦੀ ਹੈ।

(ਅ) ਕਾਂਧੀ ਫੁੱਲ ਚੁਗਣ ਦੀ ਰਸਮ ਤੀਕ ਆਪਣੇ ਕਪੜੇ ਨਹੀਂ ਬਦਲਦੇ। ਫੁੱਲ ਚੁਗਣ ਦੀ ਰਸਮ ਪੂਰੀ ਹੋਣ ਤੇ ਕਾਂਧੀ ਇਸ਼ਨਾਨ ਕਰਕੇ ਆਪਣੇ ਕੱਪੜੇ

ਬਦਲਦੇ ਹਨ। ਕਬੀਲੇ ਵਿੱਚ ਤੀਜੇ ਦੀ ਰਸਮ ਤੇ ਕਾਂਧੀਆਂ ਨੂੰ ਮ੍ਰਿਤਕ ਦੇ ਪਰਿਵਾਰ ਵਲੋਂ ਮਿੱਠੇ ਚੋਲ ਬਣਾ ਕੇ ਪਰੋਸੇ ਜਾਂਦੇ ਹਨ। ਕਾਂਧੀ ਮ੍ਰਿਤਕ ਨੂੰ ਮਿੱਠੇ ਚੋਲਾਂ ਦਾ ਭੋਗ ਲਗਵਾ ਕੇ ਫਿਰ ਖੁਦ ਇਹ ਚਾਵਲ ਖਾਂਦੇ ਹਨ। ਕਬੀਲੇ ਵਿਚ ਇਹ ਲਾਗ ਆਦਿ ਕਾਲ ਤੋਂ ਹੀ ਚਲਿਆ ਆ ਰਿਹਾ ਹੈ।

(ੲ) ਮ੍ਰਿਤਕ ਦੇ ਭੋਗ ਵਾਲੇ ਦਿਨ ਕਾਂਧੀ ਇਸ਼ਨਾਨ ਕਰਕੇ ਧਰਤੀ ਤੇ ਚਾਦਰ ਵਿਛਾ ਕੇ ਬੈਠ ਜਾਂਦੇ ਹਨ। ਇਸ ਰਸਮ ਵਿਚ ਮ੍ਰਿਤਕ ਦੇ ਪਰਿਵਾਰ ਵਲੋਂ ਕਾਧੀਆਂ ਨੂੰ ਭੋਜਨ ਦੇ ਪੰਜ ਥਾਲ ਪਰੋਸੇ ਜਾਂਦੇ ਹਨ। ਜਿਨ੍ਹਾਂ ਵਿੱਚ ਇਕ ਥਾਲ ਮ੍ਰਿਤਕ ਵਿਅਕਤੀ ਦਾ ਹੁੰਦਾ ਹੈ। ਕਾਂਧੀ ਮ੍ਰਿਤਕ ਨੂੰ ਖਾਣਾ ਅਰਪਣ ਕਰਨ ਤੋਂ ਬਾਅਦ ਆਪਣਾ ਭੋਜਨ ਲੈਂਦੇ ਹਨ। ਕਬੀਲੇ ਦੇ ਲੋਕਾਂ ਦਾ ਵਿਸ਼ਵਾਸ਼ ਹੈ ਕਿ ਮ੍ਰਿਤਕ ਦੀ ਆਤਮਾ ਇਸ ਸਾਰੇ ਕਾਰ ਵਿਹਾਰ ਵਿਚ ਸ਼ਾਮਲ ਹੁੰਦੀ ਹੈ। ਇਨ੍ਹਾਂ ਰਸਮਾਂ ਵਿੱਚ ਕੋਈ ਵੀ ਕੁਤਾਹੀ ਹੋਣ ਦੀ ਸੂਰਤ ਵਿਚ ਉਸ ਦੀ ਆਤਮਾ ਨੂੰ ਠੇਸ ਪਹੁੰਚਦੀ ਹੈ।

(ਸ) ਕਬੀਲੇ ਵਿਚ ਭੋਗ ਦੀ ਰਸਮ ਸੰਪੂਰਨ ਹੋਣ ਤੱਕ ਮ੍ਰਿਤਕ ਨੂੰ ਦੋ ਟਾਇਮ ਦੀ ਰੋਟੀ ਅਤੇ ਦੋ ਟਾਈਮ ਦੀ ਚਾਹ ਅਰਪਿਤ ਕੀਤੀ ਜਾਂਦੀ ਹੈ।

ਇਨ੍ਹਾਂ ਰਸਮਾਂ ਵੇਲੇ ਕਬੀਲੇ ਦਾ ਗੋਤਰ ਬਾਹਰੀ ਵਿਅਕਤੀ 'ਔਰਸਖੀਆ' ਆਪਣੀ ਕਬੀਲਾ ਸਾਂਝ ਵਜੋਂ ਮ੍ਰਿਤਕ ਨੂੰ ਰੋਟੀ ਤੇ ਥੋੜ੍ਹਾ ਨਮਕ ਵੀ ਭੇਟ ਕਰਦਾ ਹੈ। ਨਮਕ ਉਸਦੇ ਹੱਕ ਸੱਚ ਦੀ ਜ਼ਮਾਨਤ ਦਾ ਪ੍ਰਤੀਕ ਹੈ।

8. ਫੁੱਲ ਚੁਗਣ ਦੀ ਰਸਮ : ਬਾਜ਼ੀਗਰ ਕਬੀਲੇ ਵਿੱਚ ਤੀਸਰੇ ਦਿਨ ਮ੍ਰਿਤਕ ਦੇ ਫੁੱਲ ਚੁਗਕੇ ਇੱਕ ਚਿੱਟੀ ਥੈਲੀ ਵਿੱਚ ਪਾਕੇ ਕਿਸੇ ਰੁੱਖ ਦੀ ਟਹਿਣੀ ਤੇ ਟੰਗ ਦਿੱਤੇ ਜਾਂਦੇ ਹਨ। ਆਦਮੀ ਦਾ ਭੋਗ ਬਾਰਾਂ ਦਿਨਾਂ ਬਾਅਦ ਅਤੇ ਇਸਤਰੀ ਦਾ ਭੋਗ ਗਿਆਰਾਂ ਦਿਨਾਂ ਬਾਅਦ ਪਾਇਆ ਜਾਂਦਾ ਹੈ। ਜਿਸਨੂੰ ਕ੍ਰਮਵਾਰ 'ਬਾਹਰਾ' ਅਤੇ 'ਗਿਆਰਾ' ਆਖਦੇ ਹਨ। ਬੱਚੇ ਦੀ ਮੌਤ ਉਪਰੰਤ ਅਜਿਹੀ ਕੋਈ ਰਸਮ ਅਦਾ ਨਹੀਂ ਕੀਤੀ ਜਾਂਦੀ।

9. ਪਾਣੀ ਦੇਣ ਦੀ ਰਸਮ : ਬਾਜ਼ੀਗਰ ਕਬੀਲੇ ਵਿੱਚ ਮ੍ਰਿਤਕ ਦੇ ਭੋਗ ਵਾਲੇ ਦਿਨ ਪਰਿਵਾਰ ਦੇ ਮੈਂਬਰ, ਰਿਸ਼ਤੇਦਾਰ ਅਤੇ ਕਬੀਲੇ ਦੇ ਲੋਕ ਮਰਨ ਵਾਲੇ ਵਿਅਕਤੀ ਨੂੰ ਪਾਣੀ ਦੇਣ ਦੀ ਰਸਮ ਅਦਾ ਕਰਦੇ ਹਨ। ਇਸ ਰਸਮ ਵਿੱਚ ਪਾਣੀ ਦੇ ਦੋ ਘੜੇ ਭਰਕੇ ਨੇੜੇ ਨੇੜੇ ਰੱਖ ਦਿੱਤੇ ਜਾਂਦੇ ਹਨ। ਘੜਿਆਂ ਦੇ ਨੇੜੇ ਹੀ ਇੱਕ ਥਾਲ ਵਿੱਚ ਧੂਫ ਬੱਤੀ ਆਦਿ ਲਾ ਦਿੱਤੀ ਜਾਂਦੀ ਹੈ। ਭੋਗ ਤੇ ਮ੍ਰਿਤਕ ਨੂੰ ਸ਼ਰਧਾਂਜਲੀ ਦੇਣ ਵਾਲੇ ਲੋਕ ਭੋਗ ਵਾਲੇ ਘਰ ਦਾਖ਼ਲ ਹੁੰਦਿਆਂ ਹੀ ਸਭ ਤੋਂ ਪਹਿਲਾਂ ਪਾਣੀ ਦੇਣ ਦੀ ਰਸਮ ਪੂਰੀ ਕਰਦੇ ਹਨ। ਇਸ ਅਵਸਰ ਤੇ ਕਬੀਲੇ ਦੇ ਲੋਕ ਥੋੜ੍ਹੇ ਬਹੁਤ ਪੈਸੇ ਧਰ ਕੇ ਮ੍ਰਿਤਕ ਨੂੰ ਮੱਥਾ ਵੀ ਟੇਕਦੇ ਹਨ। ਬਾਅਦ ਵਿਚ ਇਹ ਪੈਸੇ ਫੁੱਲਾਂ ਨਾਲ ਹਰਿਦੁਆਰ ਸ਼ਰਧਾ ਵਜੋਂ ਪਾਂਡੇ ਲਈ ਭੇਜ ਦਿੱਤੇ ਜਾਂਦੇ ਹਨ। ਕਬੀਲੇ ਵਿੱਚ ਭੋਗ ਤੋਂ ਬਾਅਦ ਮ੍ਰਿਤਕ ਦੇ ਫੁੱਲ ਹਰਿਦੁਆਰ ਲੈ ਕੇ ਜਾਣ ਲੱਗਿਆਂ ਫੁੱਲਾਂ ਨੂੰ ਮੱਥਾ ਟੇਕਣ ਵੇਲੇ ਇਹ ਪ੍ਰਕ੍ਰਿਆ

ਫਿਰ ਤੋਂ ਦੁਹਰਾਈ ਜਾਂਦੀ ਹੈ। ਹਰਿਦੁਆਰ ਨੂੰ ਜਾਣ ਲੱਗਿਆਂ ਮ੍ਰਿਤਕ ਦੀ ਸੀਟ ਵੱਖਰੇ ਤੋਰ ਤੇ ਰਾਖਵੀਂ ਰੱਖੀ ਜਾਂਦੀ ਹੈ ਅਤੇ ਰਾਹ ਵਿਚ ਮ੍ਰਿਤਕ ਦੀ ਆਤਮਾ ਨੂੰ ਸ਼ਰਧਾ ਨਾਲ ਚਾਹ ਪਾਣੀ ਵੀ ਭੇਟ ਕੀਤਾ ਜਾਂਦਾ ਹੈ। ਮ੍ਰਿਤਕ ਨੂੰ ਪਾਣੀ ਦਾ ਛਿੱਟਾ ਦੇਣ ਤੋਂ ਬਾਅਦ ਕਬੀਲੇ ਦੇ ਲੋਕ ਪਰਿਵਾਰ ਅਤੇ ਕਬੀਲੇ ਦੇ ਪਤਵੰਤਿਆਂ ਵਿੱਚ ਜਾ ਕੇ ਬੈਠ ਜਾਂਦੇ ਹਨ। ਇਸ ਰਸਮ ਵੇਲੇ ਔਰਤਾਂ ਦਾ ਪੰਡਾਲ ਆਦਮੀਆਂ ਤੋਂ ਵੱਖਰਾ ਹੁੰਦਾ ਹੈ।

10. ਸ਼ੋਕ ਵਾਰਤਾ ਦੀ ਰਸਮ : ਬਾਜ਼ੀਗਰ ਕਬੀਲੇ ਦੇ ਲੋਕ ਭੋਗ ਤੇ ਇੱਕ ਗੋਲ ਚੱਕਰ ਦੇ ਆਕਾਰ ਵਿੱਚ ਇਕੱਠੇ ਹੋ ਕੇ ਬੈਠ ਜਾਂਦੇ ਹਨ। ਇਸ ਸਮੇਂ ਉਨ੍ਹਾਂ ਲਈ ਇੱਕ ਸਾਂਝੇ ਥਾਲ ਵਿੱਚ 'ਬੀੜੀਆਂ' ਅਤੇ ਹੁੱਕਾ ਆਦਿ ਰੱਖ ਦਿੱਤੇ ਜਾਂਦੇ ਹਨ। ਮ੍ਰਿਤਕ ਦੇ ਪਰਿਵਾਰ ਵੱਲੋਂ ਇਸ ਸਮੇਂ ਕਬੀਲੇ ਦੀ ਚਾਹ ਪਾਣੀ ਅਤੇ ਸ਼ਰਦਾਈ ਨਾਲ ਸੇਵਾ ਕੀਤੀ ਜਾਂਦੀ ਹੈ। ਇਸ ਮੌਕੇ ਮ੍ਰਿਤਕ ਦੇ ਸ਼ੁਭ ਕੰਮਾਂ ਦੇ ਗੁਣਗਾਣ ਦੇ ਨਾਲ ਨਾਲ ਬਰਾਦਰੀ ਦੇ ਉਲਝੇ ਹੋਏ ਮਸਲਿਆਂ ਤੇ ਵਿਚਾਰ-ਵਟਾਂਦਰਾ ਕੀਤਾ ਜਾਂਦਾ ਹੈ।

11. ਕਬੀਲੇ ਦੇ ਝਗੜਿਆਂ ਸਬੰਧੀ ਵਿਚਾਰ-ਵਟਾਂਦਰਾ : ਬਾਜ਼ੀਗਰ ਕਬੀਲੇ ਵਿੱਚ ਭੋਗ ਦੀ ਰਸਮ ਮੌਕੇ ਬਾਜ਼ੀਗਰ ਕਬੀਲੇ ਦੇ ਵੱਖ ਵੱਖ ਥਾਵਾਂ ਤੋਂ ਆਏ ਪੈਂਚ ਅਤੇ ਨੁਮਾਇੰਦੇ ਇਕੱਤਰ ਹੋਏ ਹੁੰਦੇ ਹਨ। ਇਸ ਲਈ ਬਰਾਦਰੀ ਦੇ ਪਤਵੰਤਿਆਂ ਵੱਲੋਂ ਭੋਗ ਦੀ ਰਸਮ ਨੂੰ ਆਪਣੀ ਗੱਲ ਕਹਿਣ ਲਈ ਇੱਕ ਸਾਂਝੇ ਮੰਚ ਦੇ ਤੌਰ ਤੇ ਵੀ ਵਰਤਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਉੱਠੇ ਨਵੇਂ ਝਗੜਿਆਂ ਅਤੇ ਮਸਲਿਆਂ ਸਬੰਧੀ ਇਨ੍ਹਾਂ ਰਸਮਾਂ ਸਮੇ ਵਿਚਾਰ-ਵਟਾਂਦਰਾ ਕੀਤਾ ਜਾਂਦਾ ਹੈ। ਕਬੀਲੇ ਦੇ ਪੈਂਚ ਇਨ੍ਹਾਂ ਝਗੜਿਆਂ ਦੇ ਨਿਪਟਾਰੇ ਲਈ ਸਮਾਂ ਅਤੇ ਸਥਾਨ ਮੁਕੱਰਰ ਕਰਕੇ ਅਗਲੇ ਸਮੇ ' ਜੁੜਨ ਵਾਲੀ ਥਾਂ ਦੀ ਤਾਰੀਖ਼ ਰੱਖ ਦਿੰਦੇ ਹਨ ਅਤੇ ਸਬੰਧਤ ਧਿਰਾਂ ਨੂੰ ਵੀ ਬੁਲਾ ਲੈਂਦੇ ਹਨ ਤਾਂ ਕਿ ਝਗੜਿਆਂ ਦਾ ਯੋਗ ਹੱਲ ਲੱਭਿਆ ਜਾ ਸਕੇ।

12. ਬੱਚੇ ਦੀ ਮੌਤ ਸਬੰਧੀ ਰਸਮਾਂ : ਬਾਜ਼ੀਗਰ ਕਬੀਲੇ ਵਿੱਚ ਕਿਸੇ ਬੱਚੇ ਦੀ ਮੌਤ ਹੋ ਜਾਣ ਦੀ ਸੂਰਤ ਵਿੱਚ ਉਸਨੂੰ ਦਫ਼ਨਾਇਆ ਜਾਂਦਾ ਹੈ। ਪਰਿਵਾਰ ਵਿੱਚ ਬੱਚੇ ਦੀ ਮੌਤ ਹੋ ਜਾਣ ਤੇ ਬਹੁਤੇ ਕਰਮ ਕਾਂਡ ਨਹੀਂ ਕੀਤੇ ਜਾਂਦੇ। ਉਂਝ ਬਾਜ਼ੀਗਰ ਕਬੀਲੇ ਵਿੱਚ ਕਿਸੇ ਬੱਚੇ ਦੀ ਮੌਤ ਉਪੰਰਤ ਗਹਿਰਾ ਸੋਗ ਵਿਅਕਤ ਕੀਤਾ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਬੱਚੇ ਦੇ ਕੋਮਲ ਸ਼ਰੀਰ ਦਾ ਸੰਸਕਾਰ ਨਾ ਕਰਨ ਦੀ ਰਸਮ ਕਬੀਲੇ ਦੇ ਬੱਚਿਆਂ ਨਾਲ ਗਹਿਰੇ ਭਾਵਨਾਤਮਕ ਲਗਾਓ ਵਿੱਚੋਂ ਪੈਦਾ ਹੋਈ ਹੈ।

13. ਬੱਤੀ ਧਾਰਾਂ ਦੀ ਰਸਮ : ਬਾਜ਼ੀਗਰ ਕਬੀਲੇ ਵਿੱਚ ਮ੍ਰਿਤਕ ਬੱਚੇ ਨੂੰ ਦਫ਼ਨਾਉਣ ਤੋਂ ਪਹਿਲਾਂ ਉਸ ਦੀ ਮਾਂ ਵਲੋਂ ਉਸ ਨੂੰ ਦੁੱਧ ਦੀਆਂ 'ਬੱਤੀ' ਧਾਰਾਂ ਦਿੱਤੀਆਂ ਜਾਂਦੀਆਂ ਹਨ। ਇਹ ਰਸਮ ਬੱਚੇ ਦੀ ਆਤਮਿਕ ਸ਼ਾਂਤੀ ਨਾਲ ਜੁੜੀ ਹੋਈ ਹੈ। ਬਾਜ਼ੀਗਰ ਕਬੀਲੇ ਵਿੱਚ ਬੱਚੇ ਦੀ ਮੌਤ ਤੋਂ ਬਾਅਦ ਉਸਨੂੰ ਕਿਸੇ ਸੁੱਚੇ ਕੱਪੜੇ ਵਿੱਚ ਲਪੇਟ ਲਿਆ ਜਾਂਦਾ ਹੈ। ਪਰਿਵਾਰ ਦੇ ਮੈਂਬਰ ਅਤੇ ਡੇਰੇ ਦੇ ਹੋਰ ਸਿਆਣੇ ਲੋਕ ਬੱਚੇ ਦੇ ਸੰਸਕਾਰ ਵਿੱਚ ਸ਼ਾਮਲ ਹੁੰਦੇ ਹਨ। ਘਰ ਦੇ ਨੇੜੇ ਪੈਂਦੇ 'ਸਿਵਿਆਂ' ਵਿੱਚ ਬੱਚੇ

ਨੂੰ ਪਿਆਰ ਨਾਲ ਗੋਦੀ ਵਿੱਚ ਦੋਹਾਂ ਬਾਹਾਂ ਵਿੱਚ ਚੁੱਕ ਕੇ ਪੈਦਲ ਹੀ ਲਿਜਾਇਆ ਜਾਂਦਾ ਹੈ।

14. ਬੱਚੇ ਦੇ ਮ੍ਰਿਤਕ ਸਰੀਰ ਦੀ ਦਿਸ਼ਾ ਬਦਲਣੀ : ਸਿਵਿਆਂ ਦੇ ਅੱਧ ਵਿੱਚ ਜਾਕੇ ਇੱਕ ਵਾਰ ਬੱਚੇ ਦੇ ਮ੍ਰਿਤਕ ਸ਼ਰੀਰ ਦੀ ਦਿਸ਼ਾ ਬਦਲੀ ਜਾਂਦੀ ਹੈ। ਬਾਜ਼ੀਗਰ ਕਬੀਲੇ ਵਿੱਚ ਇਹ ਇੱਕ ਸੰਸਕਾਰ ਹੈ। ਅਜਿਹਾ ਇਸ ਲਈ ਕੀਤਾ ਜਾਂਦਾ ਹੈ ਕਿ ਮ੍ਰਿਤਕ ਬੱਚੇ ਦੀ ਆਤਮਾ ਨੂੰ ਥੋੜ੍ਹਾ ਆਰਾਮ ਮਿਲ ਜਾਵੇ ਤੇ ਉਹ ਆਪਣੇ ਘਰ ਦਾ ਰਾਹ ਭੁੱਲ ਜਾਵੇ ਤਾਂ ਕਿ ਉਹ ਫਿਰ ਤੋਂ ਅਜਿਹੇ ਰਸਤੇ ਨਾ ਆਵੇ ਜਿੱਥੇ ਕਿ ਉਸਦੀ ਬਚਪਨ ਵਿੱਚ ਹੀ ਮੌਤ ਹੋ ਜਾਵੇ। ਬੱਚੇ ਨੂੰ ਗੰਧਾਲੇ ਨਾਲ ਇੱਕ ਗਹਿਰਾ ਟੋਆ ਪੁੱਟ ਕੇ ਦਫ਼ਨਾਇਆ ਜਾਂਦਾ ਹੈ। ਉਸਦੇ ਸਰੀਰ ਤੇ ਹਰੇ ਪੱਤੇ ਅਤੇ ਘਾਹ ਆਦਿ ਰੱਖ ਕੇ ਮਿੱਟੀ ਦੇ ਸਪੁਰਦ ਕਰ ਦਿੱਤਾ ਜਾਂਦਾ ਹੈ। ਬੱਚੇ ਦੀ ਕਬਰ ਤੇ ਕੰਡਿਆਂ ਵਾਲੀਆਂ ਝਾੜੀਆਂ ਆਦਿ ਰੱਖ ਕੇ ਖ਼ਾਸ ਤੌਰ ਤੇ ਮਿੱਟੀ ਪਾਈ ਜਾਂਦੀ ਹੈ ਤਾਂ ਕਿ ਕੋਈ ਜਾਨਵਰ ਬੱਚੇ ਦੇ ਮ੍ਰਿਤਕ ਸਰੀਰ ਦੀ ਬੇਅਦਬੀ ਨਾ ਕਰੇ। ਉਸਤੋਂ ਬਾਅਦ ਬੱਚੇ ਦਾ ਪਰਿਵਾਰ ਅਤੇ ਕਬੀਲੇ ਦੇ ਲੋਕ ਘਰ ਵੱਲ ਚਾਲੇ ਪਾਉਂਦੇ ਹਨ।

15. ਬੱਚੇ ਦੀ ਮੌਤ ਦਾ ਸੋਗ ਤੋੜਨ ਦੀ ਰਸਮ : ਬਾਜ਼ੀਗਰ ਕਬੀਲੇ ਵਿੱਚ ਸਿਵਿਆਂ ਤੋਂ ਵਾਪਸ ਪਰਤਦਿਆਂ ਬਾਜ਼ੀਗਰ ਕਬੀਲੇ ਦੇ ਲੋਕ ਥੋੜ੍ਹੀ ਦੇਰ ਲਈ ਕਿਸੇ ਬੇਰੀ ਦੇ ਦਰਖ਼ਤ ਕੋਲ ਰੁਕਦੇ ਹਨ। ਬੱਚੇ ਦੇ ਸੰਸਕਾਰ ਵਿੱਚ ਸ਼ਾਮਲ ਲੋਕ ਬੇਰੀ ਦਾ ਇੱਕ-ਇੱਕ ਪੱਤਾ ਤੋੜ ਕੇ ਮੂੰਹ ਵਿੱਚ ਪਾਉਂਦੇ ਹਨ। ਫਿਰ ਇਸ ਪੱਤੇ ਨੂੰ ਦੰਦਾ ਨਾਲ ਟੁੱਕ ਕੇ ਪਰ੍ਹਾਂ ਸੁੱਟ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਕਬੀਲੇ ਵਲੋਂ ਮ੍ਰਿਤਕ ਬੱਚੇ ਦੀ ਮੌਤ ਉਪਰੰਤ ਉਪਜਿਆ ਦਰਦ ਅਤੇ ਸੋਗ ਤੋੜਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਔਰਤਾਂ ਨੂੰ ਬੱਚੇ ਦੇ ਸੰਸਕਾਰ ਵਿੱਚ ਸ਼ਾਮਲ ਨਹੀਂ ਕੀਤਾ ਜਾਂਦਾ। ਸ਼ਾਇਦ ਇਹ ਟੈਬੂ ਉਨ੍ਹਾਂ ਦੇ ਹਿਰਦੇ ਦੇ ਕੋਮਲ ਭਾਵੀ ਹੋਣ ਕਾਰਨ ਪ੍ਰਚਲਿਤ ਹੈ। ਬੱਚੇ ਨੂੰ ਦਫ਼ਨਾਉਣ ਤੋਂ ਬਾਅਦ ਬਾਜ਼ੀਗਰ ਕਬੀਲੇ ਦੇ ਲੋਕ ਬੱਚੇ ਦੇ ਪਰਿਵਾਰਕ ਮੈਂਬਰਾਂ ਅਤੇ ਉਸਦੀ ਮਾਂ ਨੂੰ ਰੱਬ ਦੀ ਰਜ਼ਾ ਵਿੱਚ ਰਹਿਣ ਦਾ ਦਿਲਾਸਾ ਦਿੰਦੇ ਹਨ। ਉਸਨੂੰ ਇਹ ਵੀ ਭਰੋਸਾ ਦਿੱਤਾ ਜਾਂਦਾ ਹੈ ਕਿ ਪ੍ਰਮਾਤਮਾ ਜਿਹੜਾ ਕਿ ਬੱਚੇ ਨੂੰ ਲੈ ਕੇ ਗਿਆ ਹੈ, ਉਹ ਮੁੜ ਤੋਂ ਬੱਚੇ ਦੀ ਬਖਸ਼ਿਸ਼ ਵੀ ਕਰੇਗਾ।

ਹਵਾਲੇ

1. ਡਾ. ਭੁਪਿੰਦਰ ਸਿੰਘ ਖਹਿਰਾ, ਲੋਕਧਾਰਾ ਭਾਸ਼ਾ ਅਤੇ ਸਭਿਆਚਾਰ, ਪੈਪਸੂ ਬੁੱਕ ਡਿਪੂ ਪਟਿਆਲਾ, 2004, ਪੰਨਾ 68.

ਬਾਜ਼ੀਗਰ ਕਬੀਲੇ ਦਾ ਸਮਾਜਿਕ ਸੰਗਠਨ

ਕਬੀਲਾ, ਜਾਤੀ, ਸੰਪਰਦਾ ਅਤੇ ਸ਼੍ਰੇਣੀ ਸਮਾਜਿਕ ਸਤਰੀਕਰਨ ਦੇ ਵੱਖ ਵੱਖ ਵਰਗ ਹਨ। ਕਬੀਲਾ ਪਰਿਵਾਰਾਂ ਦੇ ਸਮੂਹਾਂ ਦਾ ਇੱਕ ਇਕੱਠ ਹੈ ਜਿਸ ਦਾ ਇੱਕ ਸਾਂਝਾ ਨਾਂ ਹੁੰਦਾ ਹੈ, ਜਿਸ ਦੇ ਮੈਂਬਰ ਇੱਕ ਸਾਂਝੇ ਇਲਾਕੇ ਵਿੱਚ ਵਸਦੇ ਹਨ ਤੇ ਇੱਕ ਸਾਂਝੀ ਭਾਸ਼ਾ ਬੋਲਦੇ ਹਨ ਅਤੇ ਨਾਲ ਹੀ ਵਿਆਹ ਅਤੇ ਕੰਮਕਾਰ ਪ੍ਰਤੀ ਕੁਝ ਕੁ ਮਨਾਹੀਆਂ ਦਾ ਪਾਲਣ ਵੀ ਕਰਦੇ ਹਨ। ਹਰ ਕਬੀਲੇ ਨੇ ਆਪਸਦਾਰੀ ਅਤੇ ਜ਼ਿੰਮੇਵਾਰੀਆਂ ਦੀ ਇੱਕ ਯੋਗ ਪ੍ਰਣਾਲੀ ਬਣਾਈ ਹੁੰਦੀ ਹੈ। ਸਾਧਾਰਣ ਤੌਰ ਤੇ ਕਬੀਲਾ ਇਕ ਸੁਜਾਤੀ ਵਿਵਾਹਕ ਇਕਾਈ ਹੁੰਦਾ ਹੈ ਜਿਸ ਦੇ ਮੈਂਬਰ ਆਪਣੇ ਕਬੀਲੇ ਦੇ ਅੰਦਰ ਹੀ ਵਿਆਹ ਸਬੰਧ ਸਥਾਪਤ ਕਰਦੇ ਹਨ। ਹਰ ਇਕ ਕਬੀਲੇ ਵਿੱਚ ਕਈ ਗੋਤਰ ਹੁੰਦੇ ਹਨ ਅਤੇ ਹਰ ਇਕ ਗੋਤ ਦੇ ਮੈਂਬਰਾਂ ਵਿਚਕਾਰ ਸਾਕਾਦਾਰੀ ਸਬੰਧ ਹੁੰਦੇ ਹਨ ਜਿਹੜੇ ਕਿ ਟੋਟਮੀ ਵੰਡ, ਇਲਾਕਾਈ ਸਾਂਝ ਜਾਂ ਫਿਰ ਸਾਂਝੇ ਨਿਵਾਸ ਸਥਾਨ ਤੇ ਆਧਾਰਤ ਹੁੰਦੇ ਹਨ। ਕਬੀਲਾ ਇਨ੍ਹਾਂ ਅਰਥਾਂ ਵਿੱਚ ਇੱਕ ਰਾਜਨੀਤਕ ਇਕਾਈ ਹੈ ਜਿਸ ਦਾ ਆਪਣਾ ਹੀ ਇਕ ਰਾਜਨੀਤਕ ਸੰਗਠਨ ਹੁੰਦਾ ਹੈ। ਇਸ ਉਪਰ ਕਬੀਲੇ ਦੇ ਜੱਦੀ ਸਰਦਾਰ ਰਾਜ ਕਰਦੇ ਹਨ ਜਾਂ ਫਿਰ ਕਬੀਲੇ ਦੇ ਕਈ ਵਰਗ ਇਕੱਠੇ ਹੋ ਕੇ ਇਕ ਇਲਾਕਾਈ ਸਮੂਹ ਬਣਾ ਲੈਂਦੇ ਹਨ ਜਿਸਤੇ ਗੋਤਰਾਂ ਦੇ ਸਰਦਾਰ ਜਾਂ ਫਿਰ ਕਬੀਲਾ ਪੈਂਚ ਰਾਜ ਕਰਦੇ ਹਨ। ਕਬੀਲੇ ਦੇ ਹਰ ਇੱਕ ਡੇਰੇ ਵਿੱਚ ਅਤੇ ਹਰ ਇਕ ਗੋਤਰ ਵਿਚ ਸਿਆਣੇ ਬਜ਼ੁਰਗਾਂ ਦੀ ਇੱਕ ਸਭਾ ਬਣੀ ਹੁੰਦੀ ਹੈ। ਇਹ ਸਭਾ ਜਾਂ ਮਹਾਂ ਸਭਾ ਕਬੀਲੇ ਦੇ ਮਾਮਲਿਆਂ ਵਿਚ ਸਰਦਾਰ ਦੀ ਸਹਾਇਤਾ ਕਰਦੀ ਹੈ।

"ਡਬਲਿਊ. ਜੇ. ਪੈਰੀ ਦੇ ਅਨੁਸਾਰ ਇੱਕ ਕਬੀਲੇ ਦੀ ਛੋਟੀ ਤੋਂ ਛੋਟੀ ਪਰਿਭਾਸ਼ਾ ਇਸ ਤਰ੍ਹਾਂ ਕੀਤੀ ਜਾ ਸਕਦੀ ਹੈ : 'ਕਬੀਲਾ ਇੱਕ ਅਜਿਹਾ ਸਮੂਹ ਹੈ ਜੋ ਇੱਕ ਸਾਂਝੀ ਉਪਭਾਸ਼ਾ ਬੋਲਦਾ ਹੋਵੇ ਅਤੇ ਇੱਕ ਸਾਂਝੇ ਇਲਾਕੇ ਵਿੱਚ ਵਸਦਾ ਹੋਵੇ।' ਇਸ ਵਿਸ਼ੇ ਬਾਰੇ ਸਾਨੂੰ ਵਰਤਮਾਨ ਸਾਹਿਤ ਵਿੱਚ ਜੋ ਪਰਿਭਾਸ਼ਾ ਮਿਲਦੀ ਹੈ ਉਹ 'ਇੰਪੀਰੀਅਲ ਗਜ਼ਟੀਅਰ' ਵਿੱਚੋਂ ਲਈ ਗਈ ਹੈ। ਇਸ ਪਰਿਭਾਸ਼ਾ ਅਨੁਸਾਰ ਕਬੀਲਾ ਪਰਿਵਾਰਾਂ ਦਾ ਉਹ ਇਕੱਠ ਹੈ ਜਿਸ ਦਾ ਇੱਕ ਸਾਂਝਾ ਨਾ ਹੋਵੇ, ਜੋ ਇਕ ਸਾਂਝੀ ਉਪ ਭਾਸ਼ਾ ਬੋਲਦਾ ਹੋਵੇ ਅਤੇ ਜੋ ਇਕ ਸਾਂਝੇ ਇਲਾਕੇ ਵਿੱਚ ਵਸਦਾ ਹੋਵੇ ਜਾਂ ਫਿਰ ਇਸ ਇਲਾਕੇ ਦਾ ਵਾਸੀ ਹੋਣ ਦਾ ਦਾਅਵਾ ਕਰਦਾ ਹੋਵੇ। ਸੁਜਾਤੀ ਵਿਆਹ ਕਬੀਲੇ ਦਾ ਇੱਕ ਮਹੱਤਵਪੂਰਨ ਲੱਛਣ ਹੈ। ਡਾ. ਰਿਵਰਜ਼ ਅਨੁਸਾਰ ਕਬੀਲਾ ਇੱਕ ਸਾਧਾਰਨ ਸਮਾਜਿਕ ਸਮੂਹ ਹੈ ਜਿਸ ਦੇ ਮੈਂਬਰ ਇੱਕ ਸਾਂਝੀ ਉਪਭਾਸ਼ਾ ਬੋਲਦੇ ਹਨ ਅਤੇ ਕਬੀਲੇ ਦੇ ਸਾਂਝੇ ਮਨੋਰਥਾਂ ਲਈ ਇਕਜੁਟ ਹੋ ਕੇ ਜੱਦੋ ਜਹਿਦ ਕਰਦੇ ਹਨ। ਰਿਵਰਜ਼ ਸਿਰਫ਼ ਇੱਕ

ਸਾਂਝੇ ਇਲਾਕੇ ਵਿੱਚ ਰਹਿਣ ਨੂੰ ਕਬੀਲੇ ਦਾ ਮੁੱਖ ਲੱਛਣ ਨਹੀਂ ਸਮਝਦਾ ਕਿਉਂਕਿ ਬਹੁਤ ਸਾਰੇ ਕਬੀਲੇ ਟੱਪਰੀਵਾਸ ਹੁੰਦੇ ਹਨ। ਜਾਤੀ ਅਤੇ ਕਬੀਲੇ ਵਿਚ ਫ਼ਰਕ ਕਰਨ ਲੱਗਿਆਂ ਸਾਨੂੰ ਕਬੀਲੇ ਦੀ ਸ਼ਾਸ਼ਨ ਪ੍ਰਣਾਲੀ ਦੀ ਆਰਥਿਕ ਸੁਤੰਤਰਤਾ ਉੱਤੇ ਜ਼ੋਰ ਦੇਣਾ ਚਾਹੀਦਾ ਹੈ ਜੋ ਕਿ ਆਰਥਿਕ ਵਿਵਸਾਇ ਅਨੁਸਾਰ ਬਣੀ ਇਕ ਸਮਾਜਿਕ ਪਹਿਲ ਦੀ ਇੱਕ ਨਿਸ਼ਚਿਤ ਕ੍ਰਮ ਵਿਵਸਥਾ ਤੇ ਨਿਰਭਰ ਹੈ।"[1]

ਬਾਜ਼ੀਗਰ ਕਬੀਲਾ ਅੱਜ ਕੱਲ੍ਹ ਆਪਣੇ ਪਿਤਾ ਪੁਰਖ਼ੀ ਧੰਦੇ ਨੂੰ ਛੱਡਕੇ ਕਈ ਨਿਮਨ ਪ੍ਰਕਾਰ ਦੇ ਛੋਟੇ ਛੋਟੇ ਕੰਮ ਕਾਰ ਕਰਦਾ ਹੈ। ਕਬੀਲੇ ਤੇ ਹੁਣ ਸਥਾਨਕ ਸਭਿਆਚਾਰ ਭਾਰੂ ਹੋ ਰਹੇ ਹਨ। ਬਾਜ਼ੀਗਰ ਕਬੀਲਾ ਹੁਣ ਜ਼ਿਆਦਾਤਰ ਹਿੰਦੂ, ਧਰਮ ਅਤੇ ਸਿੱਖ ਦੇ ਪ੍ਰਭਾਵ ਹੇਠ ਵਿਚਰ ਰਿਹਾ ਹੈ। ਬਾਜ਼ੀਗਰ ਕਬੀਲੇ ਦੇ ਜਨਮ ਸੰਸਕਾਰ ਹਿੰਦੂ ਸਿੱਖ ਅਤੇ ਕਬੀਲਾ ਰੰਗ ਦੇ ਹਨ। ਜਦਕਿ ਕਬੀਲੇ ਦਾ ਵਿਆਹ ਪ੍ਰਬੰਧ ਪੂਰੀ ਤਰ੍ਹਾਂ ਸਿੱਖ ਧਰਮ ਦੀਆਂ ਰੀਤਾਂ ਰਸਮਾਂ ਅਨੁਸਾਰ ਸਿਰੇ ਚੜ੍ਹਦਾ ਹੈ। ਇਨ੍ਹਾਂ ਸਾਰੇ ਪ੍ਰਭਾਵਾਂ ਦੇ ਬਾਵਜੂਦ ਬਾਜ਼ੀਗਰ ਕਬੀਲੇ ਨੇ ਆਪਣੀ ਵੱਖਰੀ ਭਾਸ਼ਾ ਅਤੇ ਸੰਸਕ੍ਰਿਤੀ ਨੂੰ ਉਸੇ ਤਰ੍ਹਾਂ ਕਾਇਮ ਰੱਖਿਆ ਹੋਇਆ ਹੈ। ਪੁਰਾਣੇ ਸਮਿਆਂ ਤੋਂ ਹੀ ਕਬੀਲੇ ਤੋਂ ਜਾਤੀ ਵੱਲ ਨੂੰ ਬੜਾ ਮੱਠਾ ਪ੍ਰੰਤੂ ਕ੍ਰਮਕ ਪਰਿਵਰਤਨ ਹੁੰਦਾ ਰਿਹਾ ਹੈ। ਕਬੀਲੇ ਤੋਂ ਜਾਤੀ ਵਿੱਚ ਰੂਪਾਂਤਰਣ ਦੀਆਂ ਕਈ ਪ੍ਰਕਿਰਿਆਵਾਂ ਮਿਲਦੀਆਂ ਹਨ। "ਪਿਛਲੇ ਕੁਝ ਕੁ ਸਾਲਾਂ ਵਿੱਚ ਉਨਤ ਸੰਸਕ੍ਰਿਤਕ ਸਮੂਹਾਂ ਨੇ ਕਬੀਲਿਆਂ ਤੇ ਧਾਵਾ ਬੋਲ ਦਿੱਤਾ ਹੈ। ਇਸ ਨਾਲ ਬਹੁਤ ਸਾਰੇ ਕਬੀਲੇ ਦੇ ਸਮੂਹਾਂ ਨੇ ਕਬੀਲੇ ਦੇ ਸੁਭਾਅ ਨੂੰ ਤਿਆਗ ਦਿੱਤਾ ਹੈ ਜਾਂ ਫਿਰ ਇਹ ਸਾਰੇ ਦੇਸ਼ ਵਿੱਚ ਖਿੰਡ ਗਏ ਹਨ। ਇਸ ਤਰ੍ਹਾਂ ਇਨ੍ਹਾਂ ਦੇ ਇਲਾਕਾਈ ਸਬੰਧ ਹੌਲ਼ੀ ਹੌਲ਼ੀ ਟੁੱਟਦੇ ਜਾ ਰਹੇ ਹਨ। ਕਬੀਲੇ ਦੇ ਸਮੂਹਾਂ ਵਿਚਕਾਰ ਵੀ ਇਸ ਪ੍ਰਕਾਰ ਦੀ ਦੂਰੀ ਦੇਖਣ ਵਿੱਚ ਆਉਂਦੀ ਹੈ। ਇਹ ਦੂਰੀ ਇੱਕੋ ਗੋਤ ਜਾਂ ਕਬੀਲੇ ਦੇ ਮੈਂਬਰਾਂ ਵਿਚਕਾਰ ਅਤੇ ਵੱਖ ਵੱਖ ਕਬੀਲਿਆਂ ਵਿਚਕਾਰ ਵੀ ਮਿਲਦੀ ਹੈ। ਇਕ ਕਬੀਲ਼ਾ ਆਪਣੇ ਮੈਂਬਰਾਂ ਨੂੰ ਕਬੀਲੇ ਤੋਂ ਬਾਹਰ ਵਿਆਹ ਕਰਨ ਤੋਂ ਰੋਕਦਾ ਹੈ। ਇਸੇ ਤਰ੍ਹਾਂ ਕਬੀਲੇ ਦੇ ਹਰ ਮੈਂਬਰ ਨੂੰ ਆਪਣੇ ਗੋਤ ਵਿੱਚ ਵਿਆਹ ਕਰਨ ਤੇ ਵੀ ਸਖ਼ਤ ਪਾਬੰਦੀ ਦੀ ਪਾਲਣਾ ਕਰਨੀ ਪੈਂਦੀ ਹੈ।

ਬਾਜ਼ੀਗਰ ਕਬੀਲੇ ਵਿੱਚ ਹਰ ਇੱਕ ਗੋਤਰ ਦਾ ਨਾਂ ਕਬੀਲੇ ਦੇ ਆਦਿ ਬਜ਼ੁਰਗਾਂ ਦੇ ਨਾਂ ਤੋਂ ਪ੍ਰਚਲਿਤ ਹੋਇਆ ਹੈ ਤੇ ਬਾਅਦ ਵਿਚ ਇਹੀ ਨਾਂ ਪੂਰੇ ਕਬੀਲਾ ਸਮੂਹ ਵਿੱਚ ਪ੍ਰਚਲਿਤ ਹੋਏ ਹਨ।

ਅੱਜ ਦੀਆਂ ਬਦਲ ਰਹੀਆਂ ਆਰਥਿਕ ਪ੍ਰਸਥਿਤੀਆਂ ਨੇ ਕਬੀਲਿਆਂ ਨੂੰ ਸਵੈ ਨਿਰਭਰ ਨਹੀਂ ਰਹਿਣ ਦਿੱਤਾ ਜਿਸ ਕਾਰਨ ਕਬੀਲਿਆਂ ਨੂੰ ਸਮਾਜ ਦੀ ਮੁੱਖ ਧਾਰਾ ਤੇ ਨਿਰਭਰ ਹੋ ਕੇ ਆਪਣਾ ਨਿਰਬਾਹ ਕਰਨਾ ਪੈਂਦਾ ਹੈ। ਇਸ ਤਰ੍ਹਾਂ ਇੱਕ ਕਬੀਲਾ ਪਹਿਲਾਂ ਵਾਂਗ ਇੱਕ ਭੂਗੋਲਿਕ ਇਕਾਈ ਨਹੀਂ ਰਿਹਾ। ਕਬੀਲੇ ਜਿਵੇਂ ਹੀ ਜਾਤੀ ਅਰਥ ਵਿਵਸਥਾ ਵਿੱਚ ਪੈਰ ਧਰਦੇ ਹਨ ਉਸ ਸਮੇਂ ਉਨ੍ਹਾਂ ਦੇ ਜੀਵਨ ਵਿੱਚ ਵੀ ਮਹੱਤਵਪੂਰਨ ਬਦਲਾਅ ਆਉਣ ਲੱਗਦਾ ਹੈ। ਇਥੇ ਖ਼ੂਨ ਦੇ ਰਿਸ਼ਤਿਆਂ ਜਾਂ ਕਬੀਲਾ

ਸਬੰਧਾਂ ਦੀ ਵਧੇਰੇ ਮਹੱਤਤਾ ਨਹੀਂ ਰਹਿੰਦੀ। ਇਸ ਦੀ ਥਾਵੇਂ ਕਬੀਲਾ ਸਾਂਝ ਦੀ ਥਾਂ ਤੇ ਵਿਅਕਤੀਗਤ ਇੱਛਾ ਪ੍ਰਬਲ ਹੋ ਜਾਂਦੀ ਹੈ। ਇਸ ਸਮੇਂ ਪੈਸੇ ਨੂੰ ਕਬੀਲਾ ਸਾਂਝ ਤੋਂ ਵਧੇਰੇ ਮਾਨਤਾ ਦਿੱਤੀ ਜਾਂਦੀ ਹੈ। ਜਿਸ ਕਾਰਨ ਕਬੀਲੇ ਦੇ ਰਿਵਾਜ ਅਤੇ ਪ੍ਰਥਾਵਾਂ ਕਮਜ਼ੋਰ ਪੈ ਜਾਂਦੀਆਂ ਹਨ। ਇਸ ਪਰਿਵਰਤਨ 'ਚੋਂ ਲੰਘਦਿਆਂ ਕਬੀਲਾ ਆਗੂਆਂ ਅਤੇ ਮੋਅਤਬਰਾਂ ਦੀ ਸੱਤਾ ਵੀ ਕਮਜ਼ੋਰ ਪੈ ਜਾਂਦੀ ਹੈ ਅਤੇ ਉਨ੍ਹਾਂ ਦੀ ਥਾਂ ਤੇ ਕਬੀਲੇ ਤੋਂ ਬਾਹਰਲੇ ਪ੍ਰਭਾਵਸ਼ਾਲੀ ਲੋਕਾਂ ਨੂੰ ਚੁਣ ਲਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਦੇ ਲੋਕਾਂ ਨੇ ਬਦਲਦੀਆਂ ਸਮਾਜਿਕ ਪ੍ਰਸਥਿਤੀਆਂ ਵਿੱਚ ਆਪਣੇ ਆਪ ਨੂੰ ਏਨਾ ਜ਼ਿਆਦਾ ਢਾਲ ਲਿਆ ਹੈ ਕਿ ਕਈ ਵਾਰੀ ਇਸ ਪਰਿਵਰਤਨ ਨੂੰ ਵੇਖ ਕੇ ਬੜੀ ਹੈਰਾਨੀ ਹੁੰਦੀ ਹੈ।"'[2]

ਸੰਗਠਨਤਾ ਦੇ ਮੂਲ ਆਧਾਰ : ਬਾਜ਼ੀਗਰ ਕਬੀਲਾ ਸਦੀਆਂ ਤੋਂ ਭਾਰਤ ਦੇ ਵੱਖ ਵੱਖ ਹਿੱਸਿਆਂ ਵਿੱਚ ਥੋੜ੍ਹੇ ਬਹੁਤ ਨਾਵਾਂ ਦੇ ਫ਼ਰਕ ਨਾਲ ਵਿਚਰ ਰਿਹਾ ਹੈ। ਕਬੀਲਿਆਂ ਦੇ ਆਪਣੇ ਲਈ ਨਿਯਮਤ ਕੀਤੇ ਨਾਵਾਂ ਅਤੇ ਬਾਹਰਲੇ ਲੋਕਾਂ ਅਤੇ ਸਰਕਾਰਾਂ ਵਲੋਂ ਦਿੱਤੇ ਗਏ ਨਾਵਾਂ ਵਿੱਚ ਬਹੁਤ ਸਾਰਾ ਫ਼ਰਕ ਵੇਖਣ ਨੂੰ ਮਿਲਦਾ ਹੈ ਜਿਵੇਂ ਕਿ ਪੰਜਾਬ ਵਿੱਚ ਵਸਦਾ ਸਮੂਹ ਬਾਜ਼ੀਗਰ ਕਬੀਲਾ ਆਪਣੇ ਆਪ ਲਈ 'ਗਵਾਰ' ਸ਼ਬਦ ਦਾ ਪ੍ਰਯੋਗ ਕਰਦਾ ਹੈ ਅਤੇ 'ਬਾਜ਼ੀਗਰ' ਸ਼ਬਦ ਇਨ੍ਹਾਂ ਨੂੰ ਬਾਹਰਲੇ ਲੋਕਾਂ ਵਲੋਂ ਇਨ੍ਹਾਂ ਦੀ ਬਾਜ਼ੀਗਰੀ ਦੀ ਕਲਾ ਕਾਰਨ ਦਿੱਤਾ ਗਿਆ ਹੈ। ਇਸ ਤਰ੍ਹਾਂ ਕਬੀਲੇ ਤੋਂ ਬਾਹਰਲੇ ਲੋਕਾਂ ਲਈ ਹੌਲੀ ਹੌਲੀ ਇਹ ਸ਼ਬਦ ਪ੍ਰਚਲਿਤ ਹੋ ਗਿਆ। ਬਾਜ਼ੀਗਰ ਕਬੀਲੇ ਦਾ ਸਮੁੱਚੇ ਜੀਵਨ ਲਈ ਆਪਣਾ ਹੀ ਇੱਕ ਵਿਧਾਨ ਅਤੇ ਪ੍ਰੰਪਰਾ ਹੈ ਜਿਸ ਅਨੁਸਾਰ ਕਬੀਲਾ ਲੋਕ ਸਦੀਆਂ ਤੋਂ ਆਪਣਾ ਜੀਵਨ ਬਤੀਤ ਕਰਦੇ ਆਏ ਹਨ। ਅੱਜ ਦੇ ਅਤਿ ਆਧੁਨਿਕ ਦੌਰ ਵਿੱਚ ਵੀ ਇਸ ਵਿਧਾਨ ਦੀ ਉਸੇ ਤਰ੍ਹਾਂ ਪਾਲਣਾ ਕੀਤੀ ਜਾਂਦੀ ਹੈ। ਸ਼ਹਿਰੀ ਜੀਵਨ ਨੇ ਭਾਵੇਂ ਕਬੀਲਾ ਜੀਵਨ ਨੂੰ ਕੁਝ ਹੱਦ ਤੱਕ ਪ੍ਰਭਾਵਤ ਜ਼ਰੂਰ ਕੀਤਾ ਹੈ ਪਰ ਕਬੀਲਾ ਲੋਕਾਂ ਨੇ ਇਸ ਪ੍ਰਭਾਵ ਨੂੰ ਕੇਵਲ ਆਪਣੀ ਸੁੱਖ ਸੁਵਿਧਾ ਲਈ ਹੀ ਵਰਤਿਆ ਹੈ। ਸ਼ਹਿਰੀਕਰਨ ਦੀ ਇਹ ਪ੍ਰਕਿਰਿਆ ਕਬੀਲੇ ਦੀ ਆਂਤਰਿਕ ਪ੍ਰਣਾਲੀ ਤੇ ਕੋਈ ਅਸਰ ਨਹੀਂ ਪਾ ਸਕੀ। ਬਾਜ਼ੀਗਰ ਕਬੀਲੇ ਦੇ ਲੋਕਾਂ ਨੇ ਕੁਝ ਵਿਸ਼ੇਸ਼ ਪ੍ਰੰਪਰਿਕ ਮਾਨਤਾਵਾਂ ਕਰਕੇ ਅੱਜ ਵੀ ਆਪਣੀ ਪਕੜ ਪੀਡੀ ਬਣਾਈ ਹੋਈ ਹੈ:-

1. **ਗਵਾਰ ਅਤੇ ਕੌਰ ਦਾ ਸੰਕਲਪ :** ਪੰਜਾਬ ਦਾ ਬਾਜ਼ੀਗਰ ਕਬੀਲਾ ਆਪਣੇ ਆਪ ਨੂੰ 'ਗਵਾਰ' ਅਤੇ ਕਬੀਲੇ ਤੋਂ ਬਾਹਰਲੇ ਲੋਕਾਂ ਨੂੰ 'ਕੌਰ' ਸ਼ਬਦ ਨਾਲ ਸੰਬੋਧਿਤ ਕਰਦਾ ਹੈ। ਕਬੀਲੇ ਵਿੱਚ 'ਗਵਾਰ' ਸ਼ਬਦ ਨੂੰ ਸਰਵਉੱਚਤਾ ਦੀ ਦ੍ਰਿਸ਼ਟੀ ਤੋਂ ਵੇਖਿਆ ਜਾਂਦਾ ਹੈ ਅਤੇ 'ਕੌਰ' ਸ਼ਬਦ ਨੂੰ ਹਿਕਾਰਤ ਦੀ ਦ੍ਰਿਸ਼ਟੀ ਤੋਂ ਵੇਖਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਦੇ ਕਿਸੇ ਵੀ ਡੇਰੇ ਵਿੱਚ ਕਿਸੇ ਕੌਰ ਦੇ ਆਉਂਦਿਆਂ ਹੀ ਗੱਲ ਬਾਤ ਕਬੀਲੇ ਦੀ ਆਪਣੀ ਗੁਪਤ ਭਾਸ਼ਾ ਵਿੱਚ ਸ਼ੁਰੂ ਹੋ ਜਾਂਦੀ ਹੈ। ਇਸ ਤਰ੍ਹਾਂ ਕਬੀਲੇ ਦੇ ਲੋਕਾਂ ਦੀ ਇਜ਼ਾਜਤ ਤੋਂ ਬਿਨਾਂ ਕਿਸੇ ਵੀ 'ਕੌਰ' ਦਾ ਡੇਰੇ ਵਿੱਚ ਆਉਣਾ ਵਰਜਿਤ

ਹੁੰਦਾ ਹੈ। ਇਸ ਵਰਤਾਰੇ ਪਿੱਛੇ ਕਬੀਲਾ ਲੋਕਾਂ ਵਿੱਚ ਸਦੀਆਂ ਤੋਂ ਇਹ ਧਾਰਨਾ ਪ੍ਰਚਲਿਤ ਹੈ ਕਿ ਉਨ੍ਹਾਂ ਨੂੰ ਰਾਜਸਥਾਨ ਵਿਖੇ ਉਨ੍ਹਾਂ ਦੇ ਕਿਸੇ ਹਾਰੇ ਹੋਏ ਕਿਲ੍ਹੇ ਦੀ ਚਾਬੀ ਮੁੜ ਤੋਂ ਪ੍ਰਾਪਤ ਹੋਣੀ ਹੈ ਅਤੇ ਉਨ੍ਹਾਂ ਦੀ ਹਾਰ ਦੇ ਜ਼ਿੰਮੇਵਾਰ 'ਕੌਰ' ਲੋਕ ਹੀ ਹਨ। ਇਸੇ ਕਰਕੇ ਬਾਜ਼ੀਗਰ ਕਬੀਲੇ ਦੇ ਲੋਕ ਕੌਰਾਂ ਨਾਲ ਬਹੁਤਾ ਸਮਾਜਿਕ ਸੰਪਰਕ ਨਹੀਂ ਕਰਦੇ। ਬਾਜ਼ੀਗਰ ਕਬੀਲੇ ਦੇ ਲੋਕ ਆਪਣੇ ਟੱਪਰੀਵਾਸ ਜੀਵਨ ਤੋਂ ਲੈ ਕੇ ਹੁਣ ਤੱਕ ਕਬੀਲੇ ਦੇ ਲੋਕਾਂ ਵਿੱਚ ਆਪਣੀ ਪਛਾਣ 'ਗਵਾਰ' ਸ਼ਬਦ ਨਾਲ ਕਰਾਉਂਦੇ ਹਨ ਅਤੇ ਕਬੀਲੇ ਤੋਂ ਬਾਹਰਲੇ ਲੋਕਾਂ ਨਾਲ ਆਪਣੀ ਪਛਾਣ 'ਬਾਜ਼ੀਗਰ' ਸ਼ਬਦ ਨਾਲ ਕਰਾਉਂਦੇ ਹਨ। ਬਾਜ਼ੀਗਰ ਕਬੀਲੇ ਦੇ ਲੋਕ ਕਿਸੇ ਵੀ ਗਵਾਰ ਦੇ ਮਿਲ ਜਾਣ ਤੇ ਖੁਸ਼ੀ ਅਤੇ ਖੇੜਾ ਜ਼ਾਹਿਰ ਕਰਦੇ ਹਨ ਅਤੇ ਅਦਬ ਨਾਲ ਮਿਲਣ ਵਾਲੇ ਦਾ ਗੋਤਰ ਅਤੇ ਡੇਰਾ ਜ਼ਰੂਰ ਪੁੱਛਿਆ ਜਾਂਦਾ ਹੈ। ਕਿਸੇ ਵੀ ਅਚਨਚੇਤ ਮਿਲਣੀ ਵੇਲੇ ਬਾਜ਼ੀਗਰ ਕਬੀਲੇ ਦੇ ਲੋਕ ਇਕ ਦੂਜੇ ਤੋਂ ਦੋ ਪ੍ਰਸ਼ਨ ਜ਼ਰੂਰ ਪੁੱਛਦੇ ਹਨ:-

1. ਧਵੀਂ ਕੱਤਾ ਰਓ ਛੋ?
2. ਧਵੀਂ ਕੌਣ ਜੱਤੀਆ ਛੋ?

ਇਸ ਪ੍ਰਕਾਰ 'ਗਵਾਰ' ਸ਼ਬਦ ਦੀ ਆਪਸੀ ਭਾਵਨਾ ਨੇ ਕਬੀਲੇ ਦੇ ਲੋਕਾਂ ਨੂੰ ਇਕ ਦੂਜੇ ਨਾਲ ਮਜ਼ਬੂਤੀ ਨਾਲ ਬੰਨ੍ਹਿਆ ਹੋਇਆ ਹੈ। ਇਸ ਭਾਵਨਾ ਪਿੱਛੇ ਕਬੀਲੇ ਦਾ ਸਦੀਆਂ ਤੋਂ ਸੰਘਰਸ਼ ਭਰਿਆ ਇਤਿਹਾਸ ਅਤੇ ਕਬੀਲੇ ਦੀਆਂ ਮਾਨਤਾਵਾਂ ਹਨ।

2. ਕਬੀਲਾ ਮਾਨਤਾਵਾਂ : ਕਿਸੇ ਵੀ ਕਬੀਲੇ ਬਾਰੇ ਅਧਿਐਨ ਕਰਨ ਲੱਗਿਆਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਕਿ ਹਰ ਇੱਕ ਕਬੀਲੇ ਦੀਆਂ ਆਪਣੀਆਂ ਹੀ ਕੁਝ ਪ੍ਰੰਪਰਿਕ ਮਾਨਤਾਵਾਂ ਹਨ ਜਿਨ੍ਹਾਂ ਦੇ ਆਧਾਰ ਤੇ ਕਿਸੇ ਵੀ ਕਬੀਲੇ ਦਾ ਸਮੁੱਚਾ ਜੀਵਨ ਨਿਰਭਰ ਕਰਦਾ ਹੈ। ਬਾਜ਼ੀਗਰ ਕਬੀਲਾ ਵੀ ਸਦੀਆਂ ਤੋਂ ਕਬੀਲੇ ਦੀਆਂ ਪ੍ਰਚਲਿਤ ਧਾਰਮਿਕ ਅਤੇ ਸਮਾਜਿਕ ਮਾਨਤਾਵਾਂ ਦੀ ਇਨ ਬਿਨ ਪਾਲਣਾ ਕਰਦਾ ਆ ਰਿਹਾ ਹੈ। ਬਾਜ਼ੀਗਰ ਕਬੀਲੇ ਵਿਚ ਪ੍ਰਚਲਿਤ ਪਿਤਾ ਪੁਰਖ਼ੀ ਮਾਨਤਾਵਾਂ ਨੂੰ ਤੋੜਨਾ ਆਸਾਨ ਨਹੀਂ ਹੁੰਦਾ। ਇਨ੍ਹਾਂ ਮਾਨਤਾਵਾਂ ਨੂੰ ਤੋੜਨ ਵਾਲੇ ਲੋਕਾਂ ਨੂੰ ਕਬੀਲੇ ਦੀ 'ਮਹਾਂਸਭਾ' ਦੁਆਰਾ ਕਬੀਲੇ ਵਿਚੋਂ ਵਿਸਾਰ ਦਿੱਤਾ ਜਾਂਦਾ ਹੈ ਜਿਨ੍ਹਾਂ ਦੀ ਕਬੀਲੇ ਵਿੱਚ ਵਾਪਸੀ ਬੜੀ ਕਠਿਨ ਹੋ ਜਾਂਦੀ ਹੈ। ਬਾਜ਼ੀਗਰ ਕਬੀਲੇ ਵਿੱਚ ਪੰਜਾਬ, ਰਾਵੀ, ਖੜ੍ਹੀ ਅਤੇ ਪਾਕਿਸਤਾਨੀ ਪੰਜਾਬ ਦੇ ਕਬੀਲਿਆਂ ਦੀ ਥੋੜ੍ਹੀ ਬਹੁਤ ਵੱਖਰਤਾ ਇਸੇ ਆਧਾਰ ਤੇ ਉਸਰੀ ਹੋਈ ਹੈ। ਬਾਜ਼ੀਗਰ ਕਬੀਲੇ ਵਿੱਚ ਹਰ ਇਕ ਗੋਤਰ ਦੀਆਂ ਆਪਣੀਆਂ ਹੀ ਮਨਾਹੀਆਂ ਅਤੇ ਵਿਸ਼ਵਾਸ ਹਨ ਜਿਨ੍ਹਾਂ ਦੇ ਆਧਾਰ ਤੇ ਕਬੀਲੇ ਦੇ ਲੋਕ ਇਕ ਦੂਜੇ ਨਾਲ ਰਿਸ਼ਤਾ ਨਾਤਾ, ਸਬੰਧ ਅਤੇ ਸਮਾਜਿਕ ਦੂਰੀ ਰੱਖਦੇ ਹਨ। ਬਾਜ਼ੀਗਰ ਕਬੀਲੇ ਵਿੱਚ ਆਪਣੀ ਹੀ ਗੋਤਰ ਵਿੱਚ ਲੜਕੇ ਲੜਕੀ ਦਾ ਰਿਸ਼ਤਾ ਕਰਨਾ ਵਰਜਿਤ ਹੁੰਦਾ ਹੈ ਕਿਉਂਕਿ ਆਪਣੀ ਹੀ ਗੋਤਰ ਦਾ ਲੜਕਾ ਲੜਕੀ ਭਾਵੇਂ ਕਿਸੇ ਵੀ ਖਿੱਤੇ ਦਾ ਕਿਉਂ ਨਾ ਹੋਵੇ ਉਨ੍ਹਾਂ ਨੂੰ ਪੁਰਖਿਆਂ ਦੀ ਸਾਂਝ ਕਾਰਨ ਭੈਣ ਭਰਾ ਕਰਕੇ ਹੀ ਜਾਣਿਆ ਜਾਂਦਾ ਹੈ। ਇਸ ਲਈ ਕਬੀਲੇ ਵਿੱਚ ਕਿਸੇ ਬਾਹਰੀ ਗੋਤਰ ਨਾਲ ਰਿਸ਼ਤਾ

ਨਾਤਾ ਜੋੜਨ ਲੱਗਿਆਂ ਉਸ ਗੋਤਰ ਨਾਲ ਸਬੰਧਤ ਧਿਰ ਦੇ ਦਾਦਕਿਆਂ ਅਤੇ ਨਾਨਕਿਆਂ ਦੇ ਗੋਤਰ ਸਬੰਧੀ ਨਿਰਖ਼ ਪਰਖ਼ ਵੀ ਕੀਤੀ ਜਾਂਦੀ ਹੈ। ਇਸ ਕਾਰਜ ਲਈ ਕਬੀਲੇ ਦੇ ਕੁਝ ਮੋਅਤਬਰ ਲੋਕ ਆਪਣੀ ਵਿਸ਼ੇਸ਼ ਭੂਮਿਕਾ ਅਦਾ ਕਰਦੇ ਹਨ। ਬਾਜ਼ੀਗਰ ਕਬੀਲੇ ਵਿੱਚ ਕੋਈ ਰਿਸ਼ਤਾ ਜਾਂ ਸਮਾਗਮ ਕਰਨ ਲੱਗਿਆਂ ਸਬੰਧਤ ਕਬੀਲੇ ਦੇ ਗੋਤਰ ਤੋਂ ਇੱਕ ਦੋ ਲੋਕ ਬਾਹਰੀ ਗੋਤਰ ਦੇ ਲਏ ਜਾਂਦੇ ਹਨ ਜਿਸਨੂੰ ਕਿ ਕਬੀਲੇ ਵਿੱਚ 'ਔਰਸਖੀਆ' ਕਿਹਾ ਜਾਂਦਾ ਹੈ। ਕਿਸੇ ਵੀ ਸਮਾਗਮ ਜਾਂ ਤਿਥ ਤਿਉਹਾਰ ਤੇ 'ਔਰਸਖੀਏ' ਨੂੰ ਸ਼ਾਮਲ ਕਰਨਾ ਜਿੱਥੇ ਕਬੀਲਾ ਪ੍ਰੰਪਰਾ ਅਨੁਸਾਰ ਦੂਤ ਨੂੰ ਸ਼ਾਮਲ ਕਰਨਾ ਸਮਝਿਆ ਜਾਂਦਾ ਹੈ, ਉੱਥੇ ਨਾਲ ਹੀ ਬਾਜ਼ੀਗਰ ਕਬੀਲੇ ਵਿੱਚ 'ਔਰਸਖ਼ੀਏ' ਨੂੰ ਮਾਣ ਸਨਮਾਨ ਅਤੇ ਸਤਿਕਾਰ ਦੇਣਾ ਆਪਸੀ ਭਾਈਚਾਰੇ ਦਾ ਚਿੰਨ੍ਹ ਸਮਝਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਹਰ ਗੋਤਰ ਵਿੱਚ ਕਿਸੇ ਵੀ ਕਿਸਮ ਦਾ ਰਿਸ਼ਤਾ ਨਾਤਾ ਜੋੜਨ ਜਾਂ ਕੋਈ ਲੈਣ-ਦੇਣ ਕਰਨ ਲੱਗਿਆਂ ਇੱਕ ਖਾਸ ਕਿਸਮ ਦੀ ਲੋਕਾਚਾਰੀ ਅਤੇ ਰਵਾਇਤਾਂ ਦੀ ਪਾਲਣਾ ਕੀਤੀ ਜਾਂਦੀ ਹੈ। ਬਾਜ਼ੀਗਰ ਕਬੀਲੇ ਵਿੱਚ ਅੱਜ ਵੀ ਕੁਝ ਖ਼ਾਸ ਮਨਾਹੀਆਂ ਦੀ ਪਾਲਣਾ ਕੀਤੀ ਜਾਂਦੀ ਹੈ ਜਿਵੇਂ ਕਿ ਦੀਵਾਲੀ ਵਾਲੇ ਦਿਨ ਪੁਰਖ਼ਾ ਪੂਜਾ ਸਮੇਂ ਇਕ ਗੋਤਰ ਦੂਜੀ ਗੋਤਰ ਨੂੰ ਚੌਲਾਂ ਦਾ ਮਿੱਠਾ ਪ੍ਰਸ਼ਾਦ 'ਪਿੱਤਰ' ਦੇਣਾ ਵਰਜਿਤ ਸਮਝਦੀ ਹੈ। ਇਸ ਪੂਜਾ ਸਮੇਂ ਪੁਰਖ਼ਿਆਂ ਦੇ ਘਰ ਵੀ ਹਰ ਗੋਤਰ ਵਲੋਂ ਵੱਖੋ-ਵੱਖਰੇ ਢੰਗ ਨਾਲ ਬਣਾਏ ਜਾਂਦੇ ਹਨ। ਇਸ ਤਰ੍ਹਾਂ ਬਾਜ਼ੀਗਰ ਕਬੀਲੇ ਦੀਆਂ ਇਹ ਪਰੰਪਰਿਕ ਮਾਨਤਾਵਾਂ ਕਬੀਲੇ ਦੇ ਲੋਕਾਂ ਨੂੰ ਟੋਟਮ ਅਤੇ ਟੈਬੂ ਦੇ ਰੂਪ ਵਿਚ ਆਪਸ ਵਿੱਚ ਜੋੜੀ ਰੱਖਦੀਆਂ ਹਨ। ਕਬੀਲੇ ਵਿੱਚ ਸਦੀਆਂ ਤੋਂ ਚਲੀਆਂ ਆ ਰਹੀਆਂ ਇਹ ਰਵਾਇਤਾਂ ਇਨ੍ਹਾਂ ਦੇ ਜੀਵਨ ਦਾ ਇੱਕ ਜ਼ਰੂਰੀ ਹਿੱਸਾ ਬਣ ਗਈਆਂ ਹਨ ਜਿਨ੍ਹਾਂ ਨੂੰ ਤੋੜਨਾ ਜਾਂ ਨਜ਼ਰ-ਅੰਦਾਜ਼ ਕਰਨਾ ਕਬੀਲਾ ਲੋਕਾਂ ਲਈ ਸੌਖਾ ਨਹੀਂ ਹੁੰਦਾ।

3. **ਟੋਟਮ ਅਤੇ ਟੈਬੂ :** ਬਾਜ਼ੀਗਰ ਕਬੀਲੇ ਵਿੱਚ ਪ੍ਰਚਲਿਤ ਟੋਟਮ ਅਤੇ ਟੈਬੂ ਕਬੀਲੇ ਦੀ ਮੂਲ ਸੰਗਠਨਤਾ ਨੂੰ ਬਣਾਈ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ। ਬਾਜ਼ੀਗਰ ਕਬੀਲੇ ਵਿੱਚ ਪ੍ਰਚਲਿਤ ਮਾਨਤਾਵਾਂ ਅਤੇ ਮਨਾਹੀਆਂ ਨੂੰ ਕਬੀਲੇ ਦੇ ਹਰ ਇੱਕ ਮੈਂਬਰ ਵਲੋਂ ਆਪਣੇ ਹਿੱਤ ਵਿੱਚ ਸਮਝਿਆ ਜਾਂਦਾ ਹੈ। ਇਨ੍ਹਾਂ ਮਾਨਤਾਵਾਂ ਅਤੇ ਮਨਾਹੀਆਂ ਨੂੰ ਤੋੜਨਾ ਕਬੀਲਾ ਜੀਵਨ ਦੇ ਖਿੰਡਣ ਅਤੇ ਰੱਬੀ ਕਰੋਪੀ ਨਾਲ ਜੋੜਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਆਪਣੇ ਪੁਰਖਿਆਂ ਅਤੇ ਆਪਣੇ ਗੋਤਰ ਸਬੰਧੀ ਪੀੜ੍ਹੀ ਦਰ ਪੀੜ੍ਹੀ ਚਲਦੀਆਂ ਆ ਰਹੀਆਂ ਕੁਝ ਮਾਨਤਾਵਾਂ ਪ੍ਰਚਲਿਤ ਹਨ ਜਿਨ੍ਹਾਂ ਦੀ ਹਰ ਇੱਕ ਕਬੀਲਾ ਗੋਤਰ ਪੀੜ੍ਹੀ ਦਰ ਪੀੜ੍ਹੀ ਉਸੇ ਤਰ੍ਹਾਂ ਮੂਲ ਰੂਪ ਵਿਚ ਪਾਲਣਾ ਕਰਦਾ ਆ ਰਿਹਾ ਹੈ। ਇਸੇ ਤਰ੍ਹਾਂ ਕਬੀਲੇ ਵਿੱਚ ਕੁਝ ਰੁੱਖਾਂ, ਪੰਛੀਆਂ, ਪਸ਼ੂਆਂ ਅਤੇ ਗੋਤਰ ਸਬੰਧੀ ਕੁਝ ਟੈਬੂ ਵੀ ਪ੍ਰਚਲਿਤ ਹਨ ਜਿਨ੍ਹਾਂ ਦੀ ਕਬੀਲਾ ਲੋਕ ਬੜੀ ਸਖ਼ਤੀ ਨਾਲ ਪਾਲਣਾ ਕਰਦੇ ਹਨ। ਕਬੀਲੇ ਵਿੱਚ ਪ੍ਰਚਲਿਤ ਇਹ ਮਾਨਤਾਵਾਂ ਅਤੇ ਮਨਾਹੀਆਂ ਜਨਮ, ਵਿਆਹ ਅਤੇ ਮੌਤ ਸਮੇਂ ਵਿਸ਼ੇਸ਼ ਤੌਰ ਤੇ ਲਾਗੂ

ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਰਸਮਾਂ ਨੂੰ ਲਾਗੂ ਕਰਵਾਉਣ ਹਿੱਤ ਕਬੀਲੇ ਤੋਂ ਬਾਹਰਲੇ ਗੋਤਰ ਦਾ ਵਿਅਕਤੀ ਭਾਵ 'ਔਰਸਖੀਆ' ਆਪਣੀ ਪਰੰਪਰਿਕ ਦੂਤ ਦੀ ਮੋਹਰੀ ਭੂਮਿਕਾ ਅਦਾ ਕਰਦਾ ਹੈ ਅਤੇ ਇਸ ਤਰ੍ਹਾਂ ਦੇ ਕਿਸੇ ਵਿਸ਼ੇਸ਼ ਸਮਾਗਮ ਸਮੇਂ ਉਹ ਕਬੀਲੇ ਦਾ ਮੁੱਖ ਬੁਲਾਰਾ ਵੀ ਹੁੰਦਾ ਹੈ। ਕਬੀਲੇ ਵਿੱਚ ਹੋਣ ਵਾਲੇ ਕਿਸੇ ਵੀ ਕਾਰਜ ਦੇ ਵਿਧੀ ਵਿਧਾਨ ਨਾਲ ਨੇਪਰੇ ਚੜ੍ਹਨ ਦਾ ਉਹ ਮੁੱਖ ਚਸ਼ਮਦੀਦ ਹੁੰਦਾ ਹੈ ਅਤੇ ਇਸ ਦੀ ਸੰਪੂਰਨਤਾ ਨੂੰ ਉਹ ਅਮਲ ਵਿੱਚ ਲਿਆਉਣ ਵਾਲਾ ਕਬੀਲੇ ਦਾ ਇੱਕ ਵਾਹਕ ਹੁੰਦਾ ਹੈ। ਬਾਜ਼ੀਗਰ ਕਬੀਲੇ ਵਿੱਚ ਹੋਣ ਵਾਲੇ ਹਰ ਇਕ ਸਮਾਜਿਕ ਕਾਰਜ ਨੂੰ ਕਬੀਲੇ ਦੇ ਮੋਅਤਬਰ ਵਿਅਕਤੀਆਂ ਅਤੇ ਪੈਂਚਾਂ ਵਿੱਚ ਨਸ਼ਰ ਕਰਨਾ ਪੈਂਦਾ ਹੈ। ਕਬੀਲੇ ਵਿੱਚ ਚੋਰੀ ਚੋਰੀ ਜਾਂ ਲੁੱਕ ਛੁਪ ਕੇ ਕੀਤਾ ਕਾਰਜ ਕਬੀਲੇ ਦੀ ਮਹਾਂਪੰਚਾਇਤ 'ਢੋਅ' ਦੁਆਰਾ ਕਬੂਲ ਨਹੀਂ ਕੀਤਾ ਜਾਂਦਾ ਤੇ ਕਬੀਲੇ ਵਿੱਚ ਇਸ ਤਰ੍ਹਾਂ ਦੇ ਕਾਰਜਾਂ ਨੂੰ ਸਮਾਜਿਕ ਪ੍ਰਵਾਨਗੀ ਨਹੀਂ ਮਿਲਦੀ।

4. ਕਬੀਲੇ ਦਾ ਧਰਮ : ਬਾਜ਼ੀਗਰ ਕਬੀਲੇ ਦੇ ਧਾਰਮਿਕ ਅਨੁਸ਼ਠਾਨ ਅਤੇ ਧਾਰਮਿਕ ਰਹੁ ਰੀਤਾਂ ਵੀ ਕਬੀਲਾ ਕੱਟੜਤਾ ਨੂੰ ਬਣਾਈ ਰੱਖਣ ਵਿਚ ਮੋਹਰੀ ਭੂਮਿਕਾ ਅਦਾ ਕਰਦੇ ਹਨ। ਭਾਰਤ ਵਿਚ ਬਾਜ਼ੀਗਰ ਕਬੀਲਾ ਵੱਖ-ਵੱਖ ਰਾਜਾਂ ਵਿੱਚ ਵੱਖਰੇ-ਵੱਖਰੇ ਪ੍ਰਚਲਿਤ ਨਾਵਾਂ ਹੇਠ ਵਾਸ ਕਰ ਰਿਹਾ ਹੈ। ਭਾਵੇਂ ਕਿ ਸਬੰਧਤ ਰਾਜਾਂ ਦੇ ਤਿਉਹਾਰਾਂ ਅਤੇ ਧਾਰਮਿਕ ਮਾਨਤਾਵਾਂ ਨੇ ਕਬੀਲਾ ਜੀਵਨ ਪ੍ਰਣਾਲੀ ਤੇ ਗਹਿਰਾ ਪ੍ਰਭਾਵ ਪਾਇਆ ਹੈ ਪਰ ਫਿਰ ਵੀ ਇਹ ਕਬੀਲਿਆਂ ਦੀ ਆਂਤਰਿਕ ਬਣਤਰ ਅਤੇ ਵਿਧੀ ਵਿਧਾਨ ਨੂੰ ਪ੍ਰਭਾਵਤ ਨਹੀਂ ਕਰ ਸਕੇ। ਅੱਜ ਵੀ ਬਾਜ਼ੀਗਰ ਕਬੀਲਾ ਬੱਚੇ ਦੇ ਜਨਮ, ਵਿਆਹ ਅਤੇ ਮੌਤ ਸਮੇਂ ਆਪਣੀਆਂ ਧਾਰਮਿਕ ਰਹੁਰੀਤਾਂ ਅਤੇ ਕਰਮ ਕਾਂਡਾਂ ਦੀ ਇਕ ਜੁਗਤ ਵਿੱਚੋਂ ਲੰਘਦਾ ਹੈ। ਇਨ੍ਹਾਂ ਰੁਹਰੀਤਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਂਦੀ ਹੈ। ਆਧੁਨਿਕ ਯੁੱਗ ਵਿੱਚ ਭਾਵੇਂ ਕਿ ਬਾਜ਼ੀਗਰ ਕਬੀਲੇ ਤੇ ਹਿੰਦੂ ਧਰਮ ਅਤੇ ਸਿੱਖ ਧਰਮ ਦਾ ਪ੍ਰਤੱਖ ਅਸਰ ਵੇਖਣ ਨੂੰ ਮਿਲਦਾ ਹੈ ਪਰ ਕਬੀਲਾ ਇਨ੍ਹਾਂ ਸੰਸਕਾਰਾਂ ਨੂੰ ਕੇਵਲ ਬਾਹਰੀ ਰੂਪ ਵਿਚ ਹੀ ਸਵੀਕਾਰ ਕਰਦਾ ਹੈ। ਬਾਜ਼ੀਗਰ ਕਬੀਲੇ ਵਿੱਚ ਪਿਤਾ ਪੁਰਖੀ ਰਹੁਰੀਤਾਂ ਅਤੇ ਧਾਰਮਿਕ ਅਨੁਸ਼ਠਾਨਾਂ ਨੂੰ ਪਹਿਲ ਦੇ ਆਧਾਰ ਤੇ ਮਾਨਤਾ ਦਿੱਤੀ ਜਾਂਦੀ ਹੈ। ਬਾਜ਼ੀਗਰ ਕਬੀਲੇ ਵਿੱਚ ਹਰ ਤਿੱਥ ਤਿਉਹਾਰ ਅਤੇ ਸਮਾਗਮਾਂ ਮੌਕੇ ਕਬੀਲੇ ਦੀਆਂ ਆਪਣੀਆਂ ਹੀ ਪ੍ਰਚਲਤ ਧਾਰਮਿਕ ਮਾਨਤਾਵਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ। ਇਸ ਦੀ ਇੱਕ ਉਦਾਹਰਣ ਦੇ ਤੌਰ ਤੇ ਬਾਜ਼ੀਗਰ ਕਬੀਲੇ ਵਿਚ ਪੁਰਾਣੇ ਸਮਿਆਂ ਵਿੱਚ ਬਲੀ ਬੇਦੀ ਤੇ ਵਿਆਹ ਦੀ ਰਸਮ ਅਦਾ ਕਰਨ ਵੇਲੇ ਪੰਡਤ ਨੂੰ ਬੁਲਾਇਆ ਜ਼ਰੂਰ ਜਾਂਦਾ ਸੀ ਪਰ ਵਿਆਹ ਦੀ ਰਸਮ ਸੰਪੂਰਨ ਹੋਣ ਤੇ ਉਸ ਨੂੰ ਕਬੀਲੇ ਦੀਆਂ ਕੁੜੀਆਂ ਅਤੇ ਔਰਤਾਂ ਦੁਆਰਾ ਬੁਰੀ ਤਰ੍ਹਾਂ ਕੁੱਟਿਆ ਜਾਂਦਾ ਸੀ। ਬਾਜ਼ੀਗਰ ਕਬੀਲੇ ਵਿੱਚ ਧਰਮ ਦੇ ਇਨ੍ਹਾਂ ਕਾਰ ਵਿਹਾਰਾਂ ਅਤੇ ਧਾਰਮਿਕ ਪ੍ਰਕਿਰਿਆਵਾਂ ਨੂੰ ਕਬੀਲੇ ਦੇ ਸਿਆਣੇ ਬੰਦਿਆਂ ਅਤੇ ਸੰਤਾਂ ਭਗਤਾਂ ਦੁਆਰਾ ਪੂਰੇ ਵਿਧੀ ਵਿਧਾਨ ਨਾਲ ਨਿਭਾਇਆ ਜਾਂਦਾ ਹੈ। ਕਬੀਲੇ

ਵਿੱਚ ਪ੍ਰਚਲਤ ਧਾਰਮਿਕ ਰਸਮਾਂ ਅਤੇ ਅਨੁਸ਼ਠਾਨਾਂ ਨੂੰ ਪੂਰਾ ਨਾ ਕਰਨ ਦੀ ਸੂਰਤ ਵਿੱਚ ਕਬੀਲੇ ਤੇ ਕੁਦਰਤ ਦੀ ਕਰੋਪੀ ਦਾ ਡਰ ਗਿਆਤ ਕੀਤਾ ਜਾਂਦਾ ਹੈ। ਇਸ ਤਰ੍ਹਾਂ ਕਬੀਲਿਆਂ ਦੀ ਧਾਰਮਿਕ ਸਾਂਝ ਅਤੇ ਧਾਰਮਿਕ ਭਾਵਨਾ ਕਬੀਲੇ ਦੇ ਲੋਕਾਂ ਨੂੰ ਆਪਸੀ ਭਾਵਨਾ ਦੁਆਰਾ ਜੋੜੀ ਰੱਖਦੀ ਹੈ।

5. ਬਾਜ਼ੀਗਰ ਕਬੀਲੇ ਦੀ ਮਹਾਂਪੰਚਾਇਤ 'ਢੋਅ' ਦਾ ਦਬਦਬਾ : ਬਾਜ਼ੀਗਰ ਕਬੀਲੇ ਦੀ ਮਹਾਂਪੰਚਾਇਤ 'ਢੋਅ' ਦਾ ਬਾਜ਼ੀਗਰ ਕਬੀਲੇ ਵਿਚ ਬਹੁਤ ਦਬਦਬਾ ਮੰਨਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਦੀ ਮਹਾਂਪੰਚਾਇਤ 'ਢੋਅ' ਸਮੂਹ ਬਾਜ਼ੀਗਰ ਕਬੀਲੇ ਲਈ ਸਰਵਉੱਚ ਅਦਾਲਤ ਵਰਗਾ ਰੁਤਬਾ ਰੱਖਦੀ ਹੈ। ਬਾਜ਼ੀਗਰ ਕਬੀਲੇ ਵਿੱਚ ਕਿਸੇ ਵੀ ਝਗੜੇ ਦੇ ਵੱਧ ਜਾਣ ਜਾਂ ਕਬੀਲੇ ਤੇ ਕਿਸੇ ਸੰਕਟ ਸਮੇਂ ਬਾਜ਼ੀਗਰ ਕਬੀਲੇ ਦੀ ਮਹਾਂਪੰਚਾਇਤ ਢੋਅ ਜੁੜਦੀ ਹੈ। ਢੋਅ ਵਿਚ ਕਬੀਲੇ ਦੇ ਮੋਅਤਬਰ ਵਿਅਕਤੀ ਅਤੇ ਕਬੀਲੇ ਵਿੱਚ ਉੱਚਾ ਰੁਤਬਾ ਰੱਖਣ ਵਾਲੇ ਪੈਂਚ ਇਕੱਠੇ ਹੁੰਦੇ ਹਨ। ਬਾਜ਼ੀਗਰ ਮਹਾਂਪੰਚਾਇਤ ਵਿੱਚ ਝਗੜੇ ਵਾਲੀਆਂ ਸਬੰਧਤ ਧਿਰਾਂ ਨੂੰ ਹਰ ਹਾਲਤ ਵਿੱਚ ਪੇਸ਼ ਹੋਣਾ ਪੈਂਦਾ ਹੈ। ਸਬੰਧਤ ਧਿਰਾਂ ਦੇ ਢੋਅ ਵਿੱਚ ਪੇਸ਼ ਹੋਣ ਮਗਰੋਂ ਝਗੜੇ ਦੀ ਸੁਣਵਾਈ ਹੁੰਦੀ ਹੈ। ਢੋਅ ਦਾ ਸਮਾਂ ਇਕ ਬੈਠਕ ਤੋਂ ਲੈ ਕੇ ਕਈ ਬੈਠਕਾਂ ਤੱਕ ਹੋ ਸਕਦਾ ਹੈ। ਢੋਅ ਵਿੱਚ ਕਬੀਲੇ ਦੇ ਫੈਸਲਾ ਸੁਣਨ ਵਾਲੇ ਸਰਦਾਰ ਅਤੇ ਮੋਅਤਬਰ ਵਿਅਕਤੀ ਝਗੜੇ ਸਬੰਧੀ ਕਈ ਕਈ ਦਿਨ ਵਿਚਾਰ ਵਟਾਂਦਰਾ ਕਰਦੇ ਹਨ। ਮਹਾਂਪੰਚਾਇਤ 'ਢੋਅ' ਵਲੋਂ ਸੁਣਾਇਆ ਗਿਆ ਫੈਸਲਾ ਅਟੱਲ ਹੁੰਦਾ ਹੈ। ਫੈਸਲਾ ਨਾ ਮੰਨਣ ਵਾਲੀ ਧਿਰ ਨੂੰ ਕਬੀਲੇ ਵਿੱਚੋਂ ਛੇਕ ਦਿੱਤਾ ਜਾਂਦਾ ਹੈ। ਕਬੀਲੇ ਵਿੱਚ ਉਸ ਨਾਲ 'ਰੋਟੀ ਬਾਟੀ' ਦੀ ਸਾਂਝ ਖਤਮ ਕਰ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਬਾਜ਼ੀਗਰ ਕਬੀਲੇ ਮਹਾਂਪੰਚਾਇਤ ਢੋਅ ਵੀ ਕਬੀਲੇ ਦੇ ਆਪਸ ਵਿਚ ਬੰਨ੍ਹੀ ਰੱਖਦੀ ਹੈ। ਕਬੀਲੇ ਦੇ ਲੋਕ ਕਬੀਲੇ ਦੀ ਪੰਚਾਇਤ ਅਤੇ ਮਹਾਂਪੰਚਾਇਤ ਦੁਆਰਾ ਇੱਕ ਕਾਨੂੰਨੀ ਧੁਰੇ ਨਾਲ ਬੰਨ੍ਹੇ ਹੋਏ ਹਨ। ਕਬੀਲੇ ਦੀ ਮਹਾਂਪੰਚਾਇਤ ਢੋਅ ਦੁਆਰਾ ਸੁਣਾਈ ਗਈ ਸਜ਼ਾ ਕਈ ਵਾਰ ਕਬੀਲੇ ਦੇ ਲੋਕਾਂ ਨੂੰ ਪੀੜ੍ਹੀਆਂ ਤੱਕ ਪ੍ਰਭਾਵਤ ਕਰਦੀ ਹੈ। ਕਬੀਲੇ ਦੁਆਰਾ ਸੁਣਾਈ ਸਜ਼ਾ ਭਾਵੇਂ ਚਿੰਨਾਤਮਕ ਪੱਧਰ ਦੀ ਹੁੰਦੀ ਹੈ ਪਰ ਕਬੀਲੇ ਦੇ ਲੋਕ ਇਸ ਸਜ਼ਾ ਨੂੰ ਸਮਾਜਿਕ ਕਲੰਕ ਵਜੋਂ ਵੇਖਦੇ ਹਨ। ਇਸ ਤਰ੍ਹਾਂ ਬਾਜ਼ੀਗਰ ਕਬੀਲੇ ਦਾ ਕੋਈ ਵੀ ਵਿਅਕਤੀ ਜਲਦੀ ਕੀਤੀਆਂ ਕਬੀਲੇ ਦੀਆਂ ਮਾਨਤਾਵਾਂ ਅਤੇ ਹੱਦਬੰਦੀਆਂ ਉਲੰਘਣ ਦਾ ਯਤਨ ਨਹੀਂ ਕਰਦਾ।

6. ਕਬੀਲੇ ਦੇ ਰਸਮ ਰਿਵਾਜ : ਬਾਜ਼ੀਗਰ ਕਬੀਲੇ ਵਿੱਚ ਸਦੀਆਂ ਤੋਂ ਪ੍ਰਚਲਿਤ ਕਬੀਲਾ ਸੰਸਕਾਰ ਅਤੇ ਰਸਮ ਰਿਵਾਜ ਵੀ ਕਬੀਲਾ ਲੋਕਾਂ ਨੂੰ ਆਪਸੀ ਸਾਂਝ ਦੁਆਰਾ ਜੋੜੀ ਰੱਖਦੇ ਹਨ। ਬਾਜ਼ੀਗਰ ਕਬੀਲੇ ਵਿੱਚ ਅੱਜ ਵੀ ਕੋਈ ਸ਼ਾਦੀਸ਼ੁਦਾ ਇਸਤਰੀ ਜਾਂ ਨਵਵਿਆਹੀ ਔਰਤ ਕੋਈ ਨਵੇਂ ਕੱਪੜੇ ਸਿਵਾਉਂਦੀ ਹੈ ਤਾਂ ਉਹ ਇਸ ਨੂੰ ਪਹਿਨਣ ਤੋਂ ਪਹਿਲਾਂ ਸਾਰੇ ਡੇਰੇ ਵਿੱਚ ਘਰ ਘਰ ਜਾ ਕੇ ਰਸਮੀ ਤੌਰ ਤੇ ਡੇਰੇ ਦੀ ਹਰ ਸਿਆਣੀ ਔਰਤ ਨੂੰ ਸਤਿਕਾਰ ਵਜੋਂ ਰਸਮੀ ਤੌਰ ਤੇ ਪਹਿਨਣ ਲਈ ਆਖਦੀ ਹੈ।

ਉਸਦਾ ਇਸ ਤਰ੍ਹਾਂ ਕਰਨਾ ਚਿਨ੍ਹਾਂਤਮਕ ਤੌਰ ਤੇ ਕਬੀਲਾ ਬਜ਼ੁਰਗਾਂ ਦੀ ਰਸਮੀ ਪ੍ਰਵਾਨਗੀ ਲੈਣਾ ਹੁੰਦਾ ਹੈ। ਇਸ ਤਰ੍ਹਾਂ ਕਬੀਲੇ ਦੀ ਕੋਈ ਵੀ ਨਵਵਿਆਹੀ ਔਰਤ ਜਦ ਪਹਿਲਾ ਫੇਰਾ ਪਾਉਣ ਲਈ ਸਹੁਰੇ ਘਰ ਆਉਂਦੀ ਤਾਂ ਉਸ ਨੂੰ ਪਾਣੀ ਦੀ ਬਾਲਟੀ ਘਰ ਘਰ ਲਿਜਾਕੇ ਕਬੀਲਾ ਬਜ਼ੁਰਗਾਂ ਦੇ ਹੱਥ ਪੈਰ ਧੋਣੇ ਪੈਂਦੇ ਹਨ। ਅਜਿਹਾ ਕਬੀਲਾ ਬਜ਼ੁਰਗਾਂ ਦੇ ਮਾਣ ਸਤਿਕਾਰ ਵਜੋਂ ਕੀਤਾ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਹਰ ਧਾਰਮਿਕ ਜਾਂ ਸਮਾਜਿਕ ਸਮਾਗਮ ਮੌਕੇ ਕਬੀਲੇ ਤੋਂ ਬਾਹਰੀ ਗੋਤਰ ਦੇ ਮੈਂਬਰਾਂ ਨੂੰ ਸ਼ਾਮਲ ਕਰਨਾ ਕਬੀਲੇ ਦੇ ਲੋਕਤੰਤਰੀ ਵਿਧਾਨ ਅਤੇ ਖੁੱਲ੍ਹੀ-ਡੁਲ੍ਹੀ ਸਭਿਆਚਾਰਕ ਸਾਂਝ ਦਾ ਪ੍ਰਤੀਕ ਹੈ। ਬਾਜ਼ੀਗਰ ਕਬੀਲਾ ਆਪਣੇ ਧਾਰਮਿਕ ਅਤੇ ਸਮਾਜਿਕ ਰੀਤੀ ਰਿਵਾਜਾਂ ਵਿੱਚ ਕੇਵਲ ਕਬੀਲਾ ਲੋਕਾਂ ਨੂੰ ਹੀ ਸ਼ਾਮਲ ਕਰਦਾ ਹੈ। ਬਾਜ਼ੀਗਰ ਕਬੀਲਾ ਬਾਹਰਲੇ ਲੋਕਾਂ ਨੂੰ ਵਿਸ਼ੇਸ਼ ਹਾਲਤ ਵਿਚ ਕਬੀਲੇ ਤੋਂ ਬਾਹਰਲੇ ਲੋਕਾਂ ਨੂੰ ਆਪਣੇ ਖਾਸ ਮਹਿਮਾਨ ਦੇ ਤੌਰ ਤੇ ਸ਼ਾਮਲ ਕਰ ਸਕਦਾ ਹੈ ਪਰ ਇਹ ਹਾਜ਼ਰੀ ਸਿਰਫ਼ ਰਸਮੀ ਅਤੇ ਬਾਹਰੀ ਰੂਪ ਵਿੱਚ ਹੀ ਹੁੰਦੀ ਹੈ। ਇਸ ਤੋਂ ਇਲਾਵਾ ਬਾਜ਼ੀਗਰ ਕਬੀਲੇ ਦੇ ਸਮਾਜਿਕ ਸੰਗਠਨ ਵਿੱਚ ਕਬੀਲੇ ਵਿੱਚ ਸਰਵਉੱਚਤਾ ਦਾ ਸੰਕਲਪ ਧਾਰਮਿਕ ਮਨੌਤਾਂ, ਮਾਨਤਾਵਾਂ, ਰੀਤੀ ਰਿਵਾਜ, ਕਬੀਲਾ ਪੁਰਖਿਆਂ ਦੀ ਮੱਤਾ, ਪੰਚਾਇਤੀ ਅਤੇ ਮਹਾਂਪੰਚਾਇਤ ਢੋਅ ਅਤੇ ਕਬੀਲੇ ਦੀ ਸਮੂਹਿਕ ਭਾਵਨਾ ਆਪਣੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਹਵਾਲੇ

1. ਡੀ.ਐਨ ਮਜੂਮਦਾਰ, ਭਾਰਤੀ ਸੰਸਕ੍ਰਿਤੀਆਂ ਅਤੇ ਜਾਤੀਆਂ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1975, ਪੰਨਾ 415.
2. ਉਹੀ, ਪੰਨਾ 416.

ਬਾਜ਼ੀਗਰ ਕਬੀਲੇ ਦਾ ਰਿਸ਼ਤਾ ਨਾਤਾ ਪ੍ਰਬੰਧ

ਮਨੁੱਖੀ ਸਮਾਜ ਆਦਿ ਕਾਲ ਤੋਂ ਹੀ ਰਿਸ਼ਤਾ ਨਾਤਾ ਪ੍ਰਬੰਧ ਵਿੱਚ ਬੰਨ੍ਹਿਆ ਹੋਇਆ ਹੈ। ਰਿਸ਼ਤਾ ਨਾਤਾ ਪ੍ਰਬੰਧ ਸਮਾਜ ਵਿਗਿਆਨ ਦਾ ਮੂਲ ਆਧਾਰ ਹੈ। ਬਾਜ਼ੀਗਰ ਕਬੀਲੇ ਦਾ ਆਪਣਾ ਹੀ ਇਕ ਸਮਾਜਿਕ ਅਤੇ ਰਿਸ਼ਤਾ ਨਾਤਾ ਪ੍ਰਬੰਧ ਹੈ। ਬਾਜ਼ੀਗਰ ਕਬੀਲਾ ਇੱਕ ਅੰਤਰ ਵਿਆਹੀ ਕਬੀਲਾ ਹੈ। ਬਾਜ਼ੀਗਰ ਕਬੀਲੇ ਵਿੱਚ ਅੱਜ ਵੀ ਅੰਤਰਜਾਤੀ ਵਿਆਹ ਸਬੰਧੀ ਸਖ਼ਤ ਮਨਾਹੀ ਪ੍ਰਚਲਿਤ ਹੈ। ਬਾਜ਼ੀਗਰ ਕਬੀਲੇ ਵਿੱਚ ਗੋਤਰ ਬਾਹਰੀ ਵਿਆਹ ਪ੍ਰਚਲਿਤ ਹਨ। ਕਬੀਲੇ ਵਿੱਚ ਪਿੱਤਰੀ ਗੋਤਰ ਵਿੱਚ ਵਿਆਹ ਦੀ ਸਖ਼ਤ ਮਨਾਹੀ ਹੈ। ਬਾਜ਼ੀਗਰ ਕਬੀਲਾ ਮਾਤਰੀ ਗੋਤਰ ਵਿਚ ਵਿਆਹ ਦੀ ਢਿੱਲ ਦਿੰਦਾ ਹੈ। ਬਾਜ਼ੀਗਰ ਕਬੀਲੇ ਵਿੱਚ ਪਿੱਤਰੀ ਗੋਤਰ ਵਿੱਚ ਜੰਮਣ ਵਾਲੇ ਹਰ ਲੜਕਾ ਲੜਕੀ ਨੂੰ ਭੈਣ-ਭਰਾ ਦਾ ਦਰਜਾ ਦਿੱਤਾ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਰਿਸ਼ਤਾ ਨਾਤਾ ਪ੍ਰਬੰਧ ਸਮੇਂ ਪਿੱਤਰੀ ਗੋਤਰ ਟਕਰਾ ਜਾਣ ਦੀ ਸੂਰਤ ਵਿੱਚ ਬਹੁਤ ਵੱਡਾ ਵਿਵਾਦ ਖੜ੍ਹਾ ਹੋ ਜਾਂਦਾ ਹੈ। ਜੇਕਰ ਇਸ ਤਰ੍ਹਾਂ ਦਾ ਕੋਈ ਵਿਆਹ ਕਬੀਲੇ ਵਿੱਚ ਅਣਜਾਣਪੁਣੇ ਵਿਚ ਸੰਪੰਨ ਹੋ ਜਾਵੇ ਤਾਂ ਇਸ ਨਾਲ ਪੂਰੇ ਕਬੀਲੇ ਵਿੱਚ ਹਲਚਲ ਪੈਦਾ ਹੋ ਜਾਂਦੀ ਹੈ ਤੇ ਅੰਤ ਵਿਆਹ ਹੋਣ ਤੋਂ ਪਹਿਲਾਂ ਹੀ ਟੁੱਟ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਮੁੱਖ ਤੌਰ ਤੇ ਚਾਰ ਕਿਸਮ ਦੇ ਵਿਆਹਾਂ ਦਾ ਪ੍ਰਚਲਨ ਰਿਹਾ ਹੈ :-

1. ਪੁੰਨ ਦਾ ਵਿਆਹ
2. ਵੱਟੇ ਸੱਟੇ ਦਾ ਵਿਆਹ
3. ਚਾਦਰਾ ਪਾਉਣਾ
4. ਖੜ੍ਹੀ ਕਬੀਲੇ ਵਿੱਚ ਵਿਆਹ
5. ਦੁਹਾਜੂ ਵਿਆਹ

1. ਪੁੰਨ ਦਾ ਵਿਆਹ : ਬਾਜ਼ੀਗਰ ਕਬੀਲੇ ਵਿੱਚ ਸ਼ੁਰੂ ਤੋਂ ਹੀ ਪੁੰਨ ਦੇ ਵਿਆਹ ਦੀ ਪ੍ਰਥਾ ਪ੍ਰਚਲਿਤ ਹੈ। ਬਾਜ਼ੀਗਰ ਕਬੀਲੇ ਵਿੱਚ ਅੱਜ ਵੀ ਬਹੁਤੇ ਵਿਆਹ ਪੁੰਨ ਦੇ ਹੀ ਹੁੰਦੇ ਹਨ। ਬਾਜ਼ੀਗਰ ਕਬੀਲੇ ਵਿੱਚ ਕੰਨਿਆਂ ਨੂੰ ਦੇਵੀ ਦਾ ਦਰਜਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਬਾਜ਼ੀਗਰ ਕਬੀਲੇ ਵਿਚ ਕੰਨਿਆਂ ਦਾਨ ਨੂੰ ਮਹਾਂਦਾਨ ਸਮਝਿਆ ਜਾਂਦਾ ਹੈ। ਲੜਕੀ ਦਾ ਵਿਆਹ ਹੋ ਜਾਣ ਦੀ ਸੂਰਤ ਵਿੱਚ ਲੜਕੀ ਦੇ ਪਿਤਾ ਨੂੰ 'ਗੰਗਾ ਨਹਾਉਣ' ਅਤੇ 'ਗਊ ਦਾਨ' ਕਰਨ ਵਾਲੇ ਵਿਅਕਤੀ ਦਾ ਉੱਚਾ ਦਰਜਾ ਦਿੱਤਾ ਜਾਂਦਾ ਹੈ। ਪੁੰਨ ਦੇ ਵਿਆਹ ਤੋਂ ਭਾਵ ਹੈ ਕਿ ਵਿਆਹ ਵਾਲੀ ਲੜਕੀ ਦਾ ਲੜ ਮੁੰਡੇ ਵਾਲਿਆਂ ਨੂੰ ਫੜਾਉਣ ਲੱਗਿਆਂ ਮੁੰਡੇ ਵਾਲਿਆਂ ਤੋਂ ਕੋਈ ਵਧੂ ਮੁੱਲ ਆਦਿ ਨਹੀਂ, ਲਿਆ ਜਾਂਦਾ। ਇਸ ਤਰ੍ਹਾਂ ਦੇ ਵਿਆਹ ਵਿੱਚ ਗਹਿਣਿਆਂ ਵਿੱਚ ਸਜੀ ਹੋਈ ਕੰਨਿਆਂ

ਨੂੰ ਮਾਤਾ ਪਿਤਾ, ਰਿਸ਼ਤੇਦਾਰਾਂ, ਡੇਰੇ ਅਤੇ ਕਬੀਲੇ ਦੀ ਸਹਿਮਤੀ ਨਾਲ ਫੇਰਿਆਂ ਉਪਰੰਤ ਘਰ ਢੁੱਕੀ ਬਰਾਤ ਵਾਲੇ ਲੜਕੇ ਦੇ ਲੜ ਲਾ ਦਿੱਤਾ ਜਾਂਦਾ ਹੈ। ਪੁੰਨ ਦੇ ਵਿਆਹ ਵਿੱਚ ਲੜਕੀ ਦੇ ਮਾਤਾ ਪਿਤਾ, ਡੇਰੇ ਅਤੇ ਦੂਰੋਂ ਦੂਰੋਂ ਆਏ ਸਮੂਹ ਕਬੀਲੇ ਦੇ ਲੋਕਾਂ ਵਲੋਂ ਲੜਕੀ ਨੂੰ ਵਿਆਹ ਵਿੱਚ ਵਿੱਤ ਅਨੁਸਾਰ ਕੁਝ ਕੱਪੜੇ ਅਤੇ ਨਵਾਂ ਘਰ ਬੰਨ੍ਹਣ ਲਈ ਭਾਂਡਾ ਟੀਂਡਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਪੁੰਨ ਦੇ ਵਿਆਹ ਵਿੱਚ ਲੜਕੀ ਨੂੰ ਸਾਰੇ ਕਬੀਲੇ ਦਾ ਅਸ਼ੀਰਵਾਦ ਪ੍ਰਾਪਤ ਹੁੰਦਾ ਹੈ। ਇਸ ਵਿਆਹ ਤੇ ਕਿਸੇ ਕਿਸਮ ਦਾ ਕੋਈ ਕਿੰਤੂ ਪ੍ਰੰਤੂ ਨਹੀਂ ਹੁੰਦਾ ਸਗੋਂ ਇਸ ਵਿਆਹ ਨੂੰ ਕਬੀਲੇ ਵਿੱਚ ਇੱਕ ਸੰਪੂਰਨ ਵਿਆਹ ਮੰਨਿਆ ਜਾਂਦਾ ਹੈ। ਪੁੰਨ ਦਾ ਵਿਆਹ ਸੰਪੰਨ ਹੋਣ ਤੇ ਕਬੀਲੇ ਦੇ ਮੋਹਤਬਰ ਵਿਅਕਤੀ ਅਤੇ ਪੈਂਚ ਆਪਣੀ ਖੁਸ਼ੀ ਕਬੀਲਾ ਅੰਦਾਜ਼ ਵਿੱਚ ਜ਼ਾਹਿਰ ਕਰਦੇ ਹਨ। ਇਸ ਤਰ੍ਹਾਂ ਪੁੰਨ ਦਾ ਵਿਆਹ ਕਿਸੇ ਵੀ ਕਿਸਮ ਦੇ ਲੋਭ ਲਾਲਚ ਅਤੇ ਈਰਖਾ ਭਾਵਨਾ ਤੋਂ ਮੁਕਤ ਹੁੰਦਾ ਹੈ।

2. **ਵੱਟੇ ਸੱਟੇ ਦਾ ਵਿਆਹ :** ਬਾਜ਼ੀਗਰ ਕਬੀਲੇ ਵਿੱਚ ਵੱਟੇ ਸੱਟੇ ਦੇ ਵਿਆਹ ਦਾ ਪ੍ਰਚਲਨ ਬਹੁਤ ਪੁਰਾਣਾ ਹੈ। ਕਬੀਲੇ ਵਿੱਚ ਵੱਟੇ ਸੱਟੇ ਦੇ ਵਿਆਹ ਦਾ ਪ੍ਰਚਲਨ ਹੁਣ ਬਹੁਤ ਘੱਟ ਰਿਹਾ ਹੈ। ਵੱਟੇ ਸੱਟੇ ਦੇ ਵਿਆਹ ਵਿੱਚ ਵਿਆਹ ਸਬੰਧ ਜੋੜਨ ਵਾਲੇ ਪਰਿਵਾਰਾਂ ਨੂੰ ਇੱਕ ਦੂਜੇ ਦੇ ਵਰ ਨੂੰ ਆਪਣੀ ਲੜਕੀ ਵਧੂ ਵਜੋਂ ਦੇਣੀ ਹੁੰਦੀ ਹੈ। ਇਸੇ ਕਰਕੇ ਇਸ ਵਿਆਹ ਨੂੰ ਵੱਟੇ ਸੱਟੇ ਦਾ ਵਿਆਹ ਕਿਹਾ ਜਾਂਦਾ ਹੈ। ਵੱਟੇ ਸੱਟੇ ਦਾ ਵਿਆਹ ਕਿਸੇ ਪਰਿਵਾਰ ਵਿੱਚ ਕੋਈ ਸਮਾਜਿਕ ਕਮਜ਼ੋਰੀ ਅੰਗਹੀਣਤਾ, ਕਬੀਲੇ ਵਿੱਚੋਂ ਛੇਕੇ ਗਏ ਲੋਕਾਂ ਵਿੱਚ ਜਾਂ ਕਿਸੇ ਆਰਥਿਕ ਗਰਜ਼ ਤੇ ਆਧਾਰਿਤ ਹੁੰਦਾ ਹੈ। ਬਾਜ਼ੀਗਰ ਕਬੀਲੇ ਵਿੱਚ ਵੱਟੇ ਸੱਟੇ ਦੇ ਵਿਆਹ ਨੂੰ ਹਿਕਾਰਤ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ। ਵੱਟੇ ਸੱਟੇ ਦਾ ਵਿਆਹ ਜ਼ਿਆਦਾਤਰ ਕਬੀਲਾ ਸਮੂਹ ਦੀ ਗ਼ੈਰ ਹਾਜ਼ਰੀ ਵਿੱਚ ਹੀ ਸੰਪੰਨ ਹੁੰਦਾ ਹੈ। ਕਈ ਵਾਰ ਅਜਿਹਾ ਵਿਆਹ ਗੁਪਤ ਰੂਪ ਵਿੱਚ ਵੀ ਨੇਪਰੇ ਚੜ੍ਹਦਾ ਹੈ। ਇਹ ਵਿਆਹ ਚਿਰ ਸਥਾਈ ਨਹੀਂ ਹੁੰਦਾ। ਇਸ ਵਿਆਹ ਦੀਆਂ ਤੰਦਾਂ ਬਹੁਤ ਕਮਜ਼ੋਰ ਹੁੰਦੀਆਂ ਹਨ। ਦੋਹਾਂ ਪਰਿਵਾਰਾਂ ਵਿੱਚੋਂ ਕਿਸੇ ਇੱਕ ਵਿੱਚ ਕੋਈ ਸਮੱਸਿਆ ਪੈਦਾ ਹੋਣ ਤੇ ਇਹ ਵਿਆਹ ਬਹੁਤ ਜਲਦੀ ਟੁੱਟ ਜਾਂਦਾ ਹੈ। ਵੱਟੇ ਸੱਟੇ ਦਾ ਵਿਆਹ ਦੋਹਾਂ ਪਰਿਵਾਰਾਂ ਦੀ ਆਪਸੀ ਮਜ਼ਬੂਰੀ ਹੁੰਦਾ ਹੈ। ਇਸ ਤਰ੍ਹਾਂ ਦੇ ਵਿਆਹ ਵਿੱਚ ਕਿਸੇ ਇੱਕ ਪਰਿਵਾਰ ਵਿੱਚ ਝਗੜਾ ਹੋਣ ਤੇ ਇਸਦੇ ਸਿੱਟੇ ਦੋਹਾਂ ਧਿਰਾਂ ਨੂੰ ਭੁਗਤਣੇ ਪੈਂਦੇ ਹਨ। ਬਾਜ਼ੀਗਰ ਕਬੀਲੇ ਵਿੱਚ ਵੱਟੇ ਸੱਟੇ ਦੇ ਵਿਆਹ ਦਾ ਪ੍ਰਚਲਨ ਲਗਭਗ ਖਤਮ ਹੋ ਚੁੱਕਾ ਹੈ। ਕਬੀਲੇ ਵਿੱਚ ਹੁਣ ਇਸ ਤਰ੍ਹਾਂ ਦਾ ਟਾਵਾਂ ਟੱਲਾ ਵਿਆਹ ਹੀ ਸਿਰੇ ਚੜ੍ਹਦਾ ਹੈ।

3. **ਚਾਦਰਾ ਪਾਉਣਾ :** ਬਾਜ਼ੀਗਰ ਕਬੀਲੇ ਵਿੱਚ ਚਾਦਰ ਪਾਉਣ ਦੀ ਪ੍ਰਥਾ ਬਹੁਤ ਪੁਰਾਣੀ ਹੈ। ਕਬੀਲੇ ਵਿੱਚ ਇਸ ਤਰ੍ਹਾਂ ਦਾ ਵਿਆਹ ਕਿਸੇ ਵਿਆਹ ਵਾਲੇ ਵਿਅਕਤੀ ਦੀ ਮੌਤ ਹੋ ਜਾਣ ਤੇ ਜਾਂ ਫਿਰ ਸਦਾ ਲਈ ਮੂੰਹ ਕਰਕੇ ਤੁਰ ਜਾਣ ਦੀ ਸੂਰਤ ਵਿੱਚ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦਾ ਵਿਆਹ ਕਬੀਲੇ ਦੀ ਮਜ਼ਬੂਰੀ ਹੁੰਦਾ

ਹੈ। ਇਸ ਵਿਆਹ ਵਿੱਚ ਕਿਸੇ ਕਿਸਮ ਦੀ ਖੁਸ਼ੀ ਦਾ ਪ੍ਰਗਟਾਵਾ ਨਹੀਂ ਕੀਤਾ ਜਾਂਦਾ। ਇਹ ਵਿਆਹ ਕਬੀਲੇ ਦੇ ਕੁਝ ਸਿਆਣੇ ਬੰਦਿਆਂ ਅਤੇ ਪਰਿਵਾਰ ਦੇ ਜੀਆਂ ਦੀ ਹਾਜ਼ਰੀ ਵਿਚ ਹੁੰਦਾ ਹੈ। ਇਹ ਵਿਆਹ ਸਿਰਫ਼ ਚਿੰਨ੍ਹਾਤਮਕ ਪੱਧਰ ਤੇ ਹੀ ਸੰਪੰਨ ਹੁੰਦਾ ਹੈ। ਇਸ ਵਿੱਚ ਕਿਸੇ ਵੀ ਕਿਸਮ ਦੇ ਜਸ਼ਨ ਦੀ ਗੁੰਜਾਇਸ਼ ਨਹੀਂ ਹੁੰਦੀ। ਇਸ ਵਿਆਹ ਦਾ ਮੁੱਖ ਮੰਤਵ ਵਿਧਵਾ ਜਾਂ ਬੇਸਹਾਰਾ ਹੋਈ ਔਰਤ ਨੂੰ ਉਸਦੇ ਪਰਿਵਾਰ ਵਿੱਚੋਂ ਹੀ ਕਿਸੇ ਕੁਆਰੇ ਲੜਕੇ ਦੇ ਲੜ ਲਾ ਦਿੱਤਾ ਜਾਂਦਾ ਹੈ। ਪਰਿਵਾਰ ਵਿੱਚ ਕੁਆਰਾ ਲੜਕਾ ਨਾ ਹੋਣ ਦੀ ਸੂਰਤ ਵਿੱਚ ਵਿਧਵਾ ਜਾਂ ਬੇਸਹਾਰਾ ਹੋਈ ਔਰਤ ਜਾਂ ਲੜਕੀ ਨੂੰ ਪਰਿਵਾਰਕ ਸਹਿਮਤੀ ਦੁਆਰਾ ਵਿਆਹੇ ਹੋਏ ਲੜਕੇ ਜਾਂ ਆਦਮੀ ਦੇ ਲੜ ਵੀ ਲਾ ਦਿੱਤਾ ਜਾਂਦਾ ਹੈ। ਇਸ ਪ੍ਰਕਾਰ ਦੇ ਵਿਆਹ ਵਿੱਚ ਦੋਹਾਂ ਪਰਿਵਾਰਾਂ ਅਤੇ ਲੜਕੀ ਦੇ ਮਾਤਾ ਪਿਤਾ ਦੀ ਸਹਿਮਤੀ ਵੀ ਜ਼ਰੂਰੀ ਹੁੰਦੀ ਹੈ। ਬਾਜ਼ੀਗਰ ਕਬੀਲੇ ਵਿੱਚ ਚਾਦਰਾ ਪਾਉਣ ਦਾ ਮੰਤਵ ਕੇਵਲ ਬੇਸਹਾਰਾ ਔਰਤ ਨੂੰ ਸਮਾਜਿਕ ਤੇ ਆਰਥਿਕ ਸਹਾਰਾ ਦੇਣਾ ਹੁੰਦਾ ਹੈ। ਵਿਧਵਾ ਜਾਂ ਬੇਸਹਾਰਾ ਹੋਈ ਲੜਕੀ ਨੂੰ ਵੰਸ਼ ਵਰਧਕ ਦਾ ਰੁਤਬਾ ਦੇਣਾ ਵੀ ਇਸ ਵਿਆਹ ਦੀ ਮੁੱਖ ਲੋੜ ਹੁੰਦੀ ਹੈ। ਬਾਜ਼ੀਗਰ ਕਬੀਲੇ ਵਿੱਚ ਚਾਦਰਾ ਪਾਉਣ ਦੀ ਰਸਮ ਵੀ ਲਗਭਗ ਖ਼ਤਮ ਹੋਣ ਕਿਨਾਰੇ ਹੈ। ਬਾਜ਼ੀਗਰ ਕਬੀਲਾ ਹੁਣ ਪੁਨਰ ਵਿਆਹ ਵਿੱਚ ਜ਼ਿਆਦਾ ਵਿਸ਼ਵਾਸ ਰੱਖਦਾ ਹੈ।

4. ਖੜ੍ਹੀ ਕਬੀਲੇ ਵਿੱਚ ਵਿਆਹ : ਪਾਕਿਸਤਾਨ ਦੇ ਖੜ੍ਹੀ ਸਟੇਸ਼ਨ ਦੇ ਆਸ ਪਾਸ ਰਹਿਣ ਵਾਲੇ ਤੇ 'ਖੜ੍ਹੀ' ਭਾਸ਼ਾ ਬੋਲਣ ਵਾਲੇ ਬਾਜ਼ੀਗਰ ਕਬੀਲੇ ਦੇ ਲੋਕਾਂ ਨੂੰ 'ਖੜ੍ਹੀ ਵਾਲੇ ਬਾਜ਼ੀਗਰ' ਕਿਹਾ ਜਾਂਦਾ ਹੈ। ਖੜ੍ਹੀ ਦੇ ਬਾਜ਼ੀਗਰ ਵੀ ਲਹਿੰਦੇ ਪੰਜਾਬ ਅਤੇ ਰਾਵੀ ਦੇ ਨੇੜੇ ਵੱਸਣ ਵਾਲੇ ਬਾਜ਼ੀਗਰਾਂ ਵਾਂਗ 1947 ਦੀ ਦੇਸ਼ ਵੰਡ ਤੋਂ ਬਾਅਦ ਭਾਰਤ ਵਿੱਚ ਪੰਜਾਬ ਅਤੇ ਹਰਿਆਣਾ ਰਾਜ ਵਿੱਚ ਵੱਡੀ ਗਿਣਤੀ ਵਿੱਚ ਆਣ ਵੱਸੇ ਸਨ। ਪੰਜਾਬ ਅਤੇ ਰਾਵੀ ਦੇ ਬਾਜ਼ੀਗਰ ਖੜ੍ਹੀ ਦੇ ਬਾਜ਼ੀਗਰਾਂ ਤੋਂ ਇੱਕ ਨਿਸ਼ਚਿਤ ਦੂਰੀ ਰੱਖਦੇ ਹਨ। ਇਹ ਦੂਰੀ ਲਗਭਗ ਦੋ ਸਦੀਆਂ ਤੋਂ ਏਸੇ ਤਰ੍ਹਾਂ ਚਲੀ ਆ ਰਹੀ ਹੈ। ਪੰਜਾਬ ਅਤੇ ਰਾਵੀ ਦੇ ਬਾਜ਼ੀਗਰ ਖੜ੍ਹੀ ਦੇ ਬਾਜ਼ੀਗਰਾਂ ਤੋਂ ਲੜਕੀ ਦਾ ਰਿਸ਼ਤਾ ਲੈ ਤਾਂ ਲੈਂਦੇ ਹਨ ਪਰ ਇਨ੍ਹਾਂ ਨੂੰ ਆਪਣੀ ਲੜਕੀ ਦਾ ਰਿਸ਼ਤਾ ਦੇਣ ਤੋਂ ਗੁਰੇਜ਼ ਕਰਦੇ ਹਨ। ਇਸ ਤਰ੍ਹਾਂ ਸਮੂਹ ਬਾਜ਼ੀਗਰ ਕਬੀਲੇ ਦੇ ਲੋਕ ਖੜ੍ਹੀ ਵਾਲੇ ਬਾਜ਼ੀਗਰਾਂ ਨਾਲ ਵਿਆਹ ਸਬੰਧ ਸਥਾਪਤ ਕਰਨ ਤੋਂ ਕਾਫ਼ੀ ਪਰਹੇਜ਼ ਕਰਦੇ ਹਨ। ਬਾਜ਼ੀਗਰ ਕਬੀਲੇ ਦੇ ਲੋਕ ਕਿਸੇ ਸੰਕਟ ਜਾਂ ਮਜ਼ਬੂਰੀ ਸਦਕਾ ਹੀ ਖੜ੍ਹੀ ਦੇ ਲੋਕਾਂ ਨਾਲ ਰਿਸ਼ਤਾ ਨਾਤਾ ਜੋੜਦੇ ਹਨ। ਇੱਕ ਮੌਖਿਕ ਕਥਾ ਅਨੁਸਾਰ ਇਸ ਪਾੜੇ ਦਾ ਕਾਰਨ ਇਸ ਤਰ੍ਹਾਂ ਹੈ:-

"ਇਸ ਸਬੰਧੀ ਕਬੀਲੇ ਵਿਚ ਇਹ ਦੰਤ ਕਥਾ ਪ੍ਰਚਲਿਤ ਹੈ ਕਿ ਪੰਜਾਬ ਅਤੇ ਖੜ੍ਹੀ ਕਬੀਲੇ ਦੀ ਪੈਂਚਾ ਵਿਚ 'ਸ਼ਾਲੋ' ਨਾਂ ਦੀ ਲੜਕੀ ਦੇ ਰਿਸ਼ਤੇ ਨੂੰ ਲੈ ਕੇ ਬਾਰ ਦੇ ਜੰਗਲਾਂ ਵਿਚ ਝਗੜਾ ਹੋ ਗਿਆ ਸੀ। 'ਸ਼ਾਲੋ' ਖੜੀ ਕਬੀਲੇ ਦੀ ਇਕ ਖ਼ੂਬਸੂਰਤ ਲੜਕੀ ਸੀ। ਇਹ ਲੜਕੀ ਪਾਕਿਸਤਾਨ ਦੇ ਪੰਜਾਬ ਵਿਚ ਵਸਦੇ ਬਾਜ਼ੀਗਰ ਕਬੀਲੇ

ਦੇ 'ਵਲਜੋਤ ਗੋਤਰ' ਵਿਚ ਮੰਗੀ ਹੋਈ ਸੀ। ਖੜੀ ਕਬੀਲੇ ਦੇ ਲੋਕਾਂ ਨੇ ਇਸ ਲੜਕੀ ਨੂੰ ਕਿਸੇ ਹੋਰ ਗੋਤਰ ਵਿਚ ਵਿਆਹ ਕੇ ਤੋਰ ਦਿੱਤਾ ਸੀ ਜਿਸ ਕਾਰਨ ਦੋਹਾਂ ਕਬੀਲਿਆਂ ਦੇ ਲੋਕਾਂ ਵਿਚ ਇਕ ਜ਼ਬਰਦਸਤ ਝਗੜਾ ਹੋਇਆ ਸੀ, ਜਿਸ ਉਪਰੰਤ ਪੰਜਾਬ ਦੇ ਬਾਜ਼ੀਗਰ ਕਬੀਲੇ ਨੇ ਇਨ੍ਹਾਂ ਲੋਕਾਂ ਨੂੰ ਕਬੀਲੇ ਵਿਚੋਂ ਛੇਕ ਦਿੱਤਾ। ਅੱਜ ਵੀ ਪੰਜਾਬ ਅਤੇ ਰਾਵੀ ਦਾ ਬਾਜ਼ੀਗਰ ਕਬੀਲਾ ਖੜ੍ਹੀ ਕਬੀਲੇ ਤੋਂ ਲੜਕੀ ਦਾ ਰਿਸ਼ਤਾ ਲੈ ਤਾਂ ਲੈਂਦਾ ਹੈ ਪਰ ਲੜਕੀ ਦਾ ਰਿਸ਼ਤਾ ਦੇਣ ਤੋਂ ਗੁਰੇਜ਼ ਕੀਤਾ ਜਾਂਦਾ ਹੈ।"[1] ਇਸ ਤਰ੍ਹਾਂ ਇਹ ਪ੍ਰਥਾ ਪੀੜ੍ਹੀ ਦਰ ਪੀੜ੍ਹੀ ਅੱਗੇ ਚਲਦੀ ਆਈ ਹੈ।

5. ਦੁਹਾਜੂ ਵਿਆਹ : ਬਾਜ਼ੀਗਰ ਕਬੀਲੇ ਵਿਚ 'ਦੁਹਾਜੂ' ਵਿਆਹ ਦੀ ਰਸਮ ਵੀ ਪ੍ਰਚਲਿਤ ਹੈ। ਇਹ ਰਸਮ ਵਿਆਹੇ ਹੋਏ ਆਦਮੀ ਜਾ ਔਰਤ ਦੋਹਾਂ ਵਿਚੋਂ ਕਿਸੇ ਇਕ ਦੀ ਮੌਤ ਹੋ ਜਾਣ ਤੇ ਸੰਪੰਨ ਕੀਤੀ ਜਾਂਦੀ ਹੈ ਤਾਂ ਕਿ ਉਨ੍ਹਾਂ ਦਾ ਜੀਵਨ ਨਿਰਬਾਹ ਠੀਕ ਢੰਗ ਨਾਲ ਹੋ ਸਕੇ। ਇਹ ਵਿਆਹ ਬਹੁਤ ਸਾਦਾ ਹੁੰਦਾ ਹੈ। ਇਸ ਵਿਆਹ ਵਿਚ ਕਬੀਲੇ ਦੀ ਰੋਟੀ ਅਤੇ ਜਸ਼ਨ ਆਦਿ ਨਹੀਂ ਮਨਾਏ ਜਾਂਦੇ। ਇਸ ਵਿਆਹ ਵਿਚ ਦੋਵੇਂ ਧਿਰਾਂ ਲਗਭੱਗ ਦੋਹਾਜੂ ਹੀ ਹੁੰਦੀਆਂ ਹਨ, ਪਰ ਇਹ ਸ਼ਰਤ ਜਰੂਰੀ ਨਹੀਂ। ਦੁਹਾਜੂ ਵਿਆਹ ਕਿਸੇ ਅਣਹੋਣੀ ਉਪਰੰਤ ਹੀ ਸਿਰੇ ਚੜਦਾ ਹੈ।

ਬਾਜ਼ੀਗਰ ਕਬੀਲੇ ਵਿੱਚ ਵਧੂ ਮੁੱਲ ਲੈਣ ਵਾਲਿਆਂ ਨੂੰ ਬਹੁਤ ਨੀਵੀਂ ਨਜ਼ਰ ਨਾਲ ਵੇਖਿਆ ਜਾਂਦਾ ਹੈ। ਬਾਜ਼ੀਗਰ ਕਬੀਲਾ ਅਜਿਹੇ ਵਿਅਕਤੀਆਂ ਨਾਲ ਵਿਆਹ ਸਬੰਧ ਜੋੜਨ ਅਤੇ ਹੋਰ ਸਮਾਜਿਕ ਸਬੰਧ ਜੋੜਨ ਤੋਂ ਕਤਰਾਉਂਦਾ ਹੈ। ਵਧੂ ਮੁੱਲ ਦਾ ਇਹ ਲੱਗਿਆ ਹੋਇਆ ਕਲੰਕ ਕਈ ਵਾਰ ਪੀੜ੍ਹੀ ਦਰ ਪੀੜ੍ਹੀ ਵੀ ਸਮਾਜਿਕ ਸਬੰਧਾਂ ਨੂੰ ਪ੍ਰਭਾਵਤ ਕਰਦਾ ਹੈ। ਬਾਜ਼ੀਗਰ ਕਬੀਲੇ ਵਿੱਚ ਲੜਕੇ ਲੜਕੀ ਦੀ ਮੰਗਣੀ ਅੱਲ੍ਹੜ ਉਮਰ ਵਿੱਚ ਹੀ ਤੈਅ ਕਰ ਦਿੱਤੀ ਜਾਂਦੀ ਹੈ। ਬਾਲ ਉਮਰੇ ਮੰਗਣੀ ਕਰ ਦੇਣ ਦੀ ਪ੍ਰਥਾ ਹੁਣ ਲਗਭਗ ਖਤਮ ਹੀ ਹੋ ਚੁੱਕੀ ਹੈ। ਬਾਜ਼ੀਗਰ ਕਬੀਲੇ ਵਿੱਚ ਵਿਆਹ ਜਾਂ ਮੰਗਣੀ ਤੋਂ ਮੁਕਰਨ ਵਾਲੇ ਵਿਅਕਤੀ ਲਈ ਉਚਿੱਤ ਦੰਡ ਵਿਧਾਨ ਪ੍ਰਚਲਿਤ ਹੈ। ਦੋਸ਼ ਦੀ ਤੀਬਰਤਾ ਅਨੁਸਾਰ ਕਈ ਵਾਰ ਅਜਿਹੇ ਵਿਅਕਤੀ ਨੂੰ ਕਬੀਲੇ ਵਿੱਚੋਂ ਛੇਕ ਦਿੱਤਾ ਜਾਂਦਾ ਹੈ। ਬਾਜ਼ੀਗਰ ਕਬੀਲਾ ਆਪਣੇ ਲੜਕੇ ਲੜਕੀ ਨੂੰ ਪ੍ਰੇਮ ਵਿਆਹ ਦੀ ਕਿਸੇ ਵੀ ਸੂਰਤ ਵਿਚ ਇਜਾਜ਼ਤ ਨਹੀਂ ਦਿੰਦਾ। ਬਾਜ਼ੀਗਰ ਕਬੀਲੇ ਵਿੱਚ ਅੰਤਰਜਾਤੀ ਵਿਆਹ ਸਖ਼ਤ ਵਰਜਿਤ ਹੈ। ਬਾਜ਼ੀਗਰ ਕਬੀਲੇ ਵਿੱਚ ਜੇਕਰ ਅਜਿਹਾ ਵਿਆਹ ਹੋ ਵੀ ਜਾਵੇ ਤਾਂ ਕਬੀਲਾ ਇਸ ਤਰ੍ਹਾਂ ਦੇ ਜੋੜੇ ਦੀ ਹੋਣ ਵਾਲੀ ਔਲਾਦ ਨਾਲ ਰਿਸ਼ਤਾ ਨਾਤਾ ਨਹੀਂ ਜੋੜਦਾ ਅਤੇ ਕਬੀਲੇ ਵਿੱਚ ਇਹ ਮਨਾਹੀ ਪੀੜ੍ਹੀ ਦਰ ਪੀੜ੍ਹੀ ਚਲਦੀ ਰਹਿੰਦੀ ਹੈ। ਬਾਜ਼ੀਗਰ ਕਬੀਲਾ ਅਜਿਹੀ ਕਿਸੇ ਵੀ ਘਟਨਾ ਨੂੰ ਆਪਣੀ ਮਰਿਆਦਾ ਨਾਲ ਜੋੜਕੇ ਵੇਖਦਾ ਹੈ। ਬਾਜ਼ੀਗਰ ਕਬੀਲਾ ਆਪਣੀ ਕਿਸੇ ਵੀ ਜਵਾਨ ਲੜਕੀ ਨੂੰ ਘਰ ਤੋਂ ਬਾਹਰ ਜਾਣ ਦੀ ਇਜ਼ਾਜਤ ਨਹੀਂ ਦਿੰਦਾ। ਨੂੰਹਾਂ ਲਈ ਇਹ ਮਨਾਹੀ ਪ੍ਰਚਲਿਤ ਨਹੀਂ ਹੈ। ਬਾਜ਼ੀਗਰ ਕਬੀਲਾ ਗੋਤਰ ਬਾਹਰੀ ਵਿਆਹ, ਅੰਤਰ ਵਿਆਹ ਅਤੇ ਪੁੰਨ ਵਿਆਹ ਵਿੱਚ ਵਿਸ਼ਵਾਸ ਰੱਖਦਾ ਹੈ। ਬਾਜ਼ੀਗਰ ਕਬੀਲੇ ਵਿੱਚ ਵਿਆਹ

ਤੋਂ ਪਹਿਲਾਂ ਵਿਆਹ ਵਾਲੇ ਲੜਕੇ ਲੜਕੀ ਦਾ ਇੱਕ ਦੂਜੇ ਨੂੰ ਮਿਲਣਾ ਵਰਜਿਤ ਹੈ। ਕਈ ਵਾਰ ਅਜਿਹਾ ਹੋਣ ਦੀ ਸੂਰਤ ਵਿੱਚ ਰਿਸ਼ਤਾ ਟੁੱਟ ਵੀ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਵਿਆਹ ਤੋਂ ਪਹਿਲਾਂ ਲੜਕੇ ਨੂੰ ਲੜਕੀ ਦਿਖਾਉਣ ਸਬੰਧੀ ਵੀ ਸਖ਼ਤ ਮਨਾਹੀ ਦਾ ਪਾਲਣ ਕੀਤਾ ਜਾਂਦਾ ਹੈ। ਕਿਸੇ ਖ਼ਾਸ ਸਥਿਤੀ ਵਿੱਚ ਇਹ ਕੰਮ ਚੋਰੀ ਛੁੱਪੇ ਕੀਤਾ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਅੱਜ ਵੀ ਵਿਆਹ ਦੀ ਆਦਰਸ਼ ਉਮਰ ਸੋਲਾਂ ਸਤਾਰਾਂ ਸਾਲ ਹੀ ਮੰਨੀ ਜਾਂਦੀ ਹੈ। ਕਬੀਲੇ ਦੇ ਜਾਗਰੂਕ ਪਰਿਵਾਰਾਂ ਵਿੱਚ ਇਹ ਸਥਿਤੀ ਕਾਫ਼ੀ ਬਦਲ ਚੁੱਕੀ ਹੈ। ਬਾਜ਼ੀਗਰ ਕਬੀਲੇ ਵਿੱਚ ਰਿਸ਼ਤਾ ਨਾਤਾ ਤੈਅ ਕਰਨ ਲੱਗਿਆਂ ਲੜਕੇ ਲੜਕੀ ਦਾ ਖ਼ਾਨਦਾਨ, ਘਰ ਬਾਰ ਅਤੇ ਆਮਦਨ ਦੇ ਵਸੀਲਿਆਂ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਪਰਿਵਾਰ ਦਾ ਮੁਖੀ ਪੁਰਸ਼ ਹੁੰਦਾ ਹੈ। ਬਾਜ਼ੀਗਰ ਕਬੀਲੇ ਵਿੱਚ ਔਰਤ ਦੀ ਸਥਿਤੀ ਦੂਜੇ ਪੱਧਰ ਦੀ ਹੈ। ਪਰਿਵਾਰ ਦੇ ਹਰ ਮਸਲੇ ਵਿੱਚ ਔਰਤ ਦੀ ਸਲਾਹ ਜ਼ਰੂਰ ਲਈ ਜਾਂਦੀ ਹੈ। ਬਾਜ਼ੀਗਰ ਕਬੀਲੇ ਵਿੱਚ ਘਰ ਗ੍ਰਹਿਸਥੀ ਚਲਾਉਣ ਦੀ ਜ਼ਿੰਮੇਵਾਰੀ ਔਰਤ ਦੀ ਹੁੰਦੀ ਹੈ। ਬਾਜ਼ੀਗਰ ਕਬੀਲੇ ਵਿੱਚ ਔਰਤ ਅਤੇ ਮਰਦ ਘਰ ਗ੍ਰਹਿਸਥੀ ਨੂੰ ਚਲਾਉਣ ਲਈ ਆਪਣੀ ਆਪਣੀ ਜ਼ਿੰਮੇਵਾਰ ਭੂਮਿਕਾ ਨਿਭਾਉਂਦੇ ਹਨ। ਬਾਜ਼ੀਗਰ ਕਬੀਲੇ ਦੀ ਹਰ ਔਰਤ ਘਰ ਦੀ ਆਰਥਿਕਤਾ ਵਿੱਚ ਨਿਰੰਤਰ ਕਾਰਜਸ਼ੀਲ ਰਹਿੰਦੀ ਹੈ। ਬਾਜ਼ੀਗਰ ਕਬੀਲੇ ਦੀ ਕੋਈ ਵੀ ਔਰਤ ਪਰਿਵਾਰ ਵਿੱਚ ਕੋਈ ਸੰਕਟ ਆ ਜਾਣ ਤੇ ਜਲਦੀ ਜਲਦੀ ਆਪਣੇ ਪਰਿਵਾਰ ਨੂੰ ਬਿਖ਼ਰਨ ਨਹੀਂ ਦਿੰਦੀ ਸਗੋਂ ਆਪਣੇ ਘਰ ਪਰਿਵਾਰ ਨੂੰ ਚਲਾਉਣ ਲਈ ਹਰ ਚਾਰਾਜ਼ੋਈ ਕਰਦੀ ਹੈ। ਬਾਜ਼ੀਗਰ ਕਬੀਲੇ ਵਿੱਚ ਰਿਸ਼ਤਾ ਨਾਤਾ ਪ੍ਰਬੰਧ ਵਿੱਚ ਕੋਈ ਸਮੱਸਿਆ ਆ ਜਾਣ ਤੇ ਇਸ ਦਾ ਫੈਸਲਾ ਪਰਿਵਾਰ, ਪੈਂਚ ਅਤੇ ਕਬੀਲੇ ਦੀ ਮਹਾਂਸਭਾ ਢੋਅ ਵਿੱਚ ਨਜਿੱਠਿਆ ਜਾਂਦਾ ਹੈ।

ਹਵਾਲੇ

1. ਪਿੰਡ ਕਾਠਗੜ, ਜ਼ਿਲ੍ਹਾ ਪਟਿਆਲਾ ਦੇ ਬਾਜ਼ੀਗਰ ਡੇਰੇ ਦੇ ਵਿਦਵਾਨ ਸ੍ਰੀ ਚੂੰਨੀ ਰਾਮ ਪੁੱਤਰ ਸ੍ਰੀ ਦਿੱਤੂ ਰਾਮ ਵੱਲੋਂ ਸੁਣਾਈ ਕਥਾ ਦੇ ਅਧਾਰ ਤੇ

ਬਾਜ਼ੀਗਰ ਕਬੀਲੇ ਦਾ ਨਿਆਂ ਪ੍ਰਬੰਧ

ਬਾਜ਼ੀਗਰ ਕਬੀਲੇ ਦੀ ਮਹਾਂ ਪੰਚਾਇਤ ਨੂੰ 'ਢੋਅ' ਆਖਦੇ ਹਨ। ਕਬੀਲੇ ਵਿੱਚ ਢੋਅ ਕਿਸੇ ਖਾਸ ਮਾਮਲੇ ਦੇ ਸਬੰਧ ਵਿਚ ਹੀ ਜੁੜਦੀ ਹੈ। ਇਸ ਮਹਾਂ ਪੰਚਾਇਤ ਵਿੱਚ ਪੰਚਾਂ ਦੀ ਗਿਣਤੀ ਝਗੜੇ ਦੀ ਗੰਭੀਰਤਾ ਨਾਲ ਸਿੱਧਾ ਸਬੰਧ ਰੱਖਦੀ ਹੈ। ਸਧਾਰਨ ਪੰਚਾਇਤ ਵਿੱਚ ਪੰਚਾਂ ਦੀ ਗਿਣਤੀ ਪੰਜ ਤੋਂ ਗਿਆਰਾਂ ਤੱਕ ਹੋ ਸਕਦੀ ਹੈ ਅਤੇ ਮਹਾਂ ਪੰਚਾਇਤ ਜਿਸਨੂੰ ਕਿ 'ਢੋਅ' ਆਖਿਆ ਜਾਂਦਾ ਹੈ ਪੰਚਾਂ ਦੀ ਗਿਣਤੀ ਗਿਆਰਾਂ ਤੋਂ ਇੱਕੀ ਤੱਕ ਵੀ ਹੋ ਸਕਦੀ ਹੈ ਅਤੇ ਇਹ ਪੰਚ ਜਿਨ੍ਹਾਂ ਨੂੰ ਬਰਾਦਰੀ ਵਿਚ 'ਪੈਂਚ' ਆਖਿਆ ਜਾਂਦਾ ਹੈ ਬਾਜ਼ੀਗਰ ਕਬੀਲੇ ਦੇ ਵੱਖ ਵੱਖ ਗੋਤਰਾਂ ਵਿੱਚੋਂ ਲਏ ਜਾਂਦੇ ਹਨ ਜਿਹੜੇ ਕਿ ਕ੍ਰਮਵਾਰ ਆਪਣੀ ਗੋਤ੍ਰਰ ਅਤੇ ਧਿਰ ਦੀ ਪ੍ਰਤੀਨਿਧਤਾ ਕਰਦੇ ਹਨ। ਕਬੀਲੇ ਦੀ ਪੰਚਾਇਤ ਦੇ ਸਾਰੇ ਲੋਕ ਉੱਚੇ ਕਿਰਦਾਰ ਵਾਲੇ ਅਤੇ ਬਰਾਦਰੀ ਵੱਲੋਂ ਪਰਖ਼ੇ ਹੋਏ ਪੁਰਸ਼ ਹੁੰਦੇ ਹਨ। 'ਪੰਚਾਇਤ' ਜਾਂ 'ਢੋਅ' ਝਗੜੇ ਵਾਲੀਆਂ ਦੋਵਾਂ ਧਿਰਾਂ ਲਈ ਨੇੜੇ ਅਤੇ ਢੁਕਵੀਂ ਥਾਂ ਤੇ ਇਕੱਤਰ ਹੁੰਦੀ ਹੈ। ਢੋਅ ਦੇ ਸਾਰੇ ਵਿਅਕਤੀ ਇੱਕ ਗੋਲਾਕਾਰ ਵਿੱਚ ਬਹੁਤ ਹੀ ਸਲੀਕੇ ਨਾਲ ਬੈਠਦੇ ਹਨ। ਮੁਦਈ ਆਪੋ ਆਪਣੇ ਪੈਂਚਾਂ ਦੇ ਨੇੜੇ ਬੈਠ ਜਾਂਦੇ ਹਨ। ਪੰਚਾਇਤ ਅਕਸਰ ਕਿਸੇ ਉਜਾੜ ਜਾਂ ਇਕਾਂਤ ਜਗ੍ਹਾ ਤੇ ਜੁੜਦੀ ਹੈ ਤਾਂ ਕਿ ਇਸਦੀ ਕਾਰਵਾਈ ਵਿੱਚ ਕੋਈ ਵਿਘਨ ਆਦਿ ਨਾ ਪਵੇ। ਪੰਚਾਇਤ ਦਾ ਸਾਰਾ ਹੀ ਮਾਹੌਲ ਬੜੀ ਗੰਭੀਰਤਾ ਵਾਲਾ ਹੁੰਦਾ ਹੈ। ਢੋਅ ਦੇ ਪੈਂਚ ਚਿੱਟਾ ਲਿਬਾਸ ਅਤੇ ਰਾਜਸਥਾਨੀ ਕਿਸਮ ਦੀਆਂ ਪੱਗਾਂ ਬੰਨ੍ਹਦੇ ਹਨ ਅਤੇ ਢੋਅ ਵਿੱਚ ਬਹੁਤੇ ਵਿਅਕਤੀਆਂ ਦੇ ਹੱਥਾਂ ਵਿੱਚ ਖੂੰਢੇ ਅਤੇ ਮੋਢਿਆਂ ਤੇ ਸਾਫ਼ੇ ਹੁੰਦੇ ਹਨ। ਖੂੰਢੇ ਖੂੰਢੀਆਂ ਦਾ ਪ੍ਰਯੋਗ ਝਗੜੇ ਦੀ ਤੀਬਰਤਾ ਜਾਂ ਝਗੜੇ ਨਾਲ ਸਬੰਧਤ ਕਿਸੇ ਖ਼ਾਸ ਨੁਕਤੇ ਨੂੰ ਸਮਝਾਉਣ ਲਈ ਵਿਸ਼ੇਸ਼ ਤੌਰ ਤੇ ਕੀਤਾ ਜਾਂਦਾ ਹੈ। ਆਪਣੀ ਗੱਲ ਤੇ ਜ਼ੋਰ ਦੇਣ ਲਈ ਕਈ ਵਾਰ ਖੂੰਢੇ ਧਰਤੀ ਤੇ ਗੱਡ ਦਿੱਤਾ ਜਾਂਦਾ ਹੈ ਅਤੇ ਕਈ ਵਾਰ ਇਸ ਨੂੰ ਹਵਾ ਵਿੱਚ ਵੀ ਉਛਾਲਿਆ ਜਾਂਦਾ ਹੈ। ਇਸ ਨਾਲ ਪੰਚਾਂ ਦੀ ਖਾਮੋਸ਼ ਭਾਸ਼ਾ ਅਤੇ ਇਰਾਦੇ ਨੂੰ ਬਿਆਨ ਕੀਤਾ ਜਾਂਦਾ ਹੈ। ਬਾਜ਼ੀਗਰ ਕਬੀਲੇ ਦੀ ਢੋਅ ਵਿੱਚ ਹੋਛੇ ਅਤੇ ਦੰਡਿਤ ਵਿਅਕਤੀ ਲਈ ਕੋਈ ਥਾਂ ਨਹੀਂ ਹੁੰਦੀ। ਦੰਡਿਤ ਵਿਅਕਤੀ ਢੋਅ ਵਿੱਚ ਬੈਠ ਤਾਂ ਸਕਦਾ ਹੈ ਪਰ ਉਸਨੂੰ ਗੱਲ ਕਰਨ ਦਾ ਅਧਿਕਾਰ ਨਹੀਂ ਹੈ। ਜੇਕਰ ਅਜਿਹਾ ਵਿਅਕਤੀ ਢੋਅ ਵਿੱਚ ਖੜਾ ਹੋ ਕੇ ਕੋਈ ਗੱਲ ਕਰਨ ਲੱਗਦਾ ਹੈ ਤਾਂ ਅਜਿਹੇ ਵਿਅਕਤੀ ਨੂੰ ਪੈਂਚਾ ਦੁਆਰਾ ਦੁਰਕਾਰ ਕੇ ਬਿਠਾ ਦਿੱਤਾ ਜਾਂਦਾ ਹੈ। ਉਹ ਦੁਬਾਰਾ ਆਪਣੀ ਗੱਲ ਕਹਿਣ ਦਾ ਹੀਆ ਹੀ ਨਹੀਂ ਕਰਦਾ। ਉਂਝ ਪੰਚਾਇਤ ਪੂਰਨ ਰੂਪ ਵਿੱਚ ਲੋਕਤੰਤਰਿਕ ਢੰਗ ਨਾਲ ਕੰਮ ਕਰਦੀ

ਹੈ। ਇਸਦੇ ਸਾਰੇ ਹੀ ਮੈਂਬਰ ਸਿਆਣੇ ਅਤੇ ਨਿਰਪੱਖ ਹੁੰਦੇ ਹਨ। ਬਾਜ਼ੀਗਰ ਕਬੀਲੇ ਦੀ ਪੰਚਾਇਤ ਵਿੱਚ ਹੁੱਕੇ ਅਤੇ ਬੀੜੀ ਦਾ ਵਿਸ਼ੇਸ਼ ਪ੍ਰਬੰਧ ਹੁੰਦਾ ਹੈ। ਝਗੜੇ ਦੀ ਕਾਰਵਾਈ ਦੌਰਾਨ ਹੁੱਕੇ ਦੀ ਵਾਰੀ ਗੋਲਾਕਾਰ ਵਿੱਚ ਅੱਗੇ ਤੋਂ ਅੱਗੇ ਚੱਲਦੀ ਰਹਿੰਦੀ ਹੈ। ਪੰਚਾਇਤ ਵਿੱਚ ਬੀੜੀਆਂ ਦੀ ਵੀ ਭਰਭੂਰ ਵਰਤੋਂ ਕੀਤੀ ਜਾਂਦੀ ਹੈ। ਕਬੀਲੇ ਦੀ ਢੋਅ ਦੇ ਹੁੱਕਾ ਪਾਣੀ ਅਤੇ ਖਾਣੇ ਦਾ ਪ੍ਰਬੰਧ ਢੋਅ ਨੇੜਲੇ ਬਾਜ਼ੀਗਰ ਡੇਰੇ ਵਿੱਚ ਕਿਸੇ ਖ਼ਾਸ ਘਰ ਕੀਤਾ ਜਾਂਦਾ ਹੈ ਜਿਹੜਾ ਕਿ ਇਹ ਭਾਰ ਚੁੱਕਣ ਦੇ ਸਮਰੱਥ ਹੋਵੇ। ਬਾਜ਼ੀਗਰ ਪੰਚਾਇਤ ਜ਼ਿਆਦਾਤਰ ਕਿਸੇ ਖ਼ਾਸ ਘਟਨਾ ਜਾਂ ਸਮੱਸਿਆ ਦੇ ਗੁੰਝਲਦਾਰ ਹੋ ਜਾਣ ਤੇ ਹੀ ਜੁੜਦੀ ਹੈ। ਬਾਜ਼ੀਗਰ ਕਬੀਲੇ ਵਿੱਚ ਮੁਕੱਦਮੇ ਦੀ ਸੁਣਵਾਈ ਲਈ ਝਗੜੇ ਵਾਲੀਆਂ ਦੋਹਾਂ ਧਿਰਾਂ ਤੋਂ ਸਵਾ ਸਵਾ ਸੌ ਰੁਪਇਆ ਝਗੜੇ ਦੀ ਸੁਣਵਾਈ ਦੇ ਤੌਰ ਤੇ ਬੰਨ੍ਹਿਆਂ ਜਾਂਦਾ ਹੈ। ਇਹ ਰਕਮ ਸਿਰਫ਼ ਸਵਾ ਰੁਪੱਇਆ ਵੀ ਹੋ ਸਕਦੀ ਹੈ। ਢੋਅ ਦੀ ਕਾਰਵਾਈ ਇੱਕ ਦਿਨ ਤੋਂ ਲੈ ਕੇ ਇੱਕ ਮਹੀਨੇ ਤੱਕ ਵੀ ਚੱਲ ਸਕਦੀ ਹੈ। ਇਹ ਸਾਰਾ ਕੁਝ ਝਗੜੇ ਜਾਂ ਜੁਰਮ ਦੀ ਤੀਬਰਤਾ ਤੇ ਨਿਰਭਰ ਕਰਦਾ ਹੈ। ਢੋਅ ਵਿੱਚ ਹਰ ਗੋਤਰ ਦੇ ਮੈਂਬਰਾਂ ਦੀ ਜ਼ਿੰਮੇਵਾਰੀ ਅਤੇ ਭੂਮਿਕਾ ਮੁੱਢ ਕਦੀਮ ਤੋਂ ਉਸੇ ਤਰ੍ਹਾਂ ਨਿਸ਼ਚਤ ਰੂਪ ਚਲੀ ਆਉਂਦੀ ਹੈ। ਬਾਜ਼ੀਗਰ ਮਹਾਂਪੰਚਾਇਤ ਢੋਅ ਤੇ ਬਦਲਦੀਆਂ ਸਮਾਜਿਕ ਪ੍ਰਸਥਿਤੀਆਂ ਦਾ ਅਸਰ ਬਹੁਤ ਘੱਟ ਵੇਖਣ ਨੂੰ ਮਿਲਦਾ ਹੈ। ਬਾਜ਼ੀਗਰ ਕਬੀਲੇ ਦੇ ਸਾਰੇ ਅੰਦਰੂਨੀ ਝਗੜੇ ਢੋਅ ਦੁਆਰਾ ਹੀ ਨਿਪਟਾਏ ਜਾਂਦੇ ਹਨ। ਕਬੀਲੇ ਦੇ ਕੁਝ ਕੁ ਝਗੜੇ ਜਿਹੜੇ ਪੈਂਚਾਂ ਦੀ ਪਹੁੰਚ ਤੋਂ ਬਾਹਰ ਹੁੰਦੇ ਹਨ, ਜਿਨ੍ਹਾਂ ਦਾ ਕਬੀਲੇ ਦੇ ਅੰਦਰੂਨੀ ਮਾਮਲਿਆਂ ਨਾਲ ਕੋਈ ਸਬੰਧ ਨਹੀਂ ਹੁੰਦਾ ਅਜਿਹੇ ਝਗੜੇ ਪੁਲਿਸ ਜਾਂ ਕਚਹਿਰੀ ਤੱਕ ਵੀ ਪਹੁੰਚ ਜਾਂਦੇ ਹਨ। ਬਾਜ਼ੀਗਰ ਕਬੀਲੇ ਦੀ ਢੋਅ ਦੀ ਸਰੰਚਨਾ ਇਸ ਪ੍ਰਕਾਰ ਹੈ:

1. ਧਰਮਸੋਤ : (ਇਸ ਗੋਤਰ ਵਿੱਚ ਨੌਂ ਉੱਪ ਗੋਤਰ ਸ਼ਾਮਲ ਹਨ)

ਧਰਮਸੋਤਾਂ ਨੂੰ ਬਾਜ਼ੀਗਰ ਕਬੀਲੇ ਦੀ ਪੰਚਾਇਤ ਵਿੱਚ ਸਭ ਤੋਂ ਉੱਚਾ ਦਰਜਾ ਪ੍ਰਾਪਤ ਹੈ। ਇਨ੍ਹਾਂ ਨੂੰ ਢੋਅ ਨੂੰ ਚਲਾਉਣ ਵਾਲੇ ਅਤੇ ਫ਼ੈਸਲਾ ਕਰਨ ਵਾਲੇ ਨਿਰਪੱਖ ਮੁੱਖੀ ਦੇ ਤੌਰ ਤੇ ਵੇਖਿਆ ਅਤੇ ਸਤਿਕਾਰਿਆ ਜਾਂਦਾ ਹੈ। ਧਰਮਸੋਤ ਗੋਤਰ ਨੂੰ ਸਾਰੀਆਂ ਗੋਤਾਂ ਵਿੱਚੋਂ ਉੱਚਾ ਰੁਤਬਾ ਪ੍ਰਾਪਤ ਹੈ। ਇਨ੍ਹਾਂ ਨੂੰ ਸਾਰੀਆਂ ਗੋਤਾਂ ਦੇ ਪੈਂਚ ਅਤੇ ਨਿਆਂਕਾਰੀ ਆਖਕੇ ਵੀ ਸੱਦਿਆ ਜਾਂਦਾ ਹੈ। ਇਸ ਗੋਤਰ ਦੇ ਸਰਦਾਰ ਅਤੇ ਪੈਂਚ ਆਦਿ ਕਾਲ ਤੋਂ ਹੀ ਕਬੀਲੇ ਦੇ ਫ਼ੈਸਲੇ ਸੁਣਾਉਣ ਵਜੋਂ ਜਾਣੇ ਜਾਂਦੇ ਹਨ। ਇਸ ਗੋਤਰ ਦੇ ਸਰਦਾਰ ਅਤੇ ਪੈਂਚ ਆਪਣੀ ਇਮਾਨਦਾਰੀ ਅਤੇ ਨੇਕ ਚਲਣੀ ਲਈ ਵੀ ਪੂਰੇ ਕਬੀਲੇ ਵਿੱਚ ਪ੍ਰਸਿੱਧ ਹਨ। ਇਨ੍ਹਾਂ ਦੀ ਪੰਚਾਇਤ ਅਤੇ ਮਹਾਂ ਪੰਚਾਇਤ ਵਿੱਚ ਵੱਢੀ ਲਈ ਕੋਈ ਥਾਂ ਨਹੀਂ ਹੈ। ਪੰਚਾਇਤ ਅਤੇ ਮਹਾਂ ਪੰਚਾਇਤ ਵਿੱਚ ਨੁਕਤਿਆਂ ਅਤੇ ਵਿਚਾਰ ਅਧੀਨ ਝਗੜੇ ਤੇ ਨਿਗਰਾਨੀ ਰੱਖਣ ਲਈ ਅਤੇ ਨਿਰਪੱਖ ਫ਼ੈਸਲਾ ਸੁਨਾਉਣ ਲਈ ਕਬੀਲੇ ਦੀਆਂ ਹੋਰ ਗੋਤਰਾਂ ਦੇ ਇੱਕ ਜਾਂ ਇੱਕ ਤੋਂ ਵੱਧ ਮੋਅਤਬਰ ਵਿਅਕਤੀ ਜਿਨ੍ਹਾਂ ਦਾ ਮੁਦੱਈਆਂ ਨਾਲ ਕੋਈ ਰਿਸ਼ਤਾ ਨਾਤਾ ਨਹੀਂ ਹੁੰਦਾ ਵੀ ਲਏ

ਜਾਂਦੇ ਹਨ। ਅਜਿਹਾ ਫ਼ੈਸਲੇ ਨੂੰ ਪੱਖਪਾਤ ਤੋਂ ਬਚਾਉਣ ਲਈ ਕੀਤਾ ਜਾਂਦਾ ਹੈ। ਗੋਤਰ ਤੋਂ ਬਾਹਰਲੇ ਵਿਅਕਤੀਆਂ ਨੂੰ 'ਔਰ ਸੱਖ਼ੀਆ' ਕਿਹਾ ਜਾਂਦਾ ਹੈ।

2. ਮਸ਼ਾਲ : (ਇਸ ਗੋਤਰ ਵਿੱਚ ਸੱਤ ਉੱਪ ਗੋਤਰ ਸ਼ਾਮਲ ਹਨ)

ਮਸ਼ਾਲਾਂ ਨੂੰ ਬਾਜ਼ੀਗਰ ਕਬੀਲੇ ਵਿੱਚ ਬਹੁਤ ਮਾਣ ਸਤਿਕਾਰ ਵਾਲਾ ਰੁਤਬਾ ਪ੍ਰਾਪਤ ਹੈ। ਇਸ ਗੋਤਰ ਦੇ ਲੋਕ ਫ਼ੈਸਲਿਆਂ ਨੂੰ ਵਿਚਾਰਨ ਅਤੇ ਸੁਣਵਾਈ ਕਰਾਉਣ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ। ਕਬੀਲੇ ਦੀ ਨਿਆਂ ਪ੍ਰਣਾਲੀ ਵਿੱਚ ਇਨ੍ਹਾਂ ਨੂੰ ਖ਼ਾਸ ਰੁਤਬਾ ਪ੍ਰਾਪਤ ਹੈ। ਇਨ੍ਹਾਂ ਨੂੰ ਨਿਆਂਕਾਰ ਦਾ ਸੱਜਾ ਹੱਥ ਹੋਣ ਦਾ ਮਾਣ ਪ੍ਰਾਪਤ ਹੈ। ਇਹ ਕਿਸੇ ਵੀ ਝਗੜੇ ਜਾਂ ਜੁਰਮ ਦੇ ਹਨੇਰੇ ਪੱਖਾਂ ਤੇ ਬਹੁਤ ਹੀ ਬਾਰੀਕਬੀਨੀ ਨਾਲ ਵਿਚਾਰ ਵਟਾਂਦਰਾ ਕਰਕੇ ਪੰਚਾਇਤ ਦੀ ਕਾਰਵਾਈ ਨੂੰ ਅੱਗੇ ਤੋਰਨ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ। ਇਨ੍ਹਾਂ ਦੀ ਮੌਜੂਦਗੀ ਤੋਂ ਬਿਨਾਂ ਪੰਚਾਇਤ ਅਤੇ ਢੋਅ ਦੀ ਕਾਰਵਾਈ ਅਧੂਰੀ ਰਹਿੰਦੀ ਹੈ। ਇਸ ਤੋਂ ਇਲਾਵਾ ਕਿਸੇ ਵੀ ਮੁਕੱਦਮੇ ਦੀ ਕਾਰਵਾਈ ਨੂੰ ਘੋਖਣਾ ਅਤੇ ਸੱਚ ਨੂੰ ਉਜਾਗਰ ਕਰਨ ਵਿੱਚ ਇਸ ਗੋਤਰ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਕਬੀਲਾ ਪੰਚਾਇਤ ਦੀ ਸਾਰੀ ਕਾਰਵਾਈ ਨੂੰ ਅੱਗੇ ਤੋਰਨ ਵਿੱਚ ਮਸ਼ਾਲ ਲੋਕਾਂ ਦੀ ਖ਼ਾਸ ਭੂਮਿਕਾ ਹੁੰਦੀ ਹੈ।

3. ਲਾਲਕਾ : (ਇਸ ਵਿਚ ਪੰਜ ਉਪ ਗੋਤਰ ਸ਼ਾਮਲ ਹਨ)

ਲਾਲਕਾ ਗੋਤਰ ਨੂੰ ਬਾਜ਼ੀਗਰ ਕਬੀਲੇ ਦੀ ਪੰਚਾਇਤ ਵਿੱਚ ਕੋਤਵਾਲ ਦਾ ਦਰਜ਼ਾ ਪ੍ਰਾਪਤ ਹੈ। ਕਬੀਲੇ ਦੀ ਪੰਚਾਇਤ ਜਾਂ ਢੋਅ ਵਿੱਚ ਇਨ੍ਹਾਂ ਦਾ ਮੁੱਖ ਕੰਮ ਦੋਸ਼ੀ ਮੁਜਰਮਾਂ ਨੂੰ ਕਬੀਲੇ ਦੀ ਪੰਚਾਇਤ ਜਾਂ ਮਹਾਂ ਪੰਚਾਇਤ ਵਿੱਚ ਹਾਜ਼ਰ ਕਰਨਾ ਹੁੰਦਾ ਹੈ। ਪੰਚਾਇਤ ਜਾਂ ਢੋਅ ਵੱਲੋਂ ਦੋਸ਼ੀ ਗਰਦਾਨੇ ਗਏ ਵਿਅਕਤੀ ਨੂੰ ਨਾ-ਫ਼ਰਮਾਨੀ ਦੀ ਬਿਲਕੁਲ ਇਜਾਜ਼ਤ ਨਹੀਂ ਹੁੰਦੀ। ਲਾਲਕਿਆਂ ਦੇ ਸੱਦੇ ਤੇ ਦੋਸ਼ੀ ਧਿਰ ਨੂੰ ਕਬੀਲੇ ਦੀ ਪੰਚਾਇਤ ਅੱਗੇ ਹਰ ਹਾਲਤ ਵਿੱਚ ਪੇਸ਼ ਹੋਣਾ ਪੈਂਦਾ ਹੈ। ਇਸ ਸਥਿਤੀ ਵਿੱਚ ਲਾਲਕਾ ਗੋਤਰ ਦੇ ਲੋਕਾਂ ਵੱਲੋਂ ਮੁਦੱਈ ਅਤੇ ਦੋਸ਼ੀ ਧਿਰ ਦੇ ਲੋਕਾਂ ਨੂੰ ਢੋਅ ਲਈ ਮੁਕੱਰਰ ਥਾਂ ਬਾਰੇ ਪਹਿਲਾਂ ਹੀ ਸੂਚਿਤ ਕਰ ਦਿੱਤਾ ਜਾਂਦਾ ਹੈ। ਕਬੀਲੇ ਦੇ ਪਤਵੰਤਿਆਂ ਰਾਹੀਂ ਝਗੜੇ ਦੇ ਸਾਰੇ ਪਹਿਲੂ ਬਹੁਤ ਜਲਦ ਇੱਕ ਗੋਤਰ ਤੋਂ ਦੂਜੀ ਗੋਤਰ ਤੱਕ ਪਹੁੰਚ ਜਾਂਦੇ ਹਨ। ਇਸ ਪ੍ਰਕਾਰ ਅਸੀਂ ਆਖ ਸਕਦੇ ਹਾਂ ਕਿ ਲਾਲਕਾ ਗੋਤਰ ਦੇ ਲੋਕਾਂ ਦਾ ਮੁੱਖ ਕੰਮ ਢੋਅ ਵਿੱਚ ਦੋਸ਼ੀ ਧਿਰ ਨੂੰ ਹਾਜ਼ਰ ਕਰਨਾ ਹੁੰਦਾ ਹੈ। ਅਜਿਹਾ ਕਰਨ ਲਈ ਲਾਲਕਾ ਗੋਤਰ ਤੇ ਕੋਈ ਦਬਾਅ ਨਹੀਂ ਪਾਇਆ ਜਾਂਦਾ ਸਗੋਂ ਇਹ ਵਰਤਾਰਾ ਪੁਸ਼ਤ ਦਰ ਪੁਸ਼ਤ ਉਸੇ ਤਰ੍ਹਾਂ ਚਲਦਾ ਆ ਰਿਹਾ ਹੈ।

4. ਵਰਤੀਆ : (ਇਸ ਗੋਤਰ ਵਿੱਚ ਪੰਜ ਉੱਪ ਗੋਤਰ ਸ਼ਾਮਲ ਹਨ)

ਬਾਜ਼ੀਗਰ ਕਬੀਲੇ ਦੀ ਪੰਚਾਇਤ ਵਿੱਚ ਵਰਤੀਆ ਗੋਤਰ ਨੂੰ ਲੰਗਰ ਦੀ ਜ਼ਿੰਮੇਵਾਰੀ ਦਿੱਤੀ ਹੋਈ ਹੈ। ਕਿਸੇ ਵੀ ਪਚੰਾਇਤ ਜਾਂ ਢੋਅ ਦੌਰਾਨ ਸਰਦਾਰਾਂ, ਪੈਂਚਾਂ ਅਤੇ ਹੋਰ ਪਤਵੰਤਿਆਂ ਦੇ ਖਾਣੇ ਅਤੇ ਰਹਿਣ ਸਹਿਣ ਦਾ ਪ੍ਰਬੰਧ 'ਵਰਤੀਆ ਗੋਤਰ' ਵੱਲੋਂ ਕੀਤਾ ਜਾਂਦਾ ਹੈ। ਲੰਗਰ ਵਿੱਚ ਜ਼ਿਆਦਾਤਰ ਦਾਲ ਰੋਟੀ ਅਤੇ ਸਾਦਾ ਭੋਜਨ

ਹੀ ਪਰੋਸਿਆ ਜਾਂਦਾ ਹੈ। ਇਹ ਪ੍ਰਬੰਧ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਨਾਲ ਕੀਤਾ ਜਾਂਦਾ ਹੈ। ਪੰਚਾਇਤ ਵਿਚ ਆਏ ਸੱਜਣਾ ਮਿੱਤਰਾਂ ਨੂੰ ਰੱਬ ਦਾ ਦਰਜਾ ਦਿੱਤਾ ਜਾਂਦਾ ਹੈ। ਢੋਅ ਦੇ ਪਤਵੰਤਿਆਂ ਲਈ ਮੰਜਿਆਂ, ਸ਼ਾਨਦਾਰ ਵਿਛਾਉਣੇ ਅਤੇ ਨਹਾਉਣ ਧੋਣ ਲਈ ਤੇਲ ਸਾਬਣ ਅਤੇ ਪਰਨੇ ਦਾ ਪ੍ਰਬੰਧ ਵੀ ਖਾਸ ਤੌਰ ਤੇ ਕੀਤਾ ਜਾਂਦਾ ਹੈ। ਇਹ ਗੋਤਰ ਆਪਣੇ ਸੇਵਾ ਭਾਵ ਅਤੇ ਨਿਮਰਤਾ ਕਰਕੇ ਸਾਰੀ ਬਰਾਦਰੀ ਵਿਚ ਜਾਣੀ ਜਾਂਦੀ ਹੈ।

5. ਵਲਜੋਤ : (ਇਸ ਗ਼ੋਤਰ ਵਿੱਚ ਚਾਰ ਉੱਪ ਗੋਤਰ ਸ਼ਾਮਲ ਹਨ)

ਵਲਜੋਤ ਗੋਤਰ ਨੂੰ ਬਾਜ਼ੀਗਰ ਕਬੀਲੇ ਦੀ ਪੰਚਾਇਤ ਵਿੱਚ ਧੰਨੇ ਭਗਤ ਦਾ ਖ਼ਿਤਾਬ ਪ੍ਰਾਪਤ ਹੈ। ਭਾਵ ਇਸ ਗੋਤਰ ਦੇ ਪੈਂਚ ਨੂੰ ਸਾਂਝੇ ਪੈਂਚ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ। ਮਾਮਲੇ ਦੀ ਗੰਭੀਰਤਾ ਨੂੰ ਵੇਖਦਿਆਂ ਸਭ ਤੋਂ ਪਹਿਲਾਂ ਗੱਲ ਵਲਜੋਤ ਗੋਤਰ ਦੇ ਪੈਂਚ ਰਾਹੀਂ ਸ਼ੁਰੂ ਕੀਤੀ ਜਾਂਦੀ ਹੈ। ਵਲਜੋਤ ਦੋਹਾਂ ਧਿਰਾਂ ਨੂੰ ਭਾਵ ਦੋਸ਼ੀ ਅਤੇ ਮੁਦੱਈ ਧਿਰ ਨੂੰ ਨਿਆਂ ਲਈ ਪ੍ਰੇਰਦਾ ਹੈ ਅਤੇ ਅੱਗੇ ਤੋਂ ਝਗੜਾ ਜਾਂ ਜੁਰਮ ਨਾ ਕਰਨ ਲਈ ਰੱਬ ਦਾ ਵਾਸਤਾ ਦੇ ਕੇ ਤਾੜਨਾ ਵੀ ਕਰਦਾ ਹੈ। ਇਸ ਗੋਤਰ ਦਾ ਪੈਂਚ ਦੋਹਾਂ ਧਿਰਾਂ ਨਾਲ ਗੱਲਬਾਤ ਬਹੁਤ ਹੀ ਸਹਿਜ ਅਤੇ ਨਿੱਘੇ ਢੰਗ ਨਾਲ ਕਰਦਾ ਹੈ। ਕੋਈ ਵੀ ਧਿਰ ਇਸਨੂੰ ਮਾੜਾ ਜਾਂ ਪੱਖਪਾਤੀ ਨਹੀਂ ਸਮਝਦੀ ਸਗੋਂ ਇਸਨੂੰ ਧੰਨੇ ਭਗਤ ਵਾਂਗ ਸਾਫ਼ ਦਿਲ ਅਤੇ ਰੱਬੀ ਬੰਦੇ ਦੀ ਦ੍ਰਿਸ਼ਟੀ ਤੋਂ ਵੇਖਿਆ ਜਾਂਦਾ ਹੈ। ਦੋਸ਼ੀ ਜਾਂ ਮੁਦੱਈ ਧਿਰ ਇਸ ਪੈਂਚ ਦਾ ਬਿਲਕੁਲ ਵਿਰੋਧ ਨਹੀਂ ਕਰਦੀ ਸਗੋਂ ਇਸਦੀ ਗੱਲਬਾਤ ਨੂੰ ਕਬੀਲਾ ਕਾਨੂੰਨ ਦੀ ਦ੍ਰਿਸ਼ਟੀ ਤੋਂ ਖ਼ਾਸ ਤਵੱਜੋਂ ਦਿੱਤੀ ਜਾਂਦੀ ਹੈ।

6. ਘਣੌਤ : (ਇਸ ਗੋਤਰ ਵਿੱਚ ਚਾਰ ਉੱਪ ਗੋਤਰ ਸ਼ਾਮਲ ਹਨ)

ਇਸ ਗੋਤਰ ਦਾ ਪੈਂਚ ਬਰਾਦਰੀ ਦੇ ਕਾਨੂੰਨ ਦੀ ਇੱਕ ਕੜੀ ਦੇ ਰੂਪ ਵਿੱਚ ਕੰਮ ਕਰਦਾ ਹੈ। ਉਹ ਪੰਚਾਇਤ ਅਤੇ ਢੋਅ ਦੀ ਕਾਰਵਾਈ ਬਹੁਤ ਹੀ ਗਹੁ ਅਤੇ ਧਿਆਨ ਪੂਰਵਕ ਸੁਣਦਾ ਹੈ। ਵਿਚਾਰ ਅਧੀਨ ਝਗੜੇ ਦੇ ਫ਼ੈਸਲੇ ਤੇ ਪਹੁੰਚਣ ਤੋਂ ਪਹਿਲਾਂ ਬਰਾਦਰੀ ਦੇ ਪੈਂਚਾਂ ਵਿੱਚ ਕਈ ਵਾਰ ਬਹੁਤ ਤਿੱਖੀਆਂ ਬਹਿਸਾਂ ਹੁੰਦੀਆਂ ਹਨ। ਨੁਕਤੇ ਟਕਰਾਉਂਦੇ ਹਨ। ਪੈਂਚ ਆਪਣੀ ਗੱਲ ਜਾਂ ਨੁਕਤੇ ਤੇ ਜ਼ੋਰ ਦੇਣ ਲਈ ਧਰਤੀ ਤੇ ਜ਼ੋਰ ਜ਼ੋਰ ਨਾਲ ਆਪਣੇ ਖੂੰਢੇ ਪਟਕਦੇ ਹਨ। ਪੈਂਚਾਂ ਦੇ ਚਿਹਰੇ ਵੀ ਲਾਲ ਸੁਰਖ਼ ਹੋ ਜਾਂਦੇ ਹਨ। ਕਈ ਵਾਰ ਅਜਿਹੀ ਸਥਿਤੀ ਵਿੱਚ ਕਈ ਧਿਰਾਂ ਰੁੱਸ ਜਾਂਦੀਆਂ ਹਨ। ਇਸ ਸਥਿਤੀ ਵਿੱਚ ਕਈ ਵਾਰ ਪੈਂਚ ਵੀ ਗੁੱਸੇ ਵਿੱਚ ਆ ਕੇ ਪੰਚਾਇਤ ਜਾਂ ਢੋਅ ਦਾ ਬਾਈਕਾਟ ਕਰਨ ਵਾਲੀ ਸਥਿਤੀ ਵਿੱਚ ਪਹੁੰਚ ਜਾਂਦੇ ਹਨ। ਅਜਿਹੇ ਸਮੇਂ ਘਣੌਤ ਬਰਾਦਰੀ ਦਾ ਪੈਂਚ ਹੀ ਰੁੱਸੀ ਧਿਰ ਅਤੇ ਪੈਂਚਾਂ ਨੂੰ ਪਿਆਰ ਅਤੇ ਸਤਿਕਾਰ ਨਾਲ ਨਿਆਂ ਦਾ ਵਾਸਤਾ ਦੇ ਕੇ ਮਨਾਉਂਦਾ ਹੈ। ਉਸਦੀ ਗੱਲ ਨੂੰ ਟਾਲਣਾ ਕਾਨੂੰਨ ਦੇ ਘੇਰੇ ਤੋਂ ਬਾਹਰ ਜਾਣ ਦੇ ਬਰਾਬਰ ਹੁੰਦਾ ਹੈ।

7. ਵੰਝਰਾਵਤ : (ਇਸ ਗੋਤਰ ਵਿੱਚ ਚਾਰ ਉੱਪ ਗੋਤਰ ਸ਼ਾਮਲ ਹਨ)

ਬਾਜ਼ੀਗਰ ਕਬੀਲੇ ਦੀ ਪੰਚਾਇਤ ਵਿੱਚ ਵੰਝਰਾਵਤ ਗੋਤਰ ਨੂੰ ਮੈਲ਼ ਧੋਣ ਵਾਲੀ ਸਾਬਣ ਦਾ ਦਰਜ਼ਾ ਪ੍ਰਾਪਤ ਹੈ। ਕਬੀਲੇ ਵਿੱਚ ਜਦੋਂ ਕਿਤੇ ਵੀ ਕੋਈ ਝਗੜੇ ਦੀ ਆਵਾਜ਼ ਜਾਂ ਕਿਸੇ ਜੁਰਮ ਦੀ ਸਮੱਸਿਆ ਖੜੀ ਹੁੰਦੀ ਹੈ ਤਾਂ ਅਜਿਹੀ ਹਾਲਤ ਵਿੱਚ ਵੰਝਰਾਵਤ ਗੋਤਰ ਦੇ ਪੈਂਚ ਝਗੜੇ ਵਾਲੀਆਂ ਦੋਵੇਂ ਧਿਰਾਂ ਤੋਂ ਬਾਹਰਲੇ ਗੋਤੀ ਦੇ ਲੜ ਝਗੜੇ ਦਾ ਮੁਕੱਦਮਾ ਦਾਇਰ ਕਰਨ ਵੱਜੋਂ ਸਵਾ ਰੁਪਏ ਜਮ੍ਹਾਂ ਕਰਵਾਉਂਦੇ ਹਨ। ਇਸ ਨੂੰ ਕਬੀਲੇ ਵਿੱਚ ਸਵਾ ਸੌ ਰੁਪਏ ਬੰਨਣਾ ਆਖਦੇ ਹਨ। ਇਸ ਨਾਲ ਝਗੜੇ ਦੀ ਨਿਰਖ਼ ਪਰਖ਼ ਆਰੰਭ ਹੋ ਜਾਂਦੀ ਹੈ ਅਤੇ ਫਿਰ ਪੁੱਛ ਪੜਤਾਲ ਤੋਂ ਬਾਅਦ ਝਗੜੇ ਦੇ ਮੁੱਖ ਪਹਿਲੂਆਂ ਤੇ ਪਹੁੰਚਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਦੀ ਪੰਚਾਇਤ ਵਿੱਚ ਝਗੜੇ ਦੀ ਕਿਸਮ ਅਨੁਸਾਰ ਦੰਡ ਆਦਿ ਲਗਾ ਕੇ ਫ਼ੈਸਲਾ ਸੁਣਾ ਦਿੱਤਾ ਜਾਂਦਾ ਹੈ। ਝਗੜੇ ਬਾਰੇ ਲੰਮਾ ਸਮਾਂ ਵਿਚਾਰ-ਵਟਾਂਦਰਾ ਹੁੰਦਾ ਹੈ। ਚਸ਼ਮਦੀਦ ਗਵਾਹਾਂ ਦੀ ਗੱਲ ਵੀ ਬਹੁਤ ਬਰੀਕੀ ਅਤੇ ਧਿਆਨ ਨਾਲ ਸੁਣੀ ਜਾਂਦੀ ਹੈ। ਇਸ ਪ੍ਰਕਾਰ ਝਗੜੇ ਦੇ ਆਰੰਭ ਵਿੱਚ ਵੰਝਰਾਵਤ ਗੋਤਰ ਦੇ ਪੈਂਚ ਦੀ ਮੋਹਰੀ ਭੂਮਿਕਾ ਹੁੰਦੀ ਹੈ। ਇਸ ਨੂੰ ਸਰਬ ਸਾਂਝੇ ਵਿਅਕਤੀ ਦਾ ਦਰਜਾ ਪ੍ਰਾਪਤ ਹੈ।

ਬਾਜ਼ੀਗਰ ਕਬੀਲੇ ਦੀ ਪੰਚਾਇਤ ਨੂੰ ਮੁੱਖ ਤੌਰ ਤੇ ਦੋ ਭਾਗਾਂ ਵਿੱਚ ਵੰਡਿਆ ਜਾਂ ਸਕਦਾ ਹੈ:-

(ੳ) ਸਧਾਰਨ ਪੰਚਾਇਤ
(ਅ) ਢੋਅ (ਮਹਾਂ ਪੰਚਾਇਤ)
(ੲ) ਛੇਅ (ਫੈਸਲਾ ਤੈਅ ਕਰਨ ਵਾਲੀ ਬੁੱਧੀਮਾਨ ਵਿਅਕਤੀਆਂ ਦੀ ਸਭਾ)

(ੳ) ਸਧਾਰਨ ਪੰਚਾਇਤ: ਬਾਜ਼ੀਗਰ ਕਬੀਲੇ ਦੇ ਹਰ ਡੇਰੇ ਦੀ ਆਪਣੀ ਸਿਆਣੇ ਬੰਦਿਆਂ ਦੀ ਇੱਕ ਪੰਚਾਇਤ ਹੁੰਦੀ ਹੈ। ਸਧਾਰਨ ਪੰਚਾਇਤ ਵਿੱਚ ਚੋਰੀ, ਮਾਰਕੁੱਟ, ਬਰਾਦਰੀ ਦਾ ਆਪਸੀ ਛੋਟਾ ਮੋਟਾ ਝਗੜਾ, ਕਿਸੇ ਨੂੰ ਮੰਦਾ ਬੋਲਣਾ, ਗਾਲ਼ ਕੱਢਣੀ, ਚੁਗਲੀ ਨਿੰਦਿਆ ਕਰਕੇ ਕਿਸੇ ਦਾ ਬਣਦਾ ਕੰਮ ਜਾਂ ਰਿਸ਼ਤਾ ਨਾਤਾ ਖ਼ਰਾਬ ਕਰਨਾ, ਬਰਾਦਰੀ ਦੇ ਲੋਕਾਂ ਦਾ ਬਰਾਦਰੀ ਤੋਂ ਬਾਹਰਲੇ ਲੋਕਾਂ ਨਾਲ ਝਗੜਾ, ਪੈਸੇ ਦੇ ਲੈਣ ਦੇਣ ਆਦਿ ਦਾ ਰੌਲਾ ਰੱਪਾ ਆਉਂਦਾ ਹੈ। ਇਸ ਵਿੱਚ ਕਿਸੇ ਦੀ ਅਮਾਨਤ ਅਤੇ ਪੈਸਾ ਆਦਿ ਲੈ ਕੇ ਮੁੱਕਰ ਜਾਣਾ ਵੀ ਸ਼ਾਮਲ ਹੈ। ਇਹ ਝਗੜੇ ਸਧਾਰਨ ਪੰਚਾਇਤ ਦੁਆਰਾ ਦੋ ਤੋਂ ਤਿੰਨ ਇਕੱਠ ਕਰਕੇ ਦਸ-ਬਾਰਾਂ ਦਿਨਾਂ ਵਿਚਕਾਰ ਸ਼ਰਤਾਂ ਅਤੇ ਦੰਡ ਲਾ ਕੇ ਨਿਪਟਾ ਦਿੱਤੇ ਜਾਂਦੇ ਹਨ। ਸਧਾਰਨ ਪੰਚਾਇਤ ਦਾ ਫ਼ੈਸਲਾ ਸਰਬ ਸਾਂਝਾ ਅਤੇ ਬਰਾਦਰੀ ਦੁਆਰਾ ਪ੍ਰਵਾਣਿਤ ਹੁੰਦਾ ਹੈ। ਵਾਰ ਵਾਰ ਝਗੜਾ ਕਰਨ ਅਤੇ ਦੰਡ ਭਰਨ ਵਾਲੇ ਬੰਦੇ ਨੂੰ ਕਬੀਲੇ ਵਿੱਚੋਂ ਛੇਕ ਦਿੱਤਾ ਜਾਂਦਾ ਹੈ ਅਤੇ ਉਸਨੂੰ ਮੂਰਖ਼ ਅਤੇ ਬੇਗੁਰੇ ਦੀ ਉਪਾਧੀ ਦੇ ਦਿੱਤੀ ਜਾਂਦੀ ਹੈ।

(ਅ) ਢੋਅ (ਮਹਾਂਪੰਚਾਇਤ) : ਬਾਜ਼ੀਗਰ ਕਬੀਲੇ ਦੀ ਮਹਾਂਪੰਚਾਇਤ ਨੂੰ 'ਢੋਅ' ਆਖਿਆ ਜਾਂਦਾ ਹੈ। ਇਹ ਛੇ ਵੱਖ ਵੱਖ ਗੋਤਰਾਂ ਦੀ ਫ਼ੈਸਲਾ ਕਰਨ ਵਾਲੀ ਇੱਕ ਕੌਂਸਲ ਹੁੰਦੀ ਹੈ। ਇਹ ਰਾਜ ਪੱਧਰ ਤੋਂ ਲੈ ਕੇ ਰਾਸ਼ਟਰੀ ਪੱਧਰ ਤੱਕ

ਕਾਰਜਸ਼ੀਲ ਹੁੰਦੀ ਹੈ। ਇਸ ਵਿੱਚ ਕਬੀਲੇ ਦੇ ਅੰਤਰਰਾਸ਼ਟਰੀ ਝਗੜੇ ਵੀ ਵਿਚਾਰੇ ਜਾਂਦੇ ਹਨ। ਬਾਜ਼ੀਗਰ ਕਬੀਲੇ ਦਾ ਪਾਸਾਰ ਹੁਣ ਅਮਰੀਕਾ, ਕਨੇਡਾ, ਇੰਗਲੈਂਡ, ਇਟਲੀ ਅਤੇ ਅਰਬ ਦੇ ਕਈ ਮੁਲਕਾਂ ਤੱਕ ਫ਼ੈਲ ਚੁੱਕਾ ਹੈ। 'ਢੋਅ' ਦਾ ਹੁਕਮਨਾਮਾ ਜਾਂ ਆਦੇਸ਼ ਪਲਾਂ ਵਿੱਚ ਹੀ ਹੱਦਾਂ ਸਰਹੱਦਾਂ ਪਾਰ ਕਰ ਜਾਂਦਾ ਹੈ ਅਤੇ ਬਾਕੀ ਬਰਾਦਰੀ ਵਿੱਚ ਵੀ ਹਲਚਲ ਪੈਦਾ ਹੋ ਜਾਂਦੀ ਹੈ। ਅਜਿਹਾ ਇਕੱਠ ਕਿਸੇ ਸੰਕਟ ਦੀ ਸਥਿਤੀ ਵਿੱਚ ਹੀ ਕੀਤਾ ਜਾਂਦਾ ਹੈ ਜਾਂ ਫਿਰ ਜਿਸ ਬਰਾਦਰੀ ਦਾ ਅਕਸ ਖ਼ਰਾਬ ਹੁੰਦਾ ਹੋਵੇ ਜਾਂ ਸਮੂਹ ਕਬੀਲੇ ਦੀਆਂ ਭਾਵਨਾਵਾਂ ਨੂੰ ਠੇਸ ਪੁੱਜਦੀ ਹੋਵੇ। ਬਾਜ਼ੀਗਰ ਕਬੀਲੇ ਦੀ ਪਚੰਾਇਤ ਵਿੱਚ ਜ਼ਿਅਦਾਤਰ ਕੇਸ ਮੰਗਣੀ ਅਤੇ ਵਿਆਹ ਪ੍ਰਬੰਧ ਨਾਲ ਸਬੰਧਤ ਹੁੰਦੇ ਹਨ ਕਿਉਂਕਿ ਬਾਜ਼ੀਗਰ ਕਬੀਲੇ ਵਿੱਚ ਅਜਿਹੇ ਝਗੜਿਆਂ ਨੂੰ ਨਿੱਜੀ ਮਾਣ ਪ੍ਰਤਿਸ਼ਠਾ ਨਾਲ ਅਤੇ ਗੋਤਰ ਦੀ ਮਾਣ ਮਰਿਆਦਾ ਨਾਲ ਜੋੜਕੇ ਵੇਖਿਆ ਜਾਂਦਾ ਹੈ। ਇਸ ਤੋਂ ਇਲਾਂਵਾ ਮਹਾਂਪੰਚਾਇਤ 'ਢੋਅ' ਵਿੱਚ ਮੰਗਣੀ ਦਾ ਟੁੱਟ ਜਾਣਾ, ਰਿਸ਼ਤਾ ਕਰਕੇ ਮੁੱਕਰ ਜਾਣਾ, ਵਿਆਹ ਦਾ ਸ਼ਗਨ ਲਾ ਕੇ ਮੁੱਕਰ ਜਾਣਾ, ਵਿਧਵਾ ਹੋ ਜਾਣ ਦੀ ਸੂਰਤ ਵਿੱਚ ਵਿਧਵਾ ਵਿਆਹ ਕਰਨ ਦੀ ਆਗਿਆ ਦੇਣਾ ਜਾਂ ਕਿਸੇ ਹੋਰ ਸਬੰਧੀ ਦੇ ਲੜ ਲਾਉਣਾ, ਵਿਆਹੀ ਹੋਈ ਲੜਕੀ ਕਿਸੇ ਨੂੰ ਦੱਸੇ ਬਿਨਾਂ ਦੂਜੀ ਥਾਂ ਵਿਆਹ ਦੇਣਾ, ਵਿਆਹੀ ਹੋਈ ਲੜਕੀ ਨੂੰ ਸਹੁਰੇ ਨਾ ਤੋਰਨਾ, ਲੜਕੀ ਦਾ ਸਹੁਰਿਆਂ ਦੇ ਘਰ ਨਾ ਵੱਸਣਾ, ਆਦਮੀ ਦਾ ਆਪਣੀ ਔਰਤ ਦੀ ਕੁੱਟਮਾਰ ਕਰਨਾ, ਉਸਨੂੰ ਆਪਣੇ ਘਰ ਰਹਿਣ ਦੀ ਆਗਿਆ ਨਾ ਦੇਣਾ, ਕਬੀਲੇ ਦੀ ਲੜਕੀ ਜਾਂ ਲੜਕੇ ਦਾ ਕਿਸੇ ਹੋਰ ਜਾਤ ਵਿੱਚ ਵਿਆਹ ਕਰਾਉਣਾ ਜਾਂ ਉਧਲ ਜਾਣ ਤੇ ਸਬੰਧਤ ਧਿਰਾਂ ਵਿੱਚ ਪੈਦਾ ਹੋਇਆ ਸੰਕਟ, ਵਿਆਹੇ ਹੋਏ ਆਦਮੀ ਜਾਂ ਔਰਤ ਵਿੱਚੋਂ ਇੱਕ ਦੇ ਮਰ ਜਾਣ ਉਪਰੰਤ ਪੈਦਾ ਹੋਇਆ ਸੰਕਟ, ਮੰਗ ਛੱਡ ਦੇਣਾ ਜਾਂ ਸਬੰਧਤ ਧਿਰ ਦਾ ਦੱਸੇ ਬਿਨਾਂ ਕਿਤੇ ਹੋਰ ਥਾਂ ਰਿਸ਼ਤਾ ਕਰ ਲੈਣਾ ਜਾਂ ਇਸੇ ਤਰ੍ਹਾਂ ਦੇ ਦੰਪਤੀ ਜੀਵਨ ਨਾਲ ਸਬੰਧਤ ਸਾਰੇ ਕੇਸ ਆਉਂਦੇ ਹਨ ਜਿਨ੍ਹਾਂ ਨੂੰ ਸਧਾਰਨ ਪੰਚਾਇਤ ਸੁਲਝਾ ਸਕਣ ਦੇ ਅਸਮਰੱਥ ਹੋਏ। ਕਤਲ ਨਾਲ ਸਬੰਧਤ ਕੇਸ ਜਾਂ ਹੋਰ ਜਾਨ ਮਾਲ ਦੇ ਨੁਕਸਾਨ ਨਾਲ ਸਬੰਧਤ ਕੇਸ ਵੀ ਢੋਅ ਵਿੱਚ ਨਜਿੱਠੇ ਜਾਂਦੇ ਹਨ। ਢੋਅ ਵਿੱਚ ਉਹ ਝਗੜੇ ਖਾਸ ਤੌਰ ਤੇ ਵਿਚਾਰੇ ਜਾਂਦੇ ਹਨ ਜਿਨ੍ਹਾਂ ਕਾਰਨ ਬਾਜ਼ੀਗਰ ਕਬੀਲੇ ਵਿੱਚ ਵੱਡੀ ਉੱਥਲ ਪੁਥਲ ਦੀ ਸੰਭਾਵਨਾ ਹੋਵੇ। ਢੋਅ ਦਾ ਸਿੱਧਾ ਸਬੰਧ ਕਬੀਲੇ ਦੀ ਮਾਣ ਮਰਿਆਦਾ ਨਾਲ ਹੈ। ਇਸ ਕਰਕੇ ਢੋਅ ਵਿੱਚ ਕਬੀਲੇ ਦੀ ਮਾਣ ਮਰਿਆਦਾ ਨਾਲ ਸਬੰਧਤ ਮਸਲੇ ਵਿਸ਼ੇਸ਼ ਰੂਪ ਵਿੱਚ ਵਿਚਾਰੇ ਜਾਂਦੇ ਹਨ। ਢੋਅ ਵਿੱਚ ਬਰਾਦਰੀ ਦੇ ਸਰਦਾਰ, ਕਾਨੂੰਨੀ ਮਾਹਿਰ, ਪੈਂਚ ਅਤੇ ਸਿਰਮੌਰ ਵਿਅਕਤੀ ਸ਼ਾਮਲ ਹੁੰਦੇ ਹਨ। ਢੋਅ ਦੀ ਬਹਿਸ ਇੱਕ ਮਹੀਨੇ ਤੋਂ ਲੈ ਕੇ 6 ਮਹੀਨੇ ਤੱਕ ਵੀ ਚਲ ਸਕਦੀ ਹੈ। ਦੋਸ਼ੀ ਧਿਰ ਅਤੇ ਮੁਦੱਈ ਧਿਰ ਸਵਾ ਸੌ ਰੁਪਏ ਮੁਕੱਦਮੇ ਦੀ ਫ਼ੀਸ ਵੱਜੋਂ ਜਮ੍ਹਾਂ ਕਰਵਾਉਂਦੇ ਹਨ। ਬਹਿਸ ਤੋਂ ਬਾਅਦ ਬਰੀ ਹੋਈ ਧਿਰ ਨੂੰ ਸਵਾ ਸੌ ਰੁਪਇਆ ਮੋੜ ਦਿੱਤਾ ਜਾਂਦਾ ਹੈ ਅਤੇ ਦੋਸ਼ੀ ਸਾਬਤ ਹੋਈ ਧਿਰ ਦਾ ਸਵਾ ਸੌ ਰੁਪੱਇਆ ਬਰਾਦਰੀ ਦੀ ਪੰਚਾਇਤ ਵਿੱਚ ਗੋਤਰਾਂ ਦੇ

ਅਨੁਪਾਤ ਅਨੁਸਾਰ ਬਰਾਬਰ ਵੰਡ ਦਿੱਤਾ ਜਾਂਦਾ ਹੈ। ਇਹ ਰਾਸ਼ੀ 125 ਰੁਪਏ ਤੋਂ 50,000 ਰੁਪਏ ਤੱਕ ਵੀ ਹੋ ਸਕਦੀ ਹੈ। ਢੋਅ ਦਾ ਫੈਸਲਾ ਨਾ ਮੰਨਣ ਵਾਲੀ ਧਿਰ ਦਾ ਸਾਰੇ ਕਬੀਲੇ ਵੱਲੋਂ ਹੁੱਕਾ ਪਾਣੀ ਛੇਕ ਦਿੱਤਾ ਜਾਂਦਾ ਹੈ। ਕਬੀਲੇ ਦੀ ਸਜਾ ਕੇਵਲ ਸੰਕੇਤਕ ਅਤੇ ਚਿੰਨ੍ਹਾਤਮਕ ਪੱਧਰ ਤੱਕ ਹੀ ਸੀਮਤ ਹੈ। ਇਸਦਾ ਮੂੰਹ ਕਾਲਾ ਕਰ ਦਿਓ ਸ਼ਬਦਾਂ ਦਾ ਭਾਵ ਅਰਥ ਇਹ ਲਿਆ ਜਾਂਦਾ ਹੈ ਕਿ ਸਮਝੋ ਦੋਸ਼ੀ ਦਾ ਮੂੰਹ ਕਾਲਾ ਹੋ ਗਿਆ। ਬਰਾਦਰੀ ਵਿੱਚ ਸਵਾ ਸੌ ਵੰਡਣ ਦੀ ਸਜ਼ਾ ਨੂੰ ਬਹੁਤ ਸ਼ਰਮਨਾਕ ਸਜ਼ਾ ਸਮਝਿਆ ਜਾਂਦਾ ਹੈ। ਹਰ ਕੋਈ ਇਸ ਸਜ਼ਾ ਤੋਂ ਬਚਣ ਲਈ ਉਪਰਾਲਾ ਕਰਦਾ ਹੈ ਕਿਉਂਕਿ ਇਸ ਦਾ ਅਸਰ ਫਿਰ ਪੀੜ੍ਹੀ ਦਰ ਪੀੜ੍ਹੀ ਚਲਦਾ ਰਹਿੰਦਾ ਹੈ ਅਤੇ ਇਸਦਾ ਰਿਸ਼ਤਾ ਨਾਤਾ ਪ੍ਰਬੰਧ ਤੇ ਵੀ ਗਹਿਰਾ ਅਸਰ ਪੈਂਦਾ ਹੈ। ਇਸ ਪ੍ਰਕਾਰ ਆਪਣੇ ਪਰਿਵਾਰ ਦੀ ਆਨ ਸ਼ਾਨ ਅਤੇ ਮਰਿਆਦਾ ਬਣਾਈ ਰੱਖਣ ਲਈ ਹਰ ਕੋਈ ਇਸ ਸਜ਼ਾ ਤੋਂ ਬਚਣਾ ਚਾਹੁੰਦਾ ਹੈ। ਜੇਕਰ ਦੋਸ਼ੀ ਧਿਰ ਨਿਸ਼ਚਿਤ ਦੰਡ ਨਹੀਂ ਭਰ ਸਕਦੀ ਤਾਂ ਦੋਸ਼ੀ ਧਿਰ ਨਾਲ ਸਬੰਧਤ ਗੋਤਰ ਇਹ ਦੰਡ ਤਾਰ ਦਿੰਦੀ ਹੈ। ਇਸ ਨਾਲ ਉਨ੍ਹਾਂ ਦੀ ਇੱਜ਼ਤ ਵੀ ਬਣੀ ਰਹਿੰਦੀ ਹੈ। ਬਾਜ਼ੀਗਰ ਕਬੀਲੇ ਵਿੱਚ ਢੋਅ ਦੇ ਫ਼ੈਸਲੇ ਨੂੰ ਬਹੁਤ ਹੀ ਸਤਿਕਾਰ ਨਾਲ ਨਿਵਾਜਿਆ ਜਾਂਦਾ ਹੈ ਜੇਕਰ ਕੋਈ ਦੋਸ਼ੀ ਧਿਰ ਬੁਲਾਉਣ ਤੇ ਢੋਅ ਵਿੱਚ ਹਾਜ਼ਰ ਨਹੀਂ ਹੁੰਦੀ ਤਾਂ ਉਸਨੂੰ ਉਡੀਕਣ ਤੋਂ ਬਾਅਦ ਫ਼ੈਸਲਾ ਇੱਕਤਰਫ਼ਾ ਕਰ ਦਿੱਤਾ ਜਾਂਦਾ ਹੈ। ਫ਼ੈਸਲੇ ਦੇ ਪੁਨਰ ਵਿਚਾਰ ਦੀ ਕੋਈ ਗੁੰਜਾਇਸ਼ ਨਹੀਂ ਹੁੰਦੀ। ਦੋਸ਼ੀ ਜਾਂ ਮੁਦੱਈ ਧਿਰ ਢੋਅ ਵਿੱਚ ਆਪਣੀ ਗੱਲ ਕਹਿਣ ਲਈ ਕਿਸੇ ਵੀ ਸਿਆਣੇ ਵਿਅਕਤੀ ਦੀਆਂ ਸੇਵਾਵਾਂ ਲੈ ਸਕਦੀ ਹੈ। ਢੋਅ ਦੁਆਰਾ ਸੁਣਾਇਆ ਫ਼ੈਸਲਾ ਅਤੇ ਦੰਡ ਪੁਰਾਣੇ ਸਮਿਆਂ ਵਿੱਚ ਜ਼ੁਬਾਨੀ ਹੁੰਦਾ ਸੀ ਪਰ ਅੱਜ ਕੱਲ੍ਹ ਇਸ ਨੂੰ ਢੋਅ ਦੇ ਖ਼ਾਸ ਰਜਿਸਟਰ ਵਿੱਚ ਲਿਖਤੀ ਰੂਪ ਵਿੱਚ ਦਰਜ ਕੀਤਾ ਜਾਂਦਾ ਹੈ। ਅਜਿਹਾ ਫ਼ੈਸਲੇ ਦੀ ਪਕਿਆਈ ਲਈ ਕੀਤਾ ਜਾਂਦਾ ਹੈ।

(ੲ) ਛੇਅ (ਫੈਸਲਾ ਤੈਅ ਕਰਨ ਵਾਲੀ ਬੁੱਧੀਮਾਨ ਵਿਅਕਤੀਆਂ ਦੀ ਸਭਾ) : ਬਾਜ਼ੀਗਰ ਕਬੀਲੇ ਵਿੱਚ ਨਿਰਧਾਰਤ ਫੈਸਲਾ ਸੁਣਾਉਣ ਵਾਲੀ ਸਭਾ ਨੂੰ 'ਛੇਅ' ਕਿਹਾ ਜਾਂਦਾ ਹੈ। 'ਛੇਅ' ਕਬੀਲੇ ਦੇ ਵੱਖ-ਵੱਖ ਗੋਤਰਾਂ ਵਿਚੋਂ ਲਏ ਗਏ ਵਿਅਕਤੀਆਂ ਦੀ ਇਕ ਸਭਾ ਹੁੰਦੀ ਹੈ। ਛੇਅ ਬਾਜ਼ੀਗਰ ਕਬੀਲੇ ਦੀ ਮਹਾਂ ਪੰਚਾਇਤ 'ਢੋਅ' ਵਿਚ ਵਿਚਾਰ ਅਧੀਨ ਝਗੜੇ ਦੇ ਵੱਖ-ਵੱਖ ਪੱਖਾਂ ਨੂੰ ਧਿਆਨ ਨਾਲ ਸੁਣਦੀ ਹੈ। ਦੋਹਾਂ ਧਿਰਾਂ ਵੱਲੋਂ ਝਗੜੇ ਦੀ ਸੁਣਵਾਈ ਸੁਣਨ ਉਪਰੰਤ 'ਛੇਅ' ਝਗੜੇ ਦੇ ਵੱਖ-ਵੱਖ ਪਹਿਲੂਆਂ ਦਾ ਵਿਸਲੇਸ਼ਣ ਕਰਕੇ ਆਪਣਾ ਫੈਸਲਾ ਸੁਣਾਉਂਦੀ ਹੈ। 'ਛੇਅ' ਦਾ ਫੈਸਲਾ ਆਖਰੀ ਅਤੇ ਅਟੱਲ ਹੁੰਦਾ ਹੈ।

ਬਾਜ਼ੀਗਰ ਕਬੀਲੇ ਦੀ ਪੰਚਾਇਤ ਜਾਂ ਢੋਅ ਵਿੱਚ ਔਰਤ ਦਾ ਜਾਣਾ ਵਰਜਿਤ ਹੁੰਦਾ ਹੈ। ਇਸਦਾ ਭਾਵ ਇਹ ਨਹੀਂ ਕਿ ਬਾਜ਼ੀਗਰ ਕਬੀਲਾ ਔਰਤਾਂ ਨੂੰ ਇਹ ਅਧਿਕਾਰ ਨਹੀਂ ਦਿੰਦਾ। ਇਹ ਵਰਜਣਾ ਔਰਤ ਦੀ ਮਰਿਆਦਾ ਬਹਾਲ ਰੱਖਣ ਅਤੇ ਖੱਜਲ ਖ਼ੁਆਰੀ ਤੋਂ ਬਚਾਉਣ ਲਈ ਬਣਾਈ ਗਈ ਹੈ। ਬਾਜ਼ੀਗਰ ਕਬੀਲੇ ਨਾਲ

ਸਬੰਧਤ ਔਰਤ ਕਬੀਲੇ ਦੀ ਪੰਚਾਇਤ ਜਾਂ ਢੋਅ ਦੇ ਨੇੜੇ ਬੈਠ ਸਕਦੀ ਹੈ। ਜੇਕਰ ਉਹ ਆਪਣੀ ਗੱਲ ਪੰਚਾਇਤ ਵਿੱਚ ਰੱਖਣੀ ਚਾਹੁੰਦੀ ਹੈ ਤਾਂ ਉਸਦੀ ਗੱਲ ਕਬੀਲੇ ਨਾਲ ਸਬੰਧਤ ਆਦਮੀ ਪੰਚਾਇਤ ਤੱਕ ਪਹੁੰਚਾਉਂਦਾ ਹੈ। ਭਾਵੇਂ ਕਬੀਲਾ ਪੰਚਾਇਤ ਵਿੱਚ ਔਰਤ ਬਹੁਤ ਘੱਟ ਆਉਂਦੀ ਹੈ ਪਰ ਫਿਰ ਵੀ ਉਸਨੂੰ ਆਪਣੀ ਗੱਲ ਕਹਿਣ ਦਾ ਪੂਰਾ ਅਧਿਕਾਰ ਹੁੰਦਾ ਹੈ। ਉਸਦੀ ਸਣਵਾਈ ਵੀ ਤੁਰੰਤ ਕੀਤੀ ਜਾਂਦੀ ਹੈ। ਬਾਜ਼ੀਗਰ ਕਬੀਲੇ ਵਿੱਚ ਔਰਤ ਨੂੰ ਆਦਮੀ ਦੇ ਬਰਾਬਰ ਦਾ ਰੁਤਬਾ ਪ੍ਰਾਪਤ ਹੈ। ਉਸ ਨਾਲ ਕਿਸੇ ਕਿਸਮ ਦਾ ਪੱਖਪਾਤ ਨਹੀਂ ਕੀਤਾ ਜਾਂਦਾ। ਕਬੀਲੇ ਵਿੱਚ ਔਰਤ ਦਾ ਦਰਜਾ ਮਾਣ ਸਤਿਕਾਰ ਅਤੇ ਪ੍ਰਤਿਸ਼ਠਾ ਵਾਲਾ ਹੈ।

ਹਵਾਲੇ

1. ਸ੍ਰੀ ਹਰਬੰਸ ਲਾਲ ਲਾਲਕਾ (ਇੰਜੀਨੀਅਰ) ਮੋਤੀ ਬਾਗ, ਅਲਹੋਰਾਂ ਗੇਟ, ਨਾਭਾ ਦੁਅਰਾ ਦਿੱਤੇ ਤੱਥਾਤਮਕ ਵੇਰਵਿਆਂ ਦੇ ਆਧਾਰ ਤੇ

ਬਾਜ਼ੀਗਰ ਕਬੀਲੇ ਦੀ ਭਾਸ਼ਾ ਅਤੇ ਗੁਪਤ ਭਾਸ਼ਾ

ਬਾਜ਼ੀਗਰ ਕਬੀਲੇ ਦਾ ਆਪਣਾ ਹੀ ਇਕ ਭਾਸ਼ਾ ਪ੍ਰਬੰਧ ਹੈ। ਬਾਜ਼ੀਗਰ ਲੋਕ 'ਗੌਰ' ਭਾਸ਼ਾ ਬੋਲਦੇ ਹਨ ਜਿਹੜੀ ਕਿ ਰਾਜਸਥਾਨੀ ਮੂਲ ਦੀ ਭਾਸ਼ਾ ਹੈ। ਇਸ ਭਾਸ਼ਾ ਦੀ ਆਪਣੀ ਕੋਈ ਲਿਪੀ ਨਹੀਂ ਹੈ। ਇਹ ਭਾਸ਼ਾ ਸਦੀਆਂ ਤੋਂ ਇਕ ਪੀੜ੍ਹੀ ਤੋਂ ਦੂਜੀ ਪੀੜੀ ਤੱਕ ਮੌਖਿਕ ਰੂਪ ਵਿਚ ਚਲਦੀ ਆ ਰਹੀ ਹੈ। ਭਾਰਤ ਦੇ ਗੌਰ, ਗੌਰਮਾਟੀ ਅਤੇ ਗੌਰ ਬੰਜਾਰਿਆਂ ਦੀ ਬੋਲੀ ਦਾ ਸਬੰਧ ਵੀ ਇਸੇ ਭਾਸ਼ਾ ਨਾਲ ਹੈ। ਇਸ ਭਾਸ਼ਾ ਦੇ ਕਈ ਸ਼ਬਦ ਗੁਜਰਾਤੀ, ਮਾਰਵਾੜੀ, ਹਿੰਦੀ ਅਤੇ ਬ੍ਰਜ ਭਾਸ਼ਾ ਨਾਲ ਕਾਫ਼ੀ ਮਿਲਦੇ ਜੁਲਦੇ ਹਨ। ਭਾਰਤ ਵਿਚ ਲਗਭਗ 10% ਲੋਕ ਗੌਰ ਭਾਸ਼ਾ ਬੋਲਦੇ ਹਨ। ਅੱਜ ਵੀ ਰਾਜਸਥਾਨ ਦੇ ਕੋਟਾ, ਬੂੰਦੀ ਜੈਪੁਰ, ਜੋਧਪੁਰ ਚਿਤੌੜਗੜ ਅਤੇ ਮੇਵਾੜ ਦੇ ਇਲਾਕਿਆਂ ਵਿੱਚ ਇਸ ਭਾਸ਼ਾ ਦਾ ਪ੍ਰਯੋਗ ਕੀਤਾ ਜਾਂਦਾ ਹੈ। ਗਰੀਅਰਸਨ ਆਪਣੇ ਭਾਸ਼ਾ ਸਰਵੇ ਵਿੱਚ 'ਬੰਜਾਰਾ' ਅਤੇ 'ਲੁਬਾਨਾ' ਲੋਕਾਂ ਦੀ ਭਾਸ਼ਾ ਨੂੰ ਇਕੋ ਕੋਟੀ ਵਿੱਚ ਰੱਖਦਾ ਹੈ। ਘੁਮੰਕੜ ਪ੍ਰਵਿਰਤੀ ਦੇ ਮਾਲਕ ਹੋਣ ਕਰਕੇ ਕਈ ਰਮਤੇ ਕਬੀਲਿਆਂ ਦੀ ਭਾਸ਼ਾ ਭਾਰਤ ਦੀਆਂ ਵੱਖ ਵੱਖ ਭਾਸ਼ਾਵਾਂ ਦਾ ਮਿਸ਼ਰਣ ਹੈ ਜਿਸ ਵਿੱਚ ਵੱਖ ਵੱਖ ਸਥਾਨਕ ਭਾਸ਼ਾਵਾਂ ਦੇ ਸ਼ਬਦ ਆਪਸ ਵਿਚ ਰਚ ਮਿਚ ਗਏ ਹਨ। ਇਸ ਤਰ੍ਹਾਂ ਬਾਜ਼ੀਗਰ ਕਬੀਲੇ ਦੀ ਭਾਸ਼ਾ ਵਿੱਚ ਵੀ ਇਹ ਪ੍ਰਭਾਵ ਵੇਖਿਆ ਜਾ ਸਕਦਾ ਹੈ। ਬਾਜ਼ੀਗਰ ਲੋਕਾਂ ਦੇ ਮੁੱਖ ਧਾਰਾ ਨਾਲੋਂ ਟੁਟੇ ਰਹਿਣ ਕਰਕੇ ਭਾਸ਼ਾ ਅਤੇ ਸਭਿਆਚਾਰਕ ਅਧਿਐਨ ਪੱਖੋਂ ਅਣਗੌਲੇ ਰਹੇ ਹਨ।

'ਸਮਾਜ ਵਿਗਿਆਨੀਆਂ ਦਾ ਵਿਚਾਰ ਹੈ ਕਿ ਅਪਰਾਧੀ ਕਬੀਲਿਆਂ ਨੂੰ ਛੱਡ ਕੇ ਬਹੁਤ ਸਾਰੇ ਟਪਰੀਵਾਸ ਕਬੀਲਿਆਂ ਦੀ ਭਾਸ਼ਾ 'ਪਿਜਿਨ' ਰੂਪ ਵਿਚ ਪ੍ਰਚਲਿਤ ਹੈ।

ਪਿਜਿਨ ਮੂਲ ਰੂਪ ਵਿਚ ਅੰਗਰੇਜ਼ੀ ਸ਼ਬਦ ਬਿਜ਼ਨਸ ਦਾ ਅਪਭ੍ਰੰਸ਼ ਹੈ। ਅੰਗਰੇਜ਼ ਜਦੋਂ ਵਿਉਪਾਰ ਲਈ ਚੀਨ ਆਏ ਤਾਂ ਅੰਗਰੇਜ਼ੀ ਅਤੇ ਚੀਨੀ ਭਾਸ਼ਾ ਦੇ ਮਿਸ਼ਰਨ ਤੋਂ ਜਿਹੜੀ ਮਿਲਗੋਭਾ ਅੰਗਰੇਜ਼ੀ ਦਾ ਨਿਕਾਸ ਹੋਇਆ ਉਸਨੂੰ 'ਬਿਜ਼ਨਸ ਅੰਗਰੇਜ਼ੀ' ਕਿਹਾ ਜਾਣ ਲੱਗਾ; ਜੋ ਚੀਨੀ ਉਚਾਰਨ ਕਰਕੇ ਪਿਜਿਨ ਅੰਗਰੇਜ਼ੀ ਹੋ ਗਿਆ। ਇਉਂ ਦੋ ਭਾਸ਼ਕ ਸਥਿਤੀਆਂ ਅਧੀਨ ਪੈਦਾ ਹੋਈ ਕਿਸੇ ਵੀ ਮਿਸ਼ਰਤ ਭਾਸ਼ਾ ਨੂੰ ਪਿਜਿਨ ਕਿਹਾ ਜਾਣਾ ਲੱਗਾ।'

'ਬਹੁਤ ਸਾਰੇ ਕਬੀਲੇ ਵਿਵਸਾਇਕ ਲੋੜਾਂ ਲਈ ਪਿਜਿਨ ਨੂੰ ਅਪਣਾਉਂਦੇ ਹਨ ਅਤੇ ਇਹ ਪਿਜਿਨ ਹੀ ਅਗਲੇਰੀਆਂ ਪੀੜ੍ਹੀਆਂ ਲਈ ਜਦੋਂ ਮਾਤ ਭਾਸ਼ਾ ਬਣ ਜਾਵੇ ਤਾਂ ਉਸਨੂੰ ਕਿਰਓਲ ਕਿਹਾ ਜਾਂਦਾ ਹੈ। ਅਜਿਹੀ ਭਾਸ਼ਾ ਵਿਚ ਪ੍ਰਭਾਵੀ ਭਾਸ਼ਾ ਦੇ

ਵਿਗੜੇ ਹੋਏ ਸ਼ਬਦ ਅਤੇ ਖੇਤਰੀ ਭਾਸ਼ਾ ਦਾ ਰੰਗ ਹੁੰਦਾ ਹੈ ਪਰ ਜਿਨ੍ਹਾਂ ਕਬੀਲਿਆਂ ਵਿਚ ਵਿਉਪਾਰਿਕ ਭਾਸ਼ਾ ਤੋਂ ਪਹਿਲਾਂ ਹੀ ਦੋ ਕਿਸਮ ਦੀ ਭਾਸ਼ਾ ਪ੍ਰਚਲਿਤ ਹੋਵੇ, ਉਸ ਕਬੀਲੇ ਵਿਚ ਬੋਲੀ ਜਾਣ ਵਾਲੀ ਭਾਸ਼ਾ ਨੂੰ ਨਾਂ ਕਿਰਓਲ ਕਿਹਾ ਜਾ ਸਕਦਾ ਹੈ ਅਤੇ ਨਾ ਹੀ ਪਿਜਿਨ।'

ਬਾਜ਼ੀਗਰ ਕਬੀਲੇ ਦੀ ਭਾਸ਼ਾ ਨੂੰ ਮੁੱਖ ਤੌਰ ਤੇ ਤਿੰਨ ਭਾਗਾਂ ਵਿਚ ਵੰਡ ਕੇ ਵੇਖਿਆ ਜਾ ਸਕਦਾ ਹੈ :-

1. ਕਬੀਲੇ ਦੀ ਬੋਲ ਚਾਲ ਦੀ ਭਾਸ਼ਾ
2. ਕਬੀਲੇ ਦੀ ਗੁਪਤ ਭਾਸ਼ਾ
3. ਕਬੀਲੇ ਦੀ ਜਨ ਸੰਪਰਕ ਦੀ ਭਾਸ਼ਾ

1. ਬਾਜੀਗਰ ਕਬੀਲੇ ਦੀ ਬੋਲਚਾਲ ਦੀ ਭਾਸ਼ਾ : ਬਾਜ਼ੀਗਰ ਕਬੀਲੇ ਦੀ ਬੋਲਚਾਰ ਦੀ ਭਾਸ਼ਾ ਨੂੰ 'ਗੌਰ ਭਾਸ਼ਾਂ' ਕਿਹਾ ਜਾਦਾ ਹੈ। ਬਾਜ਼ੀਗਰ ਕਬੀਲੇ ਦੀ ਭਾਸ਼ਾ ਰਾਜਸਥਾਨ ਦੀ 'ਗਵਾਰ' ਬੋਲੀ ਨਾਲ ਕਾਫ਼ੀ ਮਿਲਦੀ ਜੁਲਦੀ ਹੈ। ਸਮੇਂ ਦੇ ਨਾਲ ਨਾਲ ਭਾਸ਼ਾ ਦੀ ਸ਼ਬਦਾਵਲੀ ਵਿੱਚ ਤੇਜ਼ੀ ਨਾਲ ਆ ਰਿਹਾ ਪਰਿਵਰਤਨ ਵੀ ਵੇਖਣ ਨੂੰ ਮਿਲਦਾ ਹੈ। ਆਧੁਨਿਕ ਯੁੱਗ ਦੀਆਂ ਨਵੀਆਂ ਕਾਢਾਂ ਅਤੇ ਉਨ੍ਹਾਂ ਲਈ ਨਵੇਂ ਨਿਸ਼ਚਿਤ ਨਾਂ ਬਾਜ਼ੀਗਰ ਕਬੀਲੇ ਵੱਲੋਂ ਆਪਣੇ ਤੌਰ ਤੇ ਹੀ ਘੜ ਲਏ ਜਾਂਦੇ ਹਨ ਜਿਹੜੇ ਕਿ ਬੜੀ ਜਲਦੀ ਕਬੀਲੇ ਵਿੱਚ ਪ੍ਰਚਲਤ ਹੋ ਜਾਂਦੇ ਹਨ। ਸਾਰੇ ਬਾਜ਼ੀਗਰ ਕਬੀਲੇ ਵਿੱਚ ਇੱਕੋ ਤਰ੍ਹਾਂ ਦੀ ਭਾਸ਼ਾ ਪ੍ਰਚਲਤ ਹੈ ਪਰ ਨਾਲ ਹੀ ਇਸ ਤੇ ਥੋੜਾ ਬਹੁਤਾ ਸਥਾਨਕ ਪ੍ਰਭਾਵ ਵੀ ਦੇਖਣ ਨੂੰ ਮਿਲਦਾ ਹੈ। ਭਾਵੇਂ ਕਿ ਬਾਜ਼ੀਗਰ ਕਬੀਲੇ ਦੇ ਲੋਕਾਂ ਵਿੱਚ ਤੇਜ਼ੀ ਨਾਲ ਵਿੱਦਿਆ ਦਾ ਪਾਸਾਰ ਹੋ ਰਿਹਾ ਹੈ ਅਤੇ ਇਸ ਕਬੀਲੇ ਨਾਲ ਸਬੰਧਤ ਕਾਫ਼ੀ ਬੱਚੇ ਅੰਗਰੇਜ਼ੀ ਸਕੂਲਾਂ ਅਤੇ ਪੇਸ਼ਾਵਰ ਕਾਲਜਾਂ ਵਿੱਚ ਉੱਚ ਕੋਟੀ ਦੀ ਸਿੱਖਿਆ ਹਾਸਲ ਕਰ ਰਹੇ ਹਨ ਪਰ ਫਿਰ ਵੀ ਹਰ ਬਾਜ਼ੀਗਰ ਘਰ ਵਿੱਚ 'ਕੌਰ' ਬਾਜ਼ੀਗਰ ਭਾਸ਼ਾ ਹੀ ਬੋਲੀ ਜਾਂਦੀ ਹੈ। ਹਰ ਵਕਤ ਕੋਈ ਦੂਜੀ ਭਾਸ਼ਾ ਬੋਲਣ ਵਾਲੇ ਬੱਚੇ ਜਾਂ ਵਿਅਕਤੀ ਨੂੰ 'ਕੌਰ ਹੀ ਬਣ ਗਿਓ' ਕਹਿਕੇ ਝਾੜ ਪਾਈ ਜਾਂਦੀ ਹੈ। ਬਾਜ਼ੀਗਰ ਕਬੀਲੇ ਦੇ ਲੋਕ ਆਪਣੇ ਆਪ ਨੂੰ 'ਗੌਰ' ਅਤੇ ਕਬੀਲੇ ਤੋਂ ਬਾਹਰਲੇ ਵਿਅਕਤੀ ਨੂੰ 'ਕੌਰੋ ਕਹਿੰਦੇ ਹਨ। ਬਾਜ਼ੀਗਰ ਕਬੀਲੇ ਵਿੱਚ 'ਕੌਰ' ਸ਼ਬਦ ਨੂੰ ਬਹੁਤਾ ਆਦਰਯੋਗ ਸ਼ਬਦ ਨਹੀਂ ਸਮਝਿਆ ਜਾਂਦਾ ਸਗੋਂ ਇਸ ਤਰ੍ਹਾਂ ਦੇ ਵਿਅਕਤੀ ਨੂੰ ਨਕਾਰਾਤਮਕ ਦ੍ਰਿਸ਼ਟੀ ਤੋਂ ਵੇਖਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਦੇ ਲੋਕਾਂ ਵਿੱਚ ਬਾਹਰਲੇ ਵਿਅਕਤੀ ਲਈ ਇੱਕ ਹੋਰ ਸ਼ਬਦ 'ਨਾਟੀ' ਕਾਫ਼ੀ ਪ੍ਰਚੱਲਤ ਹੈ। ਇਸ ਪ੍ਰਕਾਰ ਕਬੀਲੇ ਤੋਂ ਬਾਹਰਲੀ ਔਰਤ ਲਈ ਕ੍ਰਮਵਾਰ 'ਕੌਰੀ' ਅਤੇ 'ਨਾਟਣ' ਸ਼ਬਦ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਹੀ ਕਬੀਲੇ ਤੋਂ ਬਾਹਰਲੇ ਲੜਕੇ ਅਤੇ ਲੜਕੀ ਲਈ ਕ੍ਰਮਵਾਰ 'ਕੌਂਡਾ' ਅਤੇ 'ਕੌਂਡੀ' ਸ਼ਬਦ ਦਾ ਇਸਤੇਮਾਲ ਹੁੰਦਾ ਹੈ। ਇਨ੍ਹਾਂ ਉਪਰੋਕਤ ਦੋਵੇਂ ਸ਼ਬਦਾਂ ਨੂੰ ਵੀ ਬਾਜ਼ੀਗਰ ਕਬੀਲੇ ਵਿੱਚ ਨਕਾਰਾਤਮਕ ਦ੍ਰਿਸ਼ਟੀ ਤੋਂ ਵੇਖਿਆ ਜਾਂਦਾ ਹੈ।

2. ਬਾਜ਼ੀਗਰ ਕਬੀਲੇ ਦੀ ਗੁਪਤ ਭਾਸ਼ਾ : ਬਾਜ਼ੀਗਰ ਕਬੀਲੇ ਦੀ ਗੁਪਤ ਭਾਸ਼ਾ ਨੂੰ ਬਾਜ਼ੀਗਰ ਕਬੀਲੇ ਵਿੱਚ 'ਪਾਰਸੀ' ਦੇ ਨਾਂ ਨਾਲ ਵੀ ਜਾਣਿਆਂ ਜਾਂਦਾ ਹੈ। ਇਹ ਭਾਸ਼ਾ ਬਾਜ਼ੀਗਰ ਕਬੀਲੇ ਵਿੱਚ ਪੂਰੇ ਵਿਕਸਤ ਰੂਪ ਵਿੱਚ ਪ੍ਰਚਲਤ ਹੈ। ਜੇਕਰ ਇਸ ਭਾਸ਼ਾ ਦੀ ਕਬੀਲੇ ਦੀ ਬੋਲਚਾਲ ਨਾਲ ਤੁਲਨਾ ਕੀਤੀ ਜਾਂਵੇ ਤਾਂ ਇਸਦੀ ਵਾਕ ਬਣਤਰ ਅਤੇ ਉਚਾਰਣ ਲਹਿਜਾ ਬਾਜ਼ੀਗਰ ਕਬੀਲੇ ਦੀ ਬੋਲਚਾਲ ਦੀ ਭਾਸ਼ਾ ਤੋਂ ਬਿਲਕੁੱਲ ਅਲੱਗ ਹੈ। ਇਸਦਾ ਮੁਹਾਵਰਾ ਵੀ ਬਹੁਤ ਨਿਵੇਕਲਾ ਹੈ। ਇਹ ਭਾਸ਼ਾ ਬਾਜ਼ੀਗਰ ਕਬੀਲੇ ਦੀ ਬੋਲਚਾਲ ਦੀ ਭਾਸ਼ਾ ਤੋਂ ਬਿਲਕੁਲ ਅਲੱਗ ਹੈ। ਬਾਜ਼ੀਗਰ ਕਬੀਲੇ ਦੇ ਲੋਕਾਂ ਅਤੇ ਸਿਆਣੇ ਬਜ਼ੁਰਗਾਂ ਦੇ ਮੁਤਾਬਕ ਇਹ ਭਾਸ਼ਾ ਕਬੀਲੇ ਦੀਆਂ ਸੰਕਟਕਾਲੀਨ ਪ੍ਰਸਥਿਤੀਆਂ ਦੀ ਉਪਜ ਹੈ। ਬਾਜ਼ੀਗਰ ਕਬੀਲੇ ਦੀ ਇਸ ਗੁਪਤ ਭਾਸ਼ਾ ਕੋਲ ਕਬੀਲੇ ਦੀ ਬੋਲਚਾਲ ਦੀ ਭਾਸ਼ਾ ਦਾ ਪੂਰੇ ਦਾ ਪੂਰਾ ਢਾਂਚਾ ਮੌਜੂਦ ਹੈ। ਇਹ ਭਾਸ਼ਾ ਕਬੀਲੇ ਦੀ ਬੋਲਚਾਲ ਦੀ ਭਾਸ਼ਾ ਵਾਂਗ ਬੇਅਟਕ ਵਹਾਅ ਅਤੇ ਰਵਾਨਗੀ ਵਾਲੀ ਹੈ। ਇਸ ਭਾਸ਼ਾ ਕੋਲ ਸ਼ਬਦਾਵਲੀ ਦਾ ਬਹੁਤ ਵੱਡਾ ਭੰਡਾਰ ਹੈ ਕਈ ਵਾਰੀ ਇੱਕ ਵਸਤੂ ਜਾਂ ਵਿਅਕਤੀ ਲਈ ਦੋ ਦੋ ਸ਼ਬਦ ਪ੍ਰਚਲਤ ਹਨ :

ਉਦਾਹਰਣ ਦੇ ਤੌਰ ਤੇ :-

1. ਕੋਈ ਅਜਨਬੀ ਆਇਆ ਹੈ

ਇਸ ਵਾਕ ਲਈ ਕਬੀਲੇ ਵਿੱਚ ਦੋ ਹੇਠ ਲਿਖੇ ਵੱਖ ਵੱਖ ਵਾਕ ਪ੍ਰਚੱਲਤ ਹਨ :-

1. ਪੋਰੀਆ ਆ ਗਿਓ ਛਾ (ਬਾਜ਼ੀਗਰੀ)
2. ਨਾਟੀ ਏਵ ਗਿਓ ਛਾ (ਪਾਰਸੀ)

ਕਬੀਲੇ ਦੀ ਇਹ ਗੁਪਤ ਭਾਸ਼ਾ ਕਬੀਲੇ ਤੋਂ ਬਾਹਰਲੇ ਅਜਨਬੀ ਜਾਂ ਅਜਨਬੀਆਂ ਲਈ ਵਰਤੀ ਜਾਂਦੀ ਹੈ ਜਿਨ੍ਹਾਂ ਨੂੰ ਕਬੀਲੇ ਲਈ ਗ਼ੈਰ ਸਮਝਿਆ ਜਾਂਦਾ ਹੈ ਜਾਂ ਜਿਸ ਨਾਲ ਕਬੀਲਾ ਘੁਲਣ ਮਿਲਣ ਤੋਂ ਗੁਰੇਜ਼ ਕਰਦਾ ਹੈ। ਬਾਜ਼ੀਗਰ ਕਬੀਲੇ ਤੇ ਵੱਖ ਵੱਖ ਸਮੇਂ ਆਏ ਸੰਕਟਾਂ ਦੌਰਾਨ ਇਸ ਗੁਪਤ ਭਾਸ਼ਾ ਨੇ ਹੀ ਬਾਜ਼ੀਗਰ ਕਬੀਲੇ ਦੀ ਹੋਂਦ ਨੂੰ ਬਚਾਈ ਰੱਖਿਆ ਹੈ। ਮੁਗਲ ਕਾਲ ਅਤੇ ਅੰਗਰੇਜ਼ੀ ਰਾਜ ਸਮੇਂ ਬਾਜ਼ੀਗਰ ਕਬੀਲਾ ਆਪਣੀ ਗਵਾਰ ਭਾਸ਼ਾ ਅਤੇ ਗੁਪਤ ਭਾਸ਼ਾ ਸਦਕਾ ਹੀ ਉਨ੍ਹਾਂ ਦੇ ਕਹਿਰ ਤੇ ਜ਼ੁਲਮ ਤੋਂ ਬਚਿਆ ਰਿਹਾ ਹੈ। 1947 ਦੀ ਵੰਡ ਦੌਰਾਨ ਜਦੋਂ ਵੱਡੇ ਪੱਧਰ ਤੇ ਬਦਅਮਨੀ ਅਤੇ ਕਤਲੋਗਾਰਤ ਹੋ ਰਹੀ ਸੀ ਤਾਂ ਬਾਜ਼ੀਗਰ ਕਬੀਲੇ ਦੇ ਲੋਕਾਂ ਨੇ ਆਪਣੇ ਕਬੀਲੇ ਦੇ ਲੋਕਾਂ ਨੂੰ ਆਪਣੀ ਗੁਪਤ ਭਾਸ਼ਾ ਵਿੱਚ ਜ਼ੁਬਾਨੀ ਸੰਦੇਸ਼ ਭੇਜ ਭੇਜ ਕੇ ਇਸ ਸਥਿਤੀ ਤੋਂ ਜਾਣੂ ਕਰਵਾਇਆ ਸੀ ਅਤੇ ਸਾਰੇ ਕਬੀਲੇ ਨੂੰ ਜਲਦੀ ਤੋਂ ਜਲਦੀ ਭਾਰਤ ਆ ਜਾਣ ਲਈ ਆਖਿਆ ਸੀ। ਇਸ਼ ਤਰ੍ਹਾਂ ਦੇ ਸੰਦੇਸ਼ਾਂ ਵਿੱਚੋਂ ਇੱਕ ਸੁਨੇਹਾ ਇਸ ਪ੍ਰਕਾਰ ਹੈ :-

ਖੱਦਰ ਕਰੇਬ
ਘੋਗੀ ਕੇਵ

ਕੁਰਗੀ ਟੇਗ

ਇਮੇ ਏਵ

ਇਨ੍ਹਾਂ ਸ਼ਬਦਾਂ ਦਾ ਅਰਥ ਹੈ ਕਿ : ਕੱਪੜਾ ਲੀੜਾ ਸੰਭਾਲ ਕੇ ਬੋਤੀਆਂ ਲੈ ਕੇ ਜਲਦੀ ਇੱਧਰ ਆ ਜਾਓ।

ਇਹ ਭਾਸ਼ਾ ਪੀੜ੍ਹੀ ਦਰ ਪੀੜ੍ਹੀ ਮੌਖਿਕ ਰੂਪ ਵਿੱਚ ਅੱਗੇ ਚਲਦੀ ਰਹਿੰਦੀ ਹੈ। ਅੱਜ ਵੀ ਕਈ ਹਾਲਤਾਂ ਵਿੱਚ ਇਸ ਭਾਸ਼ਾ ਦਾ ਪ੍ਰਯੋਗ ਕੀਤਾ ਜਾਂਦਾ ਹੈ। ਕਈ ਵਾਰ ਘਰ ਵਿੱਚ ਛੋਟੇ ਬੱਚਿਆਂ ਤੋਂ ਕੋਈ ਗੱਲ ਲੁਕਾਉਣੀ ਹੋਵੇ ਤਾਂ ਗੁਪਤ ਭਾਸ਼ਾ ਦਾ ਪ੍ਰਯੋਗ ਕੀਤਾ ਜਾਂਦਾ ਹੈ। ਬਾਜ਼ੀਗਰ ਕਬੀਲੇ ਦੀਆਂ ਇਸਤਰੀਆਂ ਗੁਪਤ ਭਾਸ਼ਾ ਦਾ ਪ੍ਰਯੋਗ ਮਰਦਾਂ ਨਾਲੋਂ ਜ਼ਿਆਦਾ ਕਰਦੀਆਂ ਹਨ। ਇਹ ਭਾਸ਼ਾ ਭਾਰਤ ਦੀ ਕਿਸੇ ਵੀ ਹੋਰ ਭਾਸ਼ਾ ਨਾਲ ਬਿਲਕੁਲ ਨਹੀਂ ਮਿਲਦੀ ਸਗੋਂ ਇਹ ਨਿਵੇਕਲੀ ਅਤੇ ਵਚਿੱਤਰ ਭਾਸ਼ਾ ਹੈ।

ਗਵਾਰ ਭਾਸ਼ਾ ਕਬੀਲੇ ਵੱਲੋਂ ਹੰਢਾਈਆਂ ਸੰਕਟਕਾਲੀਨ ਸਥਿਤੀਆਂ ਦੀ ਉੱਪਜ ਹੈ। ਬਾਜਗੀਰ ਕਬੀਲੇ ਦੀ ਸਧਾਰਨ ਬੋਲਚਾਲ ਦੀ ਭਾਸ਼ਾ ਗੁਜਰਾਤੀ, ਮਾਰਵਾੜੀ, ਰਾਜਸਥਾਨੀ, ਹਿੰਦੀ ਅਤੇ ਸੰਸਕ੍ਰਿਤ ਭਾਸ਼ਾ ਦਾ ਮਿਸ਼ਰਣ ਹੈ। ਕਬੀਲੇ ਵਿੱਚ ਇਸ ਭਾਸ਼ਾ ਨੂੰ ਗਵਾਰ ਭਾਸ਼ਾ ਕਿਹਾ ਜਾਂਦਾ ਹੈ। ਬਾਜ਼ੀਗਰ ਕਬੀਲੇ ਦੇ ਲੋਕ ਸਮੇਂ ਦੀ ਮਾਰ ਸਹਿੰਦੇ ਹੋਏ ਸਦੀਆਂ ਤੋਂ ਵਿਸਥਾਪਿਤ ਹੋ ਕੇ ਜਿੱਧਰੋਂ ਜਿੱਧਰੋਂ ਵੀ ਲੰਘਦੇ ਗਏ, ਉਹ ਉਨ੍ਹਾਂ ਇਲਾਕਿਆਂ ਦੀ ਬੋਲੀ ਦੇ ਸ਼ਬਦ ਆਪਣੀ ਬੋਲਚਾਲ ਦੀ ਭਾਸ਼ਾ ਦਾ ਹਿੱਸਾ ਬਣਾਉਂਦੇ ਗਏ। ਇਹ ਇੱਕ ਸਹਿਜ ਤੇ ਅਚੇਤ ਵਰਤਾਰਾ ਹੁੰਦਾ ਹੈ। ਬਾਜ਼ੀਗਰ ਕਬੀਲੇ ਦੀ ਗੁਪਤ ਭਾਸ਼ਾ ਵਿਦੇਸ਼ੀ ਹਮਲਾਵਰਾਂ ਅਤੇ ਮੁਗ਼ਲਾਂ ਦੇ ਸਮੇਂ ਹੋਂਦ ਵਿੱਚ ਆਈ ਮੰਨੀ ਜਾਂਦੀ ਹੈ। ਮੁਗ਼ਲਾਂ ਦੇ ਲਗਾਤਾਰ ਹਮਲਿਆਂ ਨੇ ਬਾਜ਼ੀਗਰ ਕਬੀਲੇ ਦਾ ਜਨਜੀਵਨ ਅਸਤ ਵਿਅਸਤ ਕਰ ਦਿੱਤਾ ਸੀ। ਮੁਗ਼ਲ ਕਾਲ ਵਿੱਚ ਇਨ੍ਹਾਂ ਲੋਕਾਂ ਨੇ ਆਪਣੀ ਹੋਂਦ ਅਤੇ ਪ੍ਰੰਪਰਾ ਨੂੰ ਬਣਾਈ ਰੱਖਣ ਲਈ ਇੱਕ ਵੱਖਰੀ ਗੁਪਤ ਭਾਸ਼ਾ ਈਜਾਦ ਕੀਤੀ ਜਿਸ ਨੂੰ ਬਾਜ਼ਗੀਰੀ ਭਾਸ਼ਾ ਜਾਂ ਪਾਰਸੀ ਦਾ ਨਾਂ ਵੀ ਦਿੱਤਾ ਜਾਂਦਾ ਹੈ।

3. ਜਨ ਸੰਪਰਕ ਦੀ ਭਾਸ਼ਾ : ਬਾਜ਼ੀਗਰ ਕਬੀਲੇ ਦੇ ਲੋਕਾਂ ਦੀ ਜਨ ਸੰਪਰਕ ਦੀ ਭਾਸ਼ਾ ਸਬੰਧਤ ਖੇਤਰ ਵਾਲੀ ਭਾਸ਼ਾ ਹੁੰਦੀ ਹੈ। ਕਬੀਲੇ ਦੇ ਲੋਕ ਵਣਜ ਵਪਾਰ ਅਤੇ ਨਿਰਬਾਹ ਕਰਨ ਲਈ ਇਸ ਭਾਸ਼ਾ ਦਾ ਇਸਤੇਮਾਲ ਕਰਦੇ ਹਨ। ਇਸ ਭਾਸ਼ਾ ਵਿੱਚ ਕੁਝ ਸ਼ਬਦ ਕਬੀਲੇ ਦੀ ਭਾਸ਼ਾ ਦੇ ਆ ਜਾਣ ਕਰਕੇ ਇਹ ਭਾਸ਼ਾ ਹਾਈਬਰਿਡ (Hybrid) ਕਿਸਮ ਦੀ ਬਣ ਜਾਂਦੀ ਹੈ ਜਿਸਨੂੰ ਕਬੀਲੇ ਦੇ ਲੋਕ ਆਪਣੇ ਸੁਖ ਅਤੇ ਸੁਵਿਧਾ ਅਨੁਸਾਰ ਵਰਤਣ ਲੱਗ ਜਾਂਦੇ ਹਨ। ਇਹ ਭਾਸ਼ਾ ਕਬੀਲੇ ਵਿੱਚ ਬੜੀ ਜਲਦੀ ਪ੍ਰਚਲਿਤ ਹੋ ਜਾਂਦੀ ਹੈ। ਇਸ ਲਈ ਕਿਸੇ ਉਚੇਚ ਜਾਂ ਯਤਨ ਦੀ ਜ਼ਰੂਰਤ ਨਹੀਂ ਪੈਂਦੀ। ਉਦਾਹਰਨ ਦੇ ਤੌਰ ਪੰਜਾਬ ਦਾ ਬਾਜ਼ੀਗਰ ਸਮੁਦਾਇ ਜਨ ਸੰਪਰਕ ਲਈ ਪੰਜਾਬੀ ਭਾਸ਼ਾ ਦਾ ਇਸਤੇਮਾਲ ਕਰਦਾ ਹੈ।

ਬਾਜ਼ੀਗਰ ਕਬੀਲੇ ਦੀ ਭਾਸ਼ਾ ਅਤੇ ਗੁਪਤ ਭਾਸ਼ਾ

	ਪੰਜਾਬੀ	ਬਾਜ਼ੀਗਰ ਕਬੀਲੇ ਦੀ ਭਾਸ਼ਾ	ਬਾਜ਼ੀਗਰ ਕਬੀਲੇ ਦੀ ਗੁਪਤ ਭਾਸ਼ਾ
1.	ਸੂਰ	ਸੂਰ	ਵਾਂਕਲਾ
2.	ਬੱਕਰੀ	ਪਠੋਰੀ	ਢਾਬਰਕੀ
3.	ਲੜਕਾ	ਛੋਰਾ	ਪੋਰੀਆ
4.	ਲੜਕੀ	ਛੋਰੀ	ਪੋਰਨੀ
5.	ਨੂੰਹ	ਬੋੜ੍ਹੀ	ਬੋੜ੍ਹੀ
6.	ਪੈਸਾ	ਕਣੀਆਂ	ਗੋਨਾ
7.	ਮਾਸ	ਮਾਸ	ਟੋਬੀ
8.	ਪਾਣੀ	ਨੀਰਾ	ਬੂ
9.	ਰੋਟੀ	ਬਾਟੀ	ਢਵਾਰੀ
10.	ਅੱਖ	ਆਂਖ	ਆਂਖ
11.	ਮੱਥਾ	ਮਾਥੋ	ਸੀਮਤੋ
12.	ਮੂੰਹ	ਮੋਂਹ	ਟੋਣਗਾ
13.	ਗਰਦਨ	ਧੌਣ	ਗਾਟਾ
14.	ਅਜਨਬੀ	ਕੌਰ	ਨਾਟੀ
15.	ਅਜਨਬੀ ਔਰਤ	ਕੌਰੀ	ਨਾਟਣ
16.	ਥਾਣੇਦਾਰ	ਦਾਲਾ	ਦਾਲੋ
17.	ਸਿਪਾਹੀ	ਧੂਕਲਾ	ਤੇਤਰੀਆ
18.	ਜੱਟ	ਜਾਟ	ਨਾਟ
19.	ਛੋਲੇ	ਡੱਡਾ	ਢੇਵਲਾ
20.	ਕਾਂ	ਕਾਗ	ਕਾਗ
21.	ਛਾਂ	ਛਾਹਣੀ	ਛਾਹਣੀ
22.	ਸ਼ਰਾਬ	ਚੋਂਥਣੀ	ਨੀਰੀ
23.	ਰਜਾਈ	ਲੇਫ਼	ਓਡੀ
24.	ਜੁੱਤੀ	ਜੁੱਤੀ	ਚਾਂਕਲੀ
25.	ਸਾਗ	ਸਾਗ	ਰਾਗੜਕੋ
26.	ਗੁੜ	ਗੁੜ	ਬਿਲਗਾ
27.	ਘਿਓ	ਘੀ	ਖਡੀਲਾ
28.	ਦੁੱਧ	ਦੂਧ	ਹਾਲਗਾ
29.	ਦਾਲ	ਕੱਡੀ	ਸ਼ੋਰੀ

30.	ਲੂਣ	ਲੂਣ	ਖ਼ਾਰਵਾ
31.	ਖੋਤੀ	ਖੋਤੀ	ਖ਼ਾਰਸੀ
32.	ਖੋਤਾ	ਖੋਤਾ	ਖਾਰਸਾ
33.	ਬੋਤੀ	ਘੋਗੀ	ਘੋਤੜਕੀ
34.	ਮੁਰਗਾ	ਕੂਕੜ	ਕੁਰਗੀ
35.	ਜੀਰੀ	ਮੂੰਜੀ	ਮੂੰਜੀ
36.	ਘਰ	ਸਿਰਕੀ	ਪੱਖੀ
37.	ਮੱਝ	ਮੈਸ	ਘੜਮੈਲੀ
38.	ਅੱਗ	ਆਗ	ਪਲੂਤੀ
39.	ਖਿੜਕਾ	ਪੱਖਲ	ਫੜਕੋ
40.	ਭਾਂਡਾ	ਭਾਡੋਂ	ਟੀਂਡੋ
41.	ਪਿੰਡ	ਗਾਮ	ਪੇੜੋ
42.	ਗਾਲ	ਗਾਲ੍ਹੀ	ਪਲੂਤਾ
43.	ਤਸਲਾ	ਬੱਠਲ	ਦਾਬੜਾ
44.	ਮੰਜਾ	ਖ਼ਾਟ	ਮੰਜਕੀ
45.	ਗਦੈਲਾ	ਕੱਥੜੀ	ਕੱਥੜੀ
46.	ਬੱਚਾ	ਛੋਰ੍ਹਾ	ਨਿੱਕੋ
47.	ਬੱਚੀ	ਛੋਰ੍ਹੀ	ਨਿੱਕ
48.	ਰਾਸ਼ਨ ਪਾਣੀ	ਸੋਦੋ	ਸੋਦੋ
49.	ਕੁੱਤਾ	ਕੁਤਰਾ	ਕੁਤਰਾ
50.	ਊਠ	ਊਂਠ	ਡਾਚੀ
51.	ਝੁੱਗੀ	ਛੰਨ	ਸਿਰਕੀ
52.	ਕਮੀਜ਼	ਝੱਗਾ	ਝੱਗਾ
53.	ਚਾਦਰ	ਚਾਦਰ	ਲੱਠ
54.	ਘੋੜਾ	ਘੋੜੋ	ਜੀ
55.	ਭੈਣ	ਬੈਣ	ਬੋਬੋ
56.	ਪਿਤਾ	ਬਾਪ	ਬਾ
57.	ਕੁੰਡੀ ਡੰਡਾ	ਲੰਗਰੀ	ਲੰਗਰੀ
58.	ਜੀਰੀ	ਮੂੰਜੀ	ਤੀਲਾ
59.	ਸਹੁਰਾ	ਸੁਸਰੋ	ਸੁਸਰੋ
60.	ਸੱਸ	ਸਾਸੂ	ਜੀਆ
61.	ਰਿਸ਼ਤੇਦਾਰ	ਸਾਕ	ਬੰਦਾ
62.	ਮਾਤਾ	ਮਾਂ	ਬੋ

63.	ਥਾਂ	ਜਗ੍ਹਾ	ਜਗ੍ਹਾ
64.	ਕਮਰਾ	ਕੋਠੋ	ਖਣ
65.	ਸ਼ਾਲ	ਪੱਟੂ	ਪੱਟੂ
66.	ਧੀ	ਬੇਟੀ	ਬੇਟੀ
67.	ਸਾਬਣ	ਸਬੂਣ	ਸ਼ਤਰੀ
68.	ਥਾਪੀ	ਮੋਗਰੀ	ਮੋਗਰੀ
69.	ਪਤੀਲੀ	ਸਗਲੀ	ਸਗਲੀ
70.	ਪਤੀਲਾ	ਸਗਲਾ	ਸਗਲਾ
71.	ਆਟਾ	ਪੀਠੋ	ਦਲਣੋਂ
72.	ਕਮੀਜ਼	ਝੱਗਾ	ਝੱਗਾ
73.	ਸਲਵਾਰ	ਸੁਤਣ	ਨੀਚਰ
74.	ਉੱਖਲੀ	ਚੱਟੂ	ਚੱਟੂ
75.	ਔਰਤਾਂ ਕੁੜੀਆਂ (ਸਾਂਝਾ ਸ਼ਬਦ) ਜੀਆ ਜੰਤ,		ਚੋਖਟੀਂ
76.	ਹੱਥ	ਹਾਥ	ਹਾਥ
77.	ਨੱਕ	ਨਾਕ	ਨਾਕ
78.	ਕੰਨ	ਕਾਨ	ਕਾਨ
79.	ਦਾਦੀ	ਅੰਮ੍ਹਾਂ	ਅੰਮ੍ਹਾਂ
80.	ਦਾਦਾ	ਬਾਬਾ	ਬਾ
81.	ਔਰਤ	ਗਵਾਰਨੀ	ਜੰਤ
82.	ਆਦਮੀ	ਗਵਾਰ	ਗਵਾਰ
83.	ਖੂਹ	ਕੂਵੇ	ਕੂਵੇ
84.	ਚੁਲ੍ਹਾ	ਚੂਲੋ	ਚੌਂਕੇ
85.	ਚਾਰਾ	ਪੱਠਾ	ਪੱਠਾ
86.	ਕੁੱਤਾ	ਕੁਤਰੀ	ਕੁਤਰੀ
87.	ਇੱਜੜ	ਮਾਲ	ਪਠੋਰੀਂ
88.	ਬਰਾਤ	ਜੰਝ	ਸ਼ੀਨ
89.	ਡੋਲੀ	ਡੋਲੋ	ਡੋਲੋ
90.	ਮੰਗਣੀ	ਮਾਗਣੋਂ	ਗੱਠੋ
91.	ਜਨਮ	ਜਾਮਿਓ	ਜਣੇਓਂ
92.	ਹਿੰਮਤ	ਜ਼ੋਰ	ਵਾ
93.	ਰਾਤ	ਨੇਰ੍ਹੋ	ਨੇਰ੍ਹੋ
94.	ਸੰਗਲ	ਸਾਂਕਲੀ	ਸਾਂਕਲੀ
95.	ਪਿਆਜ਼	ਗੰਡਾ	ਗੱਠਾ

96.	ਤੜਕਾ	ਤੜਕੋ	ਭੂੰਨਣ
97.	ਕਿੱਲੋ	ਸੇਰ	ਸੇਰ
98.	ਲਸਣ	ਥੋਮ	ਧਾਰੀ
99.	ਤਿਉਹਾਰ	ਤਿਹਾਰ	ਦਿਨ
100.	ਮੇਲਾ	ਮੇਲੋ	ਮਜਲਸ
101.	ਕੰਮ	ਕਾਮ	ਕਾਰ
102.	ਬੁੱਢਾ	ਬੂਡੋ	ਸਿਆਣੋ
103.	ਬੁੱਢੀ	ਬੂਡ	ਸਿਆਣ
104.	ਮੂਰਖ਼	ਚਵਲ	ਚਗ਼ਲ
105.	ਸਿਆਣਾ	ਸਿਆਣੋ	ਸਿਆਣੋ
106.	ਮੁੱਛ	ਮੂਛੇਂ	ਧਾਰੀਂ
107.	ਪੰਘੂੜਾ	ਪੀਂਘਾ	ਝੂਲਣੋ
108.	ਖੇਡਣਾ	ਖੇਡਣੋਂ	ਰਮਣੋਂ
109.	ਮਹਿਮਾਨ	ਪ੍ਰਾਮਣਾ	ਗਵਾਰ
110.	ਪੰਚਾਇਤ	ਪੰਚੈਂਤ	ਬੰਦਾ
111.	ਮਹਾਂਪੰਚਾਇਤ	ਢੋਅ	ਢੋਅ
112.	ਥਾਣਾ	ਠਾਣੋ	ਠਾਣੋ
113.	ਚਾਹ	ਚਾਹ	ਇਣਸੀ
114.	ਬਹੁਕਰ	ਬੋਖ਼ਰ	ਬਾਰੀ
115.	ਬਿਮਾਰ	ਢੀਲੋ	ਮੱਠੋ
116.	ਕੁੜਮ	ਸਾਕ	ਗਵਾਰ
117.	ਅੰਨ੍ਹਾਂ	ਆਂਧੋ	ਆਰੀ
118.	ਲੰਗੜਾ	ਲੰਗੜੋ	ਆਰੀ
119.	ਕਮਲਾ	ਸੀਧੋ	ਮੂਨੋ
120.	ਗੋਰਾ	ਗੋਰੋ	ਚਿੱਟੋ
121.	ਕਾਲਾ	ਕਾਲੋ	ਸ਼ਾਹ
122.	ਲੰਮਾ	ਲਾਬੋਂ	ਢੀਂਗਰ
123.	ਮਧਰਾ	ਮਧਰੋ	ਚਿਮਚੀ
124.	ਛਾਂ	ਛਾਹਣੀ	ਛਾਹਣੀ
125.	ਧੁੱਪ	ਧੂਪ	ਧੂਪ
126.	ਅੱਗ	ਆਗ	ਪਲੂਤਾ
127.	ਸਵੇਰ	ਸੁਬ੍ਹਾ	ਵੱਡਲਾ
128.	ਭਾਰ	ਭਰੀ	ਗਾਂਠ

129.	ਜ਼ੁਰਾਬ	ਮੱਛੀ	ਮੱਛੀ
130.	ਨਾਲਾ	ਨਾਲੋ	ਖਿਰਕੀ
131.	ਪੱਗ	ਪਾਗੜੀ	ਸਾਫ਼ਾ
132.	ਹੁੱਕਾ	ਹੋਕਾ	ਵਾਰੀ
133.	ਆਟਾ	ਪੀਠੋ	ਪੀਠੋ
134.	ਮੰਜਾ	ਖਾਟ	ਖਾਟ
135.	ਪਰਦੇਸ	ਵਾਢੇ	ਵਾਂਢੇ
136.	ਕਿੱਲਾ	ਖੂੰਟਾਂ	ਖੂੰਟਾਂ
137.	ਚਾਵਲ	ਭਾਪਾ	ਭਾਪਾ
138.	ਪਿਆਜ਼	ਗੰਡਾ	ਗੱਠਾ
139.	ਕਾਰਨਸ	ਘੜਵੰਜੀ	ਘੜਵੰਜੀ

ਪਿਛਲੇ ਦਿਨੀ ਭਾਰਤੀ ਸਾਹਿਤ ਅਕਾਦਮੀ ਅਤੇ ਸੈਂਟਰ ਫਾਰ ਦਾ ਸਟੱਡੀ ਆਫ਼ ਸ਼ੋਸ਼ਲ ਐਂਡ ਐਕਸਕਲੂਜ਼ਨ ਐਂਡ ਇਨਕਲੁਸਿਵ ਪੋਲਿਸੀ (ਸੀ.ਐਮ.ਐਸ.ਈ. ਆਈ.ਪੀ.) ਨੈਸ਼ਨਲ ਲਾਅ ਸਕੂਲ ਆਫ਼ ਇੰਡੀਆ ਯੂਨੀਵਰਸਿਟੀ (NLSIU), ਬੈਂਗਲੁਰੂ ਨੇ ਮਿਤੀ 3-4 ਮਾਰਚ ਨੂੰ ਇਕ ਰਾਸ਼ਟਰੀ ਗੋਰ ਬੰਜਾਰਾ ਕਨਵੈਨਸ਼ਨ ਦਾ ਆਯੋਜਨ ਕਰਵਾਇਆ ਜਿਸ ਵਿੱਚ ਗੋਰ ਭਾਸ਼ਾ ਸਬੰਧੀ ਹੇਠ ਲਿਖਿਆ ਮਤਾ ਪਾਸ ਕੀਤਾ ਗਿਆ :-

1. ਭਾਸ਼ਾ - ਗੋਰ ਬੰਜਾਰਾ ਭਾਸ਼ਾ
2. ਲਿਪੀ - ਨਾਗਰੀ ਅਪਣਾਈ ਜਾਵੇਗੀ
3. ਭਾਰਤ ਦੇ ਸੰਵਿਧਾਨ ਅਨੁਸਾਰ ਗੋਰ ਬੰਜਾਰਾ ਭਾਸ਼ਾ ਨੂੰ ਸੰਵਿਧਾਨ ਦੇ ਅੱਠਵੇਂ ਸ਼ਡਿਊਲ ਵਿੱਚ ਸ਼ਾਮਲ ਕੀਤਾ ਜਾਵੇਗਾ।
4. ਬੰਜਾਰਾ ਕਲਚਰ ਅਤੇ ਲਿਟਰੇਰੀ ਅਕਾਦਮੀ ਦੀ ਸਥਾਪਨਾ ਕੀਤੀ ਜਾਵੇਗੀ
5. ਭਾਰਤੀ ਸਾਹਿਤਕ ਅਕਾਦਮੀ ਦੁਆਰਾ ਗੋਰ ਬੰਜਾਰਾ ਲੇਖਕਾਂ ਨੂੰ ਸਨਮਾਨਤ ਕੀਤਾ ਜਾਵੇਗਾ।

ਇਹ ਮਤਾ ਪ੍ਰਸਿੱਧ ਲੇਖਕ ਅਤੇ ਭਾਰਤੀ ਸਾਹਿਤ ਅਕਾਦਮੀ ਦੇ ਜਨਰਲ ਕੌਂਸਲ ਮੈਂਬਰ ਸ੍ਰੀ ਲਛਮਨ ਗਾਇਕਵਾੜ ਦੀ ਹਾਜ਼ਰੀ ਵਿੱਚ ਪਾਸ ਕੀਤਾ ਗਿਆ ਜਿਸ ਵਿੱਚ ਕ੍ਰਮਵਾਰ ਮੋਤੀਰਾਜ ਰਾਠੌਰ, ਬੀ.ਟੀ ਲਲਿਤਾ, ਆਰ.ਰਮੇਸ਼.ਆਰੀਆ ਬੜਤੀਆ, ਹਰੀ ਲਾਲ ਪਵਾਰ, ਸ਼ਾਤਾ ਨਾਇਕ, ਸੂਰਜ ਪ੍ਰਕਾਸ਼ ਬੜਤੀਆ, ਏ.ਆਰ ਗੋਵਿੰਦਾ ਸਵਾਮੀ ਅਤੇ ਗੋਵਰਧਨ ਬੰਜਾਰਾ ਸ਼ਾਮਿਲ ਹੋਏ।

ਨੋਟ :- ਲੇਖਕ ਖੁਦ ਵੀ ਇਸ ਕਾਨਫਰੰਸ ਵਿੱਚ ਪੇਪਰ ਪ੍ਰਸਤੁੱਤ ਕਰਨ ਲਈ ਨਿਮੰਤਰਤ ਸੀ।

ਬਾਜ਼ੀਗਰ ਕਬੀਲੇ ਦੀਆਂ ਧਾਰਮਿਕ ਮਾਨਤਾਵਾਂ

"ਧਰਮ ਨਾ ਕੇਵਲ ਹਰ ਸਮਾਜ ਵਿਚ ਹੀ ਮੌਜਦ ਹੈ ਸਗੋਂ ਇਹਦੀ ਹੋਂਦ ਪ੍ਰਾਚੀਨ ਸਮਿਆਂ ਤੋਂ ਹੀ ਵੇਖਣ ਵਿਚ ਆਉਂਦੀ ਹੈ। ਮੁੱਢਲੇ ਯਾਤਰੀਆਂ ਅਤੇ ਪ੍ਰਚਾਰਕਾਂ ਨੇ ਭਾਵੇਂ ਧਰਮ ਤੋਂ ਬਗੈਰ ਕਬੀਲਿਆਂ ਦੀ ਵੀ ਕਲਪਨਾ ਕੀਤੀ ਹੈ ਪਰ ਅਜਿਹੇ ਨਿਰਨੇ ਬਾਅਦ ਵਿਚ ਨਿਰਾਰਥਕ ਸਾਬਤ ਹੋਏ। ਬੇਸ਼ੱਕ ਧਰਮ, ਪਰਿਵਾਰ ਜਿੰਨਾਂ ਪ੍ਰਾਚੀਨ ਨਹੀਂ। ਫਿਰ ਵੀ ਧਰਮ ਦੀ ਪ੍ਰਾਚੀਨਤਾ ਮਨੁੱਖ ਦੇ ਉਨ੍ਹਾਂ ਪੂਰਵਜਾਂ ਦੀਆਂ ਅਜਿਹੀਆਂ ਕਿਰਿਆਵਾਂ ਤੋਂ ਪ੍ਰਗਟ ਹੁੰਦੀ ਹੈ ਜੋ ਮੁਰਦੇ ਨੂੰ ਇਕ ਨਿਸ਼ਚਿਤ ਅਵਸਥਾ ਵਿਚ ਦੱਬਦੇ ਸਨ ਅਤੇ ਨਾਲ ਹੀ ਉਸਦੇ ਸਾਰੇ ਹਥਿਆਰ ਰੱਖ ਦਿੰਦੇ ਸਨ। ਅਜਿਹੀਆਂ ਕਿਰਿਆਵਾਂ ਇਕ ਤਰ੍ਹਾਂ ਅਗਲੇਰੇ ਜਨਮ ਵਿਚ ਵਿਸ਼ਵਾਸ਼ ਹੀ ਪ੍ਰਗਟਾਉਂਦੀਆਂ ਹਨ।[1]

ਧਾਰਮਕ ਭਾਵਨਾ ਇਕ ਤਰ੍ਹਾਂ ਸਾਧਾਰਨ ਪ੍ਰਕਟਨ ਨਹੀਂ। ਇਸ ਦੇ ਰਚਨਾਤਮਿਕ ਅਤੇ ਮਨੋਵਿਗਿਆਨਿਕ ਦੋਵੇਂ ਪੱਖ ਹਨ। ਉਪਰੋਕਤ ਧਾਰਨਾ ਦੇ ਸਮਰਥਕ 'ਰੇਡਿਨ' ਦਾ ਵਿਚਾਰ ਹੈ ਕਿ ਧਾਰਮਕ ਭਾਵਨਾ, ਪਦਾਰਥਕ ਅਤੇ ਸਮਾਜਿਕ ਅਸੁਰੱਖਿਆ ਦੀਆਂ ਹਾਲਤਾਂ ਅਧੀਨ ਜੀਵਨ ਸੰਘਰਸ਼ ਵਿਚੋਂ ਉਤਪੰਨ ਹੋਈ।

ਦੁਰਖੀਮ ਨੇ ਵੀ ਇਸ ਵਿਚਾਰ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਜਰੂਰੀ ਨਹੀਂ ਧਰਮ ਦਾ ਵਿਸ਼ਵਾਸ ਦੇਵੀ-ਦੇਵਤਿਆਂ ਜਾਂ ਅਧਿਆਤਮਕ ਸ਼ਕਤੀਆਂ ਵਿਚ ਹੀ ਹੋਵੇ, ਉਸ ਨੇ ਧਰਮ ਦਾ ਆਰੰਭ ਰਸਮਾਂ-ਰਿਵਾਜਾਂ ਨਾਲ ਸੰਬੰਧਤ ਕਾਰਜਾਂ ਜਾਂ ਕਰਮ-ਕਾਂਡਾਂ ਨੂੰ ਵੀ ਮੰਨਿਆ, ਜਿਸ ਨੂੰ ਉਸ ਨੇ ਧਰਮ ਦਾ ਮੁੱਢਲਾ ਰੂਪ ਕਿਹਾ।[2]

'ਸਪੈਂਸਰ' ਨੇ ਧਰਮ ਦਾ ਉਦਭਵ ਪ੍ਰੇਤਾਂ ਦੇ ਭੈ ਤੋਂ ਮੰਨਿਆ। "ਕਬੀਲਿਆਂ ਦੇ ਸਵਰਗਵਾਸੀ ਯੋਧੇ ਜਿਨ੍ਹਾਂ ਨੇ ਆਪਣੇ ਜੀਵਨ ਵਿਚ ਵਿਲੱਖਣ ਅਤੇ ਅਦੁੱਤੀ ਕਾਰਜਾਂ ਦੁਆਰਾ ਆਪਣੇ ਆਪ ਨੂੰ ਅਸਾਧਾਰਨ ਸ਼ਕਤੀਆਂ ਦੇ ਸੁਆਮੀ ਸਾਬਤ ਕੀਤਾ ਹੁੰਦਾ, ਮੌਤ ਤੋਂ ਬਾਦ ਉਨ੍ਹਾਂ ਦੇ ਪ੍ਰੇਤਾਂ ਨੂੰ ਵੀ ਸ਼ਕਤੀਸ਼ਾਲੀ ਮੰਨਿਆ ਗਿਆ ਅਤੇ ਉਨ੍ਹਾਂ ਦੀ ਕਰੋਪੀ ਤੋਂ ਬਚਣ ਲਈ ਪੁਰਖਾ ਪੂਜਾ ਆਰੰਭੀ ਗਈ।"[3]

ਬਾਜ਼ੀਗਰ ਕਬੀਲੇ ਦੇ ਲੋਕ ਮੁੱਖ ਰੂਪ ਵਿੱਚ ਹਿੰਦੂ ਦੇਵੀ ਦੇਵਤਿਆਂ, ਪੰਜ ਪੀਰਾਂ ਅਤੇ ਕਬੀਲੇ ਦੇ ਸੰਤਾਂ ਮਹਾਤਮਾਂ ਦੀ ਉਪਾਸਨਾ ਕਰਦੇ ਹਨ। ਬਾਜ਼ੀਗਰ ਕਬੀਲੇ ਦੇ ਧਰਮ ਅਤੇ ਧਾਰਮਿਕ ਮਾਨਤਾਵਾਂ ਨੂੰ ਮੁੱਖ ਰੂਪ ਵਿੱਚ ਤਿੰਨ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ :-

1. ਦੇਵੀ ਦੇਵਤਿਆਂ ਦੀ ਪੂਜਾ ਅਰਾਧਨਾ
2 ਪੰਜ ਪੀਰਾਂ ਦੀ ਸੇਵਾ ਅਰਚਨਾ
3. ਕਬੀਲੇ ਵਿਚਲੇ ਸੰਤਾਂ ਭਗਤਾਂ ਅਤ਼ੇ ਪੁਰਖਿਆਂ ਦੀ ਮਾਨਤਾ

1. **ਦੇਵੀ ਦੇਵਤਿਆਂ ਦੀ ਪੂਜਾ ਅਰਾਧਨਾ :** ਬਾਜ਼ੀਗਰ ਕਬੀਲਾ ਦੇਵੀ ਦੇਵਤਿਆਂ ਵਿੱਚ ਅਟੁੱਟ ਸ਼ਰਧਾ ਅਤੇ ਵਿਸ਼ਵਾਸ ਰੱਖਦਾ ਹੈ। ਬਾਜ਼ੀਗਰ ਕਬੀਲੇ ਦੇ ਲੋਕ ਆਪਣੇ ਘਰਾਂ ਅਤੇ ਸਿਰਕੀ ਵਿੱਚ ਵਿਸ਼ੇਸ਼ ਤੌਰ ਤੇ ਦੇਵੀ ਦੇਵਤਿਆਂ ਦੇ ਥਾਂ ਬਣਾਉਂਦੇ ਹਨ। ਇਸ ਥਾਂ ਤੇ ਸਬੰਧਤ ਦੇਵੀ ਦੇਵਤੇ ਦੇ ਪ੍ਰਚਲਿਤ ਰੰਗ ਦਾ ਝੰਡਾ ਲਾਇਆ ਜਾਂਦਾ ਹੈ ਅਤੇ ਨਾਲ ਹੀ ਧੂਣਾ ਵੀ ਬਣਾਇਆ ਜਾਂਦਾ ਹੈ। ਹਰ ਘਰ ਵੱਲੋਂ ਇਸ ਪਵਿੱਤਰ ਥਾਂ ਦੀ ਪੂਜਾ ਕੀਤੀ ਜਾਂਦੀ ਹੈ। ਕਬੀਲੇ ਵਿੱਚ ਕਿਸੇ ਵਿਆਹ ਸਮੇਂ ਜਾਂ ਕਿਸੇ ਤਿਉਹਾਰ ਸਮੇਂ ਇਸ ਪਵਿੱਤਰ ਸਥਾਨ ਤੇ ਪਹਿਲ ਦੇ ਆਧਾਰ ਤੇ ਪੂਜਾ ਕੀਤੀ ਜਾਂਦੀ ਹੈ। ਕਬੀਲੇ ਦੇ ਹਰ ਤਿਉਹਾਰ ਅਤੇ ਉਤਸਵ ਤੋਂ ਪਹਿਲਾਂ ਘਰਾਂ ਵਿੱਚ ਬਣੇ ਹੋਏ ਮੰਦਰ ਤੇ ਮੱਥਾ ਟੇਕਿਆ ਜਾਂਦਾ ਹੈ ਤੇ ਫਿਰ ਡੇਰੇ ਦੇ ਸਾਂਝੇ ਸਥਾਨ ਤੇ ਮੱਥਾ ਟੇਕ ਕੇ ਉਤਸਵ ਮਨਾਇਆ ਜਾਂਦਾ ਹੈ। ਕਬੀਲੇ ਵਿਚ ਕੋਈ ਵੀ ਤਿਉਹਾਰ ਮਨਾਉਣ ਤੋਂ ਪਹਿਲਾਂ ਕਬੀਲੇ ਵਿੱਚ ਪੂਜੇ ਜਾਂਦੇ ਦੇਵੀ ਦੇਵਤਿਆਂ ਅਤੇ ਪੂਰਵਜਾਂ ਦੀਆਂ ਥਾਵਾਂ ਤੇ ਭੋਗ ਲਾਉਣ ਦੀ ਰਸਮ ਅਦਾ ਕੀਤੀ ਹੈ। ਬਾਜ਼ੀਗਰ ਕਬੀਲੇ ਵਿੱਚ ਹਰ ਘਰ ਵਿੱਚ ਇਕੋ ਦੇਵੀ ਦੇਵਤੇ ਦੇ ਸਥਾਨ ਨਹੀਂ ਹੁੰਦੇ ਸਗੋਂ ਹਰ ਘਰ ਵਿਚ ਵੱਖੋ-ਵੱਖਰੇ ਦੇਵੀ ਦੇਵਤਿਆਂ ਦੇ ਸਥਾਨ ਹੁੰਦੇ ਹਨ। ਇਹ ਸਥਾਨ ਕਿਸੇ ਦੇਵੀ ਦੇਵਤੇ, ਪੀਰ ਪੈਗੰਬਰ ਜਾਂ ਕਬੀਲੇ ਦੇ ਅੰਦਰਲੇ ਸੰਤਾਂ ਅਤੇ ਮਹਾਤਮਾ ਦਾ ਵੀ ਹੋ ਸਕਦਾ ਹੈ। ਬਾਜ਼ੀਗਰ ਕਬੀਲਾ ਆਦਿ ਕਾਲ ਤੋਂ ਹੀ ਦੇਵੀ ਦੇਵਤਿਆਂ ਦੀ ਪੂਜਾ ਉਪਾਸਨਾ ਕਰਦਾ ਆ ਰਿਹਾ ਹੈ। ਬਾਜ਼ੀਗਰ ਕਬੀਲੇ ਦੇ ਲੋਕਾਂ ਵਲੋਂ ਆਪਣੇ ਕੋੜਮੇ ਅਤੇ ਘਰ ਪਰਿਵਾਰ ਦੇ ਸੁੱਖ ਲਈ ਹਿੰਦੂ ਦੇਵੀ ਦੇਵਤਿਆਂ ਦੇ ਨਾਂ ਤੇ ਸੁੱਖਾਂ ਸੁੱਖੀਆਂ ਜਾਂਦੀਆਂ ਹਨ। ਸੁੱਖਾਂ ਪੂਰੀਆਂ ਹੋਣ ਤੇ ਸਬੰਧਤ ਦੇਵੀ ਦੇਵਤੇ ਦੇ ਮੁੱਖ ਮੰਦਰ ਜਾ ਕੇ ਸੁੱਖਾਂ ਉਤਾਰੀਆਂ ਜਾਂਦੀਆਂ ਹਨ। ਬਾਜ਼ੀਗਰ ਕਬੀਲਾ ਸਭ ਤੋਂ ਵੱਧ ਨੈਣਾਂ ਦੇਵੀ ਮਾਤਾ ਦੀ ਮਾਨਤਾ ਕਰਦਾ ਹੈ। ਸਾਉਣ ਮਹੀਨੇ ਵਿਚ ਨੈਣਾਂ ਦੇਵੀ ਮਾਤਾ ਦੇ ਚਾਲਿਆਂ ਵਿਚ ਬਾਜ਼ੀਗਰ ਕਬੀਲਾ ਲੱਖਾਂ ਦੀ ਗਿਣਤੀ ਵਿਚ ਸ਼ਿਰਕਤ ਕਰਦਾ ਹੈ। ਨੈਣਾਂ ਦੇਵੀ ਮਾਤਾ ਦੇ ਦਰਸ਼ਨਾਂ ਨੂੰ ਜਾਣ ਤੋਂ ਪਹਿਲਾਂ ਹਰ ਬਾਜ਼ੀਗਰ ਡੇਰੇ ਵਲੋਂ ਜਾਗ ਕੇ ਜਗਰਾਤਾ ਕੱਟਿਆ ਜਾਂਦਾ ਹੈ। ਸਾਰੀ ਰਾਤ ਮਾਤਾ ਦਾ ਭੇਟਾਂ ਗਾ ਕੇ ਗੁਣਗਾਨ ਕੀਤਾ ਜਾਂਦਾ ਹੈ ਤੇ ਸਵੇਰ ਨੂੰ ਸੰਗਤ ਨੈਣਾਂ ਦੇਵੀ ਦੇ ਦਰਸ਼ਨਾਂ ਲਈ ਹਿਮਾਚਲ ਵਿਖੇ ਰਵਾਨਾ ਹੋ ਜਾਂਦੀ ਹੈ। ਜਿਹੜੇ ਡੇਰੇ ਦੇ ਲੋਕ ਕਿਸੇ ਕਾਰਨ ਦਰਸ਼ਨਾਂ ਲਈ ਨਹੀਂ ਜਾ ਸਕਦੇ ਉਨ੍ਹਾਂ ਲਈ ਜਾਣ ਵਾਲੀ ਟੋਲੀ ਉਨ੍ਹਾਂ ਦੇ ਨਾਂ ਦਾ ਸਵਾ ਰੁਪਈਆ ਮਾਤਾ ਦੇ ਨਾਂ ਦਾ ਨਾਲ ਲੈ ਜਾਂਦੀ ਹੈ। ਆਉਂਦੀ ਵਾਰੀ ਉਨ੍ਹਾਂ ਲਈ ਮਾਤਾ ਦਾ ਪ੍ਰਸ਼ਾਦ ਲਿਆਇਆ ਜਾਂਦਾ ਹੈ। ਨੈਣਾਂ ਦੇਵੀ ਦੇ ਮੰਦਰ ਤੇ ਮੱਥਾ ਟੇਕਣ ਤੋਂ ਬਾਅਦ ਲਿਆਂਦਾ ਗਿਆ ਪ੍ਰਸ਼ਾਦ ਸਾਰੇ ਡੇਰੇ ਵਿੱਚ ਵੰਡਿਆ ਜਾਂਦਾ ਹੈ। ਨੈਣਾਂ ਦੇਵੀ ਦੇ ਦਰਸ਼ਨਾਂ ਲਈ ਜਾਣ ਵਾਲੀ ਸੰਗਤ ਸਾਰੇ ਰਸਤੇ ਮਾਤਾ ਦਾ ਭੇਟਾਂ ਰਾਹੀਂ ਗੁਣਗਾਣ ਕਰਦੀ ਜਾਂਦੀ ਹੈ। ਬਾਜ਼ੀਗਰ ਕਬੀਲਾ ਜਵਾਲਾ ਜੀ ਮਾਤਾ, ਵੈਸ਼ਨੂੰ ਦੇਵੀ, ਕਾਲੀ ਮਾਤਾ ਅਤੇ ਮਾਤਾ ਇੱਛਰ ਕੁੰਡੇ ਨੂੰ ਵੀ ਬਹੁਤ ਸ਼ਰਧਾ ਨਾਲ ਪੂਜਦਾ ਹੈ। ਜਵਾਲਾ ਜੀ ਨੈਣਾਂ ਦੇਵੀ ਅਤੇ ਕਾਲੀ ਮਾਤਾ ਦੇ ਦਰ ਤੇ ਘਰ ਪਰਿਵਾਰ

ਵਿੱਚ ਖੁਸ਼ਹਾਲੀ ਲਈ ਮੰਨਤਾਂ ਮੰਗੀਆਂ ਜਾਂਦੀਆਂ ਹਨ। ਮੰਨਤਾਂ ਪੂਰੀਆਂ ਹੋਣ ਤੇ ਇਨ੍ਹਾਂ ਦੇਵੀਆਂ ਦੇ ਮੁੱਖ ਸਥਾਨਾਂ ਤੇ ਜਾ ਕੇ ਸੁੱਖਾਂ ਉਤਾਰਆਂ ਜਾਂਦੀਆਂ ਹਨ। ਮਾਤਾ ਇੱਛਰ ਕੁੰਡੇ ਨੂੰ ਖ਼ਾਸ ਤੌਰ ਤੇ ਔਲਾਦ ਦਾ ਵਰ ਦੇਣ ਲਈ ਪੂਜਿਆ ਜਾਂਦਾ ਹੈ। ਮਾਤਾ ਦੇ ਵਰ ਨਾਲ ਘਰ ਵਿਚ ਪੈਦਾ ਹੋਣ ਵਾਲੀ ਔਲਾਦ ਦਾ ਨਾਂ ਵੀ ਮਾਤਾ ਇੱਛਰਾਂ ਦੇ ਨਾਂ ਤੇ ਰੱਖਿਆ ਜਾਂਦਾ ਹੈ। ਇਸ ਉਪਰੰਤ ਹਿਮਾਚਲ ਵਿਖੇ ਮਾਤਾ ਦੇ ਮੰਦਰ ਤੇ ਜਾ ਕੇ ਸੁੱਖ ਉਤਾਰੀ ਜਾਂਦੀ ਹੈ। ਬਾਜ਼ੀਗਰ ਕਬੀਲੇ ਵਿੱਚ ਸੰਕਟ ਦੀ ਘੜੀ ਵਿੱਚ ਕਾਲੀ ਮਾਤਾ ਨੂੰ ਪੂਜਿਆ ਜਾਂਦਾ ਹੈ। ਸੰਕਟ ਦੇ ਟਲ ਜਾਣ ਦੀ ਸੂਰਤ ਵਿੱਚ ਜਾਂ ਇੱਛਾ ਪੂਰੀ ਹੋਣ ਦੀ ਸੂਰਤ ਵਿੱਚ ਕਾਲੀ ਮਾਤਾ ਦੇ ਮੰਦਰ ਤੇ ਕਾਲਾ ਬੱਕਰਾ ਚੜ੍ਹਾ ਕੇ ਮਾਤਾ ਦੀ ਸੁੱਖ ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ ਬਾਜ਼ੀਗਰ ਕਬੀਲੇ ਦੇ ਲੋਕ ਕ੍ਰਿਸ਼ਨ ਅਤੇ ਸ਼ਿਵਜੀ ਦੀ ਵਡਿਆਈ ਵੀ ਕਰਦੇ ਹਨ। ਕਬੀਲੇ ਦੇ ਸੰਤ ਮਹਾਤਮਾ ਜ਼ਿਆਦਾਤਰ ਸ਼ਿਵਜੀ ਅਤੇ ਸ੍ਰੀ ਕ੍ਰਿਸ਼ਨ ਨੂੰ ਆਪਣਾ ਇਸ਼ਟ ਮੰਨਦੇ ਹਨ। ਬਾਜ਼ੀਗਰ ਕਬੀਲੇ ਦੇ ਸੰਤਾਂ ਦੀ ਇੱਕ ਜਮਾਤ ਹਠ ਯੋਗ ਅਤੇ ਤਪ ਅਨੁਸਾਰ ਵੀ ਪ੍ਰਮਾਤਮਾ ਦਾ ਅਨੁਸਰਣ ਕਰਦੀ ਹੈ। ਬਾਜ਼ੀਗਰ ਕਬੀਲੇ ਵਿੱਚ ਧਰਮ ਸਬੰਧੀ ਕੋਈ ਮਨਾਹੀ ਪ੍ਰਚਲਿਤ ਨਹੀਂ ਹੈ।

2. ਪੰਜ ਪੀਰਾਂ ਦੀ ਸੇਵਾ ਅਰਚਨਾ : ਬਾਜ਼ੀਗਰ ਕਬੀਲੇ ਦੇ ਲੋਕ ਭਾਵੇਂ ਇਸਲਾਮ ਧਰਮ ਨੂੰ ਨਹੀਂ ਮੰਨਦੇ ਫਿਰ ਵੀ ਬਾਜ਼ੀਗਰ ਕਬੀਲੇ ਵਿੱਚ ਮੁਸਲਮਾਨ ਪੀਰ ਫ਼ਕੀਰਾਂ ਦੀ ਸੇਵਾ ਅਰਚਨਾ ਸਦੀਆਂ ਤੋਂ ਹੀ ਚਲੀ ਆ ਰਹੀ ਹੈ। ਬਾਜ਼ੀਗਰ ਕਬੀਲੇ ਦੇ ਲੋਕ ਪੰਜ ਪੀਰਾਂ ਅਤੇ ਅੱਗੇ ਉਨ੍ਹਾਂ ਦੇ ਗੱਦੀ ਨਸ਼ੀਨਾਂ ਨੂੰ ਉਚੇਚੇ ਤੌਰ ਤੇ ਮੰਨਦੇ ਹਨ। ਕਬੀਲੇ ਦੇ ਲੋਕ 'ਲਾਲਾਂ ਵਾਲੇ ਪੀਰ' ਦੀਆਂ 'ਚਾਲਾਂ' ਕੱਢਣ ਲਈ ਜਾਣੇ ਜਾਂਦੇ ਹਨ। ਪੀਰ ਦੀਆਂ ਚਾਲਾਂ ਕੱਢਣ ਲਈ ਇਕ ਨਿਸ਼ਚਿਤ ਥਾਂ ਤੇ ਪੀਰ ਦੇ ਨਾਂ ਦਾ ਇਕ ਸੁੱਚਾ ਕਪੜਾ ਵਿਛਾ ਲਿਆ ਜਾਂਦਾ ਹੈ। ਔਰਤਾਂ ਇਕੱਠੀਆਂ ਹੋ ਕੇ ਢੋਲ ਦੀ ਤਾਲ ਧਮਾਲ ਤੇ ਇਕੱਠੀਆਂ ਹੋ ਕੇ ਪੀਰ ਦੀਆਂ ਟਾਹਰਾ ਗਾਉਂਦੀਆਂ ਹਨ। ਇਸ ਰਸਮ ਵੇਲੇ ਕਬੀਲੇ ਦੇ ਲੋਕ ਸ਼ਰਧਾ ਅਨੁਸਾਰ ਅਨਾਜ ਅਤੇ ਪੈਸੇ ਚਾਦਰ ਤੇ ਮੱਥਾ ਟੇਕ ਕੇ ਰੱਖ ਦਿੰਦੇ ਹਨ। ਜਿਸ ਦਾ ਬਾਅਦ ਵਿਚ ਪੀਰ ਦੀ ਮਜ਼ਾਰ ਤੇ ਜਾ ਕੇ ਭੰਡਾਰਾ ਕੀਤਾ ਜਾਂਦਾ ਹੈ। ਬਾਜ਼ੀਗਰ ਕਬੀਲੇ ਦੇ ਡੇਰਿਆਂ ਵਿੱਚ ਹਰ ਸਾਲ ਪੀਰਾਂ ਦਾ ਦਿਨ ਮਨਾਇਆ ਜਾਂਦਾ ਹੈ ਅਤੇ ਸ਼ਰਧਾ ਨਾਲ ਪੀਰਾਂ ਦੀ ਯਾਰਵੀਂ (ਗਿਆਰਵੀਂ) ਦਿੱਤੀ ਜਾਂਦੀ ਹੈ। ਇਸ ਉਤਸਵ ਤੇ ਰਾਤ ਨੂੰ ਕਵਾਲ ਕਵਾਲੀ ਰਾਹੀਂ ਪੀਰਾਂ ਦੀ ਉਸਤਤ ਕਰਦੇ ਹਨ ਅਤੇ ਛੜੀਏ ਪੀਰਾਂ ਦੀ ਡੇਰੇ ਵਾਲੀ ਮਜ਼ਾਰ ਤੇ ਜੱਲੀ (ਇਕ ਤਰ੍ਹਾਂ ਦਾ ਰੂਹਾਨੀ ਨਾਚ) ਪਾਉਂਦੇ ਹਨ। ਇਸ ਮੌਕੇ ਪੀਰਾਂ ਦੇ ਸੇਵਾਦਾਰਾਂ ਵਲੋਂ ਭੂਤਾਂ ਪ੍ਰੇਤਾਂ ਅਤੇ ਬਿਮਾਰੀਆਂ ਦੇ ਝਾੜੇ ਕੀਤੇ ਜਾਂਦੇ ਹਨ। ਸ਼ਰਧਾ ਨਾਲ ਆਏ ਹੋਏ ਸਵਾਲੀਆਂ ਨੂੰ ਸੁੱਖ ਸ਼ਾਂਤੀ ਲਈ ਤਾਵੀਜ਼ ਵੀ ਦਿੱਤੇ ਜਾਂਦੇ ਹਨ। ਬਾਜ਼ੀਗਰ ਕਬੀਲੇ ਦੇ ਲੋਕ ਪੀਰਾਂ ਫ਼ਕੀਰਾਂ ਦੇ ਇਸ ਸਾਲਾਨਾ ਉਰਸ ਨੂੰ ਚੌਂਕੀ ਕਹਿੰਦੇ ਹਨ। ਰਾਤ ਨੂੰ ਪੀਰਾਂ ਦੇ ਗੱਦੀ ਨਸ਼ੀਨਾਂ ਅਤੇ ਛੜੀਆਂ ਦੁਆਰਾ ਚੌਂਕੀ ਭਰਨ ਦਾ ਦ੍ਰਿਸ਼ ਬੜਾ ਰੂਹਾਨੀ ਅਤੇ ਉਤੇਜਕ ਹੁੰਦਾ ਹੈ।

ਜਦੋਂ ਪੀਰ ਦੀ ਮਜ਼ਾਰ ਦੇ ਚਾਰ ਢੋਲ ਧਮਾਲ ਦੀ ਤਾਲ ਤੇ ਇਕੱਠੇ ਵੱਜਦੇ ਹਨ ਤਾਂ ਕਬੀਲੇ ਦੇ ਮਸਤ ਮਲੰਗ ਫ਼ਕੀਰ ਇਕੱਠੇ ਹੋ ਕੇ ਝੂਮਦੇ ਹੋਏ ਇਸ ਤਰ੍ਹਾਂ ਦੀਆਂ ਨਾਚ ਕ੍ਰਿਆਵਾਂ ਕਰਦੇ ਹਨ ਜਿਵੇਂ ਕਿ ਉਹ ਖੁਦਾਈ ਨਾਲ ਕੋਈ ਸੰਵਾਦ ਰਚਾ ਰਹੇ ਹੋਣ। ਚੌਕੀ ਖਤਮ ਹੋਣ 'ਤੇ ਸਾਰੀ ਸੰਗਤ ਅਤੇ ਬੱਚਿਆਂ ਵਿੱਚ ਪ੍ਰਸ਼ਾਦ ਵੰਡਿਆ ਜਾਂਦਾ ਹੈ ਅਤੇ ਸਵਾਲੀ ਨੱਚ ਨੱਚਕੇ ਥੱਕੇ ਹੋਏ ਸੰਤਾਂ ਦੇ ਹੱਥ ਪੈਰ ਘੁੱਟਦੇ ਹਨ। ਚੌਕੀਂ ਸ਼ੁਰੂ ਕਰਨ ਵੇਲੇ ਮਜ਼ਾਰ ਦਾ ਮੁੱਖ ਸੰਤ ਗਰਜ ਕੇ ਆਖਦਾ ਹੈ : 'ਲੈ ਵੱਜ ਵਈ ਢੋਲ ਵਾਲਿਆ' ਢੋਲ ਉੱਚੀ ਤਾਲ ਤੇ ਧਮਾਲ ਸ਼ੁਰੂ ਕਰਦਾ ਹੈ। ਚੌਕੀ ਖਤਮ ਹੋਣ ਤੇ ਮਜ਼ਾਰ ਦਾ ਮੁੱਖ ਸੰਤ ਜੈਕਾਰਾ ਲਾਉਂਦਾ ਹੈ: 'ਬੋਲੋ ਗੁਰੂ ਦੀਏ ਸੰਗਤੇ! ਤਾਂ ਅੱਗੋਂ ਸਵਾਲੀ ਅਤੇ ਇਕੱਠਾ ਹੋਇਆ ਜਨ ਸਮੂਹ ਆਖਦਾ ਹੈ : 'ਸਭੀ ਦਾ ਭਲਾ।' ਇਸ ਤਰ੍ਹਾਂ ਇਸ ਜੈਕਾਰੇ ਨਾਲ ਪੀਰਾਂ ਦੀ ਚੌਂਕੀ ਸਮਾਪਤ ਹੋ ਜਾਂਦੀ ਹੈ ਅਤੇ ਦੂਜੇ ਦਿਨ ਆਏ ਹੋਏ ਸਵਾਲੀਆਂ ਅਤੇ ਡੇਰੇ ਦੇ ਲੋਕਾਂ ਵਿੱਚ ਮਿੱਠੇ ਚੌਲਾਂ ਦਾ ਪ੍ਰਸ਼ਾਦ ਵਰਤਾਇਆ ਜਾਂਦਾ ਹੈ।

3. **ਕਬੀਲੇ ਵਿਚਲੇ ਸੰਤਾਂ ਭਗਤਾਂ ਅਤੇ ਪੁਰਖਿਆਂ ਦੀ ਮਾਨਤਾ :** ਬਾਜ਼ੀਗਰ ਕਬੀਲੇ ਦੇ ਲੋਕ ਕਬੀਲੇ ਵਿਚਲੇ ਸੰਤਾਂ ਮਹਾਤਮਾਂ ਅਤੇ ਵਡਾਰੂਆਂ ਦੀ ਵੀ ਬਹੁਤ ਮਾਨਤਾ ਕਰਦੇ ਹਨ। ਬਾਜ਼ੀਗਰ ਕਬੀਲੇ ਦੇ ਹਰ ਘਰ ਵਿੱਚ ਕਬੀਲੇ ਵਿਚਲੇ ਕਿਸੇ ਨਾਂ ਕਿਸੇ ਸੰਤ ਜਾਂ ਮਹਾਤਮਾ ਦੀ ਜਗ੍ਹਾ ਬਣੀ ਹੁੰਦੀ ਹੈ। ਕਬੀਲੇ ਵਿਚਲੇ ਇਨ੍ਹਾਂ ਸੰਤਾਂ ਮਹਾਤਮਾ ਲਈ ਕਬੀਲੇ ਦੇ ਲੋਕਾਂ ਵਲੋਂ ਪੂਜਾ ਅਰਾਧਨਾ ਲਈ ਕੋਈ ਇੱਕ ਖਾਸ ਦਿਨ ਮੁਕੱਰਰ ਕੀਤਾ ਜਾਂਦਾ ਹੈ। ਇਸ ਮੁਕੱਰਰ ਕੀਤੇ ਖ਼ਾਸ ਦਿਨ ਨੂੰ ਘਰ ਵਿੱਚ ਬਣੀ ਹੋਈ ਧਾਰਮਿਕ ਥਾਂ ਤੇ ਪ੍ਰਸ਼ਾਦ ਚੜ੍ਹਾ ਕੇ ਮੱਥਾ ਟੇਕਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਦੇ ਲੋਕਾਂ ਲਈ ਵੀਰਵਾਰ ਵਾਲੇ ਦਿਨ ਦੀ ਖ਼ਾਸ ਮਾਨਤਾ ਹੈ। ਬਾਜ਼ੀਗਰ ਕਬੀਲੇ ਦੇ ਲੋਕ ਆਪਣੇ ਸੰਤਾਂ ਮਹਾਤਮਾ ਦੀਆਂ ਥਾਵਾਂ ਤੇ ਜ਼ਿਆਦਾਤਰ ਵੀਰਵਾਰ ਨੂੰ ਹੀ ਮੱਥਾ ਟੇਕਦੇ ਹਨ। ਬਾਜ਼ੀਗਰ ਕਬੀਲੇ ਦੇ ਕੁਝ ਜ਼ਿਕਰਯੋਗ ਸੰਤਾਂ ਦੇ ਸਿਰਨਾਵੇਂ ਇਸ ਪ੍ਰਕਾਰ ਹਨ:

(ੳ) ਦੇਸਾਂ ਮਾਈ : ਮਾਈ ਦੇਸਾਂ ਦਾ ਮੰਦਰ ਕੁਰੂਕਸ਼ੇਤਰ ਵਿਖੇ ਬ੍ਰਹਮਸਰੋਵਰ ਦੇ ਇਕ ਕਿਨਾਰੇ ਤੇ ਬਣਿਆ ਹੋਇਆ ਹੈ। ਮਾਤਾ ਦੇਸਾਂ ਦੇਵੀ ਦੀ ਬਾਜ਼ੀਗਰ ਕਬੀਲੇ ਵਿੱਚ ਬਹੁਤ ਮਾਨਤਾ ਹੈ। ਮਾਤਾ ਦੇਸਾਂ ਦੇਵੀ ਦੀ ਸਮਾਧ ਤੇ ਹਰ ਸਾਲ 10 ਹਾੜ੍ਹ ਨੂੰ ਭਾਰੀ ਮੇਲਾ ਭਰਦਾ ਹੈ। ਮਾਤਾ ਦੇਸਾਂ ਦੇਵੀ ਬਾਜ਼ੀਗਰ ਕਬੀਲੇ ਦੀ ਇੱਕ ਜਤੀ ਸਤੀ ਔਰਤ ਹੋਈ ਹੈ। ਪੁਰਖਿਆਂ ਦੁਆਰਾ ਪੀੜ੍ਹੀ ਦਰ ਪੀੜ੍ਹੀ ਚਲਦੀ ਕਥਾ ਅਨੁਸਾਰ ਮਾਤਾ ਦੇਸਾਂ ਦੇਵੀ ਬਾਜ਼ੀਗਰ ਕਬੀਲੇ ਦੇ ਲਾਲਕਾ ਗੋਤਰ ਵਿੱਚ ਪੈਦਾ ਹੋਈ। ਉਨ੍ਹਾਂ ਦੇ ਪਿਤਾ ਦਾ ਨਾਂ ਮੀਹਾਂ ਅਤੇ ਮਾਤਾ ਦਾ ਨਾਂ ਤਾਬੋ ਸੀ। ਮਾਤਾ ਪਿਤਾ ਨੇ ਮਾਤਾ ਦੇਸਾਂ ਦੇਵੀ ਦਾ ਵਿਆਹ ਨਾਮਸੌਤ ਗੋਤਰ ਦੇ ਲੜਕੇ ਕੌਡੇ ਨਾਲ ਕਰ ਦਿੱਤਾ। ਵਿਆਹ ਉਪਰੰਤ ਮਾਤਾ ਦੇਸਾਂ ਦੇਵੀ ਨੇ ਆਪਣੇ ਪਤੀ ਕੌਡੇ ਨੂੰ ਇਹ ਗੱਲ ਜ਼ਾਹਿਰ ਕੀਤੀ ਕਿ

ਉਹ ਤਾਂ ਇੱਕ ਜਤੀ ਸਤੀ ਕੰਨਿਆ ਹੈ ਅਤੇ ਆਪਣੇ ਜਤ ਸਤ ਨੂੰ ਅੱਗੇ ਤੋਰਨਾ ਚਾਹੁੰਦੀ ਹੈ। ਜਦੋਂ ਮਾਤਾ ਦੇਸਾਂ ਦੇਵੀ ਦੇ ਪਤੀ ਨੇ ਆਪਣੇ ਵੰਸ਼ ਦੇ ਅੱਗੇ ਵਧਣ ਬਾਰੇ ਸਵਾਲ ਕੀਤਾ ਤਾਂ ਮਾਤਾ ਦੇਸਾਂ ਦੇਵੀ ਨੇ ਆਪਣੇ ਪਤੀ ਦਾ ਆਪਣੇ ਹੱਥੀਂ ਵਿਆਹ ਰਚਾਇਆ। ਇਸ ਵਿਆਹ ਤੋਂ ਕੌਂਡੇ ਦੇ ਚਾਰ ਪੁੱਤਰ ਹੋਏ। ਕਬੀਲੇ ਦੇ ਬਜ਼ੁਰਗਾਂ ਅਨੁਸਾਰ ਮਾਤਾ ਦੇਸਾਂ ਦੇਵੀ ਨੇ ਆਪਣੇ ਜੀਵਨ ਕਾਲ ਵਿੱਚ ਕਈ ਕੌਤਕ ਵੀ ਵਿਖਾਏ ਜਿਸ ਕਰਕੇ ਸਾਰਾ ਬਾਜ਼ੀਗਰ ਕਬੀਲਾ ਮਾਤਾ ਦੇਸਾਂ ਦੇਵੀ ਪ੍ਰਤੀ ਸ਼ਰਧਾ ਤੇ ਸਤਿਕਾਰ ਰੱਖਦਾ ਹੈ।

(ਅ) ਬਾਬਾ ਹਾਥੀ ਰਾਮ : ਬਾਜ਼ੀਗਰ ਕਬੀਲੇ ਦੀ ਬਾਬਾ ਹਾਥੀ ਰਾਮ ਵਿੱਚ ਬਹੁਤ ਆਸਥਾ ਹੈ। ਬਾਬਾ ਹਾਥੀ ਰਾਮ ਦਾ ਮੰਦਰ ਜ਼ਿਲ੍ਹਾ ਨਵਾਂ ਸ਼ਹਿਰ ਵਿੱਚ ਗੁਣਾਚੋਰ ਵਿਖੇ ਸਥਿਤ ਹੈ। ਬਾਬਾ ਹਾਥੀ ਰਾਮ ਬਹੁਤ ਤਪੱਸਵੀ ਸੰਤ ਸਨ। ਉਹ ਸਿਰ ਤੇ ਪੱਗੜੀ ਤੇ ਹੱਥ ਵਿੱਚ ਚਿਮਟਾ ਰੱਖਦੇ ਸਨ। ਬਾਬਾ ਹਾਥੀ ਰਾਮ ਉੱਥੇ ਦੇ ਰਾਜ ਘਰਾਣੇ ਦੀਆਂ ਹਾਥੀਆਂ ਤੇ ਘੋੜਿਆਂ ਨੂੰ ਪਾਣੀ ਪਿਆਉਣ ਤੇ ਨਹਾਉਣ ਦਾ ਕੰਮ ਕਰਦੇ ਸਨ। ਬਾਬਾ ਹਾਥੀ ਰਾਮ ਦੀ ਯਾਦ ਵਿੱਚ ਉਨ੍ਹਾਂ ਦੇ ਸਥਾਨ ਤੇ ਤਿੰਨ ਤੋਂ ਪੰਜ ਹਾੜ ਨੂੰ ਤਿੰਨ ਦਿਨ ਮੇਲਾ ਭਰਦਾ ਹੈ। ਇਸ ਮੇਲੇ ਦੌਰਾਨ ਪੰਜਾਬ ਭਰ ਤੋਂ ਆਏ ਹੋਏ ਬਾਜ਼ੀਗਰ ਆਪਣੀ ਕਲਾ ਦੇ ਕਰਤੱਬ ਦਿਖਾਉਂਦੇ ਹਨ। ਇਸ ਤਰ੍ਹਾਂ ਪੰਜਾਬ ਭਰ ਤੋਂ ਆਏ ਬਾਜ਼ੀਗਰ ਜਿੱਥੇ ਆਪਣੇ ਤਪੱਸਵੀ ਮਹਾਂਪੁਰਸ਼ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ ਉੱਥੇ ਮੇਲੇ ਦਾ ਆਨੰਦ ਵੀ ਮਾਣਦੇ ਹਨ।

(ੲ) ਬਾਬੂ ਬੇਪਰਵਾਹ:- ਬਾਬੂ ਬੇਪਰਵਾਹ ਬਾਜ਼ੀਗਰ ਕਬੀਲੇ ਦੇ ਹਰਮਨ ਪਿਆਰੇ ਸੰਤ ਸਨ। ਬਾਬੂ ਬੇਪਰਵਾਹ ਦਾ ਮੁੱਖ ਦਰਬਾਰ ਪਾਕਿਸਤਾਲ ਦੇ ਜ਼ਿਲ੍ਹਾ ਫ਼ੈਸਲਾਬਾਦ ਦੇ ਸਥਾਨ ਮੱਕੂਆਣਾ ਵਿਖੇ ਹੈ। ਅੱਜ ਕੱਲ੍ਹ ਇਸ ਸਥਾਨ ਦੇ ਗੱਦੀ ਨਸ਼ੀਨ ਉਹਨਾਂ ਦੇ ਵੱਡੇ ਬੇਟੇ ਹਜ਼ਰਤ ਗੁਲਾਮ ਹਸਨ ਹਨ। ਬਾਬੂ ਬੇਪਰਵਾਹ ਰੂਹਾਨੀਅਤ ਦੀ ਸਿਖ਼ਰ ਸਨ ਤੇ ਇਹਨਾਂ ਦੇ ਮਸਤਮੌਲ਼ਾ ਸੁਭਾਅ ਕਾਰਨ ਇਹਨਾਂ ਦੇ ਨਾਂ ਨਾਲ 'ਬੇਪਰਵਾਹ' ਸ਼ਬਦ ਜੁੜ ਗਿਆ। ਬਾਬੂ ਬੇਪਰਵਾਹ ਦੇ ਗੁਰੂ ਸਈਅਦ ਬਹਾਦਰ ਸ਼ਾਹ ਮਕਦੂਮ ਸਨ ਜਿਹੜੇ ਕਿ ਸੂਫੀਆਂ ਦੀ ਕਾਦਰੀ ਸ਼ਾਖਾ ਨਾਲ ਸੰਬੰਧ ਰੱਖਦੇ ਸਨ।

ਪੰਜਾਬ ਵਿੱਚ ਇਹਨਾਂ ਦਾ ਮੁੱਖ ਸਥਾਨ ਖੰਨਾ ਵਿਖੇ ਹੈ ਜਿਸ ਦੇ ਗੱਦੀ ਨਸ਼ੀਨ ਸ੍ਰੀ ਲਾਲ ਚੰਦ ਜੀ ਹਨ। ਇਸ ਤੋਂ ਇਲਾਵਾ ਇਹਨਾਂ ਦੇ ਹੋਰ ਦਰਬਾਰ, ਹੈਂਡੋਂ, ਢਿਲਵਾਂ, ਬਰਦਾਲਾਂ, ਕਲਿਆਣ ਅਤੇ ਚੌਂਹਠ ਵਿਖੇ ਹਨ। ਇਹਨਾਂ ਦੇ ਪਾਕਿਸਤਾਨ ਤੇ ਭਾਰਤ ਵਿੱਚ ਕਰੀਬ ਇੱਕ ਲੱਖ ਦੇ ਕਰੀਬ ਚੇਲੇ ਹਨ।

(ਸ) ਬਾਬਾ ਈਸ਼ਰ ਗਿਰ:- ਬਾਬਾ ਈਸ਼ਰ ਗਿਰ ਦਾ ਮੁੱਖ ਸਥਾਨ ਪਿੰਡ ਦੁਲੱਦੀ ਨਾਭਾ ਵਿਖੇ ਸਥਿਤ ਹੈ। ਬਾਬਾ ਈਸ਼ਰ ਗਿਰ ਦੇ ਗੁਰੂ ਬਾਬਾ ਮੋਲੂ ਗਿਰ ਸੰਨਿਆਸੀ ਸਨ। ਬਾਬਾ ਈਸ਼ਰ ਗਿਰ ਬੜੀ ਪ੍ਰਭਾਵਸ਼ਾਲੀ ਸ਼ਖਸੀਅਤ ਦੇ ਮਾਲਕ ਸਨ। ਬਾਬਾ ਈਸ਼ਰ ਗਿਰ 'ਹੀਰ ਵਾਰਿਸ' ਨੂੰ ਬੈਂਤ ਵਿੱਚ ਗਾਉਣ ਦੇ ਮਾਹਿਰ ਸਨ।

ਉਹ ਜਦੋਂ ਕਬੀਲੇ ਦੇ ਇਕੱਠਾਂ ਵਿੱਚ ਹੀਰ ਗਾਇਆ ਕਰਦੇ ਸਨ ਤਾਂ ਲੋਕ ਅਸ਼ ਅਸ਼ ਕਰ ਉੱਠਦੇ ਸਨ। ਇਹ ਪਾਕਿਸਤਾਨ ਦੇ ਨਨਕਾਣਾ ਸਾਹਿਬ ਵਿਖੇ ਪਿੰਡ ਖੁੱਡੀਆਂ ਤੋਂ ਹਿਜ਼ਰਤ ਕਰਕੇ ਆਏ ਸਨ। ਇਹਨਾਂ ਦੇ ਮੁੱਖ ਗੱਦੀਨਸ਼ੀਨ ਇਹਨਾਂ ਦੇ ਵੱਡੇ ਪੁੱਤਰ ਸ੍ਰੀ ਕਰਤਾਰ ਗਿਰ ਸਨ। ਬਾਬਾ ਕਰਤਾਰ ਗਿਰ ਤੋਂ ਬਾਅਦ ਇਨ੍ਹਾਂ ਦੇ ਅਗਲੇ ਗੱਦੀਨਸ਼ੀਨ ਬਾਬਾ ਜੋਗਿੰਦਰ ਗਿਰ ਹਨ। ਇਹਨਾਂ ਦੀ ਯਾਦ ਵਿੱਚ ਇਹਨਾਂ ਦੇ ਮੁੱਖ ਸਥਾਨ ਦੁਲੱਦੀ ਵਿਖੇ ਸੋਲਾਂ ਭਾਦੋਂ ਨੂੰ ਮੇਲਾ ਭਰਦਾ ਹੈ।

(ਹ) ਬਾਬਾ ਫਤਿਹਚੰਦ:- ਬਾਜ਼ੀਗਰ ਕਬੀਲੇ ਵਿੱਚ ਬਾਬਾ ਫਤਿਹਚੰਦ 'ਬਾਬਾ ਫੱਤੁ' ਦੇ ਨਾਂ ਨਾਲ ਪ੍ਰਸਿੱਧ ਹਨ। ਇਹਨਾਂ ਦੇ ਗੁਰੂ ਮੀਆਂ ਰਾਣਾ ਜੀ ਸਨ ਜਿਹੜੇ ਕਿ ਸ਼ੇਰੇ ਖ਼ੁਦਾ ਸ਼ਾਹ ਅਲੀ ਨੂੰ ਆਪਣਾ ਇਸ਼ਟ ਮੰਨਦੇ ਸਨ। ਇਹਨਾਂ ਦਾ ਮੁੱਖ ਦਰਬਾਰ ਪਿੰਡ ਅਬਲੋਵਾਲ, ਡੇਰੇ ਵਿਖੇ ਸਥਿਤ ਹੈ। ਬਾਬਾ ਫੱਤੂ ਜੀ ਰੂਹਾਨੀ ਲੋਕ ਨਾਚ ਜੱਲੀ ਕਰਕੇ ਬਹੁਤ ਪ੍ਰਸਿੱਧ ਸਨ। ਇਹਨਾਂ ਦੇ ਪੰਜਾਬ ਅਤੇ ਹਰਿਆਣਾ ਵਿਖੇ 1000 ਦੇ ਕਰੀਬ ਸ਼ਗਿਰਦ ਹਨ। ਇਹਨਾਂ ਦੇ ਮੁੱਖ ਗੱਦੀਨਸ਼ੀਨ ਬਾਬਾ ਖਤਰੀ ਰਾਮਦੀਨ ਅਤੇ ਜੀਆ ਭਗਤ ਜੀ ਹਨ। ਇਹਨਾਂ ਦੇ ਸਥਾਨ ਦੇ ਹਰ ਵੀਰਵਾਰ ਦੇ ਚੌਂਕੀ ਭਰਦੀ ਹੈ ਜਿੱਥੇ ਕਿ ਵੱਖ ਵੱਖ ਬਿਮਾਰੀਆਂ ਲਈ ਕਾੜ੍ਹੇ ਅਤੇ ਅਰਬੀ ਵਿੱਚ ਲਿਖੇ ਤਾਵੀਜ਼ ਦਿੱਤੇ ਜਾਂਦੇ ਹਨ।

(ਕ) ਗੋਪਾਲ ਮੰਦਰ ਹਰਿਦੁਆਰ ਦੀ ਪੂਜਾ : ਗੋਪਾਲ ਮੰਦਰ ਹਰਿਦੁਆਰ ਹਰ ਕੀ ਪੌੜੀ ਨੇੜੇ ਸਥਿਤ ਹੈ। ਪੰਜਾਬ ਦੇ ਬਾਜ਼ੀਗਰ ਆਪਣੇ ਮ੍ਰਿਤਕਾਂ ਦੇ ਫੁੱਲ ਤਾਰਨ ਤੋਂ ਪਹਿਲਾਂ ਗੋਪਾਲ ਮੰਦਰ ਵਿਖੇ ਮੱਥਾ ਟੇਕਦੇ ਹਨ। ਗੋਪਾਲ ਮੰਦਰ ਦੇ ਮੁੱਖ ਸੇਵਾਦਾਰ ਕਬੀਲੇ ਦੇ ਪੰਡਤ ਨੂੰ ਹੀ ਫੁੱਲ ਤਾਰਨ ਲਈ ਆਖਦੇ ਹਨ। ਫੁੱਲ ਤਾਰਨ ਵੇਲੇ ਮ੍ਰਿਤਕ ਦੇ ਪੁਰਖਾਂ ਦਾ ਵਹੀ ਖਾਤਾ ਕੱਢਕੇ ਉਸ ਵਿੱਚ ਉਸਦਾ ਨਾਮ ਅਤੇ ਗੋਤਰ ਦਰਜ ਕੀਤੀ ਜਾਂਦੀ ਹੈ। ਬਾਜ਼ੀਗਰ ਕਬੀਲੇ ਦੇ ਲੋਕਾਂ ਦਾ ਵਿਸ਼ਵਾਸ ਹੈ ਕਿ ਮ੍ਰਿਤਕ ਦੀ ਹਰਿਦੁਆਰ ਫੁੱਲ ਤਾਰਨ ਤੋਂ ਬਾਅਦ ਹੀ ਗਤੀ ਹੁੰਦੀ ਹੈ। ਹਰਿਦੁਆਰ ਤੋਂ ਮੁੜਦੇ ਸਮੇਂ ਪਿਹੋਵਾ ਵਿਖੇ ਬਾਜ਼ੀਗਰ ਕਬੀਲੇ ਦੇ ਮੰਦਰ ਵਿੱਚ ਮੱਥਾ ਟੇਕਣ ਉਪਰੰਤ ਮ੍ਰਿਤਕ ਦੀ ਗਤੀ ਕਰਵਾਈ ਜਾਂਦੀ ਹੈ। ਹਰਿਦੁਆਰ ਤੋਂ ਬਾਅਦ ਬਾਜ਼ੀਗਰ ਕਬੀਲੇ ਵਿੱਚ ਇਸ ਮੰਦਰ ਦੀ ਬਹੁਤ ਮਾਨਤਾ ਹੈ। ਕਬੀਲੇ ਵਿੱਚ ਇਹ ਵਿਸ਼ਵਾਸ ਪ੍ਰਚਲਿਤ ਹੈ ਕਿ ਜੇਕਰ ਮ੍ਰਿਤਕ ਦੀ ਪਿਹੋਵੇ ਵਿਖੇ ਗਤੀ ਨਾ ਕਰਵਾਈ ਗਈ ਤਾਂ ਮ੍ਰਿਤਕ ਦੀ ਰੂਹ ਇੱਥੇ ਹੀ ਭਟਕਦੀ ਰਹੇਗੀ।

(ਖ) ਬੀਬੀਆਂ ਦੀ ਕੰਦੂਰੀ ਦੇਣਾ : ਬਾਜ਼ੀਗਰ ਕਬੀਲੇ ਵਿੱਚ ਬੀਬੀਆਂ ਦੀ ਕੰਦੂਰੀ ਦੇਣ ਦਾ ਪ੍ਰਚਲਨ ਹੈ। ਕੰਦੂਰੀ ਬਾਜ਼ੀਗਰ ਪਰਿਵਾਰ ਦੀ ਵਡੇਰੀ ਉਮਰ ਦੀ ਸਿਆਣੀ ਔਰਤ ਵਲੋਂ ਦਿੱਤੀ ਜਾਂਦੀ ਹੈ। ਕੰਦੂਰੀ ਦੇਣ ਵਾਲੀ ਔਰਤ ਨੂੰ ਸਵੇਰੇ ਉਠ ਕੇ ਇਸ਼ਨਾਨ ਕਰਕੇ ਚੌਂਕੇ ਤੇ ਗਾਂ ਦੇ ਗੋਹੇ ਦਾ ਪੋਚਾ ਲਾ ਕੇ ਮਿੱਠੇ ਚਾਵਲ ਜਾਂ ਦੇਸੀ ਘਿਓ ਦੀ ਚੂਰੀ ਤਿਆਰ ਕਰਨੀ ਪੈਂਦੀ ਹੈ। ਇਸ ਉਪਰੰਤ ਕਬੀਲੇ ਦੀਆਂ ਸ਼ਹੀਦ ਬੀਬੀਆਂ ਨੂੰ ਮੱਥਾ ਟੇਕ ਕੇ ਭੋਗ ਲੁਆ ਕੇ ਬੱਚਿਆਂ ਅਤੇ ਕਬੀਲੇ ਦੀਆਂ ਕੰਜਕਾਂ ਨੂੰ

ਭੋਜਨ ਛਕਾਇਆ ਜਾਂਦਾ ਹੈ। ਕਬੀਲੇ ਦੀਆਂ ਸ਼ਹੀਦ ਬੀਬੀਆਂ ਦੀ ਦੰਤ ਕਥਾ ਇਸ ਪ੍ਰਕਾਰ ਹੈ :-

"ਬਾਜ਼ੀਗਰ ਕਬੀਲੇ ਦੀਆਂ ਚਾਰ ਸੁੰਦਰ ਲੜਕੀਆਂ ਨੂੰ ਅਕਬਰ ਨੇ ਬੰਦੀ ਬਣਾ ਕੇ ਉਨ੍ਹਾਂ ਨਾਲ ਆਪਣੇ ਪੁੱਤਰਾਂ ਦਾ ਜ਼ਬਰਦਸਤੀ ਵਿਆਹ ਕਰਾਉਣ ਦੀ ਕੋਸ਼ਿਸ਼ ਕੀਤੀ ਪਰ ਇਨ੍ਹਾਂ ਲੜਕੀਆਂ ਨੇ ਆਪਣੇ ਕਬੀਲੇ ਦੀ ਆਨ ਅਤੇ ਸ਼ਾਨ ਬਰਕਰਾਰ ਰੱਖਦੇ ਹੋਏ ਮੁਸਲਮਾਨ ਹਾਕਮ ਦੀ ਈਨ ਨਾ ਮੰਨਦੇ ਹੋਏ ਉਸਦੇ ਕਿਲੇ ਵਿੱਚੋਂ ਛਾਲ ਮਾਰਕੇ ਆਪਣੀ ਜਾਨ ਕੁਰਬਾਨ ਕਰ ਦਿੱਤੀ। ਸਾਰਾ ਬਾਜ਼ੀਗਰ ਕਬੀਲਾ ਇਨ੍ਹਾਂ ਨੂੰ ਦੇਵੀਆਂ ਦੇ ਰੂਪ ਵਿਚ ਵੇਖਦਾ ਹੋਇਆ ਇਨ੍ਹਾਂ ਦੇ ਨਾਂ ਦੀਆਂ ਕੰਦੂਰੀਆਂ ਦੇ ਕੇ ਇਨ੍ਹਾਂ ਲੜਕੀਆਂ ਪ੍ਰਤੀ ਆਪਣੀ ਸ਼ਰਧਾ ਅਤੇ ਆਸਥਾ ਪ੍ਰਗਟ ਕਰਦਾ ਹੈ।"

(ਗ) ਬਾਬਾ ਮੰਗਲ ਦਾਸ : ਬਾਬਾ ਮੰਗਲ ਦਾਸ ਬਾਜ਼ੀਗਰ ਕਬੀਲੇ ਦੇ ਬਹੁਤ ਵੱਡੇ ਸੰਤ ਮਹਾਂਪੁਰਸ਼ ਹੋਏ ਹਨ। ਉਨ੍ਹਾਂ ਦਾ ਜਨਮ ਪਾਕਿਸਤਾਨ ਵਿਖੇ ਜ਼ਿਲ੍ਹਾ ਲਾਇਲਪੁਰ ਵਿਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਸ੍ਰੀ ਗਹਿਣੂ ਰਾਮ ਅਤੇ ਮਾਤਾ ਦਾ ਨਾਂ ਦਿਆਲੀ ਦੇਵੀ ਸੀ। ਉਨ੍ਹਾਂ ਦੇ ਗੁਰੂ ਸ੍ਰੀ ਸ਼ਾਮ ਦਾਸ ਤਿਆਗੀ ਸਨ। ਬਾਬਾ ਮੰਗਲ ਦਾਸ ਬਹੁਤ ਹੀ ਤਪੱਸਵੀ ਹੱਠਯੋਗੀ ਸਨ। ਉਹ ਆਪਣਾ ਬਹੁਤ ਸਮਾਂ ਹੱਠਯੋਗ ਅਤੇ ਆਪਣੇ ਚੇਲਿਆਂ ਨਾਲ ਵਾਰਤਾ ਵਿੱਚ ਲਗਾਉਂਦੇ ਸਨ। ਉਨ੍ਹਾਂ ਦੇ ਅੱਜ ਵੀ ਕਬੀਲੇ ਵਿਚ 600-700 ਦੇ ਕਰੀਬ ਚੇਲੇ ਹਨ। ਉਹ ਜਟਾਧਾਰੀ ਮਹਾਂਪੁਰਸ਼ ਸਨ ਅਤੇ ਚਿੱਟੇ ਬਸਤਰ ਪਹਿਨਦੇ ਸਨ। ਉਨ੍ਹਾਂ ਦੀ ਯਾਦ ਵਿੱਚ ਸਰਸਵਤੀ ਨਦੀ ਦੇ ਕਿਨਾਰੇ ਬ੍ਰਹਮਜਨ ਵਿਖੇ ਸਰੋਵਰ ਬਣਿਆ ਹੋਇਆ ਹੈ। ਉਹ ਹਿੰਦ ਪਾਕਿ ਦੀ ਵੰਡ ਸਮੇਂ ਜਦੋਂ ਬੁਰਛਾਗਰਦੀ ਪੂਰੇ ਸਿਖ਼ਰ ਤੇ ਸੀ ਤੀਹ ਪਿੰਡਾਂ ਨੂੰ ਆਪਣੀ ਅਤੇ ਆਪਣੇ ਚੇਲਿਆਂ ਦੀ ਅਗਵਾਈ ਵਿੱਚ ਬਚਾ ਕੇ ਭਾਰਤ ਲਿਆਏ ਸਨ। ਉਸ ਸਮੇਂ ਦੀ ਸਰਕਾਰ ਨੇ ਆਪ ਜੀ ਨੂੰ ਉਚੇਚੇ ਤੌਰ ਤੇ ਮਾਣ ਪੱਤਰ ਦੇ ਕੇ ਸਨਮਾਨਤ ਵੀ ਕੀਤਾ ਸੀ। ਬਾਜ਼ੀਗਰ ਕਬੀਲੇ ਵਿੱਚ ਅੱਜ ਵੀ ਆਪ ਜੀ ਦੇ ਤਪ ਅਤੇ ਦਲੇਰੀ ਦੀਆਂ ਕਈ ਸਾਖੀਆਂ ਪ੍ਰਚਲਤ ਹਨ (ਹਵਾਲੇ ਵਜੋਂ ਮਾਣ ਪੱਤਰ ਨਾਲ ਪਿੱਛੇ ਨੱਥੀ ਹੈ) ਉਨ੍ਹਾਂ ਦੇ ਚੇਲੇ ਅੱਜ ਵੀ ਉਨ੍ਹਾਂ ਦੀ ਦਿੱਖਿਆ ਸਿੱਖਿਆ ਨੂੰ ਅੱਗੇ ਤੋਰ ਰਹੇ ਹਨ।

(ਘ) ਸਾਈ ਸੋਹਣੇ ਸ਼ਾਹ : ਸਾਈਂ ਸੋਹਣੇ ਸ਼ਾਹ ਦੀ ਮਜ਼ਾਰ ਜ਼ਿਲ੍ਹਾ ਪਟਿਆਲਾ ਦੇ ਪਿੰਡ ਅਬਲੋਵਾਲ (ਡੇਰਾ) ਵਿਖੇ ਸਥਿਤ ਹੈ। ਸਾਈਂ ਸੋਹਣੇ ਸ਼ਾਹ ਜਿਸ ਨੂੰ ਸਾਰੇ ਸਤਿਕਾਰ ਨਾਲ ਸਾਈਂ ਕਹਿੰਦੇ ਹਨ, ਬਾਬਾ ਚੁੱਪ ਸ਼ਾਹ ਦਾ ਮੁਰੀਦ ਸੀ। ਸਾਈਂ ਸੋਹਣੇ ਸ਼ਾਹ ਨੇ ਬਾਰਾਂ ਸਾਲ ਦਾ ਰੋਜ਼ਾ ਰੱਖਕੇ ਕਰੜੀ ਤਪੱਸਿਆ ਕੀਤੀ। ਸਾਈਂ ਸੋਹਣੇ ਸ਼ਾਹ ਦਾ ਪਾਕਿਸਤਾਨ ਵਿੱਚ ਸ਼ੇਖੂਪੁਰ ਦੇ ਪਿੰਡ ਟਿੱਬੀ ਮਾਨ ਸਿੰਘ ਵਿਖੇ ਹੁਜਰਾ ਸੀ ਜਿਥੇ ਉਹ ਦਿਨ ਰਾਤ ਅੱਲਾ ਦੀ ਇਬਾਦਤੰ ਕਰਦੇ ਰਹਿੰਦੇ ਸਨ। ਉਨ੍ਹਾਂ ਦਾ ਹੁਜਰਾ ਇਕ ਖੂਹੀ ਦੇ ਕਿਨਾਰੇ ਸੀ। ਸਾਈਂ ਸੋਹਣੇ ਸ਼ਾਹ ਦਾ ਆਲੇ ਦੁਆਲੇ ਦੇ ਇਲਾਕੇ ਵਿਚ ਚੰਗਾ ਰਸੂਖ਼ ਸੀ। ਉਨ੍ਹਾਂ ਦੇ ਸਵਾਲੀਆਂ ਦੀ ਗਿਣਤੀ ਵੀ ਬਹੁਤ ਜ਼ਿਆਦਾ ਹੈ। ਦੇਸ਼ ਦੀ ਵੰਡ ਤੋਂ ਬਾਅਦ ਉਹ ਜ਼ਿਲ੍ਹਾ ਪਟਿਆਲਾ ਦੇ ਪਿੰਡ ਅਬਲੋਵਾਲ

ਵਿਖੇ ਆ ਟਿਕੇ ਤੇ ਮਰਨ ਉਪਰੰਤ ਇਨ੍ਹਾਂ ਦੀ ਇਥੇ ਹੀ ਦਰਗਾਹ ਬਣਾਈ ਗਈ। ਸਾਈਂ ਸੋਹਣੇ ਸ਼ਾਹ ਕਬੀਲੇ ਦੀ ਧਰਮਸ਼ੋਤ ਗੋਤ ਵਿਚੋਂ ਸਨ। ਜੱਗਾ ਤੇ ਯਾਰ੍ਹਾ ਉਨ੍ਹਾਂ ਦੇ ਤੇਜਸਵੀ ਪੁੱਤਰ ਸਨ ਜਿਹੜੇ ਕਿ ਕਬੀਲੇ ਦੇ ਨਿਧੜਕ ਪੈਂਚਾਂ ਵਜੋਂ ਜਾਣੇ ਜਾਂਦੇ ਹਨ। ਇਥੇ ਹੁਣ ਹਰ ਸਾਲ 5 ਹਾੜ੍ਹ ਨੂੰ ਮੇਲਾ ਲਗਦਾ ਹੈ, ਢੋਲ ਵਜਦੇ ਹਨ ਅਤੇ ਕਵਾਲੀ ਗਾਇਣ ਵੀ ਹੁੰਦਾ ਹੈ। ਬਾਜ਼ੀਗਰ ਕਬੀਲਾ ਸਾਈਂ ਸੋਹਣੇ ਸ਼ਾਹ ਦੀ ਬਹੁਤ ਮਾਨਤਾ ਕਰਦਾ ਹੈ।

(ਵ) ਸੰਤ ਬਾਵਾ ਲਾਲ : ਬਾਜ਼ੀਗਰ ਕਬੀਲਾ ਸੰਤ ਬਾਵਾ ਲਾਲ ਦੀ ਬੜੀ ਸ਼ਰਧਾ ਨਾਲ ਪੂਜਾ ਕਰਦਾ ਹੈ। ਸੰਤ ਬਾਵਾ ਲਾਲ ਦਾ ਮੁੱਖ ਸਥਾਨ ਪਿੰਡ ਉੱਦੋਕੀ, ਜਿਲ੍ਹਾ ਗੁਰਦਾਸਪੁਰ ਵਿਚ ਬਣਿਆ ਹੋਇਆ ਹੈ। ਬਾਜ਼ੀਗਰ ਕਬੀਲੇ ਦੇ 'ਲਾਲਕਾ' ਅਤੇ 'ਵਰਤੀਆਂ' ਗੋਤਰ ਦੀਆਂ ਭੱਟ ਵਹੀਆਂ ਅਨੁਸਾਰ 52 ਪਾਂਡੇ ਹੋਏ ਹਨ ਜਿਨ੍ਹਾਂ ਵਿਚ ਸੰਤ ਬਾਵਾ ਲਾਲ ਇਕ ਸਨ। ਕਬੀਲੇ ਵਿਚ ਸੰਤ ਬਾਵਾ ਲਾਲ ਸਬੰਧੀ ਇਹ ਵਿਸ਼ਵਾਸ਼ ਪ੍ਰਚਲਿਤ ਹੈ ਕਿ ਉਹ ਆਪਣੇ ਸਰੀਰ ਸਮੇਤ ਉਡਕੇ ਅਕਾਲਪੁਰੀ ਚਲੇ ਗਏ। ਕਬੀਲੇ ਦੇ ਕਈ ਘਰਾਂ ਵਿੱਚ ਬਾਵਾ ਲਾਲ ਦੇ ਸਥਾਨ ਬਣੇ ਹੋਏ ਹਨ ਜਿੱਥੇ ਸਾਲ ਵਿੱਚ ਇਕ ਵਾਰ ਕਬੀਲੇ ਦੇ ਲੋਕਾਂ ਦਾ ਮੇਲਾ ਭਰਦਾ ਹੈ।

ਬਾਜ਼ੀ ਦੀ ਕਲਾ ਅਤੇ ਬਾਜ਼ੀ ਦੀਆਂ ਕਿਸਮਾਂ

ਬਾਜ਼ੀਗਰ ਇੱਕ ਖ਼ਾਨਾਬਦੋਸ਼ ਕਬੀਲਾ ਹੈ ਜਿਸਦਾ ਸੰਬੰਧ ਬਾਜ਼ੀਗਿਰੀ ਅਤੇ ਬਾਜ਼ੀ ਕਲਾ ਨਾਲ ਹੈ। ਪਸ਼ੂ ਪਾਲਣਾ ਅਤੇ ਮਾਲ ਡੰਗਰਾਂ ਦਾ ਵਪਾਰ ਕਰਨਾ ਬਾਜ਼ੀਗਰ ਕਬੀਲੇ ਦਾ ਮੁੱਖ ਧੰਦਾ ਰਿਹਾ ਹੈ। ਪੰਜਾਬ ਦੇ ਬਾਜ਼ੀਗਰ ਬਾਜ਼ੀ ਦੀ ਕਲਾ ਕਰਕੇ ਪੰਜਾਬੀ ਸੱਭਿਆਚਾਰ ਵਿੱਚ ਆਪਣੀ ਵਿਲੱਖਣ ਪਛਾਣ ਰੱਖਦੇ ਹਨ। ਬਾਜ਼ੀ ਪਾਉਣੀ ਜਿੱਥੇ ਬਾਜ਼ੀਗਰਾਂ ਦਾ ਨਿੱਤ ਦਾ ਪੇਸ਼ਾ ਸੀ ਉੱਥੇ ਪੰਜਾਬ ਦੇ ਲੋਕਾਂ ਦੇ ਮਨੋਰੰਜਨ ਦਾ ਇੱਕ ਸਾਧਨ ਵੀ ਸੀ। ਮਹਾਨ ਕੋਸ਼ ਅਨੁਸਾਰ 'ਬਾਜ਼ੀ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਭਾਵ ਖੇਲ ਤਮਾਸ਼ਾ ਜਾਂ ਫਿਰ ਬਾਜ਼ੀਗਰ ਦੀ ਕ੍ਰਿਆ ਹੈ।'[1] ਬਾਜ਼ੀ ਦਾ ਸਬੰਧ ਪ੍ਰਦਰਸ਼ਨ ਨਾਲ ਹੈ। ਬਾਜ਼ੀ ਨੂੰ ਦੋ ਵਰਗਾਂ ਵਿਚ ਵੰਡਿਆ ਕੀਤਾ ਜਾ ਸਕਦਾ ਹੈ:-

1. ਕੱਚੀ ਬਾਜ਼ੀ
2. ਪੱਕੀ ਬਾਜ਼ੀ

(ੳ) ਕੱਚੀ ਬਾਜ਼ੀ : ਕੱਚੀ ਬਾਜ਼ੀ ਉਹ ਬਾਜ਼ੀ ਹੈ ਜਿਹੜੀ ਪੰਜਾਬ ਦੇ ਬਾਜ਼ੀਗਰਾਂ ਵਲੋਂ ਕੇਵਲ ਡੰਗ ਟਪਾਉਣ ਲਈ ਪਾਈ ਜਾਂਦੀ ਸੀ। ਇਸ ਤਰ੍ਹਾਂ ਦੀ ਬਾਜ਼ੀ ਲਈ ਕੋਈ ਉਚੇਚਾ ਪਿੜ ਨਹੀਂ ਸੀ ਬੰਨ੍ਹਿਆ ਜਾਂਦਾ ਤੇ ਨਾ ਹੀ ਕੋਈ ਰਵਾਇਤੀ ਐਲਾਨ ਕੀਤਾ ਜਾਂਦਾ ਸੀ। ਇਸ ਤਰ੍ਹਾਂ ਦੀ ਬਾਜ਼ੀ ਵਿਚ ਬਾਜ਼ੀਗਰ ਨਿੱਕੀਆਂ-ਨਿੱਕੀਆਂ ਟੋਲੀਆਂ ਬਣਾ ਕੇ ਪਿੰਡਾਂ ਵਿੱਚ ਨਿਕਲ ਜਾਇਆ ਕਰਦੇ ਸਨ। ਉਨ੍ਹਾਂ ਨੂੰ ਪਿੰਡਾਂ ਵਿੱਚ ਘਰ ਘਰ ਜਾ ਕੇ ਰੋਜ਼ੀ ਰੋਟੀ ਲਈ ਬਾਜ਼ੀ ਦੀ ਕਲਾ ਦੇ ਨਿੱਕੇ-ਨਿੱਕੇ ਕਰਤੱਬ ਦਿਖਾਉਣੇ ਪੈਂਦੇ ਸਨ ਜਿਸਦੇ ਬਦਲੇ ਵਿੱਚ ਇਨ੍ਹਾਂ ਨੂੰ ਆਟਾ ਗੁੜ ਅਤੇ ਅਨਾਜ ਮਿਲਦਾ ਹੁੰਦਾ ਸੀ। ਬਾਜ਼ੀ ਪਾਉਣੀ ਇਨ੍ਹਾਂ ਦਾ ਨਿੱਤ ਦਾ ਪੇਸ਼ਾ ਸੀ। ਇਨ੍ਹਾਂ ਮੌਕਿਆਂ ਸਮੇਂ ਕਈ ਵਾਰ ਜ਼ਿੰਮੀਦਾਰਾਂ ਨਾਲ ਸ਼ਰਤਾਂ ਵੀ ਲੱਗ ਜਾਂਦੀਆਂ ਸਨ। ਇਨ੍ਹਾਂ ਵਿੱਚ ਜ਼ਿਆਦਾ ਸ਼ਰਤਾਂ 'ਵੀਣੀ ਫੜਨ' ਦੀਆਂ ਲਗਦੀਆਂ ਹੁੰਦੀਆਂ ਸਨ ਕਿਉਂਕਿ ਬਾਜ਼ੀਗਰ ਵੀਣੀ ਫੜਨ ਦੀ ਕਲਾ ਵਿੱਚ ਬਹੁਤ ਪ੍ਰਬੀਨ ਸਨ। ਸ਼ਰਤ ਜਿੱਤ ਜਾਣ ਤੇ ਇਨ੍ਹਾਂ ਨੂੰ ਕਈ ਵਾਰੀ ਅੰਨ ਦਾਣੇ ਦੇ ਮੋਟੇ ਗੱਫ਼ੇ ਵੀ ਮਿਲ ਜਾਇਆ ਕਰਦੇ ਸਨ।

(ਅ) ਪੱਕੀ ਬਾਜ਼ੀ : ਪੱਕੀ ਬਾਜ਼ੀ ਢੋਲ ਦੇ ਡੱਗੇ ਤੇ ਬਕਾਇਦਾ ਐਲਾਨ ਕਰਕੇ ਪਿੜ ਬੰਨ੍ਹ ਕੇ ਪਾਈ ਜਾਂਦੀ ਸੀ। ਪੱਕੀ ਬਾਜ਼ੀ ਪਾਉਣ ਤੋਂ ਪਹਿਲਾਂ ਬਾਜ਼ੀਗਰਾਂ ਵਲੋਂ ਪਿੰਡ ਦੇ ਮੁਖੀ ਨਾਲ ਗੱਲਬਾਤ ਕਰਕੇ ਬਾਜ਼ੀ ਦੀ ਕਲਾ ਦਿਖਾਉਣ ਲਈ ਸਮਾਂ ਮੁਕੱਰਰ ਕੀਤਾ ਜਾਂਦਾ ਸੀ। ਪੰਜਾਬ ਦੇ ਪਿੰਡਾਂ ਵਿੱਚ ਬਾਜ਼ੀ ਪਾਉਣ ਦਾ ਸਮਾਂ ਜ਼ਿਆਦਾਤਰ

ਹਾੜ੍ਹੀ ਸਾਉਣੀ ਤੋਂ ਬਾਅਦ ਦੇ ਸਮੇਂ ਨੂੰ ਮਿਥਿਆ ਜਾਂਦਾ ਸੀ ਕਿਉਂਕਿ ਇਸ ਵੇਲੇ ਕਿਸਾਨਾਂ ਅਤੇ ਕਾਮਿਆਂ ਨੂੰ ਬਾਜ਼ੀ ਦੇ ਕਰਤੱਬ ਵੇਖਣ ਲਈ ਉਚੇਚਾ ਸਮਾਂ ਮਿਲ ਜਾਂਦਾ ਸੀ। ਇਸ ਸਮੇਂ ਦੌਰਾਨ ਬਾਜ਼ੀ ਪਾਉਣ ਵਾਲੇ ਬਾਜ਼ੀਗਰਾਂ ਦਾ ਢੋਲਚੀ ਆਪਣੇ ਨਾਲ ਦੋ ਤਿੰਨ ਹੋਰ ਬਾਜ਼ੀਗਰਾਂ ਨੂੰ ਨਾਲ ਲੈ ਕੇ ਨੇੜੇ ਤੇੜੇ ਦੇ ਪਿੰਡਾਂ ਵਿੱਚ ਢੋਲ ਦੀ ਥਾਪ ਤੇ ਬਾਜ਼ੀ ਪਾਉਣ ਦੀ ਥਾਂ ਅਤੇ ਸਮੇਂ ਬਾਰੇ ਬਕਾਇਦਾ ਐਲਾਨ ਕਰਦਾ ਹੁੰਦਾ ਸੀ। ਇਹ ਐਲਾਨ ਬਹੁਤ ਹੀ ਮਜ਼ਾਹਿਆ ਅੰਦਾਜ਼ ਵਿੱਚ ਕੀਤਾ ਜਾਂਦਾ ਸੀ। ਬਾਜ਼ੀ ਦੇ ਐਲਾਨ ਸਮੇਂ ਬਾਜ਼ੀਗਰਾਂ ਦੇ ਢੋਲਚੀ ਦੇ ਨਾਲ ਸਾਰੇ ਪਿੰਡ ਦੇ ਬੱਚੇ ਇਕੱਠੇ ਹੋ ਜਾਇਆ ਕਰਦੇ ਸਨ ਅਤੇ ਕਈ ਢੋਲ ਦੀ ਤਾਲ ਤੇ ਨੱਚਕੇ ਆਪਣਾ ਮਨੋਰੰਜਨ ਵੀ ਕਰ ਲੈਂਦੇ ਸਨ। 'ਢੋਲ' ਅੱਜ ਵੀ ਪੰਜਾਬ ਦੇ ਬਾਜ਼ੀਗਰਾਂ ਦਾ ਹਰਮਨ ਪਿਆਰਾ ਸਾਜ਼ ਹੈ। ਬਾਜ਼ੀਗਰਾਂ ਦੇ ਵਿਆਹ ਸ਼ਾਦੀਆਂ ਅਤੇ ਹੋਰ ਖੁਸ਼ੀ ਦੇ ਸਮਾਗਮ ਢੋਲ ਦੀ ਤਾਲ ਨਾਲ ਹੀ ਸਿਰੇ ਚੜ੍ਹਦੇ ਹਨ। ਪੱਕੀ ਬਾਜ਼ੀ ਕਿਸੇ ਵੇਲੇ ਪੰਜਾਬ ਦੇ ਲੋਕਾਂ ਦੇ ਮਨੋਰੰਜਨ ਦਾ ਮੁੱਖ ਸਾਧਨ ਹੋਇਆ ਕਰਦੀ ਸੀ। ਘਰ ਘਰ ਟੈਲੀਵਿਜ਼ਨ ਤੇ ਸਿਨੇਮੇ ਦੇ ਪਾਸਾਰ ਨਾਲ ਹੌਲੀ ਹੌਲੀ ਇਹ ਚੇਟਕ ਕੇਵਲ ਕੁਝ ਕੁ ਸਭਿਆਚਾਰਕ ਅਤੇ ਖੇਡ ਮੇਲਿਆਂ ਦੇ ਪ੍ਰਦਰਸ਼ਨ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਪੰਜਾਬ ਦੇ ਬਾਜ਼ੀਗਰ ਬਹੁਤ ਹੀ ਸਵੈਮਾਣ ਅਤੇ ਜ਼ਾਹੋ ਜਲਾਲ ਨਾਲ ਬਾਜ਼ੀ ਦਾ ਪ੍ਰਦਰਸ਼ਨ ਕਰਿਆ ਕਰਦੇ ਸਨ। ਕਈ ਵਾਰ ਪਿੰਡ ਦੇ ਪਤਵੰਤਿਆਂ ਵਲੋਂ ਕੋਈ ਖ਼ਤਰਨਾਕ ਸਾਹਸੀ ਕਰਤੱਬ ਦਿਖਾਉਣ ਲਈ ਵੀ ਬਾਜ਼ੀਗਰਾਂ ਨੂੰ ਵੰਗਾਰ ਪਾ ਦਿੱਤੀ ਜਾਂਦੀ ਸੀ। ਇਹ ਕਰਤੱਬ ਬਹੁਤ ਹੀ ਜਾਨ ਲੇਵਾ ਹੁੰਦੇ ਸਨ। ਜਿਵੇਂ ਕਹੀਆਂ ਦੀ ਇਕ ਪਾਲ ਸਿੱਧੀ ਵਿੱਛਾ ਕੇ ਉਸ ਤੋਂ ਲੰਬੀ ਛਾਲ ਮਾਰਨ ਦੀ ਸ਼ਰਤ ਬਹੁਤ ਪ੍ਰਚਲਤ ਸੀ। ਇਸ ਤੋਂ ਇਲਾਵਾ ਬਾਜ਼ੀਗਰਾਂ ਵੱਲੋਂ ਖੂਹ ਦੀ ਮੌਣ ਦੇ ਇੱਕ ਪਾਸੇ ਤੋਂ ਪੁੱਠੀ ਛਾਲ ਲਾ ਕੇ ਮੌਣ ਦੇ ਦੂਜੇ ਪਾਸੇ ਜਾ ਖੜ੍ਹਨ ਦਾ ਜੋਖ਼ਮ ਭਰਿਆ ਕਰਤੱਬ ਵੀ ਆਕਰਸ਼ਨ ਦਾ ਮੁੱਖ ਕੇਂਦਰ ਹੁੰਦਾ ਸੀ। ਇਹ ਸ਼ਰਤ ਬਾਜ਼ੀਗਰਾਂ ਵਲੋਂ ਅੱਖ ਦੇ ਫੋਰ ਵਿੱਚ ਜਿੱਤ ਲਈ ਜਾਂਦੀ ਸੀ। ਇਨ੍ਹਾਂ ਕਰਤੱਬਾਂ ਦੀ ਮੁੱਖ ਰੀੜ ਬਾਜ਼ੀਗਰ ਲੋਕਾਂ ਦੇ ਮਨ ਦੀ ਇਕਾਗਰਤਾ ਅਤੇ ਸਰੀਰ ਦੀ ਲਚਕਤਾ ਹੁੰਦੀ ਸੀ। ਬਾਜ਼ੀ ਦੀ ਖੇਡ ਖਤਮ ਹੁੰਦਿਆਂ ਹੀ ਬਾਜ਼ੀਗਰ ਲੋਕਾਂ ਵਲੋਂ ਰੱਜ ਕੇ ਡਾਚੀਆਂ ਅਤੇ ਬੱਕਰੀਆਂ ਦਾ ਦੁੱਧ ਅਤੇ ਗੁੜ ਖਾਧਾ ਜਾਂਦਾ ਸੀ। ਰਾਤ ਨੂੰ ਭੋਜਨ ਵਿੱਚ 'ਰੋੜਾਂ ਦੀ ਕੜ੍ਹੀ' ਅਤੇ 'ਦੁੱਧ ਦੀ ਕੜੀ' ਵਿਸ਼ੇਸ਼ ਰੂਪ ਵਿੱਚ ਭੋਜਨ ਵਿੱਚ ਸ਼ਾਮਲ ਕੀਤੀ ਜਾਂਦੀ ਹੈ। 'ਰੋੜਾਂ ਦੀ ਕੜ੍ਹੀ' ਵਿੱਚ ਪਾਂਡੂ ਮਿੱਟੀ ਵਿੱਚ ਪੈਦਾ ਹੋਣ ਵਾਲੇ ਪੱਕੇ ਰੋੜ ਪਾਏ ਜਾਂਦੇ ਸਨ। ਬਾਜ਼ੀਗਰ ਲੋਕ ਇਹ ਮੰਨਦੇ ਹਨ ਕਿ ਇਹ ਰੋੜਾਂ ਦੀ ਕੜ੍ਹੀ ਉਨ੍ਹਾਂ ਦੇ ਸਰੀਰ ਅਤੇ ਹੱਡੀਆਂ ਨੂੰ ਮਜ਼ਬੂਤ ਬਣਾਉਂਦੀ ਹੈ। 'ਦੁੱਧ ਦੀ ਕੜੀ' ਤਾਂ ਲਗਭਗ ਹਰ ਰੋਜ਼ ਹੀ ਭੋਜਨ ਵਿੱਚ ਸ਼ਾਮਲ ਕੀਤੀ ਜਾਂਦੀ ਹੈ। ਇਸ ਵਿੱਚ ਹਲਦੀ, ਕਾਲੀ ਮਿਰਚ, ਲਸਣ, ਪਿਆਜ, ਨਮਕ ਮਿਰਚ, ਹਿੰਗ ਅਤੇ ਵੱਡੀ ਮਾਤਰਾ ਵਿਚ ਦੁੱਧ ਪਾਇਆ ਜਾਂਦਾ ਸੀ। ਇਹ ਕੜੀ ਬਾਜ਼ੀਗਰ ਲੋਕਾਂ ਦੇ ਸਰੀਰਾਂ ਦੀਆਂ ਅੰਦਰਲੀਆਂ ਸੱਟਾਂ ਲਈ ਬਹੁਤ ਲਾਹੇਵੰਦ ਹੁੰਦੀ ਹੈ ਅਤੇ ਅੰਦਰਲੀਆਂ

ਨਿੱਕੀਆਂ ਮੋਟੀਆਂ ਸੱਟਾਂ ਲਈ ਮਰਮ ਦਾ ਕੰਮ ਕਰਦੀ ਹੈ। ਅੱਜ ਵੀ ਬਾਜ਼ੀਗਰ ਘਰਾਂ ਵਿੱਚ ਇਹ ਕੜੀ ਬਹੁਤ ਹੀ ਸ਼ੌਕ ਨਾਲ ਭੋਜਨ ਵਿੱਚ ਸ਼ਾਮਲ ਕੀਤੀ ਜਾਂਦੀ ਹੈ। ਪੁਰਾਣੇ ਸਮਿਆਂ ਵਿੱਚ ਪਿੰਡਾਂ ਦੇ ਲੋਕ ਬਾਜ਼ੀ ਦੀ ਕਲਾ ਨੂੰ ਆਪਣੇ ਸਵੈਮਾਨ ਨਾਲ ਜੋੜਕੇ ਵੇਖਦੇ ਸਨ। ਪਿੰਡਾਂ ਦੇ ਮੁਖੀਆਂ ਵਲੋਂ ਬਾਜ਼ੀ ਪਾਉਣ ਵਾਲੇ ਬਾਜ਼ੀਗਰਾਂ ਨੂੰ ਸਨਮਾਨ ਵਜੋਂ ਮੁੰਦਰੀ, ਸਿਰੋਪਾ, ਰੁਪਈਏ, ਘਿਓ, ਗੁੜ ਅਤੇ ਅਨਾਜ ਦਿੱਤਾ ਜਾਂਦਾ ਸੀ। ਉਸ ਸਮੇਂ ਜਿਹੜੇ ਪਿੰਡ ਵਿੱਚ ਬਾਜ਼ੀ ਨਹੀਂ ਸੀ ਪੈਂਦੀ ਉਸ ਪਿੰਡ ਦਾ ਮੁੱਖੀ ਇਸਨੂੰ ਆਪਣੀ ਹੱਤਕ ਸਮਝਦਾ ਸੀ।

ਬਾਜ਼ੀ ਦੀਆਂ ਮੁੱਖ ਕਿਸਮਾਂ ਇਸ ਪ੍ਰਕਾਰ ਹਨ :-

1. **ਇਕਹਰੀ ਛਾਲ :** ਬਾਜ਼ੀਗਰ ਕਬੀਲੇ ਦੇ ਲੋਕ ਬਾਜ਼ੀ ਦੇ ਕਰਤੱਬ ਦਿਖਾਉਣ ਸਮੇਂ ਇਕਹਰੀ ਛਾਲ ਤੋਂ ਬਾਜ਼ੀ ਦੀ ਖੇਡ ਸ਼ੁਰੂ ਕਰਦੇ ਹਨ। ਬਾਜ਼ੀ ਪਾਉਣ ਤੋਂ ਕੁਝ ਸਮਾਂ ਪਹਿਲਾਂ ਢੋਲ ਦੀ ਤਾਲ 'ਧਮਾਲ' ਤੇ ਸੱਜਾ ਹੱਥ ਉੱਪਰ ਕਰਕੇ ਖੱਬੀ ਲੱਤ ਉੱਤੇ ਕਰਕੇ ਕੁਝ ਸਮੇਂ ਲਈ ਇਧੱਰ ਉਧੱਰ ਝੂਲਿਆ ਜਾਂਦਾ ਹੈ। ਇਸ ਨਾਲ ਬਾਜ਼ੀਗਰ ਦਾ ਸਰੀਰ ਗਰਮ ਹੋ ਜਾਂਦਾ ਹੈ ਅਤੇ ਮਨ ਵਿਚ ਜੋਸ਼ ਭਰ ਜਾਂਦਾ ਹੈ। ਇਸ ਕ੍ਰਿਆ ਤੋਂ ਬਾਅਦ ਬਾਜ਼ੀਗਰ ਛਾਲ ਮਾਰਨ ਤੋਂ ਪਹਿਲਾਂ ਛਾਲ ਲਗਾਉਣ ਦਾ ਪਾਲ਼ਾ ਮਿੱਥ ਲੈਂਦਾ ਹੈ। ਇਸ ਉਪਰੰਤ ਤੇਜ਼ੀ ਨਾਲ ਦੌੜ੍ਹ ਕੇ ਨਿਸ਼ਚਿਤ ਥਾਂ ਤੋਂ ਉਤਾਂਹ ਵੱਲ ਕੁੱਦ ਕੇ ਹਵਾ ਵਿੱਚ ਇੱਕ ਲੋਟਣੀ ਖਾ ਕੇ ਇਕਹਰੀ ਛਾਲ ਲਾਈ ਜਾਂਦੀ ਹੈ। ਇਸ ਤੋਂ ਬਾਅਦ ਫਿਰ ਅਗਲੀ ਬਾਜ਼ੀ ਦੀ ਤਿਆਰੀ ਸ਼ੁਰੂ ਹੋ ਜਾਂਦੀ ਹੈ।

2. **ਦੂਹਰੀ ਛਾਲ :** ਬਾਜ਼ੀਗਰਾਂ ਵਲੋਂ ਬਾਜ਼ੀ ਦੇ ਕਰਤੱਬ ਦਿਖਾਉਣ ਸਮੇਂ ਇਕਹਰੀ ਛਾਲ ਤੋਂ ਬਾਅਦ ਦੂਹਰੀ ਛਾਲ ਲਗਾਈ ਜਾਂਦੀ ਹੈ। ਬਾਜ਼ੀ ਦੀ ਇਸ ਕਿਰਿਆ ਸਮੇਂ ਢੋਲੀ ਤਾਲਾਂ ਬਦਲ ਬਦਲ ਕੇ ਧਮਾਲ ਵਜਾਉਂਦਾ ਹੈ। ਦੂਹਰੀ ਛਾਲ ਲਗਾਉਣ ਤੋਂ ਪਹਿਲਾਂ ਬਾਜ਼ੀ ਪਾਉਣ ਵਾਲਾ ਬਾਜ਼ੀਗਰ ਤਿੰਨ ਚਾਰ ਵਾਰ ਇੱਕ ਥਾਂ ਤੇ ਖੜ੍ਹ ਕੇ ਕੁੱਦਦਾ ਹੈ ਤੇ ਫਿਰ ਤੇਜ਼ੀ ਨਾਲ ਭੱਜ ਕੇ ਮਿਥੀ ਹੋਈ ਥਾਂ ਖੋਦੀ ਤੋਂ ਉੱਪਰ ਵੱਲ ਨੂੰ ਛਾਲ ਮਾਰ ਕੇ ਹਵਾ ਵਿੱਚ ਦੋ ਲੋਟਣੀਆਂ ਖਾ ਕੇ ਤੀਜੀ ਲੋਟਣੀ ਸਮੇਂ ਪੱਬਾਂ ਦੇ ਭਾਰ ਹੇਠਾਂ ਉੱਤਰ ਆਉਂਦਾ ਹੈ। ਦਰਸ਼ਕਾਂ ਵੱਲੋਂ ਹੌਸਲਾ ਅਫ਼ਜ਼ਾਈ ਅਤੇ ਤਾੜੀਆਂ ਕਬੂਲਣ ਤੋਂ ਬਾਅਦ ਫਿਰ ਕੁਝ ਸਮਾਂ ਰੁਕ ਕੇ ਤੀਹਰੀ ਛਾਲ ਦੀ ਤਿਆਰੀ ਕੀਤੀ ਜਾਂਦੀ ਹੈ।

3. **ਤੀਹਰੀ ਛਾਲ :** ਦੂਹਰੀ ਛਾਲ ਤੋਂ ਬਾਅਦ ਬਾਜ਼ੀ ਪਾਉਣ ਵਾਲੇ ਬਾਜ਼ੀਗਰ ਵਲੋਂ ਤੀਹਰੀ ਛਾਲ ਮਾਰਨ ਦੀ ਤਿਆਰੀ ਕੀਤੀ ਜਾਂਦੀ ਹੈ। ਤੀਹਰੀ ਛਾਲ ਲਗਾਉਣ ਸਮੇਂ ਬਾਜ਼ੀ ਪਾਉਣ ਵਾਲਾ ਬਾਜ਼ੀਗਰ ਇੱਕ ਥਾਂ ਤੇ ਖੜ੍ਹਕੇ ਢੋਲ ਦੀ ਤਾਲ ਤੇ ਤਿੰਨ ਚਾਰ ਵਾਰ ਉੱਪਰ ਥੱਲੇ ਕੁੱਦਦਾ ਹੈ ਅਤੇ ਫਿਰ ਤੇਜ਼ੀ ਨਾਲ ਦੌੜਕੇ ਮਿੱਥੀ ਹੋਈ ਥਾਂ ਖੋਲ੍ਹੀ ਤੋਂ ਉੱਪਰ ਵੱਲ ਛਲਾਂਗ ਲਗਾਉਂਦਾ ਅਤੇ ਫਿਰ ਹਵਾ ਵਿੱਚ ਤਿੰਨ ਲੋਟਣੀਆਂ ਖਾ ਕੇ ਚੌਥੀ ਲੋਟਣੀ ਸਮੇਂ ਪੱਬਾਂ ਭਾਰ ਨੀਚੇ ਉਤਰ ਆਉਂਦਾ । ਇਹ ਕ੍ਰਿਆ ਅੱਖ ਦੇ ਫੌਰ ਵਿਚ ਪੂਰੀ ਹੋ ਜਾਂਦੀ ਹੈ। ਇਸ ਉਪਰੰਤ ਢੋਲਚੀ ਵਲੋਂ ਜਾਂ ਬਾਜ਼ੀ ਦੀ

ਨਿਗਰਾਨੀ ਕਰ ਰਹੇ ਮੁੱਖ ਬਾਜ਼ੀਗਰ ਵਲੋਂ ਅਗਲੀ ਬਾਜ਼ੀ ਦਾ ਐਲਾਨ ਕਰ ਦਿੱਤਾ ਜਾਂਦਾ ਹੈ। ਢੋਲਚੀ ਵਲੋਂ ਢੋਲ ਦਾ ਡੱਗਾ ਹੋਰ ਤੇਜ਼ ਕਰ ਦਿੱਤਾ ਜਾਂਦਾ ਹੈ ਤਾਂ ਕਿ ਬਾਜ਼ੀ ਵੇਖਣ ਵ਼ਾਲੇ ਲੋਕਾਂ ਦੀ ਬਾਜ਼ੀ ਵਿਚ ਦਿਲਚਸਪੀ ਬਣੀ ਰਹੇ ਅਤੇ ਉਹ ਵੇਗ ਵਿਚ ਆ ਕੇ ਢੋਲੇ ਮਾਹੀਏ ਵੀ ਗਾਉਂਦਾ ।

4. ਉੱਚੀ ਲੰਮੀ ਛਾਲ : ਉੱਚੀ ਲੰਮੀ ਛਾਲ ਵਿਚ ਇਕ ਫੱਟੀਨੁਮਾ ਪੱਟੜੀ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਕਰਕੇ ਇਸ ਛਾਲ ਨੂੰ ਪੱਟੜੀ ਦੀ ਛਾਲ ਕਿਹਾ ਜਾਂਦਾ ਹੈ। ਇਸ ਛਾਲ ਵਿੱਚ ਇੱਕ ਟੋਆ ਪੁੱਟ ਕੇ ਖੋਦੀ ਬਣਾ ਲਈ ਜਾਂਦੀ ਹੈ ਜਿਸ ਉਪਰ ਮਿੱਟੀ ਦੀ ਭਰੀ ਹੋਈ ਇੱਕ ਬੋਰੀ ਰੱਖੀ ਜਾਂਦੀ ਹੈ। ਬੋਰੀ ਦੇ ਵਿਚਕਾਰ ਅਗਲੇ ਪਾਸੇ ਫੱਟੀ ਨੂੰ ਸਿੱਧੀ ਦਿਸ਼ਾ ਵਿੱਚ ਥੋੜ੍ਹਾ ਤਿਰਛੇ ਢੰਗ ਨਾਲ ਰੱਖਿਆ ਜਾਂਦਾ ਹੈ। ਇਸ ਉਪਰੰਤ ਬਾਜ਼ੀਗਰ ਤੇਜ਼ੀ ਨਾਲ ਦੌੜਦਾ ਹੋਇਆ ਕੁੱਦ ਕੇ ਫੱਟੀ ਤੇ ਪੈਰ ਰੱਖਦਾ ਹੈ ਤੇ ਫੱਟੀ ਉਸ ਨੂੰ ਉਤਾਂਹ ਵੱਲ ਧੱਕ ਦਿੰਦੀ ਹੈ ਤੇ ਬਾਜ਼ੀਗਰ ਇਸਦੇ ਸਹਾਰੇ ਹਵਾ ਵਿੱਚ ਉਛਲਦਾ ਹੋਇਆ ਉਚੀ ਤੇ ਲੰਮੀ ਛਾਲ ਮਾਰਦਾ ਹੈ। ਪੱਟੜੀ ਦੀ ਛਾਲ ਵਿੱਚ ਉਹ ਦੁਬਾਰਾ ਛਲਾਂਗ ਲਗਾਉਂਦਾ ਹੋਇਆ ਹਵਾ ਵਿੱਚ ਦੋ ਜਾਂ ਤਿੰਨ ਲੋਟਣੀਆਂ ਖਾ ਕੇ ਕਰਤੱਬ ਵੀ ਵਿਖਾਉਂਦਾ ਹੈ। ਪੱਟੜੀ ਦੀ ਛਾਲ ਲਗਾਉਣ ਦੀ ਕ੍ਰਿਆ ਵਿੱਚ ਢੋਲੀ ਦੀ ਖ਼ਾਸ ਭੂਮਿਕਾ ਹੁੰਦੀ ਹੈ। ਛਾਲ ਦੀ ਸਫ਼ਲਤਾ ਪਿਛੋਂ ਉਹ ਢੋਲ ਨੂੰ ਸਿਰ ਤੇ ਧਰਕੇ ਵਜਾਉਂਦਾ ਹੈ ਅਤੇ ਵਜਦ ਵਿਚ ਆ ਕੇ ਨੱਚਦਾ ਵੀ ਹੈ।

5. ਸੂਲ਼ੀ ਦੀ ਛਾਲ : ਸੂਲ਼ੀ ਦੀ ਛਾਲ ਬਾਜ਼ੀਗਿਰੀ ਦਾ ਇੱਕ ਸਾਹਸੀ ਕਰਤੱਬ ਹੈ। ਬਾਜ਼ੀਗਰ ਇਸ ਛਾਲ ਨੂੰ ਇੱਕ ਜੋਖ਼ਮ ਭਰਿਆ ਕਰਤੱਬ ਮੰਨਦੇ ਹਨ। ਇਸ ਛਾਲ ਵਿੱਚ ਇੱਕ ਉੱਚਾ ਮਜ਼ਬੂਤ ਬਾਂਸ ਗੱਡ ਕੇ ਉੱਤੇ ਇਕ ਫੱਟੀ ਬੰਨ੍ਹ ਦਿੱਤੀ ਹੈ। ਇਸ ਪੱਟੀ ਵਿਚਕਾਰ ਇਕ ਬਰਛੀ ਵਰਗੀ ਲੰਬੀ ਲੋਹੇ ਦੀ ਸੂਲ਼ ਗੱਡੀ ਹੁੰਦੀ ਹੈ ਜਿਸ ਕਾਰਨ ਇਸ ਨੂੰ ਸੂਲ਼ੀ ਦੀ ਛਾਲ ਕਿਹਾ ਜਾਂਦਾ ਹੈ। ਇਸ ਬਾਂਸ ਦੇ ਆਲੇ ਦੁਆਲੇ ਸੰਤੁਲਨ ਬਣਾਉਣ ਲਈ ਚਾਰ ਰੱਸੀਆਂ ਕੱਸਕੇ ਬੰਨ੍ਹ ਦਿੱਤੀਆਂ ਜਾਂਦੀਆਂ ਹਨ। ਇਸ ਉਪਰੰਤ ਸੂਲ਼ੀ ਦੀ ਛਾਲ ਲਾਉਣ ਵਾਲਾ ਬਾਜ਼ੀਗਰ ਬਾਂਸ ਦੇ ਸਿਖਰ ਤੇ ਚੜ੍ਹ ਕੇ ਸੂਲ਼ੀ ਵਾਲੀ ਫੱਟੀ ਤੇ ਖਲੋ ਜਾਂਦਾ ਹੈ। ਸੂਲ਼ੀ ਦੀ ਛਾਲ ਲਾਉਣ ਤੋਂ ਪਹਿਲਾਂ ਉਹ ਪਲ ਦੋ ਪਲ ਆਪਣੀ ਮਨ ਦੀ ਇਕਾਗਰਤਾ ਬਣਾਉਂਦਾ ਤੇ ਫਿਰ ਫੱਟੀ ਤੋਂ ਉਪਰ ਵੱਲ ਨੂੰ ਹਵਾ ਵਿਚ ਉਛਲਦਾ ਹੋਇਆ ਪੁੱਠੀ ਛਾਲ ਮਾਰਕੇ ਸੰਤੁਲਨ ਬਣਾਉਦਾ ਹੋਇਆ ਮੁੜ ਸੂਲ਼ ਵਾਲੀ ਫੱਟੀ ਤੇ ਆ ਖੜ੍ਹਦਾ ਹੈ। ਬਾਜ਼ੀ ਦਾ ਇਹ ਕਰਤੱਬ ਸੂਲੀ ਕਾਰਨ ਦਰਸ਼ਕਾਂ ਦੇ ਸਾਹ ਰੋਕ ਦੇਣ ਵਾਲਾ ਹੁੰਦਾ ਹੈ। ਢੋਲ ਵਾਲਾ ਬਾਜ਼ੀਗਰ ਇਸ ਬਾਜ਼ੀ ਦੀ ਸਫ਼ਲਤਾ ਤੋਂ ਬਾਅਦ ਤੋੜੇ ਤੇ ਤੋੜਾ ਦੇ ਕੇ ਆਪਣੀ ਖੁਸ਼ੀ ਜ਼ਹਿਰ ਕਰਦਾ ਹੈ।

6. ਵੱਡੀ ਛਾਲ : ਇਹ ਇੱਕ ਸਾਹਸੀ ਕਰਤੱਬ ਹੋਣ ਕਰਕੇ ਇਸ ਛਾਲ ਨੂੰ ਵੱਡੀ ਛਾਲ ਕਿਹਾ ਜਾਂਦਾ ਹੈ। ਇਸ ਛਾਲ ਵਿੱਚ ਇੱਕ ਉੱਚਾ ਲੰਬਾ ਮਜ਼ਬੂਤ ਬਾਂਸ ਗੱਡ ਕੇ ਉਸਤੇ ਡੇਢ ਕੁ ਫੁੱਟ ਦੀ ਇੱਕ ਫੱਟੀ ਬੰਨ੍ਹ ਦਿੱਤੀ ਜਾਂਦੀ ਹੈ। ਇਸ ਬਾਂਸ ਦੇ ਆਲੇ ਦੁਆਲੇ ਚਾਰ ਰੱਸੀਆਂ ਕੱਸਕੇ ਬੰਨ੍ਹ ਦਿੱਤੀਆਂ ਜਾਂਦੀਆਂ ਹਨ ਜਿਨ੍ਹਾਂ ਵਿੱਚੋਂ

ਇੱਕ ਤੇ ਬਾਜ਼ੀਗਰ ਦੀ ਮਨਪਸੰਦ ਦਿਸ਼ਾ ਵਿੱਚ ਇਕ ਗਦੈਲਾ ਬੰਨ੍ਹ ਦਿੱਤਾ ਜਾਂਦਾ ਹੈ। ਇਸ ਉਪਰੰਤ ਬਾਜ਼ੀਗਰ ਬਾਂਸ ਦੇ ਸਿਖਰ ਤੇ ਚੜ੍ਹਕੇ ਫੱਟੀ ਤੇ ਖਲੋ ਜਾਂਦਾ ਹੈ ਅਤੇ ਹਵਾ ਵਿੱਚ ਕੁੱਦਕੇ ਪਿਛਾਂਹ ਵੱਲ ਪੁੱਠੀ ਛਾਲ ਮਾਰਕੇ ਗ਼ਦੈਲੇ ਤੇ ਜਾ ਬਹਿੰਦਾ ਹੈ। ਛਾਲ ਪੂਰੀ ਹੁੰਦਿਆਂ ਹੀ ਢੋਲੀ ਢੋਲ ਦੀ ਥਾਪ ਤੇਜ਼ ਕਰ ਦਿੰਦਾ ਹੈ ਤੇ ਬਾਜ਼ੀਗਰ ਦਾ ਹੌਸਲਾ ਵਧਾਉਂਦਾ ਹੈ।

7. ਚਾਰ ਕੋਨੇ ਦੀ ਛਾਲ : ਚਾਰ ਕੋਨੇ ਦੀ ਛਾਲ ਵਿੱਚ ਅੱਗੇ ਪਿੱਛੇ ਸੱਜੀ ਅਤੇ ਖੱਬੀ ਦਿਸ਼ਾ ਵਿੱਚ ਛਾਲ ਲਗਾਈ ਜਾਂਦੀ ਹੈ। ਇਸ ਛਾਲ ਵਿੱਚ ਢੋਲੀ ਬਾਜ਼ੀਗਰ ਦੇ ਕਾਫ਼ੀ ਨਜ਼ਦੀਕ ਹੋ ਕੇ ਢੋਲ ਦੀ ਤਾਲ ਦਿੰਦਾ ਹੈ। ਚਾਰ ਕੋਨੇ ਦੀ ਛਾਲ ਵਿੱਚ ਬਾਜ਼ੀਗਰ ਖੋਦੀ ਤੋਂ ਕੁੱਦ ਕੇ ਹਵਾ ਵਿੱਚ ਵਲ ਖਾਂਦਾ ਹੋਇਆ ਪਹਿਲਾਂ ਅੱਗੇ ਛਲਾਂਗ ਲਗਾਉਂਦਾ ਤੇ ਫਿਰ ਦੁਬਾਰਾ ਹਵਾ ਵਿੱਚ ਪੁੱਠੀ ਛਲਾਂਗ ਲਗਾਉਂਦਾ ਹੋਇਆ ਵਲ਼ ਖਾਕੇ ਮੁੜ ਖੋਦੀ ਤੇ ਆਣ ਖੜ੍ਹਦਾ ਹੈ। ਇਸ ਉਪਰੰਤ ਪਹਿਲਾਂ ਖੱਬੀ ਦਿਸ਼ਾ ਵਿੱਚ ਹਵਾ ਵਿੱਚ ਲੋਟਣੀ ਖਾ ਕੇ ਛਾਲ ਲਾਈ ਜਾਂਦੀ ਹੈ ਤੇ ਫਿਰ ਹਵਾ ਵਿੱਚ ਲੋਟਣੀ ਖਾ ਕੇ ਸੱਜੀ ਦਿਸ਼ਾ ਵਿੱਚ ਛਾਲ ਲਾਈ ਜਾਂਦੀ ਹੈ। ਇਸ ਛਾਲ ਵਿੱਚ ਢੋਲੀ ਬਾਜ਼ੀਗਰ ਦੇ ਆਲੇ ਦੁਆਲੇ ਢੋਲ ਵਜਾਉਂਦਾ ਹੋਇਆ ਛਾਲ ਪੂਰੀ ਹੋਣ ਤੱਕ ਕਈ ਗੇੜੇ ਲਾਉਂਦਾ।

8. ਉੱਚੀ ਛਾਲ : ਉੱਚੀ ਛਾਲ ਵਿੱਚ ਖੋਦੀ ਤੇ ਇੱਕ ਮਿੱਟੀ ਦੀ ਭਰੀ ਹੋਈ ਬੋਰੀ ਟਿਕਾ ਦਿੱਤੀ ਜਾਂਦੀ ਹੈ। ਬੋਰੀ ਦੇ ਅਗਲੇ ਪਾਸੇ ਇੱਕ ਪਟੜੀ ਤਿਰਛੀ ਦਿਸ਼ਾ ਵੱਲ ਟਿਕਾ ਦਿੱਤੀ ਜਾਂਦੀ ਹੈ। ਪੱਟੜੀ ਦਾ ਹੇਠਲਾ ਹਿੱਸਾ ਬੋਰੀ ਦੇ ਭਾਰ ਹੇਠ ਟਿਕਾਇਆ ਜਾਂਦਾ ਹੈ ਤਾਂ ਕਿ ਪੱਟੜੀ ਤੇ ਲੋੜੀਂਦਾ ਦਬਾਅ ਬਣਿਆ ਰਹੇ। ਇਸ ਤੋਂ ਬਾਅਦ ਪੱਟੜੀ ਤੋਂ ਛੇ ਸੱਤ ਫੁੱਟ ਦੀ ਦੂਰੀ ਤੇ ਇੱਕ ਮੰਜਾ ਖੜ੍ਹਾ ਕਰ ਦਿੱਤਾ ਜਾਂਦਾ ਹੈ। ਬਾਜ਼ੀਗਰ ਤੇਜ਼ੀ ਨਾਲ ਭੱਜਦਾ ਹੋਇਆ ਪੱਟੜੀ ਤੇ ਪੈਰ ਮਾਰ ਕੇ ਅੱਖ ਦੇ ਫੋਰ ਵਿੱਚ ਮੰਜਾ ਟੱਪ ਜਾਂਦਾ ਹੈ। ਢੋਲ ਦੀ ਥਾਪ ਤੇ ਇਹ ਕਰਤੱਬ ਦੂਜੀ ਵਾਰੀ ਫਿਰ ਦੁਹਰਾਇਆ ਜਾਂਦਾ ਹੈ ਤੇ ਇਸ ਵਾਰੀ ਬਾਜ਼ੀਗਰ ਮੰਜਾ ਟੱਪਣ ਲੱਗਿਆਂ ਹਵਾ ਵਿੱਚ ਦੋ ਜਾਂ ਤਿੰਨ ਲੋਟਣੀਆਂ ਵੀ ਖਾਂਦਾ ਹੈ।

9. ਸੁਮਾਣਾ ਛਾਲ : ਸੁਮਾਣਾ ਛਾਲ ਸਾਰੀਆਂ ਛਾਲਾਂ ਦੀ ਸਿਰਤਾਜ ਮੰਨੀ ਜਾਂਦੀ ਹੈ। ਇਸ ਛਾਲ ਵਿੱਚ ਬਾਜ਼ੀ ਪਾਉਣ ਵਾਲੇ ਬਾਜ਼ੀਗਰ ਨੂੰ ਬਹੁਤ ਚੁਕੰਨਾ ਰਹਿਣਾ ਪੈਂਦਾ ਹੈ ਅਤੇ ਬਾਂਸ ਤੇ ਪੱਖੇ ਵਾਂਗ ਝੂਲਦਿਆਂ ਹੋਇਆਂ ਆਸੇ ਪਾਸੇ ਆਪਣਾ ਭਾਰ ਵੀ ਬਰਾਬਰ ਰੱਖਣਾ ਪੈਂਦਾ ਹੈ। ਇਸ ਛਾਲ ਵਿੱਚ ਇੱਕ ਸਿੱਧਾ ਉੱਚਾ ਲੰਮਾ ਮਜ਼ਬੂਤ ਬਾਂਸ ਗੱਡ ਦਿੱਤਾ ਜਾਂਦਾ ਹੈ ਤੇ ਉਸ ਤੇ ਇੱਕ ਲੰਬਾ ਤਿੰਨ ਚਾਰ ਫੁੱਟ ਦਾ ਫੱਟਾ ਸਿੱਧੀ ਦਿਸ਼ਾ ਵਿੱਚ ਬਾਂਸ ਬੰਨ੍ਹ ਕੇ ਲਾਇਆ ਜਾਂਦਾ ਹੈ। ਇਸ ਦੇ ਉੱਪਰ ਤਿਰਛੀ ਦਿਸ਼ਾ ਵਿੱਚ ਦੋ ਰੱਸੀਆਂ ਬੰਨ੍ਹ ਦਿੱਤੀਆਂ ਜਾਂਦੀਆਂ ਹਨ। ਬਾਂਸ ਦੇ ਸਿਖਰ ਤੇ ਇੱਕ ਮਜ਼ਬੂਤ ਕਿਲੀ ਲਾਈ ਜਾਂਦੀ ਹੈ। ਬਾਜ਼ੀਗਰ ਆਪਣੇ ਢਿੱਡ ਨਾਲ ਇੱਕ ਗੁਟਕੇ ਦੀ

ਕੋਲੀ ਜਿਸ ਵਿੱਚ ਲੋਹੇ ਦੀ ਇਕ ਸੱਮ ਲੱਗੀ ਹੁੰਦੀ ਹੈ ਕੱਸਕੇ ਕੱਪੜੇ ਨਾਲ ਬੰਨ੍ਹ ਲੈਂਦਾ ਹੈ। ਇਸ ਉਪਰੰਤ ਬਾਜ਼ੀਗਰ ਬਾਂਸ ਦੇ ਸਿਰੇ ਤੇ ਚੜ੍ਹਕੇ ਆਪਣੇ ਢਿੱਡ 'ਤੇ ਬੰਨ੍ਹੀ ਹੋਈ ਗੁਟਕੇ ਦੀ ਕੌਲੀ ਬਾਂਸ ਤੇ ਗੱਡੀ ਹੋਈ ਕੌਲੀ ਵਿੱਚ ਟਿਕਾ ਦਿੰਦਾ ਹੈ ਅਤੇ ਫਿਰ ਬਾਂਸ ਦੇ ਆਲੇ ਦੁਆਲੇ ਬੰਨ੍ਹੀਆਂ ਹੋਈਆਂ ਰੱਸੀਆਂ ਦੇ ਸਹਾਰੇ ਤੇਜ਼ੀ ਨਾਲ ਸੰਤੁਲਨ ਬਣਾਉਂਦਾ ਹੋਇਆ ਲੱਤਾਂ ਬਾਹਾਂ ਪਸਾਰ ਕੇ ਪੱਖੇ ਵਾਂਗ ਝੂਲਦਾ ਹੈ। ਇਸ ਕਰਤੱਬ ਤੋਂ ਬਾਅਦ ਉਹ ਪੁੱਠੀ ਜਾਂ ਸਿੱਧੀ ਦਿਸ਼ਾ ਵਿੱਚ ਛਾਲ ਮਾਰ ਕੇ ਨਿਸ਼ਚਿਤ ਅੱਡੇ ਤੇ ਆ ਜਾਂਦਾ ਹੈ। ਬਾਂਸ ਤੇ ਗੱਡੀ ਹੋਈ ਤਿੱਖੀ ਕਿੱਲੀ ਅਤੇ ਸੱਮ ਕਾਰਨ ਇਸ ਕਰਤੱਬ ਨੂੰ ਸੁਮਾਣਾ ਛਾਲ ਕਿਹਾ ਜਾਂਦਾ ਹੈ। ਬਾਜ਼ੀਗਰ ਜਦੋਂ ਸੂਲੀ ਤੇ ਪੱਖੇ ਵਾਂਗ ਝੂਲਦਾ ਹੈ ਤਾਂ ਢੋਲੀ ਬਾਂਸ ਦੇ ਇਰਦ ਗਿਰਦ ਢੋਲ ਵਜਾਉਂਦਾ ਹੋਇਆ ਮਜ਼ਾਹੀਆ ਅੰਦਾਜ਼ ਵਿਚ ਨੱਚਦਾ ਹੈ ਅਤੇ ਬਾਜ਼ੀਗਰ ਦਾ ਹੌਸਲਾ ਬਰਕਰਾਰ ਰੱਖਦਾ ਹੈ।

10. ਚੌਂਕੀ ਦੀ ਛਾਲ : ਚੌਂਕੀ ਦੀ ਛਾਲ ਬਹੁਤ ਜੋਖ਼ਮ ਭਰਿਆ ਕਰਤੱਬ ਹੈ। ਇਸ ਛਾਲ ਵਿੱਚ ਬਾਜ਼ੀਗਰ ਦੀ ਪਿੱਠ ਪਿੱਛੇ ਸਿਰਫ਼ ਡੇਢ ਦੋ ਫੁੱਟ ਦੀ ਥਾਂ ਛੱਡ ਕੇ ਆਲੇ ਦੁਆਲੇ ਨੰਗੀਆਂ ਤਲਵਾਰਾਂ ਅਤੇ ਸਿੱਧੀਆਂ ਕਹੀਆਂ ਵਿਛਾ ਦਿੱਤੀਆਂ ਜਾਂਦੀਆਂ ਹਨ। ਇਸੇ ਉਪਰੰਤ ਬਾਜ਼ੀ ਪਾਉਣ ਵਾਲੇ ਬਾਜ਼ੀਗਰ ਦੀਆਂ ਦੋਵੇਂ ਲੱਤਾਂ ਕਿਸੇ ਰੱਸੀ ਨਾਲ ਕੱਸਕੇ ਬੰਨ੍ਹ ਦਿੱਤੀਆਂ ਹਨ। ਬਾਜ਼ੀ ਦੇ ਇਸ ਕਰਤੱਬ ਵੇਲੇ ਢੋਲੀ ਇਸ ਬਾਜ਼ੀ ਦੇ ਜੋਖ਼ਮ ਬਾਰੇ ਰਵਾਇਤੀ ਐਲਾਨ ਕਰਦਾ ਹੈ ਅਤੇ ਢੋਲ ਦੇ ਡੱਗੇ ਤੇ ਡੱਗਾ ਮਾਰ ਕੇ ਤੇਜ਼ੀ ਨਾਲ ਢੋਲ ਦੀ ਤਾਲ ਧਮਾਲ ਵਜਾਉਣ ਲੱਗਦਾ ਹੈ। ਬਾਜ਼ੀ ਦੇ ਇਸ ਕਰਤੱਬ ਵਿਚ ਬਾਜ਼ੀਗਰ ਹਵਾ ਵਿਚ ਉਛਲਦਾ ਹੋਇਆ ਪੁੱਠੀ ਲੋਟਣੀ ਖਾਂਦਾ ਹੋਇਆ ਮੁੜ ਨਿਸ਼ਚਿਤ ਥਾਂ ਆ ਖੜ੍ਹਦਾ ਹੈ।

11. ਝਾਂਫ਼ : ਝਾਂਫ਼ ਬਾਜ਼ੀ ਕਲਾ ਦਾ ਇਕ ਰੌਚਿਕ ਕਰਤੱਬ ਹੈ। ਬਾਜ਼ੀ ਦੇ ਇਸ ਕਰਤੱਬ ਵਿਚ ਬਾਜ਼ੀ ਪਾਉਣ ਵਾਲਾ ਬਾਜ਼ੀਗਰ ਪਾੜ੍ਹੇ ਤੋਂ ਤੇਜ਼ ਗਤੀ ਨਾਲ ਭੱਜਦਾ ਹੋਇਆ ਆਪਣੇ ਦੋਵੇਂ ਹੱਥ ਛਾਤੀ ਤੇ ਰੱਖ ਕੇ ਹਨੂੰਮਾਨ ਵਾਲੀ ਉੱਡਣ ਮੁਦਰਾ ਵਿੱਚੋਂ ਲੰਘਦਾ ਹੋਇਆ ਲੰਮੀ ਛਲਾਂਗ ਲਗਾਉਂਦਾ। ਢੋਲੀ ਬਾਜ਼ੀ ਦੇ ਇਸ ਕਰਤੱਬ ਦਾ ਐਲਾਨ ਬੜੀ ਰੌਚਿਕਤਾ ਨਾਲ ਕਰਦਾ ਹੈ ਅਤੇ ਢੋਲ ਸਿਰ ਤੇ ਰੱਖ ਕੇ ਵਜਾਉਣ ਲੱਗਦਾ ਹੈ।

12. ਸੈਂਫਲੀ : ਸੈਂਫਲੀ ਬਾਜ਼ੀ ਕਲਾ ਦੀ ਇੱਕ ਅਹਿਮ ਵੰਨਗੀ ਹੈ। ਬਾਜ਼ੀ ਦੇ ਇਸ ਕਲਾ ਕਰਤੱਬ ਵਿੱਚ ਬਾਜ਼ੀ ਪਾਉਣ ਵਾਲਾ ਬਾਜ਼ੀਗਰ ਬਾਜ਼ੀ ਦੇ ਅਖਾੜੇ ਵਿਚ ਅੱਗੇ ਪਿੱਛੇ ਭੱਜਦਾ ਹੋਇਆ ਹਵਾ ਵਿਚ ਉਛਲਦਾ ਹੋਇਆ ਦੋ-ਤਿੰਨ ਪੁੱਠੀਆਂ ਲੋਟਣੀਆਂ ਮਾਰਕੇ ਪੱਬਾਂ ਭਾਰ ਵਾਪਸ ਆ ਜਾਂਦਾ ਹੈ। ਢੋਲੀ ਬਾਜ਼ੀ ਦੇ ਇਸ ਕਲਾ ਕਰਤੱਬ ਵੇਲੇ ਇਕ ਗੋਲਾਕਾਰ ਵਿਚ ਘੁੰਮਦਾ ਹੋਇਆ ਤੋੜਾ ਬਦਲ ਕੇ ਢੋਲ ਦੀ ਤਾਲ ਧਮਾਲ ਵਜਾਉਂਦਾ ਹੈ।

13. ਮਥੈਲੀ : ਬਾਜ਼ੀ ਦੇ ਇਸ ਕਲਾ ਕਰਤੱਬ ਵਿੱਚ ਬਾਜ਼ੀ ਪਾਉਣ ਵਾਲਾ

ਬਾਜ਼ੀਗਰ ਬਾਜ਼ੀ ਦੇ ਅਖਾੜੇ ਦੇ ਵਿਚਕਾਰ ਸਿੱਧਾ ਖੜ੍ਹਾ ਹੋ ਜਾਂਦਾ ਹੈ। ਇਕ ਦੋ ਮਿੰਟ ਲਈ ਅੱਖਾਂ ਬੰਦ ਕਰਕੇ ਉਹ ਆਪਣੇ ਮਨ ਦੀ ਇਕਾਗਰਤਾ ਬਣਾਉਂਦਾ ਹੈ। ਫਿਰ ਉਹ ਇਕਦਮ ਹਵਾ ਵਿਚ ਉਛਲਦਾ ਹੋਇਆ ਧਰਤੀ ਤੇ ਹਲਕਾ ਜਿਹਾ ਪੱਬ ਲਾ ਕੇ ਲਗਾਤਾਰ ਅੱਗੇ ਵੱਲ ਨੂੰ ਲੋਟਣੀਆਂ ਮਾਰਦਾ ਹੈ। ਇਸ ਕਲਾ ਕਰਤੱਬ ਵਿੱਚ ਢੋਲੀ ਤਾਲਾਂ ਬਦਲ ਬਦਲ ਕੇ ਢੋਲ ਵਜਾਉਂਦਾ ਹੋਇਆ ਬਾਜ਼ੀਗਰ ਦੇ ਨਾਲ-ਨਾਲ ਚਲਦਾ ਹੈ।

14. ਘੜਾ ਨਿਹਾਰਨਾ : ਘੜਾ ਨਿਹਾਰਨਾ ਬਾਜ਼ੀਗਿਰੀ ਦਾ ਇੱਕ ਵਿਸ਼ੇਸ਼ ਅੰਗ ਹੁੰਦਾ ਹੈ। ਘੜਾ ਨਿਹਾਰਨ ਦਾ ਸਬੰਧ ਬਾਜ਼ੀ ਤੋਂ ਜ਼ਿਆਦਾ ਪ੍ਰਦਰਸ਼ਨੀ ਨਾਲ ਹੈ। ਘੜਾ ਨਿਹਾਰਨ ਵੇਲੇ ਬਾਜ਼ੀ ਪਾਉਣ ਵਾਲੇ ਬਾਜ਼ੀਗਰ ਵਲੋਂ ਸਿਰ ਤੇ ਲੱਕੜ ਦਾ ਇੱਕ ਗੁਟਕਾ ਰੱਖਕੇ ਉੱਤੇ ਦੋ ਖਾਲੀ ਘੜੇ ਰੱਖੇ ਜਾਂਦੇ ਹਨ। ਇਸ ਤੋਂ ਬਾਅਦ ਬਾਜ਼ੀ ਵਿੱਚ ਇੱਕ ਹੋਰ ਸਹਿਯੋਗੀ ਬਾਜ਼ੀਗਰ ਘੜਾ ਚੁੱਕਣ ਵਾਲੇ ਬਾਜ਼ੀਗਰ ਦੀ ਪਿੱਠ ਰਾਹੀਂ ਮੋਢਿਆਂ ਤੇ ਚੜ੍ਹ ਕੇ ਸਿਖ਼ਰਲੇ ਘੜੇ ਤੇ ਖੜ੍ਹਕੇ ਹੱਥ ਆਲੇ ਦੁਆਲੇ ਪਸਾਰ ਲੈਂਦਾ ਹੈ ਅਤੇ ਹੱਥਾਂ ਨਾਲ ਸਬੰਧਤ ਇਹ ਕ੍ਰਿਆ ਘੜਾ ਚੁੱਕਣ ਵਾਲਾ ਬਾਜ਼ੀਗਰ ਵੀ ਦੁਹਰਾਉਂਦਾ। ਬਾਜ਼ੀ ਦੀ ਇਹ ਕ੍ਰਿਆ ਪੂਰੀ ਹੋਣ ਤੇ ਢੋਲੀ ਢੋਲ ਦੀ ਅਨੂਠੀ ਤਾਲ ਵੀ ਦਿੰਦਾ ਹੈ।

15. ਅੱਗ ਦਾ ਗੋਲ਼ਾ ਪਾਰ ਕਰਨਾ : ਬਾਜ਼ੀ ਦੀ ਇਸ ਕਿਰਿਆ ਵਿੱਚ ਤੂਤ ਦੀਆਂ ਨਰਮ ਛਟੀਆਂ ਦਾ ਇੱਕ ਦੋ ਕੁ ਫੁੱਟ ਦਾ ਗੋਲ਼ਾ ਬਣਾ ਲਿਆ ਜਾਂਦਾ ਹੈ ਅਤੇ ਇਸ ਨੂੰ ਇਕ ਲੰਮੀ ਸੋਟੀ ਨਾਲ ਬੰਨ੍ਹ ਦਿੱਤਾ ਜਾਂਦਾ ਹੈ। ਜਿਸਨੂੰ ਦੋ ਬਾਜ਼ੀਗਰ ਵੱਖੋ-ਵੱਖ ਕਿਨਾਰਿਆਂ ਤੋਂ ਫੜਕੇ ਖੜ੍ਹ ਜਾਂਦੇ ਹਨ। ਛਟੀਆਂ ਦੇ ਗੋਲੇ ਦੇ ਆਲੇ ਦੁਆਲੇ ਲੀਰਾਂ ਬੰਨ੍ਹਕੇ ਮਿੱਟੀ ਦੇ ਤੇਲ ਨਾਲ ਅੱਗ ਲਗਾ ਦਿੱਤੀ ਜਾਂਦੀ ਹੈ। ਇਸ ਪ੍ਰਕਿਰਿਆ ਦੌਰਾਨ ਢੋਲਚੀ ਢੋਲ ਦੀਆਂ ਤਾਲਾਂ ਬਦਲ ਬਦਲ ਕੇ ਬਾਜ਼ੀ ਵੇਖਣ ਵਾਲੇ ਦਰਸ਼ਕਾਂ ਦਾ ਮਨੋਰੰਜਨ ਕਰਦਾ ਹੈ। ਜਦੋਂ ਗੋਲ਼ਾ ਪੂਰੀ ਤਰ੍ਹਾਂ ਅੱਗ ਫੜ ਲੈਂਦਾ ਹੈ ਤਾਂ ਬਾਜ਼ੀ ਪਾਉਣ ਵਾਲਾ ਬਾਜ਼ੀਗਰ ਖੋਦੀ ਤੋਂ ਭੱਜ ਕੇ ਨਿਸ਼ਚਿਤ ਥਾਂ ਤੋਂ ਕੁੱਦਕੇ ਭਖ਼ਦੇ ਅੱਗ ਦੇ ਗੋਲੇ ਵਿੱਚੋਂ ਅੱਖ ਦੇ ਫੋਰ ਵਿਚ ਪਾਰ ਹੋ ਜਾਂਦਾ ਹੈ। ਇਹ ਕ੍ਰਿਆ ਤਿੰਨ ਚਾਰ ਵਾਰ ਦੁਹਰਾਈ ਜਾਂਦੀ ਹੈ। ਢੋਲੀ ਪੂਰੇ ਜੋਸ਼ ਨਾਲ ਢੋਲ ਤੇ ਡੱਗਾ ਲਾ ਕੇ ਬਾਜ਼ੀਗਰ ਦਾ ਸਾਥ ਦਿੰਦਾ ਹੈ।

16. ਸਰੂ ਕੱਢਣਾ : ਸਰੂ ਕੱਢਣਾ ਬਾਜ਼ੀ ਦੀ ਕਲਾ ਦਾ ਇਕ ਪ੍ਰਮੁੱਖ ਅੰਗ ਮੰਨਿਆ ਜਾਂਦਾ ਹੈ। ਬਾਜ਼ੀ ਦੀ ਇਸ ਵੰਨਗੀ ਵਿੱਚ ਬਾਜ਼ੀ ਪਾਉਣ ਵਾਲੇ ਬਾਜ਼ੀਗਰ ਵਲੋਂ ਲੱਤਾਂ ਉਤਾਂਹ ਕਰਕੇ ਹੱਥਾਂ ਨਾਲ ਤੁਰਕੇ ਬਾਜ਼ੀ ਦੇ ਪਿੜ ਦਾ ਪੂਰਾ ਚੱਕਰ ਕੱਟਿਆ ਜਾਂਦਾ ਹੈ। ਬਾਜ਼ੀ ਦੇ ਇਸ ਕਲਾ ਕਰਤੱਬ ਦੌਰਾਨ ਢੋਲਚੀ ਢੋਲ ਦੀ ਤਾਲ ਧਮਾਲ ਵਜਾਉਂਦਾ ਹੈ ਤੇ ਬਾਜ਼ੀ ਪਾਉਣ ਵਾਲਾ ਬਾਜ਼ੀਗਰ ਹੱਥਾਂ ਨਾਲ ਤੁਰਦਾ ਹੋਇਆ ਬਾਜ਼ੀ ਦੇਖਣ ਵਾਲੇ ਦਰਸ਼ਕਾਂ ਦੇ ਬਿਲਕੁਲ ਅੱਗਿਓਂ ਗੋਲਾਕਾਰ ਵਿਚ ਘੁੰਮ ਕੇ ਇੱਕ ਪੂਰਾ ਚੱਕਰ ਕੱਟਦਾ ਹੈ।

17. ਦੰਦਾਂ ਨਾਲ ਸੁਹਾਗਾ ਚੁੱਕਣਾ : ਬਾਜ਼ੀ ਦੀ ਇਸ ਵੰਨਗੀ ਦਾ ਸਬੰਧ ਬਾਜ਼ੀਗਰ ਦੇ ਤਾਕਤ ਪ੍ਰਦਰਸ਼ਨ ਨਾਲ ਜੁੜਿਆ ਹੋਇਆ ਹੈ। ਬਾਜ਼ੀ ਦੇ ਇਸ ਕਰਤਬ ਦੌਰਾਨ ਇੱਕ ਨਿੱਗਰ ਸੁਹਾਗੇ ਨੂੰ ਵਿਚਾਲਿਓਂ ਮਜ਼ਬੂਤ ਰੱਸੀ ਨਾਲ ਬੰਨ੍ਹ ਲਿਆ ਜਾਂਦਾ ਹੈ। ਢੋਲਚੀ ਢੋਲ ਦੀ ਕੋਈ ਮੱਧਮ ਤਾਲ ਵਜਾਉਂਦਾ ਹੈ । ਬਾਜ਼ੀਗਰ ਸਮਤੋਲ ਬਣਾਉਦਾ ਹੋਇਆ ਸੁਹਾਗੇ ਨੂੰ ਵਿਚਕਾਰੋਂ ਦੰਦਾਂ ਨਾਲ ਚੁੱਕ ਲੈਂਦਾ ਹੈ ਤੇ ਫਿਰ ਛਾਤੀ ਤੱਕ ਲਿਆ ਕੇ ਇੱਕ ਝਟਕਾ ਮਾਰਕੇ ਸਿਰ ਉਪਰੋਂ ਦੀ ਪਿੱਠ ਦੇ ਪਿਛਾਂਹ ਵੱਲ ਸੁੱਟ ਦਿੰਦਾ ਹੈ। ਬਾਜ਼ੀ ਦਾ ਇਹ ਕਰਤੱਬ ਬਹੁਤ ਹੀ ਖ਼ਤਰਨਾਕ ਅਤੇ ਜਾਨਲੇਵਾ ਹੁੰਦਾ ਹੈ ਪਰ ਬਾਜ਼ੀਗਰ ਇਸ ਨੂੰ ਆਪਣੀ ਕਲਾ ਕੁਸ਼ਲਤਾ ਨਾਲ ਸੰਪੂਰਨ ਕਰ ਵਿਖਾਉਂਦਾ । ਕਰਤੱਬ ਪੂਰਾ ਹੋਣ ਤੇ ਢੋਲੀ ਢੋਲ ਦੀ ਸੁਰ ਉੱਚੀ ਕਰ ਦਿੰਦਾ ਹੈ।

18. ਸਰੀਆ ਮੋੜਨਾ : ਸੰਘੀ ਨਾਲ ਸਰੀਆ ਮੋੜਨਾ ਬਾਜ਼ੀਕਲਾ ਦਾ ਇੱਕ ਪ੍ਰਮੁੱਖ ਅੰਗ ਹੈ। ਬਾਜ਼ੀ ਦੇ ਇਸ ਕਰਤੱਬ ਵਿੱਚ ਛੇ ਸੱਤ ਫੁੱਟ ਲੰਮਾ ਇੱਕ ਸਰੀਆ ਲੈ ਲਿਆ ਜਾਂਦਾ ਹੈ। ਬਾਜ਼ੀਗਰ ਇਹ ਸਰੀਆ ਲੈ ਕੇ ਪਿੜ ਦੇ ਵਿਚਕਾਰ ਖੜ੍ਹ ਜਾਂਦਾ ਹੈ। ਢੋਲਚੀ ਢੋਲ ਵਜਾਉਂਦਾ ਹੋਇਆ ਇਸ ਖ਼ਤਰਨਾਕ ਕਰਤੱਬ ਸਬੰਧੀ ਰਸਮੀ ਐਲਾਨ ਕਰਦਾ ਹੈ। ਬਾਜ਼ੀਗਰ ਆਪਣੀ ਗਰਦਨ ਦੀ ਹੱਡੀ ਦੇ ਜ਼ੋਰ ਨਾਲ ਕਲਾ ਦੀ ਅਜਮਾਇਸ਼ ਕਰਦਾ ਹੋਇਆ ਤਿੰਨ-ਚਾਰ ਸੂਤ ਮੋਟੇ ਸਰੀਏ ਨੂੰ ਪਲਾਂ ਵਿੱਚ ਹੀ ਦੂਹਰਾ ਕਰ ਦਿੰਦਾ ਹੈ। ਇਸ ਕਰਤਬ ਵਿਚ ਸਰੀਏ ਨੂੰ ਹੱਥ ਨਹੀਂ ਲਾਇਆ ਜਾਂਦਾ।

19. ਲੋਹੇ ਦੇ ਕੜੇ ਵਿੱਚੋਂ ਲੰਘਣਾ: ਤਿੰਨ ਬਾਜ਼ੀਗਰਾਂ ਦਾ ਲੋਹੇ ਦੇ ਇੱਕ ਨਿੱਕੇ ਜਿਹੇ ਕੜੇ ਵਿੱਚੋਂ ਇੱਕੋ ਸਮੇਂ ਲੰਘ ਜਾਣਾ ਵੀ ਬਾਜ਼ੀ ਦੀ ਕਲਾ ਦਾ ਇੱਕ ਮੁੱਖ ਆਕਰਸ਼ਣ ਹੈ। ਇਹ ਕੜਾ ਮਸਾਂ ਫੁੱਟ ਸਵਾ ਫੁੱਟ ਦਾ ਹੁੰਦਾ ਹੈ। ਪਹਿਲਾਂ ਇੱਕ ਬਾਜ਼ੀਗਰ ਇਸ ਕੜੇ ਵਿੱਚ ਦਾਖ਼ਲ ਹੋ ਜਾਂਦਾ ਹੈ ਤੇ ਫਿਰ ਉਸਦਾ ਸਹਿਯੋਗੀ ਬਾਜ਼ੀਗਰ ਕੜੇ ਵਿਚ ਦਾਖਲ ਹੋ ਜਾਂਦਾ ਹੈ। ਇਸ ਪ੍ਰਕਾਰ ਦੋਵੇਂ ਬਾਜ਼ੀਗਰ ਕੜੇ ਵਿੱਚੋਂ ਖਹਿੰਦੇ ਹੋਏ ਇਕੋ ਵੇਲੇ ਪਾਰ ਹੋ ਜਾਂਦੇ ਹਨ। ਇਸ ਕੜੇ ਵਿੱਚੋਂ ਫਿਰ ਦੋ ਤੋਂ ਬਾਅਦ ਤਿੰਨ ਬਾਜ਼ੀਗਰ ਇੱਕੋ ਵੇਲੇ ਲੰਘ ਕੇ ਆਪਣੀ ਕਲਾ ਦਾ ਪ੍ਰਗਟਾਵਾ ਕਰਦੇ ਹਨ। ਇਸ ਕਲਾ ਕਰਤਬ ਦੌਰਾਨ ਬਾਜ਼ੀਗਰਾਂ ਦੇ ਸਰੀਰ ਦੀ ਲਚਕਤਾ ਵੇਖਣ ਯੋਗ ਹੁੰਦੀ ਹੈ।

20. ਡੰਡਾਉ : ਡੰਡਾਉ ਬਾਜ਼ੀ ਦਾ ਇੱਕ ਅਹਿਮ ਅੰਗ ਮੰਨਿਆ ਜਾਂਦਾ ਹੈ। ਇਸ ਦਾ ਆਕਰਸ਼ਣ ਬੱਚਿਆਂ ਨੂੰ ਬਹੁਤ ਪ੍ਰਭਾਵਤ ਕਰਦਾ ਹੈ। ਇਸ ਦਾ ਮਨੋਰਥ ਬਾਜ਼ੀ ਦੇ ਪਿੜ ਨੂੰ ਖੁੱਲ੍ਹਾ ਕਰਨਾ ਵੀ ਹੁੰਦਾ ਹੈ। ਬਾਜ਼ੀ ਦੇ ਇਸ ਕਰਤਬ ਵਿੱਚ ਬਾਜ਼ੀਗਰ ਡੰਡ ਕੱਢਦੇ ਹੋਏ ਲਗਾਤਾਰ ਪੁੱਠੀਆਂ ਛਾਲਾਂ ਮਾਰਦੇ ਸਨ। ਢੋਲੀ ਢੋਲ ਦੀ ਤਾਲ ਧਮਾਲ ਵਜਾਉਂਦਾ ।

21. ਨਾੜਾ ਖੇਡਣਾ : ਬਾਜ਼ੀ ਦੇ ਇਸ ਕਲਾ ਕਰਤਬ ਵਿੱਚ ਦੱਸ ਫੁੱਟ ਦੀ ਵਿੱਥ

ਤੇ ਦੋ ਬਾਂਸ ਗੱਡ ਕੇ ਨਾਲ ਇੱਕ ਮਜ਼ਬੂਤ ਰੱਸਾ ਬੰਨ੍ਹ ਦਿੱਤਾ ਜਾਂਦਾ ਹੈ। ਇਸ ਤੋਂ ਬਾਅਦ ਬਾਜ਼ੀ ਪਾਉਣ ਵਾਲਾ ਬਾਜ਼ੀਗਰ ਪਿੱਠ ਤੇ ਮਿੱਟੀ ਦੀ ਇੱਕ ਬੋਰੀ ਚੁੱਕ ਲੈਂਦਾ ਹੈ। ਫਿਰ ਉਹ ਇਸ ਬੋਰੀ ਨੂੰ ਮੋਢਿਆਂ ਤੇ ਚੁੱਕ ਕੇ ਸਾਵਾਂਪਣ ਬਣਾਉਂਦਾ ਹੋਇਆ ਰੱਸੀ ਤੇ ਬਿਨਾਂ ਕਿਸੇ ਸਹਾਰੇ ਦੇ ਤੁਰਕੇ ਵਿਖਾਉਂਦਾ ਹੈ। ਬਾਜ਼ੀਗਰ ਕਬੀਲੇ ਦੇ ਲੋਕ ਇਸ ਖੇਡ ਨੂੰ ਨਾੜਾ ਖੇਡਣਾ ਆਖਦੇ ਹਨ। ਇਸ ਕਰਤਬ ਵਿੱਚ ਕਈ ਵਾਰ ਪਿੱਠ ਤੇ ਬੋਰੀ ਦੀ ਥਾਵੇਂ ਖੋਤਾ ਵੀ ਬੰਨ੍ਹਿਆ ਜਾਂਦਾ ਸੀ।

ਹਵਾਲੇ

1. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਨੈਸ਼ਨਲ ਬੁੱਕ ਸ਼ਾਪ ਦਿੱਲੀ, 2006, ਪੰਨਾ 857.

ਬਾਜ਼ੀਗਰ ਕਬੀਲੇ ਦੇ ਲੋਕ-ਨਾਚ

ਦੇਵਿੰਦਰ ਸਤਿਆਰਥੀ ਅਨੁਸਾਰ, "ਕਿਸੇ ਕਬੀਲੇ ਦੀ ਵੱਡੀ ਪਛਾਣ ਉਸਦਾ ਲੋਕ ਨਾਚ ਹੁੰਦਾ ਹੈ। ਉਸ ਕਬੀਲੇ ਦੀ ਸਮਾਜਕ ਰਹੁ ਰੀਤ, ਧਰਮ, ਕਰਮ ਆਦਿ ਸਭ ਕੁਝ ਉਸਦੇ ਲੋਕ ਨਾਚ ਵਿਚ ਉਲੀਕਿਆ ਹੁੰਦਾ ਹੈ। ਮਨੁੱਖ ਵਿਗਿਆਨ ਦੇ ਅਨੇਕ ਵਿਦਵਾਨਾਂ ਨੇ ਇਸ ਗੱਲ ਦੀ ਹਾਮੀ ਭਰੀ ਹੈ ਕਿ ਪੁਰਾਤਨ ਸਭਿਆਚਾਰ ਵਿਚ ਆਦਿ ਕਾਲੀਨ ਕਬੀਲਿਆਂ ਦੇ ਲੋਕ ਆਪਣੇ ਹਾਵਾਂ-ਭਾਵਾਂ ਆਪਣੇ ਜਜ਼ਬਿਆਂ ਤੇ ਆਪਣੇ ਅਕੀਦਿਆਂ ਨੂੰ ਕੇਵਲ ਲੋਕ-ਨਾਚਾਂ ਰਾਹੀਂ ਹੀ ਦਰਸਾਂਦੇ ਹਨ।" ਲੋਕ ਨਾਚ ਸਿਖਾਇਆ ਨਹੀਂ ਜਾਂਦਾ ਸਗੋਂ ਇਨ੍ਹਾਂ ਦਾ ਆਪ ਮੁਹਰਾ ਬਣਿਆ ਰੂਪ ਵਿਰਸੇ ਵਿਚੋਂ ਮਿਲਦਾ ਹੈ।"[1]

"ਪੰਜਾਬੀ ਲੋਕਧਾਰਾ ਦੀਆਂ ਲੋਕ ਮਨੋਰੰਜਨ ਨਾਲ ਜੁੜੀਆਂ ਲੋਕਧਾਰਾਈ ਵੰਨਗੀਆਂ ਵਿੱਚ ਬਾਜ਼ੀਗਰ ਕਬੀਲੇ ਦੇ ਲੋਕਾਂ ਦੀ ਵਿਸ਼ੇਸ਼ ਭੂਮਿਕਾ ਹੈ। ਬਾਜ਼ੀਕਲਾ ਦੇ ਨਾਲ ਨਾਲ ਬਾਜ਼ੀਗਰ ਕਬੀਲੇ ਦੇ ਲੋਕਾਂ ਦੀ ਪੰਜਾਬੀ ਲੋਕ-ਨਾਚਾਂ ਵਿੱਚ ਵੀ ਅਹਿਮ ਭੂਮਿਕਾ ਰਹੀ ਹੈ। ਬਾਜ਼ੀ ਇੱਕ ਅਜਿਹੀ ਕਲਾ ਹੈ ਜਿਸ ਵਿੱਚ ਲੋਕਧਾਰਾ ਦੀਆਂ ਕਾਵਿ, ਨਾਟ, ਨਾਚ ਅਤੇ ਲੋਕ ਸਾਜ਼ ਢੋਲ ਦੀਆਂ ਵੱਖ ਵੱਖ ਵੰਨਗੀਆਂ ਸਾਂਝੇ ਰੂਪ ਵਿੱਚ ਮਿਲਦੀਆਂ ਹਨ।"[2] ਬਾਰ ਦੇ ਵੱਖ ਵੱਖ ਇਲਾਕਿਆਂ ਵਿੱਚ ਨੱਚੇ ਜਾਂਦੇ ਲੋਕ ਨਾਚਾਂ ਵਿੱਚ ਬਾਜ਼ੀਗਰ ਕਬੀਲੇ ਦੇ ਲੋਕਾਂ ਦੀ ਖ਼ਾਸ ਭੂਮਿਕਾ ਰਹੀ ਹੈ। ਧਮਾਲ ਤੇ ਨੱਚਣ ਵਾਲਾ ਰੂਹਾਨੀ ਲੋਕ ਨਾਚ 'ਜੱਲੀ' ਬਾਜ਼ੀਗਰ ਕਬੀਲੇ ਵਿੱਚ ਅੱਜ ਵੀ ਉਸੇ ਰੂਪ ਵਿੱਚ ਪ੍ਰਚਲਤ ਹੈ।

(ੳ) ਮਰਦਾਂ ਦੇ ਲੋਕ ਨਾਚ : ਦੂਜੀਆਂ ਲੋਕ ਕਲਾਵਾਂ ਦੀ ਤਰ੍ਹਾਂ ਲੋਕ ਨਾਚ ਵੀ ਮਨੁੱਖੀ ਮਨ ਦਾ ਸਹਿਜ ਪ੍ਰਗਟਾਵਾ ਹੁੰਦੇ ਹਨ। 'ਨੱਚਣਾ ਕੁੱਦਣਾ ਮਨ ਕਾ ਚਾਓ, ਦੇ ਵਾਕ ਅਨੁਸਾਰ ਲੋਕ ਕਲਾ ਦਾ ਜਨਮ ਜੀਵਨ ਦੀ ਸੁਭਾਵਿਕ ਕ੍ਰਿਆ ਵਿੱਚੋਂ ਹੁੰਦਾ ਹੈ। ਲੋਕ ਜੀਵਨ ਦਾ ਸਹਿਜ ਪ੍ਰਗਟਾਵਾ ਹੋਣ ਸਦਕਾ ਹੀ ਲੋਕ ਕਲਾ ਦੇ ਲਗਭਗ ਹਰ ਰੂਪ ਵਿੱਚੋਂ ਲੋਕ ਚੇਤਨਾ ਦਾ ਅਕਸ ਲੱਭ ਪੈਂਦਾ ਹੈ। ਨਾਚ ਵਿੱਚ ਭਾਵੇਂ ਸਰੀਰਕ ਮੁਦਰਾਵਾਂ ਨਜ਼ਰ ਆਉਂਦੀਆਂ ਹਨ ਪਰ ਇਸ ਦਾ ਖੇਤਰ ਜਿਸਮ ਦੇ ਰਸਤੇ ਤੋਂ ਰੂਹ ਤੱਕ ਫੈਲਿਆ ਹੁੰਦਾ ਹੈ। ਬਾਜ਼ੀਗਰ ਕਬੀਲੇ ਦੇ ਲੋਕ ਨਾਚਾਂ ਦੀਆਂ ਕੁਝ ਵੰਨਗੀਆਂ ਇਸ ਪ੍ਰਕਾਰ ਹਨ:-

1. **ਭੰਗੜਾ:** ਭੰਗੜਾ ਬਾਜ਼ੀਗਰ ਕਬੀਲੇ ਦੇ ਲੋਕਾਂ ਦਾ ਮੁੱਖ ਨਾਚ ਹੈ। ਭੰਗੜਾ ਇੱਕ ਜੋਸ਼ੀਲਾ ਨਾਚ ਹੈ ਜਿਸ ਵਿੱਚ ਲੱਤਾਂ ਅਤੇ ਬਾਹਵਾਂ ਦੀ ਮੁੱਖ ਭੂਮਿਕਾ ਹੁੰਦੀ ਹੈ। ਭੰਗੜਾ ਲੱਤਾਂ ਅਤੇ ਬਾਹਵਾਂ ਦੀ ਕਲਾਤਮਕ ਅਦਾਕਾਰੀ ਦਾ ਜੋਸ਼ੀਲਾ ਰੂਪ ਹੈ ਜਿਸ

ਵਿੱਚ ਢੋਲ ਦੀ ਤਿੱਖੀ ਤਾਲ ਵਜਾਈ ਜਾਂਦੀ ਹੁੰਦੀ ਹੈ। ਭੰਗੜੇ ਦੇ ਪਿੜ ਵਿੱਚ ਪੈਂਦੀ ਢੋਲ ਦੀ ਧਮਕ ਦੂਰ ਦੂਰ ਤੱਕ ਸੁਣਾਈ ਦਿੰਦੀ ਹੈ। ਭੰਗੜੇ ਵਿੱਚ ਢੋਲ ਦੇ ਤੋੜੇ ਦੇ ਨਾਲ ਭੰਗੜੇ ਦਾ ਰੂਪ ਵੀ ਬਦਲ ਜਾਂਦਾ ਹੈ। ਬਾਜ਼ੀਗਰ ਕਬੀਲੇ ਦੇ ਲੋਕ ਭੰਗੜਾ ਖੜ੍ਹ ਕੇ ਅਤੇ ਬੈਠ ਕੇ ਦੋ ਤਰ੍ਹਾਂ ਪਾਉਂਦੇ ਹਨ।

ਪੂਰਬੀ ਪੰਜਾਬ ਵਿੱਚ ਆਜ਼ਾਦੀ ਤੋਂ ਬਾਅਦ ਭੰਗੜੇ ਦੀ ਸ਼ੁਰੂਆਤ ਪਾਕਿਸਤਾਨ ਤੋਂ ਆਏ ਬਾਜ਼ੀਗਰ ਕਬੀਲੇ ਦੇ ਲੋਕਾਂ ਨੇ ਕੀਤੀ। ਬਾਜ਼ੀਗਰ ਕਬੀਲੇ ਦੀ ਭੰਗੜੇ ਸੰਬੰਧੀ ਇਤਿਹਾਸਕ ਭੂਮਿਕਾ ਦੀ ਚਰਚਾ ਕਰਦੇ ਹੋਏ ਡਾ. ਨਾਹਰ ਸਿੰਘ ਲਿਖਦੇ ਹਨ:-

'ਸਟੇਜ ਉੱਤੇ ਭੰਗੜੇ ਦੀ ਪਹਿਲੀ ਪੇਸ਼ਕਾਰੀ 1953 ਵਿੱਚ ਪੈਪਸੂ ਸਰਕਾਰ ਦੇ ਉਤਸ਼ਾਹ ਨਾਲ ਪਿੰਡ ਥੇਹੜੀ ਦੀ ਡੰਗਰਾਂ ਦੀ ਮੰਡੀ ਵਿੱਚ ਹੋਈ। ਭੰਗੜੇ ਦੀ ਇਸ ਟੀਮ ਵਿੱਚ ਚਮਨ ਲਾਲ ਮਨੋਹਰ ਦੀਪਕ, ਗੁਰਚਰਨ ਦੀਪਕ, ਬਲਵੀਰ ਸੇਖੋਂ, ਅਮਰਜੀਤ ਮਾਨ, ਤੇ ਬਾਕੀ ਸਭ ਬਾਜ਼ੀਗਰਾਂ ਦੇ ਮੁੰਡੇ ਸਨ। ਇਸ ਟੀਮ ਨਾਲ ਉਸਤਾਦ ਢੋਲੀ ਭਾਨ ਰਾਮ, ਅਲਗੋਜ਼ੇ ਤੇ ਮੰਗਲ ਰਾਮ, ਇਕਤਾਰੇ ਉੱਤੇ ਨਾਮ੍ਹਾ ਤੇ ਚਿਮਟਾ ਮਾਹੀ ਰਾਮ ਵਜਾ ਰਿਹਾ ਸੀ।[1]

2. ਲੁੱਡੀ : ਲੁੱਡੀ ਬਾਜ਼ੀਗਰ ਕਬੀਲੇ ਵਿੱਚ ਸਿਰਫ਼ ਮਰਦਾਂ ਦਾ ਲੋਕ ਨਾਚ ਹੈ। ਇਸ ਨਾਚ ਵਿੱਚ ਔਰਤਾਂ ਹਿੱਸਾ ਨਹੀਂ ਲੈਂਦੀਆਂ। ਇਸ ਨਾਚ ਵਿੱਚ ਢੋਲ ਦੀ ਤਾਲ ਲੁੱਡੀ ਵਜਾਈ ਜਾਂਦੀ ਹੈ ਜੋ ਕਿ ਇੱਕ ਮੱਧਮ ਤਾਲ ਹੁੰਦੀ ਹੈ। ਬਾਜ਼ੀਗਰਾਂ ਦੇ ਇਸ ਨਾਚ ਵਿੱਚ ਮੁੱਖ ਜ਼ੋਰ ਅੱਡੀਆਂ ਤੇ ਹੁੰਦਾ ਹੈ। ਬਾਜ਼ੀਗਰ ਇਸ ਨਾਚ ਸਮੇਂ ਇੱਕ ਹਿਚਕੋਲਾ ਜਿਹਾ ਖਾ ਕੇ ਥੋੜ੍ਹਾ ਅੱਗੇ ਵੱਲ ਤੁਰਦੇ ਜਾਂਦੇ ਹਨ। ਉਨ੍ਹਾਂ ਦੀਆਂ ਲੱਤਾਂ ਝੁਕੀਆਂ ਹੋਈਆਂ, ਛਾਤੀਆਂ ਥੋੜ੍ਹੀਆਂ ਪਿਛਾਂਹ ਵੱਲ ਤਣੀਆਂ ਹੋਈਆਂ ਹੁੰਦੀਆਂ ਹਨ। ਇਹ ਨਾਚ ਨੱਚਣ ਵਾਲਾ ਹਰ ਬਾਜ਼ੀਗਰ ਤਾਲ ਵਿੱਚ ਮੋਢੇ ਹਿਲਾਉਂਦਾ ਤਾੜੀ ਮਾਰਦਾ ਅੱਗੇ ਤੁਰਿਆ ਜਾਂਦਾ ਹੈ। ਲੁੱਡੀ ਲੋਕ ਨਾਚ ਤੇ ਜਿੰਦੂਆ ਲੋਕ ਗੀਤ ਬੋਲਿਆ ਜਾਂਦਾ ਹੈ। ਜਿਸ ਦੀਆਂ ਕੁਝ ਸਤਰਾਂ ਇਸ ਪ੍ਰਕਾਰ ਹਨ :-

ਜਿੰਦੂਆ ਪੁੱਤਰ ਪਠਾਨ ਦਾ
ਮੈਂ ਰਾਜੇ ਦੀ ਧੀ
ਜਿੰਦੂਏ ਮਾਰੀ ਪਸ਼ਤੋ
ਮੈਂ ਸਮਝ ਗਈ
ਬੜੇ ਦੁੱਖਾਂ ਨਾਲ ਲਾਈ ਆ
ਵੇ ਜਿੰਦੂਆ
ਐਵੇਂ ਲਾ ਗਵਾਈ ਆ
ਵੇ ਜਿੰਦੂਆ !

ਚਲ ਜਿੰਦੂਆ ਖਲਵਾੜੇ
ਮੈਨੂੰ ਭਰੀ ਚਕਾ
ਜਿੰਦੂਏ ਦੀ ਰਹਿ ਗਈ ਗੋਦੜੀ
ਮੇਰੀ ਜਾਣੇ ਬਲਾ
ਤੈਂ ਕਿੱਥੋਂ ਸਵਾਈ ਆ
ਵੇ ਜਿੰਦੂਆ
ਐਵੇਂ ਲਾ ਗਵਾਈਆ
ਵੇ ਜਿੰਦੂਆ!

3. ਝੂੰਮਰ : ਝੂੰਮਰ ਬਾਜ਼ੀਗਰ ਕਬੀਲੇ ਦਾ ਮੁੱਖ ਲੋਕ ਨਾਚ ਹੈ ਅਤੇ ਇਸ ਨੂੰ ਕਬੀਲੇ ਦੇ ਮਰਦ ਅਤੇ ਬੱਚੇ ਬਹੁਤ ਪਸੰਦ ਕਰਦੇ ਹਨ। ਇਸ ਨਾਚ ਵਿੱਚ ਬਾਜ਼ੀਗਰਾਂ ਵੱਲੋਂ ਝਾਜਰਾਂ ਪਹਿਨੀਆਂ ਜਾਂਦੀਆਂ ਹਨ। ਪਹਿਰਾਵੇ ਵਿੱਚ ਚਿੱਟਾ ਕੁੜਤਾ ਚਾਦਰਾ ਅਤੇ ਲੜ ਛੱਡਕੇ ਪੱਗ ਬੰਨ੍ਹੀ ਜਾਂਦੀ ਹੈ। ਇਸ ਨਾਚ ਵਿੱਚ ਢੋਲ ਦੇ ਤੋੜੇ ਤੇ ਝਾਂਜਰਾਂ ਦੀ ਤਾਲ ਵਿੱਚ ਹੁੰਦੀ ਛਣਕਾਰ ਫਿਜ਼ਾ ਨੂੰ ਵਿਸਮਾਦੀ ਬਣਾਉਂਦੀ ਹੈ । ਝੂੰਮਰ ਨਾਚ ਸਮੇਂ ਢੋਲੀ ਢੋਲ ਦੀ ਝੂੰਮਰ ਤਾਲ ਵਜਾਉਂਦਾ ਹੈ ਤੇ ਨੱਚਣ ਵਾਲੇ ਬਾਜ਼ੀਗਰ ਵਾਰੋ ਵਾਰੀ ਤਾਲ ਵਿੱਚ ਲੱਤਾਂ ਚੁੱਕਦੇ ਬਾਹਵਾਂ ਨਾਲ ਮੋਢੇ ਥਪਥਪਾਉਂਦੇ ਹੋਏ ਅੱਗੇ ਵੱਲ ਵਧਦੇ ਜਾਂਦੇ ਹਨ। ਝੂੰਮਰ ਦੀ ਦੂਜੀ ਤਾਲ ਵਿੱਚ ਢੋਲ ਦੀ ਤਾਲ ਥੋੜ੍ਹੀ ਹੋਰ ਤੇਜ਼ ਹੁੰਦੀ ਹੈ ਅਤੇ ਢੋਲੀ ਢੋਲ ਦਾ ਇੱਕ ਵਿਸ਼ੇਸ਼ ਤੋੜਾ ਦਿੰਦਾ ਹੈ ਅਤੇ ਝੂੰਮਰ ਨੱਚਣ ਵਾਲੇ ਬਾਜ਼ੀਗਰ ਇੱਕ ਗੋਲਾਕਾਰ ਵਿੱਚ ਘੁੰਮਦੇ ਹੋਏ ਫਿਰ ਸਿੱਧੇ ਹੋ ਕੇ ਨੱਚਣ ਲੱਗਦੇ ਹਨ। ਇਸ ਨਾਚ ਵਿੱਚ ਢੋਲ ਦੇ ਤੋੜੇ ਤੇ ਮੂੰਹ ਨਾਲ ਵਿਸ਼ੇਸ਼ ਧੁਨੀ ਸ਼ੀ-ਸ਼ੀ ਉਚਾਰੀ ਜਾਂਦੀ ਹੈ।

4. ਧਮਾਲ : ਧਮਾਲ ਬਾਜ਼ੀਗਰ ਕਬੀਲੇ ਦਾ ਇੱਕ ਅਹਿਮ ਨਾਚ ਹੈ। ਇਸ ਨਾਚ ਸਮੇਂ ਢੋਲ ਦੀ ਤਾਲ ਧਮਾਲ ਵਜਾਈ ਜਾਂਦੀ ਹੈ ਅਤੇ ਬਾਜ਼ੀਗਰ ਕਬੀਲੇ ਦੇ ਲੋਕ ਇਕ ਲੱਤ ਦੇ ਭਾਰ ਖੜ੍ਹਕੇ ਛਾਤੀ ਥੋੜ੍ਹੀ ਪਿਛਾਂਹ ਵੱਲ ਕਰਕੇ ਹੱਥ ਉਪਰ ਵੱਲ ਨੂੰ ਕਰਕੇ ਨੱਚਦੇ ਹਨ। ਇਸ ਨਾਚ ਵਿੱਚ ਢੋਲ ਦੇ ਤੋੜੇ ਤੇ ਲੱਤਾਂ ਵਾਰੀ ਵਾਰੀ ਤਾਲ ਅਨੁਸਾਰ ਬਦਲੀਆਂ ਜਾਂਦੀਆਂ ਹਨ। ਜਦੋਂ ਬਾਜ਼ੀਗਰ ਧਮਾਲ ਪਾਉਂਦੇ ਹਨ ਤਾਂ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਧਰਤੀ ਵਿੱਚ ਕੰਪਨ ਪੈਦਾ ਹੋ ਰਿਹਾ ਹੋਵੇ। ਬਾਜ਼ੀਗਰ ਕਬੀਲੇ ਦੇ ਸੰਤ ਲੋਕ ਆਪਣਾ ਵਿਸਮਾਦੀ ਨਾਚ ਜੱਲੀ ਨੱਚਦੇ ਸਮੇਂ ਇਸੇ ਤਾਲ ਦੀ ਵਰਤੋਂ ਕਰਦੇ ਹਨ। ਬਾਜ਼ੀਗਰ ਲੋਕ ਧਮਾਲ ਤੇ ਪੀਰਾਂ ਦੀਆਂ ਇਹ ਟਾਹਰਾਂ ਗਾਉਂਦੇ ਹਨ :-

ਪੀਰਾ ਪਿੜੀ ਤੇ ਪਟੋਲਾ ਰਾਂਗਲਾ
ਬੀਬੀ ਬਾਈ ਦਾ ਬਣਿਆ ਐ ਬਾਂਗਲਾ
ਵੇ ਮੈਂ ਵਾਰੀ ਪੀਰਾ ਵੇ
ਤੈਂ ਤਾਰੀ ਪੀਰਾ ਵੇ

ਮੇਰੇ ਹੱਥ ਛੱਲੇ ਛਾਪਾਂ ਗੂਠੀਆਂ
ਮੇਰਾ ਪੀਰ ਸੱਚਾ ਤੇ ਮੈਂ ਝੂਠੀਆਂ
ਮੈਂ ਵਾਰੀ ਪੀਰਾ ਵੇ
ਤੈਂ ਤਾਰੀ ਪੀਰਾ ਵੇ

ਮੇਰੇ ਹੱਥ ਲੋਹੇ ਦੀ ਐ ਦਾਤਰੀ
ਮੈਂ ਪੀਰਾਂ ਦੀ ਕਰਨੀ ਐ ਚਾਕਰੀ
ਮੈਂ ਵਾਰੀ ਪੀਰਾ ਵੇ
ਤੈਂ ਤਾਰੀ ਪੀਰਾ ਵੇ

5. ਘੂੰਮਰ : ਘੂੰਮਰ ਬਾਜ਼ੀਗਰ ਕਬੀਲੇ ਦੇ ਲੋਕਾਂ ਦਾ ਵਿਸ਼ੇਸ਼ ਲੋਕ ਨਾਚ ਹੈ। ਇਹ ਨਾਚ ਜ਼ਿਆਦਾਤਰ ਘੁੰਮਕੇ ਨੱਚਿਆ ਜਾਂਦਾ ਹੈ, ਇਸ ਕਰਕੇ ਇਸ ਨਾਚ ਦਾ ਨਾਂ ਘੂੰਮਰ ਨਾਚ ਪੈ ਗਿਆ। ਇਹ ਨਾਚ ਜ਼ਿਆਦਾਤਰ ਇੱਕੋ ਤਾਲ ਤੇ ਚਾਰ ਰੂਪਾਂ ਵਿੱਚ ਨੱਚਿਆ ਜਾਂਦਾ ਹੈ। ਇਸ ਨਾਚ ਦਾ ਰੂਪ ਢੋਲੀ ਵਲੋਂ ਮਾਰੇ ਗਏ ਭਾਰੀ ਡੱਗੇ ਨਾਲ ਬਦਲ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਇਸ ਨਾਚ ਨੂੰ ਮਸਤੀ ਦਾ ਨਾਚ ਮੰਨਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਘੂੰਮਰ ਨਾਚ ਵਿਆਹ ਸ਼ਾਦੀਆਂ ਤੇ ਵਿਸ਼ੇਸ਼ ਰੂਪ ਵਿੱਚ ਨੱਚਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਘੂੰਮਰ ਨਾਚ ਤੇ ਹੇਠ ਲਿਖਿਆ ਗੀਤ ਪ੍ਰਚਲਤ ਹੈ:-

ਨੀ ਮੈਂ ਵੱਟਾਂ ਮਰੇਨੀਆਂ ਇੱਲ ਨੂੰ
ਕੁਝ ਹੋ ਗਿਆ ਕਮਲੇ ਦਿਲ ਨੂੰ
ਅੱਲਾ ਜਾਣੇ ਯਾਰ ਨਾ ਜਾਣੇ
ਮੇਰਾ ਢੋਲ ਜਵਾਨੀਆਂ ਮਾਣੇ

ਅਸਾਂ ਦੂਰੋਂ ਡਿੱਠਾ ਈ ਮਾਹੀ ਆਵਦਾਂ
ਹੱਥ ਕੰਗਣਾਂ ਤੇ ਬਾਹੀਂ ਲਮਕਾਂਵਦਾਂ
ਸਾਨੂੰ ਰਮਜ਼ਾ ਨਾਲ ਬੁਲਾਵਦਾਂ
ਲੰਘ ਆ ਜਾ ਪਤਨ ਝਨਾਂ ਦਾ ਓ ਯਾਰ
ਲੰਘ ਆ ਜਾ

ਮੇਰੇ ਗਲ ਵਿੱਚ ਸੂਹੀ ਸੂਹੀ ਅੰਗੀਆਂ
ਮੈਂ ਨਾਲ ਮਾਹੀ ਦੇ ਮੰਗੀਆਂ
ਭਾਵੇਂ ਚੰਗੀਆਂ ਭਾਵੇਂ ਮੰਦੀ ਆਂ
ਲੰਘ ਆਜਾ ਪਤਨ ਝਨਾ ਦਾ ਓ ਯਾਰ
ਲੰਘ ਆ ਜਾ

ਮੈਂ ਪਾਣੀ ਭਰੇਨੀ ਆਂ ਛੰਨੇ ਦਾ
ਮੇਰਾ ਢੋਲ ਮੁਸਾਫ਼ਰ ਲੰਮੇ ਦਾ
ਦਿਲ ਜਾਣੇ ਯਾਰ ਨਾ ਜਾਣੇ
ਮੇਰਾ ਢੋਲ
ਜਵਾਨੀਆਂ ਮਾਣੇ।

6. ਜੱਲ੍ਹੀ : ਬਾਜ਼ੀਗਰ ਕਬੀਲੇ ਵਿੱਚ ਜੱਲੀ ਬਾਜ਼ੀਗਰ ਕਬੀਲੇ ਦੇ ਸੰਤਾਂ ਅਤੇ ਮਸਤ ਫ਼ਕੀਰਾਂ ਦਾ ਨਾਚ ਹੈ। ਇਹ ਨਾਚ ਢੋਲ ਦੀ ਤਾਲ ਧਮਾਲ ਤੇ ਨੱਚਿਆ ਜਾਂਦਾ ਹੈ। ਇਸ ਨਾਚ ਦਾ ਦਿਨ ਵੀਰਵਾਰ ਰਾਤ ਨੂੰ ਮੁਕੱਰਰ ਕੀਤਾ ਜਾਂਦਾ ਹੈ। ਜੱਲੀ ਨਾਚ ਪੀਰ ਪੈਗੰਬਰਾਂ ਦੀ ਚੌਂਕੀ ਭਰਨ ਲਈ ਨੱਚਿਆ ਜਾਂਦਾ ਹੈ। ਇਸ ਨਾਚ ਵਿੱਚ ਸਬੰਧਤ ਮਜ਼ਾਰ ਦਾ ਮੁਖੀ ਅਤੇ ਉਸਦੇ 25-30 ਸ਼ਗਿਰਦ ਹੁੰਦੇ ਹਨ। ਜੱਲ੍ਹੀ ਇੱਕ ਕਿਸਮ ਦਾ ਰੂਹਾਨੀ ਨਾਚ ਹੈ। ਇਸ ਨਾਚ ਨੂੰ ਨੱਚਦੇ ਸਮੇਂ ਸੰਤ ਫ਼ਕੀਰ ਅਤੇ ਉਨ੍ਹਾਂ ਦੇ ਚੇਲੇ ਅਸਮਾਨ ਵੱਲ ਇਸ ਤਰ੍ਹਾਂ ਦੀਆਂ ਆਦਾਵਾਂ ਕਰਦੇ ਹਨ ਜਿਵੇਂ ਖ਼ੁਦਾ ਨਾਲ ਕੋਈ ਸੰਵਾਦ ਰਚਾ ਰਹੇ ਹੋਣ।

7. ਡੰਡਾਰਸ : ਡੰਡਾਰਸ ਬਾਜ਼ੀਗਰ ਕਬੀਲੇ ਦਾ ਪ੍ਰਸਿੱਧ ਲੋਕ ਨਾਚ ਹੈ। ਇਹ ਨਾਚ ਢੋਲ ਦੀ ਤਾਲ ਧਮਾਲ ਤੇ ਨੱਚਿਆ ਜਾਂਦਾ ਹੈ। ਇਹ ਨਾਚ ਸਿਰਫ਼ ਦੋ ਤਾਲਾਂ ਵਿੱਚ ਨੱਚਿਆ ਜਾਂਦਾ ਹੈ। ਇਸ ਨਾਚ ਵਿੱਚ ਨੱਚਣ ਵਾਲੇ ਬਾਜ਼ੀਗਰਾਂ ਵੱਲੋਂ ਹੱਥ ਵਿੱਚ ਡੇਢ ਕੁ ਫੁੱਟ ਦੇ ਲੱਕੜੀ ਦੇ ਡੰਡੇ ਫੜੇ ਜਾਂਦੇ ਹਨ। ਇਸ ਨਾਚ ਵਿੱਚ ਬਾਜ਼ੀਗਰ ਧਮਾਲ ਦੀ ਤਾਲ ਤੇ ਨੱਚਦੇ ਹੋਏ ਤੋੜਾ ਮਿਲਣ ਤੇ ਪਹਿਲਾ ਸੱਜੇ ਸਾਥੀ ਨਾਲ ਆਪਣੇ ਡੰਡੇ ਭਿੜਾਉਂਦੇ ਹਨ ਅਤੇ ਫਿਰ ਖੱਬੇ ਸਾਥੀ ਨਾਲ ਆਪਣੇ ਨਾਲ ਡੰਡੇ ਭਿੜਾਉਂਦੇ ਹਨ। ਢੋਲ ਦਾ ਜ਼ੋਰਦਾਰ ਤੋੜਾ ਮਿਲਣ ਤੇ ਨੱਚਣ ਵਾਲੇ ਬਾਜ਼ੀਗਰ ਅੱਖ ਦੇ ਫੋਰ ਵਿੱਚ ਆਪਣਾ ਸਾਥੀ ਬਦਲ ਲੈਂਦੇ ਹਨ ਅਤੇ ਫਿਰ ਉਸ ਨਾਲ ਡੰਡੇ ਭਿੜਾਉਣ ਲੱਗਦੇ ਹਨ। ਢੋਲ ਦੀ ਤਾਲ ਹੌਲੀ ਹੌਲੀ ਤੇਜ਼ ਹੋਣ ਤੇ ਇਹ ਨਾਚ ਵੀ ਤੇਜ਼ੀ ਫੜਨ ਲਗਦਾ ਹੈ। ਇਸ ਨਾਚ ਵੇਲੇ ਇਹ ਲੋਕ ਗੀਤ ਪ੍ਰਚਲਤ ਹੈ:-

ਕੱਪੜੇ ਧੋਵਾਂ ਨਾਲੇ ਰੋਵਾਂ ਕੁੰਜੂਆ
ਕੋਈ ਦੇ ਜਾ ਨਿਸ਼ਾਨੀ ਓ
ਕੱਪੜੇ ਵੀ ਧੋਈਂ ਨਾਲੇ ਦੇਖੀਂ ਚੰਚਲੋ
ਵਿੱਚ ਬਟਨ ਨਿਸ਼ਾਨੀ ਓ

ਇਹ ਲੋਕ ਨਾਚ ਬਾਜ਼ੀਗਰ ਕਬੀਲੇ ਦੇ ਹਿਮਾਚਲ ਪ੍ਰਦੇਸ਼ ਦੇ ਚੰਬਾ ਖੇਤਰ ਵਿੱਚ ਹੋਏ ਪ੍ਰੇਮੀ ਪ੍ਰੇਮਿਕਾ ਕੁੰਜੂਆ ਤੇ ਚੰਚਲੋ ਦੀ ਯਾਦ ਵਿੱਚ ਨੱਚਿਆ ਜਾਂਦਾ ਹੈ।

8. ਸਿਆਲਕੋਟੀਆ ਨਾਚ : ਸਿਆਲਕੋਟੀਆ ਨਾਚ ਬਾਜ਼ੀਗਰ ਕਬੀਲੇ ਦਾ ਮਨਭਾਉਂਦਾ ਨਾਚ ਹੈ। ਇਸ ਨਾਚ ਨੂੰ ਮਹਾਂਵੀਰ ਨਾਚ ਵੀ ਕਿਹਾ ਜਾਂਦਾ ਹੈ। ਇਹ ਨਾਚ ਜਾਂਘੀਆ ਪਾ ਕੇ ਨੱਚਿਆ ਜਾਂਦਾ ਹੈ। ਇਸ ਨਾਚ ਦੀ ਤਾਲ ਲਹਿਰੀਆ ਹੈ।

ਇਹ ਨਾਚ ਇੱਕ ਬੋਲੀ ਨਾਲ ਸ਼ੁਰੂ ਹੁੰਦਾ ਹੈ ਤੇ ਪਿੜ ਵਿੱਚ ਗੇੜਾਂ ਦੇਣ ਤੋਂ ਬਾਅਦ ਇਕ ਨਵੀਂ ਬੋਲੀ ਨਾਲ ਦੁਬਾਰਾ ਚੁੱਕਿਆ ਜਾਂਦਾ ਹੈ।

9. ਚੂਹੀ ਨਾਚ : ਚੂਹੀ ਨਾਚ ਬਾਜ਼ੀਗਰ ਕਬੀਲੇ ਦਾ ਸਭ ਤੋਂ ਪੁਰਾਣਾ ਨਾਚ ਹੈ। ਇਸ ਨਾਚ ਵਿੱਚ ਬਾਜ਼ਗੀਰਾਂ ਵਲੋਂ ਆਪਣਾ ਸਰੀਰ ਅਕੜਾ ਲਿਆ ਜਾਂਦਾ ਹੈ ਤੇ ਦੋਵੇਂ ਬਾਹਾਂ ਲੰਬੀਆਂ ਕਰਕੇ ਮੁੱਠੀਆਂ ਮੀਟ ਲਈਆਂ ਜਾਂਦੀਆਂ ਹਨ। ਫਿਰ ਦੋ ਬਾਜ਼ੀਗਰ ਇੱਕ ਦੂਜੇ ਦੇ ਸਾਹਮਣੇ ਹੋ ਕੇ ਨਚਦੇ ਹੋਏ ਸਿਰ ਝੁਕਾ ਕੇ ਮੂੰਹ ਵਿੱਚੋਂ ਉੱਚੀ ਉੱਚੀ ਚੂਹੀ ਚੂਹੀ ਦੀ ਧੁਨੀ ਉਚਾਰਦੇ ਹਨ। ਇਹ ਨਾਚ ਪਠਾਨੀ ਨਾਚ ਨਾਲ ਕਾਫ਼ੀ ਮਿਲਦਾ ਜੁਲਦਾ ਹੈ। ਇਸ ਨਾਚ ਦੀ ਤਾਲ ਲੁੱਡੀ ਨਾਚ ਨਾਲ ਕਾਫ਼ੀ ਮਿਲਦੀ ਜੁਲਦੀ ਹੈ। ਇਸਦੇ ਸੰਗੀਤਕ ਲਫ਼ਜ਼ ਹਨ :

ਆਰਾ ਬਾਰਾ ਘੂੰਮਰ ਘਾਰਾ
ਰਸੂਲ ਅੱਲਾ!

ਇਹ ਨਾਚ ਨੱਚਦਿਆਂ ਹੋਇਆਂ ਬਾਜ਼ੀਗਰਾਂ ਵਲੋਂ ਇਹ ਸ਼ਬਦ ਤਾਲ ਵਿੱਚ ਵਾਰ ਵਾਰ ਦੁਹਰਾਏ ਜਾਂਦੇ ਹਨ :-

ਦੋੜੀਂ ਦੋੜੀਂ ਰੇ ਮਲਾਈਂ
ਚੂਹੀ ਆਕੜ ਗਈ!
ਦੋੜੀਂ ਦੋੜੀਂ ਰੇ ਮਲਾਈਂ
ਚੂਹੀ ਆਕੜ ਗਈ!!

ਇਸ ਨਾਚ ਵਿਚ ਨੱਚਣ ਵਾਲੇ ਬਾਜ਼ੀਗਰਾਂ ਵਲੋਂ ਚੂਹੀ ਵਰਗਾ ਰੂਪ ਧਾਰਕੇ ਨੱਚਣ ਦਾ ਸਵਾਂਗ ਕੀਤਾ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਇਸੇ ਵੰਨਗੀ ਦੇ ਕਈ ਹੋਰ ਨਾਚ ਵੀ ਪ੍ਰਚੱਲਤ ਹਨ।

(ਅ) ਔਰਤਾਂ ਦੇ ਲੋਕ ਨਾਚ :

1. ਸੰਮੀ : ਸੰਮੀ ਬਾਜ਼ੀਗਰ ਕਬੀਲੇ ਦੀਆਂ ਔਰਤਾਂ ਦਾ ਮੁੱਖ ਨਾਚ ਹੈ। ਸੰਮੀ ਨਾਚ ਇੱਕ ਗੋਲਾਕਾਰ ਵਿੱਚ ਨੱਚਿਆ ਜਾਣ ਵਾਲਾ ਲੋਕ ਨਾਚ ਹੈ। ਇਸ ਨਾਚ ਵਿੱਚ ਇੱਕ ਪੈਰ ਤੋਂ ਦੂਸਰੇ ਪੈਰ ਕੋਲ ਜਾ ਕੇ ਅੱਡੀ ਮਾਰੀ ਜਾਂਦੀ ਹੈ। ਇਹ ਨਾਚ ਦੋ ਤਾੜੀ ਦੀ ਤਾਲ ਤੇ ਨੱਚਿਆ ਜਾਂਦਾ ਹੈ। ਦੋ ਤਾੜੀਆਂ ਮਾਰਨ ਦੇ ਨਾਲ ਨਾਲ ਬਾਜ਼ੀਗਰ ਔਰਤਾਂ ਸਮੂਹਿਕ ਤੌਰ ਤੇ ਸੰਮੀ ਗੀਤ ਨਾਲ ਨਾਲ ਗਾਉਂਦੀਆਂ ਹਨ। ਇਕ ਔਰਤ ਸੰਮੀ ਗੀਤ ਦੇ ਬੋਲ ਚੁੱਕਦੀ ਹੈ ਤੇ ਬਾਕੀ ਔਰਤਾਂ ਉਸਦੇ ਪਿੱਛੇ ਪਿੱਛੇ ਸੰਮੀ ਗੀਤ ਦੁਹਰਾਉਂਦੀਆਂ ਹਨ। ਸੰਮੀ ਨਾਚ ਨੱਚਣ ਵਾਲੀਆਂ ਦੋ ਔਰਤਾਂ ਗੋਲਾਕਾਰ ਵਿਚ ਆ ਕੇ ਨੱਚਣ ਲੱਗਦੀਆਂ ਹਨ। ਸੰਮੀ ਨਾਚ ਨੱਚਣ ਸਮੇਂ ਉਹ ਜ਼ਿਆਦਾਤਰ ਪੈਰ ਦੀ ਅੱਡੀ ਧਰਤੀ ਤੇ ਮਾਰਦੀਆਂ ਹਨ ਅਤੇ ਹੱਥਾਂ ਨਾਲ ਤਾਲ ਦੇ ਹਿਸਾਬ ਨਾਲ ਵੱਖ-ਵੱਖ ਮੁਦਰਾਵਾਂ ਕਰਦੀਆਂ ਹਨ। ਇਨ੍ਹਾਂ ਮੁਦਰਾਵਾਂ ਵਿੱਚ ਚੁਟਕੀ ਮਾਰਨਾ, ਮੱਥੇ ਤੇ ਢੋਵੇਂ ਹੱਥ ਰੱਖਕੇ ਸਲਾਮ ਕਰਨਾ ਤੇ ਬਾਹਵਾਂ ਬਦਲ ਬਦਲ ਕੇ ਨੱਚਣ ਦੀਆਂ ਅਦਾਵਾਂ ਹੁੰਦੀਆਂ ਹਨ। ਇਸ ਨਾਚ ਵਿੱਚ ਨੱਚਣ

ਵਾਲੀਆਂ ਔਰਤਾਂ ਨੱਚਦੀਆਂ ਹੋਈਆ ਧੌਣ ਤੇ ਅੱਖਾਂ ਨੀਵੀਆਂ ਰੱਖਦੀਆਂ ਹਨ। ਸੰਮੀ ਨਾਚ ਵਿਚ ਸੰਮੀ ਗੀਤ ਦੇ ਬੋਲ ਅਤੇ ਤਾਲ ਧੀਮੀ ਅਤੇ ਠਹਿਰਾਅ ਵਾਲੀ ਹੁੰਦੀ ਹੈ।

2. **ਦੋ-ਤਾੜੀ ਨਾਚ :** ਬਾਜ਼ੀਗਰ ਕਬੀਲੇ ਵਿੱਚ ਔਰਤਾਂ ਵਿਆਹ ਸਮਾਗਮ ਜਾਂ ਖੁਸ਼ੀ ਦੇ ਕਿਸੇ ਹੋਰ ਮੌਕੇ ਸਮੇਂ ਜ਼ਿਆਦਾਤਰ ਦੋ ਤਾੜੀ ਨਾਚ ਨੱਚਦੀਆਂ ਹਨ। ਇਨ੍ਹਾਂ ਨਾਚਾਂ ਵਿੱਚ ਜ਼ਿਆਦਾਤਰ ਅੱਡੀ ਅਤੇ ਹੱਥਾਂ ਦੀਆਂ ਮੁਦਰਾਵਾਂ ਹਰਕਤ ਵਿੱਚ ਹੁੰਦੀਆਂ ਹਨ। ਇਹ ਨਾਚ ਨੱਚਦੀਆਂ ਔਰਤਾਂ ਹੌਲ਼ੀ ਹੌਲ਼ੀ ਆਪਣੇ ਸਰੀਰ ਨੂੰ ਥਿਰਕਾਉਂਦੀਆਂ ਹਨ। ਇਹ ਨਾਚ ਇੱਕ ਗੋਲਾਕਾਰ ਵਿੱਚ ਨੱਚੇ ਜਾਂਦੇ ਹਨ। ਇਸ ਨਾਚ ਦੌਰਾਨ ਕਬੀਲੇ ਦੀ ਮੁੱਖ ਔਰਤ ਹਲਕੀ ਧੁਨ ਵਿੱਚ ਕੋਈ ਗੀਤ ਛੇੜਦੀ ਹੈ ਤੇ ਬਾਕੀ ਦੀਆਂ ਔਰਤਾਂ ਉਸਦਾ ਸਾਥ ਦਿੰਦੀਆਂ ਹਨ। ਨੱਚਣ ਦੀਆਂ ਸ਼ੌਕੀਨ ਔਰਤਾਂ ਗੋਲਾਕਾਰ ਦੇ ਵਿਚਕਾਰ ਖੜ੍ਹਕੇ ਨੱਚਦੀਆਂ ਹਨ ਤੇ ਕੁਝ ਸਮੇਂ ਬਾਅਦ ਇਹ ਜੋੜੀ ਬਦਲ ਜਾਂਦੀ ਹੈ। ਇਸ ਤਰ੍ਹਾਂ ਇਹ ਪ੍ਰਕਿਰਿਆ ਲਗਾਤਾਰ ਚਲਦੀ ਰਹਿੰਦੀ ਹੈ। ਲਗਾਤਾਰ ਦੋ ਤਾੜੀਆਂ ਵਜਾਉਣ ਕਰਕੇ ਇਸ ਨਾਚ ਦਾ ਨਾਂ ਦੋ ਤਾੜੀ ਨਾਚ ਹੈ। ਇਸ ਨਾਚ ਸਮੇਂ ਵੀ ਔਰਤਾਂ ਦੀਆਂ ਅੱਖਾਂ ਅਤੇ ਗਰਦਨਾਂ ਨੀਵੀਆਂ ਹੁੰਦੀਆਂ ਹਨ।

3. **ਸਵਾਂਗ ਨਾਚ :** ਬਾਜ਼ੀਗਰ ਕਬੀਲੇ ਵਿੱਚ ਕਈ ਤਰ੍ਹਾਂ ਦੇ ਸਵਾਂਗ ਨਾਚ ਵੀ ਪ੍ਰਚਲਿਤ ਹਨ। ਇਨ੍ਹਾਂ ਨਾਚਾਂ ਵਿੱਚ ਜ਼ਿਆਦਾਤਰ ਕਬੀਲੇ ਦੀਆਂ ਲੜਕੀਆਂ ਹੀ ਭਾਗ ਲੈਂਦੀਆਂ ਹਨ। ਇਹ ਨਾਚ ਜ਼ਿਆਦਾਤਰ ਵਿਆਹ ਸ਼ਾਦੀਆਂ ਜਾਂ ਫਿਰ ਖ਼ਾਸ ਤਿੱਥ ਤਿਉਹਾਰਾਂ ਤੇ ਨੱਚੇ ਜਾਂਦੇ ਹਨ। ਇਨ੍ਹਾਂ ਨਾਚਾਂ ਵਿੱਚ ਕੁੜੀਆਂ ਗਿੱਧਾ ਪਾਉਂਦੀਆਂ ਹੋਈਆਂ ਕੁਝ ਖ਼ੁਦ ਜੋੜੇ ਹੋਏ ਟੋਟਕੇ ਬੋਲਦੀਆਂ ਹਨ। ਨੱਚਣ ਵਾਲੀਆਂ ਕੁੜੀਆਂ ਹੱਥ ਵਿੱਚ ਸੋਟੀ ਫੜਕੇ ਸਿਰ ਤੇ ਸਾਫ਼ਾ ਬੰਨ੍ਹਕੇ ਕਬੀਲੇ ਦੇ ਪੈਂਚਾਂ, ਪਤੀ ਜਾਂ ਸੱਸ ਸਹੁਰੇ ਦੀ ਨਕਲ ਕਰਦੀਆਂ ਹੋਈਆਂ ਆਪਣੇ ਮਨ ਦੀ ਭੜਾਸ ਕੱਢਦੀਆਂ ਹਨ।

4. **ਬਾਗਾ-ਸ਼ੂੰ :** ਬਾਗਾ ਸ਼ੂੰ ਬਾਜ਼ੀਗਰ ਕਬੀਲੇ ਦੀਆਂ ਔਰਤਾਂ ਦਾ ਇੱਕ ਬੇ ਤਰਤੀਬਾ ਨਾਚ ਹੈ। ਇਸ ਨਾਚ ਵਿੱਚ ਕਬੀਲੇ ਦੀ ਮੁੱਖ ਔਰਤ ਕਬੀਲੇ ਦੇ ਗੀਤ ਦਾ ਕੋਈ ਬੋਲ ਬੋਲਦੀ ਹੈ ਤੇ ਬਾਕੀ ਔਰਤਾਂ ਉਸਦੇ ਪਿੱਛੇ ਪਿੱਛੇ 'ਬਾਗਾ ਸ਼ੂੰ' ਵਈ 'ਬਾਗਾ ਸ਼ੂੰ' ਲੈਅ ਅਤੇ ਤਾਲ ਵਿੱਚ ਬੋਲਦੀਆਂ ਹਨ। ਨੱਚਣ ਵਾਲੀਆਂ ਔਰਤਾਂ ਇੱਕ ਗੋਲਾਕਾਰ ਵਿੱਚ ਦੋ ਜਾਂ ਤਿੰਨ ਇਕੱਠੀਆਂ ਹੋ ਕੇ ਨੱਚਦੀਆਂ ਹੋਈਆਂ ਉੱਚੀ ਉੱਚੀ 'ਬਾਗਾ ਸ਼ੂੰ' 'ਬਾਗਾ ਸ਼ੂੰ' ਦੀ ਧੁਨੀ ਉਚਾਰਦੀਆਂ ਹਨ। ਬਾਗਾ ਸ਼ੂੰ ਨਾਚ ਧੀਮੀ ਸੁਰ ਤੋਂ ਸਿਖ਼ਰ ਵੱਲ ਵਧਦਾ ਜਾਂਦਾ ਹੈ। ਇਸ ਤਰ੍ਹਾਂ ਇਸ ਨਾਚ ਵਿੱਚ ਇੱਕ ਜੋੜੀ ਤੋਂ ਬਾਅਦ ਫਿਰ ਦੂਜੀ ਜੋੜੀ ਆਣ ਪ੍ਰਵੇਸ਼ ਕਰਦੀ ਹੈ।

5. **ਨਾਗ ਨਾਚ :** ਨਾਗ ਨਾਚ ਬਾਜ਼ੀਗਰ ਕਬੀਲੇ ਦੀਆਂ ਔਰਤਾਂ ਦਾ ਬਹੁਤ ਹੀ ਦਿਲਕਸ਼ ਨਾਚ ਹੈ। ਇਸ ਨਾਚ ਵਿੱਚ ਨੱਚਣ ਵਾਲੀ ਬਾਜ਼ੀਗਰ ਔਰਤ ਨਾਚ ਦੇ ਪਿੜ ਵਿੱਚ ਆਪਣਾ ਮੂੰਹ ਤੇ ਸਰੀਰ ਦੁਪੱਟੇ ਨਾਲ ਢੱਕ ਕੇ ਸੱਜੀ ਲੱਤ ਲੰਮੀ ਕਰਕੇ ਬੈਠ

ਜਾਂਦੀ ਹੈ। ਇਸ ਨਾਚ ਵਿੱਚ ਨੱਚਣ ਵਾਲੀ ਬਾਜ਼ੀਗਰ ਔਰਤ ਬੈਠ ਕੇ ਇੱਕ ਗੋਲਾਕਾਰ ਵਿਚ ਨਾਗਣ ਵਾਂਗ ਅਦਾਵਾਂ ਕਰਦੀ ਹੋਈ ਪੁੱਠੀ ਸਿੱਧੀ ਹੋ ਹੋ ਨੱਚਦੀ ਹੈ। ਇਸ ਨਾਚ ਦੇ ਨਾਲ ਨਾਲ ਪਿੜ ਵਿੱਚ ਖੜ੍ਹੀਆਂ ਬਾਜ਼ੀਗਰ ਔਰਤਾਂ ਗਾਉਂਦੀਆਂ ਹਨ :-

ਢੇਡੂਆਂ ਵਿੱਚ ਕਾਲਾ ਧਾਗਾ
ਮੇਲ੍ਹ ਵੇ ਵਰਮੀ ਦਿਆ ਨਾਗਾ
ਮੇਲ ਵੇ ਵਰਮੀ ਦਿਆ ਨਾਗਾ
ਮੇਲ ਵੇ ਜ਼ਰਾ ਮੇਲ ਵੇ

ਇਹ ਨਾਚ ਨੱਚਣ ਵਾਲੀ ਬਾਜ਼ੀਗਰਨੀ ਇਸ ਗੀਤ ਤੇ ਮਸਤ ਹੁੰਦੀ ਹੋਈ ਨਾਗਣ ਵਾਂਗ ਉੱਚੀ-ਉੱਚੀ ਫੁੰਕਾਰੇ ਮਾਰਦੀ ਹੈ।

6. ਪਠਾਣੀਆਂ ਨਾਚ : ਪਠਾਣੀਆਂ ਨਾਚ ਬਾਜ਼ੀਗਰ ਕਬੀਲੇ ਦੀਆਂ ਔਰਤਾਂ ਦਾ ਪ੍ਰਮੁੱਖ ਨਾਚ ਹੈ। ਇਹ ਨਾਚ ਨੱਚਣ ਵਾਲੀ ਬਾਜ਼ੀਗਰ ਔਰਤ ਹੱਥ ਵਿੱਚ ਸੋਟਾ ਫੜਕੇ ਆਪਣੇ ਘੱਗਰਾ ਥੋੜਾ ਉੱਚਾ ਬੰਨ੍ਹਕੇ ਆਪਣੀ ਚੁੰਨੀ ਲੱਕ ਦੁਆਲੇ ਬੰਨ੍ਹ ਲੈਂਦੀ ਹੈ। ਇਸ ਤਰ੍ਹਾਂ ਉਹ ਤਰ੍ਹਾਂ ਤਰ੍ਹਾਂ ਦੇ ਸਵਾਂਗ ਰਚਾਉਂਦੀ ਹੋਈ ਨੱਚਦੀ ਹੈ ਤੇ ਉਸਦੇ ਨਾਲ ਬਾਜ਼ੀਗਰਨੀਆਂ ਗਿੱਧਾ ਪਾਉਂਦੀਆਂ ਹੋਈਆਂ ਵੱਖੋ-ਵੱਖਰੇ ਕਬੀਲਾ ਗੀਤ ਗਾਉਂਦੀਆਂ ਹਨ।

7. ਗੈਂਡਾ ਨਾਚ : ਇਸ ਨਾਚ ਵਿੱਚ ਬਾਜ਼ੀਗਰ ਕਬੀਲੇ ਦੀਆਂ ਔਰਤਾਂ ਵਲੋਂ ਮਰਦਾਂ ਵਰਗਾ ਪਹਿਰਾਵਾ ਪਾ ਕੇ ਸਿਰ ਤੇ ਪਗੜੀ ਬੰਨ੍ਹ ਲਈ ਜਾਂਦੀ ਹੈ। ਇਸ ਨਾਚ ਵਿੱਚ ਨੱਚਣ ਵਾਲੀਆਂ ਬਾਜ਼ੀਗਰ ਔਰਤਾਂ ਉੱਚੀ-ਉੱਚੀ ਕੁੱਦਦੀਆਂ ਹੋਈਆਂ ਇਹ ਨਾਚ ਨੱਚਦੀਆਂ ਹਨ ਤੇ ਨਾਲ ਖੜ੍ਹੀਆਂ ਔਰਤਾਂ ਉੱਚੀ ਉੱਚੀ ਇਹ ਗੀਤ ਗਾਉਂਦੀਆਂ ਹਨ :-

ਬਾਹਰ ਗਿਆ
ਬਾਹਰੋਂ ਆਇਆ
ਸਾਰੀ ਦਿੱਲੀ ਲੁੱਟੀ ਆ
ਗੈਂਡਾ ਹੱਟਕੇ ਲੜਦਾ
ਮੁੱਛਾਂ ਵੱਟਕੇ ਲੜਦਾ

8. ਅਰਜੋਈ ਨਾਚ : ਬਾਜ਼ੀਗਰ ਕਬੀਲੇ ਵਿੱਚ ਔਰਤਾਂ ਵਿੱਚ 'ਅਰਜ਼ੋਈ ਨਾਚ' ਬਹੁਤ ਹੀ ਹਰਮਨ ਪਿਆਰਾ ਹੈ। ਕਬੀਲੇ ਵਿੱਚ ਅੱਜ ਵੀ ਅਰਜੋਈ ਨਾਚ ਦੋ-ਤਾੜੀ ਦੀ ਤਾਲ ਤੇ ਬੜੇ ਜੋਸ਼ ਨਾਲ ਨੱਚਿਆ ਜਾਂਦਾ ਹੈ। ਅਰਜੋਈ ਨਾਚ ਵਿੱਚ ਕਬੀਲਾ ਔਰਤਾਂ ਇਕ ਗੋਲਾਕਾਰ ਦੀ ਸ਼ਕਲ ਵਿਚ ਖੜ੍ਹ ਕੇ ਤਾੜੀ ਤੇ ਤਾੜੀ ਮਾਰਦੀਆਂ ਹਨ। ਅਰਜੋਈ ਨਾਚ ਨੱਚਣ ਵਾਲੀਆਂ ਦੋ ਔਰਤਾਂ ਗੋਲਾਕਾਰ ਵਿਚਕਾਰ ਖੜ੍ਹਕੇ ਕਿਸੇ ਗੀਤ ਦੀ ਤਾਲ ਤੇ ਇਹ ਨਾਚ ਨੱਚਦੀਆਂ ਹਨ। ਇਸ ਨਾਚ ਵਿੱਚ ਨੱਚਣ ਵਾਲੀਆਂ ਔਰਤਾਂ ਇਕ ਦੂਜੀ ਦੇ ਬਿਲਕੁਲ ਨੇੜੇ ਹੋ ਕੇ ਚੁੰਨੀ ਨਾਲ ਮੂੰਹ ਢੱਕ ਕੇ, ਪਿਛਾਂਹ ਵੱਲ ਝੁਕ ਕੇ, ਹੱਥ ਛਾਤੀ ਅੱਗੇ ਘੁੰਮਾਉਂਦੀਆਂ ਹੋਈਆਂ ਕੁਦ ਕੁਦ ਕੇ

ਨੱਚਦੀਆਂ ਹਨ। ਇਸ ਨਾਚ ਸਮੇਂ ਨੱਚਣ ਵਾਲੀਆਂ ਔਰਤਾਂ ਮੂੰਹ ਵਿਚੋਂ 'ਬੂ-ਬੂ' ਦੀ ਧੁਨੀ ਉਚਾਰਦੀਆਂ ਹਨ। ਅਰਜੋਈ ਨਾਚ ਵਿੱਚ ਸੱਸ, ਸਹੁਰੇ, ਜੇਠ, ਪਤੀ ਅਤੇ ਨਨਾਣ ਅੱਗੇ ਅਰਜੋਈਆਂ ਕੀਤੀਆਂ ਜਾਂਦੀਆਂ ਹਨ ਜਿਸ ਕਰਕੇ ਇਸ ਨਾਚ ਦਾ ਨਾਂ 'ਅਰਜੋਈ ਨਾਚ' ਪੈ ਗਿਆ। ਕਬੀਲੇ ਵਿੱਚ ਔਰਤਾਂ ਦੇ ਨਾਚਾਂ ਦੀਆਂ ਕੋਈ ਹੋਰ ਵੀ ਵੰਨਗੀਆਂ ਪ੍ਰਚਲਿਤ ਹਨ।

ਹਵਾਲੇ

1. ਕੁਲਵੰਤ ਕੌਰ, ਲੋਕ ਮਨੋਰੰਜਨ, ਵਾਰਿਸ਼ ਸ਼ਾਹ ਫਾਊਡੇਸ਼ਨ ਅੰਮ੍ਰਿਤਸਰ, 2009, ਪੰਨਾ 32.
2. ਜਸਵਿੰਦਰ ਸ਼ਰਮਾ, ਬਾਜ਼ੀਗਰ ਕਬੀਲਾ ਅਤੇ ਪੰਜਾਬੀ ਲੋਕਧਾਰਾ, ਮਾਤਾ ਭਗਵੰਤੀ ਸਾਹਿਤ ਸੇਵਾ ਸਮਿਤੀ, ਮਲੇਰਕੋਟਲਾ, 2010, ਪੰਨਾ 136.

ਬਾਜ਼ੀਗਰ ਕਬੀਲੇ ਦੀਆਂ ਲੋਕ-ਖੇਡਾਂ

ਬਾਜ਼ੀਗਰ ਕਬੀਲੇ ਵਿੱਚ ਲੋਕ ਖੇਡਾਂ ਦੀ ਰਵਾਇਤ ਆਦਿ ਕਾਲ ਤੋਂ ਹੀ ਚਲਦੀ ਆਈ ਹੈ। ਬਾਜ਼ੀਗਰ ਕਬੀਲੇ ਦੇ ਲੋਕ ਬਾਰ ਦੇ ਜਾਂਗਲੀ ਇਲਾਕੇ ਵਿੱਚ ਜੋਰ ਅਜਮਾਈ ਵਾਲੀਆਂ ਖੇਡਾਂ ਖੇਡਦੇ ਹੋਏ ਢੋਲੇ ਮਾਹੀਏ ਗਾ ਕੇ ਆਪਣਾ ਜੀਵਨ ਬਤੀਤ ਕਰਦੇ ਆਏ ਹਨ। ਕਬੀਲੇ ਵਿੱਚ ਲੋਕ ਖੇਡਾਂ ਦੀ ਇਹ ਪਰੰਪਰਾ ਪੀੜ੍ਹੀ ਦਰ ਪੀੜ੍ਹੀ ਅੱਗੇ ਚੱਲਦੀ ਆਈ ਹੈ। ਲੋਕ ਖੇਡਾਂ ਜਿੱਥੇ ਇੱਕ ਸਮਾਜਿਕ ਸਮੂਹ ਦੇ ਮੰਨੋਰੰਜਨ ਦਾ ਸਾਧਨ ਹੁੰਦੀਆਂ ਹਨ ਉੱਥੇ ਨਾਲ ਹੀ ਉਸਦੇ ਸ਼ਕਤੀ ਪ੍ਰਦਰਸ਼ਨ ਨਾਲ ਵੀ ਜੁੜੀਆਂ ਹੁੰਦੀਆਂ ਹਨ। ਲੋਕ ਖੇਡਾਂ ਜਿੱਥੇ ਸਮਾਜਿਕ ਸਾਂਝ ਦੀ ਆਪਸੀ ਭਾਵਨਾ ਨੂੰ ਪੱਕਾ ਕਰਦੀਆਂ ਹਨ, ਉੱਥੇ ਖਿਡਾਰੀਆਂ ਦੇ ਵਾਧੇ ਤੇ ਵਿਕਾਸ ਵਿੱਚ ਵੀ ਅਹਿਮ ਯੋਗਦਾਨ ਪਾਉਂਦੀਆਂ ਹਨ। ਲੋਕ ਖੇਡਾਂ ਅਨੁਸ਼ਾਸ਼ਨ ਦਾ ਵਾਹਕ ਹੋਣ ਦੇ ਨਾਲ ਨਾਲ ਖਿਡਾਰੀਆਂ ਅਤੇ ਦਰਸ਼ਕਾਂ ਦਾ ਕਥਾਰਸਿਸ ਵੀ ਕਰਦੀਆਂ ਹਨ। ਲੋਕ ਖੇਡਾਂ ਵਿੱਚ ਲੋਕਾਚਾਰ ਅਤੇ ਨੈਤਿਕਤਾ ਦੀ ਪ੍ਰਵਿਰਤੀ ਪ੍ਰਬਲ ਹੁੰਦੀ ਹੈ। ਲੋਕ ਖੇਡਾਂ ਲੋਕ ਮਨ ਨਾਲ ਗਹਿਰਾਈ ਨਾਲ ਜੁੜੀਆਂ ਹੁੰਦੀਆਂ ਹਨ। ਇਸ ਤਰ੍ਹਾਂ ਲੋਕ ਖੇਡਾਂ ਕਿਸੇ ਵੀ ਸੱਭਿਆਚਾਰਕ ਸਮਾਜਿਕ ਸਮੂਹ ਦਾ ਅਟੁੱਟ ਅੰਗ ਹੁੰਦੀਆਂ ਹਨ।

ਬਾਜ਼ੀਗਰ ਕਬੀਲਾ ਜਿਥੇ ਬਾਜ਼ੀ ਪਾਉਣ ਦੀ ਕਲਾ ਵਿੱਚ ਵਿਸ਼ੇਸ਼ ਮੁਹਾਰਤ ਰੱਖਦਾ ਹੈ ਉੱਥੇ ਨਾਲ ਹੀ ਜ਼ੋਰ ਵਾਲੀਆਂ ਖੇਡਾਂ ਵਿੱਚ ਵੀ ਵਿਸ਼ੇਸ਼ ਰੁਚੀ ਰੱਖਦਾ ਹੈ। ਬਾਜ਼ੀਗਰ ਕਬੀਲੇ ਦੀਆਂ ਮੁੱਖ ਖੇਡਾਂ ਇਸ ਪ੍ਰਕਾਰ ਹਨ:-

1. ਬਾਜ਼ੀ ਪਾਉਣੀ : ਬਾਜ਼ੀ ਪਾਉਣ ਦੀ ਕਲਾ ਜਿੱਥੇ ਬਾਜ਼ੀਗਰ ਕਬੀਲੇ ਦਾ ਰੋਜ਼ੀ ਰੋਟੀ ਕਮਾਉਣ ਦਾ ਮੁੱਖ ਕਿੱਤਾ ਹੈ, ਉੱਥੇ ਨਾਲ ਹੀ ਮਨੋਰੰਜਨ ਦਾ ਸਾਧਨ ਵੀ ਹੈ। ਬਾਜ਼ੀਗਰ ਲੋਕ ਸ਼ਾਮ ਨੂੰ ਆਪਣੇ ਕੰਮਕਾਰ ਅਤੇ ਕਾਰ ਵਿਹਾਰ ਤੋਂ ਵਿਹਲੇ ਹੋ ਕੇ ਆਪਣੇ ਡੇਰਿਆਂ ਵਿੱਚ ਬਾਜ਼ੀ ਕਲਾ ਦਾ ਅਭਿਆਸ ਕਰਦੇ ਹਨ। ਇਸ ਸਮੇਂ ਬਾਜ਼ੀਗਰ ਕਬੀਲੇ ਦੇ ਲੋਕ ਢੋਲ ਦੀ ਤਾਲ ਤੇ ਵਜਦ ਵਿੱਚ ਆ ਕੇ ਬੜੇ ਜੋਸ਼ ਅਤੇ ਜਾਹੋ ਜਲਾਲ ਨਾਲ ਬਾਜ਼ੀ ਪਾਉਂਦੇ ਹਨ। ਕਬੀਲੇ ਦੀਆਂ ਔਰਤਾਂ ਅਤੇ ਬੱਚੇ ਇਸ ਸਮੇਂ ਬਾਜ਼ੀ ਦੀ ਕਲਾ ਦਾ ਆਨੰਦ ਮਾਣਦੇ ਹਨ। ਬਾਜ਼ੀਗਰ ਔਰਤਾਂ ਆਪਣੇ ਬਾਜ਼ੀਗਰ ਮਰਦਾਂ ਦੀ ਕਲਾ ਤੇ ਮਾਣ ਕਰਦੀਆਂ ਹਨ ਅਤੇ ਬੱਚੇ ਬਾਜ਼ੀ ਦੇ ਪੈਂਤੜੇ ਵੇਖ ਕੇ ਉੱਚੀ ਉੱਚੀ ਕਿਲਕਾਰੀਆਂ ਮਾਰਦੇ ਹਨ। ਪੰਜਾਬ, ਹਰਿਆਣਾ ਤੇ ਹਿਮਾਚਲ ਵਿੱਚ ਇਹ ਚੇਟਕ ਲਗਭਗ ਅਲੋਪ ਹੋਣ ਦੇ ਕਿਨਾਰੇ ਹੈ।

2. ਵੀਣੀ ਫੜਨਾ : ਬਾਜ਼ੀਗਰ ਕਬੀਲੇ ਵਿੱਚ ਵੀਣੀ ਫੜਨਾ ਤੇ ਛੁਡਾਉਣਾ ਬਹੁਤ ਹੀ ਮਹੱਤਵਪੂਰਨ ਖੇਡ ਰਹੀ ਹੈ। ਬਾਜ਼ੀਗਰ ਕਬੀਲੇ ਵਿੱਚ ਵੀਣੀ ਫੜਨਾ

ਕਬੀਲੇ ਦਾ ਮੁੱਖ ਮਨੋਰੰਜਨ ਰਿਹਾ ਹੈ। ਬਾਜ਼ੀਗਰ ਕਬੀਲੇ ਵਿੱਚ ਹਰ ਤਿਉਹਾਰ, ਮੇਲੇ ਅਤੇ ਵਿਆਹ ਮੰਗਣੀ ਦੀ ਰਸਮ ਸਮੇਂ ਵੀਣੀ ਫੜੀ ਜਾਂਦੀ ਹੈ। ਵੀਣੀ ਫੜਨ ਦਾ ਸ਼ੌਕ ਨੌਜਵਾਨਾਂ ਤੋਂ ਲੈ ਕੇ ਬੱਚਿਆਂ ਤੱਕ ਵੀ ਪ੍ਰਚਲਤ ਹੈ। ਬਾਜ਼ੀਗਰ ਕਬੀਲੇ ਦੇ ਲੋਕਾਂ ਵਲੋਂ ਵੀਣੀ ਨੂੰ ਜ਼ੋਰ ਨਾਲ ਇਸ ਢੰਗ ਨਾਲ ਫੜਿਆ ਜਾਂਦਾ ਹੈ ਜਿਵੇਂ ਹੱਥ ਤੇ ਹੱਥਕੜੀ ਬੰਨ੍ਹਕੇ ਜੰਦਰਾ ਲਾ ਦਿੱਤਾ ਹੋਵੇ। ਕਬੀਲੇ ਵਿੱਚ ਵੀਣੀ ਫੜਨ ਦਾ ਇੱਕ ਅਕੀਦਾ ਪ੍ਰਚਲਤ ਹੈ ਵੀਣੀ ਫੜਨ ਤੋਂ ਬਾਅਦ ਵੀਣੀ ਛੁਡਾਉਣ ਵਾਲੇ ਨੂੰ ਇਕ ਦੋ ਮਿੰਟ ਦਾ ਸਮਾਂ ਦਿੱਤਾ ਜਾਂਦਾ ਹੈ। ਵੀਣੀ ਫੜਨ ਅਤੇ ਛੁਡਾਉਣ ਵਾਲੇ ਜਦੋਂ ਤਿਆਰ-ਬਰ-ਤਿਆਰ ਹੋ ਜਾਂਦੇ ਹਨ ਤਾਂ ਸੰਕੇਤ ਵਜੋਂ ਰੁਮਾਲ ਸੁਟਕੇ ਉਨ੍ਹਾਂ ਨੂੰ ਵੀਣੀ ਫੜਨ ਤੇ ਛੁਡਾਉਣ ਸਬੰਧੀ ਇਸ਼ਾਰਾ ਕੀਤਾ ਜਾਂਦਾ ਹੈ। ਵੀਣੀ ਛੁਡਾਉਣ ਵਾਲਾ ਇਸ ਸਮੇਂ ਜ਼ੋਰ ਨਾਲ ਇੱਕ ਝਟਕਾ ਮਾਰ ਕੇ ਵੀਣੀ ਛੁਡਾ ਲੈਂਦਾ ਹੈ। ਜੇਕਰ ਉਹ ਵੀਣੀ ਛੁਡਾ ਲੈਂਦਾ ਤਾਂ ਜੇਤੂ ਘੋਸ਼ਿਤ ਕਰ ਦਿੱਤਾ ਜਾਂਦਾ ਹੈ, ਜੇ ਹਾਰ ਜਾਂਦਾ ਤਾਂ ਵੀਣੀ ਫੜਨ ਵਾਲਾ ਤਾਕਤਵਰ ਅਤੇ ਜੇਤੂ ਘੋਸ਼ਿਤ ਕਰ ਦਿੱਤਾ ਜਾਂਦਾ ਹੈ। ਵੀਣੀ ਦੀ ਖੇਡ ਵਿੱਚ ਜਿੱਤਣ ਵਾਲੇ ਨੂੰ ਕਬੀਲੇ ਵਿੱਚ ਮਾਣ ਮਰਿਆਦਾ ਨਾਲ ਜੋੜਕੇ ਵੇਖਿਆ ਜਾਂਦਾ ਹੈ। ਅੱਜ ਵੀ ਕਬੀਲੇ ਵਿਚ ਵੀਣੀ ਫੜਨ ਤੇ ਛੁਡਾਉਣ ਦੀ ਕਲਾ ਵਿੱਚ ਮੁਹਾਰਤ ਰੱਖਣ ਵਾਲੇ ਲੋਕਾਂ ਦੀਆਂ ਘਰ ਘਰ ਗੱਲਾਂ ਹੁੰਦੀਆਂ ਹਨ।

3. **ਕੁਸ਼ਤੀ :** ਬਾਜ਼ੀਗਰ ਕਬੀਲੇ ਵਿੱਚ ਸਿੱਧੀ ਕੁਸ਼ਤੀ ਦੀ ਖੇਡ ਪ੍ਰਚਲਤ ਹੈ। ਕਬੀਲੇ ਦੇ ਲੋਕਾਂ ਵਲੋਂ ਕੁਸ਼ਤੀ ਨੂੰ 'ਘੋਲ' ਕਿਹਾ ਜਾਂਦਾ ਹੈ। ਕਬੀਲੇ ਵਿੱਚ ਮੋਹਤਬਰ ਬੰਦਿਆਂ ਅਤੇ ਕਬੀਲੇ ਦੇ ਸਰਦਾਰਾਂ ਵਲੋਂ ਆਪਣੇ ਆਪਣੇ ਡੇਰਿਆਂ ਵਿੱਚ ਸਮੇਂ ਸਮੇਂ ਸਿਰ ਘੋਲ ਕਰਵਾਏ ਜਾਂਦੇ ਹਨ। ਘੋਲ ਦਾ ਮੁੱਖ ਟੀਚਾ ਜਿੱਤਣ ਵਾਲੇ ਭਲਵਾਨ ਨੂੰ ਹਾਰਨ ਵਾਲੇ ਭਲਵਾਨ ਦੀ ਪਿੱਠ ਜ਼ਮੀਨ ਨਾਲ ਲਾਉਣੀ ਹੁੰਦੀ ਹੈ। ਇਸ ਤਰ੍ਹਾਂ ਕਬੀਲੇ ਵਿੱਚ ਭਲਵਾਨ ਕੁਸ਼ਤੀ ਕਰਦੇ ਸਮੇਂ ਇੱਕ ਦੂਜੇ ਦੀ ਪਿੱਠ ਲਾਉਣ ਲਈ ਸੰਘਰਸ਼ ਕਰਦੇ ਹਨ। ਕੁਸ਼ਤੀ ਕਬੀਲੇ ਦੇ ਲੋਕਾਂ ਵਲੋਂ ਵੰਗਾਰਨ ਤੇ ਬਾਹਰਲੇ ਲੋਕਾਂ ਨਾਲ ਵੀ ਬੰਨ੍ਹ ਲਈ ਜਾਂਦੀ ਹੈ। ਕੁਸ਼ਤੀ ਕਰਨ ਅਤੇ ਬਾਜ਼ੀ ਪਾਉਣ ਸਮੇਂ ਢੋਲ ਦੀ ਤਾਲ ਵੀ ਮੁੱਖ ਆਕਰਸ਼ਣ ਹੁੰਦਾ ਹੈ। ਢੋਲ ਕਬੀਲੇ ਦੇ ਪਹਿਲਵਾਨਾਂ ਅਤੇ ਦਰਸ਼ਕਾਂ ਵਿੱਚ ਅਜਬ ਜੋਸ਼ ਦਾ ਸੰਚਾਰ ਕਰਦਾ ਹੈ।

4. **ਭਾਜ :** ਭਾਜ ਬਾਜ਼ੀਗਰ ਕਬੀਲੇ ਦੀ ਮੁੱਖ ਖੇਡ ਹੈ। ਭਾਜ ਤੋਂ ਭਾਵ 'ਦੌੜ' ਹੈ। ਇਹ ਖੇਡ ਬਾਜ਼ੀਗਰ ਕਬੀਲੇ ਦੇ ਨੌਜਵਾਨਾਂ ਦੀ ਹਰਮਨ ਪਿਆਰੀ ਖੇਡ ਰਹੀ ਹੈ। ਬਾਜ਼ੀਗਰ ਕਬੀਲੇ ਦੇ ਨੌਜਵਾਨ ਖੁੱਲ੍ਹੇ ਜੰਗਲ ਬੇਲਿਆਂ ਅਤੇ ਰੋਹੀਆਂ ਵਿੱਚ ਸ਼ਰਤ ਲਾ ਕੇ ਭਾਜ ਲਾਇਆ ਕਰਦੇ ਸਨ। ਇਸ ਤਰ੍ਹਾਂ ਭਾਜ ਜਿੱਤਣ ਵਾਲੇ ਨੂੰ ਜਿੱਥੇ ਬਾਜ਼ੀਗਰ ਕਬੀਲੇ ਵਿੱਚ ਮਾਣ ਮਰਿਆਦਾ ਮਿਲਦੀ ਹੈ ਉੱਥੇ ਉਸਦਾ ਘਿਓ, ਸ਼ੱਕਰ, ਪੈਸੇ ਅਤੇ ਗੁੜ ਆਦਿ ਦੇ ਕੇ ਸਨਮਾਨ ਵੀ ਕੀਤਾ ਜਾਂਦਾ ਹੈ।

5. **ਡਾਂਗ ਨਾਲ ਲੜਨਾ :** ਬਾਜ਼ੀਗਰ ਕਬੀਲਾ ਇੱਕ ਖ਼ਾਨਾਬਦੋਸ਼ ਕਬੀਲਾ ਹੈ। ਕਬੀਲੇ ਦੇ ਖ਼ਾਨਾਬਦੋਸ਼ ਜੀਵਨ ਵਿੱਚ ਕਈ ਤਰ੍ਹਾਂ ਦੀਆਂ ਔਕੜਾਂ ਅਤੇ ਮੁਸ਼ਕਿਲਾਂ

ਆਉਂਦੀਆਂ ਰਹੀਆਂ ਹਨ। ਬਾਜ਼ੀਗਰ ਕਬੀਲੇ ਦੇ ਲੋਕ ਆਪਣੇ ਘੁਮੰਤੂ ਜੀਵਨ ਦੌਰਾਨ ਆਪਣੇ ਜਾਨ ਮਾਲ ਦੀ ਰੱਖਿਆ ਲਈ ਡਾਂਗਾਂ ਨਾਲ ਲੜਨ ਦਾ ਅਭਿਆਸ ਕਰਦੇ ਸਨ। ਡਾਂਗ ਨਾਲ ਲੜਾਈ ਕਰਨੀ ਹੌਲ਼ੀ ਹੌਲ਼ੀ ਕਬੀਲੇ ਦੇ ਮਨੋਰੰਜਨ ਅਤੇ ਹਰਮਨ ਪਿਆਰੀ ਖੇਡ ਵਿਚ ਤਬਦੀਲ ਹੋ ਗਈ। ਡਾਂਗ ਨਾਲ ਲੜਨ ਵਾਲੀ ਖੇਡ ਵਿੱਚ ਇੱਕ ਬਾਜ਼ੀਗਰ ਨੌਜਵਾਨ ਨਾਲ ਇਕ ਤੋਂ ਲੈ ਕੇ ਛੇ ਨੌਜਵਾਨ ਲੜਦੇ ਹਨ। ਨੌਜਵਾਨ ਦਾ ਟੀਚਾ ਡਾਂਗ ਦਾ ਵਾਰ ਰੋਕ ਕੇ ਆਪਣੇ ਆਪ ਨੂੰ ਬਚਾਉਣਾ ਹੁੰਦਾ ਹੈ। ਬਾਜ਼ੀਗਰ ਕਬੀਲੇ ਦੇ ਲੋਕ ਰਾਤ ਨੂੰ ਆਪਣੇ ਡੇਰਿਆਂ ਵਿੱਚ ਡਾਂਗਾਂ ਨਾਲ ਲੜਨ ਦਾ ਅਭਿਆਸ ਕਰਦੇ ਸਨ। ਡੇਰਿਆਂ ਦੇ ਅਰਧ ਸਥਾਈ ਅਤੇ ਸਥਾਈ ਰੂਪ ਗ੍ਰਹਿਣ ਕਰਨ ਨਾਲ ਇਹ ਚੇਟਕ ਵੀ ਲਗਭਗ ਖਤਮ ਹੋ ਚੁੱਕਾ ਹੈ।

6. ਭਿੰਡੀ : ਇਹ ਖੇਡ ਲੱਕੜ ਦੀਆਂ ਮਜ਼ਬੂਤ ਖੂੰਡੀਆਂ ਨਾਲ ਖੇਡੀ ਜਾਂਦੀ ਹੈ। ਇਸ ਖੇਡ ਵਿੱਚ ਖਿੱਦੋ ਅੱਕ ਦੀ ਜੜ੍ਹ ਨੂੰ ਸਾੜ੍ਹਕੇ ਬਣਾਈ ਜਾਂਦੀ ਹੈ। ਇਸ ਖੇ ਡ ਵਿਚ ਬਾਜ਼ੀਗਰ ਨੌਜਵਾਨ ਦੋ ਟੋਲੀਆਂ ਬਣਾ ਕੇ ਇਕ ਹੱਦ ਮਿੱਥ ਲੈਂਦੇ ਹਨ। ਇਸ ਖੇਡ ਵਿਚ ਸਬੰਧਤ ਟੋਲੀਆਂ ਖਿੱਦੋ ਨੂੰ ਇਕ ਦੂਜੇ ਦੀ ਹੱਦ ਪਾਰ ਕਰਾਉਣ ਲਈ ਸੰਘਰਸ਼ ਕਰਦੀਆਂ ਹਨ। ਜਿਹੜੀ ਟੋਲੀ ਖਿੱਦੋ ਨੂੰ ਵਿਰੋਧੀ ਧਿਰ ਦੀ ਹੱਦ ਟਪਾ ਦੇਵੇ ਉਸ ਧਿਰ ਨੂੰ ਇੱਕ ਨੰਬਰ ਮਿਲ ਜਾਂਦਾ ਹੈ, ਜਿਸਨੂੰ ਕਬੀਲੇ ਦੇ ਲੋਕ 'ਪਾਲ਼ਾ' ਕਹਿੰਦੇ ਹਨ। ਪਾਲ਼ਿਆਂ ਦੀ ਗਿਣਤੀ ਦਾ ਕੋਈ ਹਿਸਾਬ ਕਿਤਾਬ ਨਹੀਂ ਹੁੰਦਾ। ਇਹ ਖੇਡ ਦੇ ਸਮੇਂ ਤੇ ਨਿਰਭਰ ਕਰਦਾ ਹੈ। ਇਸ ਖੇਡ ਵਿੱਚ ਵੱਧ ਪਾਲ਼ੇ ਕਰਨ ਵਾਲੀ ਟੀਮ ਜੇਤੂ ਹੁੰਦੀ ਹੈ। ਇਹ ਖੇਡ ਹਾਕੀ ਨਾਲ ਕਾਫ਼ੀ ਮਿਲਦੀ ਜੁਲਦੀ ਹੈ। ਇਸ ਖੇਡ ਵਿੱਚ ਖੂੰਡੀਆਂ ਦੀ ਬਣਤਰ ਬਿਲਕੁਲ ਹਾਕੀ ਵਰਗੀ ਹੁੰਦੀ ਹੈ।

7. ਕੋਟਲਾ : ਬਾਜ਼ੀਗਰ ਕਬੀਲੇ ਵਿੱਚ 'ਕੋਟਲਾ' ਇੱਕ ਕਠਿਨ ਖੇਡ ਹੈ। ਇਸ ਖੇਡ ਵਿਚ ਕੱਪੜੇ ਦਾ ਇੱਕ ਕੋਟਲਾ ਬਣਾ ਲਿਆ ਜਾਂਦਾ ਹੈ। ਕੋਟਲਾ ਖੇਡਣ ਵਾਲੇ ਨੌਜਵਾਨ ਇੱਕ ਗੋਲਾਕਾਰ ਵਿੱਚ ਖੜ੍ਹ ਜਾਂਦੇ ਹਨ। ਕੋਟਲਾ ਵਾਰੀ ਸਿਰ ਇੱਕ ਨੌਜਵਾਨ ਨੂੰ ਦੇ ਦਿੱਤਾ ਜਾਂਦਾ ਹੈ। ਨੌਜਵਾਨ ਕੋਟਲਾ ਆਪਣੇ ਕਿਸੇ ਸਾਥੀ ਵੱਲ ਸੁਟਦਾ ਹੈ ਅਤੇ ਉਹ ਉਸ ਨੂੰ ਪੈਰਾਂ ਨਾਲ ਬੁਚਦਾ ਹੈ। ਕੋਟਲਾ ਪੈਰਾਂ ਰਾਹੀਂ ਬੁਚਕੇ ਫਿਰ ਹੱਥ ਨਾਲ ਦੂਜੇ ਨੌਜਵਾਨ ਵੱਲ ਸੁੱਟਣਾ ਹੁੰਦਾ ਹੈ। ਇਸ ਤਰ੍ਹਾਂ ਵਾਰੀ ਸਿਰ ਇਹ ਖੇਡ ਚਲਦੀ ਰਹਿੰਦੀ ਹੈ। ਜੇਕਰ ਕੋਟਲਾ ਸਬੰਧਤ ਨੌਜਵਾਨ ਵਲੋਂ ਪੈਰਾਂ ਰਾਹੀਂ ਨਾ ਬੁਚਿਆ ਜਾਵੇ ਤਾਂ ਉਸਨੂੰ ਕੋਟਲਾ ਸੁੱਟਣ ਵਾਲੇ ਨੌਜਵਾਨ ਨੂੰ ਆਪਣੀ ਪਿੱਠ ਤੇ ਬਿਠਾ ਕੇ ਕੋਟਲਾ ਡਿੱਗਣ ਵਾਲੀ ਥਾਂ ਤੱਕ ਲੈ ਕੇ ਜਾਣਾ ਪੈਂਦਾ ਹੈ। ਪੰਜਾਬ ਤੇ ਹਰਿਆਣੇ ਦੇ ਬਾਜ਼ੀਗਰ ਕਬੀਲੇ ਵਿਚੋਂ ਇਹ ਖੇਡ ਲਗਭਗ ਅਲੋਪ ਹੋ ਚੁੱਕੀ ਹੈ।

8. ਸੋਚੀਂ : ਸੋਚੀਂ ਬਾਜ਼ੀਗਰ ਕਬੀਲੇ ਦੀ ਮੁੱਖ ਖੇਡ ਹੈ। ਇਹ ਖੇਡ ਕਬੱਡੀ ਨਾਲ ਕਾਫ਼ੀ ਮਿਲਦੀ ਜੁਲਦੀ ਹੈ। ਇਹ ਇਕ ਕਿਸਮ ਦੀ ਕਬੱਡੀ ਹੀ ਹੈ। 'ਸੋਚੀਂ' ਸਿਰਫ਼ ਦੋ ਜਣਿਆਂ ਵਿੱਚ ਖੇਡੀ ਜਾਂਦੀ ਹੈ। ਸੋਚੀ ਖੇਡਣ ਵਾਲੇ ਬਾਜ਼ੀਗਰਾਂ ਵਲੋਂ ਆਪਣੇ ਜੁਸਿਆਂ ਨੂੰ ਚੰਗੀ ਤਰ੍ਹਾਂ ਸਰ੍ਹੋਂ ਦਾ ਤੇਲ ਲਾ ਲਿਆ ਜਾਂਦਾ ਹੈ। ਮੈਦਾਨ ਵਿੱਚ

ਇੱਕ ਲਕੀਰ ਖਿੱਚ ਕੇ ਪਾਲ਼ਾ ਮਿੱਥ ਲਿਆ ਜਾਂਦਾ ਹੈ। ਇਸ ਖੇਡ ਵਿਚ ਬਾਜ਼ੀਗਰਾਂ ਵਲੋਂ ਸੋਚੀਂ ਪਾਉਂਦੇ ਸਮੇਂ ਮੂੰਹ ਚੋਂ ਕੋਈ ਵੀ ਧੁਨੀ ਨਹੀਂ ਉਚਾਰੀ ਜਾਂਦੀ। ਸੋਚੀਂ ਪਾਉਣ ਵਾਲਾ ਬਾਜ਼ੀਗਰ ਚੁੱਪਚਾਪ ਕਬੱਡੀ ਦੀ ਤਰ੍ਹਾਂ ਕੁੱਦਦਾ ਮਚਲਦਾ ਹੋਇਆ ਸੋਚੀਂ ਪਾਉਣ ਜਾਂਦਾ ਹੈ। ਉਸਨੂੰ ਸੋਚੀਂ ਪਾਉਂਦਿਆਂ ਜੇਕਰ ਦੂਜਾ ਬਾਜ਼ੀਗਰ ਜੱਫਾ ਮਾਰਕੇ ਰੋਕ ਲਵੇ ਤਾਂ ਸਮਝੋਂ ਸੋਚੀਂ ਪਾਉਣ ਵਾਲੇ ਦੀ ਹਾਰ ਹੋ ਜਾਂਦੀ ਹੈ। ਜੇਕਰ ਉਹ ਮਿੱਥੀ ਹੋਈ ਲਕੀਰ ਪਾਰ ਕਰ ਜਾਵੇ ਤਾਂ ਉਹ ਜੇਤੂ ਸਮਝਿਆ ਜਾਂਦਾ ਹੈ। ਇਹ ਖੇ ਡ ਇਸੇ ਤਰ੍ਹਾਂ ਚਲਦੀ ਰਹਿੰਦੀ ਹੈ। ਇਹ ਖੇਡ ਖੇਡਦਿਆਂ ਬਾਜ਼ੀਗਰ ਨੌਜਵਾਨਾਂ ਵਲੋਂ ਆਪਣੇ ਆਪ ਨੂੰ ਜੱਫੇ ਤੋਂ ਬਚਾਉਣਾ ਹੁੰਦਾ ਹੈ।

9. ਗਾਂ ਚੁੰਘਣਾ : ਗਾਂ ਚੁੰਘਣਾ ਬਾਜ਼ੀਗਰ ਕਬੀਲੇ ਦੀ ਬਹੁਤ ਹੀ ਹਰਮਨ ਪਿਆਰੀ ਖੇਡ ਰਹੀ ਹੈ। ਇਸ ਖੇਡ ਵਿਚ ਬਾਜ਼ੀਗਰਾਂ ਵਲੋਂ ਕਿਸੇ ਉੱਚੀ ਥਾਂ ਤੇ ਇੱਕ ਮੋਟਾ ਸਾਰਾ ਰੱਸਾ ਬੰਨ੍ਹ ਲਿਆ ਜਾਂਦਾ ਹੈ। ਇਸ ਖੇਡ ਵਿੱਚ ਬਾਜ਼ੀਗਰਾਂ ਵਲੋਂ ਬੰਨ੍ਹੀ ਹੋਈ ਰੱਸੀ ਨੂੰ ਹੇਠਲੇ ਸਿਰੇ ਤੇ ਗੰਢ ਮਾਰ ਦਿੱਤੀ ਜਾਂਦੀ ਹੈ। ਇਹ ਖੇਡ ਖੇਡਣ ਵਾਲੇ ਹਰ ਇਕ ਬਾਜ਼ੀਗਰ ਨੂੰ ਆਪਣਾ ਪੈਰ ਰੱਸੀ ਵਿਚ ਅੜਾ ਕੇ ਰੱਸੀ ਨੂੰ ਉੱਪਰੋਂ ਹੱਥਾਂ ਨਾਲ ਫੜਕੇ ਉਚਾਈ ਤੇ ਬੰਨ੍ਹੀ ਰੱਸੀ ਦੀ ਸਿਖ਼ਰ ਨੂੰ ਚੁੰਮਣਾ ਹੁੰਦਾ ਹੈ। ਬਾਜ਼ੀਗਰ ਕਬੀਲੇ ਵਿੱਚ ਇਹ ਖੇਡ 'ਗਾਂ ਚੁੰਘਣ' ਦੇ ਨਾਂ ਨਾਲ ਪ੍ਰਚਲਿਤ ਹੈ।

10. ਤੀਰ ਤੁੱਕਾ : ਤੀਰ ਤੁੱਕਾ ਬਾਜ਼ੀਗਰ ਕਬੀਲੇ ਦੀ ਮਨਭਾਉਂਦੀ ਖੇਡ ਹੈ। ਇਹ ਖੇਡ ਜ਼ਿਆਦਾਤਰ ਜੰਗਲੀ ਇਲਾਕਿਆਂ ਵਿੱਚ ਖੇਡੀ ਜਾਂਦੀ ਹੈ। ਇਸ ਖੇਡ ਵਿਚ ਬਾਜ਼ੀਗਰਾਂ ਵਲੋਂ ਜਾਨਵਰਾਂ ਦੀਆਂ ਆਵਾਜ਼ਾਂ ਕੱਢਕੇ ਜੰਗਲੀ ਜਾਨਵਰਾਂ ਨੂੰ ਜੰਗਲ ਤੋਂ ਬਾਹਰ ਬੁਲਾ ਲਿਆ ਜਾਂਦਾ ਹੈ। ਜਾਨਵਰਾਂ ਦੇ ਜੰਗਲ ਚੋਂ ਬਾਹਰ ਆਉਂਦਿਆਂ ਹੀ ਬਾਜ਼ੀਗਰਾਂ ਵਲੋਂ ਜਾਨਵਰਾਂ ਤੇ ਹੱਲਾ ਬੋਲ ਦਿੱਤਾ ਜਾਂਦਾ ਹੈ। ਇਸ ਖੇਡ ਵਿਚ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਨ ਦੇ ਨਾਲ ਨਾਲ ਉਨ੍ਹਾਂ ਨੂੰ ਜਿਊਂਦਾ ਵੀ ਫੜਿਆ ਜਾਂਦਾ ਹੈ। ਇਸ ਖੇਡ ਦਾ ਸਬੰਧ ਸ਼ਿਕਾਰ ਨਾਲ ਹੈ ਅਤੇ ਬਾਜ਼ੀਗਰ ਕਬੀਲੇ ਵਿੱਚ ਇਹ ਖੇਡ 'ਤੀਰ ਤੁੱਕਾ' ਨਾਂ ਤੇ ਪ੍ਰਚਲਿਤ ਹੈ।

ਬਾਜ਼ੀਗਰ ਕਬੀਲੇ ਦੇ ਲੋਕ-ਗੀਤ

(ੳ) ਮਰਦਾਂ ਦੇ ਲੋਕ-ਗੀਤ : ਬਾਜ਼ੀਗਰ ਕਬੀਲਾ ਬਾਰ ਦੇ ਜੰਗਲਾਂ ਵਿੱਚ ਵਿਚਰਦਾ ਹੋਇਆ ਖੁੱਲ੍ਹਾ ਜੀਵਨ ਬਤੀਤ ਕਰਦਾ ਰਿਹਾ ਹੈ। ਬਾਜ਼ੀਗਰ ਕਬੀਲੇ ਦੇ ਲੋਕਾਂ ਦਾ ਮੁੱਖ ਧੰਦਾ ਮਾਲ ਇੱਜੜ ਪਾਲਣਾ ਰਿਹਾ ਹੈ। ਇਸ ਤਰ੍ਹਾਂ ਬਾਜ਼ੀਗਰ ਕਬੀਲੇ ਦੇ ਲੋਕ ਅਪਣਾ ਮਾਲ ਇੱਜੜ ਚਾਰਦੇ ਡਾਚੀਆਂ ਤੇ ਸਵਾਰ ਹੋ ਕੇ ਕਈ ਕਈ ਮੀਲ ਤੱਕ ਇੱਜੜ ਚਾਰਦੇ, ਗੀਤ ਗਾਉਂਦੇ, ਹਰੀਆਂ ਚਰਾਗਾਹਾਂ ਦੀ ਭਾਲ ਵਿੱਚ ਅੱਗੇ ਤੋਂ ਅੱਗੇ ਵਧਦੇ ਚਲੇ ਜਾਂਦੇ ਸਨ। ਬਾਰ ਦੇ ਜੰਗਲਾਂ ਵਿੱਚ ਖੁੱਲ੍ਹਾ ਤੇ ਵੇਗਮਈ ਜੀਵਨ ਬਤੀਤ ਕਰਦੇ ਹੋਏ ਕਬੀਲੇ ਦੇ ਲੋਕਾਂ ਨੇ ਆਪਣੇ ਜਜ਼ਬਿਆਂ ਅਨੁਭਵਾਂ ਅਤੇ ਨਿੱਤ ਦੀਆਂ ਤਲਖ਼ੀਆਂ ਨੂੰ ਢੋਲੇ ਮਾਹੀਏ ਅਤੇ ਟੱਪਿਆਂ ਦੇ ਰੂਪ ਵਿੱਚ ਸੁਰਬੱਧ ਕੀਤਾ। ਬਾਜ਼ੀਗਰ ਕਬੀਲੇ ਦੇ ਲੋਕ ਜਦੋਂ ਆਪਣਾ ਮਾਲ ਡੰਗਰ ਚਾਰਨ ਦੂਰ ਦੁਰਾਡੇ ਇਲਾਕਿਆਂ ਵਿੱਚ ਨਿਕਲ ਜਾਇਆ ਕਰਦੇ ਸਨ ਤਾਂ ਉਹ ਮਾਲ ਡੰਗਰਾਂ ਤੋਂ ਵਿਹਲੇ ਹੋ ਕੇ ਰਾਤ ਨੂੰ ਅੱਗ ਦੁਆਲੇ ਬੈਠ ਕੇ ਮਜਲਸਾਂ ਲਾਉਂਦੇ ਸਨ। ਫਿਰ ਵਾਰੋ ਵਾਰੀ ਕੋਈ ਕਿੱਸਾ ਛੇੜਦਾ, ਕੋਈ ਢੋਲੇ ਲਾਉਂਦਾ,ਕੋਈ ਮਾਹੀਆ ਗਾਉਂਦਾ ਤੇ ਕੋਈ ਆਪਣੇ ਗੁਰੂ ਦੀ ਯਾਦ ਵਿੱਚ ਸ਼ਬਦ ਪੜ੍ਹਦਾ। ਇਸ ਤਰ੍ਹਾਂ ਇਨ੍ਹਾਂ ਦੇ ਢੋਲੇ ਮਾਹੀਏ ਫਿਜ਼ਾ ਨੂੰ ਸੰਗੀਤਕ ਤੇ ਸੋਜ਼ਮਈ ਰੰਗਣ ਨਾਲ ਭਰ ਦਿੰਦੇ ਸਨ। ਬਾਜ਼ੀਗਰ ਕਬੀਲੇ ਦੇ ਮੁੱਖ ਲੋਕ ਗੀਤ ਹੇਠ ਲਿਖੇ ਹਨ :-

1. ਢੋਲੇ : ਬਾਜ਼ੀਗਰ ਕਬੀਲੇ ਦੇ ਲੋਕ ਆਪਣੇ ਜੀਵਨ ਅਨੁਭਵ ਚੋਂ ਖੁਦ ਢੋਲੇ ਜੋੜਕੇ ਗਾਉਂਦੇ ਸਨ। ਇਨ੍ਹਾਂ ਦਾ ਸਬੰਧ ਉਨ੍ਹਾਂ ਦੀਆਂ ਜੀਵਨ ਤਲਖ਼ੀਆਂ, ਪਿਆਰ ਅਤੇ ਕੁਦਰਤ ਨਾਲ ਹੁੰਦਾ ਸੀ। ਬਾਜ਼ੀਗਰ ਕਬੀਲੇ ਵਿੱਚ ਪ੍ਰਚਲਿਤ ਢੋਲੇ ਪੀੜ੍ਹੀ ਦਰ ਪੀੜ੍ਹੀ ਹੁਣ ਤੱਕ ਗਾਏ ਜਾਂਦੇ ਹਨ। ਬਾਜ਼ੀਗਰ ਕਬੀਲੇ ਵਿੱਚ ਪ੍ਰਚਲਿਤ ਢੋਲੇ ਇੱਕ ਖੁੱਲ੍ਹਾ ਕਾਵਿ ਰੂਪ ਹੈ ਜਿਸ ਵਿੱਚ ਕਿਸੇ ਛੰਦ ਜਾਂ ਮਾਤਰਾ ਦੀ ਬੰਦਿਸ਼ ਨਹੀਂ ਅਪਣਾਈ ਜਾਂਦੀ। ਇਸ ਵਿੱਚ ਜ਼ਜ਼ਬਾ ਅਤੇ ਸੋਜ਼ ਭਾਰੂ ਹੁੰਦਾ ਹੈ। ਬਾਜ਼ੀਗਰ ਕਬੀਲੇ ਵਿਚ 'ਵੱਲੂਰਾਮ ਵਲੀਆ' ਢੋਲੇ ਗਾਉਣ ਵਾਲਾ ਮੋਹਰੀ ਕਬੀਲਾ ਗਾਇਕ ਸੀ। ਜਦ ਉਹ ਕੰਨ ਦੇ ਹੱਥ ਰੱਖਕੇ ਢੋਲੇ ਲਾਉਂਦਾ ਸੀ ਤਾਂ ਨੇੜੇ ਤੇੜੇ ਦੇ ਚਰਵਾਹੇ ਆਪਣਾ ਮਾਲ ਇੱਜੜ ਥੰਮ੍ਹ ਲੈਂਦੇ ਸਨ। ਬਾਜ਼ੀਗਰ ਕਬੀਲੇ ਵਿੱਚ ਇੱਕ ਪ੍ਰਚਲਿਤ ਢੋਲਾ ਇਸ ਪ੍ਰਕਾਰ ਹੈ :

ਊਠਾਂ ਵਾਲੜਿਆ ਛੋਰਾ ਵੇ
ਸਾਨੂੰ ਰਹਿਣਾ ਦੱਸ ਜਾ
ਸਾਨੂੰ ਰਹਿਣਾ ਦੱਸ ਜਾ

ਸਾਨੂੰ ਟਕਾਣਾ ਦੱਸ ਜਾ
ਅਸੀਂ ਕੰਗਣ ਕਢਾਏ ਤੇਰੇ ਸ਼ਹਿਰ ਵੱਸਕੇ
ਅਸੀਂ ਇਹ ਵੀ ਨਹੀਂਓ ਪਾਏ ਤੇਰੀ ਆਸ ਰੱਖਕੇ
ਉਠਾਂ ਵਾਲੜਿਆ ਛੋਰਾ ਵੇ ਸਾਨੂੰ ਰਹਿਣਾ ਦੱਸ ਜਾ

ਫੱਧ ਨਾ ਮੇਰੀ ਵੀਣੀ, ਲੜ ਸਲਾਰੀ ਦਾ ਛੋੜ ਦੇ
ਸੌਦੇ ਹੋਂਦੇ ਦਿਲਾਂ ਦੇ ਕਦੇ ਨੀਂਹ ਨਾ ਲੱਗਣ ਹਿੰਮਤ ਦੇ ਜ਼ੋਰ ਤੇ
ਸੜਕੇ ਪਵਣ ਓ ਨੀਂਗੁਰਾ ਚਸ਼ਮਾਂ ਤੇਰੀਆਂ
ਜੇਹੜੀਆਂ ਸਾਥੂ ਲਈਆਂ ਨੀ ਮੋੜ ਕੇ
ਅਹਿ ਲੈ ਛੱਲੇ ਆਪਦੇ ਤੇ ਦਿਲ ਅਸਾਡਾ ਉਰ੍ਹਾਂ ਮੋੜਦੇ
ਟੁੱਟ ਗਈ ਯਾਰੀ ਦੀਆਂ ਪਾਓਨੇ ਖਬਰਾਂ
ਇਤਨੀਆਂ ਖਲੀਆਂ ਚ ਅੱਜ ਹਿੱਕ ਚਾ ਲਾਇਓ
ਫਜਰੀਂ ਵੇਖੇਂ ਤੋੜੇ ਕੇ

ਮੱਥੇ ਨੂੰ ਪੱਟੀ, ਪੀੜ ਓ ਝੀਣੀ ਝੀਣੀ
ਨੀਂਹ ਲਾ ਕੇ ਗਿਓਂ ਵਗ ਪਰਦੇਸ ਤੇ ਸੁੰਝੀ ਦੀ ਜਾਨ ਲਖੀਣੀਂ
ਢੋਲਾ ਤੇਂਹ ਨਿਵਾਹੀ ਹਈ, ਮੇਰੀ ਫੁੱਲਾਂ ਦੀ ਟਹਿਣੀ
ਆਓ ਨੀ ਸਈਓ ਹੁਣ ਦਿਓ ਆਪਾਂ
ਰੁੱਠੇ ਢੋਲ ਨੂੰ ਚੱਲ ਮਨਾਈਏ ਝੋਲੀ ਘੱਤ ਸ਼੍ਰੀਣੀ ।

2. ਮਾਹੀਆ : ਮਾਹੀਆ ਬਾਜ਼ੀਗਰ ਕਬੀਲੇ ਦਾ ਹਰਮਨ ਪਿਆਰਾ ਲੋਕ ਗੀਤ ਹੈ। ਇਸ ਗੀਤ ਵਿੱਚ ਬਿਰਹਣ ਔਰਤ ਤੇ ਉਸਦੇ ਪਤੀ ਦਾ ਸਵੈ ਸੰਵਾਦ ਹੁੰਦਾ ਹੈ। ਇਸ ਕਾਵਿ ਰੂਪ ਨੂੰ ਗਾਉਣ ਵਾਲਾ ਬਾਜ਼ੀਗਰ ਜਾਂ ਬਾਜ਼ੀਗਰਨੀ ਇਸ ਗੀਤ ਵਿੱਚ ਆਪਣੇ ਦਿਲ ਦੇ ਵਲਵਲੇ ਸਵਾਲਾਂ ਦੇ ਰੂਪ ਵਿੱਚ ਪ੍ਰਗਟਾਉਂਦੇ ਹੋਏ ਉਸਦਾ ਭਾਵਪੂਰਤ ਜਵਾਬ ਵੀ ਖੁਦ ਦਿੰਦੇ ਹਨ। ਮਾਹੀਆ ਲੋਕ ਗੀਤ ਵਿੱਚ ਜ਼ਿਆਦਾਤਰ ਪਿਆਰ ਨਾਲ ਸਬੰਧਤ ਮਨੋਭਾਵ ਹੀ ਪ੍ਰਗਟ ਕੀਤੇ ਜਾਂਦੇ ਹਨ। ਬਾਜ਼ੀਗਰ ਕਬੀਲੇ ਵਿੱਚ ਮਾਹੀਆ ਮਰਦ ਤੇ ਔਰਤ ਦੋਵੇਂ ਗਾਉਂਦੇ ਹਨ। ਇਸ ਦੀ ਇੱਕ ਉਦਾਹਰਨ ਇਸ ਪ੍ਰਕਾਰ ਹੈ :-

ਤੇਰੇ ਮੱਥੇ ਵਿੱਚ ਚੰਨ ਬੋਲੇ
ਦੰਦਾਂ ਵਿੱਚ ਮੇਖਾਂ ਨੇ
ਮੇਰਾ ਵੇਖ ਵੇਖ ਦਿਲ ਡੋਲੇ

3. ਟੱਪੇ : ਟੱਪਾ ਇੱਕ ਖੁਲ੍ਹਾ ਕਾਵਿ ਰੂਪ ਹੈ ਜਿਸ ਵਿੱਚ ਛੰਦ ਦੀ ਕਿਸੇ ਬੰਦਸ਼ ਦੀ ਪਾਲਣਾ ਨਹੀਂ ਕੀਤੀ ਜਾਂਦੀ। ਟੱਪਾ ਜ਼ਿਆਦਾਤਰ ਦੋ ਸਤਰਾਂ ਵਿੱਚ ਹੁੰਦਾ ਹੈ ਪਰ ਇਸ ਦੀਆਂ ਸਤਰਾਂ ਦੋ ਤੋਂ ਜ਼ਿਆਦਾ ਵੀ ਹੋ ਸਕਦੀਆਂ ਹਨ। ਬਾਜ਼ੀਗਰ ਕਬੀਲੇ

ਦੇ ਲੋਕ ਟੱਪੇ ਜੋੜਨ ਵਿੱਚ ਬਹੁਤ ਮੁਹਾਰਤ ਰੱਖਦੇ ਹਨ। ਇਹ ਬਾਰ ਦੇ ਜੰਗਲਾਂ ਵਿੱਚ ਪਸ਼ੂ ਚਾਰਦੇ ਹੋਏ ਟੱਪੇ ਤਿਆਰ ਕਰਕੇ ਇੱਕ ਦੂਜੇ ਨੂੰ ਸੁਣਾਉਂਦੇ ਰਹਿੰਦੇ ਸਨ। ਇਨ੍ਹਾਂ ਦੀ ਭਾਸ਼ਾ ਬੜੀ ਸਰਲ ਤੇ ਰਵਾਨੀ ਵਾਲੀ ਹੁੰਦੀ ਹੈ। ਇਕ ਬਾਜ਼ੀਗਰ ਟੱਪਾ ਇਸ ਪ੍ਰਕਾਰ ਹੈ :

ਜੱਗੇ ਰਾਮਾਂ ਤੂੰ ਡਾਚੀਆਂ ਚਾਰੇਂ
ਆਪਣਾ ਕੰਮ ਆਪ ਸਵਾਰੇਂ
ਕਿਸੇ ਨੂੰ ਕਿਉਂ
ਵਾਜਾਂ ਮਾਰੇਂ

4. ਸੱਦਾਂ: ਬਾਜ਼ੀਗਰ ਕਬੀਲੇ ਦੇ ਲੋਕ ਉੱਚੀ ਹੇਕ ਨਾਲ ਸੱਦਾਂ ਲਾਉਣ ਵਿੱਚ ਮਸ਼ਹੂਰ ਹਨ। ਸੱਦ ਵਿੱਚ ਜ਼ਿਆਦਾਤਰ ਬਿਰਹਾ ਤੇ ਨਿਹੋਰੇ ਹੁੰਦੇ ਹਨ। ਸੱਦ ਕਬੀਲੇ ਦੇ ਲੋਕ ਮਨ ਦਾ ਸ਼ਕਤੀਸ਼ਾਲੀ ਵੇਗਮਈ ਜਜ਼ਬਾ ਹੁੰਦੀ ਹੈ। ਇਸ ਤਰ੍ਹਾਂ ਸੱਦ ਬਾਜ਼ੀਗਰ ਕਬੀਲੇ ਦੇ ਲੋਕਮਨ ਨਾਲ ਜੁੜਿਆ ਹੋਇਆ ਕਾਵਿ-ਰੂਪ ਹੈ। ਬਾਜ਼ੀਗਰ ਕਬੀਲੇ ਦੇ ਆਜੜੀ ਲੋਕ ਵਜਦ ਵਿੱਚ ਆ ਕੇ ਸੱਦਾਂ ਲਾਉਂਦੇ ਹਨ : -

ਪੱਖੀਵਾਸ ਨਾ ਵਸਦੇ
ਹਿਕ ਟਕਾਣੇ
ਰੱਬ ਇਨ੍ਹਾਂ ਨੂੰ,
ਬੇਕਰਾਰ ਕੀਤਾ
ਮਾਰਨ ਪੰਖੂਆਂ ਵਾਂਗ ਉਡਾਰੀਆਂ
ਉਹ ਕਟਸਣ ਢੇਰ ਖੁਆਰੀਆਂ
ਜਿਨ੍ਹਾਂ ਬੇਮਕਾਨ ਨਾਲ ਪਿਆਰ ਕੀਤਾ

(ਅ) ਔਰਤਾਂ ਦੇ ਗੀਤ:

1. ਬੱਚੇ ਦੇ ਜਨਮ ਸਮੇਂ ਦੇ ਗੀਤ : ਬਾਜ਼ੀਗਰ ਕਬੀਲੇ ਵਿੱਚ ਬੱਚੇ ਦੇ ਜਨਮ ਸੰਸਕਾਰ ਨੂੰ ਇਕ ਸ਼ੁਭ ਅਵਸਰ ਮੰਨਿਆ ਜਾਂਦਾ ਹੈ। ਬੱਚੇ ਦੇ ਜਨਮ ਤੋਂ ਤੀਜੇ ਦਿਨ ਮਾਂ ਅਤੇ ਬੱਚੇ ਨੂੰ ਦੀਵਾ ਦਿਖਾ ਕੇ ਚੌਂਕੇ ਚਾੜ੍ਹਿਆ ਜਾਂਦਾ ਹੈ। ਇਸ ਮੌਕੇ ਬਾਜ਼ੀਗਰ ਕਬੀਲੇ ਦੀਆਂ ਔਰਤਾਂ ਬੱਚੇ ਵਾਲੇ ਘਰ ਦੇ ਜੀਆਂ ਨੂੰ ਵਧਾਈ ਦਿੰਦੀਆਂ ਹੋਈਆਂ ਸਮੂਹਿਕ ਗੀਤ ਗਾਉਂਦੀਆਂ ਹਨ:-

ਵਧਾਈਆਂ ਵੀਰਾ ਤੈਨੂੰ
ਵਧਾਈਆਂ ਰੇ
ਵਧਾਈਆਂ ਤਾਰੀ ਜਾਤ ਨੂੰ
ਤਾਰੀ ਬਾਪ ਬੇਟੀ ਰਾਤ ਨੂੰ
ਵਧਾਈਆਂ ਰੇ

ਇਸ ਦੇ ਨਾਲ ਹੀ ਬੱਚੇ ਵਾਲੀ ਮਾਂ ਦੇ ਸਿਰ ਤੇ ਸ਼ਗਨ ਵਜੋਂ ਦੋ ਗੜਵੀਆਂ ਪਾਣੀ ਦੀਆਂ ਭਰੀਆਂ ਹੋਈਆਂ ਰੱਖਕੇ ਘੜੋਲੀ ਗੀਤ ਗਾਇਆ ਜਾਂਦਾ ਹੈ :-

ਵਾਹ ਵਾਹ ਘੜੋਲੀ ਭਰ ਮੁੜੀਆਂ
ਵਾਹ ਵਾਹ ਸਿਰੇ ਪਰ ਧਰ ਮੁੜੀਆਂ

ਬਾਜ਼ੀਗਰ ਕਬੀਲੇ ਵਿੱਚ ਬੱਚੇ ਦੀ ਮਾਂ ਦੇ ਸਿਰ ਤੇ ਪਾਣੀ ਦੀਆਂ ਭਰੀਆਂ ਹੋਈਆਂ ਗੜਵੀਆਂ ਧਰਨਾ ਖੁਸ਼ਹਾਲੀ ਅਤੇ ਖੇੜੇ ਦਾ ਪ੍ਰਤੀਕ ਹੈ। ਬਾਜ਼ੀਗਰ ਕਬੀਲੇ ਦੀ ਹਰ ਰਵਾਇਤ ਵਿੱਚ ਜਲ ਪ੍ਰਮੁੱਖ ਦੇਵਤਾ ਹੈ।

2. **ਵਿਆਹ ਸਮੇਂ ਦੇ ਗੀਤ :** ਬਾਜ਼ੀਗਰ ਕਬੀਲੇ ਵਿੱਚ ਲੜਕੇ ਦੇ ਵਿਆਹ ਤੋਂ ਦਸ ਬਾਰਾਂ ਦਿਨ ਪਹਿਲਾਂ ਹੀ ਬਾਜ਼ੀਗਰ ਡੇਰੇ ਦੀਆਂ ਸਾਰੀਆਂ ਔਰਤਾਂ ਇਕੱਠੀਆਂ ਹੋ ਕੇ ਵਿਆਹ ਵਾਲੇ ਲੜਕੇ ਦੀਆਂ ਘੋੜੀਆਂ ਗਾਉਂਦੀਆਂ ਹਨ। ਇਸ ਅਵਸਰ ਤੇ ਲੜਕੇ ਦੀ ਮਾਂ, ਚਾਚੀਆਂ ਅਤੇ ਭੂਆ ਡੇਰੇ ਦੇ ਘਰ ਘਰ ਜਾ ਕੇ ਘੋੜੀਆਂ ਗਾਉਣ ਲਈ ਸੱਦਾ ਦਿੰਦੀਆਂ ਹਨ। ਬਾਜ਼ੀਗਰ ਕਬੀਲੇ ਵਿੱਚ ਵਿਆਹ ਵਾਲੇ ਲੜਕੇ ਦੇ ਸ਼ਗਨਾਂ ਦੀ ਘੋੜੀ ਦੇ ਬੋਲ ਇਸ ਪ੍ਰਕਾਰ ਹਨ:-

ਓ ਮਈਆ ਤਾਰੀਂ ਪੀਂਘੇ ਪੜੇਂ
ਤਾਰੇ ਘੋੜਿਓਂ ਨੇ ਡਾਲੀ ਛਾ
ਹਮੀ ਤੁੰਨੇ ਘੀ ਗੁੜ ਲਿਆ
ਵਤਾਇਓ
ਓ ਮਈਆ ਤਾਰੀਂ ਪੀਂਘੇ ਪੜੇਂ

ਬਾਜ਼ੀਗਰ ਕਬੀਲੇ ਵਿੱਚ ਵਿਆਹ ਵਾਲੀ ਕੁੜੀ ਦੇ ਹੱਥਾਂ ਨੂੰ ਮਹਿੰਦੀ ਲਾਉਣ ਸਮੇਂ ਸੁਹਾਗ ਗਾਉਣ ਦੀ ਰਸਮ ਪ੍ਰਚਲਤ ਹੈ। ਇਸ ਰਸਮ ਸਮੇਂ ਕਬੀਲੇ ਦੀਆਂ ਸੱਤ ਕੁਆਰੀਆਂ ਲੜਕੀਆਂ ਵਿਆਹ ਵਾਲੀ ਕੁੜੀ ਦੇ ਹੱਥਾਂ ਨੂੰ ਮਹਿੰਦੀ ਲਾਉਂਦੀਆਂ ਹੋਈਆਂ ਨਾਲ-ਨਾਲ ਕਬੀਲਾ ਗੀਤ ਬੋਲਦੀਆਂ ਹਨ :-

ਰੰਗ ਬਰੰਗ ਮਹਿੰਦੀ
ਤੁਨੇਂ ਕੇਂਹ ਲਗਾਈ
ਰੰਗ ਬਰੰਗ ਮਹਿੰਦੀ ਰਲਕੇ
ਸਹੇਲੀਓਂ ਲਗਾਈ

ਬਾਜ਼ੀਗਰ ਕਬੀਲੇ ਵਿੱਚ ਬਰਾਤ ਚਲਣ ਤੋਂ ਪਹਿਲਾਂ ਸਿਹਰਾਬੰਦੀ ਸਮੇਂ ਲੜਕੇ ਦੇ ਪਰਿਵਾਰ ਦੀਆਂ ਸਿਆਣੀਆਂ ਔਰਤਾਂ, ਭੂਆ ਅਤੇ ਭੈਣਾਂ ਇਕੱਠੀਆਂ ਹੋ ਕੇ ਸ਼ਗਨਾਂ ਦੇ ਗੀਤ ਗਾਉਂਦੀਆਂ ਹਨ। ਵਿਆਹ ਵਾਲੇ ਪਰਿਵਾਰ ਦੀਆਂ ਹੋਰ ਔਰਤਾਂ ਨਾਲ ਮਿਲਕੇ ਕਬੀਲੇ ਦਾ ਇਹ ਪ੍ਰਸਿੱਧ ਲੋਕ ਗੀਤ ਸਮੂਹਿਕ ਰੂਪ ਵਿੱਚ ਧੀਮੀ ਸੁਰ ਵਿੱਚ ਗਾਉਂਦੀਆਂ ਹਨ :-

ਊਲੇ ਊਲੇ ਨੀ ਮਾਂ
ਊਲੇ ਈ ਲਾਲ
ਮੇਰੇ ਬੰਨੇ ਦਾ ਸਿਹਰਾ ਝੂਲੇ ਈ ਲਾਲ
ਝੂਲਰ ਪਈਆਂ ਨੀ ਲਾਲ

ਖਜੂਰਾਂ ਈ ਲਾਲ
ਇਨ੍ਹਾਂ ਖਜੂਰਾਂ ਨੇ ਛੱਡਿਆ ਚੰਬਾ ਈ ਲਾਲ
ਊਲੇ ਊਲੇ ਨੀ ਮਾਂ
ਊਲੇ ਈ ਲਾਲ

3. **ਲੋਰੀ:** ਕਬੀਲੇ ਵਿੱਚ ਲੋਰੀ ਛੋਟੇ ਬੱਚੇ ਨੂੰ ਸਵਾਉਣ ਲਈ ਗਾਇਆ ਜਾਣ ਵਾਲਾ ਲੋਕ ਗੀਤ ਹੈ। ਲੋਰੀ ਦੀ ਸੁਰੀ ਨੀਵੀਂ ਅਤੇ ਲਟਕਾ ਵਾਲੀ ਹੁੰਦੀ ਹੈ। ਲੋਰੀ ਦੀ ਸ਼ਬਦਾਵਲੀ ਛੋਟੇ ਬੱਚੇ ਦੀ ਲੋੜ ਅਨੁਸਾਰ ਘੜ ਲਈ ਜਾਂਦੀ ਹੈ। ਲੋਰੀ ਵਿੱਚ ਸ਼ਬਦਾਂ ਦਾ ਦੁਹਰਾਅ ਲੋਰੀ ਵਿੱਚ ਸੰਗੀਤ ਅਤੇ ਵਿਸਮਾਦ ਪੈਦਾ ਕਰਦਾ ਹੈ। ਬਾਜ਼ੀਗਰ ਕਬੀਲੇ ਵਿੱਚ ਗਾਈ ਜਾਣ ਵਾਲੀ ਸਰਬਪ੍ਰਵਾਨਤ ਲੋਰੀ ਇਸ ਪ੍ਰਕਾਰ ਹੈ:-

ਅੱਲ ਗਲਾਸੀ
ਜੀਵਾ ਤਾਰ ਮਾਸੀ
ਅੱਲੜ੍ਹ ਕਾਨ੍ਹਾ
ਜੀਵਾ ਤਾਰੋ ਮਾਮਾ
ਅੱਲੜ੍ਹ ਕਾਨੀ
ਜੀਵਾ ਤਾਰ ਨਾਨੀ

ਸੋਜੋ ਬੱਬੂ ਤੂੰ
ਤਾਰੇ ਮਾਥੇ ਮਈਓਂ ਜੂੰ
ਸਾਤ ਜਣੀਂ ਕਾਢੇ ਆਲੀਂ
ਖਾਏ ਆਲੋ ਤੂੰ
ਸੋਜੋ ਬੱਬੂ ਤੂੰ

ਬਾਜ਼ੀਗਰ ਕਬੀਲੇ ਵਿੱਚ ਔਰਤਾਂ ਦੇ ਜ਼ਿਆਦਾਤਰ ਗੀਤ ਜਨਮ ਅਤੇ ਵਿਆਹ ਨਾਲ ਹੀ ਸਬੰਧਤ ਹਨ। ਬਾਜ਼ੀਗਰ ਕਬੀਲੇ ਵਿੱਚ ਇਨ੍ਹਾਂ ਗੀਤਾਂ ਤੋਂ ਇਲਾਵਾ ਕੁਝ ਪ੍ਰਚਲਤ ਗੀਤ ਕਬੀਲਾ ਜੀਵਨ ਦੀਆਂ ਦੁਸ਼ਵਾਹੀਆਂ ਅਤੇ ਤਲਖੀਆਂ ਨਾਲ ਸਬੰਧਤ ਹਨ। ਇਸ ਤੋਂ ਇਲਾਵਾ ਬਾਜ਼ੀਗਰ ਕਬੀਲੇ ਦੀਆਂ ਔਰਤਾਂ ਵਿਆਹ ਦੀਆਂ ਘੋੜੀਆਂ, ਸੁਹਾਗ ਅਤੇ ਸਿਠਣੀਆਂ ਗਾਉਣ ਵਿਚ ਮੁਹਾਰਤ ਰੱਖਦੀਆਂ ਹਨ। ਬਾਜ਼ੀਗਰ ਕਬੀਲੇ ਦੀਆਂ ਔਰਤਾਂ ਡੇਰੇ ਵਿਚ ਲੜਕੀ ਜਾਂ ਲੜਕੇ ਦੇ ਵਿਆਹ ਤੋਂ ਪੰਦਰਾਂ ਵੀਹ ਦਿਨ ਪਹਿਲਾ ਹੀ ਇਕੱਠੀਆਂ ਹੋ ਕੇ ਨੱਚ ਗਾ ਕੇ ਖੁਸ਼ੀ ਮਨਾਉਣੀ ਸ਼ੁਰੂ ਕਰ ਦਿੰਦੀਆਂ ਹਨ।

ਬਾਜ਼ੀਗਰ ਕਬੀਲੇ ਦੀਆਂ ਲੋਕ-ਕਲਾਵਾਂ

ਲੋਕ ਕਲਾਵਾਂ ਤੋਂ ਭਾਵ ਉਹ ਕਲਾਵਾਂ ਹਨ ਜੋ ਲੋਕ ਸਮੂਹ ਦੀ ਪੈਦਾਵਾਰ ਹੁੰਦੀਆਂ ਹਨ ਤੇ ਪਰੰਪਰਾ ਦੇ ਰੂਪ ਵਿਚ ਪੀੜ੍ਹੀ ਦਰ ਪੀੜ੍ਹੀ ਅੱਗੇ ਚਲਦੀਆਂ ਰਹਿੰਦੀਆਂ ਹਨ। ਲੋਕ-ਕਲਾ ਨੂੰ ਪ੍ਰਾਚੀਨ ਕਲਾ ਵੀ ਆਖਿਆ ਜਾ ਸਕਦਾ ਹੈ। "ਲੋਕ ਕਲਾਵਾਂ ਆਦਿ ਕਾਲ ਤੋਂ ਹੀ ਮਨੁੱਖ ਦੇ ਨਾਲ ਨਾਲ ਚਲਦੀਆਂ ਆ ਰਹੀਆਂ ਹਨ। ਆਦਿ ਕਾਲ ਦੇ ਗੁਫਾਵਾਂ ਅਤੇ ਕੰਦਰਾਂ ਵਿੱਚ ਮਨੁੱਖ ਦੁਆਰਾ ਬਣਾਏ ਪਸ਼ੂਆਂ ਤੇ ਹਥਿਆਰਾਂ ਦੇ ਕੰਧ ਚਿਤਰ ਲੋਕ ਕਲਾਵਾਂ ਦਾ ਮੁਢਲਾ ਰੂਪ ਹਨ। ਕਲਾ ਜੀਵਨ ਦੀਆਂ ਲੋੜਾਂ ਵਿਚੋਂ ਉਪਜਦੀ ਹੈ ਤੇ ਇਸ ਦਾ ਮੰਤਵ ਮਨੁੱਖ ਦੀ ਸੁਹਜ ਤ੍ਰਿਪਤੀ ਹੈ। ਇਹ ਕਿਸੇ ਵੀ ਸਭਿਆਚਾਰ ਤੇ ਸੰਸਕ੍ਰਿਤੀ ਦਾ ਨਰੂਪਣ ਹੁੰਦਾ ਹੈ।"[1] ਇਹ ਲੋਕਾਂ ਦੀਆਂ ਅੰਤ੍ਰੀਵ ਖਾਹਿਸ਼ਾਂ, ਭਾਵਨਾਵਾਂ ਤੇ ਤਜ਼ਰਬਿਆਂ ਦਾ ਸੁਭਾਵਕ ਪ੍ਰਗਟਾਵਾ ਹੈ। "ਲੋਕ ਕਲਾ ਦੀ ਵੱਡੀ ਸਿਫ਼ਤ ਇਹ ਹੈ ਕਿ ਇਹ ਸੁਹਜ ਰਸ ਤ੍ਰਿਪਤੀ ਕਰਨ ਦੇ ਨਾਲ ਉਪਯੋਗੀ ਹੁੰਦੀ ਹੈ ਅਤੇ ਜੀਵਨ ਵਿੱਚ ਸਹਿਜ ਰੂਪ ਵਿਚ ਰਚੀ ਹੁੰਦੀ ਹੈ। ਲੋਕ ਕਲਾ ਘਰਾਂ ਦਾ ਸੁਹਜ ਤੇ ਸ਼ਿੰਗਾਰ ਹੈ। ਹਰ ਮਨੁੱਖ ਵਿਚ ਜਨਮ ਤੋਂ ਹੀ ਸੁੰਦਰਤਾ ਦੀ ਭੁੱਖ ਹੁੰਦੀ ਹੈ ਤੇ ਇਸ ਦੀ ਤ੍ਰਿਪਤੀ ਸਧਾਰਨ ਜੀਵਨ ਵੇਗ ਵਿੱਚ ਲੋਕ ਕਲਾ ਹੀ ਕਰਦੀ ਹੈ। ਲੋਕ ਕਲਾ ਦੇ ਸਭ ਤੋਂ ਪੁਰਾਣੇ ਨਮੂਨੇ ਹੜੱਪਾ ਤੇ ਰੋਪੜ ਦੀਆਂ ਪੁਰਾਣੀਆਂ ਥੇਹਾਂ ਦੀ ਖੁਦਾਈ ਵੇ ਲੇ ਮਿਲੇ। 'ਕਲਪਨਾ ਨੂੰ ਮਿੱਟੀ ਵਿਚੋਂ ਉਭਾਰਨਾ, ਭਾਵਾਂ ਨੂੰ ਮਿੱਟੀ ਵਿਚ ਸਮੋ ਕੇ ਨਿਖਾਰਨਾ' ਲੋਕ ਕਲਾ ਦਾ ਮੀਰੀ ਗੁਣ ਹੁੰਦਾ ਹੈ। ਹੜੱਪਾ ਤੇ ਰੋਪੜ ਦੀ ਖੁਦਾਈ ਚੋਂ ਮਿਲੇ ਠੀਕਰ ਮੋਹਰਾਂ ਉੱਤੇ ਘੋੜਾ, ਕੁੱਤਾ, ਭੇਡ, ਸੂਰ, ਝੋਟਾ, ਬਲਦ ਅਤੇ ਪਸ਼ੂਆਂ ਬਿਰਖਾਂ ਦੀਆਂ ਹੋਰ ਕਲਾ ਕਿਰਤਾਂ ਮਨੁੱਖ ਦੀ ਲੋਕ ਕਲਾਵਾਂ ਪ੍ਰਤੀ ਆਦਿਕਾਲੀ ਰੁਚੀ ਨੂੰ ਉਭਾਰਦੇ ਹਨ।"[2] ਬਾਜ਼ੀਗਰ ਕਬੀਲਾ ਇੱਕ ਕਲਾਕਾਰ ਅਤੇ ਕਲਾਪ੍ਰੇਮੀ ਕਬੀਲਾ ਹੈ। ਬਾਜ਼ੀਗਰ ਲੋਕ ਆਦਿ ਕਾਲ ਤੋਂ ਹੀ ਕਲਾ ਦੀਆਂ ਵੱਖ-ਵੱਖ ਵੰਨਗੀਆਂ ਨਾਲ ਜੁੜੇ ਹੋਏ ਹਨ। ਇਹ ਲੋਕ ਖ਼ਾਨਾਬਦੋਸ਼ ਅਤੇ ਜੰਗਲੀ ਜੀਵਨ ਜਿਉਂਦਿਆਂ ਹੋਇਆਂ ਆਪਣਾ ਔਜੜ ਪੈਂਡਾ ਕਲਾ ਦੇ ਵੱਖ-ਵੱਖ ਰੰਗਾਂ ਨਾਲ ਸੁਹਾਵਣਾ ਬਣਾਉਂਦੇ ਰਹੇ ਹਨ। ਬਾਜ਼ੀਗਰ ਕਬੀਲੇ ਦੇ ਲੋਕ ਆਪਣੇ ਲਈ ਵਸਤਰ ਅਤੇ ਆਪਣੀਆਂ ਡਾਚੀਆਂ ਲਈ ਹਾਰ ਸ਼ਿੰਗਾਰ ਆਪ ਤਿਆਰ ਕਰਦੇ ਰਹੇ ਹਨ। ਬਾਜ਼ੀਗਰ ਕਬੀਲੇ ਦੇ ਡੇਰੇ ਦੇ ਹਰ ਘਰ ਵਿੱਚ ਬਾਜ਼ੀਗਰ ਔਰਤਾਂ ਆਪਣੇ ਪਰਿਵਾਰ ਦੇ ਕਲਾਤਮਕ ਕੱਪੜੇ ਅਤੇ ਗਹਿਣੇ ਗੱਟੇ ਆਪ ਤਿਆਰ ਕਰਦੀਆਂ ਹਨ। ਬਾਜ਼ੀਗਰ ਕਬੀਲੇ ਦੇ ਵਸਤਰਾਂ ਅਤੇ ਗਹਿਣਿਆਂ ਵਿਚ ਜ਼ਰੀ, ਰੇਸ਼ਮੀ ਧਾਗਿਆਂ ਅਤੇ ਸੁੱਚੇ ਮਣਕਿਆਂ ਦਾ ਇਸਤੇਮਾਲ ਵਿਸ਼ੇਸ਼ ਰੂਪ ਵਿੱਚ ਹੁੰਦਾ ਹੈ। ਬਾਜ਼ੀਗਰ ਕਬੀਲਾ ਆਪਣੀਆਂ ਕਲਾ ਜੁਗਤਾਂ ਰਾਹੀਂ

ਆਪਣੀ ਰੋਜ਼ਮਰਾ ਦੀ ਜ਼ਿੰਦਗੀ ਲਈ ਹੇਠ ਲਿਖੀਆਂ ਕਲਾਤਮਕ ਚੀਜ਼ਾਂ ਤਿਆਰ ਕਰਦਾ ਰਿਹਾ ਹੈ। ਬਾਜ਼ੀਗਰ ਕਬੀਲੇ ਦੀਆਂ ਵੱਖ-ਵੱਖ ਕਲਾਕਿਰਤੀਆਂ ਕਬੀਲੇ ਦੇ ਕੁਦਰਤ ਪ੍ਰਤੀ ਪ੍ਰੇਮ ਨੂੰ ਪ੍ਰਗਟ ਕਰਦੀਆਂ ਹਨ। ਬਾਜ਼ੀਗਰ ਲੋਕਾਂ ਦੀਆਂ ਕਲਾਵਾਂ ਵਿਚ ਕੁਦਰਤ ਅਤੇ ਜੰਗਲੀ ਜੀਵਨ ਦਾ ਪ੍ਰਗਟਾਵਾ ਵੱਖ-ਵੱਖ ਵੰਨਗੀਆਂ ਵਿਚ ਪੇਸ਼ ਹੁੰਦਾ ਹੈ।

1. **ਗਹਿਣੇ ਬਣਾਉਣ ਦੀ ਕਲਾ :** ਬਾਜ਼ੀਗਰ ਕਬੀਲੇ ਦੀਆਂ ਔਰਤਾਂ ਆਪਣੇ ਬਹੁਤੇ ਪਹਿਰਨ ਅਤੇ ਗਹਿਣੇ ਆਪ ਤਿਆਰ ਕਰਦੀਆਂ ਹਨ। ਬਾਜ਼ੀਗਰ ਕਬੀਲੇ ਦੀਆਂ ਔਰਤਾਂ ਗਹਿਣੇ ਬਣਾਉਣ ਲਈ ਰੰਗ ਬਰੰਗੇ ਸੁੱਚੇ ਮੋਤੀਆਂ ਦਾ ਇਸਤੇਮਾਲ ਕਰਦੀਆਂ ਹਨ। ਬਾਜ਼ੀਗਰ ਕਬੀਲੇ ਦੀਆਂ ਔਰਤਾਂ ਸੁੱਚੇ ਮੋਤੀਆਂ ਤੋਂ ਗਲ਼ ਦੀ ਗ਼ਾਨੀ, ਕੰਨਾਂ ਦੇ ਬੁੰਦੇ ਅਤੇ ਪੈਰਾਂ ਦੀਆਂ ਪਾਜ਼ੇਬਾਂ ਤਿਆਰ ਕਰਦੀਆਂ ਹਨ। ਇਨ੍ਹਾਂ ਗਹਿਣਿਆਂ ਲਈ ਰੰਗ ਬਰੰਗੇ ਮਣਕਿਆਂ ਦਾ ਇਸਤੇਮਾਲ ਵੀ ਕੀਤਾ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿਚ ਸੁੱਚੇ ਮੋਤੀਆਂ ਦੇ ਗਹਿਣੇ ਜ਼ਿਆਦਾਤਰ ਕੁੜੀਆਂ ਹੀ ਪਾਉਂਦੀਆਂ ਹਨ। ਵਿਆਹੀਆਂ ਔਰਤਾਂ ਵਿਚ ਸੋਨੇ ਅਤੇ ਚਾਂਦੀ ਦੇ ਗਹਿਣੇ ਪਹਿਨਣ ਦਾ ਜ਼ਿਆਦਾ ਪ੍ਰਚਲਨ ਹੈ।

2. **ਕੋਥਲਾ :** ਬਾਜ਼ੀਗਰ ਕਬੀਲੇ ਵਿਚ 'ਕੋਥਲਾ' ਇੱਕ ਮਹੱਤਵਪੂਰਨ ਚੀਜ਼ ਹੈ। ਕੋਥਲਾ ਰੰਗ ਬਰੰਗੇ ਕੱਪੜੇ ਦੀਆਂ ਫਾਕਾਂ ਤੋਂ ਤਿਆਰ ਕੀਤਾ ਹੋਇਆ ਇਕ ਬੋਰੀਨੁਮਾ ਥੈਲਾ ਹੁੰਦਾ ਹੈ। ਇਹ ਰੰਗ ਬਰੰਗੇ ਕੱਪੜੇ ਜੋੜਕੇ ਰੰਗ ਬਰੰਗੇ ਧਾਗਿਆਂ ਦੀ ਕਸੀਦਾਕਾਰੀ ਨਾਲ ਨਿੱਕੇ-ਨਿੱਕੇ ਤੋਪੇ ਲਾ ਕੇ ਤਿਆਰ ਕੀਤਾ ਜਾਂਦਾ ਹੈ। ਕੋਥਲੇ ਤੇ ਛੋਟੀਆਂ-ਛੋਟੀਆਂ ਟਾਕੀਆਂ ਅਤੇ ਰੰਗ ਬਰੰਗੇ ਧਾਗਿਆਂ ਦੀ ਸਹਾਇਤਾ ਨਾਲ ਰੁੱਖ, ਮੋਰ, ਤਿੱਤਰ ਅਤੇ ਬਿੱਲੇ ਬਿੱਲੀਆਂ ਬਣਾਈਆਂ ਜਾਂਦੀਆਂ ਹਨ। ਬਾਜ਼ੀਗਰ ਕਬੀਲੇ ਵਿੱਚ ਕੋਥਲਾ ਵਿਆਹ ਵਰੀ ਦੇ ਕੱਪੜੇ ਅਤੇ ਘਰ ਦੀਆਂ ਅਤਿ ਜ਼ਰੂਰੀ ਚੀਜ਼ਾਂ ਸਾਂਭਣ ਦੇ ਕੰਮ ਆਉਂਦਾ ਹੈ। ਕੋਥਲੇ ਦੇ ਮੂੰਹ ਤੇ ਕੱਪੜੇ ਨੂੰ ਲੇੜ ਕੇ ਪਾਈ ਹੋਈ ਮਜ਼ਬੂਤ ਰੱਸੀ ਕੋਥਲੇ ਦਾ ਮੂੰਹ ਬੰਨ੍ਹਣ ਦਾ ਕੰਮ ਕਰਦੀ ਹੈ। ਬਾਜ਼ੀਗਰ ਕਬੀਲੇ ਵਿੱਚ ਕੋਥਲੇ ਨੂੰ ਜ਼ਿਆਦਾਤਰ ਕਿਸੇ ਗੁਪਤ ਤੇ ਉਚੇਚੀ ਥਾਂ ਤੇ ਰੱਖਿਆ ਜਾਂਦਾ ਹੈ। ਇਹ ਜ਼ਿਆਦਾਤਰ ਕਬੀਲੇ ਦੀ ਸਿਆਣੀ ਔਰਤ ਦੀ ਸਾਂਭ ਸੰਭਾਲ ਅਤੇ ਨਿਗਰਾਨੀ ਵਿੱਚ ਰੱਖਿਆ ਜਾਂਦਾ ਹੈ।

3. **ਕੋਥਲੀ :** ਕੋਥਲੀ ਕੋਥਲੇ ਦਾ ਹੀ ਛੋਟਾ ਰੂਪ ਹੈ। ਕੋਥਲੀ ਬਣਾਉਣ ਲਈ ਬਾਜ਼ੀਗਰ ਕਬਲੇ ਵਿੱਚ ਜ਼ਿਆਦਾਤਰ ਰੇਸ਼ਮੀ ਕੱਪੜਾ ਅਤੇ ਰੇਸ਼ਮੀ ਧਾਗੇ ਵਰਤੇ ਜਾਂਦੇ ਹਨ। ਕੋਥਲੀ ਵੀ ਵੱਖ-ਵੱਖ ਰੰਗਾਂ ਦੀਆਂ ਟਾਕੀਆਂ ਜੋੜਕੇ ਧਾਗਿਆਂ ਦੀ ਕਸ਼ੀਦਾਕਾਰੀ ਨਾਲ ਤਿਆਰ ਕੀਤੀ ਜਾਂਦੀ ਹੈ। ਬਾਜ਼ੀਗਰ ਕਬੀਲੇ ਵਿੱਚ ਕੋਥਲੀ ਗਹਿਣਾ ਗੱਟਾ ਸਾਂਭਣ ਅਤੇ ਪੈਸਾ ਟਕਾ ਰੱਖਣ ਲਈ ਵਰਤੀ ਜਾਂਦੀ ਹੈ। ਬਾਜ਼ੀਗਰ ਕਬੀਲੇ ਵਿੱਚ ਲੜਕੀ ਦੇ ਵਿਆਹ ਸਮੇਂ ਕੋਥਲੀ ਵਿਸ਼ੇਸ਼ ਰੂਪ ਵਿੱਚ ਦਹੇਜ ਵਿੱਚ ਦਿੱਤੀ ਜਾਂਦੀ ਹੈ ਅਤੇ ਇਸ ਵਿਚ ਲੜਕੀ ਦੇ ਹਾਰ ਸ਼ਿੰਗਾਰ ਦਾ ਸਮਾਨ ਖਾਸ ਤੌਰ

ਤੇ ਪਾਇਆ ਜਾਂਦਾ ਹੈ। ਇਸ ਦੇ ਮੂੰਹ ਤੇ ਵੱਡੀ ਮਜ਼ਬੂਤ ਡੋਰੀ ਕੋਥਲੀ ਨੂੰ ਮੂੰਹ ਤੋਂ ਕੱਸਕੇ ਬੰਨ੍ਹਣ ਦੇ ਕੰਮ ਆਉਂਦੀ ਹੈ। ਕੋਥਲੀ ਦੇ ਮੂੰਹ ਤੇ ਡੋਰੀ ਕੋਥਲੀ ਦੀਆਂ ਕੰਨੀਆਂ ਲੋੜ ਕੇ ਖ਼ਾਸ ਤੌਰ ਤੇ ਪਾਈ ਜਾਂਦੀ ਹੈ। ਇਸ ਨਾਲ ਕੋਥਲੀ ਦੀ ਦਿੱਖ ਬਹੁਤ ਹੀ ਕਲਾਤਮਕ ਬਣ ਜਾਂਦੀ ਹੈ।

4. ਕੱਥੜੀ : ਕੱਥੜੀ ਬਾਜ਼ੀਗਰ ਕਬੀਲੇ ਦਾ ਮੁੱਖ ਵਿਛਾਉਣਾ ਹੈ। ਬਾਜ਼ੀਗਰ ਕਬੀਲੇ ਵਿੱਚ ਘਰ ਦੇ ਹੰਢੇ ਹੋਏ ਅਤੇ ਪੁਰਾਣੇ ਕੱਪੜਿਆਂ ਤੋਂ ਕੱਥੜੀ ਤਿਆਰ ਕੀਤੀ ਜਾਂਦੀ ਹੈ। ਕੱਥੜੀ ਬਣਾਉਣ ਸਮੇਂ ਰੰਗਾਂ ਦੀ ਤਰਤੀਬ ਨੂੰ ਖ਼ਾਸ ਤੌਰ ਤੇ ਧਿਆਨ ਵਿੱਚ ਰੱਖਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਦੀਆਂ ਔਰਤਾਂ ਕੱਥੜੀ ਬਣਾਉਂਦੇ ਸਮੇਂ ਰੰਗ ਬਰੰਗੇ ਸੂਤੀ ਧਾਗਿਆਂ ਦਾ ਇਸਤੇਮਾਲ ਕਰਦੀਆਂ ਹਨ। ਕੱਥੜੀ ਦਾ ਆਕਾਰ ਮੰਜੇ ਦੀ ਸਤਾ ਦੇ ਬਰਾਬਰ ਰੱਖਿਆ ਜਾਂਦਾ ਹੈ। ਕੱਥੜੀ ਦੇ ਕਿਨਾਰਿਆਂ ਤੇ ਰੰਗ ਬਰੰਗੇ ਤਿਕੋਨੇ ਕੱਪੜਿਆਂ ਦੀ ਝਾਲਰ ਲਾਈ ਜਾਂਦੀ ਹੈ। ਇਸ ਝਾਲਰ ਵਿੱਚ ਥੋੜ੍ਹਾ ਥੋੜ੍ਹਾ ਫਾਸਲਾ ਛੱਡਕੇ ਨਿੱਕੇ ਨਿੱਕੇ ਸ਼ੀਸ਼ੇ ਵੀ ਲਾਏ ਜਾਂਦੇ ਹਨ। ਬਾਜ਼ੀਗਰ ਕਬੀਲੇ ਵਿੱਚ ਮਹਿਮਾਨ ਦੀ ਆਮਦ ਤੇ ਕੱਥੜੀ ਵਿਛਾਉਣਾ ਸਤਿਕਾਂਰ ਅਤੇ ਮਾਣ ਦਾ ਚਿੰਨ੍ਹ ਸਮਝਿਆ ਜਾਂਦਾ ਹੈ। ਇਸ ਦੀ ਦਿੱਖ ਬਹੁਤ ਸੁੰਦਰ ਹੁੰਦੀ ਹੈ ਅਤੇ ਇਹ ਬਾਜ਼ੀਗਰ ਕਬੀਲੇ ਦਾ ਇੱਕ ਕਲਾਤਮਕ ਵਿਛਾਉਣਾ ਹੈ।

5. ਗੋਲ੍ਹੇ ਬਣਾਉਣ ਦੀ ਕਲਾ : ਬਾਜ਼ੀਗਰ ਕਬੀਲੇ ਵਿੱਚ ਗੋਲ੍ਹੇ ਬਣਾਉਣ ਦੀ ਕਲਾ ਆਦਿ ਕਾਲ ਤੋਂ ਹੀ ਚਲਦੀ ਆ ਰਹੀ ਹੈ। ਬਾਜ਼ੀਗਰ ਕਬੀਲੇ ਵਿੱਚ ਗੋਲ੍ਹਾ ਇੱਕ ਬਾਟਾਨੁਮਾ ਵਿਸ਼ੇਸ਼ ਬਰਤਨ ਹੈ ਜਿਹੜਾ ਕਿ ਪੁਰਾਣੇ ਕਾਗਜ਼ ਅਤੇ ਮੁਲਤਾਨੀ ਮਿੱਟੀ ਨੂੰ ਚੰਗੀ ਤਰ੍ਹਾਂ ਗੁੰਨ ਕੇ ਬਣਾਇਆ ਜਾਂਦਾ ਹੈ। ਇਹ ਗੋਲਾਕਾਰ ਅਕਾਰ ਵਾਲਾ ਹੁੰਦਾ ਹੈ ਤੇ ਇਸਦਾ ਮੂੰਹ ਉਪਰੋਂ ਖੁੱਲ੍ਹਾ ਹੁੰਦਾ ਹੈ। ਬਾਜ਼ੀਗਰ ਕਬੀਲੇ ਵਿੱਚ ਗੋਲ੍ਹੇ ਘਰ ਦੀ ਲੋੜ ਅਨੁਸਾਰ ਵੱਖ ਵੱਖ ਆਕਾਰਾਂ ਦੇ ਬਣਾ ਲਏ ਜਾਂਦੇ ਹਨ। ਬਾਜ਼ੀਗਰ ਕਬੀਲੇ ਦੀਆਂ ਔਰਤਾਂ ਗੋਲ੍ਹਾ ਬਣਾਉਣ ਲਈ ਕਾਗਜ਼ ਅਤੇ ਮੁਲਤਾਨੀ ਮਿੱਟੀ ਗੁੰਨ੍ਹ ਕੇ ਛੋਟੇ ਵੱਡੇ ਘੜਿਆਂ ਤੇ ਥੱਪ ਦਿੰਦੀਆਂ ਹਨ। ਇਸ ਤਰ੍ਹਾਂ ਥੱਪੇ ਹੋਏ ਗੋਲ੍ਹਿਆਂ ਨੂੰ ਕੁਝ ਦਿਨ ਧੁੱਪ ਵਿੱਚ ਰੱਖਕੇ ਉਤਾਰ ਲਿਆ ਜਾਂਦਾ ਹੈ। ਇਸ ਤਰ੍ਹਾਂ ਉਤਾਰੇ ਹੋਏ ਗੋਲ੍ਹਿਆਂ ਨੂੰ ਫਿਰ ਵੱਖ-ਵੱਖ ਰੰਗਾਂ ਦੀ ਵਰਤੋਂ ਕਰਕੇ ਫੁੱਲ ਬੂਟਿਆਂ ਨਾਲ ਸਜਾਇਆ ਜਾਂਦਾ ਹੈ। ਇਨ੍ਹਾਂ ਫੁੱਲ ਬੂਟਿਆਂ ਨਾਲ ਗੋਲ੍ਹੇ ਬਹੁਤ ਹੀ ਦਿਲਕਸ਼ ਅਤੇ ਲੁਭਾਉਣੇ ਨਜ਼ਰ ਆਉਂਦੇ ਹਨ। ਘਰ ਵਿੱਚ ਵਰਤਣ ਲਈ ਗੋਲ੍ਹਾ ਇੱਕ ਬਹੁਤ ਹੀ ਹਲਕਾ ਅਤੇ ਹੰਢਣਸਾਰ ਬਰਤਨ ਹੈ। ਬਾਜ਼ੀਗਰ ਕਬੀਲੇ ਦੀਆਂ ਕਈ ਔਰਤਾਂ ਬਾਹਰ ਪਿੰਡਾਂ ਵਿੱਚ ਗੋਲ੍ਹੇ ਵੇਚਣ ਦਾ ਕੰਮ ਵੀ ਕਰਦੀਆਂ ਹਨ।

6. ਭੜੋਲਾ : ਬਾਜ਼ੀਗਰ ਕਬੀਲੇ ਵਿੱਚ ਦਾਣਾ ਫੱਕਾ ਸਾਂਭਣ ਲਈ ਭੜੋਲੇ ਦੀ ਵਰਤੋਂ ਕੀਤੀ ਜਾਂਦੀ ਹੈ। ਬਾਜ਼ੀਗਰ ਕਬੀਲੇ ਦੀਆਂ ਔਰਤਾਂ ਭੜੋਲਾ ਮਿੱਟੀ ਅਤੇ ਤੂੜੀ ਨੂੰ ਗੁੰਨ੍ਹਕੇ ਬਣਾਉਂਦੀਆਂ ਹਨ। ਬਾਜ਼ੀਗਰ ਕਬੀਲੇ ਵਿੱਚ ਭੜੋਲਾ ਜ਼ਿਆਦਾਤਰ ਘਰ ਦੀ ਸਾਹਮਣੇ ਵਾਲੀ ਕੰਧ ਦੇ ਬਿਲਕੁਲ ਨਾਲ ਹੀ ਥੱਪਿਆ ਜਾਂਦਾ ਹੈ। ਭੜੋਲਾ

ਬਣਾਉਣ ਸਮੇਂ ਪਹਿਲਾਂ ਇਸ ਦੇ ਦੋ ਵੱਡੇ ਵੱਡੇ ਪੈਰ ਬਣਾਏ ਜਾਂਦੇ ਹਨ। ਪੈਰਾਂ ਦੇ ਸੁੱਕਣ ਉਪਰੰਤ ਫਿਰ ਅੱਗੇ ਮਿੱਟੀ ਥੱਪ ਥੱਪ ਕੇ ਭੜੋਲਾ ਤਿਆਰ ਕਰ ਦਿੱਤਾ ਜਾਂਦਾ ਹੈ। ਭੜੋਲਾ ਚਾਰੇ ਪਾਸਿਓਂ ਬੰਦ ਹੁੰਦਾ ਹੈ ਅਤੇ ਇਸ ਦੇ ਮੂਹਰਲੇ ਪਾਸੇ ਦਾਣੇ ਪਾਉਣ ਅਤੇ ਕੱਢਣ ਲਈ ਇੱਕ ਨਿੱਕਾ ਜਿਹਾ ਮਘੋਰਾ ਰੱਖਿਆ ਜਾਂਦਾ ਹੈ ਤੇ ਕਈ ਵਾਰੀ ਨਿੱਕਾ ਜਿਹਾ ਡੇਢ ਕੁ ਫੁੱਟ ਦਾ ਦਰਵਾਜ਼ਾ ਵੀ ਲਾ ਦਿੱਤਾ ਜਾਂਦਾ ਹੈ। ਭੜੋਲੇ ਦੇ ਬਿਲਕੁਲ ਹੇਠਾਂ ਇੱਕ ਛੇਕ ਵੀ ਰੱਖਿਆ ਜਾਂਦਾ ਹੈ ਜਿਹੜਾ ਕਿ ਪਿਸਾਈ ਜੋਗੇ ਦਾਣੇ ਕੱਢਣ ਉਪਰੰਤ ਕਿਸੇ ਕੱਪੜੇ ਨਾਲ ਫਿਰ ਤੋਂ ਬੰਦ ਕਰ ਦਿੱਤਾ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਅੰਨ੍ਹ ਭੰਡਾਰ ਨੂੰ ਸਾਂਭਣ ਲਈ ਭੜੋਲਾ ਇੱਕ ਖ਼ਾਸ ਵਸੀਲਾ ਹੈ। ਬਾਜ਼ੀਗਰ ਕਬੀਲੇ ਦੀਆਂ ਔਰਤਾਂ ਭੜੋਲੇ ਨੂੰ ਸੁਹਣੀ ਦਿੱਖ ਦੇਣ ਲਈ ਇਸ ਤੇ ਰੁੱਖ ਤਿੱਤਰ, ਮੋਰ, ਕਬੂਤਰ, ਬਿੱਲੇ-ਬਿੱਲੀਆਂ ਅਤੇ ਸ਼ੇਰ ਦੀਆਂ ਆਕ੍ਰਿਤੀਆਂ ਮਿੱਟੀ ਨਾਲ ਬਣਾ ਦਿੰਦੀਆਂ ਹਨ। ਕਈ ਵਾਰ ਭੜੋਲੇ ਵਿੱਚ ਵੱਖ-ਵੱਖ ਰੰਗਾਂ ਦੀਆਂ ਬੋਤਲਾਂ ਭਰਕੇ ਵੀ ਜੜ੍ਹ ਦਿੱਤੀਆਂ ਜਾਂਦੀਆਂ ਹਨ। ਸ਼ੇਰ ਅਤੇ ਬਿੱਲੇ ਬਿੱਲੀਆਂ ਦੀਆਂ ਆਕ੍ਰਿਤੀਆਂ ਨੂੰ ਹੋਰ ਸੰਜੀਵ ਰੂਪ ਦੇਣ ਲਈ ਇਨ੍ਹਾਂ ਦੀਆਂ ਅੱਖਾਂ ਵਿਚ ਬੰਟੇ ਜੜ੍ਹ ਦਿੱਤੇ ਜਾਂਦੇ ਹਨ। ਭੜੋਲੇ ਵਿੱਚ ਜੜ੍ਹੀਆਂ ਰੰਗ ਬਰੰਗੇ ਪਾਣੀ ਦੀਆਂ ਬੋਤਲਾਂ ਭੜੋਲੇ ਨੂੰ ਦਿਲਕਸ਼ ਅਤੇ ਖਿੱਚ ਭਰਪੂਰ ਬਣਾਉਂਦੀਆਂ ਹਨ।

7. ਕੰਧ ਚਿੱਤਰ : ਬਾਜ਼ੀਗਰ ਕਬੀਲੇ ਵਿੱਚ ਘਰਾਂ ਵਿੱਚ ਕੰਧ ਚਿੱਤਰ ਬਣਾਉਣ ਦਾ ਰਿਵਾਜ਼ ਬਹੁਤ ਪੁਰਾਣਾ ਹੈ। ਬਾਜ਼ੀਗਰ ਕਬੀਲੇ ਦੀਆਂ ਔਰਤਾਂ ਆਪਣੇ ਘਰ ਨੂੰ ਖ਼ੂਬਸੂਰਤ ਬਣਾਉਣ ਲਈ ਕੰਧ ਚਿੱਤਰ ਖ਼ਾਸ ਤੌਰ ਤੇ ਬਣਾਉਂਦੀਆਂ ਹਨ। ਬਾਜ਼ੀਗਰ ਔਰਤਾਂ ਨੂੰ ਕੰਧ ਚਿੱਤਰ ਬਣਾਉਣ ਵਿੱਚ ਵਿਸ਼ੇਸ਼ ਮੁਹਾਰਤ ਹਾਸਲ ਹੈ। ਕੰਧਾਂ ਤੇ ਜ਼ਿਆਦਾਤਰ ਮਿੱਟੀ ਅਤੇ ਪਾਂਡੂ ਦੇ ਰੁੱਖ, ਵੇਲ ਬੂਟੇ, ਤਿੱਤਰ, ਮੋਹਰ, ਕਬੂਤਰ ਅਤੇ ਬਿੱਲੇ ਬਿੱਲੀਆਂ ਬਣਾਏ ਜਾਂਦੇ ਹਨ। ਬਾਜ਼ੀਗਰ ਕਬੀਲੇ ਵਿੱਚ ਜ਼ਿਆਦਾਤਰ ਕੰਧ ਚਿੱਤਰ ਜੰਗਲੀ ਜਾਨਵਰਾਂ ਦੇ ਬਣਾਏ ਜਾਂਦੇ ਹਨ। ਬਾਜ਼ੀਗਰ ਕਬੀਲੇ ਦੀਆਂ ਔਰਤਾਂ ਇਨ੍ਹਾਂ ਚਿੱਤਰਾਂ ਨੂੰ ਮਨਮੋਹਕ ਬਣਾਉਣ ਲਈ ਪਾਂਡੂ ਮਿੱਟੀ ਅਤੇ ਰੰਗਾਂ ਦਾ ਇਸਤੇਮਾਲ ਵੀ ਕਰਦੀਆਂ ਹਨ। ਬਾਜ਼ੀਗਰ ਕਬੀਲੇ ਦੇ ਕੰਧ ਚਿੱਤਰ ਬਾਜ਼ੀਗਰ ਔਰਤਾਂ ਦੀ ਸੂਖ਼ਮ ਕਲਾ ਵੀ ਗਵਾਹੀ ਭਰਦੇ ਪ੍ਰਤੀਤ ਹੁੰਦੇ ਹਨ।

8. ਬਲਦਾਂ ਦੇ ਗਲ਼ ਦੀਆਂ ਗਾਨੀਆਂ : ਬਾਜ਼ੀਗਰ ਕਬੀਲੇ ਦੇ ਲੋਕ ਬਲਦਾਂ ਦੇ ਗਲ਼ ਦੀਆਂ ਗਾਨੀਆਂ ਬਣਾਉਣ ਵਿੱਚ ਬਹੁਤ ਨਿਪੁੰਨ ਹਨ। ਬਾਜ਼ੀਗਰ ਕਬੀਲੇ ਦੇ ਲੋਕ ਟੱਲੀਆਂ ਅਤੇ ਰੰਗ ਬਰੰਗੇ ਮਣਕਿਆਂ ਤੋਂ ਬਲਦਾਂ ਦੇ ਗਲ਼ ਦੀਆਂ ਗਾਨੀਆਂ ਬਣਾ ਕੇ ਪਿੰਡਾਂ ਵਿੱਚ ਅਤੇ ਖੇਤਾਂ ਵਿੱਚ ਜਾ ਕੇ ਕਿਸਾਨਾਂ ਨੂੰ ਵੇਚਿਆ ਕਰਦੇ ਸਨ ਜਿਸ ਦੇ ਇਵਜ਼ ਵਿੱਚ ਬਾਜ਼ੀਗਰਾਂ ਨੂੰ ਅਨਾਜ ਮਿਲਦਾ ਹੁੰਦਾ ਸੀ। ਬਾਜ਼ੀਗਰ ਕਬੀਲੇ ਦੇ ਲੋਕ ਬਲਦਾਂ ਨੂੰ ਹੱਕਣ ਵਾਲੀਆਂ ਪਰਾਣੀਆਂ ਬਣਾਉਣ ਵਿੱਚ ਵੀ ਬਹੁਤ ਮੁਹਾਰਤ ਰੱਖਦੇ ਸਨ। ਪਰਾਣੀਆਂ ਬਣਾਉਣ ਲਈ ਸੱਮਾਂ ਅਤੇ ਤਾਰਾਂ ਵਰਤੀਆਂ ਜਾਂਦੀਆਂ ਸਨ। ਬਾਜ਼ੀਗਰ ਕਬੀਲੇ ਦੇ ਲੋਕਾਂ ਦੀਆਂ ਬਣਾਈਆਂ ਹੋਈਆਂ ਪਰਾਣੀਆਂ ਮਜ਼ਬੂਤ ਅਤੇ

ਹੰਢਣਸਾਰ ਹੁੰਦੀਆਂ ਹਨ। ਇਸ ਲਈ ਜ਼ਿਆਦਾਤਰ ਕਿਸਾਨ ਬਾਜ਼ੀਗਰਾਂ ਤੋਂ ਹੀ ਪਰਾਣੀਆਂ ਖਰੀਦਦੇ ਸਨ। ਹਰਾ ਇਨਕਲਾਬ ਅਤੇ ਨਵੀਂ ਤਕਨਾਲੋਜੀ ਦੇ ਆਉਣ ਨਾਲ ਬਾਜ਼ੀਗਰ ਕਬੀਲੇ ਦਾ ਬਲਦਾਂ ਦੀਆਂ ਗਾਨੀਆਂ ਅਤੇ ਪਰਾਣੀਆਂ ਬਣਾਉਣ ਦਾ ਧੰਦਾ ਵੀ ਬਿਲਕੁਲ ਖ਼ਤਮ ਹੋ ਗਿਆ ਹੈ।

9. ਛੱਪਰਾਂ ਅਤੇ ਖਿੜਕੇ ਬਣਾਉਣ ਦੀ ਕਲਾ : ਬਾਜ਼ੀਗਰ ਕਬੀਲੇ ਦੇ ਲੋਕ ਮੁੱਢ ਕਦੀਮ ਤੋਂ ਹੀ ਛੱਪਰਾਂ ਵਿੱਚ ਵਾਸ ਕਰਦੇ ਆਏ ਹਨ ਜਿਨ੍ਹਾਂ ਨੂੰ 'ਸਿਰਕੀ' ਵੀ ਕਿਹਾ ਜਾਂਦਾ ਹੈ। ਬਾਜ਼ੀਗਰ ਕਬੀਲੇ ਦਾ ਹਰ ਬਾਜ਼ੀਗਰ ਛੱਪਰ ਅਤੇ ਖਿੜਕਾ ਬਣਾਉਣ ਵਿੱਚ ਮੁਹਾਰਤ ਰੱਖਦਾ ਹੈ। ਛੱਪਰ ਬਣਾਉਣ ਲਈ ਸਰਕੜਾ, ਬਾਂਸ ਅਤੇ ਵਾਣ ਦਾ ਰੱਸਾ ਵਰਤਿਆ ਜਾਂਦਾ ਹੈ ਜਿਸ ਦੇ ਵਿਚਕਾਰ ਇੱਕ ਮਜ਼ਬੂਤ ਦਰਖ਼ਤ ਦਾ ਮੋਛਾ ਪਾਇਆ ਜਾਂਦਾ ਹੈ ਜਿਸ ਨੂੰ ਕਬੀਲੇ ਦੇ ਲੋਕ 'ਗੋਲ਼ਾ' ਵੀ ਕਹਿੰਦੇ ਹਨ। ਛੱਪਰ ਦੀ ਛੱਤ ਤਿਕੋਨੀ ਰੱਖੀ ਜਾਂਦੀ ਹੈ ਤਾਂ ਕਿ ਮੀਂਹ ਦਾ ਪਾਣੀ ਇਸ ਵਿੱਚ ਲੰਘ ਨਾ ਸਕੇ। ਛੱਪਰ ਦੀ ਬੁਣਤੀ ਬਹੁਤ ਸੰਘਣੀ ਅਤੇ ਪੀਡੀ ਹੁੰਦੀ ਹੈ। ਇਹ ਬੁਣਤੀ ਇੰਨੀ ਮਜ਼ਬੂਤ ਹੁੰਦੀ ਹੈ ਕਿ ਇਸਨੂੰ ਕਈ ਸਾਲ ਤੱਕ ਮੁਰੰਮਤ ਦੀ ਜ਼ਰੂਰਤ ਨਹੀਂ ਪੈਂਦੀ। ਬਾਜ਼ੀਗਰ ਕਬੀਲੇ ਦੇ ਲੋਕ ਆਪਣੀ ਛੱਪਰ ਅਤੇ ਘਰ ਦੇ ਅੱਗੇ ਆਰਜੀ ਖਿੜਕਾ ਲਾਉਂਦੇ ਨੇ। 'ਖਿੜਕਾ' ਇਕ ਕਿਸਮ ਦਾ ਆਰਜ਼ੀ ਦਰਵਾਜ਼ਾ ਹੁੰਦਾ ਹੈ ਜਿਸ ਨੂੰ ਲੋੜ ਅਨੁਸਾਰ ਖੋਲ੍ਹਿਆ ਅਤੇ ਬੰਦ ਕੀਤਾ ਜਾ ਸਕਦਾ ਹੈ। ਬਾਜ਼ੀਗਰ ਕਬੀਲੇ ਦੇ ਲੋਕ ਖਿੜਕਾ ਬਣਾਉਣ ਲਈ ਸਰਕੜੇ ਅਤੇ ਵਾਣ ਦੀਆਂ ਰੱਸੀਆਂ ਦਾ ਪ੍ਰਯੋਗ ਕਰਦੇ ਹਨ। ਇਸ ਦੀ ਬੁਣਤੀ ਪੀਡੀ ਅਤੇ ਮਜ਼ਬੂਤ ਹੁੰਦੀ ਹੈ। ਬਾਜ਼ੀਗਰ ਲੋਕ ਆਪਣੇ ਘਰ ਵਿੱਚ ਖਿੜਕੇ ਦਾ ਇਸਤੇਮਾਲ ਬਾਰਿਸ਼ ਅਤੇ ਠੰਡ ਰੋਕਣ ਲਈ ਕਰਦੇ ਹਨ। ਪਸ਼ੂਆਂ ਵਾਲੇ ਢਾਰੇ ਵਿੱਚ ਵੱਡਾ ਖਿੜਕਾ ਉਚੇਚੇ ਤੌਰ ਤੇ ਲਾਇਆ ਜਾਂਦਾ ਹੈ।

10. ਚੌਂਕਾ ਬਣਾਉਣ ਦੀ ਕਲਾ : ਬਾਜ਼ੀਗਰ ਕਬੀਲੇ ਦੀਆਂ ਔਰਤਾਂ ਕਲਾ ਕਿਰਤੀਆਂ ਵਾਲਾ ਚੌਂਕਾ ਬਣਾਉਣ ਲਈ ਜਾਣੀਆਂ ਜਾਂਦੀਆਂ ਹਨ। ਚੌਂਕਾ ਚੀਕਨੀ ਮਿੱਟੀ ਅਤੇ ਤੂੜੀ ਨੂੰ ਆਪਸ ਵਿੱਚ ਚੰਗੀ ਤਰ੍ਹਾਂ ਗੁੰਨ ਕੇ ਤਿਆਰ ਕੀਤਾ ਜਾਂਦਾ ਹੈ। ਤੂੜੀ ਚੌਂਕੇ ਨੂੰ ਪਕਿਆਈ ਤੇ ਸਥਿਰਤਾ ਪ੍ਰਦਾਨ ਕਰਦੀ ਹੈ। ਚੌਂਕਾਂ ਤਿਆਰ ਕਰਨ ਵੇਲੇ ਇਸਨੂੰ ਪਾਣੀ ਆਦਿ ਤੋਂ ਬਚਾਉਣ ਲਈ ਧਰਤੀ ਦੇ ਤਲ ਤੋਂ ਥੋੜਾ ਉੱਚਾ ਰੱਖਿਆ ਜਾਂਦਾ ਹੈ। ਚੌਂਕੇ ਦੇ ਆਲੇ ਦੁਆਲੇ ਇਕ 'ਕੰਧਨੁਮਾ' ਗਲਿਆਰਾ ਬਣਾਇਆ ਜਾਂਦਾ ਹੈ ਜਿਸਤੇ ਮੋਰ, ਕੁਕੜ, ਚਿੜੀਆਂ, ਬਿੱਲੇ ਅਤੇ ਰੁੱਖਾਂ ਦੇ ਚਿੱਤਰ ਬਣਾਏ ਜਾਂਦੇ ਹਨ। ਗਲਿਆਰੇ ਦਾ ਆਖਰੀ ਵਾਰ ਦੇਣ ਲੱਗਿਆ ਇਸ ਵਿੱਚ ਹਵਾ ਲਈ ਨਿੱਕੇ ਨਿੱਕੇ ਮਘੋਰੇ ਰੱਖ ਕੇ ਉੱਤੇ ਤਿਕੋਨੀ ਜਾਂ ਗੋਲਾਈਦਾਰ ਝਾਲਰ ਬਣਾ ਦਿੱਤੀ ਜਾਂਦੀ ਹੈ। ਚੌਂਕੇ ਦੇ ਸੁਕ ਜਾਣ ਤੇ ਇਸਨੂੰ 'ਲਾਲ ਮਿੱਟੀ' ਤੇ 'ਪਾਂਡੂ ਮਿੱਟੀ' ਨਾਲ਼ ਲਕੀਰਾਂ ਵਾਹ ਕੇ ਸਜਾਇਆ ਜਾਂਦਾ ਹੈ। ਚੌਂਕੇ ਦੀ ਦਿੱਖ ਬੜੀ ਖ਼ੂਬਸੂਰਤ ਹੁੰਦੀ ਹੈ। ਮਾਝੇ ਅਤੇ

ਮਾਲਵੇ ਵਿੱਚ ਪਿੰਡਾਂ ਦੀਆਂ ਔਰਤਾਂ ਬਾਜ਼ੀਗਰਨੀਆਂ ਤੋਂ ਆਪਣੇ ਚੌਂਕੇ ਤਿਆਰ ਕਰਵਾਉਂਦੀਆਂ ਰਹੀਆਂ ਹਨ।

11. ਤੰਦੂਰ ਅਤੇ ਝਲਾਣੀ ਬਣਾਉਣ ਦੀ ਕਲਾ : ਬਾਜ਼ੀਗਰ ਕਬੀਲੇ ਦੀਆਂ ਔਰਤਾਂ ਘਰ ਵਿਚ ਰੋਟੀ ਲਾਹੁਣ ਲਈ ਠੀਕਰ ਅਤੇ ਤੰਦੂਰ ਦੀ ਵਰਤੋਂ ਕਰਦੀਆਂ ਹਨ। ਬਾਜ਼ੀਗਰ ਔਰਤਾਂ ਚੀਕਣੀ ਮਿੱਟੀ ਅਤੇ ਤੂੜੀ ਮਿਲਾਕੇ ਬਹੁਤ ਹੀ ਪੱਕੇ ਅਤੇ ਖ਼ੂਬਸੂਰਤ ਤੰਦੂਰ ਤਿਆਰ ਕਰਦੀਆਂ ਹਨ। ਤੰਦੂਰ ਹੇਠੋਂ ਖੁੱਲ੍ਹਾ ਅਤੇ ਉਪਰੋਂ ਥੋੜ੍ਹਾ ਤੰਗ ਹੁੰਦਾ ਹੈ। ਇਸ ਵਿੱਚ ਮਿੱਟੀ ਦੀ ਤਲੀ ਬਹੁਤ ਹੀ ਸਫ਼ਾਈ ਨਾਲ ਫੇਰੀ ਜਾਂਦੀ ਹੈ। ਇਸ ਦਾ ਅੰਦਰਲਾ ਤਲ ਚੀਕਣੀਂ ਮਿੱਟੀ ਨਾਲ ਬਣਾਇਆ ਹੋਣ ਕਰਕੇ ਖੁਰਦਰਾ ਅਤੇ ਮਜ਼ਬੂਤ ਹੁੰਦਾ ਹੈ। ਤੰਦੂਰ ਨੂੰ ਇਕ ਵਾਰ ਤਾਅ ਦੇਣ ਤੋਂ ਬਾਅਦ ਇਸ ਵਿੱਚ ਡੇਰੇ ਦੇ ਕਈ ਘਰਾਂ ਦੀ ਰੋਟੀ ਪੱਕ ਜਾਂਦੀ ਹੈ। ਬਾਜ਼ੀਗਰ ਕਬੀਲੇ ਦੇ ਲੋਕ ਨਵਾਂ ਤੰਦੂਰ ਸ਼ੁਰੂ ਕਰਨ ਤੋਂ ਪਹਿਲਾਂ ਇਸ ਵਿੱਚ ਜ਼ੋਰ ਨਾਲ ਹਰਾ ਘਾਹ ਜਾਂ ਬਰਸੀਮ ਰਗੜਦੇ ਹਨ। ਅਜਿਹਾ ਤੰਦੂਰ ਦੇ ਤਲ ਨੂੰ ਥੋੜ੍ਹਾ ਸਾਫ਼ ਅਤੇ ਢੁਕਵਾਂ ਬਣਾਉਣ ਲਈ ਕੀਤਾ ਜਾਂਦਾ ਹੈ। ਬਾਜ਼ੀਗਰ ਕਬੀਲੇ ਦੇ ਬਹੁਤੇ ਲੋਕ ਅੱਜ ਵੀ ਆਪਣੀ ਰੋਟੀ ਤੰਦੂਰ ਤੇ ਹੀ ਲਾਹੁੰਦੇ ਹਨ। ਝਲਾਣੀ ਇੱਕ ਪ੍ਰਕਾਰ ਦਾ ਚੱਕਵਾਂ ਚੁਲ੍ਹਾ ਹੁੰਦਾ ਹੈ ਜਿਸ ਨੂੰ ਲੋੜ ਅਨੁਸਾਰ ਘਰ ਦੇ ਬਾਹਰ ਅਤੇ ਅੰਦਰ ਲਿਜਾਇਆ ਜਾ ਸਕਦਾ ਹੈ। ਝਲਾਣੀ ਦਾ ਮੂੰਹ ਖੁੱਲ੍ਹਾ ਹੁੰਦਾ ਹੈ ਤੇ ਇਸ ਦੀ ਸਿਖ਼ਰ ਤੇ ਕੋਈ ਬਰਤਨ ਟਿਕਾਉਣ ਲਈ ਤਿੰਨ ਨਿੱਕੀਆਂ ਨਿੱਕੀਆਂ ਚੋਟੀਆਂ ਰੱਖੀਆਂ ਜਾਂਦੀਆਂ ਹਨ। ਬਾਜ਼ੀਗਰ ਕਬੀਲੇ ਵਿੱਚ ਮੀਂਹ ਕਣੀ ਦੇ ਦਿਨਾਂ ਵਿੱਚ ਖਾਣਾ ਬਣਾਉਣ ਲਈ ਖ਼ਾਸ ਕਰਕੇ ਝਲਾਣੀ ਦਾ ਇਸਤੇਮਾਲ ਕੀਤਾ ਜਾਂਦਾ ਹੈ।

12. ਠੀਕਰ ਬਣਾਉਣ ਦੀ ਕਲਾ : ਬਾਜ਼ੀਗਰ ਲੋਕ ਠੀਕਰ ਬਣਾਉਣ ਦੀ ਕਲਾ ਦੇਮਾਹਿਰ ਹਨ। ਕਬੀਲੇ ਦੇ ਲੋਕ ਆਪਣੀ ਬਾਟੀ (ਰੋਟੀ) ਉਤਾਰਨ ਲਈ 'ਠੀਕਰ' ਦਾ ਇਸਤੇਮਾਲ ਕਰਦੇ ਹਨ। ਇਸ ਨੂੰ ਠੀਕਰੀ ਵੀ ਆਖਿਆ ਜਾਂਦਾ ਹੈ। ਠੀਕਰ ਕੋਰੇ ਘੱੜੇ ਦੇ ਥੱਲੇ ਤੋਂ ਤਿਆਰ ਕੀਤਾ ਜਾਂਦਾ ਹੈ। ਇਸ ਦਾ ਉਪਰਲਾ ਹਿੱਸਾ ਵਿਧੀਵਤ ਢੰਗ ਨਾਲ ਟੱਕ ਕੇ ਉਤਾਰ ਦਿੱਤਾ ਜਾਂਦਾ ਹੈ। ਆਜ਼ਾਦੀ ਤੋਂ ਪਹਿਲਾਂ ਕਬੀਲੇ ਦੇ ਹਰ ਘਰ ਵਿਚ ਬਾਟੀ ਠੀਕਰ ਤੇ ਉਤਾਰੀ ਜਾਂਦੀ ਸੀ। ਹੁਣ ਕਬੀਲਾ ਇਸ ਦਾ ਇਸਤੇਮਾਲ ਕੇਵਲ ਨਿਰਜਲਾ ਏਕਾਦਸ਼ੀ ਵਾਲੇ ਦਿਨ ਵਰਤ ਖੋਲ੍ਹਣ ਵੇਲੇ ਹੀ ਕਰਦਾ ਹੈ।

13. ਛੱਕੂ ਬਣਾਉਣ ਦੀ ਕਲਾ : ਬਾਜ਼ੀਗਰ ਕਬੀਲੇ ਵਿੱਚ ਛੱਕੂ ਨੂੰ 'ਚੰਗੇਰ' ਵੀ ਕਿਹਾ ਜਾਂਦਾ ਹੈ। ਬਾਜ਼ੀਗਰ ਕਬੀਲੇ ਦੇ ਲੋਕ ਛੱਕੂ ਨੂੰ ਰੋਟੀਆਂ ਸੰਭਾਲਣ ਲਈ ਵਰਤਦੇ ਹਨ। ਛੱਕੂ ਦਾ ਆਕਾਰ ਸਵਾ ਕੁ ਫੁੱਟ ਚੌੜਾ ਹੁੰਦਾ ਹੈ ਅਤੇ ਇਹ ਇੱਕ ਪਟਾਰੀਨੁਮਾ ਛਾਬਾ ਹੁੰਦਾ ਹੈ। ਬਾਜ਼ੀਗਰ ਕਬੀਲੇ ਦੇ ਲੋਕ ਛੱਕੂ ਵਿੱਚ ਰੋਟੀਆਂ ਸਾਂਭਕੇ ਇਸਤੇ ਪਰਾਤ ਮੂਧੀ ਮਾਰ ਦਿੰਦੇ ਹਨ ਜਿਸ ਨਾਲ ਕਿ ਰੋਟੀਆਂ ਖ਼ਰਾਬ ਨਹੀਂ ਹੁੰਦੀਆਂ। ਛੱਕੂ ਅਤੇ ਪਰਾਤ ਦੀ ਪਕੜ ਏਨੀ ਪੀਡੀ ਹੁੰਦੀ ਹੈ ਕਿ ਇਸ ਵਿੱਚ ਕੋਈ

ਕੀੜਾ ਮਕੌੜਾ ਦਾਖਲ ਨਹੀਂ ਹੋ ਸਕਦਾ। ਬਾਜ਼ੀਗਰ ਕਬੀਲੇ ਦੇ ਲੋਕ ਛੱਕੂ ਸਰਕੜੇ ਅਤੇ ਖਜੂਰ ਦੇ ਪੱਤਿਆਂ ਤੋਂ ਤਿਆਰ ਕਰਦੇ ਹਨ। ਛੱਕੂ ਸਰਕੜੇ ਨੂੰ ਖਜੂਰ ਦੇ ਪੱਤਿਆਂ ਵਿੱਚ ਸੂਈ ਨਾਲ ਗੁੰਦਕੇ ਤਿਆਰ ਕੀਤਾ ਜਾਂਦਾ ਹੈ। ਇਸ ਨੂੰ ਵਧੀਆ ਅਤੇ ਸੁੰਦਰ ਦਿੱਖ ਦੇਣ ਲਈ ਖੱਜੂਰ ਦੇ ਪੱਤਿਆਂ ਨੂੰ ਵੱਖ-ਵੱਖ ਰੰਗਾਂ ਵਿਚ ਰੰਗਕੇ ਇਸਤੇਮਾਲ ਕੀਤਾ ਜਾਂਦਾ ਹੈ।

14. ਮੂੜੇ ਬਣਾਉਣ ਦੀ ਕਲਾ : ਬਾਜ਼ੀਗਰ ਕਬੀਲੇ ਦੇ ਲੋਕ ਬੈਠਣ ਲਈ ਮੂੜ੍ਹੇ ਤਿਆਰ ਕਰਦੇ ਹਨ। ਮੂੜੇ ਬਣਾਉਣ ਲਈ ਪਰਾਲੀ ਸਰਕੜਾ ਅਤੇ ਵਾਣ ਦੀ ਵਰਤੋਂ ਕੀਤੀ ਜਾਂਦੀ ਹੈ। ਬਾਜ਼ੀਗਰ ਕਬੀਲੇ ਦੇ ਲੋਕ ਪਰਾਲੀ ਅਤੇ ਸਰਕੜੇ ਨੂੰ ਪਾਣੀ ਵਿੱਚ ਭਿਉਂ ਕੇ ਇਨ੍ਹਾਂ ਨੂੰ ਸੁੱਬ ਵਾਂਗ ਵੱਟਕੇ ਮੂੜਿਆਂ ਅਤੇ ਚਟਾਈਆਂ ਦੀ ਤਰਤੀਬ ਦਿੰਦੇ ਹਨ। ਮੂੜਿਆਂ ਅਤੇ ਚਟਾਈਆਂ ਨੂੰ ਚਿਰਸਥਾਈ ਰੂਪ ਦੇਣ ਲਈ ਵਾਣ ਦਾ ਇਸਤੇਮਾਲ ਕੀਤਾ ਜਾਂਦਾ ਹੈ। ਮੂੜੇ ਅਤੇ ਚਟਾਇਆਂ ਬਾਜ਼ੀਗਰ ਕਬੀਲੇ ਦੇ ਲੋਕਾਂ ਦੇ ਜੀਵਨ ਦਾ ਜ਼ਰੂਰੀ ਹਿੱਸਾ ਹਨ। ਮੂੜਿਆਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਲੈ ਕੇ ਜਾਣਾ ਬਹੁਤ ਆਸਾਨ ਹੁੰਦਾ ਹੈ।

15. ਟੋਕਰੇ ਟੋਕਰੀਆਂ ਬਣਾਉਣ ਦੀ ਕਲਾ : ਬਾਜ਼ੀਗਰ ਕਬੀਲੇ ਦੇ ਲੋਕ ਆਪਣੇ ਪਸ਼ੂਆਂ ਨੂੰ ਚਾਰਾ ਦੇਣ ਲਈ ਟੋਕਰੇ ਦਾ ਇਸਤੇਮਾਲ ਕਰਦੇ ਹਨ ਅਤੇ ਘਰ ਵਿੱਚ ਨਿਕਸੁੱਕ ਰੱਖਣ ਲਈ ਟੋਕਰੀਆਂ ਦੀ ਵਰਤੋਂ ਕਰਦੇ ਹਨ। ਬਾਜ਼ੀਗਰ ਕਬੀਲੇ ਦੇ ਲੋਕ ਟੋਕਰੇ ਟੋਕਰੀਆਂ ਤੂਤ ਦੀਆਂ ਹਰੀਆਂ ਅਤੇ ਕੋਮਲ ਛਟੀਆਂ ਤੋਂ ਤਿਆਰ ਕਰਦੇ ਹਨ। ਬਾਜ਼ੀਗਰ ਕਬੀਲੇ ਦੇ ਲੋਕ ਤੂਤ ਦੀਆਂ ਬਾਰੀਕ ਛਟੀਆਂ ਦਾ ਮੁੱਢ ਬੰਨ੍ਹਕੇ ਗੋਲਾਈ ਵਿਚ ਤਰਤੀਬ ਦੇ ਕੇ ਟੋਕਰਾ ਤਿਆਰ ਕਰਦੇ ਹਨ। ਟੋਕਰਾ ਬੁਣਨ ਵੇਲੇ ਹੇਠਾਂ ਪਤਲੀਆਂ ਅਤੇ ਉੱਪਰ ਵੱਡੀਆਂ ਛਮਕਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਟੋਕਰੇ ਦੀ ਬੁਣਤੀ ਬੜੇ ਕਲਾ ਕੌਸ਼ਲ ਨਾਲ ਕੀਤੀ ਜਾਂਦੀ ਹੈ। ਟੋਕਰਾ ਬਣਾਉਣ ਵੇ ਲੇ ਇਸ ਦੀ ਬਾਹਰੀ ਦਿੱਖ ਦਾ ਖ਼ਾਸ ਖਿਆਲ ਰੱਖਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਦੇ ਲੋਕ ਆਪਣੇ ਜੀਵਨ ਨਿਰਬਾਹ ਲਈ ਟੋਕਰੇ ਟੋਕਰੀਆਂ ਬਣਾ ਕੇ ਵੇਚਦੇ ਵੀ ਹਨ। ਤੂਤ ਦੀਆਂ ਛਟੀਆਂ ਦੁਆਰਾ ਤਿਆਰ ਕੀਤੇ ਇਹ ਟੋਕਰੇ ਟੋਕਰੀਆਂ ਚਿਰਸਥਾਈ ਅਤੇ ਮਜ਼ਬੂਤ ਹੁੰਦੇ ਹਨ।

16. ਧਲਿਆਰੇ ਬਣਾਉਣ ਦੀ ਕਲਾ : ਬਾਜ਼ੀਗਰ ਕਬੀਲੇ ਦੇ ਲੋਕ ਪਸ਼ੂਆਂ ਲਈ ਧਲਿਆਰੇ ਅਤੇ ਗਾਨੀਆਂ ਬਣਾਉਣ ਦੀ ਮੁਹਾਰਤ ਰੱਖਦੇ ਹਨ। ਬਾਜ਼ੀਗਰ ਕਬੀਲੇ ਦੇ ਲੋਕ ਰੰਗ ਬਰੰਗੀਆਂ ਰੱਸੀਆਂ ਤੋਂ ਪਸ਼ੂਆਂ ਲਈ ਧਲਿਆਰੇ ਤਿਆਰ ਕਰਦੇ ਹਨ। ਧਲਿਆਰੇ ਦਾ ਆਧਾਰ ਵਿਸ਼ੇਸ਼ ਰੂਪ ਨਾਲ ਦਿੱਤੀਆਂ ਗੰਢਾਂ ਹੁੰਦਾ ਹੈ। ਇਨ੍ਹਾਂ ਗੰਢਾਂ ਦੀ ਪਕੜ ਏਨੀ ਪੀਡੀ ਹੁੰਦੀ ਹੈ ਕਿ ਇਹ ਆਸਾਨੀ ਨਾਲ ਖਿਸਕ ਨਹੀਂ ਸਕਦੀਆਂ। ਬਾਜ਼ੀਗਰ ਕਬੀਲੇ ਦੇ ਲੋਕ ਜ਼ਿਆਦਾਤਰ ਅੱਖੜ ਪਸ਼ੂਆਂ ਨੂੰ ਕਾਬੂ ਕਰਨ ਲਈ ਧਲਿਆਰੇ ਇਸਤੇਮਾਲ ਕਰਦੇ ਹਨ। ਇਸ ਤੋਂ ਇਲਾਵਾ ਬਾਜ਼ੀਗਰ ਕਬੀਲੇ ਦੇ

ਲੋਕ ਪੱਖੇ ਪੱਖੀਆਂ, ਕੱਟੇ ਕੱਟੀਆਂ ਲਈ ਛਿਕਲੀਆਂ ਅਤੇ ਮੰਜੇ ਮੰਜੀਆਂ ਬੁਣਨ ਵਿੱਚ ਵੀ ਮੁਹਾਰਤ ਰੱਖਦੇ ਹਨ।

17. ਖੁਰਾ ਲੱਭਣ ਦੀ ਕਲਾ : ਬਾਜ਼ੀਗਰ ਕਬੀਲੇ ਦੇ ਲੋਕ ਗੁਆਚੇ ਹੋਏ ਪਸ਼ੂ ਦੀ ਪੈੜ੍ਹ ਲੱਭਣ ਲਈ ਜਾਣੇ ਜਾਂਦੇ ਹਨ। ਆਦਿ ਕਾਲ ਤੋਂ ਹੀ ਪਸ਼ੂ ਪਾਲਕ ਹੋਣ ਕਰਕੇ ਬਾਜ਼ੀਗਰ ਪਸ਼ੂਆਂ ਦਾ ਖੁਰਾ ਲੱਭਣ ਦੀ ਮੁਹਾਰਤ ਰੱਖਦੇ ਹਨ। ਇਹ ਲੋਕ ਗੁਆਚੇ ਹੋਏ ਪਸ਼ੂ ਦੀ ਪੈੜ ਵੇਖ ਕੇ ਉਸ ਨਾਲ ਸਬੰਧਤ ਦਿਸ਼ਾ ਦਾ ਅੰਦਾਜ਼ਾ ਲਾ ਲੈਂਦੇ ਹਨ। ਇਸ ਲਈ ਪਿੰਡਾਂ ਵਿਚ ਕੋਈ ਵੀ ਪਸ਼ੂ ਗੁਆਚ ਜਾਣ ਦੀ ਸੂਰਤ ਵਿਚ ਲੋਕ ਬਾਜ਼ੀਗਰ ਕਬੀਲੇ ਦੇ ਲੋਕਾਂ ਕੋਲ ਮੱਦਦ ਲਈ ਆਉਂਦੇ ਹਨ। ਇਸ ਤਰ੍ਹਾਂ ਬਾਜ਼ੀਗਰ ਕਬੀਲੇ ਦੀ ਆਦਿ ਕਾਲ ਤੋਂ ਇਨ੍ਹਾਂ ਲੋਕ ਕਲਾਵਾਂ ਵਿਚ ਰੁਚੀ ਕਬੀਲੇ ਅੰਦਰਲੇ ਸੁਹਜ ਅਤੇ ਸੂਖਮਤਾ ਨੂੰ ਉਭਾਰਦੀ ਹੈ। ਰੋਪੜ ਅਤੇ ਉੱਚਾ ਪਿੰਡ 'ਸੰਘੋਲ' ਦੀ ਖੁਦਾਈ ਤੋਂ ਪ੍ਰਾਪਤ ਹੜੱਪਾ ਕਾਲ ਦੇ ਬਰਤਨ ਅਤੇ ਕਲਾ ਕਿਰਤਾਂ ਕਬੀਲੇ ਦੀ ਕਲਾ ਕੌਸ਼ਲ ਦੀ ਸ਼ਾਹਦੀ ਭਰਦੀਆਂ ਪ੍ਰਤੀਤ ਹੁੰਦੀਆਂ ਹਨ।

ਹਵਾਲੇ

1. ਗੁਲਜ਼ਾਰ ਸਿੰਘ ਕੰਗ, ਪੰਜਾਬੀ ਲੋਕਯਾਨ ਦੀ ਰੂਪ ਰੇਖਾ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1990, ਪੰਨਾ 93.
2. ਡਾ. ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵਕੋਸ਼ (ਜਿਲਦ-8), ਨੈਸ਼ਨਲ ਬੁੱਕ ਸ਼ਾਪ ਦਿੱਲੀ, 1995, ਪੰਨਾ 2048.

ਬਾਜ਼ੀਗਰ ਕਬੀਲੇ ਦੀ ਲੋਕ-ਚਕਿਤਸਾ

ਬਾਜ਼ੀਗਰ ਕਬੀਲਾ ਆਦਿ ਕਾਲ ਤੋਂ ਹੀ ਆਪਣੇ ਟੱਪਰੀਵਾਸ ਜੀਵਨ ਦੌਰਾਨ ਕਬੀਲਾ ਲੋਕ ਚਕਿਤਸਾ ਤੇ ਨਿਰਭਰ ਕਰਦਾ ਆਇਆ ਹੈ। ਬਾਜ਼ੀਗਰ ਲੋਕ ਚਕਿਤਸਾ ਦਾ ਮੁੱਢ ਬਾਜ਼ੀਗਰ ਕਬੀਲੇ ਦੇ ਲੋਕਾਂ ਦੇ ਲੰਬੇ ਜੀਵਨ ਅਨੁਭਵ ਅਤੇ ਤਜ਼ਰਬੇ ਚੋਂ ਬੱਝਦਾ ਹੈ। ਬਾਜ਼ੀਗਰ ਕਬੀਲੇ ਦੇ ਲੋਕ ਆਪਣੇ ਜੰਗਲੀ ਜੀਵਨ ਦੌਰਾਨ ਕਈ ਤਰ੍ਹਾਂ ਦੇ ਸਰੀਰਕ ਅਤੇ ਮਾਨਸਿਕ ਸੰਕਟਾਂ ਚੋਂ ਗੁਜ਼ਰਦੇ ਰਹੇ ਹਨ। ਇਸ ਤਰ੍ਹਾਂ ਦੇ ਸੰਕਟਾਂ ਤੇ ਦੁਸ਼ਵਾਰੀਆਂ ਨੇ ਕਬੀਲੇ ਦੀ ਮਾਨਸਿਕਤਾ ਤੇ ਆਪਣਾ ਗਹਿਰਾ ਪ੍ਰਭਾਵ ਪਾਇਆ ਹੈ। ਬਾਜ਼ੀਗਰ ਕਬੀਲੇ ਦੇ ਲੋਕ ਆਪਣੇ ਸਰੀਰਕ ਅਤੇ ਮਾਨਸਿਕ ਕਸ਼ਟਾਂ ਦਾ ਇਲਾਜ ਆਪਣੇ ਪੁਰਖ਼ਿਆਂ ਦੁਆਰਾ ਈਜਾਦ ਕੀਤੀਆਂ ਪਧਤੀਆਂ ਦੁਆਰਾ ਕਰਦੇ ਆਏ ਹਨ। ਬਾਜ਼ੀਗਰ ਕਬੀਲੇ ਵਿਚ ਸਰੀਰਕ ਅਤੇ ਮਾਨਸਿਕ ਬਿਮਾਰੀਆਂ ਦੀਆਂ ਵੱਖ-ਵੱਖ ਇਲਾਜ ਵਿਧੀਆਂ ਪ੍ਰਚਲਿਤ ਹਨ। ਕਬੀਲੇ ਦੀਆਂ ਇਨ੍ਹਾਂ ਇਲਾਜ ਵਿਧੀਆਂ ਦਾ ਆਧਾਰ ਕਬੀਲੇ ਦੇ ਲੋਕ ਵਿਸ਼ਵਾਸ ਹਨ। ਬਾਜ਼ੀਗਰ ਕਬੀਲੇ ਦਾ ਜਨ ਸਮੂਹ ਪੀੜ੍ਹੀ ਦਰ ਪੀੜ੍ਹੀ ਇਨ੍ਹਾਂ ਇਲਾਜ ਪ੍ਰਣਾਲੀਆਂ ਵਿਚ ਆਪਣਾ ਵਿਸ਼ਵਾਸ ਪ੍ਰਗਟ ਕਰਦਾ ਆਇਆ ਹੈ। ਬਾਜ਼ੀਗਰ ਕਬੀਲੇ ਵਿਚ ਮੁੱਖ ਤੌਰ ਤੇ ਹੇਠ ਲਿਖੀਆਂ ਇਲਾਜ ਵਿਧੀਆਂ ਪ੍ਰਚਲਿਤ ਹਨ :

1. ਟੂਣੇ ਟਾਮਣਾਂ ਦੁਆਰਾ ਇਲਾਜ
2. ਜੰਤਰ ਮੰਤਰਾਂ ਦੁਆਰਾ ਇਲਾਜ
3. ਜੜ੍ਹੀਆਂ ਬੂਟੀਆਂ ਰਾਹੀਂ ਇਲਾਜ
4. ਅਰਪਣ ਵਿਧੀ ਰਾਹੀਂ ਇਲਾਜ
5. ਸੁੱਖਾਂ ਰਾਹੀਂ ਇਲਾਜ
6. ਖੇਲ੍ਹ ਕ੍ਰਿਆ ਰਾਹੀਂ ਇਲਾਜ

1. ਟੂਣੇ ਟਾਮਣਾਂ ਦੁਆਰਾ ਇਲਾਜ : ਬਾਜ਼ੀਗਰ ਕਬੀਲਾ ਆਦਿ ਕਾਲ ਤੋਂ ਹੀ ਟੂਣੇ ਟਾਮਣਾਂ ਵਿੱਚ ਵਿਸ਼ਵਾਸ ਕਰਦਾ ਆਇਆ ਹੈ। ਬਾਜ਼ੀਗਰ ਕਬੀਲਾ ਟੂਣੇ ਟਾਮਣਾਂ ਪ੍ਰਤੀ ਪੂਰਾ ਅੰਧ ਵਿਸ਼ਵਾਸੀ ਹੈ। ਬਾਜ਼ੀਗਰ ਕਬੀਲੇ ਦੇ ਲੋਕ ਟੂਣੇ ਟਾਮਣਾਂ ਨੂੰ ਕਿਸੇ ਗ਼ੈਬੀ ਸ਼ਕਤੀ ਨਾਲ ਜੋੜਕੇ ਵੇਖਦੇ ਹਨ। ਬਾਜ਼ੀਗਰ ਕਬੀਲੇ ਵਿੱਚ ਸਕਾਰਾਤਮਕ ਅਤੇ ਨਕਾਰਾਤਮਕ ਦੋ ਕਿਸਮ ਦਾ ਟੂਣਾ ਪ੍ਰਚਲਿਤ ਹੈ। ਸਾਕਾਰਾਤਮਕ ਕਿਸਮ ਦਾ ਟੂਣਾ ਕੇਵਲ ਆਪਣੇ ਇਲਾਜ ਅਤੇ ਭਲਾਈ ਲਈ ਕੀਤਾ ਜਾਂਦਾ ਹੈ ਜਦਕਿ ਨਾਕਾਰਾਤਮਕ ਟੂਣਾ ਆਪਣੀ ਭਲਾਈ ਅਤੇ ਦੂਜੇ ਦੇ ਨੁਕਸਾਨ ਲਈ ਕੀਤਾ ਜਾਂਦਾ ਹੈ। ਬਾਜ਼ੀਗਰ ਕਬੀਲੇ ਦੇ ਲੋਕ ਆਮ ਤੌਰ ਤੇ ਟੂਣੇ ਨੂੰ ਨੀਵੀਂ ਦ੍ਰਿਸ਼ਟੀ ਤੋਂ ਦੇਖਦੇ ਹਨ। ਇਸ ਤਰ੍ਹਾਂ

ਪੀੜ੍ਹੀ ਦਰ ਪੀੜ੍ਹੀ ਪ੍ਰਚਲਿਤ ਵਿਸ਼ਵਾਸ ਅਨੁਸਾਰ ਬਾਜ਼ੀਗਰ ਕਬੀਲੇ ਵਿੱਚ ਟੂਣੇ ਟਾਮਣ ਚੋਰੀ ਚੋਰੀ ਰਾਤ ਦੇ ਹਨੇਰੇ ਜਾਂ ਮੂੰਹ ਹਨੇਰੇ ਵਿਚ ਕੀਤੇ ਜਾਂਦੇ ਹਨ। ਟੂਣੇ ਦੀ ਸਮੱਗਰੀ ਵਿੱਚ ਕਾਲ਼ੀ ਮੁਰਗੀ, ਮਾਂਹ ਦੀ ਦਾਲ, ਕਾਲਾ ਕੱਪੜਾ, ਲਾਲ ਕੱਪੜਾ, ਸੰਧੂਰ, ਕੱਟੇ ਹੋਏ ਵਾਲ, ਲਾਲ ਚੂੜ੍ਹੀਆਂ, ਨਾਰੀਅਲ, ਦੀਵਾ, ਲੱਕੜ ਦਾ ਗੁੱਡਾ, ਗੁੱਡੀ ਅਤੇ ਮੁਰਗੇ ਮੁਰਗੀ ਦੇ ਅੰਗ ਵਰਤੇ ਜਾਂਦੇ ਹਨ। ਬਾਜ਼ੀਗਰ ਕਬੀਲਾ ਸਮੂਹਿਕ ਤੌਰ ਤੇ ਟੂਣੇ ਨੂੰ ਅਸ਼ੁੱਭ ਮੰਨਦਾ ਹੈ।

2. **ਜੰਤਰਾਂ ਮੰਤਰਾਂ ਦੁਆਰਾ ਇਲਾਜ :** ਬਾਜ਼ੀਗਰ ਕਬੀਲਾ ਜੰਤਰਾ ਮੰਤਰਾਂ ਅਤੇ ਰਿਧੀਆਂ ਸਿੱਧੀਆਂ ਵਿੱਚ ਸਦੀਆਂ ਤੋਂ ਵਿਸ਼ਵਾਸ ਕਰਦਾ ਆਇਆ ਹੈ। ਬਾਜ਼ੀਗਰ ਕਬੀਲੇ ਦੇ ਸਾਧੂ ਸੰਤ ਅਤੇ ਛੜੀਏ ਆਪਣੇ ਸਵਾਲੀਆਂ ਦਾ ਜੰਤਰਾਂ ਮੰਤਰਾਂ ਅਤੇ ਰਿੱਧੀਆਂ ਸਿੱਧੀਆਂ ਦੁਆਰਾ ਇਲਾਜ ਕਰਦੇ ਹਨ। ਇਹ ਜੰਤਰ ਮੰਤਰ ਕਿਸੇ ਕਾਗਜ਼ ਤੇ ਉੱਕਰੇ ਹੋਏ ਪੁੱਠੇ ਸਿੱਧੇ ਅੱਖਰ ਹੁੰਦੇ ਹਨ ਜਿਨ੍ਹਾਂ ਨੂੰ ਚਾਂਦੀ ਵਿੱਚ ਮੜ੍ਹ ਕੇ ਗਲ ਵਿਚ ਪਾਇਆ ਜਾਂਦਾ ਹੈ ਜਾਂ ਫਿਰ ਪਾਣੀ ਜਾਂ ਕਿਸੇ ਹੋਰ ਤਰਲ ਵਸਤੂ ਵਿਚ ਘੋਲ ਕੇ ਮਰੀਜ਼ ਨੂੰ ਪਿਆਏ ਜਾਂਦੇ ਹਨ। ਇਹ ਜੰਤਰ ਮੰਤਰ ਧਾਗੇ ਤਵੀਤਾਂ ਵਿਚ ਮੜ੍ਹਕੇ ਮਰੀਜ਼ਾਂ ਦੀ ਕਲਾਈ, ਬਾਂਹ, ਗਿੱਟੇ ਅਤੇ ਗਲ ਵਿੱਚ ਪਾਏ ਜਾਂਦੇ ਹਨ। ਬਾਜ਼ੀਗਰ ਕਬੀਲੇ ਦੇ ਲੋਕ ਵਿਸ਼ਵਾਸ ਕਰਦੇ ਹਨ ਕਿ ਇਨ੍ਹਾਂ ਜੰਤਰ ਮੰਤਰਾਂ ਦੇ ਅਸਰ ਦੀ ਇਕ ਖਾਸ ਅਵਧੀ ਅਤੇ ਸੀਮਾ ਹੁੰਦੀ ਹੈ ਜਿਸ ਤੋਂ ਬਾਅਦ ਇਹ ਬੇਅਸਰ ਹੋ ਜਾਂਦੇ ਹਨ। ਇਹ ਸੀਮਾ ਸੱਤ ਦਿਨ, ਸਵਾ ਮਹੀਨਾ, ਸੱਤ ਮਹੀਨੇ ਜਾਂ ਸਵਾ ਸਾਲ ਤੱਕ ਹੋ ਸਕਦੀ ਹੈ।

3. **ਜੜ੍ਹੀਆਂ ਬੂਟੀਆਂ ਰਾਹੀਂ ਇਲਾਜ :** ਬਾਜ਼ੀਗਰ ਕਬੀਲਾ ਆਪਣੇ ਜੰਗਲੀ ਜੀਵਨ ਦੌਰਾਨ ਕਈ ਕਈ ਤਰ੍ਹਾਂ ਦੀਆਂ ਜੰਗਲੀ ਜੜ੍ਹੀਆਂ ਬੂਟੀਆਂ ਦੁਆਰਾ ਆਪਣਾ ਇਲਾਜ ਕਰਦਾ ਆਇਆ ਹੈ। ਬਾਜ਼ੀਗਰ ਕਬੀਲੇ ਦੇ ਲੋਕ ਚਮੜੀ ਦਾ ਕੋਈ ਵੀ ਰੋਗ ਹੋਣ ਤੇ ਇਨ੍ਹਾਂ ਜੜ੍ਹੀਆਂ ਬੂਟੀਆਂ ਨੂੰ ਰਗੜ ਕੇ ਸਰੀਰ ਦੇ ਪੀੜਤ ਹਿੱਸੇ ਤੇ ਲੇਪ ਕਰਦੇ ਹਨ ਜਾਂ ਮਾਲਿਸ਼ ਕਰਦੇ ਹਨ। ਬਾਜ਼ੀਗਰ ਕਬੀਲੇ ਦੀ ਇਨ੍ਹਾਂ ਜੜ੍ਹੀਆਂ ਬੂਟੀਆਂ ਵਿੱਚ ਪੀੜ੍ਹੀ ਦਰ ਪੀੜ੍ਹੀ ਗਹਿਰੀ ਆਸਥਾ ਚਲੀ ਆਉਂਦੀ ਹੈ। ਕਬੀਲੇ ਦੇ ਲੋਕ ਸਰੀਰ ਦੀਆਂ ਅੰਦਰੂਨੀ ਬਿਮਾਰੀਆਂ ਲਈ ਜੜ੍ਹੀਆਂ ਬੂਟੀਆਂ ਦੇ ਕਾੜ੍ਹੇ ਦਾ ਇਸਤੇਮਾਲ ਕਰਦੇ ਹਨ। ਇਹ ਕਾੜ੍ਹਾ ਕਈ ਪ੍ਰਕਾਰ ਦੀਆਂ ਜੜ੍ਹੀਆਂ ਬੂਟੀਆਂ ਨੂੰ ਮਿਲਾ ਕੇ ਚੰਗੀ ਤਰ੍ਹਾਂ ਉਬਾਲ ਕੇ ਤਿਆਰ ਕੀਤਾ ਜਾਂਦਾ ਹੈ। ਇਨ੍ਹਾਂ ਕਾੜ੍ਹਿਆਂ ਵਿੱਚ ਵੱਡੀ ਇਲੈਚੀ, ਬਨਫ਼ਸ਼ਾ, ਮਲੱਠੀ, ਅਜਵੈਣ, ਸੋਫ਼, ਮੁਨੱਕਾ, ਖੋਪਾ, ਤਿਲ, ਕੌੜਤੂੰਬਾ, ਮਗਜ਼, ਖ਼ਸਖਸ, ਕਾਲ਼ੀ ਮਿਰਚ, ਹਰੜ, ਹਿੰਗ ਅਤੇ ਕਈ ਪ੍ਰਕਾਰ ਦੀਆਂ ਦੇਸੀ ਦਾਵਈਆਂ ਵਰਤੀਆਂ ਜਾਂਦੀਆਂ ਹਨ। ਆਦਿ ਵਰਤੇ ਜਾਂਦੇ ਹਨ। ਬਾਜ਼ੀਗਰ ਕਬੀਲੇ ਵਿੱਚ ਬੱਚਿਆਂ ਅਤੇ ਗਰਭਵਤੀ ਔਰਤ ਦਾ ਇਲਾਜ ਜ਼ਿਆਦਾਤਰ ਕਬੀਲਾ ਔਸ਼ਧੀਆਂ ਦੁਆਰਾ ਹੀ ਕੀਤਾ ਜਾਂਦਾ ਹੈ।

4. **ਅਰਪਣ ਵਿਧੀ ਰਾਹੀਂ ਇਲਾਜ :** ਬਾਜ਼ੀਗਰ ਕਬੀਲੇ ਵਿੱਚ ਅਰਪਣ

ਵਿਧੀ ਰਾਹੀਂ ਇਲਾਜ ਸਦੀਆਂ ਤੋਂ ਚਲਦਾ ਆ ਰਿਹਾ ਹੈ। ਇਸ ਵਿਧੀ ਨਾਲ ਸਬੰਧਤ ਕਬੀਲੇ ਵਿੱਚ ਇਕ ਰਵਾਇਤ ਪ੍ਰਚਲਿਤ ਹੈ। ਇਸ ਰਵਾਇਤ ਅਨੁਸਾਰ ਜੇ ਕਰ ਕਬੀਲੇ ਵਿਚ ਕਿਸੇ ਔਰਤ ਦੇ ਔਲਾਦ ਨਾ ਹੁੰਦੀ ਹੋਵੇ ਜਾਂ ਫਿਰ ਬੱਚਾ ਹੁੰਦਿਆਂ ਹੀ ਮਰ ਜਾਂਦਾ ਹੋਵੇ ਤਾਂ ਕਬੀਲੇ ਦੇ ਸੰਤਾਂ ਫ਼ਕੀਰਾਂ ਦੇ ਦੱਸੇ ਅਨੁਸਾਰ ਹੋਣ ਵਾਲਾ ਕਲਪਿਤ ਬੱਚਾ ਸ਼ਰਧਾ ਅਨੁਸਾਰ ਕਿਸੇ ਦੇਵੀ ਦੇਵਤੇ ਦੇ ਦੁਆ ਕਰਕੇ ਅਰਪ ਦਿੱਤਾ ਜਾਂਦਾ ਹੈ। ਬੱਚੇ ਦੇ ਜਨਮ ਤੋਂ ਬਾਅਦ ਇਸ ਬੱਚੇ ਨੂੰ ਸਬੰਧਤ ਦੇਵੀ ਦੇਵਤੇ ਦੇ ਮੱਥਾ ਟਿਕਾਇਆ ਜਾਂਦਾ ਹੈ ਤੇ ਉਸਦਾ ਦਾ ਨਾਮਕਰਨ ਸਬੰਧਤ ਦੇਵੀ ਦੇਵਤੇ ਦੇ ਨਾਂ ਤੇ ਹੀ ਕੀਤਾ ਜਾਂਦਾ ਹੈ। ਦੇਵੀ ਦੇਵਤੇ ਦੇ ਅਰਪਣ ਕੀਤਾ ਬੱਚਾ ਸਬੰਧਤ ਦੇਵੀ ਦੇਵਤੇ ਦੀ ਦਾਤ ਸਮਝਿਆ ਜਾਂਦਾ ਹੈ ਅਤੇ ਇਸ ਦੇ ਗਲ਼ ਜਾਂ ਬਾਂਹ ਤੇ ਦੇਵੀ ਦੇਵਤੇ ਦੇ ਨਾਂ ਦੀ ਰੱਖ ਬੰਨ੍ਹੀ ਜਾਂਦੀ ਹੈ।

5. ਸੁੱਖਾਂ ਰਾਹੀਂ ਇਲਾਜ : ਬਾਜ਼ੀਗਰ ਕਬੀਲਾ ਆਪਣੇ ਕਿਸੇ ਵਿਅਕਤੀ ਦੇ ਬਿਮਾਰ ਹੋਣ ਦੀ ਸੂਰਤ ਵਿੱਚ ਦੇਵੀ ਦੇਵਤਿਆਂ, ਪੀਰ ਫ਼ਕੀਰਾਂ ਅਤੇ ਕਬੀਲਾ ਪੁਰਖਿਆਂ ਦੇ ਸੁੱਖਾਂ ਸੁੱਖਣ ਵਿੱਚ ਵਿਸ਼ਵਾਸ ਰੱਖਦਾ ਹੈ। ਬਾਜ਼ੀਗਰ ਕਬੀਲੇ ਵਿੱਚ ਜਦ ਕਬੀਲਾ ਅਹੁੜ ਪਹੁੜ ਅਤੇ ਦਵਾ ਦਾਰੂ ਬੇਅਸਰ ਹੋਣ ਲਗਦੇ ਹਨ ਤਾਂ ਅਜਿਹੀ ਹਾਲਤ ਵਿੱਚ ਕਬੀਲੇ ਦੇ ਸਿਆਣਿਆਂ ਵਲੋਂ ਬਿਮਾਰ ਵਿਅਕਤੀ ਨੂੰ ਤੰਦਰੁਸਤ ਵੇਖਣ ਲਈ ਕਈ ਤਰ੍ਹਾਂ ਦੀਆਂ ਸੁੱਖਾਂ ਸੁੱਖੀਆਂ ਜਾਂਦੀਆਂ ਹਨ। ਇਨ੍ਹਾਂ ਸੁੱਖਾਂ ਦੀ ਭੌਤਿਕ ਸਮੱਗਰੀ ਵਿੱਚ ਪ੍ਰਸ਼ਾਦ, ਮੁਰਗਾ, ਬੱਕਰਾ, ਸ਼ਰਾਬ, ਚਾਦਰ, ਪੈਸੇ ਅਤੇ ਕੋਈ ਗਹਿਣਾ ਆਦਿ ਸ਼ਾਮਲ ਹੁੰਦਾ ਹੈ।

6. ਖੇਲ ਕ੍ਰਿਆ ਰਾਹੀਂ ਇਲਾਜ : ਬਾਜ਼ੀਗਰ ਕਬੀਲੇ ਵਿੱਚ ਖੇਲ ਕ੍ਰਿਆ ਰਾਹੀਂ ਇਲਾਜ ਸਦੀਆਂ ਪੁਰਾਣਾ ਹੈ। ਇਹ ਇਲਾਜ ਕਬੀਲੇ ਦੇ ਸੰਤਾਂ ਅਤੇ ਫ਼ਕੀਰਾਂ ਵਲੋਂ ਕੀਤਾ ਜਾਂਦਾ ਹੈ। ਇਲਾਜ ਦੀ ਇਸ ਕੋਟੀ ਵਿੱਚ ਜ਼ਿਆਦਾਤਰ ਮਾਨਸਿਕ ਰੋਗਾਂ ਤੋਂ ਪੀੜਤ ਵਿਅਕਤੀ ਹੀ ਆਉਂਦੇ ਹਨ ਜਾਂ ਫਿਰ ਅਜਿਹੇ ਵਿਅਕਤੀ ਆਉਂਦੇ ਹਨ ਜਿਨ੍ਹਾਂ ਤੇ ਕਿਸੇ ਓਪਰੀ ਸ਼ੈਅ, ਜਿੰਨ, ਭੂਤ, ਪ੍ਰੇਤ ਅਤੇ ਚੁੜੇਲ ਦਾ ਸਾਇਆ ਹੁੰਦਾ ਹੈ। ਇਲਾਜ ਦੀ ਇਸ ਵਿਧੀ ਵਿੱਚ ਪੀਰਾਂ ਫ਼ਕੀਰਾਂ ਵਲੋਂ ਕਿਸੇ ਨਿਸ਼ਚਿਤ ਦਿਨ ਚੌਕੀਂ ਲਾਈ ਜਾਂਦੀ ਹੈ। ਚੌਂਕੀ ਦਾ ਦਿਨ ਜ਼ਿਆਦਾਤਰ ਵੀਰਵਾਰ ਨੂੰ ਨਿਸ਼ਚਤ ਕੀਤਾ ਜਾਂਦਾ ਹੈ। ਪੀਰਾਂ ਦੀ ਇਸ ਚੌਕੀਂ ਵਿੱਚ ਢੋਲ ਦੀ ਤਾਲ ਧਮਾਲ ਵਜਾਈ ਜਾਂਦੀ ਹੈ। ਇਸ ਤਰ੍ਹਾਂ ਧਮਾਲ ਤੇ ਬਿਮਾਰ ਵਿਅਕਤੀ ਨੂੰ ਖੇਡਣ ਲਈ ਪ੍ਰੇਰਿਆ ਜਾਂਦਾ ਹੈ। ਢੋਲ ਤੇ ਖੇਡਣ ਵਾਲਾ ਵਿਅਕਤੀ ਆਪੇ ਤੋਂ ਬਾਹਰ ਹੋ ਕੇ ਖੇਡਦਾ ਹੈ ਅਤੇ ਜ਼ੋਰ-ਜ਼ੋਰ ਦੀ ਚੀਖਾਂ ਵੀ ਮਾਰਦਾ ਹੈ। ਚੌਂਕੀ ਜਦ ਪੂਰੇ ਸਿਖ਼ਰ ਤੇ ਪਹੁੰਚਦੀ ਹੈ ਤਾਂ ਚੌਕੀਂ ਦਾ ਮੁਖੀ ਸਾਧੂ ਸੰਤ ਖੇਡਣ ਵਾਲੇ ਵਿਅਕਤੀ ਦੇ ਵਾਲਾਂ ਨੂੰ ਫੜਕੇ ਗੰਢ ਦੇ ਦਿੰਦਾ ਹੈ ਅਤੇ ਫਿਰ ਉਸ ਤੋਂ ਉਸਦੀ ਇੱਛਾ ਪੁੱਛਦਾ ਹੈ। ਇਸ ਤਰ੍ਹਾਂ ਖੇਡਣ ਵਾਲੇ ਵਿਅਕਤੀ ਵਿੱਚ ਵਸਦੀ ਰੂਹ ਦੀ ਇੱਛਾ ਪੂਰੀ ਕਰਕੇ ਉਸ ਨੂੰ ਫਿਰ ਤੋਂ ਵਾਪਸ ਨਾ ਆਉਣ ਦਾ ਇਕਰਾਰ ਕਰਕੇ ਛੱਡ ਦਿੱਤਾ ਜਾਂਦਾ ਹੈ। ਖੇਡਣ ਵਾਲੇ ਵਿਅਕਤੀ ਦੇ ਵਾਲਾਂ ਨੂੰ ਗੰਢ ਦੇਣਾ

ਸਬੰਧਤ ਵਿਅਕਤੀ ਅੰਦਰ ਕੰਮ ਕਰਦੀ ਰੂਹ ਨੂੰ ਕਾਬੂ ਕਰਨਾ ਹੁੰਦਾ ਹੈ। ਚੌਕੀਂ ਵਿੱਚ ਖੇਡਣ ਵਾਲੇ ਵਿਅਕਤੀ ਵਿੱਚ ਕਾਰਜਸ਼ੀਲ ਰੂਹ ਦਾ ਨਾਂ ਅਤੇ ਪਤਾ ਟਿਕਾਣਾ ਵੀ ਪੁੱਛਿਆ ਜਾਂਦਾ ਹੈ ਤੇ ਇਸ ਨੇ ਸਬੰਧਤ ਵਿਅਕਤੀ ਵਿੱਚ ਵਾਸ ਕਿਉਂ ਅਤੇ ਕਿਵੇਂ ਕੀਤਾ ਇਸ ਦਾ ਕਾਰਨ ਵੀ ਵਿਸ਼ੇਸ਼ ਤੌਰ ਤੇ ਜਾਣਿਆ ਜਾਂਦਾ ਹੈ। ਰੂਹ ਦੇ ਖਤਰਨਾਕ ਅਤੇ ਕਰੜੀ ਹੋਣ ਦੀ ਸੂਰਤ ਵਿੱਚ ਕਈ ਵਾਰ ਬੋਤਲ ਜਾਂ ਕਿਸੇ ਬਰਤਨ ਵਿੱਚ ਬੰਦ ਕਰਕੇ ਵੀ ਰੱਖਿਆ ਜਾਂਦਾ ਹੈ।

ਇਸ ਤੋਂ ਇਲਾਵਾ ਬਾਜ਼ੀਗਰ ਕਬੀਲੇ ਦੀ ਚੋਕ ਚਕਿਤਸਾ ਵਿਚ ਹੇਠ ਲਿਖੇ ਨੁਸਖ਼ੇ ਪ੍ਰਚਲਿਤ ਹਨ :-

1. ਬਾਜ਼ੀਗਰ ਕਬੀਲੇ ਵਿੱਚ ਡੇਰੇ ਦੇ ਕਿਸੇ ਵਿਅਕਤੀ ਨੂੰ ਬੁਖ਼ਾਰ ਹੋਣ ਦੀ ਸੂਰਤ ਵਿਚ ਅਜਵੈਣ ਪਾਣੀ ਵਿੱਚ ਭਿਉਂ ਕੇ ਕੱਪੜਛਾਣ ਕਰਕੇ ਵਿੱਚ ਥੋੜ੍ਹਾ ਜਿਹਾ ਨਮਕ ਪਾ ਕੇ ਤਿੰਨ ਦਿਨ ਲਗਾਤਾਰ ਦਿੱਤੀ ਜਾਂਦੀ ਹੈ।
2. ਕਬੀਲੇ ਵਿੱਚ ਛੋਟੀ ਜਾਂ ਵੱਡੀ ਮਾਤਾ ਨਿਕਲਣ ਤੇ ਵੱਡੇ ਮੁਨੱਕੇ ਵਿੱਚ ਬਾਰੀਕ ਸੁੱਚੇ ਮੋਤੀ ਪਾ ਕੇ ਮਰੀਜ਼ ਨੂੰ ਦਿੱਤੇ ਜਾਂਦੇ ਹਨ ਅਤੇ ਨਾਲ ਵੱਡੀ ਇਲੈਚੀ, ਖ਼ੂਬਕਲਾ, ਅਨਾਬ, ਅਜਵੈਣ, ਮਲੱਠੀ, ਲੌਂਗ ਅਤੇ ਬਨਫ਼ਸ਼ੇ ਦਾ ਕਾੜ੍ਹਾ ਤਿਆਰ ਕਰਕੇ ਪਿਆਇਆ ਜਾਂਦਾ ਹੈ।
3. ਕਬੀਲੇ ਵਿੱਚ ਪੇਟ ਦਰਦ ਹੋਣ ਦੀ ਸੂਰਤ ਵਿਚ ਅਜਵੈਣ ਦੀ ਫ਼ੱਕੀ ਲਈ ਜਾਂਦੀ ਹੈ।
4. ਕਬੀਲੇ ਵਿੱਚ ਅੱਖਾਂ ਦੀ ਮਰਜ਼ ਲਈ ਕਲਮੀ ਸ਼ੋਰੇ ਦਾ ਇਸਤੇਮਾਲ ਕੀਤਾ ਜਾਂਦਾ ਹੈ।
5. ਕਬੀਲੇ ਦੇ ਲੋਕ ਚਮੜੀ ਦੇ ਰੋਗਾਂ ਲਈ ਕਨੇਰ ਦੇ ਪੱਤੇ ਸਰੋਂ ਦੇ ਤੇਲ ਵਿੱਚ ਉਬਾਲ ਕੇ ਮੱਲ੍ਹਮ ਤਿਆਰ ਕਰਦੇ ਹਨ।
6. ਕਬੀਲੇ ਦੇ ਲੋਕ ਸਿਰ ਦਰਦ ਲਈ ਅਜਵੈਣ ਅਤੇ ਨਮਕ ਵਾਲੀ ਚਾਹ ਦਾ ਇਸਤੇਮਾਲ ਕਰਦੇ ਹਨ।
7. ਕਬੀਲੇ ਵਿਚ ਬੱਚਿਆਂ ਨੂੰ ਦਸਤ ਲੱਗਣ ਦੀ ਹਾਲਤ ਵਿੱਚ ਛੋਟੀ ਹਰੜ, ਬਹੇੜਾ ਅਤੇ ਮਾਜੂ ਘੜੇ ਦੀ ਕੋਰੀ ਚੱਪਣੀ ਤੇ ਰਗੜ ਕੇ ਦਿੰਦੇ ਹਨ। ਇਸ ਮਿਸ਼ਰਣ ਵਿਚ ਥੋੜ੍ਹਾ ਜਿਹਾ ਨਮਕ ਵੀ ਪਾਇਆ ਜਾਂਦਾ ਹੈ।
8. ਕਬੀਲੇ ਵਿੱਚ ਪ੍ਰਸੂਤ ਵਾਲੀ ਔਰਤ ਦੇ ਜੇਕਰ ਦੁੱਧ ਨਾ ਉੱਤਰਦਾ ਹੋਵੇ ਤਾਂ ਉਸ ਨੂੰ ਚਿੱਟਾ ਜੀਰਾ ਭਿਉਂ ਕੇ ਕੱਪੜਛਾਣ ਕਰਕੇ ਤਿੰਨ ਦਿਨ ਲਗਾਤਾਰ ਦਿੱਤਾ ਜਾਂਦਾ ਹੈ।
9. ਕਬੀਲੇ ਵਿੱਚ ਬੱਚੇ ਦੀ ਆਮਦ ਆਸਾਨ ਬਣਾਉਣ ਲਈ ਔਰਤ ਨੂੰ ਛੋਟੇ ਮੁਨੱਕੇ ਪਾਣੀ ਵਿਚ ਉਬਾਲ ਕੇ ਦੇਸੀ ਘਿਓ ਦਾ ਤੜਕਾ ਲਾ ਕੇ ਵਿੱਚ ਥੋੜ੍ਹੀ ਜਿਹੀ ਖੰਡ ਘੋਲਕੇ ਮਾਂਹਵਾਰੀ ਦੇ ਦਿਨਾਂ ਵਿੱਚ ਦਿੱਤੇ ਜਾਂਦੇ ਹਨ।

10. ਕਬੀਲੇ ਵਿੱਚ ਦਮੇ ਜਾਂ ਸਾਹ ਦੇ ਮਰੀਜ਼ ਨੂੰ ਘਰ ਦੀ ਸ਼ਰਾਬ ਵਿੱਚ ਮੁਰਗੇ ਰਿੰਨ੍ਹ ਕੇ ਦਿੱਤੇ ਜਾਂਦੇ ਹਨ।
11. ਕਬੀਲੇ ਵਿੱਚ ਬੱਚਿਆਂ ਨੂੰ ਕਾਲ਼ੀ ਖਾਂਸੀ ਹੋਣ ਦੀ ਸੂਰਤ ਵਿਚ ਰੇਲ ਗੱਡੀ ਦੇ ਇੰਜਣ ਦਾ ਪਾਣੀ ਪਿਆਇਆ ਜਾਂਦਾ ਹੈ।
12. ਕਬੀਲੇ ਵਿੱਚ ਕਾਲ਼ੀ ਖਾਂਸੀ ਦੇ ਇਲਾਜ ਲਈ ਕਾਲ਼ੀ ਘੋੜੀ ਵਾਲੇ ਵਿਅਕਤੀ ਤੋਂ ਕੋਈ ਚੀਜ਼ ਮੰਗ ਕੇ ਵੀ ਬੱਚੇ ਨੂੰ ਖੁਆਈ ਜਾਂਦੀ ਹੈ। ਇਹ ਇਕ ਕਿਸਮ ਦਾ ਟੂਣਾ ਹੀ ਹੁੰਦਾ ਹੈ।
13. ਕਬੀਲੇ ਵਿੱਚ ਲੜਕੇ ਦੀ ਚਾਹਵਾਨ ਔਰਤ ਨੂੰ ਮੋਰ ਦੇ ਖੰਭ ਦਾ ਕੇਂਦਰੀਬਿੰਦੂ ਅਤੇ ਮਾਜੂ ਦੀ ਡੋਡੀ ਪੀਹ ਕੇ ਤਿੰਨ ਖੁਰਾਕਾਂ ਬਣਾ ਕੇ ਵੱਛੇ ਵਾਲੀ ਗਊ ਦੇ ਦੁੱਧ ਨਾਲ ਦਿੱਤੀਆਂ ਜਾਂਦੀਆਂ ਹਨ।
14. ਕਬੀਲੇ ਦੇ ਲੋਕ ਗੜ੍ਹ ਜਾਂ ਫੋੜਾ ਨਿਕਲਣ ਦੀ ਸੂਰਤ ਵਿੱਚ ਆਟੇ ਦੇ ਕੜਾਹ ਦੀ ਟਿੱਕੀ ਬਣਾ ਕੇ ਵਿੱਚ ਗੁੜ੍ਹ ਅਤੇ ਲੂਣ ਮਿਲਾ ਕੇ ਫੋੜੇ ਤੇ ਬੰਨ੍ਹਦੇ ਹਨ।
15. ਕਬੀਲੇ ਦੇ ਲੋਕ ਖਾਂਸੀ ਅਤੇ ਜ਼ੁਕਾਮ ਹੋਣ ਦੀ ਸੂਰਤ ਵਿੱਚ ਖ਼ਸਖ਼ਸ, ਖੋਪਾ, ਧਨੀਆਂ, ਸ਼ੱਕਰ ਅਤੇ ਕਾਲੀ ਮਿਰਚ ਦੁੱਧ ਵਿੱਚ ਉਬਾਲ ਕੇ ਪੀਂਦੇ ਹਨ।
16. ਕਬੀਲੇ ਦੇ ਲੋਕ ਗਰਭਵਤੀ ਔਰਤ ਦਾ ਜਣੇਪਾ ਆਸਾਨ ਬਣਾਉਣ ਲਈ ਉਸ ਨੂੰ ਛੋਟੀ ਹਰੜ, ਖੋਪਾ, ਹਲਦੀ ਅਤੇ ਸੁੰਡ ਦੁੱਧ ਵਿੱਚ ਉਬਾਲ ਕੇ ਪੀਣ ਨੂੰ ਦਿੰਦੇ ਹਨ।
17. ਕਬੀਲੇ ਦੇ ਲੋਕ ਡੂੰਘੇ ਜ਼ਖ਼ਮ ਵਿੱਚ ਨਸਵਾਰ ਦੀ ਮਲ੍ਹਮ ਤਿਆਰ ਕਰਕੇ ਜ਼ਖ਼ਮ ਤੇ ਲੇਪ ਕਰਦੇ ਹਨ।
18. ਕਬੀਲੇ ਦੇ ਲੋਕ ਅੱਖ ਤੇ ਫੋੜਾ ਫ਼ਿਨਸੀ ਨਿਕਲਣ ਤੇ ਬੇਰੀ ਦੇ ਸੱਤ ਪੱਤੇ ਤੋੜ ਕੇ ਕੰਡੇ ਨਾਲ ਬੇਰੀ ਦੇ ਤਣੇ ਤੇ ਗੱਡ ਦਿੰਦੇ ਹਨ। ਕਬੀਲੇ ਵਿੱਚ ਵਿਸ਼ਵਾਸ ਪ੍ਰਚਲਿਤ ਹੈ ਕਿ ਜਿਵੇਂ ਜਿਵੇਂ ਪੱਤੇ ਸੁਕਦੇ ਹਨ ਤਿਵੇਂ ਤਿਵੇਂ ਫੋੜਾ ਫ਼ਿਨਸੀ ਵੀ ਸੁਕਦਾ ਜਾਂਦਾ ਹੈ।
19. ਕਬੀਲੇ ਦੇ ਲੋਕ ਕੰਨ ਦੇ ਦਰਦ ਦਾ ਇਲਾਜ ਲਸਣ ਨੂੰ ਸਰ੍ਹੋਂ ਦੇ ਤੇਲ ਵਿੱਚ ਕਾੜ੍ਹਕੇ ਦੋ ਤਿੰਨ ਬੂੰਦਾਂ ਕੰਨ ਵਿਚ ਪਾਉਂਦੇ ਹਨ। ਬਾਜ਼ੀਗਰ ਕਬੀਲਾ ਆਦਿ ਕਾਲ ਤੋਂ ਹੀ ਆਪਣੀਆਂ ਮਰਜਾਂ ਦਾ ਇਲਾਜ ਜੜੀਆਂ ਬੂਟੀਆਂ ਅਤੇ ਦੇਸੀ ਦਵਾਈਆਂ ਦੀ ਸਹਾਇਤਾ ਨਾਲ ਕਰਦਾ ਆਇਆ ਹੈ। ਅੱਜ ਦੇ ਅਤਿ ਵਿਕਸਤ ਵਿਗਿਆਨਕ ਅਤੇ ਤਕਨਾਲੋਜੀ ਦੇ ਯੁੱਗ ਵਿਚ ਵੀ ਕਬੀਲਾ ਇਨ੍ਹਾਂ ਜੜੀਆਂ ਬੂਟੀਆਂ ਅਤੇ ਦੇਸੀ ਨੁਸਖਿਆ ਵਿੱਚ ਗਹਿਰੀ ਆਸਥਾ ਰੱਖਦਾ ਹੈ।

ਬਾਜ਼ੀਗਰ ਕਬੀਲੇ ਦੇ ਲੋਕ-ਵਿਸ਼ਵਾਸ

ਬਾਜ਼ੀਗਰ ਕਬੀਲੇ ਦੇ ਲੋਕ ਵਿਸ਼ਵਾਸ਼ਾਂ ਵਿੱਚੋਂ ਕਬੀਲੇ ਦੀ ਆਦਿ ਕਾਲੀ ਮਾਨਸਿਕਤਾ ਨੂੰ ਸਹਿਜੇ ਹੀ ਪੜ੍ਹਿਆ ਜਾ ਸਕਦਾ ਹੈ। ਲੋਕ ਵਿਸ਼ਵਾਸ਼ਾ ਪਿੱਛੇ ਕਬੀਲੇ ਦੀਆਂ ਪਰੰਪਰਾਗਤ ਮਨੌਤਾਂ ਅਤੇ ਮਨਾਹੀਆਂ ਗਹਿਰੇ ਰੂਪ ਵਿੱਚ ਕਾਰਜਸ਼ੀਲ ਹੁੰਦੀਆਂ ਹਨ। "ਫਿਰਤੂ ਜੀਵਨ ਦੀਆਂ ਆਰਥਿਕ ਮੰਦਹਾਲੀਆਂ ਅਤੇ ਪਰੰਪਰਾਗਤ ਧਾਰਨਾਵਾਂ ਅਜਿਹੇ ਸੰਕਲਪਾਂ ਨੂੰ ਪੱਕੇ ਕਰਨ ਵਿਚ ਮੁੱਖ ਭੂਮਿਕਾ ਅਦਾ ਕਰਦੀਆਂ ਹਨ, ਜਿਨ੍ਹਾਂ ਸੰਕਲਪਾਂ ਵਿਚ ਧਾਰਮਿਕ ਸ਼ਰਧਾ ਅਤੇ ਟੈਬੂ ਦਾ ਭੈਅ ਲੁਪਤ ਹੋਵੇ। ਫਿਰਤੂ ਜੀਵਨ ਦੀਆਂ ਅਸੁਰੱਖਿਅਤ ਸਥਿਤੀਆਂ ਵਿਚ ਘਿਰਿਆ ਮਨੁੱਖੀ ਅਜਿਹੀਆਂ ਕਰਾਮਾਤੀ ਸ਼ਕਤੀਆਂ ਤੇ ਟੇਕ ਰੱਖਣ ਲੱਗਦਾ ਹੈ ਜਿਸ ਬਾਰੇ ਉਸਨੂੰ ਵਿਸ਼ਵਾਸ ਹੋਵੇ ਕਿ ਪੂਜਾ ਅਰਾਧਨਾ ਦੁਆਰਾ ਇਹ ਕਰਾਮਾਤੀ ਸ਼ਕਤੀਆਂ ਉਹਨੂੰ ਕਿਸੇ ਵੀ ਸੰਕਟ ਵਿਚੋਂ ਬਾਹਰ ਕੱਢਣ ਦੇ ਸਮਰੱਥ ਹਨ ਜਾਂ ਘੱਟੋ ਘੱਟ ਉਸ ਉੱਤੇ ਕ੍ਰੋਪ ਨਹੀਂ ਹੋਣਗੀਆਂ।"[1]

ਬਾਜ਼ੀਗਰ ਕਬੀਲਾ ਸਦੀਆਂ ਤੋਂ ਹੀ ਘੁਮੰਤੂ ਜੀਵਨ ਬਤੀਤ ਕਰਦਾ ਆਇਆ ਹੈ। ਟੱਪਰੀਵਾਸ ਜੀਵਨ ਦੀਆਂ ਔਕੜਾਂ ਅਤੇ ਦੁਸ਼ਵਾਰੀਆਂ ਵਿਚੋਂ ਕਬੀਲੇ ਦੇ ਲੋਕਾਂ ਨੇ ਕਈ ਪ੍ਰਕਾਰ ਦੇ ਵਹਿਮ ਭਰਮ ਅਤੇ ਵਿਸ਼ਵਾਸ ਬਣਾ ਲਏ। ਅਜਿਹੇ ਵਿਸ਼ਵਾਸ ਜੀਵਨ ਦੇ ਨਿਤਾਪ੍ਰਤੀ ਦੇ ਭੈਅ ਅਤੇ ਅਸੁਰੱਖਿਅਤਾ ਵਿਚੋਂ ਉਪਜਦੇ ਹਨ ਅਤੇ ਇਹ ਮਨੁੱਖੀ ਅਵਚੇਤਨ ਦਾ ਇਕ ਖਾਸ ਹਿੱਸਾ ਬਣ ਜਾਂਦੇ ਹਨ। ਇਹ ਲੋਕ ਵਿਸ਼ਵਾਸ ਮਨੁੱਖ ਦੀ ਕੁਦਰਤੀ ਸ਼ਕਤੀਆਂ ਅੱਗੇ ਬੇਵਸੀ ਅਤੇ ਡਰ ਵਿਚੋਂ ਪੈਦਾ ਹੁੰਦੇ ਹਨ। ਜੀਵਨ ਦੇ ਤਲਖ਼ ਤਜਰਬੇ ਅਤੇ ਹੱਡੀਂ ਹੰਢਾਇਆ ਦੁੱਖ ਅਤੇ ਸੰਤਾਪ ਇਨ੍ਹਾਂ ਲੋਕ ਵਿਸ਼ਵਾਸਾਂ ਦੀ ਰੀੜ ਹੁੰਦਾ ਹੈ। ਇਸ ਤਰ੍ਹਾਂ ਜੀਵਨ ਦੀਆਂ ਇਹ ਕਠੋਰ ਪ੍ਰਸਥਿਤੀਆਂ ਮਨੁੱਖ ਨੂੰ ਭਾਂਜਵਾਦੀ ਅਤੇ ਪਲਾਇਣ ਵੱਲ ਲੈ ਜਾਂਦੀਆਂ ਅਤੇ ਮਨੁੱਖ ਇਨ੍ਹਾਂ ਪ੍ਰਸਥਿਤੀਆਂ ਅੱਗੇ ਨਤਮਸਤਕ ਹੁੰਦਾ ਹੋਇਆ ਆਪਣੇ ਮਨ ਤੇ ਇਨ੍ਹਾਂ ਦਾ ਗਹਿਰਾ ਪ੍ਰਭਾਵ ਕਬੂਲਦਾ ਹੈ। ਬਾਅਦ ਵਿਚ ਇਹੀ ਪ੍ਰਭਾਵ ਲੋਕ ਮਨ ਦਾ ਇਕ ਅਨਿੱਖੜਵਾਂ ਭਾਗ ਬਣ ਜਾਂਦਾ ਹੈ ਅਤੇ ਲੋਕ ਵਿਸ਼ਵਾਸਾਂ ਦਾ ਰੂਪ ਧਾਰਨ ਕਰ ਲੈਂਦਾ ਹੈ। ਬਾਜ਼ੀਗਰ ਕਬੀਲੇ ਦੇ ਲੋਕ ਆਪਣੇ ਸਮੁੱਚੇ ਜੀਵਨ ਪ੍ਰਤੀ ਕੁਝ ਵਿਸ਼ਵਾਸਾਂ ਦੀ ਪਾਲਣਾ ਕਰਦੇ ਹਨ। ਇਨ੍ਹਾਂ ਲੋਕ ਵਿਸ਼ਵਾਸਾਂ ਪਿਛੇ ਕੁਦਰਤ ਦੀ ਕਰੋਪੀ ਜਾਂ ਕਹਿਰ ਵਿਦਮਾਨ ਹੁੰਦਾ ਹੈ। ਸਮੂਹ ਬਾਜ਼ੀਗਰ ਕਬੀਲਾ ਅਜਿਹੇ ਲੋਕ ਵਿਸ਼ਵਾਸਾਂ ਵਿਚ ਆਪਣੀ ਗਹਿਰੀ ਆਸਥਾ ਪ੍ਰਗਟ ਕਰਦਾ ਹੈ। ਬਾਜ਼ੀਗਰ ਕਬੀਲੇ ਦੇ ਇਹ ਲੋਕ ਵਿਸ਼ਵਾਸ ਪੀੜ੍ਹੀ ਦਰ ਪੀੜ੍ਹੀ ਕਬੀਲੇ ਦੇ ਪੁਰਖਿਆਂ ਤੋਂ ਪ੍ਰਾਪਤ ਜੀਵਨ ਅਨੁਭਵ ਦੇ ਅਨੁਸਾਰੀ ਹੁੰਦੇ ਹਨ।

ਕਬੀਲੇ ਵਿਚ ਲੋਕ ਵਿਸ਼ਵਾਸਾਂ ਦੀ ਇਹ ਪਰੰਪਰਾ ਸਦੀਆਂ ਤੋਂ ਇਨ ਬਿਨ ਚਲੀ ਆ ਰਹੀ ਹੈ। ਬਾਜ਼ੀਗਰ ਕਬੀਲੇ ਵਿੱਚ ਇਨ੍ਹਾਂ ਲੋਕ ਵਿਸ਼ਵਾਸਾਂ ਦੀ ਮਾਨਤਾ ਟੋਟਮ ਅਤੇ ਟੇਬੂ ਤੇ ਆਧਾਰਿਤ ਹੈ। ਬਾਜ਼ੀਗਰ ਕਬੀਲੇ ਵਿਚ ਵਹਿਮ ਭਰਮ ਅਤੇ ਲੋਕ ਵਿਸ਼ਵਾਸ ਕਬੀਲੇ ਦੇ ਲੋਕ ਜੀਵਨ ਦਾ ਪ੍ਰਮੁੱਖ ਆਧਾਰ ਹਨ। ਕਬੀਲਾ ਇਨ੍ਹਾਂ ਲੋਕ ਵਿਸ਼ਵਾਸਾਂ ਦੀ ਮਾਨਤਾ ਕਿਸੇ ਵਿਗਿਆਨਕ ਸੱਚ ਵਾਂਗ ਹੀ ਕਰਦਾ ਹੈ ਭਾਵੇਂ ਕਿ ਇਹ ਸਾਰੇ ਅੰਧਵਿਸ਼ਵਾਸਾਂ ਦੀ ਨੀਂਹ ਤੇ ਹੀ ਉਸਰੇ ਹੁੰਦੇ ਹਨ। ਬਾਜ਼ੀਗਰ ਕਬੀਲੇ ਵਿਚ ਪ੍ਰਚਲਿਤ ਕੁਝ ਲੋਕ ਵਿਸ਼ਵਾਸ ਇਸ ਪ੍ਰਕਾਰ ਹਨ :-

1. ਕਬੀਲਾ ਪੁਰਖਿਆਂ ਵਿਚ ਵਿਸ਼ਵਾਸ : ਬਾਜ਼ੀਗਰ ਕਬੀਲੇ ਦੇ ਲੋਕ ਆਪਣੇ ਪੁਰਖਿਆਂ ਦੀਆਂ ਰੂਹਾਂ ਅਤੇ ਆਤਮਾਵਾਂ ਵਿਚ ਵਿਸ਼ਵਾਸ ਰੱਖਦੇ ਹਨ। ਕਬੀਲੇ ਵਿਚ ਕਿਸੇ ਵੀ ਧਾਰਮਿਕ ਜਾਂ ਸਮਾਜਿਕ ਸਮਾਗਮ ਸਮੇਂ ਸਭ ਤੋਂ ਪਹਿਲਾਂ ਕਬੀਲਾ ਪੁਰਖਿਆਂ ਨੂੰ ਮੱਥਾ ਟੇਕ ਕੇ ਭੋਗ ਲਵਾਇਆ ਜਾਂਦਾ ਹੈ। ਇਨ੍ਹਾਂ ਸਮਾਗਮਾਂ ਸਮੇਂ ਕਬੀਲਾ ਪੁਰਖਿਆਂ ਦੇ ਨਾਂ ਤੇ ਅਨਜਲ ਅਤੇ ਧੂਫ਼ ਸਮੱਗਰੀ ਦੀ ਅਹੁਤੀ ਦਿੱਤੀ ਜਾਂਦੀ ਹੈ। ਇਸੇ ਉਪਰੰਤ ਕਬੀਲਾ ਪੁਰਖਿਆਂ ਦੇ ਮਿਹਰ ਭਰੇ ਹੱਥ ਦੀ ਕਾਮਨਾ ਕੀਤੀ ਜਾਂਦੀ ਹੈ।

2. ਭੂਤਾਂ ਪ੍ਰੇਤਾਂ ਵਿਚ ਵਿਸ਼ਵਾਸ : ਬਾਜ਼ੀਗਰ ਕਬੀਲੇ ਦੇ ਲੋਕ ਭੂਤਾਂ ਪ੍ਰੇਤਾਂ, ਜਿੰਨਾਂ ਅਤੇ ਚੁੜੇਲਾਂ ਵਿਚ ਗਹਿਰਾ ਵਿਸ਼ਵਾਸ ਰੱਖਦੇ ਹਨ। ਬਾਜ਼ੀਗਰ ਕਬੀਲੇ ਦਾ ਇਹ ਕੱਟੜ ਵਿਸ਼ਵਾਸ ਹੈ ਕਿ ਮ੍ਰਿਤਕਾਂ ਦੀਆਂ ਰੂਹਾਂ ਅਤੇ ਭੂਤ ਪ੍ਰੇਤ ਇਨਸਾਨ ਦਾ ਬਹੁਤ ਨੁਕਸਾਨ ਕਰ ਸਕਦੇ ਹਨ ਇਥੋਂ ਤੱਕ ਕਿ ਉਸ ਨੂੰ ਆਪਣੇ ਨਾਲ ਵੀ ਲੈ ਕੇ ਜਾ ਸਕਦੇ ਹਨ। ਇਸੇ ਲਈ ਬਾਜ਼ੀਗਰ ਕਬੀਲੇ ਵਿਚ ਮ੍ਰਿਤਕਾਂ ਦੀਆਂ ਰੂਹਾਂ ਅਤੇ ਭੂਤ ਪ੍ਰੇਤਾਂ ਨੂੰ ਕਾਬੂ ਕਰਨ ਲਈ ਵਿਸ਼ੇਸ਼ ਅਹੁੜ ਪਹੁੜ ਕੀਤੇ ਜਾਂਦੇ ਹਨ। ਬਾਜ਼ੀਗਰ ਕਬੀਲੇ ਵਿਚ ਕਾਲੇ ਇਲਮ ਵਾਲੇ ਸਾਧ ਸੰਤ ਅਤੇ ਪ੍ਰਸੂਤ ਵਿਚ ਮਰੀ ਹੋਈ ਔਰਤ ਦੀ ਰੂਹ ਨੂੰ ਬਹੁਤ ਕਰੋਪੀ ਖਿਆਲ ਕੀਤਾ ਜਾਂਦਾ ਹੈ। ਕਬੀਲੇ ਵਿਚ ਇਨ੍ਹਾਂ ਦੀਆਂ ਰੂਹਾਂ ਤੇ ਕਾਬੂ ਪਾਉਣ ਲਈ ਕਈ ਪ੍ਰਕਾਰ ਦੇ ਧਾਗਾ ਤਵੀਤ ਅਤੇ ਕਬੀਲੇ ਦੇ ਸਿਆਣੇ ਸਾਧਾਂ ਸੰਤਾਂ ਦੀ ਓਟ ਲਈ ਜਾਂਦੀ ਹੈ। ਬਾਜ਼ੀਗਰ ਕਬੀਲੇ ਵਿਚ ਬੱਚੇ ਦੇ ਜਨਮ ਸਮੇਂ ਬੱਚਾ ਜੱਚਾ ਨੂੰ ਕਰੜੀ ਨਿਗਰਾਨੀ ਵਿਚ ਰੱਖਿਆ ਜਾਂਦਾ ਹੈ। ਇਸ ਸਮੇਂ ਪ੍ਰਸੂਤ ਵਾਲੀ ਔਰਤ ਦੇ ਆਲੇ ਦੁਆਲੇ ਕੁਝ ਵਰਜਨਾਵਾਂ ਲਾਗੂ ਕਰ ਦਿੱਤੀਆਂ ਜਾਂਦੀਆਂ ਹਨ। ਪ੍ਰਸੂਤ ਵਾਲੀ ਔਰਤ ਅਤੇ ਬੱਚੇ ਦੇ ਸਿਰਹਾਣੇ ਉਚੇਚੇ ਤੌਰ ਤੇ ਲੋਹੇ ਦਾ ਕੋਈ ਹਥਿਆਰ ਅਤੇ ਨੀਲ ਦੀ ਡੱਬੀ ਰੱਖ ਦਿੱਤੀ ਜਾਂਦੀ ਹੈ। ਉਸ ਦੀ ਮੰਜੀ ਸਿਰਹਾਣੇ ਇਕ ਲੋਹੇ ਦਾ ਤਾਲਾ ਲਾ ਦਿੱਤਾ ਜਾਂਦਾ ਹੈ। ਪ੍ਰਸੂਤ ਵਾਲੀ ਔਰਤ ਦੇ ਕਮਰੇ ਤੋਂ ਬਾਹਰ ਗੋਹੇ ਅਤੇ ਪਾਥੀਆਂ ਦੀ ਧੂਣੀ ਧੁਖ਼ਾ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਸ਼ਿਲੇ ਵਾਲੀ ਔਰਤ ਕੋਲ ਸਵਾ ਮਹੀਨੇ ਤੱਕ ਕਿਸੇ ਓਪਰੇ ਵਿਅਕਤੀ ਅਤੇ ਔਰਤ ਦਾ ਜਾਣਾ ਵਰਜਿਤ ਹੁੰਦਾ ਹੈ। ਬਾਜ਼ੀਗਰ ਕਬੀਲੇ ਦੀ ਇਹ ਪ੍ਰਚਲਿਤ ਧਾਰਨਾ ਹੈ ਕਿ ਓਪਰੀਆਂ ਰੂਹਾਂ ਬੱਚਾ ਅਤੇ ਜੱਚਾ ਤੇ ਜ਼ਿਆਦਾ ਵਾਰ ਕਰਦੀਆਂ ਹਨ।

ਬਾਜ਼ੀਗਰ ਕਬੀਲੇ ਵਿਚ ਪ੍ਰਸੂਤ ਦੌਰਾਨ ਮਰੀ ਔਰਤ ਨੂੰ ਬੜਾ ਸਖ਼ਤ ਖਿਆਲ ਕੀਤਾ ਜਾਂਦਾ ਹੈ।

3. **ਕਾਲੇ ਇਲਮ ਵਿਚ ਵਿਸ਼ਵਾਸ :** ਬਾਜ਼ੀਗਰ ਕਬੀਲੇ ਦੇ ਲੋਕ ਕਾਲੇ ਇਲਮ ਵਿਚ ਵਿਸ਼ਵਾਸ ਕਰਦੇ ਹਨ। ਬਾਜ਼ੀਗਰ ਕਬੀਲੇ ਵਿਚ ਕਾਲੇ ਇਲਮ ਵਾਲੇ ਸਾਧੂ ਸੰਤ ਨੂੰ ਕਬੀਲੇ ਵਿਚ ਹਿਕਾਰਤ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ। ਕਬੀਲੇ ਵਿਚ ਕਾਲੇ ਇਲਮ ਵਾਲੇ ਸਾਧੂ ਸੰਤ ਅਤੇ ਛੜੀਏ ਤੇ ਸਮਾਜਿਕ ਪ੍ਰਤੀਬੰਧ ਲਗਾਇਆ ਜਾਂਦਾ ਹੈ। ਉਸ ਦੀ ਕਬੀਲੇ ਦੇ ਸਮਾਜਿਕ ਸਮਾਗਮਾਂ ਵਿਚ ਭੋਰਾ ਵੀ ਪੁੱਛ ਪ੍ਰਤੀਤ ਨਹੀਂ ਹੁੰਦੀ। ਬਾਜ਼ੀਗਰ ਕਬੀਲੇ ਦੇ ਲੋਕਾਂ ਦਾ ਵਿਸ਼ਵਾਸ ਹੈ ਕਿ ਕਾਲਾ ਇਲਮ ਮਨੁੱਖ ਦਾ ਬਹੁਤ ਜ਼ਿਆਦਾ ਜਾਨੀ ਅਤੇ ਮਾਲੀ ਨੁਕਸਾਨ ਕਰ ਸਕਦਾ ਹੈ ਅਤੇ ਕਾਲੇ ਇਲਮ ਦੇ ਪ੍ਰਭਾਵ ਨੂੰ ਖਤਮ ਕਰਨਾ ਬਹੁਤ ਮੁਸ਼ਕਿਲ ਹੁੰਦਾ ਹੈ। ਕਬੀਲੇ ਵਿਚ ਕਾਲੇ ਇਲਮ ਦਾ ਭੈਅ ਬਹੁਤ ਕਰਕੇ ਨੌਜਵਾਨ ਔਰਤਾਂ ਅਤੇ ਕੁਆਰੀਆਂ ਲੜਕੀਆਂ ਵਿਚ ਪਾਇਆ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿਚ ਕਾਲਾ ਇਲਮ ਜਾਣਨ ਵਾਲੇ ਸਾਧ ਅਤੇ ਵਿਅਕਤੀ ਨੂੰ ਸਮਾਜਿਕ ਪ੍ਰਵਾਨਗੀ ਪ੍ਰਾਪਤ ਨਹੀਂ ਹੁੰਦੀ।

4. **ਧਾਗੇ ਤਵੀਤਾਂ ਅਤੇ ਟੂਣਿਆਂ ਵਿਚ ਵਿਸ਼ਵਾਸ :** ਬਾਜ਼ੀਗਰ ਕਬੀਲੇ ਦੇ ਲੋਕ ਧਾਗੇ ਤਵੀਤਾਂ ਅਤੇ ਟੂਣੇ ਟਾਮਣਾਂ ਵਿਚ ਬਹੁਤ ਵਿਸ਼ਵਾਸ ਰੱਖਦੇ ਹਨ। ਬਾਜ਼ੀਗਰ ਕਬੀਲੇ ਵਿਚ ਭੂਤਾਂ ਪ੍ਰੇਤਾਂ ਅਤੇ ਕਿਸੇ ਹੋਰ ਓਪਰੀ ਸ਼ੈਅ ਦੇ ਪ੍ਰਭਾਵ ਨੂੰ ਖਤਮ ਕਰਨ ਲਈ ਧਾਗੇ ਤਵੀਤਾਂ ਦਾ ਸਹਾਰਾ ਲਿਆ ਜਾਂਦਾ ਹੈ। ਕਬੀਲੇ ਵਿਚ ਬੱਚਿਆਂ ਅਤੇ ਔਰਤਾਂ ਦੀਆਂ ਮਾੜੀਆਂ ਰੂਹਾਂ ਅਤੇ ਨਜ਼ਰ ਤੋਂ ਬਚਾਉਣ ਲਈ ਕਾਲਾ ਧਾਗਾ, ਮਣਕੇ, ਮੌਲੀ ਅਤੇ ਚਾਂਦੀ ਵਿਚ ਮੜ੍ਹਾ ਕੇ ਰੱਖਾਂ ਆਦਿ ਪਾਈਆਂ ਜਾਂਦੀਆਂ ਹਨ। ਇਹ ਧਾਗੇ ਤਵੀਤ ਅਤੇ ਰੱਖਾਂ ਕਬੀਲੇ ਦੇ ਸਿਆਣੇ ਲੋਕਾਂ ਅਤੇ ਸਾਧਾਂ ਸੰਤਾਂ ਦੁਆਰਾ ਜੰਤਰ ਮੰਤਰ ਪੜ੍ਹਕੇ ਦਿੱਤੀਆਂ ਜਾਂਦੀਆਂ ਹਨ। ਬਾਜ਼ੀਗਰ ਕਬੀਲੇ ਵਿਚ ਕਿਸੇ ਪਰਿਵਾਰ ਵਿਚ ਪਹਿਲੀ ਔਰਤ ਦੇ ਮਰ ਜਾਣ ਤੋਂ ਬਾਅਦ ਉਸਦੇ ਥਾਵੇਂ ਦੁਬਾਰਾ ਵਿਆਹ ਕੇ ਲਿਆਂਦੀ ਹੋਈ ਔਰਤ ਦੇ ਗਲ ਵਿਚ ਪਹਿਲੀ ਮਰ ਚੁੱਕੀ ਔਰਤ ਦੀ ਕਰੋਪੀ ਤੋਂ ਬਚਣ ਲਈ ਇਕ ਚਾਂਦੀ ਦੀ ਬਣੀ ਸੌਂਕਣ ਮੋਹਰ ਪਾਈ ਜਾਂਦੀ ਹੈ। ਅਜਿਹਾ ਖਿਆਲ ਕੀਤਾ ਜਾਂਦਾ ਹੈ ਕਿ 'ਸੌਂਕਣ ਮੋਹਰ' ਉਸਨੂੰ ਉਸਦੀ ਮਰ ਚੁੱਕੀ ਸੌਂਕਣ ਦੇ ਪ੍ਰਕੋਪ ਤੋਂ ਬਚਾਈ ਰੱਖਦੀ ਹੈ। ਬਾਜ਼ੀਗਰ ਕਬੀਲੇ ਵਿਚ ਕਬੀਲੇ ਦੇ ਲੋਕਾਂ ਵਲੋਂ ਆਪਣੇ ਘਰ ਦੀ ਖੁਸ਼ਹਾਲੀ ਲਈ ਕਈ ਪ੍ਰਕਾਰ ਦੇ ਟੂਣੇ ਟਾਮਣ ਕੀਤੇ ਜਾਂਦੇ ਹਨ। ਅਜਿਹਾ ਤਾਂ ਹੀ ਕੀਤਾ ਜਾਂਦਾ ਹੈ ਜੇਕਰ ਕਬੀਲੇ ਦੇ ਕਿਸੇ ਘਰ ਦਾ ਕੋਈ ਲਗਾਤਾਰ ਨੁਕਸਾਨ ਹੋ ਰਿਹਾ ਹੋਵੇ। ਕਬੀਲੇ ਵਿਚ ਟੂਣੇ ਟਾਮਣ ਜ਼ਿਆਦਾਤਰ ਬੱਚੇ ਦੀ ਕਾਮਨਾ ਕਰਨ ਵਾਲੀ ਔਰਤ ਵਲੋਂ ਹੀ ਕੀਤੇ ਜਾਂਦੇ ਹਨ। ਕਬੀਲੇ ਵਿਚ ਟੂਣੇ ਟਾਮਣ ਕੇਵਲ ਉਹ ਔਰਤ ਹੀ ਕਰਦੀ ਹੈ ਜਿਸਦੇ ਵਿਆਹ ਤੋਂ ਬਾਅਦ ਕੋਈ ਔਲਾਦ ਪੈਦਾ ਨਾ ਹੋ ਰਹੀ ਹੋਵੇ ਕਿਉਂਕਿ ਕਬੀਲੇ ਵਿਚ ਅਜਿਹੀ ਔਰਤ ਨੂੰ ਬਦਸ਼ਗਨ ਖਿਆਲ ਕੀਤਾ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿਚ ਇਕ ਦੂਜੇ ਨਾਲ ਵੈਰ ਭਾਵਨਾ ਰੱਖਣ ਵਾਲੇ

ਲੋਕ ਵੀ ਕਈ ਵਾਰ ਵਿਰੋਧੀ ਧਿਰ ਦਾ ਨੁਕਸਾਨ ਕਰਨ ਲਈ ਟੂਣੇ ਟਾਮਣਾਂ ਦਾ ਸਹਾਰਾ ਲੈਂਦੇ ਹਨ। ਬਾਜ਼ੀਗਰ ਕਬੀਲੇ ਵਿਚ ਟੂਣੇ ਕਰਨ ਵਾਲੇ ਲੋਕਾਂ ਦਾ ਸਤਿਕਾਰ ਨਹੀਂ ਕੀਤਾ ਜਾਂਦਾ ਸਗੋਂ ਅਜਿਹੇ ਲੋਕਾਂ ਤੋਂ ਇਕ ਖਾਸ ਦੂਰੀ ਬਣਾ ਕੇ ਰੱਖੀ ਜਾਂਦੀ ਹੈ।

5. ਹਥੌਲਿਆਂ ਅਤੇ ਝਾੜਿਆਂ ਵਿਚ ਵਿਸ਼ਵਾਸ : ਬਾਜ਼ੀਗਰ ਕਬੀਲੇ ਦੇ ਲੋਕ ਹਥੌਲਿਆਂ ਅਤੇ ਝਾੜਿਆਂ ਵਿਚ ਮੁੱਢ ਕਦੀਮ ਤੋਂ ਹੀ ਵਿਸ਼ਵਾਸ ਕਰਦੇ ਆ ਰਹੇ ਹਨ। ਬਾਜ਼ੀਗਰ ਕਬੀਲੇ ਦੇ ਲੋਕ ਘਰ ਵਿਚ ਛੋਟੀ ਜਾਂ ਵੱਡੀ ਮਾਤਾ ਨਿਕਲਣ ਆਉਣ ਦੀ ਸੂਰਤ ਵਿਚ ਕਬੀਲੇ ਦੇ ਸਿਆਣੇ ਬਜ਼ੁਰਗਾਂ ਅਤੇ ਸਾਧਾਂ ਸੰਤਾਂ ਤੋਂ ਹਥੌਲਾ ਕਰਵਾਉਂਦੇ ਹਨ। ਝਾੜਾ ਕਰਨ ਵਾਲੇ ਸੰਤਾਂ ਵਲੋਂ ਇਸ ਸਮੇਂ ਦੌਰਾਨ ਘਰ ਵਿਚ ਤੜਕਾ ਲਾਉਣ, ਮਾਸ ਰਿੰਨਣ, ਹਾਰ ਸ਼ਿੰਗਾਰ ਕਰਨ ਅਤੇ ਕੇਸ ਵਾਹੁਣ ਤੇ ਪ੍ਰਤੀਬੰਧ ਲਾਇਆ ਜਾਂਦਾ ਹੈ। ਕਬੀਲੇ ਵਿਚ ਲਗਾਤਾਰ ਬੁਖ਼ਾਰ ਚੜ੍ਹਨ, ਅੱਧਾ ਸਿਰਦਰਦ, ਫੋੜੇ ਫਿਨਸੀ, ਸੱਪ ਦੇ ਡੱਸਣ, ਛਪਾਕੀ, ਜਾੜ੍ਹ ਦਰਦ, ਓਪਰੀ ਕਸਰ ਅਤੇ ਬਾਂਝਪਣ ਦਾ ਇਲਾਜ ਜੰਤਰਾਂ ਮੰਤਰਾਂ ਅਤੇ ਝਾੜ ਫੂਕ ਆਦਿ ਨਾਲ ਕੀਤਾ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿਚ ਮਾਈ ਨਿਕਲ ਆਉਣ ਦੀ ਸੂਰਤ ਵਿਚ ਮਾਈ ਦਾ ਸਿੱਧਾ ਨਾਂ ਨਹੀਂ ਲਿਆ ਜਾਂਦਾ ਸਗੋਂ ਇਸ ਲਈ ਪ੍ਰਤੀਕਾਤਮਕ ਸ਼ਬਦ 'ਭਾਰੋ' ਇਸਤੇਮਾਲ ਕੀਤਾ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਫ਼ਕੀਰਾਂ ਅਤੇ ਸੰਤਾਂ ਵਲੋਂ ਮਰੀਜ਼ਾਂ ਦੇ ਇਲਾਜ ਲਈ 'ਅਰਬੀ ਭਾਸ਼ਾ' ਵਿੱਚ ਲਿਖੇ ਹੋਏ ਤਾਵੀਜ਼ ਵੀ ਦਿੱਤੇ ਜਾਂਦੇ ਹਨ। ਇਸ ਸਮੇਂ ਦੌਰਾਨ ਪੀਰਾਂ ਦੇ ਦਰਬਾਰ ਅੱਗੇ ਬੈਠੇ ਸਵਾਲੀਆਂ ਦਾ ਦਰਗਾਹ ਦੇ ਸੇਵਾਦਾਰ ਵਲੋਂ ਸਬੰਧਤ ਸਵਾਲੀ ਦਾ ਨਾਂ ਲੈ ਕੇ ਦਰਗਾਹ ਵਿਚ ਝਾਤੀ ਮਾਰ ਕੇ ਉਸਦਾ ਰੋਗ ਪੁੱਛਿਆ ਜਾਂਦਾ ਹੈ। ਫਿਰ ਦਰਗਾਹ ਦਾ ਸੇਵਾਦਾਰ ਖ਼ੁਦ ਹੀ ਅੰਤਰਮੁਖੀ ਹੋ ਕੇ ਉਸਦੀ ਮਰਜ਼ ਬਾਰੇ ਜਾਣਕੇ ਉਸ ਨੂੰ ਧਾਗਾ ਤਵੀਤ ਅਤੇ ਭਬੂਤੀ ਦੇ ਦਿੰਦਾ ਹੈ।

6. ਦੇਵੀਆਂ ਦੇ ਸੁੱਖਾਂ ਸੁਖਣੀਆਂ ਅਤੇ ਸੁੱਖਾਂ ਤਾਰਨੀਆਂ : ਬਾਜ਼ੀਗਰ ਕਬੀਲੇ ਦੇ ਲੋਕ ਕਾਲੀ ਮਾਈ, ਨੈਣਾਂ ਦੇਵੀ, ਇੱਛਰ ਕੁੰਡੇ ਅਤੇ ਜਵਾਲਾ ਮਾਤਾ ਅਤੇ ਕਬੀਲੇ ਦੀ ਦੇਸਾਂ ਮਾਈ ਦੇ ਨਾਂ ਤੇ ਸੁੱਖਾਂ ਸੁਖਦੇ ਅਤੇ ਮੁਰਾਦ ਪੂਰੀ ਹੋਣ ਤੇ ਸੁੱਖਾਂ ਉਤਾਰਦੇ ਹਨ। ਕਬੀਲੇ ਦੇ ਲੋਕ ਆਪਣੀ ਇੱਛਾ ਪੂਰੀ ਹੋਣ ਤੇ ਸਬੰਧਤ ਮਾਤਾ ਦੇ ਹਿਮਾਚਲ ਵਿਖੇ ਮੁੱਖ ਮੰਦਰ ਤੇ ਜਾ ਕੇ ਮੱਥਾ ਟੇਕਦੇ ਹਨ। ਘਰ ਵਿਚ ਜਨਮ ਲੈਣ ਵਾਲੇ ਨਿੱਕੇ ਬੱਚੇ ਅਤੇ ਨਵੇਂ ਵਿਆਹੇ ਜੋੜਿਆਂ ਨੂੰ ਵਿਸ਼ੇਸ਼ ਤੌਰ ਤੇ ਦੇਵੀ ਮਾਤਾ ਦਾ ਅਸ਼ੀਰਵਾਦ ਲੈਣ ਲਈ ਮੱਥਾ ਟਿਕਾਇਆ ਜਾਂਦਾ ਹੈ। ਮਾਤਾ ਦੇ ਦਰਬਾਰ ਜਾਣ ਤੋਂ ਇਕ ਦਿਨ ਪਹਿਲਾਂ ਕਬੀਲੇ ਦੇ ਲੋਕਾਂ ਵਲੋਂ ਜਾਗ ਕੇ ਜਗਰਾਤਾ ਕੱਟਿਆ ਜਾਂਦਾ ਹੈ। ਮਾਤਾ ਦੇ ਦਰਸ਼ਨਾਂ ਉਪਰੰਤ ਸਮੂਹ ਡੇਰੇ ਵਿਚ ਮਾਤਾ ਦਾ ਪ੍ਰਸ਼ਾਦ ਵੰਡਿਆ ਜਾਂਦਾ ਹੈ।

7. ਆਤਮਾਵਾਂ ਅਤੇ ਜੂਨੀਆਂ ਵਿਚ ਵਿਸ਼ਵਾਸ : ਬਾਜ਼ੀਗਰ ਕਬੀਲੇ ਦੇ ਲੋਕ ਆਤਮਾਵਾਂ ਅਤੇ ਜੂਨੀਆਂ ਵਿਚ ਵਿਸ਼ਵਾਸ ਰੱਖਦੇ ਹਨ। ਬਾਜ਼ੀਗਰ ਕਬੀਲੇ ਵਿਚ

ਕੋਈ ਮੌਤ ਹੋ ਜਾਣ ਦੀ ਸੂਰਤ ਵਿਚ ਮ੍ਰਿਤਕ ਦੇ ਅੰਤਿਮ ਸੰਸਕਾਰ ਤੋਂ ਦੂਜੇ ਦਿਨ ਰਾਤ ਨੂੰ ਘਰ ਵਿਚ ਰਾਖ਼ ਛਾਣ ਕੇ ਉੱਤੇ ਪਰਾਤ ਮੂਧੀ ਮਾਰ ਦਿੱਤੀ ਜਾਂਦੀ ਹੈ ਤੇ ਫਿਰ ਤੀਜੇ ਦਿਨ ਸਵੇਰੇ-ਸਵੇਰੇ ਪਰਾਤ ਚੁੱਕ ਕੇ ਰਾਖ਼ ਤੇ ਪਏ ਨਿਸ਼ਾਨਾਂ ਤੋਂ ਮ੍ਰਿਤਕ ਵਿਅਕਤੀ ਦੀ ਜੂਨੀ ਦੀ ਪਛਾਣ ਕੀਤੀ ਜਾਂਦੀ ਹੈ। ਇਨ੍ਹਾਂ ਨਿਸ਼ਾਨਾਂ ਤੋਂ ਇਹ ਅੰਦਾਜ਼ਾ ਲਾਇਆ ਜਾਂਦਾ ਹੈ ਕਿ ਮ੍ਰਿਤਕ ਪਸ਼ੂ, ਪੰਛੀ ਜਾਂ ਆਦਮੀ ਹੋਰ ਕਿਸ ਜੂਨੀ ਵਿਚ ਪਿਆ ਹੈ। ਰਾਖ਼ ਤੇ ਕੋਈ ਵੀ ਨਿਸ਼ਾਨ ਨਾ ਪੈਣ ਦੀ ਸੂਰਤ ਵਿਚ ਕਬੀਲੇ ਦੇ ਲੋਕ ਇਹ ਵਿਸ਼ਵਾਸ ਕਰਦੇ ਹਨ ਕਿ ਮ੍ਰਿਤਕ ਆਵਾਗੌਣ ਦੇ ਗੇੜ ਤੋਂ ਮੁਕਤ ਹੋ ਗਿਆ ਹੈ। ਬਾਜ਼ੀਗਰ ਕਬੀਲੇ ਵਿਚ ਮੌਤ ਮਗਰੋਂ ਮ੍ਰਿਤਕ ਨੂੰ ਰੋਟੀ ਦੇਣੀ ਅਤੇ ਹਰਿਦੁਆਰ ਫੁੱਲ ਲੈ ਕੇ ਜਾਣ ਮੌਕੇ ਮ੍ਰਿਤਕ ਦੀ ਆਤਮਾ ਨੂੰ ਆਵਾਜ਼ ਦੇ ਕੇ ਨਾਲ ਲੈ ਕੇ ਜਾਣਾ, ਉਸ ਦੀ ਵੱਖਰੀ ਸੀਟ ਰੱਖਣੀ, ਉਸਦੇ ਨਾਂ ਦੀ ਟਿਕਟ ਲੈਣੀ ਅਤੇ ਘਰ ਤੋਂ ਹਰਿਦੁਆਰ ਦੇ ਰਸਤੇ ਤੱਕ ਰੋਟੀ ਪਾਣੀ ਅਤੇ ਬੀੜੀ ਬੱਤੀ ਦੀ ਸੁਲਹ ਮਾਰਨੀ ਕਬੀਲੇ ਦੇ ਆਤਮਾਵਾਂ ਵਿਚ ਵਿਸ਼ਵਾਸ ਨੂੰ ਹੋਰ ਗੂੜ੍ਹਾ ਕਰਦੇ ਹਨ।

8. ਬੱਚੇ ਦੇ ਜਨਮ ਸਬੰਧੀ ਵਿਸ਼ਵਾਸ : ਬਾਜ਼ੀਗਰ ਕਬੀਲੇ ਵਿਚ ਬੱਚੇ ਦੇ ਜਨਮ ਤੋਂ ਤੁਰੰਤ ਬਾਅਦ ਉਸ ਨੂੰ ਓਪਰੀਆਂ ਰੂਹਾਂ ਤੋਂ ਬਚਾਉਣ ਲਈ ਘਰ ਅੱਗੇ ਪਾਥੀਆਂ ਦੀ ਧੂਣੀ ਧੁਖਾ ਦਿੱਤੀ ਜਾਂਦੀ ਹੈ। ਉਸ ਦੇ ਜਨਮ ਤੋਂ ਤੁਰੰਤ ਬਾਅਦ ਉਸ ਨੂੰ ਕਬੀਲੇ ਦੇ ਕਿਸੇ ਸਿਆਣੇ ਅਤੇ ਗਿਆਨੀ ਵਿਅਕਤੀ ਵਲੋਂ ਗੁੜਤੀ ਦਿੱਤੀ ਜਾਂਦੀ ਹੈ ਤਾਂ ਕਿ ਬੱਚਾ ਵੱਡਾ ਹੋ ਕੇ ਬੁੱਧੀਮਾਨ ਵਿਅਕਤੀ ਬਣੇ। ਕਬੀਲੇ ਵਿਚ ਬੱਚੇ ਦੇ ਜਨਮ ਤੋਂ ਬਾਅਦ ਔਰਤ ਨੂੰ ਸਵਾ ਮਹੀਨਾ ਸ਼ਿਲੇ ਵਿਚ ਰਹਿਣਾ ਪੈਂਦਾ ਹੈ ਤੇ ਇਹ ਘਰ ਸਵਾ ਮਹੀਨੇ ਲਈ ਘਰ ਤੋਂ ਬਾਹਰਲੇ ਲੋਕਾਂ ਲਈ ਵਰਜਿਤ ਹੁੰਦਾ ਹੈ। ਬੱਚੇ ਦੇ ਜਨਮ ਤੋਂ ਬਾਅਦ ਜਣੇਪੇ ਵਾਲੀ ਔਰਤ ਨੂੰ ਉਸਦੀ ਸਰੀਰਕ ਸ਼ੁੱਧੀ ਲਈ ਕਈ ਪ੍ਰਕਾਰ ਦੀਆਂ ਜੜ੍ਹੀਆਂ ਬੂਟੀਆਂ ਦਾ ਕਾੜ੍ਹਾ ਦਿੱਤਾ ਜਾਂਦਾ ਹੈ। ਕਬੀਲੇ ਦੀ ਦਾਈ ਉਸਦੀ ਸਵਾ ਮਹੀਨਾ ਦੇਖਭਾਲ ਕਰਦੀ ਹੈ ਜਿਸ ਦੇ ਇਵਜ਼ ਵਿਚ ਦਾਈ ਨੂੰ ਗੁੜ੍ਹ, ਕੱਪੜੇ, ਸਾਬਣ ਅਤੇ ਵਿਸ਼ੇਸ਼ ਭੋਜ ਦੇ ਕੇ ਕਰਕੇ ਸਤਿਕਾਰਿਆ ਜਾਂਦਾ ਹੈ।

ਬਾਜ਼ੀਗਰ ਕਬੀਲੇ ਵਿਚ ਬੱਚੇ ਨੂੰ ਨਜ਼ਰ ਤੋਂ ਬਚਾਉਣ ਲਈ ਉਸਦੇ ਮੱਥੇ ਤੇ ਕਾਲਾ ਟਿੱਕਾ ਲਾਇਆ ਜਾਂਦਾ ਹੈ ਅਤੇ ਹੱਥ ਤੇ ਕਣਕ ਦੇ ਦਾਣੇ ਬੰਨ੍ਹੇ ਜਾਂਦੇ ਹਨ। ਨਜ਼ਰ ਲੱਗ ਜਾਣ ਦੀ ਸੂਰਤ ਵਿਚ ਉਸਦੇ ਸਿਰ ਤੋਂ ਸੱਤ 'ਡੰਡੀ ਵਾਲੀਆਂ' ਮਿਰਚਾਂ ਵਾਰਕੇ ਅੱਗ ਵਿਚ ਸੁੱਟੀਆਂ ਜਾਂਦੀਆਂ ਹਨ। ਬਾਜ਼ੀਗਰ ਕਬੀਲੇ ਵਿਚ ਗਰਭਵਤੀ ਔਰਤ ਨੂੰ ਬਾਂਝ ਔਰਤ ਦੇ ਸਾਏ ਤੋਂ ਵਿਸ਼ੇਸ਼ ਤੌਰ ਤੇ ਬਚਾ ਕੇ ਰੱਖਿਆ ਜਾਂਦਾ ਹੈ। ਇਸ ਸਬੰਧੀ ਕਬੀਲੇ ਦਿਵੱਚ ਇਹ ਵਿਸ਼ਵਾਸ ਪ੍ਰਚਲਿਤ ਹੈ ਕਿ ਇਸ ਦਾ ਪ੍ਰਭਾਵ ਗਰਭਵਤੀ ਔਰਤ ਅਤੇ ਉਸਦੇ ਬੱਚੇ ਤੇ ਪੈ ਸਕਦਾ ਹੈ।

9. ਬਾਜ਼ੀਗਰ ਕਬੀਲੇ ਵਿਚ ਵਿਆਹ ਸਬੰਧੀ ਵਿਸ਼ਵਾਸ : ਬਾਜ਼ੀਗਰ ਕਬੀਲੇ ਵਿਚ ਲੜਕੇ ਲੜਕੀ ਦਾ ਸ਼ਗਨ ਜਾਂ ਰਿਸ਼ਤਾ ਕਰਨ ਲੱਗਿਆਂ ਕੋਈ ਅਣਹੋਣੀ ਵਾਪਰ ਜਾਵੇ ਤਾਂ ਇਸ ਰਿਸ਼ਤੇ ਨੂੰ ਭਾਰਾ ਸਮਝ ਕੇ ਇਸ ਤੋਂ ਕਿਨਾਰਾ

ਕਰ ਲਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿਚ 'ਭੌਰੀ' ਵਾਲੇ ਲੜਕੇ ਅਤੇ ਲੜਕੀ ਨੂੰ ਮਨਹੂਸ ਕਿਆਸ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਕਬੀਲੇ ਵਿਚ ਕਾਲੀ ਜੀਭ ਵਾਲੇ ਨੂੰ ਵੀ ਮਨਹੂਸ ਗਿਣਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿਚ ਜੇਕਰ ਵਿਆਹ ਵਾਲੀ ਲੜਕੀ ਦੇ ਵਰੀ ਵਾਲੇ ਸੂਟ ਜਾਂ ਜੁੱਤੀ ਨੂੰ ਕੋਈ ਟੁਕ ਜਾਂ ਜਲਣ ਦਾ ਦਾਗ ਲੱਗ ਜਾਵੇ ਤਾਂ ਇਸ ਨੂੰ ਕਿਸੇ ਭਾਰੀ ਟੂਣੇ ਟਾਮਣ ਟਾਲ ਜੋੜਕੇ ਵੇਖਿਆ ਜਾਂਦਾ ਹੈ ਤੇ ਇਸ ਬਦਸ਼ਗਨੀ ਨੂੰ ਟਾਲਣ ਲਈ ਕਈ ਤਰ੍ਹਾਂ ਦੇ ਅਹੁੜ ਪਹੁੜ ਕਰਵਾਏ ਜਾਂਦੇ ਹਨ। ਬਾਜ਼ੀਗਰ ਕਬੀਲੇ ਵਿਚ ਲੜਕੇ ਅਤੇ ਲੜਕੀ ਦੇ ਵਿਆਹ ਦਾ ਸਾਹਾ ਬੰਨ੍ਹਣ ਮਗਰੋਂ ਉਨ੍ਹਾਂ ਦਾ ਘਰ ਤੋਂ ਬਾਹਰ ਜਾਣਾ ਵਰਜਿਤ ਹੁੰਦਾ ਹੈ। ਜੇਕਰ ਲੜਕਾ ਡੇਰੇ ਤੋਂ ਦੂਰ ਕੋਈ ਕੰਮ ਧੰਦਾ ਜਾਂ ਨੌਕਰੀ ਕਰਦਾ ਹੋਵੇ ਤਾਂ ਉਸ ਨੂੰ ਸਮੇਂ ਸਿਰ ਘਰ ਬਹੁੜਨਾ ਪੈਂਦਾ ਹੈ। ਵਿਆਹ ਦਾ ਸਾਹਾ ਬੰਨ੍ਹਣ ਤੋਂ ਬਾਅਦ ਵਿਆਹ ਵਾਲੀ ਲੜਕੀ ਅਤੇ ਲੜਕਾ ਬੁਰੀਆਂ ਆਤਮਾਵਾਂ ਅਤੇ ਬਦਰੂਹਾਂ ਤੋਂ ਬਚਣ ਲਈ ਆਪਣੇ ਕੋਲ ਲੋਹੇ ਦਾ ਚਾਕੂ ਜਾਂ ਛੁਰੀ ਰੱਖਦੇ ਹਨ। ਵਿਆਹ ਦੀ ਤਾਰੀਖ ਨਿਸ਼ਚਿਤ ਹੋ ਜਾਣ ਤੇ ਲੜਕੇ ਅਤੇ ਲੜਕੀ ਦਾ ਘਰ ਤੋਂ ਬਾਹਰ ਨਿਕਲਣਾ ਮਨ੍ਹਾ ਹੁੰਦਾ ਹੈ। ਜੇਕਰ ਘਰ ਤੋਂ ਬਾਹਰ ਜ਼ਰੂਰੀ ਨਿਕਲਣਾ ਪੈ ਜਾਵੇ ਤਾਂ ਅਜਿਹੀ ਹਾਲਤ ਵਿਚ ਕਿਸੇ ਸਾਥੀ ਜਾਂ ਸਹੇਲੀ ਨੂੰ ਨਾਲ ਲੈ ਕੇ ਜਾਇਆ ਜਾਂਦਾ ਹੈ।

10. ਬਾਜ਼ੀਗਰ ਕਬੀਲੇ ਵਿਚ ਮੌਤ ਸਬੰਧੀ ਵਿਸ਼ਵਾਸ : ਬਾਜ਼ੀਗਰ ਕਬੀਲੇ ਵਿਚ ਕੋਈ ਮੌਤ ਹੋ ਜਾਣ ਦੀ ਸੂਰਤ ਵਿਚ ਮ੍ਰਿਤਕ ਨੂੰ ਮੰਜੇ ਤੋਂ ਹੇਠਾਂ ਉਤਾਰ ਦਿੱਤਾ ਜਾਂਦਾ ਹੈ। ਇਸੇ ਉਪਰੰਤ ਉਸ ਨੂੰ ਭੋਇੰ ਤੇ ਪਾ ਕੇ ਉਸ ਤੇ ਕੋਈ ਚਾਦਰ ਜਾਂ ਕੱਪੜਾ ਤਾਣ ਦਿੱਤਾ ਜਾਂਦਾ ਹੈ। ਜੇਕਰ ਮੌਤ ਸ਼ਾਮ ਵੇਲੇ ਹੋਵੇ ਤਾਂ ਉਸਦਾ ਸੰਸਕਾਰ ਦੂਜੇ ਦਿਨ ਸਵੇਰੇ ਕੀਤਾ ਜਾਂਦਾ ਹੈ। ਰਾਤ ਭਰ ਮ੍ਰਿਤਕਦੇਹ ਦੀ ਓਪਰੀਆਂ ਰੂਹਾਂ ਤੋਂ ਰੱਖਿਆ ਕਰਨ ਲਈ ਬੈਠ ਕੇ ਪੈਰ੍ਹਾ ਦਿੱਤਾ ਜਾਂਦਾ ਹੈ। ਮ੍ਰਿਤਕ ਦੀ ਦੇਹ ਕੋਲ ਉਸਦੇ ਸਰੀਰ ਦੇ ਨਾਪ ਦਾ ਇਕ ਕਾਨਾ ਰੱਖ ਦਿੱਤਾ ਜਾਂਦਾ ਹੈ। ਕਬੀਲੇ ਵਿਚ ਕਾਨਾ ਰੱਖਣ ਸਬੰਧੀ ਇਹ ਵਿਸ਼ਵਾਸ ਪ੍ਰਚਲਿਤ ਹੈ ਕਿ ਇਹ ਮ੍ਰਿਤਕ ਦੀ ਮੰਜੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਕਾਨਾ ਰੱਖਣ ਸਬੰਧੀ ਕਬੀਲੇ ਵਿੱਚ ਇਹ ਵੀ ਧਾਰਨਾ ਬਣੀ ਹੋਈ ਹੈ ਇਸ ਨਾਲ ਮ੍ਰਿਤਕ ਦੇਹ ਵਿੱਚ ਕਿਸੇ ਬੁਰੀ ਆਤਮਾ ਦੇ ਪ੍ਰਵੇਸ਼ ਕਰਨ ਦਾ ਪਤਾ ਲੱਗ ਜਾਂਦਾ ਹੈ। ਮ੍ਰਿਤਕ ਨੂੰ ਘਰ ਤੋਂ ਸੰਸਕਾਰ ਲਈ ਲਿਜਾਂਦੇ ਸਮੇਂ ਕਾਂਧੀਆਂ ਦੁਆਰਾ ਉਸਦੀ ਦੇਹ ਦੀ ਘੁਮਾ ਕੇ ਦਿਸ਼ਾ ਬਦਲੀ ਜਾਂਦੀ ਹੈ। ਅਜਿਹਾ ਮ੍ਰਿਤਕ ਦੀ ਰੂਹ ਨੂੰ ਭੁਲੇਖਾ ਪਾਉਣ ਲਈ ਕੀਤਾ ਜਾਂਦਾ ਹੈ ਤਾਂ ਕਿ ਉਸਦੀ ਰੂਹ ਵਾਪਸ ਨਾ ਪਰਤ ਆਵੇ। ਮ੍ਰਿਤਕ ਦਾ ਸੰਸਕਾਰ ਕਰਨ ਲੱਗਿਆਂ ਉਸ ਦੀ ਦੇਹ ਨੂੰ ਲਾਂਬੂ ਲਾ ਕੇ ਉਸਦੇ ਆਲੇ ਦੁਆਲੇ ਗੰਧਾਲੇ ਨਾਲ ਇਕ ਚੱਕਰ ਬਣਾ ਦਿੱਤਾ ਜਾਂਦਾ ਹੈ ਤਾਂ ਕਿ ਉਸ ਦੀ ਰੂਹ ਉਸ ਲਕੀਰ ਵਿਚੋਂ ਬਾਹਰ ਨਾ ਆ ਸਕੇ। ਕਬੀਲੇ ਵਿਚ ਮ੍ਰਿਤਕ ਦੀ ਛਾਤੀ ਤੇ ਉਸਦੇ ਛੋਟੇ ਪੁੱਤਰ ਦੇ ਥੋੜ੍ਹੇ ਜਿਹੇ ਵਾਲ ਕੱਟ ਕੇ ਰੱਖ ਦਿੱਤੇ ਜਾਂਦੇ ਹਨ। ਇਸ ਸਬੰਧੀ ਅਜਿਹਾ ਵਿਸ਼ਵਾਸ ਹੈ ਕਿ ਅਜਿਹਾ ਕਰਨ ਨਾਲ ਉਹ ਇਸ ਜਹਾਨ ਤੋਂ ਸੁੱਖੀ ਤੇ ਤ੍ਰਿਪਤ ਜਾਂਦਾ ਹੈ।

ਇਸ ਤੋਂ ਇਲਾਵਾ ਬਾਜ਼ੀਗਰ ਕਬੀਲੇ ਵਿਚ ਹੇਠ ਲਿਖੇ ਲੋਕ ਵਿਸ਼ਵਾਸ ਪ੍ਰਚਲਿਤ ਹਨ:-

1. ਬਾਜ਼ੀਗਰ ਕਬੀਲੇ ਵਿਚ ਛੋਟੇ ਬੱਚੇ ਦੀ ਪ੍ਰਸ਼ੰਸਾ ਕਰਨ ਨੂੰ ਅਸ਼ੁੱਭ ਮੰਨਿਆ ਜਾਂਦਾ ਹੈ। ਇਸ ਸਬੰਧੀ ਅਜਿਹਾ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਛੋਟੇ ਬੱਚੇ ਦੀ ਪ੍ਰਸ਼ੰਸਾ ਕਰਨ ਨਾਲ ਉਸ ਨੂੰ ਪ੍ਰਸ਼ੰਸਾ ਕਰਨ ਵਾਲੇ ਦੀ ਨਜ਼ਰ ਖਾ ਜਾਂਦੀ ਹੈ। ਨਜ਼ਰ ਤੋਂ ਰੱਖਿਆ ਕਰਨ ਲਈ ਨਵੇਂ ਜਨਮੇ ਬੱਚੇ ਦੇ ਗਲੇ ਵਿਚੰ ਚੰਦਨ ਦੀ ਲੱਕੜ, ਨਜ਼ਰਵੱਟੂ, ਲੋਹੇ ਦਾ ਛੱਲਾ ਅਤੇ ਇਕ ਕੋਡੀ ਕਾਲੇ ਧਾਗੇ ਵਿਚ ਪਰੋਕੇ ਪਾਏ ਜਾਂਦੇ ਹਨ।
2. ਕਬੀਲੇ ਵਿਚ ਹਨ੍ਹੇਰੀ ਰਾਤ ਵਿਚ ਰੁਦਨ ਕਰਨ ਨੂੰ ਬਹੁਤ ਮਾੜਾ ਸਮਝਿਆ ਜਾਂਦਾ ਹੈ। ਇਸ ਸਬੰਧੀ ਕਬੀਲੇ ਇਹ ਵਿਸ਼ਵਾਸ ਪ੍ਰਚਲਿਤ ਹੈ ਕਿ ਇਸ ਤਰ੍ਹਾਂ ਕਰਨ ਨਾਲ ਪੁਰਖਿਆਂ ਦੀਆਂ ਰੂਹਾਂ ਕਰੋਪੀ ਹੋ ਜਾਂਦੀਆਂ ਹਨ ਅਤੇ ਕਿਸੇ ਜਾਨੀ ਅਤੇ ਮਾਲੀ ਨੁਕਸਾਨ ਹੋਣ ਦਾ ਡਰ ਹੁੰਦਾ ਹੈ।
3. ਕਬੀਲੇ ਦੇ ਲੋਕ ਚੁਲ੍ਹੇ ਵਿਚ ਅੱਗ ਭੜਕਣ ਤੇ ਜਾਂ ਫਿਰ ਰੋਟੀ ਪਕਾਉਂਦੀ ਔਰਤ ਦੇ ਹੱਥੋਂ ਪੇੜਾ ਡਿੱਗ ਜਾਣ ਦੀ ਸੂਰਤ ਵਿਚ ਘਰ ਵਿਚ ਪ੍ਰਾਹੁਣੇ ਦੀ ਆਮਦ ਕਿਆਸ ਕਰਦੇ ਹਨ।
4. ਕਬੀਲੇ ਵਿਚ ਰਾਤ ਨੂੰ ਡੇਰੇ ਦੇ ਕਿਸੇ ਵੀ ਘਰ ਤੋਂ ਲੂਣ ਮੰਗਣ ਨੂੰ ਮਾੜਾ ਸਮਝਿਆ ਜਾਂਦਾ ਹੈ। ਕਬੀਲੇ ਵਿਚ ਇਸ ਸਬੰਧੀ ਇਹ ਵਿਸ਼ਵਾਸ ਪ੍ਰਚਲਿਤ ਹੈ ਕਿ ਰਾਤ ਨੂੰ ਰਸੋਈ ਦਾ ਸਾਰਾ ਸਮਾਨ ਸੰਤੋਖ ਦਿੱਤਾ ਜਾਂਦਾ ਹੈ ਅਤੇ ਰਾਤ ਨੂੰ ਕਿਸੇ ਨੂੰ ਲੂਣ ਦੇਣ ਨਾਲ ਘਰ ਦੀ ਬਰਕਤ ਵਿਚ ਘਾਟਾ ਪੈਂਦਾ ਹੈ।
5. ਕਬੀਲੇ ਵਿਚ ਰਾਤ ਨੂੰ ਬੱਚੇ ਦਾ ਪੀਂਘਾ (ਝੂਲਾ) ਖੋਲ੍ਹ ਦਿੱਤਾ ਜਾਂਦਾ ਹੈ। ਇਸ ਸਬੰਧੀ ਕਬੀਲੇ ਵਿਚ ਇਹ ਵਿਸ਼ਵਾਸ ਪਾਇਆ ਜਾਂਦਾ ਹੈ ਕਿ ਰਾਤ ਨੂੰ ਝੂਲੇ ਵਿਚ ਕੋਈ ਭੂਤ ਜਾਂ ਚੁੜੇਲ ਵਾਸ ਕਰ ਸਕਦੀ ਹੈ ਅਤੇ ਬੱਚੇ ਨੂੰ ਕੋਈ ਨੁਕਸਾਨ ਹੋ ਸਕਦਾ ਹੈ।
6. ਕਬੀਲੇ ਵਿਚ ਮੰਜੀ ਤੇ ਬੈਠ ਕੇ ਪੈਰ ਹਿਲਾਉਣ ਨੂੰ ਬਦਸ਼ਗਨੀ ਨਾਲ ਜੋੜ ਕੇ ਵੇਖਿਆ ਜਾਂਦਾ ਹੈ।
7. ਕਬੀਲੇ ਵਿਚ ਰਾਤ ਨੂੰ ਪਰਾਤ ਮਾਂਜਣ, ਝਾੜੂ ਮਾਰਨ ਅਤੇ ਦੇਹਲੀ ਵਿਚ ਬੈਠਣ ਨੂੰ ਮਾੜਾ ਸਮਝਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿਚ ਮੰਜੀ ਅਤੇ ਸੰਦੂਕ ਤੇ ਝਾੜੂ ਮਾਰਨ ਨੂੰ ਮਾੜਾ ਵਿਸ਼ਵਾਸ ਕੀਤਾ ਜਾਂਦਾ ਹੈ।
8. ਕਬੀਲੇ ਵਿਚ ਭਰਾਵਾਂ ਵਾਲੀ ਔਰਤ ਵੀਰਵਾਰ ਨੂੰ ਆਪਣਾ ਸਿਰ ਨਹੀਂ ਧੋਂਦੀ। ਇਸ ਸਬੰਧੀ ਕਬੀਲੇ ਦੀਆਂ ਔਰਤਾਂ ਵਿਚ ਇਹ ਵਿਸ਼ਵਾਸ ਪ੍ਰਚਲਿਤ ਹੈ ਕਿ ਵੀਰਵਾਰ ਵਾਲਾ ਦਿਨ ਭਾਰਾ ਦਿਨ ਹੁੰਦਾ ਹੈ ਅਤੇ ਇਸ ਦਿਨ ਵਾਲ ਧੋਣ ਨਾਲ ਭਰਾਵਾਂ ਨੂੰ ਕੋਈ ਨੁਕਸਾਨ ਹੋ ਸਕਦਾ ਹੈ। ਕਬੀਲੇ

ਦੀਆਂ ਔਰਤਾਂ ਲਈ ਵੀਰਵਾਰ ਵਾਲਾ ਦਿਨ ਭਰਾਵਾਂ ਲਈ ਰਾਖਵਾਂ ਹੁੰਦਾ ਹੈ।

9. ਕਬੀਲੇ ਦੀਆਂ ਔਰਤਾਂ ਮੰਗਲਵਾਰ ਨੂੰ ਆਪਣਾ ਸਿਰ ਨਹੀਂ ਧੋਂਦੀਆਂ। ਬਾਜ਼ੀਗਰ ਕਬੀਲੇ ਵਿਚ ਇਹ ਦਿਨ ਦੇਵੀ ਮਾਤਾ ਨੂੰ ਸਮਰਪਿਤ ਹੁੰਦਾ ਹੈ। ਇਸੇ ਲਈ ਕਬੀਲੇ ਦੀਆਂ ਔਰਤਾਂ ਇਸ ਦਿਨ ਸਿਰ ਧੋਣ ਨੂੰ ਅਸ਼ੁੱਭ ਖਿਆਲ ਕਰਦੀਆਂ ਹਨ।
10. ਕਬੀਲੇ ਦੇ ਲੋਕ ਆਪਣੀ ਲੜਕੀ ਜਾਂ ਆਪਣੀ ਹੀ ਗੋਤਰ ਦੀ ਲੜਕੀ ਦਾ ਧਮਾਨ ਨਹੀਂ ਖਾਂਦੇ।
11. ਕਬੀਲੇ ਦੇ ਕੁਝ ਗੋਤਰ ਲੜਕੀਆਂ ਨੂੰ ਮ੍ਰਿਤਕ ਦੀ ਦੇਹ ਤੇ ਵੈਣ ਨਹੀਂ ਪਾਉਣ ਦਿੰਦੇ। ਕਈ ਗੋਤਰਾਂ ਵਿਚ ਰੁਦਨ ਅਤੇ ਵੈਣਾਂ ਦੀ ਖੁੱਲ੍ਹ ਹੁੰਦੀ ਹੈ। ਕਬੀਲੇ ਵਿਚ ਪੁਰਖਿਆਂ ਦੀ ਇਹ ਆਦਿ ਕਾਲੀ ਰੀਤ ਹੈ।
12. ਕਬੀਲੇ ਵਿਚ ਕਿਸੇ ਬੱਚੇ ਦੀ ਮੌਤ ਹੋ ਜਾਣ ਦੀ ਸੂਰਤ ਵਿਚ ਉਸ ਨੂੰ ਨੁਹਾ ਧੁਆ ਕੇ ਦਫ਼ਨਾਇਆ ਜਾਂਦਾ ਹੈ। ਜੇਕਰ ਬੱਚੇ ਦੀ ਮੌਤ ਰਾਤ ਵੇਲੇ ਹੋਵੇ ਤਾਂ ਰਾਤ ਭਰ ਜਾਗਕੇ ਉਸਦੀ ਦੇਹ ਦੀ ਰਖਵਾਲੀ ਕੀਤੀ ਜਾਂਦੀ ਹੈ। ਮ੍ਰਿਤਕ ਬੱਚੇ ਨੂੰ ਦਫ਼ਨਾਉਣ ਲੱਗਿਆਂ ਉਸ ਨੂੰ ਦੁੱਧ ਦੀਆਂ ਬੱਤੀ ਧਾਰਾਂ ਸੰਕੇਤਕ ਰੂਪ ਵਿਚ ਦਿੱਤੀਆਂ ਜਾਂਦੀਆਂ ਹਨ। ਅਜਿਹਾ ਬੱਚੇ ਦੀ ਆਤਮਾ ਦੀ ਸ਼ਾਂਤੀ ਲਈ ਕੀਤਾ ਜਾਂਦਾ ਹੈ।
13. ਕਬੀਲੇ ਦੇ ਲੋਕ ਸੂਣ ਵਾਲੀ ਮੱਝ ਜਾਂ ਗਊ ਨੂੰ ਬੁਰੀ ਨਜ਼ਰ ਤੋਂ ਬਚਾਉਣ ਲਈ ਗਲੇ ਵਿਚ ਜੁੱਤੀ ਪਰੋ ਕੇ ਬੰਨ੍ਹ ਦਿੰਦੇ ਹਨ।
14. ਕਬੀਲੇ ਦੇ ਲੋਕ ਮੱਝ ਜਾਂ ਗਊ ਦੇ ਸੂਣ ਤੇ ਸਬੰਧਤ ਪਸ਼ੂ ਦਾ ਪਹਿਲਾ ਦੁੱਧ ਡੇਰੇ ਦੇ ਆਪਣੇ ਹੀ ਗੋਤਰ ਵਿਚ ਵੰਡ ਦਿੰਦੇ ਹਨ। ਇਸ ਨੂੰ ਦੁੱਧ ਰਲਾਉਣ ਦੀ ਰਸਮ ਕਹਿੰਦੇ ਹਨ। ਇਸੇ ਉਪਰੰਤ ਤਾਜ਼ੀ ਸੂਈ ਮੱਝ ਜਾਂ ਗਊ ਦੇ ਦੁੱਧ ਦੇ ਮਿੱਠੇ ਚਾਵਲ ਬਣਾ ਕੇ ਸਾਰੇ ਡੇਰੇ ਵਿਚ ਵਰਤਾਏ ਜਾਂਦੇ ਹਨ।
15. ਕਬੀਲੇ ਵਿਚ ਰਾਤ ਨੂੰ ਸੁਪਨੇ ਵਿਚ ਵਿਆਹ ਵੇਖਣ ਦੇ ਦ੍ਰਿਸ਼ ਨੂੰ ਕਬੀਲੇ ਵਿਚ ਕਿਸੇ ਹੋਣ ਵਾਲੀ ਮੌਤ ਨਾਲ ਜੋੜ ਕੇ ਵੇਖਿਆ ਜਾਂਦਾ ਹੈ।
16. ਕਬੀਲੇ ਵਿਚ ਰਾਤ ਵੇਲੇ ਬਿੱਲੀਆਂ ਦੇ ਰੁਦਨ ਨੂੰ ਕਿਸੇ ਬਦਸ਼ਗਨੀ ਅਤੇ ਆਉਣ ਵਾਲੀ ਬਿਪਤਾ ਦੇ ਸੰਦਰਭ ਵਿੱਚ ਵੇਖਿਆ ਜਾਂਦਾ ਹੈ।
17. ਕਬੀਲੇ ਵਿਚ ਘਰ ਮਿਲਣ ਆਈ ਧੀ ਭੈਣ ਨੂੰ ਪੁੰਨ ਨਾ ਦੇਣ ਵਾਲੀ ਵਿਅਕਤੀ ਨੂੰ ਮਾੜਾ ਖਿਆਲ ਕੀਤਾ ਜਾਂਦਾ ਹੈ।
18. ਕਬੀਲੇ ਵਿਚ ਕਬੀਲੇ ਵਿਚੋਂ ਛੇਕੇ ਹੋਏ ਵਿਅਕਤੀ ਜਾਂ ਉਸ ਦੀ ਔਲਾਦ ਨਾਲ ਸਬੰਧ ਜੋੜਨ ਨੂੰ ਨੀਵੀਂ ਦ੍ਰਿਸ਼ਟੀ ਨਾਲ ਵੇਖਿਆ ਜਾਂਦਾ ਹੈ।
19. ਕਬੀਲੇ ਵਿਚ ਕਿਸੇ ਪਸ਼ੂ ਨੂੰ ਨਜ਼ਰ ਲੱਗ ਜਾਣ ਦੀ ਸੂਰਤ ਵਿਚ ਮਿਰਚਾਂ ਅਤੇ ਆਟੇ ਦੀ ਛਾਣ ਦੀ ਧੂਣੀ ਦਿੱਤੀ ਜਾਂਦੀ ਹੈ।
20. ਕਬੀਲੇ ਵਿਚ ਔਰਤਾਂ ਅਤੇ ਲੜਕੀਆਂ ਦਾ ਮ੍ਰਿਤਕ ਦੇ ਨਾਲ ਮਸਾਣਾਂ ਤੱਕ

ਜਾਣਾ ਮਨ੍ਹਾ ਹੁੰਦਾ ਹੈ। ਇਸ ਸਬੰਧੀ ਕਬੀਲੇ ਵਿਚ ਵਿਸ਼ਵਾਸ ਹੈ ਕਿ ਮ੍ਰਿਤਕ ਦੀ ਰੂਹ ਕਿਸੇ ਔਰਤ ਜਾਂ ਲੜਕੀ ਵਿਚ ਵਾਸ ਨਾ ਕਰ ਲਵੇ।

21. ਕਬੀਲੇ ਦੇ ਧਰਮਸੋਤ ਗੋਤਰ ਵਿੱਚ ਚੁਬਾਰਾ ਪਾਉਣਾ ਅਤੇ ਕੇਸ ਰੱਖਣ ਦਾ ਟੈਬੂ ਪ੍ਰਚਲਿਤ ਹੈ।
22. ਕਬੀਲੇ ਦੇ ਵਲਜੋਤ ਗੋਤਰ ਵਿਚ ਕਾਲ਼ੇ ਕੱਪੜੇ ਪਹਿਨਣਾ ਅਤੇ ਘਰ ਵਿਚ ਪੱਕਾ ਚੁੱਲ੍ਹਾ ਬਣਾਉਣਾ ਵਰਜਿਤ ਹੈ।
23. ਕਬੀਲੇ ਦੇ ਲਾਲਕਾ ਗੋਤਰ ਵਿੱਚ ਕੱਚ ਦੀਆਂ ਚੂੜੀਆਂ, ਲਾਲ ਮਧਾਣੀ ਅਤੇ ਲਾਲ ਪੀੜ੍ਹਾ ਰੱਖਣਾ ਵਰਜਿਤ ਹੈ।
24. ਕਬੀਲੇ ਦੇ ਵਰਤਿਆ ਗੋਤਰ ਵਿੱਚ ਦੀਵਾਲੀ ਦੇ ਤਿਉਹਾਰ ਸਮੇਂ ਆਪਣੀਆਂ ਕੁੜੀਆਂ ਅਤੇ ਨੂੰਹਾਂ ਨੂੰ ਮਿੱਠੇ ਚਾਵਲਾਂ ਦੇ ਪਿੱਤਰ ਵੰਡਣੇ ਵਰਜਿਤ ਹਨ।
25. ਕਬੀਲੇ ਵਿੱਚ ਕੰਜਰ ਦੇ ਮੱਥੇ ਲੱਗਣ ਨੂੰ ਮਾੜਾ ਸਮਝਿਆ ਜਾਂਦਾ ਹੈ।
26. ਕਬੀਲੇ ਵਿੱਚ ਭੌਰੀ ਵਾਲੇ ਵਿਅਕਤੀ ਦੇ ਮੱਥੇ ਲੱਗਣ ਨੂੰ ਅਪਸ਼ਗਨ ਗਿਣਿਆ ਜਾਂਦਾ ਹੈ।
27. ਕਬੀਲੇ ਵਿੱਚ ਗ੍ਰਹਿਣ ਲੱਗਣ ਦੀ ਸੂਰਤ ਵਿੱਚ ਗਰਭਵਤੀ ਔਰਤ ਦਾ ਬਾਹਰ ਜਾਣਾ ਵਰਜਿਤ ਹੁੰਦਾ ਹੈ। ਇਸਨੂੰ ਆਉਣ ਵਾਲੇ ਬੱਚੇ ਲਈ ਖਤਰਾ ਕਿਆਸ ਕੀਤਾ ਜਾਂਦਾ ਹੈ।
28. ਕਬੀਲੇ ਵਿੱਚ ਮਾਮਾ ਭਾਣਜੇ ਦਾ ਘਰ ਤੋਂ ਇਕੱਠਿਆਂ ਚਲਣਾ ਬਦਸ਼ਗਨੀ ਨਾਲ ਜੋੜਕੇ ਵੇਖਿਆ ਜਾਂਦਾ ਹੈ।
29. ਕਬੀਲੇ ਵਿੱਚ ਬੱਦਲ ਗਰਜਣ ਜਾਂ ਬਿਜਲੀ ਲਿਸ਼ਕਣ ਤੇ ਕਾਂਸੀ ਦੇ ਭਾਂਡੇ ਚੁੱਕ ਕੇ ਢੱਕ ਦਿੱਤੇ ਜਾਂਦੇ ਹਨ। ਕਬੀਲੇ ਦੇ ਲੋਕਾਂ ਦਾ ਵਿਸ਼ਵਾਸ਼ ਹੈ ਕਿ ਅਸਮਾਨੀ ਬਿਜਲੀ ਕਾਂਸੀ ਤੇ ਬੜ੍ਹੀ ਜਲਦੀ ਕਰੋਪੀ ਹੁੰਦੀ ਹੈ।
30. ਕਬੀਲੇ ਵਿੱਚ ਸੁਪਨੇ ਵਿੱਚ ਘਰ ਦੇ ਕਿਸੇ ਮ੍ਰਿਤਕ ਵਿਅਕਤੀ ਅਤੇ ਵਡਾਰੂ ਦੇ ਨਜ਼ਰ ਪੈਣ ਤੇ ਉਸਦੀ ਪਹੇਵੇ ਜਾਕੇ ਫਿਰ ਤੋਂ 'ਗਤੀ' ਕਰਾਈ ਜਾਂਦੀ ਹੈ।
31. ਕਬੀਲੇ ਵਿੱਚ ਆਪਣੇ ਚੁੱਲੇ ਦੀ ਅੱਗ ਦੇਣ ਸਬੰਧੀ ਸਖ਼ਤ ਮਨਾਹੀ ਦੀ ਪਾਲਣਾ ਕੀਤੀ ਜਾਂਦੀ ਹੈ। ਇਸ ਨੂੰ ਘਰ ਦੀ ਬਰਕਤ ਨਾਲ ਜੋੜ ਕੇ ਦੇਖਿਆ ਜਾਂਦਾ ਹੈ।
32. ਕਬੀਲੇ ਵਿੱਚ ਤਿੰਨ ਲੜਕੀਆਂ ਤੋਂ ਬਾਅਦ 'ਤ੍ਰਿਕਲ' ਲੜਕਾ ਪੈਦਾ ਹੋਣ ਤੇ ਉਸ ਨੂੰ ਕਰੋਪੀ ਤੋਂ ਬਚਾਉਣ ਲਈ 'ਕਾਂਸੀ' ਦਾ ਭਾਂਡਾ ਭੰਨਿਆ ਜਾਂਦਾ ਹੈ। ਇਹ ਰੀਤ ਕਈ ਹੋਰ ਕਬੀਲਿਆਂ ਵਿੱਚ ਵੀ ਪ੍ਰਚਲਿਤ ਹੈ।

ਹਵਾਲੇ

1. ਕਿਰਪਾਲ ਕਜ਼ਾਕ, ਗਾਡੀ ਲੁਹਾਰ ਕਬੀਲੇ ਦਾ ਸਭਿਆਚਾਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005, ਪੰਨਾ 148.

ਬਾਜ਼ੀਗਰ ਕਬੀਲੇ ਦੀਆਂ ਲੋਕ-ਕਹਾਣੀਆਂ

ਬਾਜ਼ੀਗਰ ਕਬੀਲੇ ਵਿੱਚ ਮੌਖਿਕ ਸਾਹਿਤ ਦੀ ਇਕ ਲੰਬੀ ਪਰੰਪਰਾ ਹੈ ਜਿਸ ਵਿਚੋਂ ਕਬੀਲੇ ਦੀ ਲੋਕ ਮਾਨਸਿਕਤਾ ਨੂੰ ਸਹਿਜੇ ਹੀ ਸਮਝਿਆ ਜਾ ਸਕਦਾ ਹੈ। ਕਬੀਲੇ ਦੇ ਲੋਕ ਸਾਹਿਤ ਦੀ ਵੰਨਗੀ ਵਿੱਚ ਜ਼ਿਆਦਤਰ ਉਹ ਕਥਾਵਾਂ ਆਉਂਦੀਆਂ ਹਨ ਜਿਨ੍ਹਾਂ ਦਾ ਮੰਤਵ ਕਬੀਲਾ ਪੁਰਸ਼ਾਂ ਅਤੇ ਉਨ੍ਹਾਂ ਦੇ ਜਾਨਸ਼ੀਨਾਂ ਨੂੰ ਕਬੀਲੇ ਦੀ ਮਰਿਆਦਾ ਅਤੇ ਪ੍ਰਤਿਸ਼ਠਾ ਪ੍ਰਤੀ ਸੁਚੇਤ ਕਰਨਾ ਹੁੰਦਾ ਹੈ। ਸਮਾਜ ਸਾਸ਼ਤਰੀ ਦ੍ਰਿਸ਼ਟੀ ਤੋਂ ਵੇਖਿਆ ਜਾਵੇ ਤਾਂ ਇਨ੍ਹਾਂ ਕਥਾਵਾਂ ਅਤੇ ਬਾਤਾਂ ਪਿੱਛੇ ਕੋਈ ਨਾ ਕੋਈ ਸਮਾਜਿਕ ਸੱਚ ਛੁਪਿਆ ਹੁੰਦਾ ਹੈ ਜਿਸਦੀ ਇਹ ਕਥਾਵਾਂ ਸੁਭਾਵਿਕ ਰੂਪ ਵਿੱਚ ਪ੍ਰੋੜਤਾ ਕਰਦੀਆਂ ਹਨ। ਇਨ੍ਹਾਂ ਕਥਾਵਾਂ ਪਿੱਛੇ ਕਬੀਲੇ ਦੇ ਲੋਕਾਂ ਦਾ ਲੰਬਾ ਇਤਿਹਾਸ, ਟੋਟਮ ਟੈਬੂ ਅਤੇ ਮਾਨਤਾਵਾਂ ਕੰਮ ਕਰ ਰਹੀਆਂ ਹੁੰਦੀਆਂ ਹਨ। ਬਾਜ਼ੀਗਰ ਕਬੀਲੇ ਵਿੱਚ ਅੱਖਰ ਗਿਆਨ ਬਹੁਤ ਦੇਰ ਨਾਲ ਆਉਣ ਕਾਰਨ ਭਾਵੇਂ ਇਹ ਕਥਾਵਾਂ ਗੁੰਮ ਮੂਲ ਰੂਪ ਵਿੱਚ ਗਵਾਚ ਗਈਆਂ ਹਨ ਪਰ ਅਜੇ ਵੀ ਕਬੀਲੇ ਦੇ ਬਜ਼ੁਰਗ ਲੋਕਾਂ ਵਿੱਚ ਇਸ ਮੌਖਿਕ ਖਜ਼ਾਨੇ ਦੇ ਅਵਸ਼ੇਸ਼ ਮਿਲ ਜਾਂਦੇ ਹਨ। ਡਾ. ਵਣਜਾਰਾ ਬੇਦੀ ਨੇ ਲੋਕ ਕਥਾ ਦੀ ਥਾਂ ਤੇ 'ਬਾਤਾਂ' ਸ਼ਬਦ ਦਾ ਪ੍ਰਯੋਗ ਕੀਤਾ ਹੈ। ਉਨ੍ਹਾਂ ਅਨੁਸਾਰ, ਬਾਤ ਲੋਕ ਮਨ ਦੀ ਬਿਰਤਾਂਤਕ ਅਭਿਵਿਅਕਤੀ ਹੈ। ਇਸ ਦਾ ਨਿਰਮਾਣ ਜਾਤੀ ਦੀਆਂ ਪਰੰਪਰਗਤ ਰੂੜ੍ਹੀਆਂ ਅਤੇ ਤੱਤਾਂ ਨਾਲ ਹੁੰਦਾ ਹੈ ਅਤੇ ਇਹ ਸੰਸਕ੍ਰਿਤੀ ਵਿਚ ਵਿਚਰਦੀ ਉਸਦੀ ਪਰੰਪਰਾ ਬਣ ਜਾਂਦੀ ਹੈ।"[1]

1. ਐਲਨ ਡੰਡੀਜ਼ ਨੇ ਵੀ ਲੋਕ-ਕਥਾ ਜਾਂ ਲੋਕ-ਵਾਰਤਕ ਬਿਰਤਾਂਤ ਦੀ ਥਾਂ ਲੋਕ-ਕਹਾਣੀ ਸ਼ਬਦ ਦੀ ਵਰਤੋਂ ਹੀ ਕੀਤੀ ਹੈ ਪਰ ਇਸ ਦੀ ਪਰਿਭਾਸ਼ਾ ਵਿਚ ਉਸ ਵੱਲੋਂ ਪ੍ਰਸਤੁਤ ਵਿਚਾਰਾਂ ਦੇ ਅਧਿਐਨ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਇਥੇ ਉਸ ਦਾ ਭਾਵ ਉਸ ਲੋਕ-ਸਾਹਿਤ ਰੂਪ ਤੋਂ ਹੈ, ਜਿਸ ਨੂੰ ਅਸੀਂ ਲੋਕ-ਕਥਾ ਕਿਹਾ ਹੈ। ਉਹ ਲੋਕ-ਕਹਾਣੀ ਦੇ ਖੇਤਰ ਨੂੰ ਪਰਭਾਸ਼ਿਤ ਕਰਦਿਆਂ ਲਿਖਦਾ ਹੈ ਕਿ ਇਹਨਾਂ ਵਿਚਲੀਆਂ ਘਟਨਾਵਾਂ, ਦਿੱਸਦੇ, ਅਣਦਿੱਸਦੇ, ਮਾਤਲੋਕ, ਅਕਾਸ਼, ਪਾਤਾਲ, ਨਰਕ, ਸੁਰਗ ਵਿਚ ਆਦਿ ਹਰ ਥਾਂ ਵਾਪਰਦੀਆਂ ਹਨ। ਇਹਨਾਂ ਕਹਾਣੀਆਂ ਦੇ ਪਾਤਰ ਮਾਨਵੀ ਅਤੇ ਅਮਾਨਵੀ ਹਰ ਪ੍ਰਕਾਰ ਦੇ ਹਨ। ਇਹਨਾਂ ਵਿਚ ਜੀਅ-ਜੰਤੂ, ਪਸ਼ੂ-ਪੰਛੀ, ਅੱਗ, ਪਾਣੀ, ਹਵਾ, ਪਰੀਆਂ, ਡੈਣਾਂ, ਚੁਣੇਲਾਂ, ਭੂਤ, ਦੈਂਤ, ਦੇਵਤੇ, ਪਹਾੜ, ਸਮੁੰਦਰ, ਬ੍ਰਿਛ ਆਦਿ ਪਾਤਰਾਂ ਦੇ ਰੂਪ ਵਿਚ ਵਿਚਰਦੇ ਦਿੱਸਦੇ ਹਨ। ਲੋਕ-ਕਹਾਣੀਆਂ ਸਾਡੇ ਸਾਂਝੇ ਪ੍ਰਾਚੀਨ ਵਿਰਸੇ ਦੀਆਂ ਪਵਿੱਤਰ ਯਾਦਗਾਰਾਂ ਹਨ।[2]

2. ਡਾ. ਭੁਪਿੰਦਰ ਸਿੰਘ ਖਹਿਰਾ ਲੋਕ-ਕਥਾਵਾਂ ਨੂੰ ਸਮਾਜ-ਸਭਿਆਚਾਰਕ

ਪ੍ਰਕਾਰਜ ਦੀ ਸਾਰਥਿਕ ਵਿਆਖਿਆ ਦਾ ਮਹੱਤਵਪੂਰਨ ਮਾਧਿਅਮ ਸਮਝਦਾ ਹੈ। ਉਸ ਅਨੁਸਾਰ, 'ਇਹ ਸਮਾਜ ਦੇ ਅਮਲੀ ਜੀਵਨ ਦੀ ਸਿਰਜਣਾ ਹਨ ਅਤੇ ਲੋਕ ਮਨ ਨੂੰ ਸਾਰਥਿਕ ਰੂਪ ਵਿਚ ਪ੍ਰਤੀਬਿੰਬਤ ਕਰਦੀਆਂ ਹਨ। ਲੋਕ-ਕਥਾਵਾਂ ਸਮਾਜਾਂ ਦੇ ਨੈਤਿਕ ਪ੍ਰਬੰਧ ਅਤੇ ਲੋਕ-ਵਿਸ਼ਵਾਵਾਂ ਦਾ ਨੈਤਿਕ ਵਹਿਣ ਹਨ।... ਲੋਕ-ਕਥਾਵਾਂ ਸਮਾਜਕ, ਸਭਿਆਚਾਰਕ ਅਤੇ ਧਾਰਮਿਕ ਕਦਰਾਂ-ਕੀਮਤਾਂ ਦਾ ਸੰਚਾਰ ਕਰਕੇ ਸਰਵ-ਸਾਂਝੇ ਅਤੇ ਸਰਵ-ਪ੍ਰਵਾਨੇ ਵਰਤਾਰਿਆਂ ਨੂੰ ਪ੍ਰਪੱਕਤਾ ਪ੍ਰਦਾਨ ਕਰਦੀਆਂ ਹਨ।[3]

ਬਾਜ਼ੀਗਰ ਕਬੀਲੇ ਵਿੱਚ ਰਾਤ ਨੂੰ ਸੌਣ ਵੇਲੇ ਬੱਚਿਆਂ ਨੂੰ ਲੋਰੀ ਅਤੇ ਬਾਤਾਂ ਸੁਣਾਉਣ ਦੀ ਰੀਤ ਪ੍ਰਚਲਿਤ ਸੀ। ਇਹ ਕਬੀਲਾ ਲੋਰੀਆਂ ਅਤੇ ਕਥਾਵਾਂ ਬੱਚੇ ਦੀ ਚੇਤਨਾ ਨੂੰ ਜਗਾ ਕੇ ਉਸਨੂੰ ਇਸ ਢੰਗ ਨਾਲ ਸਿੱਖਿਅਤ ਕਰਦੀਆਂ ਹਨ ਕਿ ਉਹ ਸਹਿਜ ਰੂਪ ਵਿੱਚ ਜ਼ਿੰਦਗੀ ਦੇ ਬਿਖੜੇ ਪੈਂਡਿਆਂ ਨੂੰ ਸਰ ਕਰਨ ਲਈ ਤਿਆਰ ਬਰ ਤਿਆਰ ਹੋ ਜਾਂਦਾ ਹੈ। ਇਹ ਕਥਾਵਾਂ ਬੱਚੇ ਦੇ ਮਨੋਵਿਗਿਆਨ ਨੂੰ ਉਸਾਰਨ ਵਿੱਚ ਆਪਣੀਂ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਬਾਜ਼ੀਗਰ ਕਬੀਲੇ ਵਿੱਚ ਆਦਿ ਕਾਲ ਤੋਂ ਹੀ ਕਬੀਲਾ ਕਹਾਣੀਆਂ ਜਿਸਨੂੰ ਕਬੀਲੇ ਵਿੱਚ 'ਸਾਕੀਆਂ' ਕਿਹਾ ਜਾਂਦਾ ਹੈ, ਸੁਣਾ ਕੇ ਭਟਕੇ ਹੋਏ ਵਿਅਕਤੀ ਨੂੰ ਸਿੱਧੇ ਰਾਹ ਪਾਇਆ ਜਾਂਦਾ ਹੈ। ਕਬੀਲੇ ਵਿੱਚ ਅਜਿਹੀਆਂ ਅਥਾਹ ਕਥਾਵਾਂ ਪ੍ਰਚਲਿਤ ਹਨ ਜਿਨ੍ਹਾਂ ਵਿਚੋਂ ਕੁਝ ਕੁ ਦਾ ਵਰਣਨ ਇਸ ਪ੍ਰਕਾਰ ਹੈ :-

1. **ਲਾਲ ਵਛੇਰੀ ਕਥਾ :-** ਕਬੀਲੇ ਵਿੱਚ ਇਹ ਕਥਾ ਛੋਟੇ ਬੱਚਿਆਂ ਨੂੰ ਰਾਤ ਵੇਲੇ ਸੁਣਾਈ ਜਾਂਦੀ ਹੈ। ਇਸ ਕਥਾ ਵਿੱਚ ਬੱਚਿਆਂ ਲਈ ਜਿਗਿਆਸਾ ਭਰਭੂਰ ਬਿਰਤਾਂਤ ਹੁੰਦਾ ਹੈ ਜਿਸਨੂੰ ਬੱਚਾ ਪਹਿਲਾਂ ਤਾਂ ਗੰਭੀਰਤਾ ਪੂਰਵਕ ਸੁਣਦਾ ਹੈ ਤੇ ਫਿਰ ਇਕ ਦਮ ਕੁਤਕੁਤਾੜੀਆਂ ਕੱਢਣ ਤੇ ਖਿੜਖਿੜਾ ਕੇ ਹੱਸ ਪੈਂਦਾ ਹੈ। ਬੱਚਿਆਂ ਨੂੰ ਇਹ ਕਥਾ ਸੁਣਾਉਣ ਵੇਲੇ ਉਨ੍ਹਾਂ ਦੀ ਇੱਕ ਇੱਕ ਉਂਗਲ ਫੜਕੇ ਉਸਨੂੰ ਕਾਲਪਨਿਕ ਕੰਮ ਸੌਂਪਿਆ ਜਾਂਦਾ ਹੈ। ਕਾਲਪਨਿਕ ਕੰਮ ਪੂਰਾ ਹੋ ਜਾਣ ਤੇ ਬੱਚਾ ਖਿੜਾ ਖਿੜਾ ਕੇ ਹੱਸਦਾ ਹੈ। ਉਸਦੀਆਂ ਅੱਖਾਂ ਅੱਗੇ ਇਕ ਸੰਜੀਵ ਦ੍ਰਿਸ਼ ਸਾਕਾਰ ਕੀਤਾ ਜਾਂਦਾ ਹੈ। ਇਹ ਕਥਾ ਇੰਜ ਸੁਣਾਈ ਜਾਂਦੀ ਹੈ :-

ਈ ਲਿਆਵਾ ਲੱਕੜੀ
ਈ ਲਿਆਵਾ ਦੂਧ
ਈ ਬਾਲ੍ਹਾ ਆਗ
ਈ ਘਾਲਾ ਖੰਡ ਤੇ ਚਾਹ
ਈ ਬਣਾਵਾ ਚਾਹ
ਲੈ ਵਈ ! ਏਥੇ ਮੇਰੀ ਘੋੜੀ ਆਈ
ਲਾਲ ਵਛੇਰੀ ਆਈ
ਲੱਭਗੀ ਲੱਭਗੀ ਲੱਭਗੀ ! !

2. **ਟੋਡੋ ਟੋ ਦੀ ਕਥਾ :-** ਬਾਜ਼ੀਗਰ ਕਬੀਲੇ ਵਿੱਚ ਟੋ ਡੋ ਟੋ ਦੀ ਕਥਾ ਬਹੁਤ ਪ੍ਰਚਲਿਤ ਹੈ। ਇਹ ਕਥਾ ਲਗਭਗ ਹਰ ਘਰ ਵਿੱਚ ਬੱਚੇ ਨੂੰ ਸੁਣਾਈ ਜਾਂਦੀ ਹੈ। ਇਸ ਕਥਾ ਵਿੱਚ ਬੱਚੇ ਨੂੰ ਪਰਿਵਾਰ ਦਾ ਕੋਈ ਵੀ ਮੈਂਬਰ, ਸੌਣ ਵਾਲੀ ਸਥਿਤੀ ਵਿੱਚ ਉਸਨੂੰ ਆਪਣੀਆਂ ਲੱਤਾਂ ਤੇ ਮੂਧੀ ਹਾਲਤ ਵਿੱਚ ਚੁੱਕ ਕੇ ਉਪਰ ਥੱਲੇ ਨੂੰ ਝੂਲਦਾ ਹੈ ਤੇ ਝੂਲਦਾ ਹੋਇਆ ਨਾਲ ਨਾਲ ਆਖਦਾ ਹੈ :-

ਟੋਡੋ ਟੋ
ਟੋਡੋ ਟੋ
ਲੱਲਾ ਝੂਟਾਂ ਟੋਡੋ ਟੋ
ਖਾਲਾ ਬਾਟੀ ਟੋਡੋ ਟੋ
ਪੀਲਾ ਪਾਣੀ ਟੋਡੋ ਟੋ

ਇਸ ਕਥਾ ਦਾ ਮੰਤਵ ਬੱਚੇ ਨੂੰ ਮੰਨੋਰੰਜਨ ਦੇਣ ਦੇ ਨਾਲ ਨਾਲ ਉਸਦਾ ਜੀਵਨ ਦਰਸ਼ਨ ਵੀ ਬਣਾਉਣਾ ਹੁੰਦਾ ਹੈ। ਇਸ ਤਰ੍ਹਾਂ 'ਟੋਡੋ ਟੋ' ਦੀ ਕਥਾ ਬੱਚੇ ਨੂੰ ਜੀਵਨ ਦੀਆਂ ਮੁਢਲੀਆਂ ਲੋੜਾਂ ਬਾਰੇ ਸੁਚੇਤ ਕਰਦੀ ਹੈ।

3. **ਢੀਂਗਰੀ ਕਥਾ :-** ਢੀਂਗਰੀ ਕਥਾ ਦਾ ਸਬੰਧ ਬਦਨਾਮੀ ਨਾਲ ਹੈ। ਕਬੀਲੇ ਦੇ ਸਿਆਣੇ ਲੋਕ ਕਬੀਲੇ ਦੇ ਨੌਜੁਆਨਾਂ ਨੂੰ ਬੁਰੀ ਸੰਗਤ ਤੋਂ ਬਚਾਉਣ ਲਈ ਢੀਂਗਰੀ ਕਥਾ ਸੁਣਾ ਕੇ ਸਿੱਧੇ ਰਸਤੇ ਪਾਉਣ ਦੀ ਤਾਕੀਦ ਕਰਦੇ ਹਨ। ਕਬੀਲੇ ਵਿੱਚ 'ਢੀਂਗਰੀ' ਸ਼ਬਦ ਦਾ ਭਾਵ 'ਮੁਸੀਬਤ' ਹੈ। ਇਹ ਕਥਾ ਸੁਣ ਕੇ ਬਾਜ਼ੀਗਰ ਕਬੀਲੇ ਦੇ ਬਜ਼ੁਰਗ ਆਪਣੇ ਬੱਚਿਆਂ ਨੂੰ 'ਢੀਂਗਰੀ' ਤੋਂ ਬਚਣ ਲਈ ਉਪਦੇਸ਼ ਦਿੰਦੇ ਹਨ :-

ਇਕੋ ਤੋਂ ਛੋਰਾ
ਫੇਰ ?
ਫੇਰ ਕਾਈਂ ਓਰੇ ਮਗਰ ਇਕੋ
ਢੀਂਗਰੀ ਲਾਗ ਗਈ
ਫੇਰ ?
ਫੇਰ ਕਾਈਂ ਉ ਢੀਂਗਰੀ ਪਾਲੇ
ਪਿਛੋ ਛਡਾਵਾ
ਢੀਂਗਰੀ ਕੱਤਾ ਮੇਲਾ
ਫੇਰ ?
ਫੇਰ ਕਾਈਂ
ਬੱਚਾ ਢੀਂਗਰੀ ਪਾਲੇ ਬੱਚੀਂ

ਢੀਂਗਰੀ ਕਥਾ ਦਾ ਸਬੰਧ ਕਬੀਲੇ ਦੇ ਲੋਕਾਂ ਦੇ ਚਰਿੱਤਰ ਨਾਲ ਜੁੜਿਆ ਹੈ। ਢੀਂਗਰੀ ਕਥਾ ਕਬੀਲੇ ਦੀ ਮਾਨਤਾਵਾਂ ਅਤੇ ਟੋਟਮ ਟੈਬੂ ਨੂੰ ਬਣਾਈ ਰੱਖਣ ਲਈ ਸੁਣਾਈ ਜਾਂਦੀ ਹੈ। ਇਸਦਾ ਭਾਵ ਇਹ ਹੈ ਕਿ ਕਬੀਲੇ ਵਿੱਚ ਜੇ ਕੋਈ ਵਿਅਕਤੀ

ਗਲਤੀ ਕਰ ਬੈਠਦਾ ਹੈ ਤਾਂ ਇਸਦਾ ਖਮਿਆਜ਼ਾ ਚਾਰ ਪੀੜ੍ਹੀਆਂ ਤੱਕ ਭੁਗਤਣਾ ਪੈਂਦਾ ਹੈ।

4. ਬੁਗਦੂ ਕਥਾ :- ਬਾਜ਼ੀਗਰ ਕਬੀਲੇ ਵਿੱਚ ਬੱਚੇ ਨੂੰ ਖਾਣ ਪੀਣ, ਪਹਿਨਣ ਤੇ ਕੰਮ ਬਾਰੇ ਸਮਝਾਉਣ ਬਾਰੇ ਬੁਗਦੂ ਕਥਾ ਪ੍ਰਚਲਿਤ ਹੈ। 'ਬੁਗਦੂ' ਤੋਂ ਭਾਵ 'ਸਿੱਧੜ ਵਿਅਕਤੀ' ਤੋਂ ਹੈ ਜਿਹੜਾ ਕਿ ਕਬੀਲਾ ਜੀਵਨ ਦਾ ਅਨੁਸਾਰੀ ਨਹੀਂ ਹੁੰਦਾ। ਇਸ ਲਈ ਕਬੀਲੇ ਦੇ ਲੋਕ ਆਪਣੇ ਬੱਚਿਆਂ ਨੂੰ ਚੇਤਨ ਕਰਨ ਲਈ 'ਬੁਗਦੂ ਕਥਾ' ਸੁਣਾਉਂਦੇ ਹਨ। ਇਹ ਕਥਾ ਇਸ ਪ੍ਰਕਾਰ ਹੈ :-

ਇਕੋ ਤੋ
ਬੁਗਦੂ
ਫੇਰ ?
ਫੇਰ ਕਾਈਂ
ਨਾ ਊ ਖਾਵਾ
ਨਾ ਊ ਪੀਵਾ
ਨਾ ਊ ਘਾਲਾ
ਨਾ ਊ ਜੀਵਾ
ਫੇਰ ?
ਫੇਰ ਕਾਈਂ
ਇੱਕੋ ਤੋ ਬੁਗਦੂ

ਕਬੀਲੇ ਵਿੱਚ 'ਬੁਗਦੂ ਕਥਾ' ਸੁਣਾਉਣ ਦਾ ਮੰਤਵ ਬੱਚੇ ਨੂੰ ਖਾਣ ਪੀਣ ਬਾਰੇ ਪ੍ਰੇਰਿਤ ਕਰਕੇ ਉਸਨੂੰ ਰਿਸ਼ਟ ਪੁਸ਼ਟ ਬਣਾਉਣਾ ਹੁੰਦਾ ਹੈ ਤਾਂ ਕਿ ਕਿਤੇ ਉਹ ਜੀਵਨ ਵਿੱਚ ਸੱਚਮੁੱਚ ਦਾ ਬੁਗਦੂ ਨਾ ਬਣ ਜਾਵੇ। ਕਬੀਲੇ ਦੀਆਂ ਔਰਤਾਂ ਸਹੀ ਕੰਮ ਨਾ ਕਰਨ ਤੇ ਕਈ ਵਾਰ ਆਪਣੇ ਬੱਚੇ ਨੂੰ ਬੁਗਦੂ ਕਹਿ ਕੇ ਮਿਹਣਾ ਵੀ ਮਾਰਦੀਆਂ ਹਨ।

ਡਿਮ ਡੋਡੋ ਦੀ ਕਹਾਣੀ :- ਇਸ ਕਹਾਣੀ ਦਾ ਮੰਤਵ ਬੱਚੇ ਨੂੰ ਡਰਾਉਣਾ ਹੁੰਦਾ ਹੈ। ਜੇਕਰ ਬੱਚਾ ਘਰ ਵਿੱਚ ਜ਼ਿਆਦਾ ਸ਼ਰਾਰਤ ਕਰਦਾ ਹੋਵੇ ਤੇ ਉਹ ਵਾਰ ਵਾਰ ਸਮਝਾਉਣ ਤੇ ਵੀ ਬਾਜ਼ ਨਾ ਆਉਂਦਾ ਹੋਵੇ ਤਾਂ ਉਸਨੂੰ ਡਰਾਉਣ ਲਈ 'ਡਿਮ ਡੋਡੋ' ਦੀ ਕਹਾਣੀ ਸੁਣਾਈ ਜਾਂਦੀ ਹੈ :-

ੳ ਬੱਚਾ ਸੋਜੋ
ਨਹੀਂ ਤੇ ਡਿਮ ਡੋਡੋ
ਆ ਜਈਆ
ੳ ਤਾਜੀ ਸੌ ਜੋ
ਨਹੀਂ ਤੇ ਡਿਮ ਡੋਡੋ ਆ ਜਈਆ

ਇਸ ਕਹਾਣੀ ਅਨੁਸਾਰ 'ਡਿਮ ਡੋਡੋ' ਕੋਈ ਕਾਲਪਨਿਕ ਦੈਂਤਨੁਮਾ ਔਰਤ ਹੈ

ਜਿਹੜੀ ਕਿ ਸ਼ਰਾਰਤ ਕਰਨ ਵਾਲੇ ਬੱਚੇ ਨੂੰ ਆਪਣੇ ਕੋਥਲੇ ਵਿੱਚ ਪਾਕੇ ਲੈ ਜਾਂਦੀ ਹੈ। ਇਸ ਪ੍ਰਕਾਰ ਕਬੀਲੇ ਵਿਚ 'ਡਿਮ ਡੋਡੋ' ਦੀ ਕਹਾਣੀ ਬੱਚੇ ਨੂੰ ਨਿਯੰਤਰਣ ਹੇਠ ਰੱਖਣ ਲਈ ਘੜੀ ਗਈ ਹੈ।

5. ਕਮਲੇ ਕਾਦੂ ਦੀ ਕਹਾਣੀ :- ਕਬੀਲੇ ਵਿੱਚ ਕਮਲੇ ਕਾਦੂ ਦੀ ਕਹਾਣੀ ਬਹੁਤ ਪ੍ਰਚਲਿਤ ਹੈ। ਕਬੀਲੇ ਵਿੱਚ 'ਕਾਦੂ' ਸਿੱਧੜ ਪੁਰਸ਼ ਨੂੰ ਕਿਹਾ ਜਾਂਦਾ ਹੈ। ਬਾਜ਼ੀਗਰ ਕਬੀਲੇ ਦੇ ਲੋਕ ਆਪਣੇ ਬੱਚਿਆਂ ਨੂੰ ਚੋਕੰਨਾ ਕਰਨ ਲਈ ਕਮਲੇ ਕਾਦੂ ਦੀ ਕਹਾਣੀ ਸੁਣਾਉਂਦੇ ਹਨ ਜਿਹੜੀ ਕਿ ਕਬੀਲੇ ਵਿੱਚ ਪੀੜ੍ਹੀ ਦਰ ਪੀੜ੍ਹੀ ਅੱਗੇ ਚਲਦੀ ਆਈ ਹੈ। ਮਜ਼ਾਕ ਵਜੋਂ ਕਈ ਵਾਰ ਚੰਗੇ ਭਲੇ ਬੰਦੇ ਨੂੰ ਵੀ ਕਮਲਾ ਕਾਦੂ ਕਹਿ ਦਿੱਤਾ ਜਾਂਦ ਹੈ। :-

ਇਕੋ ਤੇ ਕਮਲਿਓ ਕਾਦੂ
ਕਮਲਿਓ ਕਾਦੂ
ਚੀਜ਼ੀ ਲੇ ਨੇ ਗਿਓ
ਫੇਰ ?
ਫੇਰ ਕਾਈਂ ਕਮਲਿਓ ਕਾਦੂ
ਰਾਹੇ ਮਈਂ ਈ ਗਮ ਗਿਓ

ਕਬੀਲੇ ਵਿੱਚ 'ਕਮਲੇ ਕਾਦੂ' ਦੀ ਕਹਾਣੀ ਕਬੀਲੇ ਦੇ ਬੱਚਿਆਂ ਨੂੰ ਚੋਕੰਨਾ ਤੇ ਫੁਰਤੀਲਾ ਬਣਾਉਣ ਲਈ ਸੁਣਾਈ ਜਾਂਦੀ ਹੈ ਤਾਂ ਕਿ ਕਬੀਲੇ ਦੇ ਬੱਚੇ ਇੱਕ ਸੁਚੱਜੀ ਜੀਵਨ ਜਾਂਚ ਲਈ ਤਿਆਰ ਹੋ ਜਾਣ। ਕਬੀਲੇ ਵਿੱਚ ਇਹ ਕਹਾਣੀ ਵੱਖ ਵੱਖ ਵੰਨਗੀਆਂ ਵਿੱਚ ਮਿਲਦੀ ਹੈ।

6. ਬਾਡੂ ਬਿੱਲੇ ਦੀ ਕਹਾਣੀ :- ਬਾਜ਼ੀਗਰ ਕਬੀਲੇ ਵਿੱਚ ਬੱਚੇ ਨੂੰ ਡਰਾਉਣ ਅਤੇ ਵਰਚਾਉਣ ਸਬੰਧੀ ਬਾਡੂ ਬਿੱਲੇ ਦੀ ਕਹਾਣੀ ਬਹੁਤ ਪ੍ਰਚਲਿਤ ਹੈ। ਕਬੀਲੇ ਦੇ ਲੋਕ 'ਬਾਡੂ ਬਿੱਲਾ' ਜੰਗਲੀ ਬਿੱਲੇ ਨੂੰ ਕਹਿੰਦੇ ਹਨ। ਬੱਚੇ ਦੇ ਘਰ ਵਿੱਚ ਕੋਈ ਸ਼ਰਾਰਤ ਜਾਂ ਜਿੱਦ ਕਰਨ ਤੇ ਉਸਨੂੰ 'ਬਾਡੂ ਬਿੱਲੇ' ਦੀ ਕਹਾਣੀ ਸੁਣਾਈ ਜਾਂਦੀ ਹੈ। ਕਬੀਲੇ ਦਾ ਹਰ ਇੱਕ ਬੱਚਾ ਬਾਡੂ ਬਿੱਲੇ ਦੀ ਕਹਾਣੀ ਸੁਣਕੇ ਚੁੱਪ ਹੋ ਜਾਂਦਾ ਹੈ। ਕਬੀਲੇ ਦੀ ਹਰ ਕਹਾਣੀ ਤੋਂ ਬਾਅਦ 'ਇੰਨੀ ਕੁ ਮਾਰ ਵਾਤ ਓਪਰੇ ਪੜਗੀ ਰਾਤ' ਸ਼ਬਦ ਉਚਾਰਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਭੂਤ ਪ੍ਰੇਤ, ਜਿੰਨ, ਚੁੜੇਲਾਂ, ਛਲੇਡਿਆਂ, ਪਰੀਆਂ ਅਤੇ ਜੰਗਲੀ ਜਾਨਵਰਾਂ ਨਾਲ ਸਬੰਧਤ ਕਈ ਲੋਕ ਕਹਾਣੀਆਂ ਪ੍ਰਚਲਿਤ ਹਨ। ਇਨ੍ਹਾਂ ਲੋਕ ਕਥਾਵਾਂ ਅੰਦਰ ਲੋਕ ਜੀਵਨ ਦਾ ਗਹਿਰਾ ਸੱਚ ਵਿਦਮਾਨ ਹੁੰਦਾ ਹੈ ਜਿਸਨੂੰ ਇਨ੍ਹਾਂ ਕਹਾਣੀਆਂ ਦੁਆਰਾ ਵਿਅਕਤ ਕੀਤਾ ਜਾਂਦਾ ਹੈ। ਇਹ ਕਹਾਣੀਆਂ ਜਿੱਥੇ ਕਬੀਲੇ ਦੀ ਲੋਕ ਚੇਤਨਾ ਨੂੰ ਉਸਾਰਨ ਦਾ ਕੰਮ ਕਰਦੀਆਂ ਹਨ ਉੱਥੇ ਨਾਲ ਹੀ ਪੀੜ੍ਹੀ ਦਰ ਪੀੜ੍ਹੀ ਲੋਕ ਸੱਚ ਨੂੰ ਪ੍ਰਵਾਹਿਤ ਵੀ ਕਰਦੀਆਂ ਹਨ। ਇਸ ਤਰ੍ਹਾਂ ਉਪਰੋਕਤ ਕਥਾਵਾਂ ਦੇ ਵਿਸ਼ਲੇਸ਼ਣ ਤੋਂ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ

ਹੈ ਕਿ ਇਹ ਲੋਕ ਕਥਾਵਾਂ ਜੀਵਨ ਦੀਆਂ ਸਧਾਰਨ ਪਰ ਮਹੱਤਵਪੂਰਨ ਘਟਨਾਵਾਂ ਨਾਲ ਸਬੰਧਤ ਹਨ। ਲੋਕ ਕਹਾਣੀਆਂ ਦਾ ਮੁੱਖ ਮੰਤਵ ਕਬੀਲਾ ਸਭਿਆਚਾਰ ਦੇ ਧਰਮ, ਪ੍ਰੰਪਰਾਵਾਂ ਅਤੇ ਨੈਤਿਕ ਪ੍ਰਬੰਧ ਨੂੰ ਪੀੜ੍ਹੀ ਦਰ ਪੀੜ੍ਹੀ ਅੱਗੇ ਤੋਰ ਕੇ ਕਬੀਲੇ ਦੇ ਜੀਵਨ ਦਰਸ਼ਨ ਸੰਚਾਰਿਤ ਕਰਨਾ ਹੁੰਦਾ ਹੈ।

ਹਵਾਲੇ

1. ਡਾ. ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵਕੋਸ਼ (ਜਿਲਦ-8), ਨੈਸ਼ਨਲ ਬੁੱਕ ਸ਼ਾਪ ਦਿੱਲੀ, 1995, ਪੰਨਾ 2056.
2. ਸੁਖਦੇਵ ਸਿੰਘ ਸੇਖੋਂ, ਗੁਜਰ ਕਬੀਲੇ ਦਾ ਲੋਕ-ਸਾਹਿਤ, ਵਾਰਿਸ਼ ਸ਼ਾਹ ਫਾਉਂਡੇਸ਼ਨ ਅੰਮ੍ਰਿਤਸਰ, 2003, ਪੰਨਾ 56.
3. ਉਹੀ, ਪੰਨਾ 5.

ਬਾਜ਼ੀਗਰ ਕਬੀਲੇ ਦੇ ਤਿੱਥ ਤਿਉਹਾਰ

ਬਾਜ਼ੀਗਰ ਕਬੀਲਾ ਇੱਕ ਵਿਲੱਖਣ ਸਮਾਜਿਕ ਸਮੂਹ ਹੈ। ਬਾਜ਼ੀਗਰ ਕਬੀਲੇ ਦੀਆਂ ਸਦੀਆਂ ਤੋਂ ਪ੍ਰਚਲਤ ਆਪਣੀਆਂ ਹੀ ਰਵਾਇਤਾਂ, ਤਿੱਥ ਤਿਉਹਾਰ ਅਤੇ ਲੋਕ ਵਿਸ਼ਵਾਸ ਹਨ ਜਿਹੜੇ ਕਿ ਬਾਜ਼ੀਗਰ ਕਬੀਲੇ ਦੇ ਲੋਕ ਜੀਵਨ ਦੀ ਆਧਾਰਸ਼ਿਲਾ ਬਣਦੇ ਹਨ। ਬਾਜ਼ੀਗਰ ਕਬੀਲੇ ਵਿੱਚ ਮੁੱਖ ਤੌਰ ਤੇ ਮਨਾਏ ਜਾਣ ਵਾਲੇ ਤਿਉਹਾਰ ਦੁਸਹਿਰਾ, ਦੀਵਾਲੀ, ਲੋਹੜੀ, ਪੀਰਾਂ ਦੇ ਉਰਸ, ਜਗਰਾਤਾ, ਕਬੀਲਾ ਗੁਰੂਆਂ ਦੇ ਯੱਗ ਅਤੇ ਨਿਰਜਲਾ ਇਕਾਦਸ਼ੀ ਹਨ। ਬਾਜ਼ੀਗਰ ਡੇਰਿਆਂ ਵਿੱਚ ਇਹ ਤਿਉਹਾਰ ਇੱਕ ਵੱਖਰੇ ਪ੍ਰਸੰਗ ਵਿੱਚ ਮਨਾਏ ਜਾਂਦੇ ਹਨ। ਕਬੀਲੇ ਦੇ ਮੁੱਖ ਤਿਉਹਾਰ ਇਸ ਪ੍ਰਕਾਰ ਹਨ :-

1. **ਦੁਸਹਿਰਾ:** ਬਾਜ਼ੀਗਰ ਕਬੀਲੇ ਵਿੱਚ ਦੁਸਹਿਰੇ ਨੂੰ ਤਿਉਹਾਰਾਂ ਦੀ ਸ਼ੁਰੂਆਤ ਸਮਝਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਦੇ ਲੋਕ ਦੁਸਹਿਰੇ ਨੂੰ ਝੋਨੇ ਦੀ ਫਸਲ ਨਾਲ ਜੋੜਕੇ ਵੇਖਦੇ ਹਨ। ਬਾਜ਼ੀਗਰ ਕਬੀਲੇ ਵਿੱਚ ਦੁਸਹਿਰਾ ਵੱਖਰੇ ਢੰਗ ਨਾਲ ਮਨਾਇਆ ਜਾਂਦਾ ਹੈ। ਕਬੀਲੇ ਦੇ ਲੋਕ ਇਸ ਦਿਨ ਘਰਾਂ ਦੀਆਂ ਸਫਾਈਆਂ ਕਰਦੇ ਹਨ। ਦੁਬਹਿਰੇ ਵਾਲੇ ਸ਼ੁਭ ਦਿਨ ਇਹ ਲੋਕ ਖੇਤੀਬਾੜੀ ਨਾਲ ਸੰਬੰਧਤ ਔਜ਼ਾਰ ਦਾਤੀਆਂ, ਖੁਰਪੇ ਅਤੇ ਕਹੀਆਂ ਆਦਿ ਖਰੀਦਦੇ ਹਨ। ਕਬੀਲੇ ਦੇ ਹਰ ਘਰ ਵਿੱਚ ਇਸ ਦਿਨ ਪੂਜਾ ਪਾਠ ਦੇ ਨਾਲ ਨਾਲ ਉਚੇਚਾ ਪਕਵਾਨ ਵੀ ਬਣਦਾ ਹੈ। ਦੁਸਹਿਰੇ ਤੋਂ ਤੁਰੰਤ ਬਾਅਦ ਕਬੀਲੇ ਦੇ ਲੋਕ ਝੋਨੇ ਦੀ ਕਟਾਈ ਅਤੇ ਝੜਾਈ ਵਿੱਚ ਜੁੜ ਜਾਂਦੇ ਹਨ।

2. **ਦੀਵਾਲੀ :** ਬਾਜ਼ੀਗਰ ਕਬੀਲੇ ਦੇ ਲੋਕ ਦੀਵਾਲੀ ਦਾ ਤਿਉਹਾਰ ਇੱਕ ਵੱਖਰੇ ਸੰਦਰਭ ਵਿੱਚ ਮਨਾਉਂਦੇ ਹਨ। ਬਾਜ਼ਗੀਰ ਕਬੀਲੇ ਵਿੱਚ ਦੀਵਾਲੀ ਵਾਲੇ ਦਿਨ ਸਵੇਰੇ-ਸਵੇਰੇ ਪਿੱਤਰ ਪੂਜਾ ਕੀਤੀ ਜਾਂਦੀ। ਪਿੱਤਰ ਪੂਜਾ ਵਿੱਚ ਕਬੀਲੇ ਦੇ ਬਜ਼ੁਰਗ ਮੋਹਰੀ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਦੇ ਨਾਲ ਕਬੀਲੇ ਦੇ ਹੋਰ ਲੋਕ ਅਤੇ ਬੱਚੇ ਹੁੰਦੇ ਹਨ। ਪਿੱਤਰ ਪੂਜਾ ਵਿਚ ਔਰਤਾਂ ਦਾ ਜਾਣਾ ਵਰਜਿਤ ਹੈ। ਪਿੱਤਰ ਪੂਜਾ ਸਮੇਂ ਕਿਸੇ ਸਾਫ਼ ਸੁਥਰੀ ਅਤੇ ਉੱਚੀ ਥਾਂ ਨੂੰ ਚੁਣਿਆ ਜਾਂਦਾ ਹੈ। ਇਹ ਥਾਂ ਢਲਾਣ ਵਰਗੀ ਹੁੰਦੀ ਹੈ। ਇਸ ਥਾਂ ਤੇ ਕਬੀਲੇ ਦੇ ਹਰ ਘਰ ਦੇ ਮੁਖੀ ਵਲੋਂ ਥੋੜ੍ਹੀ ਜਿਹੀ ਢਾਬ, ਗਊ ਦਾ ਗੋਬਰ, ਚਾਵਲ ਅਤੇ ਥੋੜ੍ਹੀ ਜਿਹੀ ਹੋਰ ਪੂਜਾ ਸਮੱਗਰੀ ਰੱਖੀ ਜਾਂਦੀ ਹੈ ਤੇ ਨੇੜੇ ਹੀ ਪਾਣੀ ਦਾ ਇੱਕ ਘੜਾ ਭਰਕੇ ਰੱਖ ਲਿਆ ਜਾਂਦਾ ਹੈ। ਇਥੇ ਨਾਲ ਹੀ ਕੁਹਾੜੀ ਦਾ ਇਕ ਟੱਕ ਮਾਰਕੇ ਸੰਕੇਤਕ ਨਹਿਰ ਬਣਾਈ ਜਾਂਦੀ ਹੈ। ਇਸ ਤਰ੍ਹਾਂ ਕਬੀਲੇ ਦਾ ਮੁਖੀ ਆਪ ਨਾਲ ਹੋ ਕੇ ਘਰ ਦੇ ਜੀਆਂ ਦੇ ਹੱਥੋਂ ਵਾਰੀ ਵਾਰੀ ਆਪਣੇ

ਪੁਰਖਿਆਂ ਦਾ ਨਾਂ ਲੈ ਲੈ ਕੇ ਵਾਰੀ ਵਾਰੀ ਸੰਕੇਤਕ ਨਹਿਰ ਰਾਹੀਂ ਪਾਣੀ ਦਿਵਾਉਂਦਾ ਹੈ। ਪਾਣੀ ਦੇਣ ਤੋਂ ਬਾਅਦ ਕਬੀਲੇ ਵਿਚ ਆਪਣੇ ਹੀ ਗੋਤਰ ਵਿੱਚ ਮਿੱਠੇ ਚਾਵਲ ਵੰਡੇ ਜਾਂਦੇ ਹਨ ਜਿਨ੍ਹਾਂ ਨੂੰ 'ਪਿੱਤਰ' ਕਿਹਾ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਪਿਤਰ ਖਾਂਦੇ ਸਮੇਂ ਸਿਰ ਨੂੰ ਹੱਥ ਲਾਉਣ ਦਾ ਟੈਬੂ ਪ੍ਰਚਲਿਤ ਹੈ। ਬਾਜ਼ੀਗਰ ਲੋਕ ਇਹ ਵਿਸ਼ਵਾਸ ਕਰਦੇ ਹਨ ਕਿ ਅਜਿਹਾ ਕਰਨ ਨਾਲ ਪੁਰਖੇ ਨਾਰਾਜ਼ ਹੋ ਜਾਂਦੇ ਹਨ ਤੇ ਸਿਰ ਨੂੰ ਪਿੱਤਰਾਂ ਵਾਲਾ ਹੱਥ ਲੱਗਣ ਤੇ ਸਿਰ ਦੇ ਵਾਲ ਚਿੱਟੇ ਹੋ ਜਾਂਦੇ ਹਨ। ਬਾਜ਼ੀਗਰ ਕਬੀਲੇ ਵਿੱਚ ਦੂਜੀ ਗੋਤਰ ਵਿੱਚ ਪਿੱਤਰਾਂ ਵਾਲੇ ਮਿੱਠੇ ਚਾਵਲ ਵੰਡਣਾ ਵਰਜਿਤ ਹੈ। ਇਸ ਸਬੰਧੀ ਕਬੀਲੇ ਵਿੱਚ ਇਹ ਵਿਸ਼ਵਾਸ ਪ੍ਰਚਲਿਤ ਹੈ ਕਿ ਇਸ ਤਰ੍ਹਾਂ ਕਰਨ ਨਾਲ ਪਿੱਤਰਾਂ ਦੀ ਸੱਤਾ ਵਿਚ ਫ਼ਰਕ ਪੈਂਦਾ ਹੈ ਤੇ ਪੁਰਖੇ ਕਰੋਪੀ ਹੋ ਜਾਂਦੇ ਹਨ। ਬਾਜ਼ੀਗਰ ਕਬੀਲੇ ਵਿਚ ਵਰਤੀਆ ਗੋਤਰ ਦੇ ਲੋਕ ਆਪਣੀਆਂ ਲੜਕੀਆਂ ਅਤੇ ਨੂੰਹਾਂ ਨੂੰ ਪਿੱਤਰ ਨਹੀਂ ਵੰਡਦੇ। ਇਸ ਗੋਤਰ ਵਿੱਚ ਕੁੜੀਆਂ ਅਤੇ ਨੂੰਹਾਂ ਨੂੰ ਪਿੱਤਰ ਦੇਣ ਦਾ ਟੈਬੂ ਪ੍ਰਚਲਿਤ ਹੈ।

3. ਲੋਹੜੀ ਦਾ ਤਿਉਹਾਰ :- ਬਾਜ਼ੀਗਰ ਕਬੀਲੇ ਵਿੱਚ ਲੋਹੜੀ ਦਾ ਤਿਉਹਾਰ ਨਿਸ਼ਚਿਤ ਦਿਨ ਤੋਂ ਇੱਕ ਦਿਨ ਬਾਅਦ ਮਨਾਇਆ ਜਾਂਦਾ ਹੈ। ਕਬੀਲੇ ਦੇ ਲੋਕ ਇਸ ਦਿਨ ਸਵੇਰੇ-ਸਵੇਰੇ ਇਸ਼ਨਾਨ ਕਰਦੇ ਹਨ। ਕਬੀਲੇ ਦੀਆਂ ਔਰਤਾਂ ਸਾਰੇ ਘਰ ਅਤੇ ਚੌਂਕੇ ਨੂੰ ਗਊ ਦੇ ਗੋਬਰ ਵਿੱਚ ਚੀਕਣੀ ਮਿੱਟੀ ਰਲਾ ਕੇ ਲਿਪਦੀਆਂ ਹਨ। ਸੂਰਜ ਚੜ੍ਹਨ ਤੇ ਕਬੀਲੇ ਦੇ ਹਰ ਡੇਰੇ ਵਲੋਂ ਇੱਕ ਸਾਂਝੀ ਥਾਂ ਤੇ ਲੋਹੜੀ ਬਾਲ਼ੀ ਜਾਂਦੀ ਹੈ। ਇਸ ਸਮੇਂ ਕਬੀਲੇ ਦੇ ਸਾਰੇ ਲੋਕ ਅਤੇ ਬੱਚੇ ਇੱਕ ਸਾਂਝੀ ਥਾਂ ਇਕੱਤਰ ਹੋ ਜਾਂਦੇ ਹਨ। ਹਰ ਘਰ ਦਾ ਮੁਖੀ ਘਰੋਂ ਇੱਕ ਪੂਜਾ ਸਮੱਗਰੀ ਦੀ ਥਾਲ ਬਣਾ ਕੇ ਲਿਆਉਂਦਾ ਹੈ। ਜਿਸ ਵਿੱਚ ਚਾਵਲ, ਤਿੱਲ, ਮੂਲ਼ੀ ਦੇ ਟੁਕੜੇ ਅਤੇ ਸ਼ਰਧਾ ਅਨੁਸਾਰ ਧੂਫ਼ ਜਗ੍ਹਾ ਕੇ ਮਾਇਆ ਰੱਖੀ ਜਾਂਦੀ ਹੈ। ਇਸ ਥਾਂ ਤੇ ਔਰਤਾਂ ਦੇ ਜਾਣ ਸਬੰਧੀ ਟੈਬੂ ਪ੍ਰਚਲਿਤ ਹੈ। ਇਸ ਤਰ੍ਹਾਂ ਡੇਰੇ ਦੇ ਲੋਕ ਇੱਕ ਥਾਂ ਇਕੱਠੇ ਹੋ ਕੇ ਲੋਹੜੀ ਬਾਲਦੇ ਹਨ ਤੇ ਲੋਹੜੀ ਮਾਤਾ ਦੀ ਅੱਗ ਵਿਚ ਸ਼ਰਧਾ ਵਜੋਂ ਘਰੋਂ ਲਿਆਂਦੀਆਂ ਹੋਈਆਂ ਆਪਣੇ-ਆਪਣੇ ਹਿੱਸੇ ਦੀਆਂ ਲੱਕੜਾਂ ਅਤੇ ਸੁਗਾਤਾਂ ਪਾਉਂਦੇ ਹਨ। ਲੋਹੜੀ ਮਾਤਾ ਨੂੰ ਤਿਲਾਂ ਦੀ ਅਹੁਤੀ ਵਿਸ਼ੇਸ਼ ਤੌਰ ਤੇ ਦਿੱਤੀ ਜਾਂਦੀ ਹੈ।

ਇਸ ਤਰ੍ਹਾਂ ਡੇਰੇ ਦੇ ਸਾਰੇ ਮੋਹਤਬਰ ਬੰਦਿਆਂ ਅਤੇ ਪੈਂਚਾਂ ਦੇ ਆ ਜਾਣ ਤੇ ਲੋਹੜੀ ਮਾਤਾ ਨੂੰ ਹਵਨ ਸਮੱਗਰੀ ਅਰਪਿਤ ਕਰਕੇ ਮੱਥਾ ਟੇਕਿਆ ਜਾਂਦਾ ਹੈ। ਇਸ ਸਮੇਂ ਕਿਸੇ ਪੈਂਚ ਜਾਂ ਮੁਖੀ ਦੇ ਨਾ ਪਹੁੰਚਣ ਤੇ ਉਸਨੂੰ ਵਿਸ਼ੇਸ਼ ਸੱਦਾ ਦੇ ਕੇ ਬੁਲਾ ਲਿਆ ਜਾਂਦਾ ਹੈ। ਜੇਕਰ ਕੋਈ ਮੁੱਖੀ ਜਾਂ ਪੈਂਚ ਸਮੇਂ ਸਿਰ ਨਾ ਪਹੁੰਚੇ ਤਾਂ ਇਸ ਨਾਲ ਕਬੀਲੇ ਦੇ ਲੋਕ ਨਾਰਾਜ਼ਗੀ ਜ਼ਾਹਰ ਕਰਦੇ ਹਨ। ਇਸ ਦਿਨ ਕਬੀਲੇ ਵਿੱਚ ਮਰਗਤ ਵਾਲੇ ਘਰ ਨੂੰ ਵਿਸ਼ੇਸ਼ ਤੌਰ ਤੇ ਹਮਦਰਦੀ ਨਾਲ ਸੋਗ ਤੋੜ ਕੇ ਸਾਂਝੀ ਲੋਹੜੀ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ। ਜਦੋਂ ਲੋਹੜੀ ਲਟ ਲਟ ਬਲਣ ਲੱਗਦੀ ਹੈ ਤਾਂ ਸਾਰੇ ਕਬੀਲੇ ਦੇ ਬੱਚੇ ਅਤੇ ਲੋਕ ਚੌਲਾਂ ਅਤੇ ਤਿਲਾਂ ਦੀ ਬਣੀ ਹੋਈ ਹਵਨ

ਸਮੱਗਰੀ ਲੋਹੜੀ ਮਾਤਾ ਨੂੰ ਭੇਟ ਕਰਕੇ ਮੱਥਾ ਟੇਕਦੇ ਹਨ। ਡੇਰੇ ਦੇ ਹਰ ਘਰ ਵਲੋਂ ਲੋਹੜੀ ਮਾਤਾ ਨੂੰ ਭੇਂਟ ਕੀਤੇ ਹੋਏ ਪੈਸਿਆਂ ਦਾ ਦੁਪਹਿਰ ਸਮੇਂ ਸਾਂਝੀ ਥਾਂ ਤੇ ਲੰਗਰ ਕੀਤਾ ਜਾਂਦਾ ਹੈ। ਇਸ ਲੰਗਰ ਵਿੱਚ ਥੋੜ੍ਹੇ ਜਿਹੇ ਮਿੱਠੇ ਚਾਵਲ ਅੱਗ ਦੇ ਕੋਇਲੇ ਤੇ ਰੱਖਕੇ ਉੱਤੇ ਦੇਸੀ ਘਿਓ ਡੋਲ੍ਹਕੇ ਲੋਹੜੀ ਮਾਤਾ ਨੂੰ ਭੋਗ ਲਵਾਇਆ ਜਾਂਦਾ ਹੈ ਤੇ ਬਾਅਦ ਵਿੱਚ ਕਬੀਲੇ ਦੇ ਲੋਕਾਂ ਵਿੱਚ ਲੰਗਰ ਵਰਤਾਇਆ ਜਾਂਦਾ ਹੈ। ਇਸ ਉਪਰੰਤ ਡੇਰੇ ਦੇ ਹਰ ਘਰ ਵਿੱਚ ਰਾਤ ਨੂੰ ਨਿੱਜੀ ਲੋਹੜੀ ਬਾਲੀ ਜਾਂਦੀ ਹੈ ਜਿਸ ਦੇ ਆਲੇ ਦੁਆਲੇ ਬੈਠਕੇ ਘਰ ਦੇ ਲੋਕ ਮੂੰਗਫ਼ਲੀ ਤੇ ਗੁੜ ਆਦਿ ਖਾਂਦੇ ਹੋਏ ਲੋਹੜੀ ਮਨਾਉਂਦੇ ਹਨ। ਇਸ ਦਿਨ ਬਾਜ਼ੀਗਰ ਕਬੀਲੇ ਦੇ ਹਰ ਘਰ ਵਿੱਚ ਪਸੰਦ ਅਨੁਸਾਰ ਵਿਸ਼ੇਸ਼ ਪਕਵਾਨ ਬਣਦਾ ਹੈ, ਜਿਸ ਵਿੱਚ ਕੜਾਹ, ਚੌਲਾਂ ਦੀਆਂ ਪਿੰਨੀਆਂ, ਮਾਸ ਅਤੇ ਪਨੀਰ ਵਿਸ਼ੇਸ਼ ਤੌਰ ਤੇ ਸ਼ਾਮਲ ਹੁੰਦਾ ਹੈ। ਰਾਤ ਨੂੰ ਡੇਰੇ ਦੇ ਹਰ ਘਰ ਦੇ ਬੱਚੇ ਘਰ ਘਰ ਜਾ ਕੇ ਘਰ ਘਰ ਬਲਣ ਵਾਲੀ ਧੂਣੀ ਵਿੱਚ ਤਿਲ ਸੁੱਟਦੇ ਹੋਏ ਲੋਹੜੀ ਦੇ ਗੀਤ ਗਾ ਕੇ ਲੋਹੜੀ ਮੰਗਦੇ ਹਨ।

4. ਲੋਹੜੀ ਮਹਾਂਪੰਚਾਇਤ :ਬਾਜ਼ੀਗਰ ਕਬੀਲੇ ਵਿੱਚ ਲੋਹੜੀ ਮਾਤਾ ਨੂੰ ਮੱਥਾ ਟੇਕਣ ਤੋਂ ਬਾਅਦ ਲੋਹੜੀ ਵਾਲੀ ਸਾਂਝੀ ਥਾਂ ਤੇ ਹੀ ਲੋਹੜੀ ਮਹਾਂਪੰਚਾਇਤ ਲੱਗਦੀ ਹੈ। ਇਸ ਥਾਂ ਤੇ ਕਬੀਲੇ ਦੇ ਪੈਂਚਾਂ ਵਲੋਂ ਸਾਂਝੇ ਆਦਮੀ ਭੇਜ ਕੇ ਝਗੜੇ ਵਾਲੀ ਸਬੰਧਤ ਧਿਰ ਨੂੰ ਬੁਲਾ ਲਿਆ ਜਾਂਦਾ ਹੈ। ਇਸ ਦਿਨ ਕਬੀਲੇ ਦੇ ਪੈਂਚਾਂ ਵਲੋਂ ਬਲਦੀ ਲੋਹੜੀ ਸਮੇਂ ਅਗਨੀ ਦੇਵਤਾ ਨੂੰ ਸਾਕਸ਼ੀ ਮੰਨਕੇ ਵਿਚਾਰ-ਵਟਾਂਦਰਾ ਕਰਕੇ ਝਗੜੇ ਨੂੰ ਸਦਾ ਲਈ ਖ਼ਤਮ ਕਰ ਦਿੱਤਾ ਜਾਂਦਾ ਹੈ। ਇਸ ਸਮੇਂ ਡੇਰੇ ਦੀ ਹਰ ਸਮੱਸਿਆ ਸਬੰਧੀ ਵਿਚਾਰ ਵਟਾਂਦਰਾ ਕਰਕੇ ਉਚਿੱਤ ਸਮਾਧਾਨ ਵੀ ਕੀਤਾ ਜਾਂਦਾ ਹੈ। ਇਸ ਸਮੇਂ ਅਪਰਾਧਾਂ ਸਬੰਧੀ ਉਚਿੱਤ ਢੰਡ ਵੀ ਲਾਏ ਜਾਂਦੇ ਹਨ ਅਤੇ ਨਾਬਰ ਹੋਣ ਵਾਲੀ ਧਿਰ ਨੂੰ ਮੁਆਫ਼ੀ ਨਾ ਮੰਗਣ ਦੀ ਸੂਰਤ ਵਿੱਚ ਕਬੀਲੇ ਵਿੱਚੋਂ ਛੇਕ ਦਿੱਤਾ ਜਾਂਦਾ ਹੈ। ਲੋਹੜੀ ਤੋਂ ਬਾਅਦ ਲੱਗਣ ਵਾਲੀ ਲੋਹੜੀ ਮਹਾਂਪੰਚਾਇਤ ਵਿੱਚ ਨਿਆਂ ਨੂੰ ਤਰਕਸੰਗਤ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਵਿਸ਼ੇਸ਼ ਤੌਰ ਤੇ ਦੋ ਜਾਂ ਤਿੰਨ ਮੈਂਬਰ ਪੰਚਾਇਤ ਦੇ ਅਨੁਪਾਤ ਅਨੁਸਾਰ ਡੇਰੇ ਦੇ ਮੁੱਖ ਗੋਤਰ ਤੋਂ ਬਾਹਰੋਂ ਲਏ ਜਾਂਦੇ ਹਨ। ਜਿਨ੍ਹਾਂ ਨੂੰ ਕਬੀਲੇ ਵਿੱਚ 'ਔਰਸਖੀਆ' ਕਿਹਾ ਜਾਂਦਾ ਹੈ। ਕਬੀਲੇ ਦੇ ਹਰ ਸਮਾਗਮ ਅਤੇ ਤਿਉਹਾਰ ਸਮੇਂ 'ਔਰਸਖੀਆ' ਦੀ ਖਾਸ ਭੂਮਿਕਾ ਹੁੰਦੀ ਹੈ ਜਿਸਨੂੰ ਕਬੀਲੇ ਵਿੱਚ 'ਦੂਤ' ਦੀ ਪਦਵੀ ਦਿੱਤੀ ਜਾਂਦੀ ਹੈ।

5. ਨਿਰਜਲਾ ਇਕਾਦਸ਼ੀ : ਬਾਜ਼ੀਗਰ ਕਬੀਲੇ ਵਿੱਚ ਨਿਰਜਲਾ ਇਕਾਦਸ਼ੀ ਦਾ ਤਿਉਹਰ ਬੜੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਇਹ ਤਿਉਹਾਰ ਜਗਤ ਮਾਤਾ ਨਾਲ ਸਬੰਧਤ ਤਿਉਹਾਰ ਹੈ। ਇਸ ਤਿਉਹਾਰ ਵਿੱਚ ਮੋਹਰੀ ਭੂਮਿਕਾ ਕਬੀਲੇ ਦੀਆਂ ਸਿਆਣੀਆਂ ਔਰਤਾਂ ਦੀ ਹੁੰਦੀ ਹੈ। ਇਸ ਤਿਉਹਾਰ ਸਮੇਂ ਘਰ ਦੀਆਂ ਸਿਆਣੀਆਂ ਔਰਤਾਂ ਨਾਲ ਨਿਰਜਲਾ ਇਕਾਦਸ਼ੀ ਤੋਂ ਇੱਕ ਦਿਨ ਪਹਿਲਾਂ ਸਵੇਰ ਦਾ ਖਾਣਾ ਖਾ ਕੇ ਜਗਤ ਮਾਤਾ ਦੀ ਯਾਦ ਵਿੱਚ ਵਰਤ ਰੱਖਿਆ ਜਾਂਦਾ ਹੈ। ਦੂਜੇ ਦਿਨ

ਸਵੇਰੇ ਮਾਂਹ ਛੋਲਿਆਂ ਦੀ ਦਾਲ ਅਤੇ ਠੀਕਰੀ ਦੀ ਰੋਟੀ ਜਿਸ ਨੂੰ ਕਬੀਲੇ ਵਿੱਚ 'ਲਾਪੜਾਂ' ਕਿਹਾ ਜਾਂਦਾ ਹੈ, ਦਾ ਲੰਗਰ ਤਿਆਰ ਕੀਤਾ ਜਾਂਦਾ ਹੈ। ਇਸ ਲੰਗਰ ਵਿੱਚ ਥੋੜ੍ਹਾ ਜਿਹਾ ਲੰਗਰ ਕੋਇਲੇ ਦੀ ਅੱਗ ਤੇ ਪਾ ਕੇ ਉੱਤੇ ਥੋੜ੍ਹਾ ਜਿਹਾ ਦੇਸੀ ਘਿਉ ਪਾ ਕੇ ਜਗਤ ਮਾਤਾ ਨੂੰ ਭੇਂਟ ਕੀਤਾ ਜਾਂਦਾ ਹੈ। ਬਾਅਦ ਵਿੱਚ ਇਹ ਲੰਗਰ ਡੇਰੇ ਦੇ ਲੋਕਾਂ ਅਤੇ ਬੱਚਿਆਂ ਨੂੰ ਸਤਿਕਾਰ ਨਾਲ ਬੁਲਾ ਕੇ ਵਰਤਾਇਆ ਜਾਂਦਾ ਹੈ। ਇਸ ਉਪਰੰਤ ਹਰ ਘਰ ਦੀ ਸਿਆਣੀ ਔਰਤ ਮਿੱਠੇ ਪਾਣੀ ਅਤੇ ਕਿਸੇ ਫ਼ਲ ਨਾਲ ਆਪਣਾ ਵਰਤ ਖੋਲ੍ਹਦੀ ਹੈ। ਵਰਤ ਖੋਲ੍ਹਣ ਉਪਰੰਤ ਇਹ ਮਿੱਠਾ ਪਾਣੀ ਅਤੇ ਫ਼ਲ ਕਬੀਲੇ ਦੇ ਲੋਕਾਂ ਅਤੇ ਬੱਚਿਆਂ ਵਿੱਚ ਵਰਤਾ ਦਿੱਤੇ ਜਾਂਦੇ ਹਨ। ਨਿਰਜਲਾ ਇਕਾਦਸ਼ੀ ਦਾ ਇਹ ਤਿਉਹਾਰ ਕਬੀਲੇ ਵਿੱਚ ਬਹੁਤ ਮਹੱਤਤਾ ਰੱਖਦਾ ਹੈ।

ਬਾਜ਼ੀਗਰ ਕਬੀਲੇ ਵਿੱਚ ਪੁਰਖ਼ ਪੂਜਾ

ਬਾਜ਼ੀਗਰ ਕਬੀਲੇ ਵਿੱਚ ਪੁਰਖ ਪੂਜਾ ਦੀ ਰਵਾਇਤ ਆਦਿ ਕਾਲ ਤੋਂ ਹੀ ਚਲਦੀ ਆ ਰਹੀ ਹੈ। ਬਾਜ਼ੀਗਰ ਕਬੀਲੇ ਦੇ ਲੋਕ ਪੁਰਖ ਪੂਜਾ ਦੇ ਇਸ ਵਿਧੀ ਵਿਧਾਨ ਨੂੰ 'ਪਿੱਤਰ ਪੂਜਾ' ਦਾ ਨਾਂ ਦਿੰਦੇ ਹਨ। ਪੁਰਖ ਪੂਜਾ ਬਾਜ਼ੀਗਰ ਲੋਕਾਂ ਦੀ ਸਭ ਤੋਂ ਵੱਡੀ ਪੂਜਾ ਹੈ ਜਿਹੜੀ ਕਿ ਬਾਜ਼ੀਗਰ ਡੇਰੇ ਦੇ ਹਰ ਘਰ ਵਿੱਚ ਸਾਂਝੇ ਰੂਪ ਵਿੱਚ ਮਨਾਈ ਜਾਂਦੀ ਹੈ। ਪੁਰਖ ਪੂਜਾ ਦਾ ਕਬੀਲੇ ਵਿੱਚ ਵਿਸ਼ੇਸ਼ ਸਭਿਆਚਾਰਕ ਤੇ ਸੰਸਕ੍ਰਿਤਕ ਮਹੱਤਵ ਹੈ। ਇਸਦਾ ਸਬੰਧ ਪੁਰਖਿਆਂ ਦੇ ਸਮਰਣ ਅਤੇ ਵਿਰਾਸਤੀ ਗੌਰਵ ਨਾਲ ਜੁੜਆ ਹੋਇਆ ਹੈ। ਪੁਰਖ ਪੂਜਾ ਦਾ ਮੰਤਵ ਕਬੀਲੇ ਦੇ ਮਰ ਚੁੱਕੇ ਵਡਾਰੂਆਂ ਦੀਆਂ ਰੂਹਾਂ ਨੂੰ ਅੰਨ ਅਤੇ ਪਾਣੀ ਦੀ ਆਹੁਤੀ ਦੇਣਾ ਹੁੰਦਾ ਹੈ ਤਾਂ ਕਿ ਉਨ੍ਹਾਂ ਦੀ ਰੂਹਾਂ ਕਬੀਲੇ ਦੇ ਲੋਕਾਂ ਤੇ ਕਰੋਪੀ ਨਾ ਹੋਣ ਅਤੇ ਕਬੀਲੇ ਵਿੱਚ ਖੁਸ਼ੀ ਤੇ ਖੇੜੇ ਦਾ ਮਾਹੌਲ ਬਣਿਆ ਰਹੇ। ਬਾਜ਼ੀਗਰ ਕਬੀਲਾ ਆਦਿ ਕਾਲ ਤੋਂ ਹੀ ਕੁਦਰਤੀ ਸ਼ਕਤੀਆਂ, ਭੂਤਾਂ ਪ੍ਰੇਤਾਂ, ਰੂਹਾਂ ਅਤੇ ਦੇਵੀ ਦੇਵਤਿਆਂ ਦੀ ਪੂਜਾ ਕਰਦਾ ਆਇਆ ਹੈ। ਬਾਜ਼ੀਗਰ ਕਬੀਲੇ ਵਿੱਚ ਪੁਰਖ ਪੂਜਾ ਸਾਲ ਵਿੱਚ ਇੱਕ ਵਾਰ ਦੀਵਾਲੀ ਵਾਲੇ ਦਿਨ ਸਵੇਰੇ ਸਵੇਰੇ ਸੂਰਜ ਦੀ ਹਾਜ਼ਰੀ ਵਿੱਚ ਪੂਰੀ ਕੀਤੀ ਜਾਂਦੀ ਹੈ। ਬਾਜ਼ੀਗਰ ਕਬੀਲੇ ਵਿੱਚ ਕਈ ਰਸਮਾਂ ਵਿੱਚ ਸੂਰਜ ਦੇਵਤਾ ਨੂੰ ਪ੍ਰਮੁੱਖ ਸਥਾਨ ਪ੍ਰਾਪਤ ਹੈ। ਬਾਜ਼ੀਗਰ ਕਬੀਲੇ ਵਿੱਚ ਸੂਰਜ ਅਤੇ ਪਾਣੀ ਨੂੰ ਦੇਵਤਿਆਂ ਦੀ ਉਪਾਧੀ ਪ੍ਰਾਪਤ ਹੈ। ਬਾਜ਼ੀਗਰ ਕਬੀਲੇ ਵਿੱਚ ਪੁਰਖ ਪੂਜਾ ਲਈ ਸਵੇਰੇ ਸਵੇਰੇ ਬਾਜ਼ੀਗਰ ਡੇਰੇ ਦੇ ਹਰ ਘਰ ਦੇ ਮੁੱਖੀ ਵੱਲੋਂ ਇਸ਼ਨਾਨ ਕਰਕੇ ਪੂਜਾ ਦੀ ਇੱਕ ਥਾਲ ਤਿਆਰ ਕੀਤੀ ਜਾਂਦੀ ਹੈ ਜਿਸ ਵਿੱਚ ਧੂਫ਼, ਚਾਵਲ ਅਤੇ ਢਾਬ ਦੇ ਕੁਝ ਤੀਲੇ ਰੱਖੇ ਜਾਂਦੇ ਹਨ। ਇਸਦੇ ਨਾਲ ਹੀ ਹਰ ਘਰ ਦੇ ਮੁੱਖੀ ਵੱਲੋਂ ਸੁੱਚੇ ਪਾਣੀ ਦੀ ਇੱਕ ਬਾਲਟੀ ਪੂਜਾ ਸਮੱਗਰੀ ਦੇ ਨਾਲ ਲਈ ਜਾਂਦੀ ਹੈ। ਇਸ ਤਰ੍ਹਾਂ ਬਾਜ਼ੀਗਰ ਕਬੀਲੇ ਦੇ ਹਰ ਘਰ ਦਾ ਮੁੱਖੀ ਆਪਣੇ ਪਰਿਵਾਰ ਦੇ ਬੱਚਿਆਂ ਨੂੰ ਨਾਲ ਲੈ ਕੇ ਪੂਜਾ ਸਥਲ ਵੱਲ ਪਹੁੰਚ ਜਾਂਦਾ ਹੈ। ਬਾਜ਼ੀਗਰ ਕਬੀਲੇ ਦੇ ਲੋਕ ਪੂਜਾ ਸਥਲ ਜ਼ਿਆਦਾਤਰ ਕਿਸੇ ਉੱਚੀ ਥਾਂ ਤੇ ਬਣਾਉਂਦੇ ਹਨ। ਨਹਿਰ ਦਾ ਕਿਨਾਰਾ ਜਾਂ ਕੋਈ ਟਿੱਬੀਨੁਮਾ ਥਾਂ ਪਿੱਤਰ ਪੂਜਾ ਲਈ ਆਦਰਸ਼ਕ ਥਾਂ ਹੁੰਦੀ ਹੈ। ਪਿੱਤਰ ਪੂਜਾ ਵਿੱਚ ਔਰਤਾਂ ਨੂੰ ਸ਼ਾਮਲ ਕਰਨ ਪ੍ਰਤੀ ਮਨਾਹੀ ਪ੍ਰਚਲਿਤ ਹੈ। ਉਂਝ ਛੋਟੀਆਂ ਲੜਕੀਆਂ ਪਿੱਤਰ ਪੂਜਾ ਵਿੱਚ ਸ਼ਾਮਲ ਹੋ ਸਕਦੀਆਂ ਹਨ। ਪਿੱਤਰ ਪੂਜਾ ਲਈ ਬਾਜ਼ੀਗਰ ਡੇਰੇ ਦੇ ਹਰ ਘਰ ਦਾ ਮੁੱਖੀ ਗੰਧਾਲੇ ਨਾਲ ਇੱਕ ਨਿੱਕਾ ਜਿਹਾ ਟੋਆ ਪੁੱਟ ਕੇ ਪੁਰਖਿਆਂ ਦੇ ਦੇਸ਼ ਨੂੰ ਜਾਣ ਵਾਲੀ ਇੱਕ ਸੰਕੇਤਕ ਨਹਿਰ ਬਣਾਉਂਦਾ ਹੈ। ਫਿਰ ਇਸ ਨਹਿਰ ਤੇ ਢਾਬ ਦੇ ਮੁੱਠੀ

ਭਰ ਤੀਲੇ ਰੱਖੇ ਜਾਂਦੇ ਹਨ। ਇਸ ਤੋਂ ਬਾਅਦ ਇਸ ਥਾਂ ਤੇ ਗਊ ਦਾ ਗੋਬਰ ਅਤੇ ਕੁਝ ਚਾਵਲ ਅਰਪ ਦਿੱਤੇ ਜਾਂਦੇ ਹਨ। ਇਸ ਉਪਰੰਤ ਧੂਫ਼ ਲਾ ਕੇ ਪਿੱਤਰ ਪੂਜਾ ਸ਼ੁਰੂ ਕਰ ਦਿੱਤੀ ਜਾਂਦੀ ਹੈ। ਇਸ ਰਸਮ ਨੂੰ ਕਬੀਲੇ ਦੇ ਲੋਕ ਪੁਰਖਿਆਂ ਨੂੰ 'ਪਾਣੀ ਦੇਣ ਦੀ ਰਸਮ' ਕਹਿੰਦੇ ਹਨ। ਪੁਰਖਿਆਂ ਨੂੰ ਪਾਣੀ ਦੇਣ ਲਈ ਕਬੀਲੇ ਦੇ ਹਰ ਘਰ ਦਾ ਮੁੱਖੀ ਪਾਣੀ ਦੀ ਬਾਲਟੀ ਲੈ ਕੇ ਪੁਰਖਿਆਂ ਲਈ ਬਣਾਈ ਨਹਿਰ ਦੇ ਕਿਨਾਰੇ ਆਪਣੇ ਪਰਿਵਾਰ ਦੇ ਬੱਚਿਆਂ ਨੂੰ ਲੈ ਕੇ ਬੈਠ ਜਾਂਦਾ ਹੈ। ਸਭ ਤੋਂ ਪਹਿਲਾਂ ਪਰਿਵਾਰ ਦਾ ਮੁੱਖੀ ਪੁਰਖਿਆਂ ਦਾ ਧਿਆਨ ਧਰ ਕੇ ਢਾਬ ਦੇ ਤੀਲਿਆਂ ਨੂੰ ਭਿਉਂ ਕੇ ਪੁਰਖਿਆਂ ਨੂੰ ਤਿੰਨ ਵਾਰ ਪਾਣੀ ਦਿੰਦਾ ਹੈ। ਇਸੇ ਉਪਰੰਤ ਪਾਣੀ ਦੇਣ ਦੀ ਰਸਮ ਵਿੱਚ ਸਬੰਧਤ ਘਰ ਦਾ ਮੁੱਖੀ ਵਾਰੋ ਵਾਰੀ ਆਪਣੇ ਘਰ ਦੇ ਹਰ ਬੱਚੇ ਦਾ ਹੱਥ ਫੜ ਕੇ ਸੰਕੇਤਕ ਨਹਿਰ ਰਾਹੀਂ ਪੁਰਖਿਆਂ ਨੂੰ ਪਾਣੀ ਦਿਵਾਉਂਦਾ ਹੈ। ਪੁਰਖਿਆਂ ਨੂੰ ਪਾਣੀ ਦੇਣ ਸੰਬੰਧੀ ਕਬੀਲੇ ਵਿੱਚ ਇਹ ਵਿਸ਼ਵਾਸ ਪਾਇਆ ਜਾਂਦਾ ਹੈ ਕਿ ਇਹ ਪਾਣੀ ਪੁਰਖਿਆਂ ਤੀਕ ਪਹੁੰਚਦਾ ਹੈ। ਬਾਜ਼ੀਗਰ ਕਬੀਲੇ ਦੇ ਵੰਝਰਾਵਤ ਅਤੇ ਮਸ਼ਾਲ ਗੋਤਰ ਦੇ ਲੋਕ ਆਪਣੇ ਪੁਰਖਿਆਂ ਨੂੰ ਪਾਣੀ ਦੇਣ ਤੋਂ ਪਹਿਲਾਂ ਲੱਕੜ ਦੇ ਚਾਰ ਪਾਵੇ ਗੱਡ ਕੇ ਉਹਨਾਂ ਦੇ ਆਲੇ ਦੁਆਲੇ ਸੂਤ ਲਪੇਟ ਕੇ ਪੁਰਖਿਆਂ ਦਾ ਇੱਕ ਘਰ ਬਣਾਉਂਦੇ ਹਨ। ਇਹ ਪ੍ਰਥਾ ਕਬੀਲੇ ਦੀਆਂ ਕਈ ਗੋਤਰਾਂ ਵਿੱਚ ਪ੍ਰਚਲਿਤ ਹੈ। ਜਦਕਿ ਕਬੀਲੇ ਦੇ ਕਈ ਹੋਰ ਗੋਤਰਾਂ ਵਿੱਚ ਪੁਰਖਿਆਂ ਦੇ ਦੇਸ਼ ਜਾਣ ਵਾਲੀ ਸੰਕੇਤਕ ਨਹਿਰ ਰਾਹੀਂ ਖੁਲ੍ਹਾ ਪਾਣੀ ਦੇਣ ਦੀ ਰਵਾਇਤ ਪ੍ਰਚਲਿਤ ਹੈ। ਇਸ ਤਰ੍ਹਾਂ ਵੰਝਰਾਵਤ ਗੋਤਰ ਦੇ ਲੋਕ ਆਪਣੇ ਪੁਰਖਿਆਂ ਨੂੰ ਇਸ ਘਰ ਦੁਆਰਾ ਪਾਣੀ ਦਿੰਦੇ ਹਨ। ਬਾਜ਼ੀਗਰ ਕਬੀਲੇ ਵਿੱਚ ਪੁਰਖਿਆਂ ਨੂੰ ਪਾਣੀ ਦੇਣ ਵੇਲੇ ਹੇਠ ਲਿਖੇ ਵਾਕ ਵਰਤੇ ਜਾਂਦੇ ਹਨ:-

ਪਰਿਵਾਰ ਦਾ ਮੁੱਖੀ: 'ਵਡਾਰੂਓ ਧੁਨ੍ਹੇ ਪਾਣੀ ਦੇ ਆਤੇ ਧਾਰ ਸਾਰੀ ਵਾੜੀ ਆਜਰ੍ਹ ਛਾ। ਆਓ ਆਪਣੀ ਵਾੜੀ ਪਾਲੇ ਪਾਣੀ ਲੇ ਲਿਓ। ਆਓ ਤੇ ਅਬੇ ਮਾਰ੍ਹ ਈ ਬੇਨਤੀ ਮੰਜ਼ੂਰ ਕਰੋ।' ਇਹਨਾਂ ਸ਼ਬਦਾਂ ਉਪਰੰਤ ਕਬੀਲੇ ਦੇ ਹਰ ਘਰ ਦਾ ਮੁੱਖੀ ਬੱਚਿਆਂ ਦਾ ਵਾਰੋ ਵਾਰੀ ਹੱਥ ਫੜ ਕੇ ਇੰਜ ਪਾਣੀ ਦਿਵਾਉਂਦਾ ਹੈ:-

ਲੈਅ ਗਿਆਨਾ ਤੂੰ (ਪਰਿਵਾਰ ਦੇ ਮੋਢੀ ਵਡਾਰੂ ਦਾ ਨਾਂ)
ਲੈਅ ਨਿਆਲਾ ਤੂੰ, ਲੈਅ ਗਿਟੋ ਤੂੰ
ਲੈਅ ਸੋਹਣਾ ਤੂੰ, ਲੈਅ ਕਾਕੋ ਤੂੰ
ਲੈਅ ਪਾਲਾ ਤੂੰ, ਲੈਅ ਯ੍ਹਾਰਾ ਤੂੰ
ਲੈਅ ਬਿੰਨੋ ਤੂੰ, ਲੈਅ ਜੱਗਾ ਤੂੰ
ਲੈਅ ਨਾਮ੍ਹੀ ਤੂੰ, ਲੈਅ ਜਗੀਰ ਤੂੰ
ਲੈਅ ਵਧਾਵਾ ਤੂੰ, ਲੈਅ ਗੁਡੋ ਤੂੰ
ਲੈਅ ਮੀਦਾ ਤੂੰ..। (ਪਰਿਵਾਰ ਦਾ ਆਖਰੀ ਮ੍ਰਿਤਕ ਵਿਅਕਤੀ)

(ਬਾਜ਼ੀਗਰ ਕਬੀਲੇ ਦੇ ਧਰਮਸੋਤ ਗੋਤਰ ਦੇ ਇੱਕ ਪਰਿਵਾਰ ਦੀ ਪੁਰਖ਼ ਪੂਜਾ)

ਬਾਜ਼ੀਗਰ ਕਬੀਲੇ ਵਿੱਚ ਪੁਰਖਿਆਂ ਨੂੰ ਪਾਣੀ ਦੇਣ ਦੀ ਰਸਮ ਸਮੇਂ ਇੱਕ ਕ੍ਰਮ ਨੂੰ ਅਪਣਾਇਆ ਜਾਂਦਾ ਹੈ। ਇਸ ਰਸਮ ਵਿੱਚ ਸਭ ਤੋਂ ਪਹਿਲਾਂ ਗੋਤਰ ਦੇ ਪਹਿਲੇ ਮੁੱਖੀ ਨੂੰ ਪਾਣੀ ਦਿੱਤਾ ਜਾਂਦਾ ਹੈ ਤੇ ਬਾਅਦ ਵਿੱਚ ਇਹ ਕ੍ਰਮ ਹੇਠਾਂ ਵੱਲ ਆਉਂਦਾ ਜਾਂਦਾ ਹੈ। ਇਹ ਕ੍ਰਮ ਪਰਿਵਾਰ ਵਿੱਚ ਹੋਣ ਵਾਲੀ ਆਖਰੀ ਮੌਤ ਵਾਲੇ ਪੁਰਸ਼ ਜਾਂ ਇਸਤਰੀ ਦੇ ਨਾਂ ਤੇ ਆ ਕੇ ਖਤਮ ਹੁੰਦਾ ਹੈ। ਬਾਜ਼ੀਗਰੁ ਕਬੀਲੇ ਵਿੱਚ ਪੁਰਖ ਪੂਜਾ ਉਪਰੰਤ ਪੁਰਖਿਆਂ ਨੂੰ ਪਾਣੀ ਦੇਣ ਦੀ ਰਸਮ ਤੋਂ ਬਾਅਦ ਪਾਣੀ ਵਾਲਾ ਹੱਥ ਸਿਰ ਨੂੰ ਲਾਉਣਾ ਵਰਜਿਤ ਹੈ। ਇਸ ਸਬੰਧੀ ਕਬੀਲੇ ਵਿੱਚ ਇਹ ਵਿਸ਼ਵਾਸ ਪ੍ਰਚਲਿਤ ਹੈ ਕਿ ਸਿਰ ਨੂੰ ਪਾਣੀ ਵਾਲੇ ਹੱਥ ਲਾਉਣ ਤੋਂ ਬਾਅਦ ਸਿਰ ਦੇ ਵਾਲ ਚਿੱਟੇ ਹੋ ਜਾਂਦੇ ਹਨ। ਬਾਜ਼ੀਗਰ ਕਬੀਲੇ ਵਿੱਚ ਪੁਰਖਿਆਂ ਨੂੰ ਪਾਣੀ ਦੇਣ ਦੀ ਰਸਮ ਤੋਂ ਬਾਅਦ ਬਾਜ਼ੀਗਰ ਕਬੀਲੇ ਦੇ ਹਰ ਗੋਤਰ ਦੇ ਲੋਕ ਡੇਰੇ ਵਿੱਚ ਆਪਣੀ ਗੋਤਰ ਦੇ ਘਰਾਂ ਵਿੱਚ ਮਿੱਠੇ ਚੌਲਾਂ ਦਾ ਪ੍ਰਸ਼ਾਦ 'ਪਿੱਤਰ' ਵੰਡਦੇ ਹਨ। ਕਬੀਲੇ ਦੇ ਲੋਕ ਮਿੱਠੇ ਚੌਲਾਂ ਦਾ ਪ੍ਰਸ਼ਾਦ ਵੰਡਣ ਦੀ ਰਸਮ ਨੂੰ 'ਪਿੱਤਰ ਵੰਡਣ ਦੀ ਰਸਮ' ਆਖਦੇ ਹਨ। ਬਾਜ਼ੀਗਰ ਕਬੀਲੇ ਦੇ ਲੋਕ ਡੇਰੇ ਵਿੱਚ ਪਿੱਤਰ ਕੇਵਲ ਆਪਣੀ ਗੋਤਰ ਦੇ ਲੋਕਾਂ ਵਿੱਚ ਹੀ ਵੰਡਦੇ ਹਨ। ਦੂਸਰੀ ਗੋਤਰ ਜਿਸਨੂੰ 'ਔਰਸਖੀਆ' ਵੀ ਆਖਿਆ ਜਾਂਦਾ ਹੈ, ਵਿੱਚ ਪਿੱਤਰ ਵੰਡਣ ਦੀ ਮਨਾਹੀ ਪ੍ਰਚਲਿਤ ਹੈ। ਇਸ ਸਬੰਧੀ ਕਬੀਲੇ ਵਿੱਚ ਇਹ ਵਿਸ਼ਵਾਸ ਪ੍ਰਚਲਿਤ ਹੈ ਕਿ ਦੂਸਰੀ ਗੋਤਰ ਵਿੱਚ ਪਿੱਤਰ ਵੰਡਣ ਨਾਲ ਪੁਰਖਿਆਂ ਦੀ ਸੱਤਾ ਘਟਦੀ ਹੈ। ਬਾਜ਼ੀਗਰ ਕਬੀਲੇ ਦੇ ਲੋਕ ਆਪਣੀਆਂ ਵਿਆਹੀਆਂ ਹੋਈਆਂ ਲੜਕੀਆਂ ਨੂੰ ਵੀ ਪਿੱਤਰ ਵੰਡਣ ਤੋਂ ਗੁਰੇਜ਼ ਕਰਦੇ ਹਨ। ਬਾਜ਼ੀਗਰ ਕਬੀਲੇ ਦੇ ਮੁੱਖੀ ਅਤੇ ਪੈਂਚ ਪਿੱਤਰ ਪੂਜਾ ਵੇਲੇ ਡੇਰੇ ਦੇ ਸਬੰਧਤ ਘਰਾਂ ਨੂੰ ਪਿੱਤਰ ਪੂਜਾ ਵਿੱਚ ਸ਼ਾਮਲ ਹੋਣ ਲਈ ਵਿਸ਼ੇਸ਼ ਤੌਰ ਤੇ ਰਸਮੀ ਸੱਦਾ ਦਿੰਦੇ ਹਨ। ਬਾਜ਼ੀਗਰ ਕਬੀਲੇ ਦੇ ਮੁੱਖੀ ਪਿੱਤਰ ਪੂਜਾ ਸਮੇਂ ਕਬੀਲੇ ਵਿੱਚੋਂ ਛੇਕੀ ਗਈ ਧਿਰ ਜਾਂ ਮਰਗਤ ਵਾਲੇ ਘਰ ਦੇ ਲੋਕਾਂ ਨੂੰ ਖ਼ਾਸ ਹਮਦਰਦੀ ਵੱਜੋਂ ਪੁਰਖ ਪੂਜਾ ਵਿੱਚ ਸ਼ਾਮਲ ਕਰ ਸਕਦੇ ਹਨ। ਬਾਜ਼ੀਗਰ ਕਬੀਲੇ ਦੇ ਹਰ ਡੇਰੇ ਵਿੱਚ ਪੁਰਖ ਪੂਜਾ ਤੋਂ ਬਾਅਦ ਡੇਰੇ ਦੇ ਪਤਵੰਤਿਆਂ ਦੀ ਇੱਕ ਪੰਚਾਇਤ ਜੁੜਦੀ ਹੈ ਜਿਸ ਵਿੱਚ ਡੇਰੇ ਦੇ ਆਪਸੀ ਝਗੜਿਆਂ ਜਾਂ ਗਿਲ਼ੇ ਸ਼ਿਕਵਿਆਂ ਦਾ ਨਿਪਟਾਰਾ ਕੀਤਾ ਜਾਂਦਾ ਹੈ। ਕਬੀਲੇ ਦੇ ਲੋਕ ਇਸ ਦਿਨ ਆਪਣੇ ਪੁਰਖਿਆਂ ਨੂੰ ਹਾਜ਼ਰ ਨਾਜ਼ਰ ਮੰਨਦੇ ਹਨ। ਪਤਵੰਤਿਆਂ ਦੀ ਇਸ ਪੰਚਾਇਤ ਵਿੱਚ ਡੇਰੇ ਦੀਆਂ ਸਮੱਸਿਆਵਾਂ ਸੰਬੰਧੀ ਵੀ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ।

ਬਾਜ਼ੀਗਰ ਕਬੀਲੇ ਵਿੱਚ ਜ਼ਿਆਦਾਤਰ ਸਮੱਸਿਆਵਾਂ ਰਿਸ਼ਤਾ ਨਾਤਾ ਪ੍ਰਬੰਧ ਨਾਲ ਸਬੰਧਤ ਹੁੰਦੀਆਂ ਹਨ ਜਿਸਨੂੰ ਕਬੀਲੇ ਦੇ ਪੈਂਚ ਬਹੁਤ ਹੀ ਸਹਿਜਤਾ ਅਤੇ ਲੰਬੀ ਸੁਣਵਾਈ ਬਾਅਦ ਹੱਲ ਕਰਦੇ ਹਨ। ਇਸ ਗੰਭੀਰ ਵਿਚਾਰ ਵਟਾਂਦਰੇ ਸਮੇਂ ਹੁੱਕੇ ਦਾ ਵਿਸ਼ੇਸ਼ ਤੌਰ ਤੇ ਸੇਵਨ ਕੀਤਾ ਜਾਂਦਾ ਹੈ। ਪਤਵੰਤਿਆਂ ਵਿੱਚ ਚਲਦੀ ਗੱਲਬਾਤ ਸਮੇਂ ਹੁੱਕੇ ਦੀ ਵਾਰੀ ਇੱਕ ਗੋਲਕਾਰ ਵਿੱਚ ਲਗਾਤਾਰ ਚਲਦੀ ਰਹਿੰਦੀ

ਹੈ। ਹੁੱਕਾ ਪਾਣੀ ਤਿਆਰ ਕਰਨ ਦੀ ਜ਼ਿੰਮੇਵਾਰੀ ਇਕੱਠ ਵਾਲੇ ਘਰ ਦੀ ਹੁੰਦੀ ਹੈ। ਝਗੜੇ ਵਾਲੀ ਧਿਰ ਵਿੱਚੋਂ ਪੰਚਾਇਤ ਦੀ ਗੱਲ ਨਾ ਮੰਨਣ ਵਾਲੇ ਲੋਕਾਂ ਨੂੰ ਪੁਰਖਿਆਂ ਦਾ ਵਾਸਤਾ ਪਾ ਕੇ ਮਨਾਇਆ ਜਾਂਦਾ ਹੈ ਤੇ ਉਨ੍ਹਾਂ ਅੱਗੇ ਹੱਕ ਸੱਚ ਦੀ ਖ਼ੈਰ ਮੰਗਣ ਲਈ ਝੋਲੀ ਵੀ ਅੱਡੀ ਜਾਂਦੀ ਹੈ। ਜੇਕਰ ਕੋਈ ਝਗੜੇ ਵਾਲੀ ਧਿਰ ਫਿਰ ਵੀ ਨਾਂ ਮੰਨੇ ਤਾਂ ਉਸੂਨੰ ਡੇਰੇ ਦੇ ਪਤਵੰਤਿਆਂ ਵੱਲੋਂ ਛੇਕ ਦਿੱਤਾ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਪੁਰਖ਼ ਪੂਜਾ, ਮ੍ਰਿਤਕ ਦੀ ਮੌਤ ਅਤੇ ਭੋਗ ਨਾਲ ਸਬੰਧਤ ਰਸਮਾਂ ਪਾਣੀ ਨਾਲ ਹੀ ਨੇਪਰੇ ਚੜ੍ਹਦੀਆਂ ਹਨ। ਬਾਜ਼ੀਗਰ ਕਬੀਲੇ ਦੇ ਲੋਕ ਪੁਰਖ਼ ਪੂਜਾ ਸਮੇਂ ਸੂਰਜ ਅਤੇ ਪਾਣੀ ਨੂੰ ਵਿਸ਼ੇਸ਼ ਮਹੱਤਵ ਦਿੰਦੇ ਹਨ। ਇਹਨਾਂ ਨੂੰ ਕਬੀਲੇ ਵਿੱਚ ਦੇਵਤਿਆਂ ਦੀ ਉਪਾਧੀ ਪ੍ਰਾਪਤ ਹੈ।

ਬਾਜ਼ੀਗਰ ਕਬੀਲੇ ਵਿੱਚ ਸੂਟ ਵਿਖਾਈ ਅਤੇ ਹੱਥ ਧੁਆਈ ਦੀ ਰਸਮ

ਬਾਜ਼ੀਗਰ ਕਬੀਲਾ ਇੱਕ ਅਜਿਹਾ ਕਬੀਲਾ ਹੈ ਜਿਹੜਾ ਆਪਣੇ ਵਿਲੱਖਣ ਰਸਮ ਰਿਵਾਜ਼ਾਂ ਅਤੇ ਵੱਖਰੀ ਜੀਵਨ ਸ਼ੈਲੀ ਕਰਕੇ ਜਾਣਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਦੇ ਇਹ ਰਸਮ ਰਿਵਾਜ਼ ਅਤੇ ਜੀਵਨ ਸ਼ੈਲੀ ਲੋਕਧਾਰਾਈ ਅਧਿਐਨ ਦੇ ਸੰਦਰਭ ਵਿੱਚ ਵਿਸ਼ੇਸ਼ ਮਹੱਤਤਾ ਰੱਖਦੇ ਹਨ। ਵਿਸ਼ਵੀਕਰਨ ਦੇ ਇਸ ਧਾੜਵੀ ਦੌਰ ਵਿੱਚ ਭਾਵੇਂ ਕਬੀਲਾ ਜੀਵਨ ਵਿੱਚ ਕਾਫੀ ਤੇਜ਼ਧਾਰ ਤਬਦੀਲੀਆਂ ਆਈਆਂ ਹਨ ਪਰ ਫਿਰ ਵੀ ਕਬੀਲੇ ਦੇ ਲੋਕਾਂ ਨੇ ਆਪਣੇ ਕਬੀਲਿਆਈ ਅਸਤਿੱਤਵ ਨੂੰ ਬਰਕਰਾਰ ਰੱਖਿਆ ਹੋਇਆ ਹੈ। ਕਬੀਲਾ ਜੀਵਨ ਭਾਵੇਂ ਬਾਹਰੀ ਰੂਪ ਵਿੱਚ ਸਾਂਵਾ ਅਤੇ ਸਹਿਜ ਲੱਗਦਾ ਹੈ ਪਰ ਅੰਦਰੂਨੀ ਰੂਪ ਵਿੱਚ ਇਹ ਉਨਾਂ ਹੀ ਗੁੰਝਲਦਾਰ ਅਤੇ ਕਠੋਰ ਹੈ। ਬਾਜ਼ੀਗਰ ਡੇਰਿਆਂ ਦੇ ਖਿੰਡ ਪੁੰਡ ਜਾਣ ਅਤੇ ਸ਼ਹਿਰੀਕਰਨ ਦੇ ਪ੍ਰਭਾਵ ਹੇਠ ਭਾਵੇਂ ਕਬੀਲੇ ਦੇ ਜੀਵਨ ਪ੍ਰਤੀਮਾਨਾਂ ਵਿੱਚ ਕਾਫ਼ੀ ਬਦਲਾਅ ਆਇਆ ਹੈ ਪਰ ਬਦਲਾਅ ਦੀ ਪ੍ਰਕ੍ਰਿਤੀ ਏਨੀ ਸਹਿਜ ਨਹੀਂ ਹੈ। ਕਿਸੇ ਵੀ ਜਾਤੀ ਦੇ ਕਬੀਲਾ ਜੀਵਨ ਵਿੱਚ ਪਰਿਵਰਤਿਤ ਹੋਣ ਦੀ ਪ੍ਰਕ੍ਰਿਆ ਏਨੀ ਸਰਲ ਨਹੀਂ ਹੁੰਦੀ। ਇਸ ਤੋਂ ਕਿਤੇ ਵੱਧ ਮੁਸ਼ਕਲ ਕਿਸੇ ਵੀ ਕਬੀਲੇ ਦੇ ਮੁੱਲ ਵਿਧਾਨ ਨੂੰ ਤੋੜਨਾ ਜਾਂ ਬਦਲਣਾ ਹੁੰਦਾ ਹੈ। ਪਦਾਰਥਵਾਦ ਦੇ ਇਸ ਯੁੱਗ ਵਿੱਚ ਭਾਵੇਂ ਕਿ ਕਬੀਲੇ ਦੇ ਕਈ ਰਸਮ ਰਿਵਾਜਾਂ ਦਾ ਦਾਇਰਾ ਸੁੰਘੜ ਗਿਆ ਹੈ ਪਰ ਫਿਰ ਵੀ ਕਬੀਲੇ ਦੇ ਟੋਟਮ ਟੈਬੂ ਅਤੇ ਪਰੰਪਰਾਵਾਂ ਉਸੇ ਤਰ੍ਹਾਂ ਮੂਲ ਰੂਪ ਵਿੱਚ ਪ੍ਰਚਲਤ ਹਨ:-

1. ਸੂਟ ਵਿਖਾਈ ਦੀ ਰਸਮ: ਬਾਜ਼ੀਗਰ ਕਬੀਲੇ ਦੀ ਕੋਈ ਵੀ ਵਿਆਹੁਤਾ ਜਾਂ ਨਵੀਂ ਵਿਆਹੀ ਇਸਤਰੀ ਜਦ ਕੋਈ ਨਵਾਂ ਸੂਟ ਸਿਵਾਉਂਦੀ ਹੈ ਤਾਂ ਉਹ ਇਸ ਨਵੇਂ ਸੂਟ ਨੂੰ ਪਹਿਨਣ ਤੋਂ ਪਹਿਲਾਂ ਸਾਰੇ ਡੇਰੇ ਵਿੱਚ ਸੂਟ ਵਿਖਾਈ ਦੀ ਰਸਮ ਪੂਰੀ ਕਰਦੀ ਹੈ। ਇਸ ਰਸਮ ਵਿੱਚ ਉਸਨੂੰ ਡੇਰੇ ਦੇ ਹਰ ਘਰ ਵਿੱਚ ਜਾ ਕੇ ਸਿਆਣੀਆਂ ਔਰਤਾਂ ਅਤੇ ਰਿਸ਼ਤੇ ਵਿੱਚ ਵੱਡੀਆਂ ਲਗਦੀਆਂ ਇਸਤਰੀਆਂ, ਨਣਦਾਂ ਅਤੇ ਜੇਠਾਣੀਆਂ ਨੂੰ ਸੂਟ ਪਹਿਨਣ ਦੀ ਸੁਲਹ ਮਾਰਨੀ ਪੈਂਦੀ ਹੈ। ਇਸ ਸੰਬੰਧੀ ਪਿੰਡ ਦੀ ਦਾਈ ਮਾਈ ਤੋਂ ਵੀ ਵਿਸ਼ੇਸ਼ ਤੌਰ ਤੇ ਪ੍ਰਵਾਨਗੀ ਲੈਣੀ ਪੈਂਦੀ ਹੈ। ਇਸ ਸੰਬੰਧੀ ਹੇਠ ਲਿਖੀ ਬਾਜ਼ੀਗਰ ਭਾਸ਼ਾ ਦਾ ਪ੍ਰਯੋਗ ਕੀਤਾ ਜਾਂਦਾ ਹੈ:-

'ਲੈਅ ਬੇਬੇ ਕਪੜਾ ਘਾਲ ਲਾ'
'ਲੈਅ ਅੰਮਾਂ ਕਪੜਾ ਘਾਲ ਲਾ'

'ਲੈਅ ਅੰਮਾਂ ਦਾਈ ਕਪੜਾ ਘਾਲ ਲਾ'
'ਲੈਅ ਬੇਬੇ ਤੂੰ ਵੀ ਕਪੜਾ ਘਾਲ ਲਾ'

ਬਾਜ਼ੀਗਰ ਕਬੀਲੇ ਦੀ ਸੂਟ ਸੁਲਹ ਮਾਰਨ ਵਾਲੀ ਇਸਤਰੀ ਸੂਟ ਪਾਉਣ ਦੀ ਪ੍ਰਵਾਨਗੀ ਲੈਣ ਹਿੱਤ ਉਪਰੋਕਤ ਸ਼ਬਦਾਂ ਦਾ ਪ੍ਰਯੋਗ ਡੇਰੇ ਦੇ ਹਰ ਘਰ ਵਿੱਚ ਜਾ ਕੇ ਕਰਦੀ ਹੈ। ਬਾਜ਼ੀਗਰ ਕਬੀਲੇ ਦੀਆਂ ਸਿਆਣੀਆਂ ਔਰਤਾਂ ਉਸਨੂੰ ਸੂਟ ਪਾਉਣ ਦੀ ਪ੍ਰਵਾਨਗੀ ਅਤੇ ਅਸੀਸਾਂ ਦਿੰਦੀਆਂ ਹੋਈਆਂ ਹੇਠ ਲਿਖੀਆਂ ਸਤਰਾਂ ਬੋਲਦੀਆ ਹਨ:-

'ਲੈ ਬੱਚਾ ਤੁਨੇ ਨਸੀਬ ਔਵਾ'
'ਰੱਬ ਤੁਨੇ ਜਾਦਾ ਦੇਵਾ'

ਇਸ ਤਰ੍ਹਾਂ ਕਬੀਲੇ ਦੀਆਂ ਸਿਆਣੀਆਂ ਇਸਤਰੀਆਂ ਦੀ ਸਵੀਕ੍ਰਿਤੀ ਮਿਲਣ ਤੋਂ ਬਾਅਦ ਉਹ ਆਪਣਾ ਸੂਟ ਪਹਿਨਦੀ ਹੈ। ਜੇਕਰ ਕਬੀਲੇ ਦੀ ਕੋਈ ਵੀ ਇਸਤਰੀ ਡੇਰੇ ਦੀਆਂ ਸਿਆਣੀਆਂ ਔਰਤਾਂ ਕੋਲੋਂ ਇਹ ਸਵੀਕ੍ਰਿਤੀ ਨਹੀਂ ਲੈਂਦੀ ਤਾਂ ਇਸ ਨਾਲ ਕਬੀਲੇ ਦੀਆਂ ਸਿਆਣੀਆਂ ਔਰਤਾਂ ਨਰਾਜ਼ ਹੋ ਜਾਂਦੀਆਂ ਹਨ ਤੇ ਸੂਟ ਸੁਲਹ ਨਾ ਮਾਰਨ ਵਾਲੀ ਇਸਤਰੀ ਨਾਲ ਮਿਲਵਰਤਨ ਬੰਦ ਕਰ ਦਿੰਦੀਆਂ ਹਨ ਕਿਉਂਕਿ ਕਬੀਲੇ ਦੀਆਂ ਸਿਆਣੀਆਂ ਔਰਤਾਂ ਇਸ ਰਸਮ ਨੂੰ ਆਪਣੀ ਮਾਣ ਮਰਿਆਦਾ ਨਾਲ ਜੋੜ ਕੇ ਵੇਖਦੀਆਂ ਹਨ। ਬਾਜ਼ੀਗਰ ਕਬੀਲੇ ਦੀ ਇਸ ਸੂਟ ਸੁਲਹ ਮਾਰਨ ਦੀ ਰਸਮ ਪਿੱਛੇ ਕਬੀਲੇ ਦੇ ਸਿਆਣੇ ਬਜ਼ੁਰਗਾਂ ਅਤੇ ਪੈਂਚਾਂ ਦੀ ਕਬੀਲਾ ਸੱਤਾ ਵੀ ਪ੍ਰਤੱਖ ਰੂਪ ਵਿੱਚ ਨਜ਼ਰ ਆਉਂਦੀ ਹੈ। ਇਸ ਨਾਲ ਕਬੀਲੇ ਵਿੱਚ ਜਿੱਥੇ ਆਪਣੇ ਲੋਕਾਂ ਤੇ ਕਬੀਲਿਆਈ ਦਬਦਬਾ ਬਣਾ ਕੇ ਰੱਖਣਾ ਹੁੰਦਾ ਹੈ ਉੱਥੇ ਨਾਲ ਹੀ ਕਬੀਲਾ ਪਰੰਪਰਾਵਾਂ ਅਤੇ ਰੂੜੀਆਂ ਦੀ ਗਤੀਸ਼ੀਲਤਾ ਨੂੰ ਬਣਾਈ ਰੱਖਣਾ ਵੀ ਹੁੰਦਾ ਹੈ। ਬਾਜ਼ੀਗਰ ਕਬੀਲੇ ਵਿੱਚ ਸੂਟ ਸੁਲਹ ਮਾਰਨ ਦੀ ਰਸਮ ਵੇਲੇ ਕਈ ਬਜ਼ੁਰਗ ਔਰਤਾਂ ਸੂਟ ਦੀ ਬਣਾਵਟ ਅਤੇ ਰੰਗਾਂ ਬਾਰੇ ਵਿਸ਼ੇਸ਼ ਤੌਰ ਤੇ ਜਾਂਚ ਕਰਦੀਆਂ ਹਨ। ਸੂਟ ਦੀ ਬਣਾਵਟ ਕਬੀਲਾ ਜੀਵਨ ਅਨੁਸਾਰ ਨਾ ਹੋਣ ਦੀ ਸੂਰਤ ਵਿੱਚ ਕਈ ਵਾਰੀ ਸੂਟ ਬਾਰੇ ਤਿਰਸਕਾਰਿਤ ਟਿੱਪਣੀਆਂ ਵੀ ਕੀਤੀਆਂ ਜਾਂਦੀਆਂ ਹਨ। ਅਜਿਹਾ ਕਬੀਲੇ ਦੀ ਮਾਨ ਮਰਿਆਦਾ ਨੂੰ ਬਣਾਈ ਰੱਖਣ ਲਈ ਕੀਤਾ ਜਾਂਦਾ ਹੈ। ਸੂਟ ਸੁਲਹ ਨਾ ਮਾਰਨ ਵਾਲੀ ਔਰਤ ਨੂੰ ਕਬੀਲੇ ਵਿੱਚ ਨੀਵੀਂ ਦ੍ਰਿਸ਼ਟੀ ਤੋਂ ਵੇਖਿਆ ਜਾਂਦਾ ਹੈ।

2. ਹੱਥ ਧੁਆਈ ਦੀ ਰਸਮ: ਬਾਜ਼ੀਗਰ ਕਬੀਲੇ ਵਿੱਚ ਹਰ ਤਿਉਹਾਰ ਵਾਲੇ ਦਿਨ ਨਵੀਂ ਵਿਆਹੀ ਇਸਤਰੀ ਲਈ ਹੱਥ ਧੁਆਈ ਦੀ ਰਸਮ ਪ੍ਰਚਲਤ ਹੈ। ਇਸ ਰਸਮ ਵਿੱਚ ਹੋਰ ਵਿਆਹੁਤਾ ਔਰਤਾਂ ਵੀ ਸ਼ਾਮਿਲ ਹੁੰਦੀਆਂ ਹਨ। ਇਸ ਰਸਮ ਵਿੱਚ ਡੇਰੇ ਦੀ ਕੋਈ ਵੀ ਨਵ ਵਿਆਹੁਤਾ ਇਸਤਰੀ ਘਰ ਦੀਆਂ ਦੋ ਤਿੰਨ ਹੋਰ ਇਸਤਰੀਆਂ ਅਤੇ ਕੁੜੀਆਂ ਨੂੰ ਨਾਲ ਲੈ ਕੇ ਡੇਰੇ ਦੇ ਹਰ ਘਰ ਵਿੱਚ ਰਿਸ਼ਤੇ ਵਿੱਚ ਵੱਡੇ ਲੱਗਦੇ ਇਸਤਰੀਆਂ ਅਤੇ ਪੁਰਸ਼ਾਂ ਦੇ ਹੱਥ ਧੁਆਈ ਦੀ ਰਸਮ ਪੂਰੀ ਕਰਦੀ ਹੈ। ਇਸ ਰਸਮ ਵਿੱਚ ਸੁੱਚੇ ਪਾਣੀ ਦੀ ਇੱਕ ਬਾਲਟੀ ਲੈ ਕੇ ਡੇਰੇ ਦੇ ਹਰ ਘਰ ਵਿੱਚ ਗੇੜਾ

ਦਿੱਤਾ ਜਾਂਦਾ ਹੈ। ਹੱਥ ਧੁਆਈ ਦੀ ਇਸ ਰਸਮ ਵੇਲੇ ਡੇਰੇ ਦੇ ਸਿਆਣੇ ਇਸਤਰੀ ਪੁਰਸ਼ ਸਬੰਧਤ ਇਸਤਰੀ ਨੂੰ ਸੁਹਾਗਣ ਰਹਿਣ ਦਾ ਆਸ਼ੀਰਵਾਦ ਅਤੇ ਦੁੱਧ ਪੁੱਤ ਦੀਆਂ ਅਸੀਸਾਂ ਦਿੰਦੇ ਹਨ। ਹੱਥ ਧੁਆਉਣ ਵਾਲੀ ਇਸਤਰੀ ਮੂੰਹੋਂ ਇਹ ਸ਼ਬਦੀ ਉਚਾਰਦੀ ਹੈ:-

'ਲੈਅ ਅੰਮਾ ਹਾਥ ਧੋ ਲਾ'
'ਲੈਅ ਬਾਬਾ ਹਾਥ ਧੋ ਲਾ'
'ਲੈਅ ਬੇਬੇ ਹਾਥ ਧੋ ਲਾ'

ਡੇਰੇ ਦੇ ਸਿਆਣੇ ਬਜ਼ੁਰਗ ਅਤੇ ਇਸਤਰੀਆਂ ਅੱਗੋਂ ਆਸ਼ੀਰਵਾਦ ਦਿੰਦੀਆਂ ਆਖਦੀਆਂ ਹਨ:

'ਰੱਬ ਤੁਨੇ ਭਾਗ ਲਗਾਵਾ
ਜੀਵਤੀ ਵਸਤੀ ਰਹਿਤ'

ਹੱਥ ਧੁਆਈ ਦੀ ਇਸ ਰਸਮ ਵੇਲੇ ਕਈ ਵਾਰ ਦਿਉਰ ਭਰਜਾਈ ਦੀ ਹਲਕੀ ਛੇੜ ਛਾੜ ਵੀ ਹੁੰਦੀ ਹੈ ਪਰ ਇਸ ਛੇੜਛਾੜ ਵਿੱਚ ਇਸਤਰੀ ਦੀ ਮੋਹਰੀ ਭੂਮਿਕਾ ਹੁੰਦੀ ਹੈ। ਬਾਜ਼ੀਗਰ ਕਬੀਲੇ ਵਿੱਚ ਸਮੇਂ ਸਿਰ ਹੱਥ ਧੁਆਈ ਦੀ ਰਸਮ ਪੂਰੀ ਨਾ ਕਰਨ ਵਾਲੀ ਇਸਤਰੀ ਨੂੰ ਕਬੀਲੇ ਤੋਂ ਆਕੀ ਸਮਝਿਆ ਜਾਂਦਾ ਹੈ। ਕਬੀਲੇ ਦੇ ਪਤਵੰਤੇ ਅਤੇ ਸਿਆਣੇ ਬਜ਼ੁਰਗ ਉਸਦੀ ਸਖਸ਼ੀਅਤ ਨੂੰ ਨੀਵੀਂ ਦ੍ਰਿਸ਼ਟੀ ਤੋਂ ਵੇਖਦੇ ਹਨ ਅਤੇ ਕਈ ਵਾਰੀ ਉਸ ਬਾਰੇ ਤਿੱਖੀਆਂ ਟਿੱਪਣੀਆਂ ਵੀ ਕਰਦੇ ਹਨ। ਹੱਥ ਧੁਆਈ ਦੀ ਰਸਮ ਵਿਆਹੁਤਾ ਔਰਤ ਨੂੰ ਸੁਹਰਿਆਂ ਦੇ ਡੇਰੇ ਵਿੱਚ ਸ਼ਾਮਿਲ ਕਰਨ ਹਿੱਤ ਪੂਰੀ ਕੀਤੀ ਜਾਂਦੀ ਹੈ। ਅਜਿਹਾ ਉਸਨੂੰ ਕਬੀਲਾ ਪਰੰਪਰਾਵਾਂ ਅਤੇ ਰੂੜੀਆਂ ਨਾਲ ਜੋੜਨ ਲਈ ਕੀਤਾ ਜਾਂਦਾ ਹੈ। ਉਹ ਡੇਰੇ ਵਿੱਚ ਹੱਥ ਧੁਆਈ ਦੀ ਰਸਮ ਪੂਰੀ ਕਰਨ ਤੋਂ ਬਾਅਦ ਕਈ ਵਾਰੀ ਪਾਣੀ ਦੀ ਬਾਲਟੀ ਛੋਟੇ ਦਿਓਰ ਤੇ ਵੀ ਡੋਲ੍ਹ ਦਿੰਦੀ ਹੈ। ਕਈ ਵਾਰ ਇਹ ਪਾਣੀ ਡੋਲ੍ਹਣ ਦਾ ਮਜ਼ਾਕ ਪਾਣੀ ਦੀ ਖੇਡ ਵਿੱਚ ਵੀ ਬਦਲ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਹੋਲੀ ਵਾਲੇ ਦਿਨ ਸਭ ਤੋਂ ਵੱਡੀ ਹੱਥ ਧੁਆਈ ਤੇ ਸੂਟ ਵਿਖਾਈ ਦੀ ਰਸਮ ਸਵੇਰੇ ਸਵੇਰੇ ਇਸ਼ਨਾਨ ਉਪਰੰਤ ਪਿੱਤਰਾਂ ਦੀ ਥਾਂ ਤੇ ਮੱਥਾ ਟੇਕਣ ਨਾਲ ਆਰੰਭ ਹੁੰਦੀ ਹੈ। ਇਸ ਰਸਮ ਵਿੱਚ ਜ਼ਿਆਦਾਤਰ ਕਬੀਲੇ ਦੀਆਂ ਜਵਾਨ ਔਰਤਾਂ, ਅਤੇ ਨਵ ਵਿਆਹੀਆਂ ਔਰਤਾਂ ਸ਼ਾਮਿਲ ਹੁੰਦੀਆਂ ਹਨ। ਕਬੀਲੇ ਦੀਆਂ ਲੜਕੀਆਂ ਅਤੇ ਬੱਚੇ ਇਕ ਟੋਲੀ ਦੇ ਰੂਪ ਵਿੱਚ ਸ਼ਗਨਾਂ ਵਾਲੀਆਂ ਔਰਤਾਂ ਦੇ ਨਾਲ ਨਾਲ ਚਲਦੇ ਹਨ। ਇਹ ਰਸਮ ਹਰ ਬਾਜ਼ੀਗਰ ਡੇਰੇ ਵਿਚ ਮਨਾਈ ਜਾਂਦੀ ਹੈ। ਇਨ੍ਹਾਂ ਰਸਮਾਂ ਵੇਲੇ ਹਰ ਡੇਰੇ ਵਿੱਚ ਖੁਸ਼ੀ ਵਾਲਾ ਮਾਹੌਲ ਹੁੰਦਾ ਹੈ। ਬਾਜ਼ੀਗਰ ਕਬੀਲੇ ਵਿੱਚ ਘੁੰਡ ਦਾ ਰਿਵਾਜ਼ ਹੈ। ਇਹ ਪਰਦਾਦਾਰੀ ਅੱਜ ਵੀ ਪੂਰੇ ਕਬੀਲੇ ਵਿੱਚ ਪ੍ਰਚਲਿਤ ਹੈ। ਸੂਟ ਵਿਖਾਈ ਤੇ ਹੱਥ ਧੁਆਈ ਦੀ ਰਸਮ ਵਿੱਚ ਸ਼ਾਮਿਲ ਹੋਣ ਵਾਲੀਆਂ ਔਰਤਾਂ ਪੂਰੇ ਡੇਰੇ ਵਿੱਚ ਘੁੰਡ ਕੱਢ ਕੇ ਇਹ ਰਸਮ ਪੂਰੀ ਕਰਦੀਆਂ ਹਨ। ਇਹ ਰਸਮ ਪੂਰੀ ਕਰਨ ਵਾਲੀਆਂ ਔਰਤਾਂ ਦਾ ਹਰ ਘਰ ਵਿੱਚ ਗੁੜ ਜਾਂ ਸ਼ੱਕਰ ਨਾਲ

ਮੂੰਹ ਮਿੱਠਾ ਕਰਵਾਇਆ ਜਾਂਦਾ ਹੈ ਤੇ ਕਈ ਵਾਰ ਪੁੰਨ ਦੇ ਤੌਰ ਕੁਝ ਪੈਸੇ ਵੀ ਦਿੱਤੇ ਜਾਂਦੇ ਹਨ। ਇਸ ਕਬੀਲੇ ਦੇ ਲੋਕ ਸ਼ਗਨ 'ਪੁੰਨ' ਨੂੰ ਕਹਿੰਦੇ ਹਨ। ਕਬੀਲੇ ਵਿੱਚ ਘਰ ਆਈ ਲੜਕੀ ਅਤੇ ਨੂੰਹ ਨੂੰ ਪੁੰਨ ਦੇਣ ਦੀ ਰਸਮ ਹੈ। ਪੁੰਨ ਨਾ ਦੇਣ ਵਾਲੇ ਘਰ ਨੂੰ ਹਿਕਾਰਤ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ। ਹੱਥ ਧੁਆਈ ਦੀ ਰਸਮ ਪੂਰੀ ਕਰਨ ਵਾਲੀਆਂ ਔਰਤਾਂ ਡੇਰੇ ਦੀ 'ਦਾਈ' ਅਤੇ ਕਬੀਲੇ ਦੀਆਂ ਬਜ਼ੁਰਗ ਔਰਤਾਂ ਦੀ ਘਰ ਘਰ ਜਾ ਕੁ ਮੁੱਠੀ ਚਾਪੀ ਕਰਕੇ ਖੁਸ਼ਹਾਲੀ ਦਾ ਆਸ਼ੀਰਵਾਦ ਵੀ ਲੈਂਦੀਆਂ ਹਨ। ਬਾਜ਼ੀਗਰ ਕਬੀਲੇ ਦੀਆਂ ਇਹ ਰਸਮਾਂ ਨਿੱਘ ਅਤੇ ਨੈਤਿਕਤਾ ਦੀਆਂ ਪ੍ਰਤੀਕ ਹਨ। ਇਹ ਰਸਮਾਂ ਕਬੀਲੇ ਦੇ ਸੁਚੱਜੇ ਕਦਰ ਪ੍ਰਬੰਧ ਵੱਲ ਵੀ ਇਸ਼ਾਰਾ ਕਰਦੀਆਂ ਹਨ।

ਇਹ ਰਸਮਾਂ ਪੂਰੀਆਂ ਹੋਣ ਤੋਂ ਬਾਅਦ ਕਬੀਲੇ ਦੇ ਜਵਾਨ ਪੁਰਸ਼, ਔਰਤਾਂ ਅਤੇ ਬੱਚੇ ਰੱਜਕੇ ਹੋਲੀ ਖੇਡਦੇ ਹਨ। ਬਜ਼ੁਰਗ ਤੇ ਸਿਆਣੇ ਲੋਕ ਹੋਲੀ ਦੀ ਰਸਮ ਵਿੱਚ ਭਾਗ ਨਹੀਂ ਲੈਂਦੇ। ਇਸ ਤੋਂ ਬਾਅਦ ਸ਼ਾਮ ਨੂੰ ਕਬੀਲੇ ਦੇ ਹਰ ਘਰ ਵਿੱਚ ਡੇਰੇ ਦੇ ਬਜ਼ੁਰਗਾਂ ਨੂੰ ਬੁਲਾ ਕੇ ਭੋਜਨ ਕਰਾਇਆ ਜਾਂਦਾ ਹੈ। ਇਸ ਤਰ੍ਹਾਂ ਕਬੀਲੇ ਵਿੱਚ ਇਹ ਰਸਮ ਨੇਪਰੇ ਚੜ੍ਹਦੀ ਹੈ। ਬਾਜ਼ੀਗਰ ਕਬੀਲੇ ਦੀਆਂ ਇਹਨਾਂ ਰਸਮਾਂ ਦਾ ਇੱਕ ਸਾਂਸਕ੍ਰਿਤਕ ਮਹੱਤਵ ਹੈ। ਇਹ ਰਸਮਾਂ ਜਿੱਥੇ ਕਬੀਲੇ ਦੇ ਸੰਗਠਨ ਨੂੰ ਮਜ਼ਬੂਤ ਬਣਾਉਂਦੀਆਂ ਹਨ ਉੱਥੇ ਕਬੀਲਿਆਈ ਸੱਭਿਆਚਾਰ ਨੂੰ ਵਿਸ਼ੇਸ਼ ਰੰਗਤ ਵੀ ਪ੍ਰਦਾਨ ਕਰਦੀਆਂ ਹਨ।

ਬਾਜ਼ੀਗਰ ਕਬੀਲੇ ਦਾ ਪਹਿਰਾਵਾ

ਬਾਜ਼ੀਗਰ ਕਬੀਲੇ ਵਿੱਚ ਮਰਦਾਂ ਦਾ ਮੁੱਖ ਪਹਿਰਾਵਾ ਕੁੜਤਾ ਲੂੰਗੀ ਅਤੇ ਔਰਤਾਂ ਆਮ ਤੌਰ ਤੇ ਘੱਗਰਾ ਚੋਲ਼ੀ ਪਹਿਨਦੀਆਂ ਹਨ। ਪਰ ਪੰਜਾਬ ਵਿੱਚ ਇਹ ਪਹਿਰਾਵਾ ਬਿਲਕੁਲ ਪੰਜਾਬੀ ਰੰਗਣ ਵਿੱਚ ਢਲ਼ ਚੁੱਕਿਆ ਹੈ। ਬਾਜ਼ੀਗਰ ਕਬੀਲੇ ਦੇ ਬਹੁਤੇ ਮਰਦ ਸਾਫ਼ਾ ਬੰਨ੍ਹਕੇ ਰੱਖਦੇ ਹਨ ਅਤੇ ਕਈ ਲੋਕ ਸਾਫ਼ਾ ਮੋਢਿਆਂ ਤੇ ਲਟਕਾ ਕੇ ਰੱਖਦੇ ਹਨ। ਬਾਜ਼ੀਗਰ ਕਬੀਲੇ ਦੀਆਂ ਔਰਤਾਂ ਦਾ ਪਹਿਰਾਵਾ ਪੰਜਾਬੀ ਰੰਗਣ ਵਾਲਾ ਹੈ ਪਰ ਫਿਰ ਵੀ ਥੋੜ੍ਹਾ ਬਹੁਤਾ ਫ਼ਰਕ ਬਰਕਰਾਰ ਹੈ। ਬਾਜ਼ੀਗਰ ਕਬੀਲੇ ਦੀਆਂ ਔਰਤਾਂ ਕਮੀਜ਼ ਖੁੱਲ੍ਹੇ ਡੁੱਲ੍ਹੇ ਅਤੇ ਸਲਵਾਰਾਂ ਥੋੜ੍ਹੀਆਂ ਘੁਟਵੀਆਂ ਪਾਉਂਦੀਆਂ ਹਨ। ਬਾਜ਼ੀਗਰ ਕਬੀਲੇ ਦੀਆਂ ਔਰਤਾਂ ਸਿਰ ਉਤੇ ਹਮੇਸ਼ਾ ਚੁੰਨੀ ਲੈ ਕੇ ਰੱਖਦੀਆਂ ਹਨ ਅਤੇ ਘੁੰਡ ਦਾ ਰਿਵਾਜ਼ ਹਾਲੇ ਵੀ ਕਬੀਲੇ ਵਿੱਚ ਸਖ਼ਤੀ ਨਾਲ ਪਾਲ਼ਿਆ ਜਾਂਦਾ ਹੈ। ਘੁੰਡ ਨਾਂ ਕੱਢਣ ਵਾਲੀ ਔਰਤ ਨੂੰ ਕਬੀਲੇ ਵਿਚ ਨੀਵੀਂ ਮੱਤ ਵਾਲੀ ਸਮਝਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਦੀਆਂ ਔਰਤਾਂ ਦੀ ਔੜਨੀ ਆਮ ਚੁੰਨੀਆਂ ਨਾਲੋਂ ਥੋੜ੍ਹੀ ਭਾਰੀ ਅਤੇ ਮੋਟੀ ਹੁੰਦੀ ਹੈ। ਬਾਜ਼ੀਗਰ ਕਬੀਲੇ ਦੀਆਂ ਔਰਤਾਂ ਘਰ ਵਿੱਚ ਸਹੁਰੇ, ਜੇਠ ਅਤੇ ਕਬੀਲੇ ਦੇ ਸਿਆਣੇ ਲੋਕਾਂ ਤੋਂ ਸਤਿਕਾਰ ਵਜੋਂ ਘੁੰਡ ਕੱਢਕੇ ਰੱਖਦੀਆਂ ਹਨ। ਬਾਜ਼ੀਗਰ ਕਬੀਲੇ ਦੇ ਮਰਦਾਂ ਦਾ ਪਹਿਰਾਵਾ ਜ਼ਿਆਦਾਤਰ ਚਿੱਟਾ ਖ਼ਾਕੀ ਝੱਗਾ ਲੂੰਗੀ ਅਤੇ ਦੇਸੀ ਜੁੱਤੀ ਹੈ। ਮਰਦ ਆਪਣੇ ਝੱਗੇ ਹੇਠ ਚਾਰ ਜੇਬਾਂ ਵਾਲੀ ਫਤੂਹੀ ਪਹਿਨਦੇ ਹਨ। ਇਸ ਫ਼ਤੂਹੀ ਨੂੰ ਪੈਸਾ ਟਕਾ ਸਾਂਭਣ ਲਈ ਵਰਤਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਦੇ ਮਰਦ ਸਿਰ ਅਤੇ ਦਾੜ੍ਹੀ ਕਟਵਾ ਕੇ ਰੱਖਦੇ ਹਨ ਪਰ ਮੁੱਛਾਂ ਵਿਸ਼ੇਸ਼ ਤੌਰ ਤੇ ਰੱਖੀਆਂ ਜਾਂਦੀਆਂ ਹਨ। ਬਾਜ਼ੀਗਰ ਕਬੀਲੇ ਦੇ ਲੋਕ ਮੁੱਛ ਦਾਹੜੀ ਬਣਵਾਉਣ ਲਈ ਹੁਣ ਨਾਈ ਕੋਲ ਜਾਂਦੇ ਹਨ। ਪੁਰਾਣੇ ਸਮਿਆਂ ਵਿੱਚ ਬਾਜ਼ੀਗਰ ਕਬੀਲੇ ਦੇ ਆਪਣੇ ਨਾਈ ਸੁਨਿਆਰ ਅਤੇ ਪੁਰੋਹਿਤ ਹੁੰਦੇ ਸਨ। ਬਾਜ਼ੀਗਰ ਕਬੀਲੇ ਦੇ ਮਰਦ ਕੰਨਾਂ ਵਿੱਚ ਨੱਤੀਆਂ ਅਤੇ ਗਲ਼ ਵਿੱਚ ਤਵੀਤੜੀ ਪਾਉਣ ਦੇ ਸ਼ੌਕੀਨ ਹਨ। ਬਾਜ਼ੀਗਰ ਲੋਕ ਹੱਥਾਂ ਵਿੱਚ ਛਾਪਾਂ ਛੱਲੇ ਪਹਿਨ ਕੇ ਅਤੇ ਮੱਥੇ ਤੇ ਚੰਨ ਖੁਣਵਾਂ ਕੇ ਬਹੁਤ ਖੁਸ਼ ਹੁੰਦੇ ਹਨ ਪਰ ਅਜੋਕੇ ਸਮੇਂ ਹੁਣ ਇਹ ਰਿਵਾਜ਼ ਕਾਫ਼ੀ ਘਟ ਗਿਆ ਹੈ। ਬਾਜ਼ੀਗਰ ਕਬੀਲੇ ਦੀਆਂ ਔਰਤਾਂ ਦੰਦਾਂ ਵਿੱਚ ਸੋਨੇ ਦੀਆਂ ਮੇਖਾਂ ਲਵਾ ਕੇ ਖੁਸ਼ ਹੁੰਦੀਆਂ ਹਨ। ਬਾਜ਼ੀਗਰ ਔਰਤਾਂ ਮੱਥੇ ਉੱਤੇ ਚੰਨ ਅਤੇ ਠੋਡੀ ਤੇ ਤਿੰਨ ਤਿਲ ਖੁਣਵਾਉਣ ਦੀਆਂ ਸ਼ੌਕੀਨ ਰਹੀਆਂ ਹਨ ਪਰ ਹੁਣ ਇਹ ਰਿਵਾਜ਼ ਹੋਲੀ-ਹੋਲੀ ਅਲੋਪ ਹੁੰਦਾ ਜਾ ਰਿਹਾ ਹੈ। ਬਾਜ਼ੀਗਰ ਕਬੀਲੇ ਦੀਆਂ ਔਰਤਾਂ ਨੱਕ ਵਿੱਚ ਲੌਂਗ, ਤੀਲੀ, ਕੰਨਾਂ ਵਿੱਚ ਤੁੰਗਲ, ਕੋਕਰੂ, ਬੁੰਦੇ ਅਤੇ ਗੱਲ ਵਿੱਚ ਸਿੰਘ ਤਵੀਤੜੀ ਅਤੇ ਹਮੇਲ

ਪਾਉਂਦੀਆਂ ਹਨ। ਸਿਰ ਤੇ ਵਿਸ਼ੇਸ਼ ਤੌਰ ਤੇ ਸੱਗੀ ਫੁੱਲ, ਕਲਿੱਪ ਅਤੇ ਸੂਈਆਂ ਲਾਈਆਂ ਜਾਂਦੀਆਂ ਹਨ। ਬਾਜ਼ੀਗਰ ਕਬੀਲੇ ਦੀਆਂ, ਔਰਤਾਂ ਪੈਰਾਂ ਵਿੱਚ ਚੌੜੀ ਪੱਟੀ ਦੀਆਂ ਪਾਜ਼ੇਬਾਂ ਪਹਿਨਦੀਆਂ ਹਨ ਜਿਨ੍ਹਾਂ ਨੂੰ ਚੰਪਾ ਕਲੀ ਅਤੇ ਚਿੜੀ ਚੋਂਚ ਵੀ ਕਿਹਾ ਜਾਂਦਾ ਹੈ। ਬਾਜ਼ੀਗਰ ਕਬੀਲੇ ਦੀਆਂ ਔਰਤਾਂ ਹੱਥਾਂ ਵਿੱਚ ਬਾਜ਼ੂਬੰਦ ਅਤੇ ਕੰਗਣ ਪਹਿਨਦੀਆਂ ਹਨ। ਬਾਜ਼ੀਗਰ ਕਬੀਲੇ ਦੀਆਂ ਔਰਤਾਂ ਦੇ ਗਲ਼ ਵਿੱਚ ਖ਼ਾਸ ਗਹਿਣਾ ਹੰਸਲੀ ਪਹਿਨ ਕੇ ਰੱਖਦੀਆਂ ਹਨ। ਬਾਜ਼ੀਗਰ ਕਬੀਲੇ ਦੇ ਲੋਕ ਨਿੱਕੇ ਬੱਚੇ ਦੇ ਲੱਕ ਦੁਆਲੇ ਤੜਾਗੀ ਅਤੇ ਹੱਥਾਂ ਵਿੱਚ ਕੰਗਣ ਪਹਿਨਾਉਂਦੇ ਹਨ ਜਿਨ੍ਹਾਂ ਨੂੰ ਸਗਲੇ ਵੀ ਕਿਹਾ ਜਾਂਦਾ ਹੈ। ਬਾਜ਼ੀਗਰ ਕਬੀਲੇ ਦੇ ਲੋਕ ਬੱਚੇ ਦੇ ਪੈਰਾਂ ਵਿਚ ਘੁੰਗਰੂ ਬੰਨ੍ਹਦੇ ਹਨ। ਘੁੰਗਰੂ ਬੱਚੇ ਦੀ ਸੁਰੱਖਿਆ ਦੇ ਤੌਰ ਤੇ ਬੰਨ੍ਹੇ ਜਾਂਦੇ ਹਨ। ਘੁੰਗਰੂਆਂ ਦੀ ਸਹਾਇਤਾ ਨਾਲ ਬੱਚੇ ਦੇ ਫੇਰੇ ਤੋਰੇ ਤੇ ਨਜ਼ਰ ਰਹਿੰਦੀ ਹੈ। ਘੁੰਗਰੂੰਆਂ ਦੀ ਛਣਕਾਰ ਉਸ ਦੇ ਘਰ ਵਿੱਚ ਹੀ ਹੋਣ ਦਾ ਸੂਚਕ ਮੰਨੀ ਜਾਂਦੀ ਹੈ।

ਬਾਜ਼ੀਗਰ ਕਬੀਲੇ ਵਿੱਚ ਦੂਜੇ ਵਿਆਹ ਵਾਲੀ ਔਰਤ ਆਪਣੇ ਗਲ਼ੇ ਵਿੱਚ 'ਸੌਂਕਣ ਮੋਹਰ' ਪਾ ਕੇ ਰੱਖਦੀ ਹੈ। ਇਹ ਇਕ ਨਿੱਕਾ ਜਿਹਾ ਗਹਿਣਾ ਹੈ ਜਿਸ ਤੇ ਕਿਸੇ ਦੇ ਵੀ ਦੇਵਤੇ ਦੀ ਆਕ੍ਰਿਤੀ ਬਣੀ ਹੁੰਦੀ ਹੈ। ਬਾਜ਼ੀਗਰ ਕਬੀਲੇ ਵਿੱਚ ਅਜਿਹਾ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ ਨਾਲ ਘਰ ਦੀ ਪਹਿਲੀ ਮਰ ਚੁੱਕੀ ਔਰਤ ਦੀ ਰੂਹ ਉਸਦੀ ਉਸੇ ਘਰ ਵਿਚ ਦੁਬਾਰਾ ਵਿਆਹ ਕੇ ਲਿਆਂਦੀ ਹੋਈ ਸੌਂਕਣ ਨੂੰ ਪ੍ਰੇਸ਼ਾਨ ਨਹੀਂ ਕਰਦੀ। ਇਸ ਤਰ੍ਹਾਂ ਸੌਂਕਣ ਮੋਹਰ ਨੂੰ ਬਾਜ਼ੀਗਰ ਕਬੀਲੇ ਦੀਆਂ ਔਰਤਾਂ ਇੱਕ ਸੁਰੱਖਿਆ ਕਵਚ ਦੇ ਤੌਰ ਤੇ ਪਹਿਨਦੀਆਂ ਹਨ।

ਬਾਜ਼ੀਗਰ ਕਬੀਲੇ ਦੇ ਬਜ਼ੁਰਗ ਲੋਕ ਦਾਹੜੀ ਮੁੱਛਾਂ ਖਾਸ ਤੌਰ ਤੇ ਵਧਾ ਕੇ ਰੱਖਦੇ ਹਨ। ਬਾਜ਼ੀਗਰ ਕਬੀਲੇ ਵਿੱਚ ਦਾਹੜੀ ਮੁੱਛ ਨੂੰ ਸਿਆਣਪ ਦਾ ਚਿੰਨ੍ਹ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਬਾਜ਼ੀਗਰ ਕਬੀਲੇ ਦੇ ਬਜ਼ੁਰਗ ਹੱਥ ਵਿੱਚ ਸੱਮਾਂ ਵਾਲੀ ਡਾਂਗ ਜਾਂ ਖੂੰਡਾ ਰੱਖਦੇ ਹਨ। ਡਾਂਗ ਅਤੇ ਖੂੰਡਾਂ ਬਾਜ਼ੀਗਰ ਕਬੀਲੇ ਵਿੱਚ ਅਣਖ ਦਾ ਪ੍ਰਤੀਕ ਮੰਨੇ ਜਾਂਦੇ ਹਨ। ਬਾਜ਼ੀਗਰ ਕਬੀਲੇ ਵਿੱਚ ਘੁਮੰਤੂ ਜੀਵਨ ਸਮੇਂ ਵਿਆਹ ਵਾਲਾ ਮੁੰਡਾ ਵਿਸ਼ੇਸ਼ ਤੌਰ ਤੇ ਲੱਠੇ ਦਾ ਲਿਬਾਸ ਪਹਿਨਦਾ ਸੀ। ਵਿਆਹ ਵਾਲੀ ਕੁੜੀ ਵਿਆਹ ਵੇਲੇ ਕਾਲੇ ਸੂਫ਼ ਦਾ ਕਢਾਈ ਵਾਲਾ ਗੁਣੀਆਂ ਪਹਿਨਦੀ ਸੀ ਜਿਸ ਤੇ ਤਿੱਤਰ ਮੋਰ ਤੇ ਰੁੱਖ ਆਦਿ ਕੱਢੇ ਹੁੰਦੇ ਸਨ। ਇਸ ਤਰ੍ਹਾਂ ਘੱਗਰੇ ਤੇ ਕੱਢੇ ਜਾਂਦੇ ਤਿੱਤਰ ਮੋਰ ਬਾਜ਼ੀਗਰ ਕਬੀਲੇ ਦਾ ਕੁਦਰਤ ਪ੍ਰਤੀ ਪਿਆਰ ਦਾ ਪ੍ਰਗਟਾਵਾ ਹਨ। ਬਾਜ਼ੀਗਰ ਕਬੀਲੇ ਵਿੱਚ ਵਿਆਹ ਸਮੇਂ ਦਹੇਜ ਵਿੱਚ ਲੜਕੀ ਨੂੰ ਹਮੇਲ, ਚਮਕਲੀ, ਗੋਖ਼ਰੂ, ਸੁੱਚੇ ਮਣਕਿਆਂ ਦੀ ਗਾਨੀ, ਚਾਂਦੀ ਦਾ ਟਾਡਾ, ਚੂੜਾ, ਛੜ ਕੰਗਣ, ਦੋ ਸੋਨੇ ਦੇ ਵੱਡੇ ਲੌਂਗ, ਪੈਰਾਂ ਦੀਆਂ ਪਾਜ਼ੇਬਾਂ ਅਤੇ ਦੋ ਸੂਟ ਉਪਹਾਰ ਵਜੋਂ ਦਿੱਤੇ ਜਾਂਦੇ ਸਨ। ਉਸ ਨੂੰ ਘਰ ਗ੍ਰਹਿਸਥੀ ਸ਼ੁਰੂ ਕਰਨ ਲਈ ਇੱਕ ਕਾਂਸੀ ਦਾ ਛੰਨਾ ਅਤੇ ਥਾਲੀ ਦਿੱਤੀ ਜਾਂਦੀ ਸੀ। ਸੁਹਾਗ ਦੇ ਸਮਾਨ ਵਜੋਂ ਉਸਨੂੰ ਸ਼ਿੰਗਾਰ ਲਈ ਗਚਾਣੀ ਅਤੇ ਗਹਿਣਾ ਗੱਟਾ ਪਾਉਣ ਲਈ ਇੱਕ ਕੋਥਲੀ ਵੀ ਦਿੱਤੀ ਜਾਂਦੀ ਸੀ। ਹੁਣ ਇਹ ਰਿਵਾਜ਼ ਕਾਫ਼ੀ ਹੱਦ ਤੱਕ ਬਦਲ ਚੁੱਕਾ ਹੈ।

ਬਾਜ਼ੀਗਰ ਕਬੀਲੇ ਵਿਚ 'ਹੁੱਕਾ' ਵਿਸ਼ੇਸ਼ ਮਹੱਤਵ ਰੱਖਦਾ ਹੈ। ਬਾਜ਼ੀਗਰ ਕਬੀਲੇ ਵਿੱਚ ਹੁੱਕੇ ਨੂੰ ਕਬੀਲੇ ਦਾ ਇਕ ਖਾਸ ਅੰਗ ਮੰਨਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਹੁੱਕਾ ਭਾਈਚਾਰਕ ਸਾਂਝ ਦਾ ਪ੍ਰਤੀਕ ਹੈ। ਇਸ ਨੂੰ ਬਾਜ਼ੀਗਰ ਕਬੀਲੇ ਦੇ ਮੁਖੀ, ਪੈਂਚ ਅਤੇ ਬਜ਼ੁਰਗ ਲੋਕ ਹੱਥ ਵਿੱਚ ਹੀ ਰੱਖਦੇ ਹਨ। ਬਾਜ਼ੀਗਰ ਕਬੀਲੇ ਦੇ ਹਰ ਸਾਂਝੇ ਸਮਾਗਮ, ਪੰਚਾਇਤ ਅਤੇ ਮਹਾਂਪੰਚਾਇਤ 'ਢੋਅ' ਸਮੇਂ ਹੁੱਕਾ ਵਿਸ਼ੇਸ਼ ਤੌਰ ਤੇ ਸ਼ਿੰਗਾਰ ਕੇ ਸਾਰਿਆਂ ਦੇ ਸਾਹਮਣੇ ਪਰੋਸਿਆ ਜਾਂਦਾ ਹੈ। ਕਬੀਲੇ ਦੇ ਕਿਸੇ ਮਸਲੇ ਸਬੰਧੀ ਗੰਭੀਰ ਵਿਚਾਰ ਵਟਾਂਦਰਾ ਕਰਦੇ ਸਮੇਂ ਹੁੱਕੇ ਦੀ ਵਾਰੀ ਵੀ ਨਾਲ-ਨਾਲ ਚਲਦੀ ਰਹਿੰਦੀ ਹੈ। ਕਬੀਲੇ ਦੇ ਬਜ਼ੁਰਗਾਂ ਨੂੰ ਅੱਗ ਧਰਕੇ ਹੁੱਕਾ ਪੇਸ਼ ਕਰਨਾ ਸਤਿਕਾਰ ਦਾ ਚਿੰਨ੍ਹ ਸਮਝਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਦੀਆਂ ਬਜ਼ੁਰਗ ਔਰਤਾਂ ਵੀ ਹੁੱਕੇ ਦਾ ਆਨੰਦ ਮਾਣਦੀਆਂ ਰਹੀਆਂ ਹਨ ਪਰ ਹੁਣ ਔਰਤਾਂ ਵਿੱਚ ਹੁੱਕਾ ਪੀਣ ਦੀ ਪ੍ਰਵਿਰਤੀ ਲਗਭਗ ਖਤਮ ਹੋ ਚੁੱਕੀ ਸਭਿਆਚਾਰ ਇਕ ਗਤੀਸ਼ੀਲ ਵਰਤਾਰਾ ਹੈ। ਸਮੇਂ ਦੇ ਬਦਲਣ ਨਾਲ ਭਾਵੇਂ ਕਿ ਕਬੀਲੇ ਦੇ ਲੋਕਾਂ ਦੇ ਪਹਿਰਾਵੇ ਵਿੱਚ ਕਾਫ਼ੀ ਪਰਿਵਰਤਨ ਆਇਆ ਹੈ ਪਰ ਇਹ ਬਦਲਾਅ ਜ਼ਿਆਦਾਤਰ ਸ਼ਹਿਰਾਂ ਦੇ ਨੇੜੇ ਜਾਂ ਸ਼ਹਿਰਾਂ ਦੇ ਆਸ ਪਾਸ ਵੱਸਣ ਵਾਲੇ ਲੋਕਾਂ ਵਿਚ ਹੀ ਦੇਖਣ ਨੂੰ ਮਿਲਦਾ ਹੈ। ਕਬੀਲੇ ਦੇ ਡੇਰਿਆਂ ਵਿੱਚ ਵਸਣ ਵਾਲੇ ਲੋਕ ਅਜੇ ਵੀ ਆਪਣਾ ਪਰੰਪਰਿਕ ਪਹਿਰਾਵਾ ਹੀ ਪਹਿਨਦੇ ਹਨ। ਪੰਜਾਬ ਅਤੇ ਹਰਿਆਣੇ ਤੋਂ ਬਾਹਰ ਵੱਸਣ ਵਾਲੇ ਆਦਮੀ ਅਤੇ ਔਰਤਾਂ ਅੱਜ ਵੀ ਆਪਣੇ ਪਰੰਪਰਿਕ ਗਹਿਣੇ ਅਤੇ ਵਸਤਰ ਪਹਿਨਦੇ ਹਨ। ਕਬੀਲੇ ਦੇ ਇਨ੍ਹਾਂ ਲੋਕਾਂ ਵਿੱਚ ਬਦਲਾਅ ਦੀ ਗਤੀ ਬੜੀ ਧੀਮੀ ਹੈ। ਬਾਜ਼ੀਗਰ ਕਬੀਲੇ ਵਿੱਚ ਕਬੀਲੇ ਦਾ ਕਾਨੂੰਨ, ਪ੍ਰੰਪਰਾਵਾਂ ਅਤੇ ਧਰਮ ਨਾ ਮੰਨਣ ਵਾਲੇ ਵਿਅਕਤੀ ਨਾਲ ਹੁੱਕੇ ਪਾਣੀ ਦੀ ਸਾਂਝ ਖਤਮ ਕਰ ਦਿੱਤੀ ਜਾਂਦੀ ਹੈ ਇਸ ਤੋਂ ਬਾਅਦ ਉਹ ਕਬੀਲੇ ਦਾ ਤ੍ਰਿਸਕਾਰਤ ਵਿਅਕਤੀ ਬਣ ਜਾਂਦਾ ਹੈ।

ਬਾਜ਼ੀਗਰ ਇਸਤਰੀਆਂ ਦਾ ਜੱਦੀ ਵਿਵਸਾਇ

ਬਾਜ਼ੀਗਰ ਕਬੀਲੇ ਦੀਆਂ ਔਰਤਾਂ ਬਹੁਤ ਹੀ ਮਿਹਨਤੀ ਸੁਭਾਅ ਦੀਆਂ ਹੁੰਦੀਆਂ ਹਨ। ਔਰਤਾਂ ਕਬੀਲੇ ਦੇ ਮਰਦਾਂ ਦੇ ਬਰਾਬਰ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਦੀਆਂ ਹਨ। ਆਦਿ ਕਾਲ ਤੋਂ ਲੈ ਕੇ ਹੁਣ ਤੱਕ ਬਾਜ਼ੀਗਰ ਕਬੀਲੇ ਦੀਆਂ ਔਰਤਾਂ ਹੱਡ ਭੰਨਵੀਂ ਮਿਹਨਤ ਕਰ ਰਹੀਆਂ ਹਨ। ਬਾਜ਼ੀਗਰ ਲੋਕ ਮੁੱਖ ਤੌਰ ਤੇ ਜੀਵਨ ਨਿਰਬਾਹ ਲਈ ਊਠ, ਡਾਚੀਆਂ ਅਤੇ ਬੱਕਰੀਆਂ ਪਾਲਦੇ ਰਹੇ ਹਨ ਤੇ ਇਨ੍ਹਾਂ ਵਿੱਚੋਂ ਮਾਸ ਦੇ ਸ਼ੌਕੀਨ ਕੁਝ ਲੋਕ ਸ਼ਿਕਾਰ ਵੀ ਕਰਦੇ ਰਹੇ ਹਨ। ਉਦੋਂ ਬਾਜ਼ੀਗਰ ਕਬੀਲੇ ਦੀਆਂ ਔਰਤਾਂ ਪਸ਼ੂ ਪਾਲਣ ਅਤੇ ਸਿਰਕੀ ਸਾਂਭਣ ਵਿੱਚ ਸਹਾਈ ਹੁੰਦੀਆਂ ਰਹੀਆਂ ਹਨ। ਕਬੀਲੇ ਦੀਆਂ ਔਰਤਾਂ ਆਦਿ ਕਾਲ ਤੋਂ ਪਸ਼ੂ ਆਦਿ ਲੈ ਕੇ ਚਰਾਂਦਾ ਵਿੱਚ ਵੀ ਵਿਚਰਦੀਆਂ ਰਹੀਆਂ ਹਨ। ਹੌਲ਼ੀ ਹੌਲ਼ੀ ਬਾਜ਼ੀਗਰ ਕਬੀਲੇ ਦਾ ਇਕ ਵਰਗ ਜਿਹੜਾ ਕਿ ਦਿਨ ਵੇਲੇ ਵੱਗ ਚਾਰਿਆ ਕਰਦਾ ਸੀ ਅਤੇ ਰਾਤ ਨੂੰ ਢੋਲੇ ਮਾਹੀਏ ਗਾਇਆ ਕਰਦਾ ਸੀ, ਬਾਰ ਦੇ ਜੰਗਲਾਂ ਵਿੱਚ 'ਬਾਜ਼ੀ ਦੀ ਕਲਾ' ਅਤੇ 'ਵੀਣੀ ਫੜਨ ਦੀ ਕਲਾ' ਦਾ ਅਭਿਆਸ ਕਰਨ ਲੱਗ ਪਿਆ। ਸ਼ੁਰੂ-ਸ਼ੁਰੂ ਵਿਚ 'ਬਾਜ਼ੀ ਦੀ ਕਲਾ' ਅਤੇ 'ਵੀਣੀ ਫੜਨ ਦੀ ਕਲਾ' ਬਾਜ਼ੀਗਰ ਕਬੀਲੇ ਦਾ ਮਨੋਰੰਜਨ ਸੀ। ਬਾਅਦ ਵਿੱਚ ਇਹ ਕਲਾ ਇਨ੍ਹਾਂ ਦੇ ਕਿੱਤੇ ਵਿਚ ਤਬਦੀਲ ਹੋਣ ਲੱਗ ਪਈ। ਇਹ ਲੋਕ ਬਾਜ਼ੀ ਦੀ ਇਸ ਕਲਾ ਨੂੰ ਪਿੰਡ-ਪਿੰਡ ਤੇ ਨਗਰ-ਨਗਰ ਜਾ ਕੇ ਵਿਖਾਉਣ ਲੱਗ ਪਏ ਜਿਸ ਦੇ ਇਵਜ਼ ਵਿੱਚ ਇਨ੍ਹਾਂ ਨੂੰ ਗੁੜ, ਸ਼ੱਕਰ ਅਨਾਜ ਅਤੇ ਪੈਸੇ ਮਿਲਣ ਲੱਗ ਪਏ। ਬਾਜ਼ੀ ਦੀ ਕਲਾ ਦਿਖਾਉਣ ਬਦਲੇ ਇਨ੍ਹਾਂ ਲੋਕਾਂ ਨੂੰ ਆਪਣੇ·ਪਸ਼ੂਆਂ ਲਈ ਪੱਠੇ ਅਤੇ ਚਾਰਾ ਵੀ ਮਿਲ ਜਾਂਦਾ ਸੀ। ਜਦੋਂ ਇਹ ਲੋਕ ਸਿਰਕੀਆਂ ਤੋਂ ਬਾਹਰ ਆਕੇ ਪਿੰਡਾਂ ਵਿੱਚ ਬਾਜ਼ੀ ਦੀ ਕਲਾ ਵਿਖਾਉਣ ਲੱਗ ਪਏ ਤਾਂ ਉਦੋਂ ਕਬੀਲੇ ਦੀਆਂ ਔਰਤਾਂ ਪਿੰਡਾਂ ਵਿੱਚ ਆਪਣੇ ਆਦਮੀਆਂ ਨਾਲ ਜਾਕੇ ਸੂਈਆਂ ਕਦੂੰਈਆਂ, ਹਾਰ, ਸ਼ਿੰਗਾਰ ਅਤੇ ਸਜਣ ਧਜਣ ਦਾ ਸਮਾਨ ਆਦਿ ਵੇਚਣ ਲੱਗ ਪਈਆਂ। ਬਾਜ਼ੀਗਰ ਔਰਤਾਂ ਬਾਜ਼ੀ ਦੀ ਕਲਾ ਵਿੱਚ ਹਿੱਸਾ ਬਿਲਕੁਲ ਨਹੀਂ ਲੈਂਦੀਆਂ। ਬਾਜ਼ੀ ਇਨ੍ਹਾਂ ਲਈ ਵਰਜਿਤ ਕਿੱਤਾ ਹੈ। ਇਸ ਤਰ੍ਹਾਂ ਬਾਜ਼ੀਗਰ ਔਰਤਾਂ ਦਾ ਪਿੰਡਾਂ ਅਤੇ ਨਗਰਾਂ ਵਿੱਚ ਘਰੇਲੂ ਲੋੜ ਦੀਆਂ ਵਸਤਾਂ ਵੇਚਣ ਕਾਰਨ ਆਦਾਨ ਪ੍ਰਦਾਨ ਕਾਫ਼ੀ ਵਧ ਗਿਆ। ਬਾਜ਼ੀਗਰ ਕਬੀਲੇ ਦੀਆਂ ਔਰਤਾਂ ਵਿਆਹ ਅਤੇ ਖੁਸ਼ੀ ਦੇ ਸਮੇਂ ਜਸ਼ਨਾਂ ਦੇ ਗੀਤ ਅਤੇ ਘੋੜੀ ਗਾਉਣ ਵਿੱਚ ਵੀ ਮੁਹਾਰਤ ਰੱਖਦੀਆਂ ਹਨ। ਸੱਮੀ ਲੋਕ ਨਾਚ ਬਾਜ਼ੀਗਰ ਕਬੀਲੇ ਦੀਆਂ ਔਰਤਾਂ ਦਾ ਮਨਭਾਉਂਦਾ ਲੋਕ ਨਾਚ ਹੈ। ਬਾਜ਼ੀਗਰ ਕਬੀਲੇ ਦੀਆਂ ਔਰਤਾਂ ਪਿੰਡਾਂ ਵਿੱਚ ਘਰ ਘਰ ਜਾ ਕੇ ਆਪਣੀ ਕੋਥਲੀ ਲੈ ਕੇ ਹਾਰ ਸ਼ਿੰਗਾਰ ਦਾ ਸਮਾਨ ਵੇਚਦੀਆਂ ਰਹੀਆਂ ਹਨ।

ਕਈ ਵਾਰ ਹਾਰ ਸ਼ਿੰਗਾਰ ਵੇਚਣ ਵੇਲੇ ਹੋਕਾ ਦੇਣ ਦੇ ਨਾਲ ਨਾਲ ਇਹ ਕਬੀਲਾ ਗੀਤ ਵੀ ਗਾਉਂਦੀਆਂ ਸਨ। ਬਾਜ਼ੀਗਰ ਕਬੀਲੇ ਦੀਆਂ ਔਰਤਾਂ ਵਣਜ ਲਈ ਤੁਰਨ ਲੱਗੀਆਂ ਸਿਰਕੀਆਂ ਵਿੱਚੋਂ ਘਰੋਂ ਟੋਲੇ ਦੇ ਰੂਪ ਵਿਚ ਚਲਦੀਆਂ ਹੁੰਦੀਆਂ ਹਨ। ਇਸ ਤੋਂ ਬਾਅਦ ਇਹ ਇੱਕ ਮਿਥੇ ਹੋਏ ਥਾਂ ਤੋਂ ਖਿੰਡ ਕੇ ਮੁੜ ਉਸੇ ਥਾਂ ਇਕੱਠੀਆਂ ਹੋ ਅਤੇ ਫਿਰ ਇਕੱਠੀਆਂ ਹੋ ਕੇ ਸਿਰਕੀ ਵੱਲ ਵਾਪਸ ਆ ਜਾਂਦੀਆਂ ਹਨ। ਬਾਜ਼ੀਗਰ ਕਬੀਲੇ ਦੀਆਂ ਔਰਤਾਂ ਨੂੰ ਸ਼ਾਮ ਢਲਣ ਤੋਂ ਪਹਿਲਾਂ ਸਿਰਕੀ ਪਹੁੰਚਣਾ ਪੈਂਦਾ ਹੈ। ਅੱਜ ਵੀ ਘਰ ਦੇਰੀ ਨਾਲ ਪਰਤਣ ਵਾਲੀਆਂ ਔਰਤਾਂ ਨੂੰ ਕਬੀਲੇ ਵਿਚ ਮਾੜਾ ਸਮਝਿਆ ਜਾਂਦਾ ਹੈ ਅਤੇ ਇਸ ਦਾ ਕਬੀਲੇ ਦੇ ਸਿਆਣੇ ਲੋਕ ਬਹੁਤ ਬੁਰਾ ਮਨਾਉਂਦੇ ਹਨ। ਸੂਈਆਂ ਕਦੂੰਈਆਂ ਅਤੇ ਹਾਰ ਸ਼ਿੰਗਾਰ ਬਦਲੇ ਬਾਜ਼ੀਗਰ ਔਰਤਾਂ ਨੂੰ ਪਿੰਡਾਂ ਵਿਚੋਂ ਅਨਾਜ ਗੁੜ, ਅਤੇ ਪੈਸੇ ਮਿਲਦੇ ਹੁੰਦੇ ਸਨ ਜਿਸ ਦੀ ਪੰਡ ਬੰਨ੍ਹਕੇ ਬਾਜ਼ੀਗਰ ਔਰਤਾਂ ਵਾਪਸ ਡੇਰੇ ਪਾ ਦਿੰਦੀਆਂ ਹਨ ਅਤੇ ਫਿਰ ਅਗਲੀ ਵਾਰੀ ਆਉਣ ਦਾ ਦਿਨ ਵੀ ਮਿੱਥ ਆਉਂਦੀਆਂ ਹਨ। ਬਾਜ਼ੀਗਰ ਕਬੀਲੇ ਦੀਆਂ ਔਰਤਾਂ ਪਿੰਡ ਦੀਆਂ ਸਵਾਣੀਆਂ ਲਈ ਕੱਜਲ, ਸੁਰਮਾ, ਲਾਲੀ, ਛਾਪਾਂ ਛੱਲੇ ਅਤੇ ਉਨ੍ਹਾਂ ਦੀ ਮੰਗ ਦਾ ਸਮਾਨ ਲਿਆ ਕੇ ਵੀ ਦਿੰਦੀਆਂ ਹਨ। ਸਮੇਂ ਦੇ ਵੇਗ ਨਾਲ ਪਿੰਡਾਂ ਅਤੇ ਸ਼ਹਿਰਾਂ ਦੀ ਦੂਰੀ ਘਟਣ ਕਾਰਨ ਹੌਲੀ ਹੌਲੀ ਬਾਜ਼ੀਗਰ ਔਰਤਾਂ ਦਾ ਇਹ ਧੰਦਾ ਵੀ ਲਗਭਗ ਖਤਮ ਹੋ ਗਿਆ ਹੈ।

ਬਾਜ਼ੀਗਰ ਕਬੀਲੇ ਦੀਆਂ ਔਰਤਾਂ ਮਰਦਾਂ ਨਾਲ ਹਾੜੀ ਸਾਉਣੀ ਦੀਆਂ ਫ਼ਸਲਾਂ ਵਿੱਚ ਵੀ ਹੱਥ ਵਟਾਉਂਦੀਆਂ ਹਨ। ਇਹ ਕੰਮ ਹੁਣ ਤੱਕ ਉਸੇ ਤਰ੍ਹਾਂ ਚੱਲਿਆ ਆਉਂਦਾ ਹੈ। ਪਹਿਲਾਂ ਬਾਜ਼ੀਗਰ ਕਬੀਲੇ ਦੇ ਲੋਕ ਖੇਤੀ ਧੰਦੇ ਦੇ ਕੰਮ ਵਾਲੀ ਥਾਂ ਤੇ ਖ਼ੁਦ ਜਾ ਕੇ ਡੇਰਾ ਲਾ ਲੈਂਦੇ ਹੁੰਦੇ ਹਨ ਅਤੇ ਨਾਲ ਹੀ ਆਪਣਾ ਪਸ਼ੂ ਪਠੋਰਾ ਵੀ ਲੈ ਜਾਂਦੇ ਹਨ। ਉੱਥੇ ਇਨ੍ਹਾਂ ਦਾ ਚਾਹ ਪਾਣੀ, ਰੋਟੀ ਟੁੱਕ ਅਤੇ ਪਸ਼ੂਆਂ ਲਈ ਚਾਰਾ ਸਬੰਧਤ ਕਿਸਾਨ ਹੀ ਦਿੰਦੇ ਹਨ। ਆਰਜ਼ੀ ਰਿਹਾਇਸ਼ ਦੀ ਜ਼ਿੰਮੇਵਾਰੀ ਵੀ ਸਬੰਧਤ ਕਿਸਾਨ ਦੀ ਹੀ ਹੁੰਦੀ ਹੈ। ਇਸ ਪ੍ਰਕਾਰ ਹਾੜੀ ਅਤੇ ਸਾਉਣੀ ਦੀਆਂ ਫਸਲਾਂ ਕਮਾਉਣ ਦਾ ਇਹ ਧੰਦਾ ਨਿਰੰਤਰ ਹੁਣ ਤੱਕ ਵੀ ਚਲ ਰਿਹਾ ਹੈ। ਕਬੀਲੇ ਦੀਆਂ ਔਰਤਾਂ ਪਸ਼ੂ ਪਾਲਣ ਦੀਆਂ ਸ਼ੌਕੀਨ ਹਨ। ਕਬੀਲੇ ਵਿੱਚ ਔਰਤਾਂ ਹੁਣ ਵੀ ਘਰ ਵਿੱਚ ਇਕ ਜਾਂ ਦੋ ਪਸ਼ੂ ਜ਼ਰੂਰ ਰੱਖਦੀਆਂ ਹਨ। ਉਹ ਪਸ਼ੂਆਂ ਲਈ ਕੱਖ ਕੰਡਾ ਲਿਆਉਣ ਦਾ ਕੰਮ ਖ਼ੁਦ ਆਪ ਕਰਦੀਆਂ ਹਨ। ਇਸ ਦੇ ਇਵਜ਼ ਵਿੱਚ ਉਹ ਖੇਤੀ ਦੇ ਕੰਮਾਂ ਵਿਚ ਕਿਸਾਨਾਂ ਦਾ ਹੱਥ ਵੀ ਵਟਾਉਂਦੀਆਂ ਹਨ। ਇਸ ਪ੍ਰਕਾਰ ਬਾਜ਼ੀਗਰ ਔਰਤਾਂ ਪਸ਼ੂਆਂ ਦਾ ਦੁੱਧ ਵੇਚਕੇ ਵੀ ਆਪਣਾ ਗੁਜ਼ਾਰਾ ਕਰਦੀਆਂ ਹਨ।

ਹਾੜੀ ਦੀ ਫ਼ਸਲ ਦੇ ਨਿਬੜਦਿਆਂ ਹੀ ਬਾਜ਼ੀਗਰ ਕਬੀਲੇ ਦੀਆਂ ਔਰਤਾਂ ਖੇਤਾਂ ਵਿਚ ਬੱਲੀਆਂ ਚੁੱਗਣ ਅਤੇ ਪਿੜ ਹੂੰਝਣ ਦੇ ਕੰਮ ਵਿੱਚ ਜੁਟ ਜਾਂਦੀਆਂ ਹਨ। ਇਸ ਤਰ੍ਹਾਂ ਬਾਜ਼ੀਗਰ ਔਰਤਾਂ ਬੱਲੀਆਂ ਚੁੱਗਕੇ ਜਾਂ ਪਿੜ ਹੂੰਝ ਕੇ ਗੁਜ਼ਾਰੇ ਜੋਗੇ ਦਾਣੇ ਇਕੱਠੇ ਕਰ ਲੈਂਦੀਆਂ ਹਨ। ਪਿੜਾਂ ਅਤੇ ਬੱਲੀਆਂ ਦੇ ਦਾਣਿਆਂ ਨੂੰ ਛੱਟਕੇ ਸਾਫ਼ ਕਰਕੇ

ਭੜੋਲੇ ਆਦਿ ਵਿਚ ਪਾ ਲਿਆ ਜਾਂਦਾ ਹੈ। ਇਸ ਪ੍ਰਕਾਰ ਸਾਲ ਭਰ ਦੇ ਅੰਨ੍ਹ ਤੋਂ ਬੇ ਫ਼ਿਕਰੀ ਹੋ ਜਾਂਦੀ ਹੈ।

ਪਰਵਾਸੀ ਮਜ਼ਦੂਰਾਂ ਦੀ ਆਮਦ ਨਾਲ ਬਾਜ਼ੀਗਰ ਕਬੀਲੇ ਦੇ ਲੋਕਾਂ ਦੇ ਖੇਤੀਬਾੜੀ ਨਾਲ ਸਬੰਧਤ ਕੰਮ ਧੰਦਿਆਂ ਨੂੰ ਕਾਫ਼ੀ ਠੇਸ ਪਹੁੰਚੀ ਹੈ। ਬਾਜ਼ੀਗਰ ਕਬੀਲੇ ਦੇ ਲੋਕਾਂ ਦਾ ਖੇਤੀਬਾੜੀ ਨਾਲ ਸਬੰਧਤ ਕੰਮ ਧੰਦਾ ਹੁਣ ਠੱਪ ਹੋ ਕੇ ਰਹਿ ਗਿਆ ਹੈ। ਅਜਿਹੀਆਂ ਔਰਤਾਂ ਬਹੁਤ ਘੱਟ ਹਨ ਜਿਹੜੀਆਂ ਕਿ ਘਰ ਰਹਿਕੇ ਆਪਣਾ ਗੁਜ਼ਾਰਾ ਕਰ ਸਕਦੀਆਂ ਹਨ। ਅੱਜ ਵੀ ਬਾਜ਼ੀਗਰ ਕਬੀਲੇ ਦੀਆਂ ਔਰਤਾਂ ਨੂੰ ਆਪਣਾ ਪੇਟ ਭਰਨ ਲਈ ਮਰਦਾਂ ਵਰਗੇ ਸਖ਼ਤ ਕੰਮ ਧੰਦੇ ਕਰਨੇ ਪੈਂਦੇ ਹਨ। ਬਾਜ਼ੀਗਰ ਕਬੀਲੇ ਦੀਆਂ ਔਰਤਾਂ ਨੂੰ ਅੱਜ ਵੀ ਘਰ ਦਾ ਬਾਲਣ ਜੁਟਾਉਣ ਲਈ ਜੰਗਲ ਬੇਲਿਆਂ ਵਿੱਚ ਜਾਣਾ ਪੈਂਦਾ ਹੈ। ਬਾਜ਼ੀਗਰ ਔਰਤਾਂ ਨੂੰ ਬਾਲਣ ਜੋਗੀਆਂ ਪਾਥੀਆਂ ਲਈ ਘਰ ਘਰ ਜਾ ਕੇ ਗੋਹਾ ਇਕੱਠਾ ਕਰਨਾ ਪੈਂਦਾ ਹੈ ਜਾਂ ਫਿਰ ਦੂਰ ਦੁਰੇਡੇ ਖੇਤਾਂ ਬੰਨਿਆਂ ਤੇ ਰੁੱਖਾਂ ਤੋਂ ਬਾਲਣ ਵੀ ਇਕੱਠਾ ਕਰਨਾ ਪੈਂਦਾ ਹੈ। ਇਸ ਪ੍ਰਕਾਰ ਬਾਜ਼ੀਗਰ ਔਰਤਾਂ ਦਾ ਦਿਨ ਸੂਰਜ ਚੜ੍ਹਨ ਤੋਂ ਲੈ ਕੇ ਸੂਰਜ ਦੇ ਅਸਤ ਹੋਣ ਤੱਕ ਬਹੁਤ ਹੀ ਵਿਅਸਤ ਅਤੇ ਚੁਣੌਤੀ ਭਰਿਆ ਹੁੰਦਾ ਹੈ। ਅੱਜ ਵੀ ਬਾਜ਼ੀਗਰ ਕਬੀਲੇ ਦੀ ਔਰਤ ਖੇਤ ਮਜ਼ਦੂਰੀ, ਰਾਜ ਮਿਸਤੀਆਂ ਨਾਲ ਦਿਹਾੜੀ, ਅਤੇ ਪਸ਼ੂ ਪਾਲਣ ਵਰਗੇ ਮੁਸ਼ੱਕਤ ਭਰੇ ਧੰਦਿਆਂ ਨਾਲ ਆਪਣਾ ਗੁਜ਼ਾਰਾ ਕਰ ਰਹੀ ਹੈ। ਇਸ ਤਰ੍ਹਾਂ ਉਹ ਅੱਜ ਦੇ ਅਤਿ ਵਿਕਸਤ ਸ਼ਹਿਰਾਂ ਅਤੇ ਨਗਰਾਂ ਵਿੱਚ ਪੱਥਰ ਤੋੜ ਕੇ ਆਪਣਾ ਗੁਜ਼ਾਰਾ ਕਰ ਰਹੀ ਹੈ।

ਬਾਜ਼ੀਗਰ ਡੇਰੇ ਦੀ ਸਥਾਪਨਾ ਅਤੇ ਕੂਚ ਕਰਨ ਦੀਆਂ ਮਾਨਤਾਵਾਂ

ਬਾਜ਼ੀਗਰ ਕਬੀਲੇ ਦੇ ਲੋਕ ਡੇਰਿਆਂ ਵਿੱਚ ਨਿਵਾਸ ਕਰਦੇ ਹਨ। ਅੱਜ ਵੀ ਬਾਜ਼ੀਗਰ ਕਬੀਲੇ ਦੀ ਰਹਿਣ ਵਾਲੀ ਥਾਂ ਨੂੰ 'ਡੇਰਾ' ਆਖਦੇ ਹਨ। ਬਾਜ਼ੀਗਰ ਕਬੀਲੇ ਦੇ ਲੋਕਾਂ ਵਲੋਂ ਡੇਰਾ ਖ਼ਾਸ ਤੌਰ ਤੇ ਸੁੰਨੀ ਥਾਂ ਤੇ ਲਾਇਆ ਜਾਂਦਾ ਹੈ। ਡੇਰਾ ਬੰਨ੍ਹਣ ਸਮੇਂ ਖੁੱਲ੍ਹੀ ਆਬੋ ਹਵਾ, ਪਾਣੀ ਅਤੇ ਨੇੜੇ ਤੇੜੇ ਕਿਸੇ ਪਿੰਡ ਨਗਰ ਜਾਂ ਸ਼ਹਿਰ ਹੋਣ ਦਾ ਖ਼ਾਸ ਖਿਆਲ ਰੱਖਿਆ ਜਾਂਦਾ ਹੈ। ਡੇਰਿਆਂ ਵਿੱਚ ਆਮ ਲੋਕਾਂ ਦਾ ਆਣਾ ਜਾਣਾ ਵਰਜਿਤ ਹੁੰਦਾ ਹੈ।

ਹਰ ਡੇਰੇ ਦੇ ਘਰ ਗੋਲਾਈ ਵਿੱਚ ਬਣੇ ਹੁੰਦੇ ਹਨ। ਬਹੁਤੇ ਘਰਾਂ ਦਾ ਮੂੰਹ ਇੱਕ ਦੂਜੇ ਦੇ ਆਹਮੋ-ਸਾਹਮਣੇ ਹੁੰਦਾ ਹੈ। ਮਾਲ ਡੰਗਰ ਬੱਕਰੀਆਂ ਅਤੇ ਪਸ਼ੂਆਂ ਆਦਿ ਨੂੰ ਵਿਚਾਲੇ ਖੁੱਲ੍ਹੇ ਵਿਹੜੇ ਵਿੱਚ ਬੰਨ੍ਹਿਆ ਜਾਂਦਾ ਹੈ। ਪੁਰਾਣੇ ਸਮੇਂ ਵਿੱਚ ਡੇਰੇ ਦੇ ਚਾਰ ਤੰਗ ਦਰਵਾਜ਼ੇ ਰੱਖੇ ਜਾਂਦੇ ਸਨ ਜਿਨ੍ਹਾਂ ਦੇ ਸਾਹਮਣੇ ਇੱਕ ਮਜ਼ਬੂਤ ਖਿੜਕਾ ਲੱਗਿਆ ਹੁੰਦਾ ਸੀ। ਕਬੀਲੇ ਦੇ ਲੋਕ ਡੇਰਿਆਂ ਦੇ ਦਰਵਾਜੇ ਚੋਰੀ ਦੇ ਡਰੋਂ ਤੰਗ ਰੱਖਦੇ ਸਨ ਤਾਂ ਕੋਈ ਮਾਲ ਡੰਗ ਚੋਰੀ ਕਰਕੇ ਨਾ ਲਿਜਾ ਸਕੇ। ਬਾਜ਼ੀਗਰ ਡੇਰੇ ਦੇ ਹਰ ਘਰ ਵਿੱਚ ਚੁੱਲ੍ਹਾ ਅਤੇ ਝਲਾਣੀ ਘਰ ਜਾਂ ਸਿਰਕੀ ਦੇ ਦਰਵਾਜ਼ੇ ਦੇ ਬਿਲਕੁਲ ਨਾਲ ਬਣਾਇਆ ਜਾਂਦਾ ਹੈ। ਖਾਣਾ ਬਣਾਉਣ ਦਾ ਨਿੱਕ ਸੁੱਕ ਅਤੇ ਬਰਤਨ ਚੁੱਲ੍ਹੇ ਦੇ ਨਜ਼ਦੀਕ ਹੀ ਰੱਖੇ ਜਾਂਦੇ ਹਨ। ਬਾਜ਼ੀਗਰ ਕਬੀਲੇ ਦੇ ਲੋਕਾਂ ਵਲੋਂ ਡੇਰਾ ਬੰਨ੍ਹਣ ਸਮੇਂ ਹੇਠ ਲਿਖੀਆਂ ਗੱਲਾਂ ਦਾ ਖ਼ਾਸ ਤੌਰ ਤੇ ਧਿਆਨ ਰੱਖਿਆ ਜਾਂਦਾ :-

1. ਡੇਰਾ ਬੰਨ੍ਹਣ ਵਾਲੀ ਥਾਂ ਉੱਚੀ ਟਿੱਬੀਨੁਮਾ ਹੋਣੀ ਚਾਹੀਦੀ ਹੈ
2. ਡੇਰਾ ਬੰਨ੍ਹਣ ਵਾਲੀ ਥਾਂ ਤੇ ਕਿਸੇ ਪੀਰ ਫ਼ਕੀਰ ਦੀ ਥਾਂ ਨਹੀਂ ਹੋਣੀ ਚਾਹੀਦੀ
3. ਡੇਰਾ ਮੜ੍ਹੀਆਂ ਮਸਾਣਾਂ ਤੋਂ ਦੂਰ ਬੰਨ੍ਹਿਆ ਜਾਵੇ
4. ਕਬੀਲੇ ਦੇ ਬੱਚਿਆਂ ਅਤੇ ਔਰਤਾਂ ਲਈ ਨੇੜੇ ਤੇੜੇ ਪਖ਼ਾਨਾ ਜਾਣ ਦੀ ਸਹੂਲਤ ਹੋਵੇ
5. ਡੇਰਾ ਜਨ ਸੰਪਰਕ ਤੋਂ ਦੂਰ ਦੁਰਾਡੇ ਹੋਣਾ ਚਾਹੀਦਾ ਹੈ
6. ਡੇਰਾ ਕਿਸੇ ਵਾਦ ਵਿਵਾਦ ਵਾਲੀ ਥਾਂ ਤੋਂ ਦੂਰ ਬੰਨ੍ਹਿਆ ਜਾਣਾ ਚਾਹੀਦਾ ਹੈ
7. ਡੇਰੇ ਦਾ ਵਾਤਾਵਰਣ ਖੁੱਲ੍ਹਾ ਡੁੱਲ੍ਹਾ ਤੇ ਖੁਸ਼ਹਾਲ ਹੋਣਾ ਚਾਹੀਦਾ ਹੈ
8. ਡੇਰੇ ਵਾਲੀ ਥਾਂ ਤੇ ਕੋਈ ਬਾਹਰੀ ਦਖ਼ਲ-ਅੰਦਾਜ਼ੀ ਨਾ ਹੋਵੇ
9. ਡੇਰੇ ਵਾਲੀ ਥਾਂ ਦੇ ਨੇੜੇ ਪਾਣੀ ਦੀ ਸਹੂਲਤ ਵੀ ਹੋਣੀ ਚਾਹੀਦੀ ਹੈ

ਬਾਜ਼ੀਗਰ ਕਬੀਲੇ ਵਿੱਚ ਡੇਰਾ ਬੰਨ੍ਹਣ ਸਮੇਂ ਗੱਡਿਆਂ ਤੋਂ ਮਾਲ ਅਸਬਾਬ ਉਤਾਰਨ ਤੋਂ ਪਹਿਲਾਂ ਕਬੀਲੇ ਦੇ ਮੁਖੀ ਜਾਂ ਸਿਆਣੇ ਵਿਅਕਤੀ ਵਲੋਂ ਸਭ ਤੋਂ ਪਹਿਲਾਂ ਇਕ ਕਬੀਲੇ ਵਲੋਂ ਪ੍ਰਣਾਵਿਤ ਬੇਨਤੀ ਕੀਤੀ ਜਾਂਦੀ ਹੈ। ਇਹ ਬੇਨਤੀ ਡੇਰੇ ਦੇ ਵਸਨੀਕਾਂ ਅਤੇ ਉਨ੍ਹਾਂ ਦੇ ਮਾਲ ਡੰਗਰ ਦੀ ਭਲਾਈ ਹਿੱਤ ਕੀਤੀ ਜਾਂਦੀ ਹੈ। ਡੇਰਾ ਬੰਨ੍ਹਣ ਸਮੇਂ ਬੇਨਤੀ ਵਿੱਚ ਇਹ ਸ਼ਬਦ ਉਚਾਰੇ ਜਾਂਦੇ ਹਨ :-

ਈ ਤਾਰ ਸਿਰਕੀ
ਈ ਤਾਰੋ ਘਰ
ਈ ਤਾਰੋ ਪੇੜੋ
ਈ ਤਾਰੋ ਦਰ
ਮਾਰ੍ਹੇ ਮਹਾਰਾਜ! ਸਵਾ ਗਜ਼ ਧਰਤੀ ਮਨਜ਼ੂਰ ਕਰੀਂ

ਇਸ ਬੇਨਤੀ ਉਪਰੰਤ ਬਾਜ਼ੀਗਰ ਲੋਕਾਂ ਵੱਲੋਂ ਮਾਲ ਅਸਬਾਬ ਉਤਾਰ ਕੇ ਡੇਰਾ ਬੰਨ੍ਹ ਲਿਆ ਜਾਂਦਾ ਹੈ ਅਤੇ ਡੰਗਰ ਵੱਛਾ ਡੇਰੇ ਦੇ ਵਿਚਕਾਰ ਬੰਨ੍ਹ ਦਿੱਤਾ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਖੂਹ ਜਾਂ ਨਹਿਰ ਵਾਲੇ ਸਥਾਈ ਜਾਂ ਅਸਥਾਈ ਡੇਰੇ ਨੂੰ ਉੱਤਮ ਡੇਰਾ ਮੰਨਿਆ ਜਾਂਦਾ ਹੈ। ਕਬੀਲੇ ਵਿੱਚ ਖੂਹ ਅਤੇ ਨਹਿਰ ਦਾ ਦੂਰ ਨੇੜੇ ਹੋਣਾ ਕਬੀਲੇ ਵਿੱਚ ਹੋਣ ਵਾਲੇ ਸਾਕ ਸਬੰਧਾਂ ਅਤੇ ਰਿਸ਼ਤਿਆਂ ਨੂੰ ਵੀ ਪ੍ਰਭਾਵਤ ਕਰਦੇ ਹਨ। ਬਾਜ਼ੀਗਰ ਲੋਕ ਉਜਾੜਾਂ ਅਤੇ ਰਾਜਸਥਾਨ ਦੇ ਮਾਰੂਥਲ ਵਿੱਚ ਵੱਸਣ ਵਾਲੇ ਬਾਜ਼ੀਗਰ ਕਬੀਲੇ ਦੇ ਲੋਕਾਂ ਨਾਲ ਜੀਵਨ ਲਈ ਢੁਕਵਾਂ ਭੂਗੋਲ ਨਾ ਹੋਣ ਕਰਕੇ ਰਿਸ਼ਤਿਆਂ ਦੇ ਲੈਣ ਦੇਣ ਤੋਂ ਵੀ ਗੁਰੇਜ਼ ਕਰਦੇ ਹਨ। ਜੇਕਰ ਕਿਸੇ ਖ਼ਾਸ ਸਥਿਤੀ ਵਿੱਚ ਅਜਿਹੀ ਥਾਂ ਰਿਸ਼ਤਾ ਪ੍ਰਵਾਨ ਵੀ ਚੜ੍ਹ ਜਾਵੇ ਤਾਂ ਬਾਜ਼ੀਗਰ ਕੁੜੀ ਵਾਪਸ ਪੇਕਿਆਂ ਦੇ ਘਰ ਆ ਕੇ ਮਾਂ ਨਾਲ ਮਿਲਣੀ ਸਮੇਂ ਵੈਣ ਪਾ ਕੇ ਉਸਨੂੰ ਨਿਹੋਰਾ ਦਿੰਦੀ ਹੈ:-

ਐ ਮਾਰੀ ਮਾਂ! ਮਿਨੇ ਕੱਥਾ ਸੁਟਿਓ
ਜੱਤਾ ਆਗ ਨਾ ਪਾਣੀ

ਇਸ ਤਰ੍ਹਾਂ ਡੇਰਿਆਂ ਦੀ ਭੂਗੋਲਿਕ ਸਥਿਤੀ ਡੇਰੇ ਦੇ ਰਿਸ਼ਤਾ ਨਾਤਾ ਪ੍ਰਬੰਧ ਨੂੰ ਵੀ ਕਾਫ਼ੀ ਹੱਦ ਤੱਕ ਪ੍ਰਭਾਵਤ ਕਰਦੀ ਹੈ। ਬਾਜ਼ੀਗਰ ਡੇਰਾ ਆਪਣੇ ਆਪ ਵਿੱਚ ਪੂਰਨ ਇਕਾਈ ਹੁੰਦਾ ਹੈ। ਬਾਜ਼ੀਗਰ ਕਬੀਲੇ ਦੇ ਡੇਰੇ ਜ਼ਿਆਦਾਤਰ ਦੋ ਜਾਂ ਤਿੰਨ ਗੋਤਰ ਦੇ ਹੁੰਦੇ ਹਨ। ਬਾਜ਼ੀਗਰ ਕਬੀਲੇ ਵਿੱਚ ਇੱਕ ਗੋਤਰ ਦੇ ਲੋਕ ਦੂਜੀ ਗੋਤਰ ਨੂੰ ਕਿਸੇ ਸੰਕਟ ਜਾਂ ਮੁਸੀਬਤ ਸਮੇਂ ਆਪਣੇ ਨਾਲ ਰਹਿਣ ਦੀ ਆਗਿਆ ਦੇ ਦਿੰਦੇ ਹਨ। ਕਬੀਲੇ ਦੇ ਲੋਕ ਅਜਿਹੇ ਲੋਕਾਂ ਲਈ 'ਔਰਸਖੀਆ' ਸ਼ਬਦ ਵਰਤਦੇ ਹਨ। ਡੇਰੇ ਦੇ ਹਰ ਕਾਰ ਵਿਹਾਰ ਵਿੱਚ ਔਰਸਖੀਆਂ ਦੀ ਵਿਸ਼ੇਸ਼ ਭੂਮਿਕਾ ਹੁੰਦੀ ਹੈ। ਡੇਰੇ ਦੇ ਸਾਰੇ ਘਰਾਂ ਵਿਚ ਖਾਣ ਪੀਣ ਦੀ ਵਸਤਾਂ ਦਾ ਨਿੱਤ ਦਾ ਆਦਾਨ ਪ੍ਰਦਾਨ ਹੁੰਦਾ ਹੈ। ਡੇਰੇ ਦੀ ਕਿਸੇ ਸਿਰਕੀ ਜਾਂ ਘਰ ਵਿੱਚ ਬਿਪਤਾ ਸਮੇਂ ਪੂਰੀ ਮੱਦਦ ਅਤੇ ਹਮਦਰਦੀ ਕੀਤੀ ਜਾਂਦੀ ਹੈ। ਡੇਰੇ ਵਿੱਚ ਵਿਆਹ ਅਤੇ ਤਿਉਹਾਰਾਂ ਸਮੇਂ ਮਿਲਕੇ ਜਸ਼ਨ ਮਨਾਏ ਜਾਂਦੇ ਹਨ।

ਜਸ਼ਨਾਂ ਵਿੱਚ ਬੱਚੇ, ਬੁਢਿਆਂ ਅਤੇ ਔਰਤਾਂ ਦੀ ਵਿਸ਼ੇਸ਼ ਥਾਂ ਹੁੰਦੀ ਹੈ। ਬਾਜ਼ੀਗਰ ਕਬੀਲੇ ਵਿੱਚ ਵਿਆਹ, ਤਿਉਹਾਰ ਅਤੇ ਮੌਤ ਸਮੇਂ ਜ਼ਿਆਦਾ ਰਸਮਾਂ ਔਰਤਾਂ ਕਰਦੀਆਂ ਹਨ। ਮਰਦਾਂ ਦੀ ਹਾਜ਼ਰੀ ਕੇਵਲ ਚਿਨ੍ਹਾਤਮਕ ਅਤੇ ਪੱਧਰ ਦੀ ਹੁੰਦੀ ਹੈ। ਮਰਦ ਕੇਵਲ ਮੌਤ ਦੀਆਂ ਰਸਮਾਂ ਵਿੱਚ ਹੀ ਮੋਹਰੀ ਹੁੰਦੇ ਹਨ। ਬਾਜ਼ੀਗਰ ਕਬੀਲੇ ਵਿੱਚ ਜ਼ਿਆਦਾਤਰ ਘਰ ਦਾ ਗੁਜ਼ਾਰਾ ਮਰਦ ਹੀ ਚਲਾਉਂਦੇ ਹਨ। ਕਬੀਲੇ ਦੀਆਂ ਜਵਾਨ ਵਿਆਹੀਆਂ ਔਰਤਾਂ ਅਤੇ ਜਵਾਨ ਕੁੜੀਆਂ ਨੂੰ ਡੇਰੇ ਵਿਚੋਂ ਬਾਹਰ ਜਾਣ ਦੀ ਇਜ਼ਾਜਤ ਨਹੀਂ ਹੁੰਦੀ। ਉਹ ਜ਼ਿਆਦਾਤਰ ਘਰ ਦੇ ਛੋਟੇ ਵੱਡੇ ਕੰਮਾਂ ਤੱਕ ਹੀ ਸੀਮਤ ਰਹਿੰਦੀਆਂ ਹਨ ਜਾਂ ਫਿਰ ਮਾਲ ਡੰਗਰ ਲਈ ਚਾਰੇ ਦਾ ਪ੍ਰਬੰਧ ਕਰਦੀਆਂ ਹਨ। ਕਬੀਲੇ ਦੀਆਂ ਕੁਝ ਸਿਆਣੀ ਉਮਰ ਦੀਆਂ ਔਰਤਾਂ ਪਿੰਡਾਂ ਵਿੱਚ ਘਰ ਘਰ ਜਾ ਕੇ ਹਾਰ ਸ਼ਿੰਗਾਰ ਅਤੇ ਸੂਈਆਂ ਅਤੇ ਕਧੁੰਈਆਂ ਵੇਚਣ ਦਾ ਕੰਮ ਵੀ ਕਰਦੀਆਂ ਹਨ ਜਿਸ ਦੇ ਇਵਜ਼ ਵਿੱਚ ਉਨ੍ਹਾਂ ਨੂੰ ਗੁੜ, ਆਟਾ ਅਤੇ ਪੈਸੇ ਆਦਿ ਮਿਲ ਜਾਂਦੇ ਹਨ। ਬਾਜ਼ੀਗਰ ਕਬੀਲੇ ਦਾ ਇਕ ਖ਼ਾਸ ਵਰਗ ਹੀ ਬਾਜ਼ੀ ਪਾਉਣ ਦੀ ਕਲਾ ਨਾਲ ਜੁੜਿਆ ਹੋਇਆ ਹੈ। ਬਾਜ਼ੀਗਰ ਕਬੀਲੇ ਦੇ ਜ਼ਿਆਦਾਤਰ ਲੋਕ ਪਸ਼ੂ ਪਾਲਣ ਦਾ ਧੰਦਾ ਕਰਦੇ ਹਨ। ਇਸ ਧੰਦੇ ਵਿੱਚ ਊਠਾਂ, ਡਾਚੀਆਂ, ਮੱਝਾਂ ਅਤੇ ਬੱਕਰੀਆਂ ਆਦਿ ਪਸ਼ੂਆਂ ਦਾ ਵਪਾਰ ਸ਼ਾਮਲ ਹੈ। ਬਾਜ਼ੀ ਪਾਉਣ ਦਾ ਕੰਮ ਜ਼ਿਆਦਾਤਰ ਜਵਾਨ ਮੁੰਡੇ ਹੀ ਕਰਦੇ ਹਨ। ਬਾਜ਼ੀਗਰ ਲੋਕ ਆਪਣੇ ਦਿਨ ਵੇਲੇ ਦੇ ਕੰਮਾਂ ਕਾਰਾਂ ਤੋਂ ਵਿਹਲੇ ਹੋ ਕੇ ਸ਼ਾਮ ਨੂੰ ਆਪਣੀ ਸਿਰਕੀ ਜਾਂ ਘਰ ਵਿੱਚ ਇਕੱਠੇ ਮਿਲਕੇ ਬਹਿੰਦੇ ਹਨ। ਇਸ ਸਮੇਂ ਪਰਿਵਾਰਕ ਸਮੱਸਿਆਵਾਂ ਸਬੰਧੀ ਵਿਚਾਰ-ਵਟਾਂਦਰਾ ਕੀਤਾ ਜਾਂਦਾ ਹੈ ਜਾਂ ਫਿਰ ਦੂਜੇ ਦਿਨ ਦੇ ਕੰਮਾਂ ਕਾਰਾਂ ਸਬੰਧੀ ਇਕ ਜ਼ਬਾਨੀ ਖ਼ਾਕਾ ਬਣਾ ਲਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਦੇ ਬਜ਼ੁਰਗ ਆਪਣੇ ਡੇਰਿਆਂ ਵਿੱਚ ਰਾਤ ਨੂੰ ਸੌਣ ਵੇਲੇ 'ਹੀਰ ਵਾਰਿਸ' ਅਤੇ 'ਢੋਲੇ' ਗਾਉਂਦੇ ਅਕਸਰ ਸੁਣੇ ਜਾ ਸਕਦੇ ਹਨ। ਬੱਚੇ ਰਾਤ ਨੂੰ ਆਪਣੇ ਘਰ ਦੇ ਆਲੇ ਦੁਆਲੇ 'ਲੁਕਣ ਛਿਪੀ' ਜਾਂ 'ਕੋਟਲਾ ਛਪਾਕੀ' ਖੇਡਦੇ ਹਨ। ਬਾਜ਼ੀਗਰ ਲੋਕ ਭੂਤਾਂ ਪ੍ਰੇਤਾਂ ਵਿਚ ਵਿਸ਼ਵਾਸ ਕਰਦੇ ਹਨ। ਰਾਤ ਅਤੇ ਦੁਪਹਿਰ ਵੇਲੇ ਡੇਰੇ ਤੋਂ ਬਾਹਰ ਜਾਣ ਸਬੰਧੀ ਟੇਬੂ ਪ੍ਰਚਲਿਤ ਹੈ। ਭੂਤ ਅਤੇ ਪ੍ਰੇਤ ਦਾ ਨਾਂ ਨਹੀਂ ਲਿਆ ਜਾਂਦਾ ਸਗੋਂ ਇਨ੍ਹਾਂ ਨੂੰ 'ਓਪਰੀ ਸ਼ੈਅ' ਜਾਂ 'ਬਾਹਰਲੀ ਹਵਾ' ਆਖਕੇ ਸੱਦਿਆ ਜਾਂਦਾ ਹੈ। ਡੇਰੇ ਤੇ ਕਿਸੇ ਬਾਹਰੀ ਸੰਕਟ ਜਾਂ ਹਮਲੇ ਸਮੇਂ ਸਾਰਾ ਡੇਰਾ ਇਕੱਠਾ ਹੋ ਕੇ ਇਸ ਦਾ ਮੁਕਾਬਲਾ ਕਰਦਾ ਹੈ। ਬਾਜ਼ੀਗਰ ਕਬੀਲੇ ਵਿਚ ਬਾਹਰੋਂ ਆਉਣ ਵਾਲੇ ਹਰ ਵਿਅਕਤੀ ਨੂੰ 'ਕੌਰ' ਆਖਕੇ ਸੱਦਿਆ ਜਾਂਦਾ ਹੈ ਜਿਸ ਦਾ ਭਾਵ ਹੈ ਕਬੀਲੇ ਤੋਂ ਬਾਹਰਲਾ ਆਦਮੀ। ਕਬੀਲੇ ਵਿਚ ਕਿਸੇ ਵੀ 'ਕੌਰ' ਨਾਲ ਕੇਵਲ ਸੀਮਤ ਗੱਲਬਾਤ ਹੀ ਕੀਤੀ ਜਾਂਦੀ ਹੈ। ਬਾਜ਼ੀਗਰ ਕਬੀਲੇ ਦੇ ਲੋਕ ਬਾਹਰਲੇ ਲੋਕਾਂ ਨਾਲ ਚਾਰਾ ਖਰੀਦਣ ਲਈ ਅਤੇ ਪਸ਼ੂਆਂ ਦੇ ਵਪਾਰ ਸਬੰਧੀ ਆਮ ਕਾਰ ਵਿਹਾਰ ਰੱਖਦੇ ਹਨ। ਡੇਰੇ ਦੇ ਖਾਸ ਸਮਾਜਿਕ ਕੰਮਾਂ ਵਿੱਚ ਡੇਰੇ ਦੇ ਮੋਹਤਬਰ ਆਪਣੀ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ। ਸੰਕਟ ਦੀ ਘੜੀ

ਵਿਚ ਡੇਰੇ ਦੇ ਪੈਂਚ ਆਪਣੀ ਸਾਰਥਕ ਭੂਮਿਕਾ ਨਿਭਾਉਂਦੇ ਹਨ। ਡੇਰੇ ਦੇ ਕਿਸੇ ਵੀ ਝਗੜੇ ਨੂੰ ਜਲਦੀ ਜਲਦੀ ਡੇਰੇ ਤੋਂ ਬਾਹਰ ਨਹੀਂ ਜਾਣ ਦਿੱਤਾ ਜਾਂਦਾ। ਜੇਕਰ ਕਈ ਵਾਰ ਅਜਿਹਾ ਹੋ ਵੀ ਜਾਵੇ ਤਾਂ ਇਸ ਨੂੰ ਦੋ ਤਿੰਨ ਬਾਹਰਲੇ ਡੇਰਿਆਂ ਦੇ ਪੈਂਚਾਂ ਨਾਲ ਮਿਲ ਕੇ ਨਜਿੱਠ ਲਿਆ ਜਾਂਦਾ ਹੈ। ਪੈਂਚਾ ਵਲੋਂ ਦਿੱਤੀਆਂ ਸਜ਼ਾਵਾਂ ਜ਼ਿਆਦਾਤਰ ਚਿੰਨ੍ਹਾਤਮਕ ਹੁੰਦੀਆਂ ਹਨ। ਜ਼ੁਰਮ ਜ਼ਿਆਦਾ ਗੰਭੀਰ ਹੋਣ ਤੇ ਝਗੜਾ ਮਹਾਂ ਪੰਚਾਇਤ ਢੋਅ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ। ਜੇਕਰ ਕੋਈ ਧਿਰ ਮਹਾਂਪੰਚਾਇਤ ਢੋਅ ਦੀ ਗੱਲ ਨਾ ਮੰਨੇ ਤਾਂ ਉਸਦਾ ਕਬੀਲੇ ਵਿੱਚੋਂ ਹੁੱਕਾ ਪਾਣੀ ਛੇਕ ਦਿੱਤਾ ਜਾਂਦਾ ਹੈ। ਬਾਜ਼ੀਗਰ ਕਬੀਲੇ ਦੀ ਪੰਚਾਇਤ ਅਤੇ ਮਹਾਂਪੰਚਾਇਤ ਵਿੱਚ ਇਕ ਜਾਂ ਦੋ ਮੈਂਬਰ ਗੋਤਰ ਤੋਂ ਬਾਹਰੋਂ ਲਏ ਜਾਂਦੇ ਹਨ ਜਿਨ੍ਹਾਂ ਨੂੰ 'ਔਰਸਖੀਆ' ਜਾਂ ਸ਼ਰੀਕ ਆਖਿਆ ਜਾਂਦਾ ਹੈ। ਹਰ ਫ਼ੈਸਲੇ ਵਿਚ ਇਨ੍ਹਾਂ ਗੋਤਰ ਬਾਹਰੀ ਮੈਂਬਰਾਂ ਦੀ ਵਿਸ਼ੇਸ਼ ਭੂਮਿਕਾ ਹੁੰਦੀ ਹੈ। ਕਈ ਵਾਰੀ ਮਹਾਂਪੰਚਾਇਤ ਢੋਅ ਨੂੰ ਫੈਸਲਾ ਕਰਨ ਲਈ ਛੇ-ਛੇ ਮਹੀਨੇ ਵੀ ਲੱਗ ਜਾਂਦੇ ਹਨ। ਢੋਅ ਦਾ ਫੈਸਲਾ ਸਾਰਥਕ ਅਤੇ ਸਰਬ ਪ੍ਰਵਾਨਤ ਹੁੰਦਾ ਹੈ। ਬਾਜ਼ੀਗਰ ਕਬੀਲੇ ਦੇ ਡੇਰੇ ਵਿੱਚ ਕਬੀਲੇ ਤੋਂ ਬਾਹਰਲੇ ਕਿਸੇ ਵੀ ਵਿਅਕਤੀ ਲਈ ਡੇਰੇ ਵਿਚ ਰਾਤ ਲਈ ਠਹਿਰਣਾ ਵਰਜਿਤ ਹੈ। ਜੇਕਰ ਕਿਸੇ ਖ਼ਾਸ ਹਾਲਤ ਵਿਚ ਅਜਿਹੇ ਵਿਅਕਤੀ ਨੂੰ ਡੇਰੇ ਵਿੱਚ ਠਹਿਰਉਣ ਦੀ ਜ਼ਰੂਰਤ ਪੈ ਜਾਵੇ ਤਾਂ ਅਜਿਹੇ ਮਹਿਮਾਨਾਂ ਦਾ ਮੰਜਾ ਬਿਸਤਰਾ ਡੇਰੇ ਤੋਂ ਬਾਹਰ ਲਾਇਆ ਜਾਂਦਾ ਹੈ। ਮਹਿਮਾਨ ਨਿਵਾਜ਼ੀ ਵਿੱਚ ਬਾਜ਼ੀਗਰ ਡੇਰੇ ਖ਼ਰੇ ਹੁੰਦੇ ਹਨ। ਬਾਜ਼ੀਗਰ ਡੇਰੇ ਦੇ ਲਗਾਤਾਰ ਬਣੇ ਰਹਿਣ ਪਿੱਛੇ ਆਰਥਿਕਤਾ ਕਾਰਜਸ਼ੀਲ ਹੁੰਦੀ ਹੈ। ਸੁੱਖ ਸਾਧਨਾਂ ਅਤੇ ਗੁਜ਼ਾਰਾ ਚਲਦੇ ਰਹਿਣ ਤੀਕ ਡੇਰਾ ਟਿੱਕਿਆ ਰਹਿੰਦਾ ਹੈ। ਬਾਜ਼ੀਗਰ ਲੋਕਾਂ ਦੇ ਇੱਕ ਦੂਜੇ ਦੇ ਨਜ਼ਦੀਕ ਡੇਰਾ ਲਾਉਣ ਦਾ ਮੁੱਖ ਕਾਰਨ ਰਿਸ਼ਤਾ ਨਾਤਾ ਪ੍ਰਬੰਧ ਹੁੰਦਾ ਹੈ। ਇਸ ਤਰ੍ਹਾਂ ਬਾਜ਼ੀਗਰ ਡੇਰੇ ਇੱਕ ਦੂਜੇ ਦੇ ਨੇੜੇ ਆ ਕੇ ਇੱਕ ਦੂਜੇ ਦਾ ਕਾਰ ਵਿਹਾਰ ਅਤੇ ਚਾਲ ਚੱਲਣ ਪਰਖ਼ਦੇ ਹਨ ਅਤੇ ਫਿਰ ਵਿਆਹ ਪ੍ਰਬੰਧ ਦੁਆਰਾ ਸਾਕ ਸਬੰਧੀ ਬਣ ਜਾਂਦੇ ਹਨ। ਰਿਸ਼ਤਾ ਸੰਪੰਨ ਹੋਣ ਦੀ ਸੂਰਤ ਵਿੱਚ ਡੇਰਾ ਅੱਗੇ ਵਧਣ ਦੀ ਤਿਆਰੀ ਕਰ ਲੈਂਦਾ ਹੈ। ਬਾਜ਼ੀਗਰ ਕਬੀਲੇ ਦੇ ਲੋਕ ਵਧੀਆ ਚਰਾਗਾਹਾਂ ਦੀ ਭਾਲ ਵਿਚ ਜਾਂ ਫਿਰ ਆਪਣੇ ਕਬੀਲੇ ਦੇ ਲੋਕਾਂ ਨਾਲ ਜਾ ਟਿਕਾਣਾ ਕਰਨ ਲਈ ਡੇਰਾ ਛੱਡਣ ਦੀ ਤਿਆਰੀ ਕਰ ਲੈਂਦੇ ਹਨ। ਇਸ ਮੌਕੇ ਡੇਰੇ ਵਾਲੀ ਥਾਂ ਦਾ ਮੋਹ ਛੱਡਣ ਅਤੇ ਰਮਤੇ ਜੋਗੀਆਂ ਵਾਂਗ ਧਿਆਨ ਅੱਗੇ ਲਾਉਣ ਸਬੰਧੀ ਕਬੀਲੇ ਵਿੱਚ ਇੱਕ ਗੀਤ ਵੀ ਪ੍ਰਚਲਿਤ ਹੈ :-

ਅੱਗੇ ਮੇਰੇ ਟਾਹਲੀਆਂ
ਤੇ ਪਿਛੇ ਮੇਰੇ ਤੂਤ
ਰਾਤੀਂ ਗੱਲਾਂ ਕੀਤੀਆਂ
ਸਵੇਰੇ ਡੇਰਾ ਕੂਚ

ਪਰ ਅਜ ਕਲੁ ਬਾਜ਼ੀਗਰ ਡੇਰਿਆਂ ਦਾ ਜੀਵਨ ਅਤੇ ਰਹਿਣ ਸਹਿਣ ਕਾਫ਼ੀ ਹੱਦ ਤੱਕ ਬਦਲ ਗਿਆ ਹੈ। ਪੰਜਾਬ ਅਤੇ ਹਰਿਆਣਾ ਰਾਜ ਦੇ ਬਾਜ਼ੀਗਰ ਆਪਣੇ ਡੇ ਰਿਆਂ ਵਿੱਚ ਪੱਕੇ ਤੌਰ ਤੇ ਵੱਸ ਗਏ ਹਨ। ਹੁਣ ਬਾਜ਼ੀਗਰ ਡੇਰਿਆਂ ਦੀ ਘੁਮੰਤੂ ਪ੍ਰਵਿਰਤੀ ਲਗਭਗ ਖਤਮ ਹੋ ਚੁੱਕੀ ਹੈ। ਬਾਜ਼ੀਗਰ ਲੋਕਾਂ ਦੇ ਰਹਿਣ ਸਹਿਣ ਅਤੇ ਕੀਮਤ ਪ੍ਰਬੰਧ ਵਿਚ ਵੀ ਕਾਫੀ ਬਦਲਾਅ ਆਇਆ ਹੈ। ਬਾਜ਼ੀਗਰ ਡੇਰੇ ਹੁਣ ਪਰਿਵਰਤਨ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ। ਮੁੱਖ ਸਭਿਆਚਾਰ ਅਤੇ ਕਬੀਲਾ ਸਭਿਆਚਾਰ ਦੇ ਭੇੜ ਵਿੱਚ ਬਾਜ਼ੀਗਰ ਕਬੀਲੇ ਦੀ ਇੱਕ ਵੱਖਰੀ ਨਕਸ਼ ਨੁਹਾਰ ਉਭਰਦੀ ਨਜ਼ਰ ਆਉਂਦੀ ਹੈ। ਵਿਸ਼ਵੀਕਰਨ ਦੇ ਇਸ ਦੌਰ ਵਿੱਚ ਵੀ ਕਬੀਲਿਆਂ ਨੇ ਆਪਣੀ, ਭਾਸ਼ਾ, ਜੀਵਨ ਸ਼ੈਲੀ ਅਤੇ ਸੱਭਿਆਚਾਰ ਨੂੰ ਮੂਲ ਰੂਪ ਵਿੱਚ ਸੰਭਾਲ ਕੇ ਰੱਖਿਆ ਹੋਇਆ ਹੈ।

ਬਾਜ਼ੀਗਰ ਕਬੀਲੇ ਦੇ ਬਾਹਰੀ ਸਮਾਜਿਕ ਸਬੰਧ

ਬਾਜ਼ੀਗਰ ਕਬੀਲੇ ਦੇ ਲੋਕਾਂ ਦੇ ਕਬੀਲੇ ਤੋਂ ਬਾਹਰਲੇ ਲੋਕਾਂ ਨਾਲ ਸਬੰਧ ਬਹੁਤ ਸੀਮਤ ਹੁੰਦੇ ਹਨ। ਇਹ ਸਬੰਧ ਸਿਰਫ਼ ਆਰਥਿਕ ਲੋੜਾਂ ਤੱਕ ਹੀ ਮਹਿਦੂਦ ਹੁੰਦੇ ਹਨ। ਕਬੀਲੇ ਤੋਂ ਬਾਹਰਲੇ ਲੋਕਾਂ ਨਾਲ ਇਕ ਨਿਯਤ ਫ਼ਾਸਲਾ ਬਣਾਕੇ ਰੱਖਿਆ ਜਾਂਦਾ ਹੈ। ਕਬੀਲੇ ਦੇ ਸਮਾਜਿਕ ਨਿਯਮ ਬਹੁਤ ਕਠੋਰ ਹਨ। ਬਾਹਰਲੀਆਂ ਜਾਤੀਆਂ ਨਾਲ ਬਹੁਤ ਘੱਟ ਰਾਬਤਾ ਹੋਣ ਕਰਕੇ ਨੂੰਹ ਧੀ ਵਾਲੇ ਘਰ ਗ਼ੈਰ ਆਦਮੀ ਦਾ ਆਉਣਾ ਜਾਣਾ ਬਹੁਤ ਬੁਰਾ ਸਮਝਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਦੇ ਮਰਦ ਆਪ ਤਾਂ ਬਾਹਰ ਰਾਤ ਗੁਜ਼ਾਰ ਸਕਦੇ ਹਨ ਪਰ ਕਬੀਲੇ ਤੋਂ ਬਾਹਰਲੇ ਮਨੁੱਖ ਨੂੰ ਆਪਣੇ ਘਰ ਜਾਂ ਸਿਰਕੀ ਵਿੱਚ ਰਾਤ ਰੱਖਣਾ ਬੁਰਾ ਸਮਝਦੇ ਹਨ। ਕਿਸੇ ਖ਼ਾਸ ਪ੍ਰਾਹੁਣੇ ਜਾਂ ਮਹਿਮਾਨ ਦੇ ਸਬੰਧ ਵਿੱਚ ਇਹ ਨਿਯਮ ਲਾਗੂ ਨਹੀਂ ਹੁੰਦਾ।

ਬਾਜ਼ੀਗਰ ਕਬੀਲੇ ਦੇ ਲੋਕ ਵੀ ਜਾਤ ਪਾਤ ਵਿੱਚ ਵਿਸ਼ਵਾਸ ਰੱਖਦੇ ਹਨ। ਕਬੀਲੇ ਤੋਂ ਬਾਹਰਲੀਆਂ ਸਾਰੀਆਂ ਜਾਤਾਂ ਨੂੰ ਨੀਵਾਂ ਗਿਣਿਆਂ ਜਾਂਦਾ ਹੈ ਭਾਵੇਂ ਕਿ ਉਹ ਜਾਤੀ ਕੋਈ ਸਵਰਨ ਜਾਤੀ ਹੀ ਕਿਉਂ ਨਾ ਹੋਵੇ। ਕਬੀਲੇ ਵਿੱਚ 'ਗੌਰ' ਅਤੇ 'ਕੌਰ' ਦਾ ਸੰਕਲਪ ਇਸ ਗੱਲ ਦੀ ਪੁਸ਼ਟੀ ਕਰਦਾ ਹੈ। ਇਸ ਦੀ ਇਕ ਮਿਸਾਲ ਇਹ ਹੈ ਕਿ ਪੁਰਾਣੇ ਸਮੇਂ ਵਿੱਚ ਬਾਜ਼ੀਗਰ ਕਬੀਲੇ ਦੇ ਵਿਆਹ ਪੰਡਤਾਂ ਦੁਆਰਾ ਸੰਪੰਨ ਕੀਤੇ ਜਾਂਦੇ ਸਨ। ਬਾਜ਼ੀਗਰ ਕਬੀਲੇ ਦੀਆਂ ਔਰਤਾਂ ਅਤੇ ਲੜਕੀਆਂ ਪੰਡਤ ਜਾਤੀ ਨੂੰ ਬਹੁਤ ਨੀਵਾਂ ਗਿਣਦੀਆਂ ਹਨ ਭਾਵੇਂ ਕਿ ਕਬੀਲੇ ਦੇ ਮਰਦਾਂ ਦੀ ਇਸ ਸਬੰਧੀ ਕੋਈ ਖਾਸ ਪ੍ਰਤੀਕ੍ਰਿਆ ਨਹੀਂ ਸੀ ਹੁੰਦੀ। ਬਾਜ਼ੀਗਰ ਕਬੀਲੇ ਵਿੱਚ ਵਿਆਹ ਦੀਆਂ ਰਸਮਾਂ ਦੇ ਮੁਕੰਮਲ ਹੋ ਜਾਣ ਤੋਂ ਬਾਅਦ ਪੰਡਤਾਂ ਦੀ ਔਰਤਾਂ ਵਲੋਂ ਅਕਸਰ ਮੂੰਗਲੀਆਂ ਨਾਲ ਕੁੱਟਮਾਰ ਕੀਤੀ ਜਾਂਦੀ ਸੀ। ਇਸ ਪ੍ਰਕਾਰ ਬਾਜ਼ੀਗਰ ਕਬੀਲੇ ਵਿੱਚ ਵਿਆਹ ਸਮੇਂ ਬਲੀ ਬੇਦੀ ਤੇ ਫੇਰੇ ਕਰਾਉਣ ਲਈ ਕੋਈ ਵੀ ਪੰਡਤ ਜਲਦੀ ਜਲਦੀ ਤਿਆਰ ਨਹੀਂ ਸੀ ਹੁੰਦਾ। ਇਸ ਤਰ੍ਹਾਂ ਦੀ ਸਮੱਸਿਆ ਪੈਦਾ ਹੋਣ ਤੇ ਕਬੀਲੇ ਦੇ ਲੋਕ ਇਕ ਘੜੇ ਤੇ ਅੱਕ ਦੇ ਪੱਤੇ ਰੱਖਕੇ ਬੇਦੀ ਤਿਆਰ ਕਰ ਲੈਂਦੇ ਸਨ। ਇਸ ਤਰ੍ਹਾਂ ਬੇਦੀ ਤਿਆਰ ਹੋਣ ਦੀ ਸੂਰਤ ਵਿੱਚ ਕਬੀਲਾ ਪੈਚਾਂ ਅਤੇ ਔਰਸਖੀਆ ਦੀ ਹਾਜ਼ਰੀ ਵਿੱਚ ਵਿਆਹ ਸੰਪੰਨ ਕੀਤਾ ਜਾਂਦਾ ਸੀ। ਬਾਜ਼ੀਗਰ ਕਬੀਲਾ ਆਪਣੀ ਹੋਂਦ ਨੂੰ ਬਚਾਈ ਰੱਖਣ ਲਈ ਕਦੇ ਵੀ ਇਕ ਥਾਂ ਨਹੀਂ ਸੀ ਅਟਕਿਆ ਕਰਦਾ ਇਸ ਪ੍ਰਕਾਰ ਕਬੀਲਾ ਆਪਣੇ ਨਿੱਜੀ ਭੇਤਾਂ ਅਤੇ ਪ੍ਰੰਪਰਾਵਾਂ ਨੂੰ ਸੁਰੱਖਿਅਤ ਰੱਖਣ ਲਈ ਇੱਕ ਥਾਂ ਤੋਂ ਦੂਜੀ ਥਾਂ ਕੂਚ ਕਰਦਾ ਰਹਿੰਦਾ ਸੀ। ਅਜਿਹਾ ਪ੍ਰਚਲਨ ਆਦਿ ਕਾਲ ਤੋਂ ਹੀ ਪ੍ਰਚਲਿਤ ਸੀ। ਬਾਜ਼ੀਗਰ ਕਬੀਲੇ ਦੇ ਡੇਰੇ ਵਿੱਚ ਕਿਸੇ ਬਾਹਰਲੇ ਵਿਅਕਤੀ ਦੇ ਆ ਜਾਣ ਦੀ ਸੂਰਤ ਵਿੱਚ

ਕਬੀਲੇ ਨੂੰ ਇੱਕ ਦਮ ਚੁਕੰਨਾ ਕਰਨ ਲਈ 'ਨਾਟੀ ਏਵ ਗਿਓ ਛਾ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ ਜਿਸ ਦਾ ਭਾਵ ਹੈ ਕਿ ਘਰ ਆਏ ਅਜਨਬੀ ਬੰਦੇ ਨੂੰ ਆਪਣਾ ਰਾਜ਼ਦਾਰ ਨਹੀਂ ਬਣਾਉਣਾ। ਬਾਜ਼ੀਗਰ ਕਬੀਲੇ ਦੇ ਲੋਕ ਲੋੜ ਪੈਣ ਤੇ ਬਾਹਰਲੇ ਲੋਕਾਂ ਨਾਲ ਉਨ੍ਹਾਂ ਦੀ ਭਾਸ਼ਾ ਵਿੱਚ ਗੱਲਬਾਤ ਕਰਦੇ ਹਨ। ਪਰ ਜੇਕਰ ਕਬੀਲੇ ਦੇ ਲੋਕਾਂ ਨੇ ਆਪਸ ਵਿੱਚ ਕੋਈ ਜ਼ਰੂਰੀ ਜਾਂ ਨਿੱਜੀ ਗੱਲ ਕਰਨੀ ਹੋਵੇ ਤਾਂ ਗੱਲਬਾਤ ਆਪਣੀ 'ਗੌਰ' ਭਾਸ਼ਾ ਵਿੱਚ ਕੀਤੀ ਜਾਂਦੀ ਹੈ। ਜੇਕਰ ਮਸਲਾ ਥੋੜ੍ਹਾ ਗੰਭੀਰ ਹੋਵੇ ਤਾਂ ਫਿਰ ਗੱਲਬਾਤ 'ਪਾਰਸੀ' ਭਾਵ ਗੁਪਤ ਭਾਸ਼ਾ ਵਿੱਚ ਕੀਤੀ ਜਾਂਦੀ ਹੈ। ਬਾਜ਼ੀਗਰ ਕਬੀਲੇ ਦੇ ਘਰ ਅਤੇ 'ਸਿਰਕੀਆਂ' ਜ਼ਿਆਦਾਤਰ ਵੀਰਾਨ ਅਤੇ ਸੁੰਨੀਆਂ ਥਾਵਾਂ ਤੇ ਹੁੰਦੀਆਂ ਹਨ। ਪਰ ਬਾਜ਼ੀਗਰ ਡੇਰਾ ਆਪਣਾ ਘਰ ਅਤੇ ਸਿਰਕੀ ਬਣਾਉਂਦੇ ਸਮੇਂ ਪਾਣੀ ਅਤੇ ਪਸ਼ੂਆਂ ਦੇ ਚਾਰੇ ਦਾ ਖ਼ਾਸ ਖ਼ਿਆਲ ਰੱਖਦਾ ਹੈ। ਇਸੇ ਕਰਕੇ ਬਾਜ਼ੀਗਰ ਦੇ ਡੇਰੇ ਜ਼ਿਆਦਾਤਰ ਦਰਿਆ, ਨਹਿਰਾਂ ਜਾਂ ਖੂਹਾਂ ਦੇ ਨੇੜੇ ਹੁੰਦੇ ਹਨ।

ਬਾਜ਼ੀਗਰ ਕਬੀਲੇ ਦੇ ਲੋਕ ਆਪਣੇ ਬੱਚੇ ਦੇ ਜਨਮ, ਵਿਆਹ, ਉਤਸਵ ਅਤੇ ਕਬੀਲੇ ਵਿੱਚ ਹੋਈ ਕਿਸੇ ਵੀ ਮੌਤ ਜਾਂ ਕਿਸੇ ਹੋਰ ਸੰਸਕਾਰ ਮੌਕੇ ਕਬੀਲੇ ਤੋਂ ਬਾਹਰਲੇ ਲੋਕਾਂ ਨੂੰ ਸ਼ਾਮਲ ਨਹੀਂ ਕਰਦੇ। ਇਸ ਗੱਲ ਦਾ ਕਬੀਲੇ ਵਿੱਚ ਵਿਚਾਰ ਕੀਤਾ ਜਾਂਦਾ ਹੈ। ਅਜਿਹੇ ਸਮਾਜਿਕ ਮੌਕਿਆਂ ਤੇ ਕਬੀਲੇ ਦੇ ਪਤਵੰਤੇ ਅਤੇ ਪੈਂਚ ਆਪਣੀ ਉਸਾਰੂ ਭੂਮਿਕਾ ਨਿਭਾਉਂਦੇ ਹਨ। ਜੇਕਰ ਕੋਈ ਕਬੀਲਾ ਵਿਅਕਤੀ ਅਜਿਹਾ ਕਰਦਾ ਹੈ ਤਾਂ ਉਸ ਨੂੰ ਕਬੀਲੇ ਵਲੋਂ ਛੇਕ ਦਿੱਤਾ ਜਾਂਦਾ ਹੈ। ਕਬੀਲੇ ਤੋਂ ਬਾਹਰਲਾ ਵਿਅਕਤੀ ਸੋਗ ਦੀ ਰਸਮ ਵਿੱਚ ਸ਼ਾਮਲ ਹੋ ਸਕਦਾ ਹੈ। ਬਾਜ਼ੀਗਰ ਕਬੀਲਾ ਅੰਤਰ ਵਿਆਹੀ ਹੈ। ਕਬੀਲੇ ਤੋਂ ਬਾਹਰ ਵਿਆਹ ਕਰਵਾਉਣ ਵਾਲੇ ਵਿਅਕਤੀ ਨੂੰ ਕਬੀਲੇ ਵਿੱਚੋਂ ਪੂਰੀ ਤਰ੍ਹਾਂ ਛੇਕ ਦਿੱਤਾ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਲੜਕੇ ਲੜਕੀ ਦੇ ਵਿਆਹ ਵੇਲੇ ਲੜਕੇ ਲੜਕੀ ਦੀ ਗੋਤਰ ਦੀ ਵੀ ਪੂਰੀ ਤਰ੍ਹਾਂ ਪੁਣਛਾਣ ਕੀਤੀ ਜਾਂਦੀ ਹੈ। ਇੱਕੋ ਗੋਤਰ ਦੇ ਲੜਕੇ ਲੜਕੀ ਦਾ ਵਿਆਹ ਕਦੇ ਵੀ ਪੂਰਾ ਨਹੀਂ ਚੜ੍ਹਦਾ ਕਿਉਂਕਿ ਕਬੀਲੇ ਵਿੱਚ ਇੱਕੋ ਗੋਤਰ ਦੇ ਲੜਕੇ ਲੜਕੀ ਨੂੰ ਭੈਣ ਭਰਾ ਦਾ ਦਰਜਾ ਦਿੱਤਾ ਜਾਂਦਾ ਹੈ। ਇਸ ਪ੍ਰਕਾਰ ਬਾਜ਼ੀਗਰ ਕਬੀਲੇ ਵਿੱਚ ਗੋਤਰ ਬਾਹਰੀ ਵਿਆਹ ਹੀ ਪ੍ਰਚਲਿਤ ਹਨ। ਬਾਜ਼ੀਗਰ ਕਬੀਲਾ 'ਕੌਰੀ' (ਕਬੀਲੇ ਤੋਂ ਬਾਹਰਲੀ ਔਰਤ) ਨੂੰ ਬਹੁਤ ਹੀ ਹਿਕਾਰਤ ਨਾਲ ਵੇਖਦਾ ਹੈ। ਜੇਕਰ ਕਬੀਲੇ ਤੋਂ ਬਾਹਰਲੀ ਔਰਤ ਜਾਂ ਲੜਕੀ ਨਾਲ ਵਿਆਹ ਸੰਪੰਨ ਵੀ ਹੋ ਜਾਵੇ ਤਾਂ ਬਾਜ਼ੀਗਰ ਕਬੀਲਾ ਅਜਿਹੇ ਵਿਆਹ ਬੰਧਨਾਂ ਨੂੰ ਸਵੀਕਾਰ ਨਹੀਂ ਕਰਦਾ।

ਜੇਕਰ ਬਾਜ਼ੀਗਰ ਕਬੀਲੇ ਦੇ ਲੋਕਾਂ ਦਾ ਕਿਸੇ ਬਾਹਰਲੀ ਜਾਤੀ ਦੇ ਲੋਕਾਂ ਨਾਲ ਝਗੜਾ ਹੋ ਜਾਵੇ ਤਾਂ ਬਾਜ਼ੀਗਰ ਕਬੀਲੇ ਦੇ ਲੋਕਾਂ ਵਲੋਂ ਝਗੜੇ ਵਾਲੀ ਧਿਰ ਦੇ ਪੱਖ ਜਾ ਵਿਰੋਧ ਵਿੱਚ ਸਮੂਹਿਕ ਤੌਰ ਤੇ ਫੈਸਲਾ ਲਿਆ ਜਾਂਦਾ ਹੈ। ਇਸ ਤਰ੍ਹਾਂ ਦਾ ਫੈਸਲਾ ਸਾਧਾਰਨ ਪੰਚਾਇਤ ਜਾਂ ਕਬੀਲੇ ਦੀ ਮਹਾਂ ਪੰਚਾਇਤ ਢੋਅ ਵਿੱਚ ਸਾਂਝੇ ਤੌਰ ਤੇ ਲਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਹਰ ਦਿਵਸ ਅਤੇ ਤਿਉਹਾਰ ਦੂਜੀਆਂ ਜਾਤੀਆਂ

ਨਾਲੋਂ ਇੱਕ ਦਿਨ ਪਛੜ ਕੇ ਮਨਾਇਆ ਜਾਂਦਾ ਹੈ। ਕਬੀਲੇ ਦਾ ਇਹ ਨੇਮ ਵੀ ਬਾਜ਼ੀਗਰ ਕਬੀਲੇ ਨੂੰ ਦੂਜੀਆਂ ਜਾਤੀਆਂ ਤੋਂ ਵੱਖਰਤਾ ਪ੍ਰਦਾਨ ਕਰਦਾ ਹੈ। ਬਾਜ਼ੀਗਰ ਕਬੀਲੇ ਵਿੱਚ ਹਰ ਘਰ ਵਿੱਚ ਨਿਰਜਲਾ ਇਕਾਦਸ਼ੀ ਨੂੰ ਵਰਤ ਰੱਖੇ ਜਾਂਦੇ ਹਨ। ਦੂਜੇ ਦਿਨ ਪਰਿਵਾਰ ਦਾ ਮੁੱਖੀ ਮੱਥਾ ਟੇਕ ਕੇ ਅੰਨ ਪਾਣੀ ਮੂੰਹ ਨੂੰ ਲਾਉਂਦਾ ਹੈ । ਇਸ ਤੋਂ ਬਾਅਦ ਠੀਕਰ ਤੇ ਉਤਾਰੀਆਂ ਲਾਪੜਾਂ ਅਤੇ ਦਾਲ ਦਾ ਲੰਗਰ ਬੱਚਿਆਂ ਨੂੰ ਛਕਾਇਆ ਜਾਂਦਾ ਹੈ। ਇਸ ਸਮੇਂ ਮਿੱਠੇ ਪਾਣੀ ਦਾ ਲੰਗਰ ਵੀ ਚਲਾਇਆ ਜਾਂਦਾ ਹੈ। ਇਸ ਰਸਮ ਦੌਰਾਨ ਕਬੀਲੇ ਤੋਂ ਬਾਹਰਲਾ ਕੋਈ ਵੀ ਆਦਮੀ ਜਾਂ ਔਰਤ ਸ਼ਾਮਲ ਨਹੀਂ ਕੀਤਾ ਜਾਂਦਾ। ਇਥੇ ਇਹ ਗੱਲ ਵੀ ਵਰਣਨਯੋਗ ਹੈ ਕਿ ਬਾਜ਼ੀਗਰ ਕਬੀਲੇ ਦੇ ਲੋਕਾਂ ਨੂੰ ਮਹਾਰਾਜਾ ਪਟਿਆਲਾ ਅਤੇ ਮਹਾਰਾਜਾ ਨਾਭਾ ਵਲੋਂ ਇਨ੍ਹਾਂ ਦੀ ਬਾਜ਼ੀ ਕਲਾ ਤੋਂ ਖੁਸ਼ ਹੋਕੇ ਕਈ ਵਾਰ ਜ਼ਮੀਨਾਂ ਵੀ ਅਲਾਟ ਕੀਤੀਆਂ ਗਈਆਂ ਪਰ ਇਹ ਲੋਕ ਇਨਾਮ-ਸਨਮਾਨ ਦੀਆਂ ਜ਼ਮੀਨਾਂ ਆਦਿ ਛੱਡ ਕੇ ਮੁੜ ਆਪਣੇ ਟੱਪਰੀਵਾਸ ਜੀਵਨ ਨਾਲ ਜੁੜ ਜਾਂਦੇ ਰਹੇ ਹਨ। ਆਜ਼ਾਦੀ ਤੋਂ ਬਾਅਦ ਹੋਈ ਮੁਰੱਬਾਬੰਦੀ ਵੇਲੇ ਸਰਕਾਰ ਨੇ ਬਾਜ਼ੀਗਰਾਂ ਨੂੰ ਰਿਹਾਇਸ਼ ਲਈ ਜ਼ਮੀਨਾਂ ਆਦਿ ਦੇ ਕੇ ਵਸਾਉਣ ਦਾ ਯਤਨ ਵੀ ਕੀਤਾ ਪਰ ਇਹ ਲੋਕ ਆਪਣੇ ਪਿਤਾ ਪੁਰਖ਼ੀ ਕਿੱਤੇ ਅਤੇ ਘੁਮੰਤੂ ਪ੍ਰਵਿਰਤੀ ਨਾਲ ਜੁੜੇ ਹੋਣ ਕਾਰਨ ਮੁੱਖ ਧਾਰਾ ਵਿੱਚ ਸ਼ਾਮਿਲ ਨਹੀਂ ਹੋ ਸਕੇ। ਆਜ਼ਾਦੀ ਤੋਂ ਬਾਅਦ ਬਾਜ਼ੀਗਰ ਕਬੀਲੇ ਦੇ ਲੋਕਾਂ ਕੋਲ ਆਪਣਾ ਬਹੁਤ ਸਾਰਾ ਪਸ਼ੂ ਧਨ ਵੀ ਮੌਜੂਦ ਸੀ ਪਰ ਫਿਰ ਵੀ ਇਹ ਲੋਕ ਘੁਮੰਤੂ ਪ੍ਰਵਿਰਤੀ ਦੇ ਹੋਣ ਕਾਰਨ ਆਪਣੀਆਂ ਜ਼ਮੀਨਾਂ ਆਦਿ ਨਹੀਂ ਖਰੀਦ ਸਕੇ। ਅੱਜ ਵੀ ਪੰਜਾਬ ਦੇ ਬਾਜ਼ੀਗਰਾਂ ਦੇ ਡੇਰੇ ਸ਼ਾਮਲਾਤ, ਜੰਗਲਾਤ ਅਤੇ ਗਊ ਚਰਾਂਦਾ ਆਦਿ ਵਿੱਚ ਵਸੇ ਹੋਏ ਹਨ। ਇਹੀ ਕਾਰਨ ਇਹ ਹੈ ਕਿ ਬਾਜ਼ੀਗਰ ਕਬੀਲਾ ਪੂਰੇ ਪੰਜਾਬ ਵਿੱਚ ਵਿਚਰਦਿਆਂ ਹੋਇਆਂ ਅੱਜ ਵੀ ਗੈਰਾਂ ਵਾਂਗ ਵਰਗਾ ਜੀਵਨ ਬਤੀਤ ਕਰ ਰਿਹਾ ਹੈ।

ਬਾਜ਼ੀਗਰ ਕਬੀਲੇ ਦੀ ਵਰਤਮਾਨ ਸਥਿਤੀ

ਮਾੜੀ ਆਰਥਿਕ ਹਾਲਤ ਹੋਣ ਕਰਕੇ ਪੰਜਾਬ ਦੇ ਬਾਜ਼ੀਗਰ ਕਬੀਲੇ ਦੀ ਸਮਾਜਿਕ ਸ਼ਥਿਤੀ ਬਹੁਤ ਚਿੰਤਾਜਨਕ ਹੈ। ਮੁਗਲ ਕਾਲ ਤੋਂ ਲੈ ਕੇ ਬਰਤਾਨਵੀਂ ਬਸਤੀਵਾਦੀ ਦੌਰ ਚੋਂ ਲੰਘਦਿਆਂ ਬਾਜ਼ੀਗਰ ਲੋਕਾਂ ਨੂੰ ਗੁੰਮਨਾਮੀ ਅਤੇ ਦੁਸ਼ਵਾਰੀਆਂ ਦੇ ਲੰਮੇ ਦੌਰ ਵਿੱਚੋਂ ਲੰਘਣਾ ਪਿਆ ਹੈ।

ਆਦਿ ਕਾਲ ਦੇ ਜੰਗਲੀ ਜੀਵਨ ਤੋਂ ਲੈ ਕੇ ਅੰਗਰੇਜ਼ੀ ਰਾਜ ਤੱਕ ਬਾਜ਼ੀਗਰ ਕਬੀਲਾ ਖਾਨਾਬਦੋਸ਼ੀ ਵਾਲਾ ਜੀਵਨ ਬਤੀਤ ਕਰਦਾ ਆਇਆ ਹੈ। ਵੱਡੀ ਗਿਣਤੀ ਵਿੱਚ ਪਸ਼ੂ ਪਾਲਕ ਹੋਣ ਕਰਕੇ ਇਹ ਕਬੀਲਾ ਜੰਗਲ, ਬੇਲਿਆਂ, ਹਰੀਆਂ ਚਰਾਗਾਹਾਂ ਅਤੇ ਪਾਣੀ ਦੀ ਭਾਲ ਵਿੱਚ ਇੱਕ ਥਾਂ ਤੋਂ ਦੂਜੀ ਥਾਂ ਵੱਲ ਘੁੰਮਦਾ ਫਿਰਦਾ ਰਿਹਾ ਹੈ। 1947 ਵਿੱਚ ਦੇਸ਼ ਦੀ ਆਜ਼ਾਦੀ ਤੋਂ ਬਾਅਦ ਇਹ ਕਬੀਲਾ ਵੱਡੀ ਗਿਣਤੀ ਵਿੱਚ ਹਿਜ਼ਰਤ ਕਰਕੇ ਪੱਛਮੀ ਪੰਜਾਬ ਤੋਂ ਪੂਰਬੀ ਪੰਜਾਬ ਵਿੱਚ ਆ ਗਿਆ। ਇੱਧਰ ਆਉਣ ਤੋਂ ਬਾਅਦ ਇਨ੍ਹਾਂ ਲੋਕਾਂ ਨੂੰ ਕੁਝ ਜ਼ਮੀਨਾਂ ਵੀ ਅਲਾਟ ਹੋਈਆਂ ਪਰ ਘੁੰਮਕੜ ਸੁਭਾਅ ਦੇ ਮਾਲਕ ਹੋਣ ਕਰਕੇ ਇਨ੍ਹਾਂ ਲੋਕਾਂ ਨੇ ਇਹ ਜ਼ਮੀਨਾਂ ਸਵੀਕਾਰ ਨਾ ਕੀਤੀਆਂ। ਇਹ ਲੋਕ ਲੰਮਾ ਸਮਾਂ ਆਪਣਾ ਨਿਰਬਾਹ ਪਸ਼ੂ ਧਨ ਦੇ ਸਹਾਰੇ ਕਰਦੇ ਰਹੇ ਪਰ ਨਵੀਆਂ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਪ੍ਰਸਥਿਤੀਆਂ ਵਿੱਚ ਇਨ੍ਹਾਂ ਦਾ ਜੀਵਨ ਬੇਗਾਨਗੀ (outsider) ਵਾਲਾ ਬਣਿਆ ਰਿਹਾ। ਇਹ ਲੋਕ ਲੰਬਾ ਸਮਾਂ ਸ਼ਹਿਰੀ ਆਬਾਦੀ ਅਤੇ ਪਿੰਡਾਂ ਤੋਂ ਦੂਰ ਆਪਣੇ ਡੇਰੇ ਲਾ ਕੇ ਰਹਿੰਦੇ ਰਹੇ ਹਨ। ਇਹ ਡੇਰੇ ਸਥਾਈ ਅਤੇ ਅਸਥਾਈ ਰੂਪ ਵਾਲੇ ਸਨ। ਆਪਣੀ ਸੁਵਿਧਾ ਅਨੁਸਾਰ ਇਹ ਲੋਕ ਆਪਣੇ ਡੇਰੇ ਚੱਕਦੇ ਲਾਉਂਦੇ ਰਹਿੰਦੇ ਸਨ। ਇਸ ਤਰ੍ਹਾਂ ਨਵੇਂ ਪਰਿਵੇਸ਼ ਵਿੱਚ ਇਹ ਲੋਕ ਆਪਣੀ ਸੁਵਿਧਾ ਅਨੁਸਾਰ ਥਾਂ ਬਦਲੀ ਕਰ ਲੈਂਦੇ ਸਨ ਜਿਸਦੇ ਸਿੱਟੇ ਵਜੋਂ ਆਜ਼ਾਦੀ ਤੋਂ ਕਈ ਵਰ੍ਹੇ ਬਾਅਦ ਵੀ ਇਨ੍ਹਾਂ ਲੋਕਾਂ ਦੀ ਕੋਈ ਸ਼ਨਾਖ਼ਤ ਨਾ ਹੋ ਸਕੀ। ਇਸ ਤਰ੍ਹਾਂ ਇਹ ਲੋਕ ਲੰਮਾ ਸਮਾਂ ਸਰਕਾਰਾਂ ਦੇ ਬੇਰੁਖ਼ੀ ਹੰਢਾਉਂਦੇ ਰਹੇ। ਉਖੜੀ ਹੋਈ ਮਾਲੀ ਹਾਲਤ ਦੇ ਚਲਦਿਆਂ ਹੌਲੀ ਹੌਲੀ ਇਹ ਲੋਕ ਵਣ ਵਿਭਾਗ, ਗਊ ਚਰਾਂਦਾ ਅਤੇ ਪਿੰਡਾਂ ਦੇ ਬਾਹਰ ਸ਼ਾਮਲਾਤ ਜ਼ਮੀਨਾਂ ਤੇ ਆਪਣੇ ਡੇਰੇ ਲਾ ਕੇ ਬੈਠ ਗਏ ਜਿੱਥੇ ਇਹ ਲੋਕ ਸਥਾਈ ਜੀਵਨ ਬਤੀਤ ਕਰਨ ਲੱਗੇ ਪਏ। ਸਹਿਜੇ ਸਹਿਜੇ ਇਹ ਲੋਕ ਪਿੰਡਾਂ ਦੇ ਸੰਪਰਕ ਵਿੱਚ ਆਏ ਅਤੇ ਆਪਣੇ ਪਸ਼ੂਆਂ ਦੇ ਚਾਰੇ ਆਦਿ ਲਈ ਪਿੰਡਾਂ ਤੇ ਨਿਰਭਰ ਰਹਿਣ ਲੱਗੇ ਜਿਸਦੇ ਬਦਲੇ ਵਿੱਚ ਇਹ ਲੋਕ ਖੇਤੀ ਦੇ ਛੋਟੇ ਮੋਟੇ ਕੰਮਾਂ ਵਿੱਚ ਕਿਸਾਨਾਂ ਦਾ ਹੱਥ ਵਟਾਉਣ ਲੱਗ ਪਏ ਜਿਸਦੇ ਸਿੱਟੇ ਵਜੋਂ ਇਨ੍ਹਾਂ ਲੋਕਾਂ ਦਾ ਆਪਸੀ ਆਦਾਨ ਪ੍ਰਦਾਨ ਵਧਿਆ। ਬਾਜ਼ੀਗਰ ਕਬੀਲੇ ਦੇ ਕਈ ਲੋਕ ਆਪਣੇ

ਪਰੰਪਰਿਕ ਧੰਦਿਆਂ ਨੂੰ ਛੱਡਕੇ ਕਿਸਾਨੀ ਨਾਲ ਜੁੜੇ ਹੋਰ ਕਿੱਤਿਆਂ ਨਾਲ ਜੁੜ ਗਏ ਫਿਰ ਵੀ ਇਨ੍ਹਾਂ ਲੋਕਾਂ ਦਾ ਜੀਵਨ ਅਤੇ ਸਭਿਆਚਾਰ ਬਾਹਰਲੇ ਪ੍ਰਭਾਵਾਂ ਤੋਂ ਬਚਿਆ ਰਿਹਾ। ਇਸ ਸਾਰੇ ਵਰਤਾਰੇ ਪਿੱਛੇ ਕਬੀਲੇ ਦੇ ਲੋਕਾਂ ਦੀ ਇਕ ਸ਼ਕਤੀਸ਼ਾਲੀ ਟੋਟਮ ਅਤੇ ਟੈਬੂ ਪਰੰਪਰਾ ਕਾਰਜਸ਼ੀਲ ਹੈ। ਭਾਵੇਂ ਕਿ ਬਦਲਦੀਆਂ ਵਿਸ਼ਵ ਪ੍ਰਸਥਿਤੀਆਂ ਵਿੱਚ ਬਾਜ਼ੀਗਰਾਂ ਦੇ ਕਬੀਲਿਆਈ ਜੀਵਨ ਨੂੰ ਗਹਿਰੀ ਢਾਅ ਲੱਗੀ ਫਿਰ ਵੀ ਸ਼ਕਤੀਸ਼ਾਲੀ ਕਬੀਲਾ ਪ੍ਰੰਪਰਾਵਾਂ ਨੇ ਕਬੀਲੇ ਨੂੰ ਇਕ ਇਕਾਈ ਦੇ ਰੂਪ ਵਿੱਚ ਬੰਨ੍ਹੀ ਰੱਖਿਆ ਹੈ। ਬਾਜ਼ੀਗਰ ਕਬੀਲੇ ਦੀ ਅੰਦਰਲੀ ਸੰਰਚਨਾ ਬਹੁਤ ਗੁੰਝਲਦਾਰ ਅਤੇ ਜਟਿਲ ਹੈ। ਬਾਜ਼ੀਗਰ ਲੋਕਾਂ ਦੇ ਬਾਹਰੀ ਜੀਵਨ ਵਿੱਚ ਭਾਵੇਂ ਕਾਫ਼ੀ ਪਰਿਵਰਤਨ ਨਜ਼ਰ ਆਉਂਦਾ ਹੈ ਪਰ ਆਂਤਰਿਕ ਤੌਰ ਤੇ ਇਹ ਲੋਕ ਅੱਜ ਵੀ ਪੱਥਰ ਯੁੱਗ (Stone Age) ਵਿੱਚ ਵਿਚਰ ਰਹੇ ਹਨ। ਇਸ ਵਰਤਾਰੇ ਪਿੱਛੇ ਸਦੀਆਂ ਤੋਂ ਕੰਮ ਕਰ ਰਹੀਆਂ ਮਨਾਂਹੀਆਂ ਅਤੇ ਮਾਨਤਾਵਾਂ (Totam & Taboos) ਕਾਰਜਸ਼ੀਲ ਰਹਿੰਦੀਆਂ ਹਨ। ਇਹ ਲੋਕ ਭਾਵੇਂ ਬਾਹਰੀ ਰੂਪ ਵਿੱਚ ਸਥਿਰ ਜੀਵਨ ਜੀਉਣ ਲੱਗੇ ਹਨ ਪਰ ਇਨ੍ਹਾਂ ਦੇ ਲਹੂ ਵਿਚਲਾ ਰਮਤਾਪਣ ਅਜੇ ਵੀ ਕਾਇਮ ਹੈ। "ਅਜਿਹੇ ਅਨੇਕਾਂ ਪ੍ਰਮਾਣ ਉਪਲਭਦ ਹਨ, ਜਦੋਂ ਕਬੀਲੇ ਤੋਂ ਜਾਤੀ ਵੱਲ ਪਰਿਵਰਤਨ ਦੇ ਬਾਵਜੂਦ ਕਬੀਲਿਆਂ ਨੇ ਸਦੀਆਂ ਤੱਕ ਆਪਣੀ ਪਰੰਪਰਾਗਤ ਰਹਿਤਲ ਉੱਤੇ ਪਹਿਰਾ ਦਿੱਤਾ ਅਤੇ ਰਵਾਇਤਾਂ ਨੂੰ ਕਾਇਮ ਰੱਖਣ ਦੇ ਉਪਰਾਲੇ ਜਾਰੀ ਰੱਖੇ। ਇਸਦਾ ਮੁੱਖ ਕਾਰਨ ਹਰ ਕਬੀਲਾ ਸਭਿਆਚਾਰ ਵਿੱਚ ਇਸ ਪ੍ਰਕਾਰ ਦੇ ਮੌਖਿਕ ਜਾਬਤੇ ਕਾਰਜਸ਼ੀਲ ਰਹਿੰਦੇ ਹਨ ਜਿਨ੍ਹਾਂ ਨੂੰ ਆਰਥਿਕ ਅਸਥਿਰਤਾ ਓਨਾ ਚਿਰ ਨਹੀਂ ਪੋਹ ਸਕਦੀ ਜਿੰਨਾ ਚਿਰ ਕਬੀਲਾ ਲੋਕ-ਮਾਨਸ ਮੌਖਿਕ ਜ਼ਾਬਤਿਆਂ ਤੋਂ ਵਿਮੁਕਤ ਨਹੀਂ ਹੋ ਜਾਂਦਾ। ਕੋਈ ਵੀ ਕਬੀਲਾ ਆਪਣੇ ਮੌਖਿਕ ਜ਼ਾਬਤੇ ਵਿੱਚ ਕਿਸੇ ਅਜਿਹੀ ਧਾਰਨਾ ਦਾ ਪ੍ਰਵੇਸ਼ ਸਵੀਕਾਰ ਨਹੀਂ ਕਰਦਾ ਜਿਸ ਨਾਲ ਕਬੀਲਾ ਰਹਿਤਲ ਖੰਡਿਤ ਹੁੰਦੀ ਹੋਵੇ।"[1] ਇਸ ਤਰ੍ਹਾਂ ਉਪਰੋਕਤ ਵਿਚਾਰ ਕਬੀਲਾ ਜੀਵਨ ਪ੍ਰਬੰਧ ਦੀ ਅੰਦਰਲੀ ਕੱਟੜਤਾ ਅਤੇ ਜਟਿਲਤਾ ਨੂੰ ਪ੍ਰਗਟ ਕਰਦੇ ਹਨ। ਇਸ ਸਬੰਧ ਵਿਚ ਦੁਨੀਆਂ ਭਰ ਦੇ ਰਮਤੇ ਕਬੀਲਿਆਂ (Gypsies) ਦੀ ਉਦਾਹਰਣ ਦਿੱਤੀ ਜਾ ਸਕਦੀ ਹੈ ਜਿਹੜੇ ਕਿ ਅਤਿ ਵਿਕਸਤ ਮੁਲਕਾਂ ਦੇ ਬਾਸ਼ਿੰਦੇ ਹੋਣ ਦੇ ਬਾਵਜੂਦ ਵੀ ਖਾਨਾਬਦੋਸ਼ੀ ਵਾਲਾ ਜੀਵਨ ਬਤੀਤ ਕਰ ਰਹੇ ਹਨ। ਵਿਸ਼ਵੀਕਰਨ ਦੇ ਇਸ ਦੌਰ ਵਿਚ ਜਦਕਿ ਗਲੋਬ ਇਕ ਪਿੰਡ ਵਿੱਚੰ ਤਬਦੀਲ ਹੋ ਗਿਆ ਹੈ, ਪੰਜਾਬ ਦੇ ਬਾਜ਼ੀਗਰ ਕਬੀਲੇ ਦੇ ਨਾਲ ਨਾਲ ਭਾਰਤ ਦੇ ਕਈ ਹੋਰ ਕਬੀਲੇ ਰੂਪਾਂਤਰਣ ਦੀ ਅਵਸਥਾ ਵਿੱਚੋਂ ਗੁਜ਼ਰ ਰਹੇ ਹਨ। ਅੱਜ ਜਦਕਿ ਵਿਸ਼ਵ ਮੰਡੀ ਨਿੱਕੇ ਨਿੱਕੇ ਸਭਿਆਚਾਰਾਂ ਨੂੰ ਨਿਗਲਣ ਦੇ ਆਹਰ ਵਿੱਚ ਲੱਗੀ ਹੋਈ ਹੈ, ਅਜਿਹੀ ਸਥਿਤੀ ਵਿੱਚ ਪੰਜਾਬ ਦਾ ਕਬੀਲਾ ਜੀਵਨ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਵਰਤਮਾਨ ਪ੍ਰਸਥਿਤੀਆਂ ਵਿੱਚ ਭਾਵੇਂ ਬਾਜ਼ੀਗਰ ਕਬੀਲੇ ਦੇ ਕਾਰ-ਵਿਹਾਰ ਅਤੇ ਰਹਿਣੀ ਬਹਿਣੀ ਵਿੱਚ ਕਾਫ਼ੀ ਬਦਲਾਅ ਆਇਆ ਹੈ ਪਰ ਇਹ ਬਦਲਾਅ ਕਬੀਲੇ ਦੇ ਬਾਹਰੀ ਰੂਪ ਤੱਕ ਹੀ ਸੀਮਤ

ਹੈ। ਕਬੀਲੇ ਦੀ ਆਂਤਰਿਕ ਬਣਤਰ ਚੀੜ੍ਹੀ ਹੋਣ ਕਰਕੇ ਇਹ ਬਦਲਾਅ ਕਬੀਲੇ ਦੀ ਜ਼ਹਿਨੀਅਤ ਵਿੱਚ ਘਰ ਨਹੀਂ ਕਰ ਸਕੇ।

ਵਿਲੀਨੀਕਰਨ (Assimilation) ਦੇ ਇਸ ਇਤਿਹਾਸਕ ਅਮਲ ਵਿੱਚੋਂ ਭਾਵੇਂ ਬਾਜ਼ੀਗਰ ਕਬੀਲੇ ਨੇ ਮੁੱਖ ਸਭਿਆਚਾਰ ਤੋਂ ਬੜਾ ਕੁਝ ਨਵਾਂ ਗ੍ਰਹਿਣ ਕੀਤਾ ਹੈ ਪਰ ਇਸਨੇ ਆਪਣੀਆਂ ਪੁਰਖਾਂ ਮਾਨਤਾਵਾਂ ਅਤੇ ਕਦਰ ਪ੍ਰਬੰਧ (Value System) ਨੂੰ ਮੂਲ ਰੂਪ ਵਿੱਚ ਸੰਭਾਲ ਕੇ ਰੱਖਿਆ ਹੋਇਆ ਹੈ ਜਿਸਤੋਂ ਬਾਜ਼ੀਗਰ ਕਬੀਲਾ ਕਿਸੇ ਵੀ ਕੀਮਤ ਤੇ ਵਿਰਵਾ ਨਹੀਂ ਹੋਣਾ ਚਾਹੁੰਦਾ। ਪੰਜਾਬ ਦਾ ਬਾਜ਼ੀਗਰ ਕਬੀਲਾ ਤਲ਼ਖੀ ਦੇ ਇਸ ਦੌਰ ਵਿੱਚ ਲੰਘਣ ਦੇ ਬਾਵਜੂਦ ਵੀ ਸਰਵਸ਼੍ਰੇਸ਼ਟਤਾ ਦੀ ਮਾਨਸਿਕ ਗੁੰਝਲ (Superiority Complex) ਦਾ ਸ਼ਿਕਾਰ ਹੈ। ਬਾਜ਼ੀਗਰ ਕਬੀਲੇ ਵਿੱਚ ਸਭਿਆਚਾਰਕ ਧੌਂਸ (Cultural ego) ਕੁੱਟ ਕੁੱਟ ਕੇ ਭਰੀ ਹੋਈ ਹੈ। ਕਬੀਲੇ ਵਿੱਚ 'ਗਵਾਰ' ਅਤੇ 'ਕੌਰ' ਦਾ ਸੰਕਲਪ ਇਸਦਾ ਇੱਕ ਸ਼ਕਤੀਸ਼ਾਲੀ ਪ੍ਰਮਾਣ ਹੈ। ਬਾਜ਼ੀਗਰ ਕਬੀਲੇ ਨੇ ਭਾਵੇਂ ਚਿੰਨਾਤਮਕ ਪੱਧਰ ਤੇ ਮੁੱਖ ਸਭਿਆਚਾਰ ਦੇ ਧਰਮ, ਰਸਮਾਂ ਅਤੇ ਕੀਮਤ ਪ੍ਰਬੰਧ ਨੂੰ ਕਾਫ਼ੀ ਹੱਦ ਤੱਕ ਅਪਣਾਇਆ ਹੈ ਪਰ ਕਬੀਲੇ ਵਿੱਚ ਇਸਦੀ ਸਵੀਕ੍ਰਿਤੀ ਕੇਵਲ ਦੂਜੇਲੇ ਪੱਧਰ ਦੀ ਹੈ।

ਕਬੀਲਾ ਆਪਣੀਆਂ ਸਮਾਜਿਕ ਅਤੇ ਧਾਰਮਿਕ ਰਸਮਾਂ ਪੂਰੀਆਂ ਕਰਨ ਸਮੇਂ ਸਭ ਤੋਂ ਪਹਿਲਾਂ ਆਪਣੀਆਂ ਕਬੀਲਾ ਮਾਨਤਵਾਂ ਤੇ ਪਹਿਰਾ ਦਿੰਦਾ ਹੈ। ਕਬੀਲੇ ਦਾ ਹਰ ਮੈਂਬਰ ਪੁਰਖਾਂ ਮਾਨਤਾਵਾਂ ਨੂੰ ਪੀੜ੍ਹੀ ਦਰ ਪੀੜ੍ਹੀ ਅੱਗੇ ਤੋਰਨਾ ਆਪਣੀ ਪਵਿੱਤਰ ਜ਼ਿੰਮੇਵਾਰੀ ਸਮਝਦਾ ਹੈ। ਇਸ ਤਰ੍ਹਾਂ ਪੰਜਾਬ ਦਾ ਬਾਜ਼ੀਗਰ ਕਬੀਲਾ ਗਹਿਰੇ ਅੰਤਰ ਵਿਰੋਧਾਂ ਵਿੱਚੋਂ ਲੰਘਦਾ ਹੋਇਆ ਗਲੋਬਲ ਪਿੰਡ ਅੱਜ ਵੀ ਇਕਲਾਪਾ ਭੋਗ ਰਿਹਾ ਹੈ। ਇਸ ਸਬੰਧ ਵਿੱਚ ਅਸੀਂ ਇਹ ਗੱਲ ਆਖ ਸਕਦੇ ਹਾਂ ਕਿ ਬਾਜ਼ੀਗਰ ਕਬੀਲਾ ਮੁੱਖ ਸਭਿਆਚਾਰ ਨਾਲ ਨਿਖੜਵੇਂ ਰੂਪ ਵਿੱਚ ਜੁੜਿਆ ਹੋਇਆ ਹੈ। ਇਸ ਸੰਯੁਕਤ ਸੁਮੇਲ ਦੀ ਅੰਦਰਲੀ ਅਵਸਥਾ ਇਕ ਦੂਜੇ ਤੋਂ ਬਿਲਕੁਲ ਅਲੱਗ ਥਲੱਗ ਹੈ। ਇਸ ਤਰ੍ਹਾਂ ਪੰਜਾਬ ਦਾ ਬਾਜ਼ੀਗਰ ਕਬੀਲਾ ਦੋਹਰੀ ਮਾਨਸਿਕ ਗੁੰਝਲ ਦਾ ਸ਼ਿਕਾਰ ਹੈ। ਸਿੱਖਿਆ ਬਦਲਾਅ ਦਾ ਇਕ ਸ਼ਕਤੀਸ਼ਾਲੀ ਮਾਧਿਅਮ ਹੈ। ਬਾਜ਼ੀਗਰ ਲੋਕ ਰਮਤੇ ਸੁਭਾਅ ਦੇ ਮਾਲਕ ਹੋਣ ਕਰਕੇ ਸਦੀਆਂ ਤੋਂ ਸਿੱਖਿਆ ਤੋਂ ਵਾਂਝੇ ਰਹੇ ਹਨ। ਜਿਸ ਕਰਕੇ ਇਹ ਲੁਕੀ ਬੁਰੀ ਤਰ੍ਹਾਂ ਅੰਧ ਵਿਸ਼ਵਾਸਾਂ ਅਤੇ ਪਛੜੇ ਪਨ ਦਾ ਸ਼ਿਕਾਰ ਹਨ। ਬਾਜ਼ੀਗਰ ਕਬੀਲੇ ਦੀ ਔਰਤ ਅੱਜ ਵੀ ਅੰਧਕਾਰ ਦੇ ਯੁੱਗ ਵਿੱਚੋਂ ਗੁਜ਼ਰ ਰਹੀ ਹੈ। ਉਸਦੀ ਮਾਨਸਿਕਤਾ ਬੁਰੀ ਤਰ੍ਹਾਂ ਕਬੀਲਾ ਮਾਨਤਾਵਾਂ ਵਿੱਚ ਜਕੜੀ ਹੋਈ ਹੈ। "ਵਿਸ਼ਵੀਕਰਨ ਸਭਿਆਚਾਰਾਂ ਦੀ ਵਿਲੱਖਣਤਾਵਾਂ ਸਾਂਝੇ ਵਿਲੱਖਣ ਸਭਿਆਚਾਰਕ ਅਵਚੇਤਨ ਨੂੰ ਖੰਡਤ ਕਰਦੇ ਮਨਚਾਹੀ ਦਿਸ਼ਾ ਵੱਲ ਤੋਰਨ ਦਾ ਹੀ ਅਮਲ ਹੈ। ਵਿਸ਼ਵੀਕਰਨ ਰਾਹੀਂ ਵਿਕਸਤ ਸਮਾਜ ਕੇਵਲ ਆਰਥਿਕ ਰਾਜਨੀਤਕ ਤੌਰ ਤੇ ਹਾਵੀ ਨਹੀਂ ਹੋਣਾ ਚਾਹੁੰਦਾ ਸਗੋਂ ਸਭਿਆਚਾਰਾਂ ਦੀਆਂ ਵਿਲੱਖਣ ਕਦਰਾਂ ਨੂੰ ਵੀ ਵਿਸਥਾਪਤ ਕਰਨਾ ਚਾਹੁੰਦਾ ਹੈ। ਨਿਵੇਸ਼ ਦੀ ਖੁਲ੍ਹੀ ਆਜ਼ਾਦੀ, ਮੀਡੀਏ ਦਾ ਹੋ

ਰਿਹਾ ਪ੍ਰਸਾਰ ਤੇ ਪ੍ਰਚਾਰ ਆਪਣੀ ਮੰਡੀ ਦੀਆਂ ਲੋੜਾਂ ਲਈ ਬੜੇ ਵਿਉਂਤੇ ਹੋਏ ਢੰਗ ਨਾਲ ਸਥਾਨਕ ਮੁੱਲਾਂ ਅਤੇ ਮਾਨਤਾਵਾਂ ਨੂੰ ਖਦੇੜਨ ਦੀ ਕੋਸ਼ਿਸ ਹੈ। ਮੀਡੀਏ ਦੇ ਪ੍ਰਚਾਰ ਤੇ ਵਿਗਿਆਪਨਾਂ ਦਾ ਰੌਲਾ ਹੀ ਏਨਾ ਉੱਚਾ ਹੈ ਜਿਸ ਵਿਚ ਸਧਾਰਨ ਮਨੁੱਖ, ਮਨੁੱਖ ਨਹੀਂ ਉਪਭੋਗੀ ਵਿਚ ਤਬਦੀਲ ਹੋ ਗਿਆ ਹੈ। ਉਸਦੀ ਸੋਚ ਇਹ ਫੈਸਲਾ ਲੈਣ ਤੋਂ ਅਸਮਰੱਥ ਹੈ ਕਿ ਉਸਦੀਆਂ ਆਪਣੀਆਂ ਲੋੜਾਂ ਕੀ ਹਨ।"[2] ਚੋਮਸਕੀ ਇਕ ਅਮਰੀਕੀ ਬਿਊਰੋਕਰੈਟ ਦੀ ਉਦਾਹਰਣ ਦਿੰਦਾ ਹੋਇਆ ਲਿਖਦਾ ਹੈ ਕਿ ਰਾਜਸੱਤਾ ਤੇ ਕਾਬਜ਼ ਲੋਕ ਇਹ ਸਮਝਦੇ ਹਨ ਕਿ ਰਾਜ ਭਾਗ ਚਲਾਉਣ ਦਾ ਕੰਮ ਕੁਝ ਚੋਣਵੇਂ ਲੋਕਾਂ ਦਾ ਹੁੰਦਾ ਹੈ। ਆਮ ਜਨਤਾ ਤਾਂ ਭੇਡਾਂ ਦਾ ਇੱਜੜ ਹੁੰਦੀ ਹੈ, ਜਿਸਨੂੰ ਸਹੀ ਜਾਣਕਾਰੀ ਤੋਂ ਹਮੇਸ਼ਾ ਦੂਰ ਰੱਖਿਆ ਜਾਣਾ ਚਾਹੀਦਾ ਹੈ।[3] ਇਸ ਸਬੰਧ ਵਿੱਚ ਸੱਚਮੁੱਚ ਭੇਡਾਂ, ਬੱਕਰੀਆਂ ਅਤੇ ਪਸ਼ੂ ਪਾਲਣ ਵਾਲੇ ਆਜੜੀ ਲੋਕਾਂ ਦੀ ਹਾਲਤ ਕੀ ਹੋਵੇਗੀ, ਇਸ ਗੱਲ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ।

ਬਾਜ਼ੀਗਰ ਕਬੀਲਾ ਜਿੱਥੇ ਬਾਰ ਦੇ ਜੰਗਲਾਂ ਵਿੱਚ ਵਿਚਰਦਾ ਹੋਇਆ ਨਿੱਤ ਨਵੇਂ ਢੋਲੇ ਮਾਹੀਏ ਘੜਦਾ ਅਤੇ ਗਾਉਂਦਾ ਰਿਹਾ ਹੈ ਉੱਥੇ ਬਦਲਦੀਆਂ ਵਿਸ਼ਵ ਪ੍ਰਸਥਿਤੀਆਂ ਅਤੇ ਵਿਸ਼ਵੀਕਰਨ ਦੇ ਇਸ ਦੌਰ ਵਿੱਚ ਇਸ ਬੇਪਵਾਹ ਅਤੇ ਘੁੰਮਤੂ ਕਬੀਲੇ ਤੇ ਪੂੰਜੀਵਾਦ ਨੇ ਗਹਿਰੀ ਸੱਟ ਮਾਰੀ ਹੈ। ਪੰਜਾਬ ਦਾ ਬਾਜ਼ੀਗਰ ਕਬੀਲਾ ਹਾਲੇ ਵੀ ਬੇਜ਼ਮੀਨਾ ਹੈ। ਕਬੀਲੇ ਦੇ ਜ਼ਿਆਦਾਤਰ ਘਰ ਸ਼ਾਮਲਾਤ, ਗਊ ਚਰਾਂਦਾ ਜਾਂ ਫਿਰ ਵਣ ਵਿਭਾਗ ਦੀਆਂ ਜ਼ਮੀਨਾ ਵਿੱਚ ਬਣੇ ਹੋਏ ਹਨ। ਇਹ ਕਬੀਲਾ 1947 ਤੋਂ ਬਾਅਦ ਇਹ ਜ਼ਮੀਨਾਂ ਆਪਣੇ ਨਾਂ ਲਵਾਉਣ ਲਈ ਕਰੜਾ ਸੰਘਰਸ਼ ਕਰ ਰਿਹਾ ਹੈ। ਮੰਨੋਰੰਜਨ ਅਤੇ ਕਲਾ ਦੇ ਹੋਰ ਆਧੁਨਿਕ ਸਾਧਨਾਂ ਦੇ ਵਿਕਸਤ ਹੋਣ ਕਾਰਨ ਬਾਜ਼ੀਗਿਰੀ ਦਾ ਧੰਦਾ ਲਗਭਗ ਖਤਮ ਹੋ ਚੁੱਕਾ ਹੈ। ਹੁਣ ਬਾਜ਼ੀ ਪਾਉਣ ਦੀ ਕਲਾ ਘਰ ਦੀਆਂ ਮੁਢਲੀਆਂ ਲੋੜਾਂ ਅਤੇ ਰੋਜ਼ੀ ਰੋਟੀ ਦੇ ਹਾਣ ਦੀਂ ਨਹੀਂ ਰਹੀ। ਪੰਜਾਬ ਵਿੱਚ ਸਿਰਫ਼ ਚਾਰ ਪੰਜ ਪਰਿਵਾਰ ਹੀ ਅਜਿਹੇ ਹਨ ਜਿਹੜੇ ਖੇਡ ਮੇਲਿਆਂ ਜਾਂ ਰੰਗਾ ਰੰਗ ਪ੍ਰੋਗਰਾਮਾਂ ਵਿੱਚ ਹਾਲੇ ਵੀ ਬਾਜ਼ੀ ਕਲਾ ਦਾ ਪ੍ਰਦਰਸ਼ਨ ਕਰਦੇ ਹਨ। ਘੁਮੱਕੜ ਪ੍ਰਵਿਰਤੀ ਦਾ ਹੋਣ ਕਾਰਨ ਬਾਜ਼ੀਗਰ ਕਬੀਲਾ ਮੁੱਢ ਕਦੀਮ ਤੋਂ ਸਿੱਖਿਆ ਤੋਂ ਸੱਖਣਾ ਹੀ ਰਿਹਾ ਹੈ। ਅਨਪੜ੍ਹਤਾ ਨੇ ਕਬੀਲਾ ਜੀਵਨ ਨੂੰ ਅਸਤ ਵਿਅਸਤ ਕਰ ਦਿੱਤਾ ਹੈ। ਬਾਜ਼ੀਗਰ ਲੋਕ ਹੁਣ ਹੋਰ ਛੋਟੇ ਮੋਟੇ ਧੰਦੇ ਜਿਵੇਂ ਪਸ਼ੂ ਪਾਲਣਾ, ਮਜ਼ਦੂਰੀ, ਵਾਢੀ ਅਤੇ ਪਿੰਡਾਂ ਵਿੱਚ ਕਬਾੜ ਆਦਿ ਖਰੀਦ ਕੇ ਆਪਣਾ ਗੁਜ਼ਾਰਾ ਕਰਦੇ ਹਨ। ਬਾਜ਼ੀਗਰ ਕਬੀਲੇ ਵਿੱਚ ਸਿੱਖਿਆ ਪ੍ਰਤੀ ਚੇਤਨਾ ਹੌਲ਼ੀ ਹੌਲ਼ੀ ਵਿਕਸਤ ਹੋ ਰਹੀ ਹੈ। ਨੌਕਰੀਆਂ ਅਤੇ ਸਿੱਖਿਆ ਦੇ ਪਾਸਾਰ ਦੀ ਰਫ਼ਤਾਰ ਬਹੁਤ ਘੱਟ ਹੈ। ਇਸਦੇ ਬਾਵਜੂਦ ਵੀ ਲੜਕਿਆਂ ਅਤੇ ਲੜਕੀਆਂ ਦੀ ਸਿੱਖਿਆ ਦੇ ਉਸਾਰੂ ਯਤਨ ਹੋ ਰਹੇ ਹਨ। ਆਧੁਨਿਕ ਯੁੱਗ ਅਤੇ ਪੱਛਮੀ ਸਿੱਖਿਆ ਦੇ ਪ੍ਰਭਾਵ ਹੇਠ ਕਬੀਲੇ ਦੀ ਬਾਹਰਲੀ ਦਿੱਖ ਅਤੇ ਪਹਿਰਾਵੇ ਵਿੱਚ ਵੀ ਬਹੁਤ ਹੱਦ ਤੱਕ ਬਦਲਾਅ ਆਇਆ ਹੈ। ਕਬੀਲੇ ਦੇ ਲੋਕਾਂ

ਦਾ ਰਹਿਣ ਸਹਿਣ, ਸਭਿਆਚਾਰ ਅਤੇ ਕਦਰਾਂ ਕੀਮਤਾਂ ਵੀ ਕਾਫ਼ੀ ਹੱਦ ਤੱਕ ਪ੍ਰਭਾਵਿਤ ਹੋਈਆਂ ਹਨ ਪਰ ਕਬੀਲੇ ਦੀ ਅੰਦਰੂਨੀ ਬਣਤਰ ਉਸੇ ਤਰ੍ਹਾਂ ਮੂਲ ਰੂਪ ਵਾਲੀ ਬਣੀ ਹੋਈ ਹੈ। ਇਹੀ ਇਸ ਕਬੀਲੇ ਦਾ ਇੱਕ ਵਿਸ਼ੇਸ਼ ਲੱਛਣ ਹੈ। ਬਾਜ਼ੀਗਰ ਕਬੀਲੇ ਦੀ ਇਹੀ ਵਿਸ਼ੇਸ਼ਤਾ ਇਸ ਕਬੀਲੇ ਨੂੰ ਹੋਰਨਾ ਜਾਤੀਆਂ ਅਤੇ ਕਬੀਲਿਆਂ ਤੋਂ ਨਿਖੇੜਦੀ ਹੈ। ਭਾਵੇਂ ਕਿ ਬਾਜ਼ੀਗਰ ਕਬੀਲੇ ਦੇ ਪਹਿਰਾਵਾ, ਰਹਿਣ ਸਹਿਣ ਅਤੇ ਘਰਾਂ ਦੀ ਰੂਪ ਰੇਖਾ ਪੂਰੀ ਤਰ੍ਹਾਂ ਆਧੁਨਿਕ ਰੰਗ ਦੀ ਹੈ ਪਰ ਕਬੀਲੇ ਦੀ ਬੋਲੀ, ਗੁਪਤ ਬੋਲੀ, ਰਸਮ ਰਿਵਾਜ਼ ਅਤੇ ਨਿਆਂ ਪ੍ਰਬੰਧ ਪੀੜ੍ਹੀ ਦਰ ਪੀੜ੍ਹੀ ਉਸੇ ਤਰ੍ਹਾਂ ਚਲੇ ਆਉਂਦੇ ਹਨ।

ਬਾਜ਼ੀਗਰ ਕਬੀਲੇ ਵਿੱਚ ਭਾਵੇਂ ਕਿ ਲੋਕ ਵੱਖ ਵੱਖ ਧਰਮਾਂ ਨੂੰ ਮੰਨਣ ਲੱਗ ਪਏ ਹਨ ਪਰ ਫਿਰ ਵੀ ਉਨ੍ਹਾਂ ਵਿੱਚ ਪਿੱਤਰੀ ਰੀਤਾਂ ਅਤੇ ਮਾਨਤਾਵਾਂ ਉਸੇ ਰੂਪ ਵਿੱਚ ਪ੍ਰਚਲਿਤ ਹਨ। ਕਬੀਲੇ ਦੇ ਲੋਕਾਂ ਨੂੰ ਕਿਸੇ ਵੀ ਧਰਮ ਜਾਂ ਦੇਵੀ ਦੇਵਤੇ ਨੂੰ ਮੰਨਣ ਅਤੇ ਪੂਜਣ ਦੀ ਪੂਰੀ ਖੁਲ੍ਹ ਹੈ ਬਸ਼ਰਤੇ ਕਿ ਇਸ ਨਾਲ ਕਬੀਲੇ ਦੀ ਅੰਦਰਲੀ ਸਥਾਪਤੀ ਅਤੇ ਵਿਵਸਥਾ ਤੇ ਕੋਈ ਮਾੜਾ ਪ੍ਰਭਾਵ ਆਦਿ ਨਾ ਪੈਂਦਾ ਹੋਵੇ। ਕਬੀਲੇ ਦੀਆਂ ਔਰਤਾਂ ਹੁਣ ਆਪਣੇ ਪਰੰਪਰਿਕ ਗਹਿਣੇ ਨਹੀਂ ਪਹਿਨਦੀਆਂ ਸਗੋਂ ਆਧੁਨਿਕ ਰਿਵਾਜ਼ ਅਨੁਸਾਰ ਗਹਿਣੇ ਪਹਿਨਦੀਆਂ ਅਤੇ ਹਾਰ ਸ਼ਿੰਗਾਰ ਕਰਦੀਆਂ ਹਨ। ਬਾਜ਼ੀਗਰ ਕਬੀਲੇ ਦੇ ਬੱਚਿਆਂ ਦਾ ਪਹਿਰਾਵਾ ਵੀ ਤੇਜ਼ੀ ਨਾਲ ਬਦਲ ਰਿਹਾ ਹੈ। ਬਾਜ਼ੀਗਰ ਕਬੀਲੇ ਵਿੱਚ ਪ੍ਰਚਲਿਤ ਰੂੜ੍ਹੀਆਂ ਤੇਜ਼ੀ ਨਾਲ ਅਲੋਪ ਹੋ ਰਹੀਆਂ ਹਨ ਜਦਕਿ ਕਬੀਲੇ ਦੀਆਂ ਭਾਵਨਾਵਾਂ ਅਤੇ ਮਰਿਆਦਾ ਨਾਲ ਜੁੜੀਆਂ ਮਾਨਤਾਵਾਂ ਅਤੇ ਮਨਾਹੀਆਂ ਉਸੇ ਤਰ੍ਹਾਂ ਕਾਇਮ ਹਨ। ਬਾਜ਼ੀਗਰ ਕਬੀਲੇ ਵਿੱਚ ਹੁਣ ਸ਼ਰਾਬ ਅਤੇ ਮੀਟ ਦੀ ਵਰਤੋਂ ਬਹੁਤ ਘੱਟ ਕੀਤੀ ਜਾਂਦੀ ਹੈ। ਬਹੁਤੇ ਲੋਕ ਹੁਣ ਸ਼ਾਕਾਹਾਰੀ ਜੀਵਨ ਬਤੀਤ ਕਰ ਰਹੇ ਹਨ। ਬਾਜ਼ੀਗਰ ਕਬੀਲੇ ਦੀਆਂ ਜਨਮ, ਮੌਤ ਅਤੇ ਵਿਆਹ ਨਾਲ ਸਬੰਧਤ ਰਸਮਾਂ ਨੂੰ ਹੁਣ ਕਬੀਲਾ ਤਰਕਸ਼ੀਲ ਨਜ਼ਰੀਏ ਤੋਂ ਵੇਖਣ ਲੱਗ ਪਿਆ ਹੈ। ਇਹ ਰਸਮਾਂ ਹੁਣ ਕੇਵਲ ਚਿੰਨ੍ਹਾਤਮਕ ਪੱਧਰ ਤੱਕ ਹਨ। ਬਾਜ਼ੀਗਰ ਕਬੀਲੇ ਦੇ ਤਿਉਹਾਰਾਂ ਨਾਲ ਸਬੰਧਤ ਕਰਮ ਕਾਂਡ ਅਤੇ ਪੂਜਾ ਵਿਧਾਨ ਵੀ ਹੁਣ ਚਿੰਨ੍ਹਾਤਮਕ ਪੱਧਰ ਤੇ ਹੀ ਸੰਪੰਨ ਕੀਤਾ ਜਾਂਦਾ ਹੈ। ਬਾਜ਼ੀਗਰ ਕਬੀਲੇ ਦੇ ਵਡੇਰੇ ਅਤੇ ਸਿਆਣੇ ਲੋਕ ਆਪਣੀ ਤਰਕਸ਼ੀਲ ਪਹੁੰਚ ਲਈ ਜਾਣੇ ਜਾਂਦੇ ਹਨ। ਉਹ ਆਪ ਵੀ ਬਦਲਾਅ ਦੇ ਹੱਕ ਵਿੱਚ ਹਨ ਬਸ਼ਰਤੇ ਕਿ ਇਹ ਉਸਾਰੂ ਪਹੁੰਚ ਵਾਲਾ ਹੋਵੇ ਤੇ ਇਸ ਨਾਲ ਕਬੀਲੇ ਦੇ ਅੰਦਰਲੇ ਢਾਂਚੇ ਨੂੰ ਕੋਈ ਠੇਸ ਨਾ ਪਹੁੰਚਦੀ ਹੋਵੇ।

ਬਾਜ਼ੀਗਰ ਕਬੀਲੇ ਦੀ ਨਿਆਂ ਪ੍ਰਣਾਲੀ ਵਿੱਚ ਵੀ ਕਾਫ਼ੀ ਬਦਲਾਅ ਆਏ ਹਨ। ਵੱਢੀ ਖ਼ੋਰ ਪੈਂਚਾਂ ਅਤੇ ਉਲਾਰ ਸੋਚ ਵਾਲੇ ਮੋਅਤਬਰ ਬੰਦਿਆਂ ਦਾ ਦਬਦਬਾ ਤਰਕਸ਼ੀਲ ਪਹੁੰਚ ਰੱਖਣ ਵਾਲੀ ਪੜ੍ਹੀ ਲਿਖੀ ਪੀੜ੍ਹੀ ਨੇ ਖ਼ਤਮ ਕਰ ਦਿੱਤਾ ਹੈ। ਹੁਣ ਕਬੀਲੇ ਦੀ ਪੰਚਾਇਤ ਅਤੇ ਢੋਅ ਵੱਲੋਂ ਕੀਤੇ ਫ਼ੈਸਲਿਆਂ ਨੂੰ ਤਰਕ ਦੀ ਕਸਵੱਟੀ ਤੇ ਪਰਖ਼ਿਆ ਜਾਂਦਾ ਹੈ ਜੇਕਰ ਕਬੀਲੇ ਦੀ ਪੰਚਾਇਤ ਵਿੱਚ ਨਿਆਂ ਮਿਲਣ ਦੀ ਸੰਭਾਵਨਾ

ਨਾ ਹੋਵੇ ਤਾਂ ਕਈ ਵਾਰ ਮੁਕੱਦਮਾ ਪੁਲਿਸ ਅਤੇ ਕਚਹਿਰੀ ਵਿੱਚ ਵੀ ਚਲਾ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਹੁਣ ਘਰ ਵਿੱਚ ਬੱਚੇ ਦੇ ਜਨਮ ਸਮੇਂ ਕਬੀਲੇ ਦੀ ਦਾਈ ਵੱਲੋਂ ਟੈਟਨਸ ਜਾਂ ਹੋਰ ਜ਼ਰੂਰੀ ਟੀਕਾਕਰਨ ਲਈ ਕਿਸੇ ਡਾਕਟਰ ਜਾਂ ਨਰਸ ਦਾ ਪ੍ਰਬੰਧ ਜ਼ਰੂਰੀ ਕੀਤਾ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਲੜਕੀਆਂ ਦਾ ਅਨੁਪਾਤ ਮੁੰਡਿਆਂ ਦੇ ਬਰਾਬਰ ਹੀ ਚਲਿਆ ਆ ਰਿਹਾ ਹੈ। ਲੜਕੀ ਨੂੰ ਦੇਵੀ ਦਾ ਰੁਤਬਾ ਦਿੱਤਾ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਹੁਣ ਵਿਆਹ ਜਿੱਥੇ ਪਹਿਲਾਂ ਬਹੁਤ ਹੀ ਸਾਦੇ ਢੰਗ ਨਾਲ ਸੰਪੰਨ ਹੁੰਦੇ ਸਨ, ਅੱਜ ਇਨ੍ਹਾਂ ਵਿਆਹਾਂ ਤੇ ਭਾਰੀ ਖ਼ਰਚ ਕੀਤੇ ਜਾਂਦੇ ਹਨ। ਇਨ੍ਹਾਂ ਵਿਆਹਾਂ ਤੇ ਪੇਲੈਸ ਕਲਚਰ (Palace Culture) ਪ੍ਰਾਂਤਕ ਸਭਿਆਚਾਰ (Local Culture) ਬਹੁਤ ਭਾਰੂ ਹੋ ਗਿਆ ਹੈ। ਬਾਜ਼ੀਗਰ ਕਬੀਲੇ ਦੇ ਲੋਕ ਹੁਣ ਵਿਆਹਾਂ ਅਤੇ ਪਰਿਵਾਰ ਵਿੱਚ ਹੋਣ ਵਾਲੇ ਸਮਾਗਮਾਂ ਤੇ ਕਬੀਲੇ ਤੋਂ ਬਾਹਰਲੇ ਲੋਕਾਂ ਨੂੰ ਮਹਿਮਾਨ ਵੱਜੋਂ ਅਤੇ ਦੁੱਖ ਸੁਖ ਵਿੱਚ ਹਮਦਰਦ ਵੱਜੋਂ ਖ਼ਾਸ ਤੌਰ ਤੇ ਸੱਦਾ ਦੇ ਕੇ ਬੁਲਾਉਂਦੇ ਹਨ। ਕਬੀਲਾ ਹੁਣ ਮੁੱਖ ਧਾਰਾ ਦੇ ਜੀਵਨ ਨਾਲ ਪੂਰੇ ਸੰਪਰਕ ਵਿੱਚ ਹੈ ਅਤੇ ਵਿਸ਼ੇਸ਼ ਹਾਲਤਾਂ ਵਿੱਚ ਇਹ ਆਦਾਨ ਪ੍ਰਦਾਨ ਹੁੰਦਾ ਰਹਿੰਦਾ ਹੈ। ਬਾਜ਼ੀਗਰ ਕਬੀਲੇ ਦੇ ਲੋਕਾਂ ਨੇ ਬਦਲਦੇ ਹਾਲਾਤਾਂ ਅਨੁਸਾਰ ਆਪਣੇ ਆਪ ਨੂੰ ਪੂਰੀ ਤਰ੍ਹਾਂ ਢਾਲ ਲਿਆ ਹੈ। ਕਬੀਲੇ ਦੇ ਲੋਕ ਬਾਹਰਲੇ ਲੋਕਾਂ ਨਾਲ ਗੱਲਬਾਤ ਉਨ੍ਹਾਂ ਦੀ ਭਾਸ਼ਾ ਵਿੱਚ ਕਰਦੇ ਹਨ ਅਤੇ ਆਪਣੇ ਕਬੀਲੇ ਦੇ ਲੋਕਾਂ ਨਾਲ ਅਤੇ ਘਰ ਵਿੱਚ ਵਾਰਤਾਲਾਪ ਆਪਣੀ 'ਗੁਆਰ' ਭਾਸ਼ਾ ਵਿੱਚ ਹੀ ਹੁੰਦਾ ਹੈ। ਬਾਹਰੋਂ ਨਜ਼ਰਸਾਨੀ ਕਰਦਿਆਂ ਭਾਵੇਂ ਕਬੀਲੇ ਦੇ ਹਾਲਾਤ ਸਾਵੇਂ ਨਜ਼ਰ ਆਉਂਦੇ ਹਨ ਪਰ ਅੰਦਰੂਨੀ ਤੌਰ ਤੇ ਬਾਜ਼ੀਗਰ ਕਬੀਲਾ ਵੀ ਵਰਗਾਂ ਵਿੱਚ ਪਰਵਰਤਿਤ ਹੋ ਰਿਹਾ ਹੈ। ਇੱਕ ਵਰਗ ਪੜ੍ਹੇ ਲਿਖੇ ਅਤੇ ਤਰਕਸ਼ੀਲ ਪਹੁੰਚ ਰੱਖਣ ਵਾਲੇ ਲੋਕਾਂ ਦਾ ਹੈ ਅਤੇ ਦੂਜਾ ਵਰਗ ਕਬੀਲੇ ਦੇ ਅਨਪੜ੍ਹ ਅਤੇ ਪਰੰਪਰਾ ਨਾਲ ਜੁੜੇ ਹੋਏ ਲੋਕਾਂ ਦਾ ਹੈ। ਇਸ ਪ੍ਰਕਾਰ ਇਨ੍ਹਾਂ ਲੋਕਾਂ ਦਾ ਆਪਸੀ ਪਾੜਾ ਵੀ ਦਿਨੋ ਦਿਨ ਵਧ ਰਿਹਾ ਹੈ। ਹੁਣ ਪੰਜਾਬ ਅਤੇ ਰਾਵੀ ਦੇ ਬਾਜ਼ੀਗਰਾਂ ਦਾ ਖੜ੍ਹੀ ਦੇ ਬਾਜ਼ੀਗਰਾਂ ਨਾਲ ਆਦਾਨ ਪ੍ਰਦਾਨ ਸ਼ੁਰੂ ਹੋ ਗਿਆ ਹੈ। ਪੁਰਾਣੀਆਂ ਹੱਦਬੰਦੀਆਂ ਖ਼ਤਮ ਹੋ ਰਹੀਆਂ ਹਨ। ਬਾਜ਼ੀਗਰ ਕਬੀਲੇ ਦੇ ਘਰੇਲੂ ਗੁਰੂਆਂ ਦੀ ਸੱਤਾ ਦਿਨੋ ਦਿਨ ਖਤਮ ਹੋ ਰਹੀ ਹੈ। ਬਾਜ਼ੀਗਰ ਕਬੀਲੇ ਵਿੱਚ ਹੁਣ ਜ਼ਿਆਦਾਤਰ ਇਕਹਰੇ ਪਰਿਵਾਰਾਂ ਦਾ ਪ੍ਰਚਲਨ ਹੈ। ਪਰਿਵਾਰ ਵਿੱਚ ਮਾਤਾ ਪਿਤਾ ਆਪਣੇ ਛੋਟੇ ਪੁੱਤਰ ਨਾਲ ਹੀ ਘਰ ਵਿੱਚ ਰਹਿੰਦੇ ਹਨ। ਪਰਿਵਾਰ ਦੇ ਹੋਰ ਮੈਂਬਰ ਜਿਵੇਂ ਵੱਡੇ ਪੁੱਤਰ-ਵਿਆਹ ਤੋਂ ਬਾਅਦ ਅਲੱਗ ਘਰ ਵਿੱਚ ਰਹਿਣ ਲੱਗ ਜਾਂਦੇ ਹਨ ਅਤੇ ਧੀਆਂ ਦੇ ਵਿਆਹਾਂ ਤੋਂ ਬਾਅਦ ਘਰ ਤੇ ਛੋਟੇ ਪੁੱਤਰ ਦਾ ਅਧਿਕਾਰ ਹੋ ਜਾਂਦਾ ਹੈ। ਧੀਆਂ ਨੂੰ ਪਰਾਇਆ ਧਨ ਸਮਝਿਆ ਜਾਂਦਾ ਹੈ ਅਤੇ ਉਨ੍ਹਾਂ ਦੇ ਵਿਆਹ ਤੋਂ ਬਾਅਦ ਪਰਿਵਾਰਕ ਜਾਇਦਾਦ ਵਿੱਚ ਕੋਈ ਹਿੱਸਾ ਨਹੀਂ ਹੁੰਦਾ। ਉਂਝ ਵਿਆਹ ਤੋਂ ਬਾਅਦ ਫੇਰਾ ਪਾਉਣ ਤੇ, ਮਾਤਾ ਪਿਤਾ ਜਾਂ ਭੈਣ ਭਰਾਵਾਂ ਨੂੰ ਮਿਲਣ ਆਉਣ ਤੇ, ਕਿਸੇ ਤਿੱਥ ਤਿਉਹਾਰ ਜਾਂ ਘਰ ਵਿੱਚ ਹੋਏ ਕਿਸੇ ਸਮਾਗਮ ਸਮੇਂ ਧੀ ਜੁਆਈ ਦਾ ਪੂਰਾ ਸਤਿਕਾਰ ਕੀਤਾ ਜਾਂਦਾ ਹੈ। ਪਰਿਵਾਰ ਦੇ ਵਿਆਹ ਅਤੇ ਕਈ

ਹੋਰ ਮਹੱਤਵਪੂਰਨ ਸਮਾਗਮ ਧੀ ਜੁਆਈ ਤੋਂ ਬਿਨਾਂ ਅਧੂਰੇ ਸਮਝੇ ਜਾਂਦੇ ਹਨ। ਧੀ ਜੁਆਈ ਦੀ ਹਰ ਸਮਾਗਮ ਵਿੱਚ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਅੱਜ ਦੇ ਵਿਗਿਆਨਕ ਯੁੱਗ ਵਿੱਚ ਵਿਚਰਦਿਆਂ ਬਾਜ਼ੀਗਰ ਕਬੀਲਾ ਮਹਿੰਗਾਈ ਅਤੇ ਸਿਹਤ ਸਹੂਲਤਾਂ ਪੱਖੋਂ ਵੀ ਕਾਫ਼ੀ ਹੱਦ ਤੱਕ ਸੁਚੇਤ ਹੋ ਗਿਆ ਹੈ। ਹਰ ਪਰਿਵਾਰ ਆਪਣੇ ਬੱਚਿਆਂ ਨੂੰ ਵਧੀਆ ਸਿਹਤ ਸਹੂਲਤਾਂ ਅਤੇ ਸਿੱਖਿਆ ਦੇਣ ਲਈ ਸੀਮਤ ਪਰਿਵਾਰ ਵਿੱਚ ਵਿਸ਼ਵਾਸ਼ ਰੱਖਦਾ ਹੈ।

ਭਾਵੇਂ ਕਿ ਬਦਲਦੀਆਂ ਆਰਥਿਕ ਸਮਾਜਿਕ ਅਤੇ ਸਭਿਆਚਾਰਕ ਪ੍ਰਸਥਿਤੀਆਂ ਵਿੱਚ ਕਬੀਲੇ ਦੇ ਅੰਦਰੂਨੀ ਅਤੇ ਬਾਹਰੀ ਢਾਂਚੇ ਤੇ ਕਾਫ਼ੀ ਪ੍ਰਭਵ ਪਿਆ ਹੈ ਪਰ ਕਈ ਪਰੰਪਰਾਵਾਂ ਅਤੇ ਰਸਮ ਰਿਵਾਜ਼ ਬਾਜ਼ੀਗਰ ਕਬੀਲੇ ਵਿੱਚ ਮੂਲ ਰੂਪ ਵਿੱਚ ਚਲਦੇ ਆ ਰਹੇ ਹਨ। ਅੱਜ ਵੀ ਕਬੀਲੇ ਦੀ ਮਾਣ ਮਰਿਆਦਾ ਨਾਲ ਸਬੰਧਤ ਕੋਈ ਫ਼ੈਸਲਾ ਕਬੀਲੇ ਦੀ ਪੰਚਾਇਤ ਵਿੱਚ ਸਰਵ ਸੰਮਤੀ ਨਾਲ ਲਿਆ ਜਾਂਦਾ ਹੈ। ਪੰਚਾਇਤ ਤੋਂ ਆਕੀ ਹੋਣ ਵਾਲੇ ਵਿਅਕਤੀ ਨੂੰ ਕਬੀਲੇ ਵਿੱਚੋਂ ਛੇਕ ਦਿੱਤਾ ਜਾਂਦਾ ਹੈ ਜਾਂ ਫਿਰ ਉਸਦਾ ਸਮਾਜਿਕ ਬਾਈਕਾਟ ਕਰ ਦਿੱਤਾ ਜਾਂਦਾ ਹੈ। ਬਾਜ਼ੀਗਰ ਕਬੀਲਾ ਆਪਣੇ ਵਿਆਹ ਦੇ ਸਮਾਗਮਾਂ ਵਿੱਚ ਆਪਣੇ ਪਰਿਵਾਰ ਦੇ ਅਤੇ ਸੀਮਤ ਰਿਸ਼ਤੇਦਾਰ ਨੂੰ ਹੀ ਬੁਲਾਉਂਦਾ ਹੈ ਪਰ ਅੱਜ ਵੀ ਬਾਜ਼ੀਗਰ ਕਬੀਲੇ ਵਿੱਚ ਕਿਸੇ ਵੀ ਮਰਗਤ ਤੇ ਪੂਰੇ ਪੰਜਾਬ ਅਤੇ ਹਰਿਆਣੇ ਵਿੱਚੋਂ ਕਬੀਲਾ ਹਾਜ਼ਰੀ ਭਰਦਾ ਹੈ। ਭੋਗ ਦੀ ਰਸਮ ਵਿੱਚ ਸ਼ਾਮਲ ਹੋਣ ਲਈ ਕੋਈ ਰਿਸ਼ਤੇਦਾਰੀ ਨਹੀਂ ਵੇਖੀ ਜਾਂਦੀ ਸਗੋਂ ਕਬੀਲਾ ਪੱਧਰ ਤੇ ਹਮਦਰਦੀ ਜਤਾਉਣ ਲਈ ਅਜਿਹੇ ਸਮਾਗਮਾਂ ਵਿੱਚ ਕਬੀਲੇ ਦੇ ਲੋਕ ਸ਼ਿਰਕਤ ਕਰਦੇ ਹਨ।

ਹਵਾਲੇ

1. ਕਿਰਪਾਲ ਕਜ਼ਾਕ, ਲੋਕ ਸੱਭਿਆਚਾਰ, ਚੇਤਨਾ ਪ੍ਰਕਾਸ਼ਨ ਲੁਧਿਆਣਾ, 2012, ਪੰਨਾ 26.
2. ਡਾ. ਗੁਰਮੀਤ ਸਿੰਘ, ਲੋਕਧਾਰਾ, ਪਰੰਪਰਾ ਤੇ ਆਧੁਨਿਕਤਾ, ਨਾਨਕ ਸਿੰਘ ਪੁਸਤਕਮਾਲਾ ਅੰਮ੍ਰਿਤਸਰ 2006, ਪੰਨਾ 63.
3. ਉਹੀ, ਪੰਨਾ 63.

ਬਾਜ਼ੀਗਰ ਕਬੀਲੇ ਵਿੱਚ ਰਾਜਨੀਤਕ ਚੇਤਨਾ

ਬਾਜ਼ੀਗਰ ਕਬੀਲਾ ਸਦੀਆਂ ਤੋਂ ਹੀ ਜੰਗਲੀ ਅਤੇ ਖਾਨਾਬਦੋਸ਼ ਜੀਵਨ ਬਿਤਾਉਂਦਾ ਆ ਰਿਹਾ ਹੈ। ਜੰਗਲੀ ਜੀਵਨ ਅਤੇ ਖਾਨਾਬਦੋਸ਼ ਭਟਕਣ ਨੇ ਜਿੱਥੇ ਇਨ੍ਹਾਂ ਨੂੰ ਇੱਕ ਵੱਖਰਾ ਸਭਿਆਚਾਰਕ ਮੁਹਾਂਦਰਾ ਪ੍ਰਦਾਨ ਕੀਤਾ ਉੱਥੇ ਇਨ੍ਹਾਂ ਦੇ ਸਮਾਜਿਕ ਅਤੇ ਆਰਥਿਕ ਜੀਵਨ ਨੂੰ ਗਹਿਰੀ ਢਾਹ ਵੀ ਲਾਈ ਹੈ। ਬਾਜ਼ੀਗਰ ਕਬੀਲਾ ਸਦੀਆਂ ਤੋਂ ਹੀ ਸਮਾਜ ਦੀ ਮੁੱਖ ਧਾਰਾ ਤੋਂ ਵੱਖਰਾ ਅਤੇ ਆਜ਼ਾਦ ਜੀਵਨ ਬਤੀਤ ਕਰਦਾ ਆ ਰਿਹਾ ਹੈ। ਇਸੇ ਕਰਕੇ ਬਾਜ਼ੀਗਰ ਕਬੀਲੇ ਦਾ ਸਮਾਜ ਵਿੱਚ ਅਜੇ ਤੱਕ ਕੋਈ ਠੋਸ ਆਧਾਰ ਨਹੀਂ ਬਣ ਸਕਿਆ। ਦੇਸ਼ ਦੀ ਵੰਡ ਤੋਂ ਪਹਿਲਾਂ ਬਾਜ਼ੀਗਰ ਕਬੀਲਾ ਬਾਰ ਦੇ ਜੰਗਲਾਂ ਅਤੇ ਲਹਿੰਦੇ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿੱਚ ਵਸਿਆ ਹੋਇਆ ਸੀ ਪਰ ਫਿਰ ਵੀ ਇਹ ਲੋਕ ਆਪਣਾ ਮਾਲ ਇੱਜੜ ਚਾਰਨ ਅਤੇ ਹਾੜ੍ਹੀ ਸਾਉਣੀ ਦਾ ਜੋਤਾ ਲਾਉਣ ਲਈ ਇੱਧਰ ਉੱਧਰ ਡੇਰੇ ਲਾਉਂਦੇ ਰਹਿੰਦੇ ਸਨ। ਹਿੰਦ ਪਾਕਿ ਦੀ ਵੰਡ ਸਮੇਂ ਸਮੂਹ ਬਾਜ਼ੀਗਰ ਕਬੀਲੇ ਨੇ ਇਸਲਾਮ ਧਰਮ ਨਾ ਕਬੂਲਦੇ ਹੋਏ ਭਾਰਤ ਆਉਣਾ ਬਿਹਤਰ ਸਮਝਿਆ ਕਿਉਂਕਿ ਸਦੀਆਂ ਤੋਂ ਬਾਜ਼ੀਗਰ ਕਬੀਲਾ ਕਬੀਲਿਆਈ ਧਰਮ ਅਤੇ ਪ੍ਰੰਪਰਾਵਾਂ ਅਨੁਸਾਰ ਆਪਣਾ ਜੀਵਨ ਬਤੀਤ ਕਰਦਾ ਆਇਆ ਹੈ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਸਾਰਾ ਬਾਜ਼ੀਗਰ ਕਬੀਲਾ ਭਾਰਤੀ ਪੰਜਾਬ, ਹਰਿਆਣਾ, ਹਿਮਾਚਲ ਅਤੇ ਜੰਮੂ ਦੇ ਵੱਖ-ਵੱਖ ਰਾਜਾਂ ਵਿੱਚ ਆ ਕੇ ਵੱਸ ਗਿਆ।

1947 ਵਿੱਚ ਭਾਰਤ ਆਉਣ ਤੋਂ ਬਾਅਦ ਇਨ੍ਹਾਂ ਨੂੰ ਕੁਝ ਘਰ ਅਤੇ ਜ਼ਮੀਨਾਂ ਵੀ ਅਲਾਟ ਹੋਈਆਂ ਪਰ ਇਨ੍ਹਾਂ ਦੇ ਸੁਭਾਅ ਦੀ ਘੁੰਮਕੜ ਪ੍ਰਵਿਰਤੀ ਨੇ ਇਨ੍ਹਾਂ ਲੋਕਾਂ ਨੂੰ ਇਕ ਥਾਂ ਟਿਕਣ ਨਾ ਦਿੱਤਾ। ਇਹ ਲੋਕ ਆਪਣੇ ਖਾਨਾਬਦੋਸ਼ ਸੁਭਾਅ ਅਨੁਸਾਰ ਰੋਟੀ ਅਤੇ ਹਰੀਆਂ ਚਰਾਂਗਾਹਾਂ ਦੀ ਭਾਲ ਵਿੱਚ ਇੱਕ ਥਾਂ ਤੋਂ ਦੂਜੀ ਥਾਂ ਜਾ ਟਿਕਾਣੇ ਕਰਦੇ ਰਹੇ। ਪੰਜਾਬ ਦਾ ਬਾਜ਼ੀਗਰ ਕਬੀਲਾ ਆਪਣੇ ਡੇਰਿਆਂ ਵਾਲੀ ਜ਼ਮੀਨ ਦੀ ਮਾਲਕੀ ਪ੍ਰਾਪਤ ਨਹੀਂ ਕਰ ਸਕਿਆ। ਸਮੇਂ ਦੀਆਂ ਸਰਕਾਰਾਂ ਦੀ ਬਾਜ਼ੀਗਰ ਕਬੀਲੇ ਨਾਲ ਬੇਰੁੱਖ਼ੀ ਇਸ ਦਾ ਇੱਕ ਹੋਰ ਵੱਡਾ ਕਾਰਨ ਹੈ। ਬਾਜ਼ੀਗਰ ਕਬੀਲੇ ਦੇ ਲੋਕ ਜ਼ਿਆਦਾਤਰ ਸ਼ਾਮਲਾਤ, ਜੰਗਲਾਤ ਅਤੇ ਗਊ ਚਰਾਂਦਾ ਦੀਆਂ ਜ਼ਮੀਨਾਂ ਵਿੱਚ ਡੇਰੇ ਲਾ ਕੇ ਬੈਠੇ ਹੋਏ ਹਨ। ਆਜ਼ਾਦੀ ਤੋਂ ਐਨੇ ਸਾਲ ਬਾਅਦ ਵੀ ਬਾਜ਼ੀਗਰ ਕਬੀਲੇ ਦੇ ਲੋਕ ਆਪਣੇ ਹੀ ਮੁਲਕ ਅੰਦਰ ਬੇਗਾਨਗੀ ਵਾਲਾ ਜੀਵਨ ਜੀਅ ਰਹੇ ਹਨ।

ਬਾਜ਼ੀਗਰ ਕਬੀਲੇ ਦਾ ਪੜ੍ਹਿਆ ਲਿਖਿਆ ਨਵਾਂ ਵਰਗ ਆਪਣੇ ਹੱਕਾਂ ਅਤੇ ਫਰਜ਼ਾਂ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹੈ। ਇਨ੍ਹਾਂ ਪੜ੍ਹੇ ਲਿਖੇ ਨੌਜਵਾਨਾਂ ਦੀ ਰਹਿਨੁਮਾਈ ਹੇਠ ਬਾਜ਼ੀਗਰ ਕਬੀਲਾ ਸਮਾਜਿਕ ਚੇਤਨਾ ਵੱਲ ਵਧ ਰਿਹਾ ਹੈ। ਸਾਰਾ ਬਾਜ਼ੀਗਰ

ਕਬੀਲਾ ਹੌਲੀ ਹੌਲੀ ਸਾਖਰਤਾ ਵੱਲ ਵਧ ਰਿਹਾ ਹੈ। ਬਾਜ਼ੀਗਰ ਕਬੀਲੇ ਨੂੰ ਅੱਖਰ ਸ਼ਕਤੀ ਦਾ ਹੁਣ ਪੂਰਾ ਗਿਆਨ ਹੈ। ਬਾਜ਼ੀਗਰ ਔਰਤ ਹੁਣ ਆਪਣੇ ਨਿੱਤ ਦੇ ਕੰਮਾਂ ਕਾਰਾਂ ਲਈ ਬਾਹਰ ਅੰਦਰ ਆਜ਼ਾਦੀ ਨਾਲ ਆਉਂਦੀ ਜਾਂਦੀ ਹੈ। ਕਬੀਲੇ ਦੇ ਹਰ ਘਰ ਦੀਆਂ ਲੜਕੀਆਂ ਸਿੱਖਿਆ ਪ੍ਰਾਪਤ ਕਰਨ ਲਈ ਸਕੂਲ ਜਾਣ ਲੱਗ ਪਈਆਂ ਹਨ। ਇਸ ਤਰ੍ਹਾਂ ਬਾਜ਼ੀਗਰ ਕਬੀਲਾ ਸਿੱਖਿਆ ਤੇ ਸਿਹਤ ਪ੍ਰਤੀ ਕਾਫ਼ੀ ਜਾਗਰੂਕ ਹੋ ਗਿਆ ਹੈ। ਬਾਜ਼ੀਗਰ ਕਬੀਲੇ ਦੇ ਲੋਕ ਪਰਿਵਾਰ ਨਿਯੋਜਨ ਪ੍ਰਤੀ ਵੀ ਕਾਫ਼ੀ ਸੁਚੇਤ ਹਨ। ਬਾਜ਼ੀਗਰ ਲੋਕਾਂ ਦਾ ਪੜ੍ਹਿਆ ਲਿਖਿਆ ਵਰਗ ਕੇਵਲ ਦੋ ਬੱਚਿਆਂ ਵਾਲੇ ਪਰਿਵਾਰ ਵਿੱਚ ਹੀ ਵਿਸ਼ਵਾਸ ਰੱਖਦਾ ਹੈ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਵੱਖ-ਵੱਖ ਰਾਜਨੀਤਿਕ ਪਾਰਟੀਆਂ ਕਬੀਲੇ ਦੇ ਵੋਟ ਬੈਂਕ ਦਾ ਆਪਣੇ ਹੀ ਢੰਗ ਨਾਲ ਸੋਸ਼ਣ ਕਰਦੀਆਂ ਰਹੀਆਂ ਹਨ ਪਰ ਕਿਸੇ ਵੀ ਰਾਜਨੀਤਕ ਪਾਰਟੀ ਨੇ ਬਾਜ਼ੀਗਰ ਲੋਕਾਂ ਦੇ ਮੁੜ ਵਸੇਬੇ ਬਾਰੇ ਕਦਮ ਨਹੀਂ ਉਠਾਇਆ। ਅੱਜ ਵੀ ਪੰਜਾਬ, ਹਰਿਆਣਾ, ਹਿਮਾਚਲ ਅਤੇ ਜੰਮੂ ਵਿੱਚ ਰਹਿ ਰਹੇ ਬਾਜ਼ੀਗਰ ਹਾਸ਼ਿਆਕ੍ਰਿਤ ਜੀਵਨ ਭੋਗ ਰਹੇ ਹਨ।

ਬਾਜ਼ੀਗਰ ਕਬੀਲਾ ਹੁਣ ਆਪਣੀ ਵੋਟ ਦੀ ਤਾਕਤ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹੋ ਗਿਆ ਹੈ। ਬਾਜ਼ੀਗਰ ਕਬੀਲੇ ਵਿੱਚ ਨੌਜਵਾਨ ਵਰਗ ਦੀ ਨਵੀਂ ਚੇਤਨਾ ਨੇ ਕਬੀਲੇ ਵਿੱਚ ਨਵੀਂ ਰੂਹ ਫ਼ੂਕੀ ਹੈ। ਆਜ਼ਾਦੀ ਤੋਂ ਬਾਅਦ ਬਾਜ਼ੀਗਰ ਕਬੀਲੇ ਦੇ ਨੌਜਵਾਨਾਂ ਅਤੇ ਲੋਕਾਂ ਨੇ ਕਬੀਲੇ ਦੀ ਭਲਾਈ ਹਿੱਤ ਕਈ ਨੌਜਵਾਨ ਸਭਾਵਾਂ ਅਤੇ ਸੰਘ ਸਥਾਪਤ ਕੀਤੇ ਪਰ ਇਹ ਸਭਾਵਾਂ ਅਤੇ ਸੰਘ ਬਹੁਤੇ ਕ੍ਰਿਆਸ਼ੀਲ ਨਹੀਂ ਹੋ ਸਕੇ ਜਾਂ ਫਿਰ ਸੱਤਾ ਵਿਚ ਕਾਰਜਸ਼ੀਲ ਪਾਰਟੀਆਂ ਦੀਆਂ ਪਿਛਲੱਗ ਬਣ ਜਾਂਦੇ ਹਨ। ਪਰ ਹੁਣ ਅਜਿਹਾ ਵਰਤਾਰਾ ਖਤਮ ਹੋ ਚੁੱਕਾ ਹੈ। ਹੁਣ ਬਾਜ਼ੀਗਰ ਕਬੀਲੇ ਦੇ ਲੋਕ ਰਾਜਨੀਤਕ ਪਾਰਟੀਆਂ ਵਿੱਚ ਸੁਚੇਤ ਪੱਧਰ ਤੇ ਕ੍ਰਿਆਸ਼ੀਲ ਹਨ। ਹੁਣ ਪੰਜਾਬ ਵਿੱਚ ਬਾਜ਼ੀਗਰ ਕਬੀਲੇ ਦੇ ਨੌਜਆਨ ਆਗੂ ਪੰਜਾਬ ਦੀਆਂ ਮੁੱਖ ਰਾਜਨੀਤਕ ਪਾਰਟੀਆਂ ਵਿੱਚ ਅਹੁਦੇਦਾਰਾਂ ਦੇ ਤੌਰ ਤੇ ਕੰਮ ਕਰ ਰਹੇ ਹਨ ਅਤੇ ਕਬੀਲੇ ਦੀਆਂ ਮੰਗਾਂ ਅਤੇ ਮਸਲੇ ਵੀ ਸਮੇਂ ਸਮੇਂ ਦੀਆਂ ਸਰਕਾਰਾਂ ਕੋਲ ਉਠਾਉਂਦੇ ਰਹਿੰਦੇ ਹਨ। ਬਾਜ਼ੀਗਰ ਕਬੀਲੇ ਦੇ ਸੰਗਠਨਾਂ ਅਤੇ ਵੱਖ-ਵੱਖ ਇਕਾਈਆਂ ਨੇ ਸਮੇਂ ਦੀਆਂ ਸਰਕਾਰਾਂ ਨੂੰ ਇਨ੍ਹਾਂ ਲੋਕਾਂ ਦੇ ਹੱਕਾਂ ਪ੍ਰਤੀ ਸੋਚਣ ਲਈ ਮਜ਼ਬੂਰ ਕਰ ਦਿੱਤਾ ਹੈ। ਪੰਜਾਬ ਵਿੱਚ ਬਾਜ਼ੀਗਰ ਕਬੀਲੇ ਦੇ ਵਿਧਾਇਕ, ਵੱਖ-ਵੱਖ ਕਾਰਪੋਰੇਸ਼ਨਾਂ ਦੇ ਚੇਅਰਮੈਨ, ਕੌਂਸਲਰ, ਐਮ. ਸੀ. ਅਤੇ ਸਰਪੰਚ ਵੱਖ ਵੱਖ ਇਲਾਕਿਆਂ ਵਿੱਚ ਆਪਣੇ ਕਬੀਲੇ ਦੀ ਯੋਗ ਪ੍ਰਤੀਨਿੱਧਤਾ ਕਰ ਰਹੇ ਹਨ। ਬਾਜ਼ੀਗਰ ਕਬੀਲੇ ਦੇ ਲੋਕਾਂ ਨੂੰ ਭਾਰਤ ਸਰਕਾਰ ਨੇ ਅਜੇ ਤੱਕ ਸ਼ਡਿਊਲ ਕਾਸਟ ਸ਼੍ਰੇਣੀ ਵਿੱਚ ਸਭ ਤੋਂ ਹੇਠਲੀ ਕੋਟੀ ਐਸ.ਸੀ (ਅਦਰਜ਼) ਵਿੱਚ ਰੱਖਿਆ ਹੋਇਆ ਹੈ। ਬਾਜ਼ੀਗਰ ਕਬੀਲੇ ਦੇ ਲੋਕਾਂ ਨੂੰ ਇੱਕ ਕਬੀਲਾ ਹੋਣ ਦਾ ਕੋਈ ਲਾਭ ਨਹੀਂ ਮਿਲਿਆ। ਹਰਿਆਣਾ, ਹਿਮਾਚਲ ਅਤੇ ਜੰਮੂ ਵਿੱਚ ਬਾਜ਼ੀਗਰ ਕਬੀਲੇ ਦੇ ਪਛੜੇ ਹੋਣ ਦਾ ਇੱਕ ਇਹ ਵੀ ਵੱਡਾ ਕਾਰਨ ਹੈ। ਬਾਜ਼ੀਗਰ ਕਬੀਲਾ ਪੰਜਾਬ ਵਿਚ ਸਭ ਤੋਂ ਵੱਧ

ਪਛੜੇਵੇਂ ਦਾ ਸ਼ਿਕਾਰ ਰਿਹਾ ਹੈ। ਇਸ ਨੂੰ ਸਮੇਂ ਦੀਆਂ ਸਰਕਾਰਾਂ ਵਲੋਂ ਕੋਈ ਵਿਸ਼ੇਸ਼ ਰਹਿਨੁਮਾਈ ਜਾਂ ਰਾਖਵਾਂਕਰਨ ਨਹੀਂ ਮਿਲਿਆ। ਸਮਾਜ ਦੀ ਮੁੱਖ ਧਾਰਾ ਤੋਂ ਲਗਾਤਾਰ ਕਈ ਸਾਲ ਟੁੱਟੇ ਰਹਿਣਾ ਇਸ ਦਾ ਇਕ ਹੋਰ ਕਾਰਨ ਹੈ। ਬਾਜ਼ੀਗਰ ਕਬੀਲੇ ਦੇ ਲੋਕ ਹੁਣ ਆਪਣੇ ਕਬੀਲੇ ਦੀ ਪ੍ਰਗਤੀ ਅਤੇ ਵਿਕਾਸ ਲਈ ਸੰਗਠਿਤ ਹੋ ਕੇ ਕੰਮ ਕਰ ਰਹੇ ਹਨ। ਕਬੀਲੇ ਦੇ ਆਗੂ ਅਤੇ ਵੱਖ-ਵੱਖ ਅਹੁਦਿਆਂ ਤੇ ਕੰਮ ਕਰ ਰਹੇ ਕਰਮਚਾਰੀ ਹੁਣ ਕਬੀਲੇ ਦੇ ਮਸਲਿਆਂ ਅਤੇ ਸਮੱਸਿਆਵਾਂ ਸਬੰਧੀ ਆਪਣੇ ਕਬੀਲੇ ਦੇ ਲੋਕਾਂ ਨੂੰ ਜਾਗ੍ਰਿਤ ਕਰ ਰਹੇ ਹਨ। ਬਾਜ਼ੀਗਰ ਕਬੀਲੇ ਦੀ ਔਰਤ ਵੀ ਹੁਣ ਆਪਣੇ ਵੋਟ ਦੀ ਸ਼ਕਤੀ ਪ੍ਰਤੀ ਜਾਗਰੂਕ ਹੈ। ਬਾਜ਼ੀਗਰ ਕਬੀਲੇ ਦੀਆਂ ਬਹੁਤ ਸਾਰੀਆਂ ਔਰਤ ਐਮ. ਸੀ. ਕਾਊਂਸਲਰ ਅਤੇ ਪੰਚਾਂ ਸਰਪੰਚਾਂ ਵਜੋਂ ਆਪਣੇ ਕਬੀਲੇ ਦੀ ਪ੍ਰਤੀਨਿਧਤਾ ਕਰ ਰਹੀਆਂ ਹਨ। ਇਸ ਤਰ੍ਹਾਂ ਲੋਕਤੰਤਰੀ ਸਰਕਾਰਾਂ ਨੇ ਕਬੀਲੇ ਦੀਆਂ ਔਰਤਾਂ ਵਿੱਚ ਵਿਸ਼ਵਾਸ ਅਤੇ ਭਰੋਸਾ ਜਗਾਇਆ ਹੈ। ਇਸ ਭਰੋਸੇ ਅਤੇ ਵਿਸ਼ਵਾਸ ਸਦਕਾ ਬਾਜ਼ੀਗਰ ਕਬੀਲੇ ਦੀ ਔਰਤ ਦੀ ਸੱਤਾ ਵਿੱਚ ਦਿਲਚਸਪੀ ਵਧੀ ਹੈ। ਬਾਜ਼ੀਗਰ ਕਬੀਲੇ ਦੀ ਕਿਰਤੀ ਔਰਤ ਕਿਰਤ ਮੁੱਲ ਪ੍ਰਤੀ ਵੀ ਬਹੁਤ ਜ਼ਿਆਦਾ ਸੁਚੇਤ ਹੋਈ ਹੈ। ਉਹ ਕਾਫ਼ੀ ਹੱਦ ਤੱਕ ਆਪਣਾ ਸੋਸ਼ਣ ਰੋਕਣ ਵਿੱਚ ਸਫ਼ਲ ਹੋ ਗਈ ਹੈ। ਉਸ ਨੂੰ ਆਪਣੀ ਮਿਹਨਤ ਅਤੇ ਮਜ਼ਦੂਰੀ ਦਾ ਮੁੱਲ ਹੁਣ ਪਤਾ ਲੱਗਿਆ ਹੈ। ਬਾਜ਼ੀਗਰ ਕਬੀਲੇ ਦੇ ਪਿੰਡ, ਨਗਰ, ਬਲਾਕ, ਜ਼ਿਲ੍ਹਾ ਅਤੇ ਪੰਜਾਬ ਪੱਧਰ ਤੇ ਬਣੇ ਹੋਏ ਵੱਖ-ਵੱਖ ਸਮਾਜਿਕ ਅਤੇ ਰਾਜਨੀਤਕ ਸੰਗਠਨਾਂ ਨੇ ਬਾਜ਼ੀਗਰ ਕਬੀਲੇ ਦੇ ਲੋਕਾਂ ਨੂੰ ਆਪਸ ਵਿੱਚ ਜੋੜਕੇ ਇੱਕ ਦੂਜੇ ਦੇ ਕਰੀਬ ਲਿਆਂਦਾ ਹੈ ਜਿਸ ਦੇ ਸਿੱਟੇ ਵਜੋਂ ਸਮੂਹ ਬਾਜ਼ੀਗਰ ਕਬੀਲੇ ਵਿੱਚ ਆਪਸੀ ਸਾਂਝ ਅਤੇ ਸਮੂਹਿਕਤਾ ਦੀ ਭਾਵਨਾ ਵਧੀ ਹੈ। ਨਵੀਂ ਤਕਨਾਲੋਜੀ ਅਤੇ ਸੰਚਾਰ ਦੇ ਸਾਧਨਾਂ ਨੇ ਵੀ ਵੱਖ-ਵੱਖ ਇਲਾਕਿਆਂ ਵਿੱਚ ਵਸ ਰਹੇ ਬਾਜ਼ੀਗਰ ਕਬੀਲੇ ਨੂੰ ਸੰਗਠਿਤ ਕਰਨ ਵਿੱਚ ਆਪਣੀ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਮੌਜੂਦਾ ਦੌਰ ਵਿੱਚ ਭਾਵੇਂ ਕਿ ਬਾਜ਼ੀਗਰ ਲੋਕ ਆਪਣੇ ਹੱਕਾਂ ਅਤੇ ਅਧਿਕਾਰਾਂ ਪ੍ਰਤੀ ਸੁਚੇਤ ਹੋ ਗਏ ਹਨ ਪਰ ਵਿਸ਼ਵੀਕਰਨ ਦੇ ਤੇਜ਼ ਝੱਖੜ ਨੇ ਇਨ੍ਹਾਂ ਦਾ ਆਰਥਿਕ ਢਾਂਚਾ ਤਹਿਸ ਨਹਿਸ ਕਰ ਦਿੱਤਾ ਹੈ। ਇਸ ਤਰ੍ਹਾਂ ਨਿੱਜੀਕਰਨ, ਉਦਾਰੀਕਰਨ ਅਤੇ ਮੰਡੀ ਦੇ ਇਸ ਖੋਫ਼ਨਾਕ ਦੌਰ ਵਿੱਚ ਬਾਜ਼ੀਗਰ ਕਬੀਲਾ ਆਪਣੀ ਰੋਜੀ ਰੋਟੀ ਲਈ ਕਰੜਾ-ਸੰਘਰਸ਼ ਕਰ ਰਿਹਾ ਹੈ। ਰੋਟੀ ਰੋਜ਼ੀ ਦੇ ਇਸ ਸੰਘਰਸ਼ ਵਿੱਚ ਕਬੀਲੇ ਦੇ ਲੋਕਾਂ ਲਈ ਸਿਹਤ ਸਿੱਖਿਆ ਅਤੇ ਜੀਵਨ ਦੀਆਂ ਹੋਰ ਮੁਢਲੀਆਂ ਲੋੜਾਂ ਪਿੱਠ ਭੂਮੀ ਵਿਚ ਚਲੀਆਂ ਜਾਂਦੀਆਂ ਹਨ। ਫਿਰ ਵੀ ਸਦੀਆਂ ਤੋਂ ਆਪਣੀ ਹੋਂਦ ਅਤੇ ਹੋਣੀ ਲਈ ਜੂਝਦੇ ਆ ਰਹੇ ਬਾਜ਼ੀਗਰ ਲੋਕ ਜ਼ਿੰਦਗੀ ਦੀ ਲੜਾਈ ਜਿੱਤਣ ਲਈ ਯਤਨਸ਼ੀਲ ਹਨ।

ਬਾਜ਼ੀਗਰ ਕਬੀਲੇ ਦੇ ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਥੋੜ੍ਹੇ ਬਹੁਤੇ ਫ਼ਰਕ ਨਾਲ ਪ੍ਰਚਲਤ ਤੀਹ ਨਾਂ ਇਸ ਪ੍ਰਕਾਰ ਹਨ

1. ਬਣਜਾਰਾ, 2. ਬਨਜਾਰਾ, 3. ਬਨਜ਼ਾਡਾ, 4. ਬਣਜਾਰੇ, 5. ਬਣਜਾਰੀ, 6. ਵਣਜਾਰਾ, 7. ਵਣਜਾਰੀ, 8. ਸਿੰਗਾੜੇ ਵਣਜਾਰੀ, 9. ਬਲਦੀਆਂ, 10. ਲਦੇਨੀਆ, 11. ਚਰਨ, 12. ਲਵਾਣੀ, 13. ਲਬਾਣੀ, 14. ਲੰਬਾੜੀ, 15. ਲੰਬਾੜਾ, 16. ਲਬਾਣ, 17. ਲਬਾਣਾ, 18. ਲੋਬਾਣਾ, 19. ਲੁਬਾਣਾ, 20. ਸ਼ੁਗਾਲੀ, 21. ਕਾਂਗੀ, 22. ਫ਼ਨਡ਼ਾ, 23. ਕਾਂਗੇਸੀਆ, 24. ਸਿਰਕੀਬੰਦ, 25. ਗੌਰ, 26. ਗਵਾਰ, 27. ਗਵਾਰੀਆ, 28. ਗਮਲੀਆ, 29. ਗਵਾਰਾ, 30. ਨਟ ਬਣਜਾਰਾ।

ਬਾਜ਼ੀਗਰ ਕਬੀਲੇ ਦੇ ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਕਿੱਤੇ ਦੇ ਆਧਾਰੋਤੇ ਹੇਠ ਲਿਖੇ ਜੁੱਟ ਬਣੇ ਹੋਏ ਹਨ :

1. ਗੌਰ ਬਣਜਾਰਾ, 2. ਚਰਨ ਬਣਜਾਰਾ, 3. ਬਮਾਣੀਆ ਬਣਜਾਰਾ, 4. ਮਥਰਾ ਬਣਜਾਰਾ, 5. ਧਕੁੰਤਾ, 6. ਸਿੰਗਾੜਾ ਬਣਜਾਰੀ, 7. ਬਗੋਰਾ, 8. ਡਿਗੋਰਾ, 9., ਸਿੱਖ ਬਣਜਾਰਾ, 10. ਮਾਰੂ ਬਣਜਾਰਾ, 11. ਬ੍ਰਿਜਵਾਸੀ, 12. ਸਨਾਰ ਬਣਜਾਰਾ, 13. ਭੇਰਵਾ ਬਣਜਾਰਾ, 14. ਨਵੀ ਬਣਜਾਰਾ, 15. ਢਾਡੀ ਬਣਜਾਰਾ, 16. ਭਟ ਵਣਜਾਰਾ, 17. ਬੜੀ ਵਣਜਾਰਾ, 18. ਰੋਹੀਦਾਸ ਬਣਜਾਰਾ, 19. ਡਾਲੀਆ ਬਣਜਾਰਾ

ਭਾਰਤ ਸਰਕਾਰ ਦੇ 1976 ਦੇ (ਸੋਧੇ ਹੋਏ) ਸ਼ਡਿਊਲ ਕਾਸਟਸ ਅਤੇ ਸ਼ਡਿਊਲ ਟਰਾਈਬਜ਼ ਆਰਡਰ ਦੇ ਅਨੁਸਾਰ ਬਾਜ਼ੀਗਰ ਕਬੀਲਾ ਭਾਰਤ ਦੇ ਕਈ ਪ੍ਰਾਤਾਂ ਵਿੱਚ ਨਾਵਾਂ ਦੇ ਥੋੜ੍ਹੇ ਬਹੁਤੇ ਫ਼ਰਕ ਨਾਲ ਸ਼ਡਿਊਲਕਾਸਟ ਅਤੇ ਸ਼ਡਿਊਲ ਟਰਾਈਬ ਦਾ ਦਰਜਾ ਪ੍ਰਾਪਤ ਹੈ। ਇਸ ਦੀ ਪ੍ਰਾਪਤ ਸਾਰਣੀ ਇਸ ਪ੍ਰਕਾਰ ਹੈ :

	ਰਾਜ	**ਬਾਜ਼ੀਗਰ ਕਬੀਲੇ ਦੇ ਖੇਤਰੀ ਨਾਂ**	**ਪ੍ਰਾਪਤ ਦਰਜਾ**
1.	ਆਂਧਰਾ	29. ਸ਼ੁਗਾਲੀ, ਲੰਬਾੜੀ	ਐਸ.ਟੀ.
2.	ਬਿਹਾਰ	2. ਬਨਜਾਰਾ	ਐਸ. ਟੀ
		19. ਨਟ	ਐਸ. ਸੀ.
		23. ਤੁਰੀ	ਐਸ. ਸੀ.
3.	ਗੁਜਰਾਤ	5. ਚਰਨ	ਐਸ. ਟੀ.
		29. ਤੁਰੀ	ਐਸ. ਸੀ.
4.	ਹਰਿਆਣਾ	7. ਬਾਜ਼ੀਗਰ	
		25. ਨਟ	ਐਸ. ਸੀ.
		37. ਸਿਰਕੀਬੰਦ	

5.	ਹਿਮਾਚਲ ਪ੍ਰਦੇਸ਼	6. ਬਨਜਾਰਾ	ਐਸ. ਸੀ.
		12. ਬਾਜ਼ੀਗਰ	
		40. ਨਟ	
		54. ਸਿਰਕੀਬੰਦ	
6.	ਕਰਨਾਟਕ	17. ਬਣਜਾਰਾ, ਲੰਬਾਨੀ	ਐਸ. ਸੀ.
7.	ਕੇਰਲਾ	19. ਗਵਾਰਾ	ਐਸ. ਸੀ.
8.	ਮੱਧ ਪ੍ਰਦੇਸ਼	41 ਨਟ	ਐਸ. ਸੀ.
9.	ਮਹਾਂਰਾਸ਼ਟਰ	59 ਤੁਰੀ	ਐਸ. ਸੀ.
10.	ਉੜੀਸਾ	51. ਲੁਬਾਣਾ	ਐਸ. ਟੀ.
		6. ਬਾਜ਼ੀਕਰ	ਐਸ. ਟੀ.
		91. ਤੁਰੀ	ਐਸ. ਟੀ.
		3 ਬਨਜਾਰ, ਬਨਜਾਰੀ	ਐਸ. ਸੀ.
11.	ਪੰਜਾਬ	7 ਬਾਜ਼ੀਗਰ	
		25 ਨਟ	ਐਸ. ਸੀ.
		37 ਸਿਰਕੀਬੰਦ	
12.	ਰਾਜਸਥਾਨ	28 ਗਵਾਰੀਆ	
		3 ਬਾਡੀ	
		4 ਬਾਜ਼ੀਗਰ	
		48. ਨਟ	ਐਸ. ਸੀ.
		59 ਤੁਰੀ	
		5 ਗਰੇਸ਼ੀਆ	ਐਸ. ਟੀ.
13.	ਤ੍ਰਿਪੁਰਾ	10 ਗੌਰ	ਐਸ. ਟੀ.
14.	ਉਤਰ ਪ੍ਰਦੇਸ਼	3 ਬਾਡੀ	
		8 ਬਾਜਗੀ	ਐਸ. ਟੀ.
		56 ਨਟ	
15.	ਪੱਛਮੀ ਬੰਗਾਲ	47 ਨਟ	ਐਸ. ਸੀ.
		59 ਤੁਰੀ	
16.	ਦਿੱਲੀ	ਬੰਜ਼ਾਰਾ, ਲੁਬਾਨਾ	ਐਸ. ਸੀ.[1*]
		ਸਿਰਕੀ ਬੰਦ	

ਹਵਾਲੇ

1. ਸ੍ਰੀ ਵਾਈ. ਰੂਪਲਾਨਾਇਕ, ਕਲਰਫੁਲ ਬੰਜ਼ਾਰਾ (ਲੰਮਾਨੀ), ਟਰਾਈਬ ਥਰੂ ਦਾ ਏਜਜ਼, ਐਸ.ਬੀ.ਸੀ, ਪਬਲੀਕੇਸ਼ਨਜ਼ ਬੰਗਲੌਰ, 1998, ਪੰਨੇ 95, 96.

ਬਾਜ਼ੀਗਰ ਕਬੀਲੇ ਨੂੰ ਵਿਮੁਕਤ ਜਾਤੀ ਦਾ ਦਰਜਾ ਦੇਣ ਸਬੰਧੀ ਡਿਪਟੀ ਡਾਇਰੈਕਟਰ (ਕਬੀਲਿਆਂ ਦੇ ਮਾਮਲਿਆਂ ਸਬੰਧੀ ਮੰਤਰਾਲੇ) ਦਾ ਇੱਕ ਪੱਤਰ।

The Deputy Director,
Government of India,
Ministry of Tribal Affairs.
Shastri Bhawan, New Delhi.
Dated-2/5/10
Chandigarh,
Subject:-

Revision of list of Scheduled Tribes of Punjab furnishing of comments.

Sir, I am directed to refer to your letter No. 12016/20/200 i-TA(RL) dated 28.2.2001 on the subject noted above and to inform you that there are following Vimukat Jatics in the state of Punjab: -

1. Bhangali
2. Brara
3. Bauria
4. Nat
5. Ghandhila
6. Bazigar
7. The Caste Sansi (also includes the following Sub-Castes)
    1. Kuchband
    2. Bhcdkut
    3. Manesh
    4. Gadria
    5. Bachhbans

6. Kopet
7. Aheria
8. Tcttlu
9. Bherta
10. Arhar
11. Bhattu
12. Chattu
13. Bhaltu
14. Habura
15. Kikan
16. Harrar
17. Khola
18. Behlowala
19. Biddu
20. Langeh
21. Singiwala
22. Kanjar
23. Mishkari
24. Bhaginaur
25. Kingicut
26. Dhe
27. Kalkinar
28. Chaddiar Chadi
29. Birtwal
30. Biharia
31. Pakhwara
32. Haddon
33. Haria

2. It is mentioned that An Enthnographic Study of castes namely Gujjar, Bhangali, Brara, Bauria, Nat, Ghandhila, Dhanak, Mirasi, Naik, Aheria. Nayak, Bazigar, Banjua, Gadhira/Pak Sansi (including 33 Sub Castes) was entrusted to the Punjabi University, Patiaia by the Stale Government. In the report submitted by the

Punjabi University, Patiaia (Two copies of the Report enclosed herewith), it has been mentioned that the castes Nayak, Aheria and Naik are not different and are actually only one caste known as Naik. (Reference page No. 10 of the Study). Thus there are only 7 Vimukat Jaties in the Stale of Punjab.

3. The Punjabi University, Patiaia has concluded that Dhanak, Gadaria, Naik and Mirasi communities do not meet the criteria of the tribe. (Preference page No. 57 of the Study Report). However it has been concluded that Bauria, Bazigar/Banjara, Bangalia, Barad, Ghandhila, Nat and Sansi (the former criminal and now Denotified Tribes; and the Gujjar castes qualify the criteria for being called as Tribes.

4. As recommended by the Punjabi University Patiaia, the Stale Government reviewed the history of Gujjars and found the people belonging to the Gujjar community do not reside permanently in the Slate of Punjab but they come from Himachal Pradesh in the winter season for grazing their animals and go back to the hills in summer season. As such this community cannot be called a tribe.

5. H is also brought to your notice that in the list of "Scheduled Casle of Punjab the Constitution (Scheduled Castes) order, 1950 and (Amendment) Act 1976.

(Amcndmenl) Act. 2002 and (Second Amendment) Act, 2002 Part IV-Punjab (List of Scheduled Castes, the following Castes are also included in the list of Scheduled Castes as well as in the list of Vimukat Jaties:-


Sr. No.	Name of the Caste
2.	Bangali
3.	Barar
5.	Bauria
6.	Bazigar
18.	Gandhila
25.	Nat
32.	Sansi, Bhedkut, Manesh

It is further worth mentioning that the Punjab Gadria Samaj Welfare Association (Rcgd), Patiala has also represented Ihe Slate Government that the list of Scheduled Castes the castes of Sansi, Bhedkut, Manesh arc included at Sr. No.3 but since 3 1 sub Castes of Sansi are not included in the list the Scheduled Castes, therefore 31 sub castes of Sansi cannot get the benefits admissible to the Scheduled Castes. The Hon'ble Chief Minister, Punjab has^vritlcn a D.O. letter to the hon'ble Prime Minister India bearing No.C/60/ 2009-RC5/1686 dated 4J2.2009 (copy enclosed) with I cqucst to include these remaining 31 Sub Castes of Sansi community in the list of Scheduled Castes. Tins .mailer is under active consideration of the Government of India, Ministry of Social Justice and Empowerment, New Delhi (Reference letter No. 12016/25/ 2001-SCD (RL) Cell-Punjab dated 23.2.2010 of the Govemment of India - copy enclosed).

In view of the above, the State Government recommends that as the Bauria, Bazigar, Banjara, Bangala, Brara, Ghandhila, Nat and Sansi (including 33 sub castes named as: Kuchband, Bhedkut, Manesh, Gadria, Baehhbans, Kopct, Ahcria, Tettlu, Bheria, Arhar, Bhantu, Chattu, Bhattu, Habura, krikan, Harrar, Khola, Behlowala, Biddu, Langeh, Singiwala, Kanjar, Mishkari, Bhaginarmaur, Kingieul, Dhc, Kalkinar, Chaddi or Chadi, Birlwal, Biharia, Pakhwara, Haddon, Haria) fulfill the Criteria of Scheduled Tribes in the State of Punjab, these may be declared as Scheduled Tribes in State of Punjab.

ਬਾਬਾ ਮੰਗਲ ਦਾਸ ਜੀ ਦੀ ਜੱਥੇਦਾਰੀ ਨਾਲ ਸੰਬੰਧਿਤ ਵਿਸ਼ਵਾਸ ਪੱਤਰ

ਨੋਟ : ਇਹ ਵਿਸ਼ਵਾਸ਼ ਪੱਤਰ ਰਾਵੀ ਕਬੀਲੇ ਦੇ ਬਾਬਾ ਮੰਗਲ ਦਾਸ ਦੀ ਬਹਾਦਰੀ ਦਾ ਪ੍ਰਮਾਣ ਹੈ। ਇਹ ਪੱਤਰ ਭਾਰਤ-ਪਾਕਿਸਤਾਨ ਦੀ ਵੰਡ ਸਮੇ ਬਾਬਾ ਮੰਗਲ ਦਾਸ ਦੀ ਬਹਾਦਰੀ ਤੇ ਵੀਰਤਾ ਦਾ ਪ੍ਰਤੀਕ ਹੈ। ਬਾਬਾ ਮੰਗਲ ਦਾਸ ਆਪਣੇ ਪੰਜ ਸਾਥੀਆਂ ਨਾਲ ਬਾਜ਼ੀਗਰ ਕਬੀਲੇ ਦੇ ਲੋਕਾਂ ਨੂੰ ਪਾਕਿਸਤਾਨ ਵਿਚੋਂ ਭਾਰਤ ਵਿਚ ਸੁਰੱਖਿਅਤ ਕੱਢ ਕੇ ਲਿਆਏ ਸਨ। ਇਸ ਸਮੇਂ ਦੌਰਾਨ ਭਾਵੇਂ ਉਨ੍ਹਾਂ ਨੂੰ ਔਖੀਆ ਪ੍ਰਸਥਿਤੀਆਂ ਦਾ ਸਾਹਮਣਾ ਕਰਨਾ ਪਿਆ ਫਿਰ ਵੀ ਉਨ੍ਹਾਂ ਨੇ ਇਹ ਜ਼ਿੰਮੇਵਾਰੀ ਦਲੇਰੀ ਨਾਲ ਨਿਭਾਈ। ਉਨ੍ਹਾਂ ਨੂੰ ਇਹ ਜੁੰਮੇਵਾਰੀ ਉਸ ਵੇਲੇ ਦੀ ਸਰਕਾਰ ਨੇ ਦਿੱਤੀ ਸੀ।



No. L & L/MEO/G
HQ MIL EVAC ORG (MINDIA)
AMRITSAR : 17 March, 48

To

The Comdt. M. Eo (I) TAC HQ LAHORE

Sub : EVACUATION OF APPROX 3000 BAZIGAR FROM LYALLPUR
IN CONTINUATION OF THISXMEX HQ NO. L & L/MEO/G
No. 16 March, 48.

The following six gim bazigars are being sent as guides for the evacuation of three thousand bazigars from the three tehsils of Lyallpur District.

1. Lal Chand
2. Mangal Dass
3. Khushal Ram
4. Waryam Singh
5. Mangal Singh
6. Hari Singh

Guide for Toba Tek Singh
SAMUNDRI
Jaranwala

Sd/- Captain,
For Comdt. MEO(I) AMSR

Compared & found Correct

(ਬਾਬਾ ਮੰਗਲ ਦਾਸ ਦਾ ਯਾਦ ਚਿੰਨ੍ਹ)

ਭਾਰਤੀ ਸਾਹਿਤ ਅਕੈਡਮੀ ਵੱਲੋਂ ਗੌਰ ਭਾਸ਼ਾ ਨੂੰ ਮਾਨਤਾ ਦੇਣ ਸਬੰਧੀ ਪਾਸ ਕੀਤੇ ਮਤੇ ਦੀ ਕਾਪੀ

SAHITYA AKADEMI

AND

CENTRE FOR THE STUDY OF SOCIAL AND EXCLUSION AND INCLUSIVE POLICY (CSSEIP) NATOINAL LAW SCHOOL OF INDIA UNIVERSITY (NLSIU), BENGALURU.

BANJARA LANGUAGE CONVENTION

ON 3RD & 4TH MARCH ,2012.

The following Resolutions have been passed in the Conference:

1) LANGUAGE : BANJARA BHASHA.
2) SCRIPT : NAGARI LIPI
3) INCLUSION OF BANJARA LANGUAGE IN THE 8th SHEDULED OF THE CONSTITUTION OF INDIA
4) ESTABLISHMENT OF NATIONAL BANJARA CULTURE & LITETARARY AKADEMI
5) TO RECOGNISE SCHOLARS AND WRITERS OF BANJARA LANGUAGE BY THE SAHITYA AKADEMI

The above Resolutions have been passed in presence of Eminent Writer and General Council Member of the Sahitya Akademi, Shri. Lakshman Gaikwad .

(Motiraj Rathod) (B.T.LalithaNaik) (R.Ramesh Arya Badtiya)

(Harilal pawar) (ShanthaNaik) (Suraj Prakash Badtiya)

(A.R.GovindaSwamy) (Govardhan Banjara)

(Lakshman Gaikwad

ਪੁਸਤਕ ਸੂਚੀ

ਪੰਜਾਬੀ

1. ਇੰਦਰ ਸਿੰਘ ਵਲਜੋਤ, ਗੁਆਰ ਰਾਜਪੂਤਾਂ ਬਾਜ਼ੀਗਰਾਂ ਦਾ ਇਤਿਹਾਸ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2009
2. ਸੁਰਿੰਦਰ ਸਿੰਘ ਰਾਜਪੂਤ, ਕੀ ਭਾਟਰੇ ਬ੍ਰਾਹਮਣ ਹਨ ਜਾਂ ਰਾਜਪੂਤ, ਸੰਗਮ ਪਬਲੀਕੇਸ਼ਨਜ਼, ਸਮਾਣਾ, 2009
3. ਸੁਰਿੰਦਰ ਸਿੰਘ ਰਾਜਪੂਤ, ਪੰਜਾਬ ਦੇ ਜੱਟ ਅਤੇ ਰਾਜਪੂਤ ਕਬੀਲੇ, ਲਿਟਰੇਚਰ ਹਾਊਸ, ਅੰਮ੍ਰਿਤਸਰ, 2006
4. ਸੁਖਦੇਵ ਸਿੰਘ ਸੇਖੋਂ, ਗੁਜਰ ਕਬੀਲੇ ਦਾ ਲੋਕ ਸਾਹਿਤ, ਵਾਰਿਸ਼ ਸ਼ਾਹ ਫਾਊਡੇਸ਼ਨ, ਅੰਮ੍ਰਿਤਸਰ, 2003
5. ਕਰਨੈਲ ਸਿੰਘ ਥਿੰਦ, ਪੰਜਾਬ ਦਾ ਲੋਕ ਵਿਰਸਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996
6. ਕਰਨੈਲ ਸਿੰਘ ਥਿੰਦ, ਪੰਜਾਬ ਦਾ ਲੋਕ ਵਿਰਸਾ, ਭਾਗ ਦੂਜਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007
7. ਕਿਰਪਾਲ ਕਜ਼ਾਕ, ਗਾਡੀ ਲੁਹਾਰ ਕਬੀਲੇ ਦਾ ਸੱਭਿਆਚਾਰ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005
8. ਕਿਰਪਾਲ ਕਜ਼ਾਕ, ਸਿਕਲੀਗਰ ਕਬੀਲੇ ਦਾ ਸੱਭਿਆਚਾਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990
9. ਜਸਵਿੰਦਰ ਸਿੰਘ (ਡਾ.), ਪੰਜਾਬੀ ਸਭਿਆਚਾਰ ਪਛਾਣ ਚਿੰਨ੍ਹ, ਗਰੇਸ਼ੀਅਸ ਬੁੱਕਸ, ਪਟਿਆਲਾ, 2012
10. ਜਸਵਿੰਦਰ ਸ਼ਰਮਾ, ਬਾਜ਼ੀਗਰ ਕਬੀਲਾ ਅਤੇ ਪੰਜਾਬੀ ਲੋਕਧਾਰਾ, ਮਾਤਾ ਭਗਵੰਤੀ ਸਾਹਿਤ ਸੇਵਾ ਸਮਿਤੀ, ਮਲੇਰਕੋਟਲਾ, 2010
11. ਜੀਤ ਸਿੰਘ ਜੋਸ਼ੀ (ਡਾ.), ਲੋਕ ਕਲਾ ਅਤੇ ਸੱਭਿਆਚਾਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010
12. ਜੀ.ਐਸ. ਗੁਰੀਏ, ਭਾਰਤ ਵਿਚ ਜਾਤੀ ਅਤੇ ਨਸਲ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003
13. ਦਰਿਆ, ਪੰਜਾਬ ਦੇ ਸਾਂਸੀ ਕਬੀਲੇ ਦਾ ਸੱਭਿਆਚਾਰ, ਲੋਕ ਸਾਹਿਤ ਪ੍ਰਕਾਸ਼ਨ, ਅਮ੍ਰਿਤਸਰ, 1997

14. ਨਾਹਰ ਸਿੰਘ (ਡਾ.), ਲੋਕ ਕਾਵਿ ਦੀ ਸਿਰਜਣ ਪ੍ਰਕਿਰਿਆ, ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ, 2006
15. ਪਿਆਰਾ ਸਿੰਘ ਪਦਮ, ਗੁਰੂ ਦੀਆਂ ਸਾਖੀਆਂ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ 1995
16. ਭਾਈ ਕਾਨ ਸਿੰਘ ਨਾਭਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ 2006
17. ਭੁਪਿੰਦਰ ਸਿੰਘ ਖਹਿਰਾ, ਲੋਕਧਾਰਾ ਭਾਸ਼ਾ ਅਤੇ ਸਭਿਆਚਾਰ, ਪੈਪਸੂ ਬੁੱਕ ਡਿਪੂ, ਪਟਿਆਲਾ 2004
18. ਭੁਪਿੰਦਰ ਕੌਰ, ਬੀਤ ਦੇ ਗੁਜਰਾਂ ਦਾ ਸੱਭਿਆਚਾਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010
19. ਮੋਹਨ ਤਿਆਗੀ (ਡਾ.) (ਸੰਪਾ.), ਲੋਕਵਾਣੀ (ਲੋਕਧਾਰਾ ਤ੍ਰੈਮਾਸਿਕ ਜੂਨ - 2011), ਜੰਮੂ
20. ਰਜਿੰਦਰਪਾਲ ਸਿੰਘ (ਡਾ.) (ਸੰਪਾ.), ਲੋਕਧਾਰਾ ਅਤੇ ਆਧੁਨਿਕਤਾ : ਰੂਪਾਂਤਰਣ ਅਤੇ ਪੁਨਰ ਮੁਲਾਂਕਣ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011
21. ਸ਼ੇਰਚੰਦ (ਡਾ.), ਢੋਲੇ ਵੱਲੂ ਰਾਮ ਬਾਜ਼ੀਗਰ ਦੇ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ 2009।

ਹਿੰਦੀ

1. ਇੰਦਰ ਰਾਜ ਬਰਤੀਆ, ਗੁਰੂਓਂ ਕੀ ਸਾਖੀਆਂ ਏਂਵ ਗੌਰ-ਗਵਾਰ ਬੰਜਾਰੇ, ਓਬਰਾਏ ਪੈਕਰਜ਼ ਵਾ ਪ੍ਰਿੰਟਰਜ਼, ਅੰਬਾਰਾ ਸ਼ਹਿਰ, 2000
2. ਜਸਪਾਲ ਸਿੰਘ ਬਰੇਟਾ, ਵਿਮੁਕਤ ਜਾਤੀ ਲੋਕ, ਸਸਤਾ ਪ੍ਰਿੰਟਿੰਗ ਪ੍ਰੈੱਸ, ਬਠਿੰਡਾ, 2008
3. ਮੋਤੀ ਰਾਜ ਰਠੌਰ, ਗੋਰ ਬੰਜਾਰਾ ਜਨਜਾਤੀ ਕਾ ਇਤਿਹਾਸ, ਵਿੱਦਿਆ ਪ੍ਰਕਾਸ਼ਨ ਕਾਨਪੁਰ, 2003
4. ਉਹੀ , ਬੰਜਾਰਾ (ਸੰਦਰਭ ਕੋਸ਼) ਰਾਸ਼ਟਰੀ ਬੰਜਾਰਾ ਪਰਿਸ਼ਦ, ਪੂਨੇ, 2012

ਅੰਗਰੇਜ਼ੀ

1. ਡਬਲਿਓ.ਆਰ.ਰਿਸ਼ੀ, ਰੋਮਾਨੀ ਪੰਜਾਬੀ ਇੰਗਲਿਸ਼ ਡਿਕਸ਼ਨਰੀ, ਭਾਸ਼ਾ ਵਿਭਾਗ, ਪੰਜਾਬ, 1981
2. ਪੰਜਾਬ ਕਾਸਟਸ, ਸਰ ਡੈਂਜ਼ਲ ਚਾਰਲਸ ਇਬਟਸਨ, ਭਾਸ਼ਾ ਵਿਭਾਗ, ਪੰਜਾਬ 1995

3. ਬੀਰਇੰਦਰ ਪਾਲ ਸਿੰਘ (ਸੰਪਾਦਕ) ਕਰਿਮੀਨਲ ਟਰਾਈਬਜ਼ ਆਫ਼ ਪੰਜਾਬ, ਰੋਟਲਜ਼ ਪ੍ਰਕਾਸ਼ਨ, ਲੰਡਨ ਨਿਊਯਾਰਕ ਨਵੀਂ ਦਿੱਲੀ, 2010
4. ਬੀਰਇੰਦਰ ਪਾਲ ਸਿੰਘ, ਬਾਜ਼ੀਗਰ ਬੰਜਾਰਾ (ਖੋਜ ਪੇਪਰ), ਡੀ.ਐਸ.ਐਸ.ਏ, ਪੰਜਾਬੀ ਯੂਨੀਵਰਸਿਟੀ, ਪਟਿਆਲਾ
5. ਵਾਈ. ਰੂਪਲਾਨਾਇਕ, ਕਲਰਫੁਲ ਬੰਜ਼ਾਰਾ (ਲੰਮਾਨੀ) ਟਰਾਈਬ ਥਰੂ ਦਾ ਏਜਜ਼, ਐਸ.ਬੀ.ਸੀ, ਪਬਲੀਕੇਸ਼ਨਜ਼ ਬੰਗਲੋਰ, 1998.

ਸ੍ਰੀ ਰਾਜੀਵ ਗਾਂਧੀ—ਸੰਤ ਹਰਚੰਦ ਸਿੰਘ ਲੌਂਗੋਵਾਲ ਸਮਝੌਤੇ ਦੇ ਅੰਤਰਗਤ ਸਥਾਪਿਤ ਵਿਸ਼ੇਸ਼ ਪੰਜਾਬੀ ਸੈੱਲ 'ਚ ਪ੍ਰਕਾਸ਼ਿਤ ਮੂਲ ਪੰਜਾਬੀ ਪੁਸਤਕਾਂ

1. ਭਗਤਾਂ ਦੀ ਬਾਣੀ : ਡਾ. ਧਰਮਪਾਲ ਸਿੰਗਲ (ਸੰਪਾਦਕ)
2. ਪੰਦਰ੍ਹਵੀਂ ਸਦੀ ਤਕ ਦਾ ਚੋਣਵਾਂ ਪੰਜਾਬੀ ਸਾਹਿਤ : ਡਾ. ਮਹਿੰਦਰ ਕੌਰ ਗਿੱਲ (ਸੰਪਾਦਕ)
3. ਸੋਲ੍ਹਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ : ਡਾ. ਧਰਮਪਾਲ ਸਿੰਗਲ (ਸੰਪਾਦਕ)
4. ਸਤਾਰ੍ਹਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ : ਡਾ. ਦਰਸ਼ਨ ਸਿੰਘ (ਸੰਪਾਦਕ)
5. ਅਠਾਰ੍ਹਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ : ਡਾ. ਅਮਰਜੀਤ ਸਿੰਘ ਕਾਂਗ (ਸੰਪਾਦਕ)
6. ਉਨ੍ਹੀਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ : ਡਾ. ਹਰਿਭਜਨ ਸਿੰਘ (ਸੰਪਾਦਕ)
7. ਦਸਮ ਗ੍ਰੰਥ ਦੀ ਚੋਣਵੀਂ ਬਾਣੀ : ਡਾ. ਸੇਵਾ ਸਿੰਘ (ਸੰਪਾਦਕ)
8. ਸ਼ਹੀਦ-ਏ-ਆਜ਼ਮ ਭਗਤ ਸਿੰਘ ਕਾਵਿ : ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ 'ਬੱਦਨ' (ਸੰਪਾਦਕ)
9. ਮਹਾਤਮਾ ਗਾਂਧੀ ਅਤੇ ਜਵਾਹਰ ਲਾਲ ਨਹਿਰੂ ਕਾਵਿ ਸ਼ਰਧਾਂਜਲੀ : ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ 'ਬੱਦਨ' (ਸੰਪਾਦਕ)
10. ਚੋਣਵਾਂ ਪੰਜਾਬੀ ਸੂਫ਼ੀ ਕਲਾਮ : ਧਰਮਪਾਲ ਸਿੰਗਲ, ਬਲਦੇਵ ਸਿੰਘ 'ਬੱਦਨ' (ਸੰਪਾਦਕ)
11. ਪੰਜਾਬ ਦੇ ਸੰਤ ਕਵੀ : ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ 'ਬੱਦਨ'
12. ਪੰਜਾਬੀ ਨਾਰੀ ਕਾਵਿ : ਡਾ. ਵਨੀਤਾ (ਸੰਪਾਦਕ)
13. ਬੁੱਲ੍ਹੇ ਸ਼ਾਹ ਜੀਵਨ ਤੇ ਰਚਨਾ : ਡਾ. ਹਰਜਿੰਦਰ ਸਿੰਘ ਢਿੱਲੋਂ (ਸੰਪਾਦਕ)
14. ਪੰਜਾਬ ਦੀਆਂ ਫ਼ਸਲਾਂ : ਡਾ. ਰਣਜੀਤ ਸਿੰਘ
15. ਵਿੱਸਰਿਆ ਵਿਰਸਾ : ਡਾ. ਨਰੇਸ਼
16. ਬੇੜੀਆਂ ਦਾ ਪੁਲ਼ (ਗ਼ਜ਼ਲ ਸੰਗ੍ਰਹਿ) : ਸੁਲੱਖਣ ਸਰਹੱਦੀ
17. ਸ਼ਾਹ ਹੁਸੈਨ ਜੀਵਨ ਤੇ ਰਚਨਾ : ਡਾ. ਨਰੇਸ਼ (ਸੰਪਾਦਕ)
18. ਮੱਧਕਾਲੀ ਪਾਠ ਵਰਤਮਾਨ ਪਰਿਪੇਖ : ਡਾ. ਜਗਬੀਰ ਸਿੰਘ
19. ਕਿਉਂ ਛੂਟਹਿ ਬਿਨੁ ਪਿਆਰ (ਕਵਿਤਾ ਸੰਗ੍ਰਹਿ) : ਕਰਤਾਰ ਸਿੰਘ ਦੁੱਗਲ
20. ਪੰਜਾਬ ਦੇ ਚੋਣਵੇਂ ਖਿਡਾਰੀ : ਪ੍ਰਿੰਸੀਪਲ ਸਰਵਣ ਸਿੰਘ
21. 'ਬੰਦੀ ਬੋਲ' (ਸੁਤੰਤਰਤਾ ਅੰਦੋਲਨ ਦੌਰਾਨ ਅੰਗਰੇਜ਼ ਸਰਕਾਰ ਦੁਆਰਾ ਜ਼ਬਤ ਪੰਜਾਬੀ ਕਵਿਤਾ) : ਡਾ. ਗੁਰਦੇਵ ਸਿੰਘ ਸਿੱਧੂ (ਸੰਪਾਦਕ)

22. ਸੋਹਲੇ ਸ਼ਹੀਦ ਭਗਤ ਸਿੰਘ (ਢਾਡੀ ਵਾਰਾਂ ਤੇ ਕਵੀਸ਼ਰੀ ਪ੍ਰਸੰਗ) : ਡਾ. ਗੁਰਦੇਵ ਸਿੰਘ ਸਿੱਧੂ (ਸੰਪਾਦਕ)
23. ਪੰਜਾਬੀ ਹਾਸ-ਵਿਲਾਸ : ਡਾ. ਜਸਵੰਤ ਸਿੰਘ ਨੇਕੀ
24. ਪੰਜਾਬੀ ਸਭਿਆਚਾਰ : ਮੂਲ ਪਛਾਣ : ਡਾ. ਜਗੀਰ ਸਿੰਘ ਨੂਰ
25. ਮਲਕਜ਼ਾਦਾ ਵਾ ਸ਼ਾਹਪਰੀ : ਡਾ. ਗ਼ੁਲਜ਼ਾਰ ਸਿੰਘ ਕੰਗ (ਸੰਪਾਦਕ)
26. ਤੂੰ ਸਤਵੰਤੀ ਤੂੰ ਪਰਧਾਨਿ : ਡਾ. ਮਹਿੰਦਰ ਕੌਰ ਗਿੱਲ
27. ਵਿਅੰਗ ਸਿਰਜਣਾ (ਸਿਰਜਣਾਤਮਕ ਲੇਖ) : ਕੇ. ਐਲ. ਗਰਗ (ਸੰਪਾਦਕ)
28. ਸਭਿਆਚਾਰ ਵਿਗਿਆਨ ਅਤੇ ਪੰਜਾਬੀ ਸਭਿਆਚਾਰ : ਗੁਰਚਰਨ ਸਿੰਘ ਅਰਸ਼ੀ
29. ਪਿੰਡਾਂ ਦਾ ਬਦਲ ਰਿਹਾ ਸਭਿਆਚਾਰਕ ਮੁਹਾਂਦਰਾ : ਸੁਲੱਖਣ ਸਰਹੱਦੀ
30. ਦਸ ਪਾਤਸ਼ਾਹੀਆਂ, ਗੁਰੂ ਗ੍ਰੰਥ ਅਤੇ ਪੰਥ : ਡਾ. ਗੁਰਚਰਨ ਸਿੰਘ ਔਲਖ
31. ਪੰਜਾਬੀ ਸਭਿਆਚਾਰ ਦੇ ਮਾਨਵੀ ਸਰੋਕਾਰ : ਡਾ. ਸਤੀਸ਼ ਕੁਮਾਰ ਵਰਮਾ
32. ਪਿਆਰਾ ਸਿੰਘ ਦਾਤਾ ਦਾ ਚੋਣਵਾਂ ਹਾਸ-ਵਿਅੰਗ : ਕੇ. ਐਲ. ਗਰਗ (ਸੰਪਾਦਕ)
33. ਸੁਲਤਾਨ ਬਾਹੂ ਦੀ ਪੰਜਾਬੀ ਕਵਿਤਾ : ਡਾ. ਨਰੇਸ਼
34. ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਮਾਨਵ ਏਕਤਾ : ਡਾ. ਮਹਿੰਦਰ ਕੌਰ ਗਿੱਲ
35. ਸ਼ਖ਼ਸੀਅਤਾਂ : ਡਾ. ਨਰੇਸ਼
36. ਪੰਜਾਬੀ ਨਾਟ-ਮੰਚ ਦਾ ਨਿਕਾਸ ਤੇ ਵਿਕਾਸ : ਡਾ. ਸਤੀਸ਼ ਕੁਮਾਰ ਵਰਮਾ
37. ਸ਼ਹੀਦੀਨਾਮਾ (ਸਿਹਰਫ਼ੀ – ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ-ਏ-ਆਜ਼ਮ ਭਗਤ ਸਿੰਘ, ਸ਼ਹੀਦ ਊਧਮ ਸਿੰਘ) : ਰਤਨ ਸਿੰਘ
38. ਸ਼ਹੀਦੀ ਵਾਰਾਂ : ਡਾ. ਗੁਰਚਰਨ ਸਿੰਘ ਔਲਖ
39. ਗੁਰੂ ਅਮਰਦਾਸ : ਜੀਵਨ ਤੇ ਬਾਣੀ—ਡਾ. ਹਰਬੰਸ ਸਿੰਘ ਧੀਮਾਨ
40. ਵਿਸਰ ਰਿਹਾ ਪੰਜਾਬੀ ਵਿਰਸਾ—ਸੁਲੱਖਣ ਸਰਹੱਦੀ
41. ਗੁਰੂ ਰਾਮਦਾਸ : ਜੀਵਨ ਤੇ ਬਾਣੀ—ਡਾ. ਕੁਲਦੀਪ ਸਿੰਘ ਧੀਰ
42. ਮਾਏ ਨੀ ਮਾਏ—ਪ੍ਰੋ. ਇੰਦੇ
43. ਬਾਜ਼ੀਗਰ ਕਬੀਲੇ ਦਾ ਸਭਿਆਚਾਰ—ਡਾ. ਮੋਹਨ ਤਿਆਗੀ

Computer Typesetting : Jantak Press, Chandni Chowk, Delhi-6
Printed at : Compudata Services, New Delhi - 110020



ਵਿਸ਼ਵ ਭਰ ਵਿੱਚ ਪਿਛਲੇ ਕੁਝ ਸਮੇਂ ਤੋਂ 'ਟਰਾਈਬਲ ਸਟੱਡੀਜ਼' ਦਾ ਰੁਝਾਨ ਜ਼ੋਰ ਫੜਦਾ ਜਾ ਰਿਹਾ ਹੈ। ਵਿਦਵਾਨ ਚਿੰਤਕਾਂ ਅਤੇ ਖੋਜੀਆਂ ਨੇ ਆਪਣੀ ਆਪਣੀ ਸਮਝ ਅਨੁਸਾਰ ਆਦਿਵਾਸੀ ਕਬੀਲਿਆਂ ਅਤੇ ਰਮਤੇ ਕਬੀਲਿਆਂ ਦਾ ਅਧਿਐਨ ਸਮਾਜ ਵਿਗਿਆਨ, ਮਾਨਵ ਵਿਗਿਆਨ ਅਤੇ ਮਨੋਵਿਗਿਆਨ ਅਤੇ ਭਾਸ਼ਾ ਵਿਗਿਆਨਕ ਪ੍ਰਣਾਲੀਆਂ ਰਾਹੀਂ ਕਰਨ ਦਾ ਸਾਰਥਕ ਯਤਨ ਕੀਤਾ ਹੈ। ਕਬੀਲਿਆਂ ਦੇ ਜੀਵਨ ਦਰਸ਼ਨ ਅਤੇ ਕਾਰ ਵਿਹਾਰ ਨੂੰ ਸਮਝਣ ਲਈ ਇਹ ਪ੍ਰਣਾਲੀਆਂ ਕਾਫ਼ੀ ਹੱਦ ਤੱਕ ਸਹਾਈ ਅਤੇ ਮੱਦਦਗਾਰ ਸਿੱਧ ਹੋਈਆਂ ਹਨ। ਮਨੁੱਖੀ ਵਿਕਾਸ ਦੀ ਪ੍ਰਕ੍ਰਿਆ ਨੂੰ ਸਮਝਣ ਲਈ ਇਹ ਅਧਿਐਨ ਹੋਰ ਵੀ ਬਹੁਤ ਜ਼ਰੂਰੀ ਹੈ।

'ਬਾਜ਼ੀਗਰ ਕਬੀਲੇ ਦਾ ਸਭਿਆਚਾਰ' ਪੁਸਤਕ ਨੂੰ ਲੇਖਕ ਨੇ 30 ਅਧਿਆਏ ਵਿਚ ਰੱਖ ਕੇ ਵਿਚਾਰਿਆ ਹੈ । ਲੇਖਕ ਨੇ ਪੁਸਤਕ ਵਿਚ ਇਸ ਵਿਸ਼ੇ 'ਤੇ ਖੇਤਰੀ ਕਾਰਜ ਕਰਦਿਆਂ ਵਾਸਤਵਿਕ ਜਾਣਕਾਰੀ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਹੈ ।

ਡਾ. ਮੋਹਨ ਤਿਆਗੀ ਪੰਜਾਬੀ ਦੇ ਚਰਚਿਤ ਕਵੀ ਹਨ । ਡਾ. ਤਿਆਗੀ ਪੰਜਾਬੀ ਅਧਿਐਨ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਕਾਰਜ ਕਰ ਰਹੇ ਹਨ ।

एकः सूते सकलम्
NBT INDIA

ਨੈਸ਼ਨਲ ਬੁਕ ਟਰੱਸਟ, ਇੰਡੀਆ

₹ 120.00
ISBN 812376745-5
9788123767451
12132122